# IMPACT OF SINGH SABHA MOVEMENT ON PUNJABI LITERATURE

A Thesis presented to
THE PANJAB UNIVERSITY,
CHANDIGARH
for the degree of
DOCTOR OF PHILOSOPHY

1974


Supervisor :

DR. KARTAR SINGH SURI
M.A., Ph.D.
Reader, Punjabi Department,
Punjabi University, Patiala.

Submitted by :

NIRMAL SINGH
Principal,
Guru Nanak College, Budhlada

## ਭੂਮਿਕਾ

ਸਿੰਘ ਸਭਾ ਲਹਿਰ ਬਾਰੇ ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਕੋਈ ਖਾਸ ਜਾਣਕਾਰੀ ਨਹੀਂ ਦਿਤੀ ਗਈ ।ਕਈ ਵਾਰੀ ਕੋਈ ਆਲੋਚਕ ਕਿਸੇ ਸਾਹਿਤਕਾਰ ਬਾਰੇ ਲਿਖ ਦਿੰਦਾ ਹੈ ਕਿ ਇਹ ਤਾਂ ਸਿੰਘ ਸਭਾ ਲਹਿਰ ਦੀ ਪੈਦਾਵਾਰ ਹੈ, '' ਇਹ ਤਾਂ ਚੀਫੀਆਂ ਦੀ ਵਿਚਾਰਧਾਰਾ ਦਾ ਮਾਲਕ ਹੈ ' ਪਰ ਉਹ ਇਹ ਨਹੀਂ ਦਸਦਾ ਕਿ ਸਿੰਘ ਸਭਾ ਲਹਿਰ ਵਿਚ ਕਿਹੜੇ ਗੁਣ ਔਗੁਣ ਸਨ ਜਾਂ ਚੀਫੀਆਂ ਦੀ ਵਿਚਾਰਧਾਰਾ ਕੀ ਸੀ ਤੇ ਕਿਉਂ ਸੀ,ਜਿਸ ਕਰਕੇ ਨਾ ਤਾਂ ਸਿੰਘ ਸਭਾ ਲਹਿਰ ਤੇ ਚੀਫ ਖਾਲਸਾ ਦੀਵਾਨ ਬਾਰੇ ਹੀ ਕੁਝ ਪੱਲੇ ਪੈਂਦਾ ਹੈ ਅਤੇ ਨਾ ਹੀ ਅਜਿਹੇ 'ਕਿਸੇ' ਸਾਹਿਤਕਾਰ ਦਾ ਮੁੱਲ ਪਾਇਆ ਜਾ ਸਕਦਾ ਹੈ ।

ਸਿੰਘ ਸਭਾ ਲਹਿਰ ਬਾਰੇ ਜੋ ਕੁਝ ਲਿਖਿਆ ਗਿਆ ਹੈ ਉਹ ਕੇਵਲ ਇਤਿਹਾਸ ਦੇ ਨੁਕਤੇ ਤੋਂ ਹੀ ਹੈ ਭਾਵੇਂ ਕਿਤੇ ਕਿਤੇ ਸਾਹਿਤ ਦੀ ਗੱਲ ਵੀ ਕੀਤੀ ਗਈ ਹੈ।ਇਸ ਸਬੰਧ ਵਿਚ ਡਾਕਟਰ ਜਗਜੀਤ ਸਿੰਘ(ਸਪੁੱਤਰ ਭਾਈ ਮੋਹਨ ਸਿੰਘ ਵੈਦ) ਨੇ 'ਸਿੰਘ ਸਭਾ ਲਹਿਰ' ਨਾਂ ਦੀ ਪੁਸਤਕ ਛਾਪੀ ਹੈ ਤੇ ਸ਼ਮਸ਼ੇਰ ਸਿੰਘ ਅਸ਼ੋਕ ਨੇ 'ਪੰਜਾਬ ਦੀਆਂ ਲਹਿਰਾਂ 'ਵਿਚ ਇਸ ਉਤੇ ਚਾਨਣ ਪਾਇਆ ਹੈ ।ਪਰ ਕਈਆਂ ਪੱਖਾਂ ਤੋਂ ਅਜੇ ਇਹ ਕੰਮ ਅਧੂਰਾ ਹੈ ਤੇ ਇਸ ਦੀ ਪੂਰਨਤਾ ਵਲ ਇਹ ਸ਼ੋਧ- ਪ੍ਰਬੰਧ ਇਕ ਨਿਮਾਣਾ ਜਿਹਾ ਯਤਨ ਹੈ ।

1873 ਈ. ਵਿਚ ਸ਼ੁਰੂ ਹੋਕੇ ਸਿੰਘ ਸਭਾ ਲਹਿਰ 1902 ਈ. ਤੋਂ ਪਿਛੋਂ ਦੀਵਾਨ ਲਹਿਰ ਬਣ ਗਈ ਸੀ ਤੇ ਭਾਵੇਂ 1920 ਈ. ਵਿਚ ਅਕਾਲੀ ਲਹਿਰ ਨੇ ਦੀਵਾਨਾਂ ਨੂੰ ਜਨਤਕ ਪਿੜ ਚੋਂ ਕਢ ਕੇ ਸਿੰਘ ਸਭਾ ਲਹਿਰ- ਦੀਵਾਨ ਲਹਿਰ ਦਾ ਲਹਿਰ ਦੇ ਤੌਰ ਤੇ ਭੋਗ ਪਾ ਦਿਤਾ ਪਰ ਚੀਫ ਖਾਲਸਾ ਦੀਵਾਨ ਅਜੇ ਤਕ ਕਾਇਮ ਹੈ ਤੇ ਅਜੇ ਤਕ ਸਿੰਘ ਸਭਾ ਲਹਿਰ ਦਾ ਕੰਮ ਤੇ ਅਸਰ ਜਾਰੀ ਹੈ ।ਇਸ ਲਈ ਇਹਦਾ ਘੇਰਾ ਸਿੰਘ ਸਭਾ ਲਹਿਰ ਦੇ ਅੰਤ ਤਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ,ਪਰ ਇਸ ਦੇ ਬਾਵਜੂਦ ਵੀ ਇਸ ਲਹਿਰ ਨਾਲ ਸੰਬੰਧਤ ਸਾਹਿਤਕਾਰਾਂ ਦੇ ਇਸ ਸੰਸਾਰ ਤੋਂ ਚਲਾਣੇ ਦੇ ਨਾਲ ਨਾਲ ਇਹਦਾ ਖੇਤਰ ਆਪਣੇ ਆਪ ਹੀ ਸੀਮਤ ਹੁੰਦਾ ਗਿਆ ਹੈ ।

ਇਸ ਸ਼ੋਧ- ਪ੍ਰਬੰਧ ਨੂੰ ਛੀਆਂ ਕਾਂਡਾਂ ਵਿਚ ਵੰਡਿਆ ਗਿਆ ਹੈ ।ਪਹਿਲੇ ਕਾਂਡ

ਵਿਚ ਸਿੰਘ ਸਭਾ ਲਹਿਰ ਦੇ ਜਨਮ ਤੇ ਵਿਕਾਸ ਦੇ ਨਾਲ ਨਿਰੰਕਾਰੀ ਲਹਿਰ ਤੇ ਨਾਮਧਾਰੀ ਲਹਿਰ ਤੇ ਵੀ ਵਿਚਾਰ ਕੀਤਾ ਗਿਆ ਹੈ ।ਇਹ ਵੇਖਣ ਲਈ ਕਿ ਇਨ੍ਹਾਂ ਲਹਿਰਾਂ ਨੇ ਸਿੰਘ ਸਭਾ ਲਹਿਰ ਤੇ ਕੀ ਅਸਰ ਪਾਇਆ ।ਦੂਜੇ ਕਾਂਡ ਵਿਚ ਇਸ ਲਹਿਰ ਦਾ ਸਾਹਿਤਕ ਪਿਛੋਕੜ ਦੇਣ ਲਈ ਉਸ ਸਮੇਂ ਦੇ ਸਾਹਿਤ ਦੀ ਹਾਲਤ ਤੇ ਉਹਦੇ ਵਿਕਾਸ਼ ਲਈ ਸੰਭਾਵਨਾਵਾਂ ਨੂੰ ਸਾਹਮਣੇ ਲਿਆਂਦਾ ਹੈ ।ਤੀਜੇ ਕਾਂਡ ਵਿਚ ਸਿਖ-ਹਿੰਦੂ,ਸਿਖ-ਮੁਸਲਮਾਨ,ਸਿਖ-ਈਸਾਈ,ਸਿਖ-ਬ੍ਰਹਮੋ ਸਮਾਜੀ ਤੇ ਸਿਖ-ਦੇਵ ਸਮਾਜੀ ਸਬੰਧਾਂ ਤੋਂ ਪੈਦਾ ਹੋਏ ਵਾਦ-ਵਿਵਾਦੀ ਸਾਹਿਤ ਨੂੰ ਪੇਸ਼ ਕੀਤਾ ਹੈ।ਚੌਥੇ ਕਾਂਡ ਵਿਚ ਗਿਆਨ-ਮਈ ਸਾਹਿਤ ਦੇ ਸਿਰਲੇਖ ਹੇਠ ਧਰਮ ਤੇ ਸਮਾਜ ਸੁਧਾਰ ਲਈ ਰਚੇ ਗਏ ਸਾਹਿਤ ਨੂੰ ਵਿਚਾਰਿਆ ਹੈ ।ਪੰਜਵੇਂ ਕਾਂਡ ਵਿਚ ਸਿਰਜਨਾਤਮਕ ਸਾਹਿਤ ਵਜੋਂ ਕਵਿਤਾ,ਗਲਪ,ਨਾਟਕ ਤੇ ਜੀਵਨੀ ਸਾਹਿਤ ਦਾ ਅਧਿਐਨ ਕੀਤਾ ਗਿਆ ਹੈ।ਛੇਵੇਂ ਕਾਂਡ ਵਿਚ ਸਿਖ ਵਿਦਿਅਕ ਲਹਿਰ ਦੇ ਪੰਜਾਬੀ ਸਾਹਿਤ ਤੇ ਪਏ ਅਸਰ ਦਾ ਬਿਆਨ ਹੈ ਤੇ ਅੰਤ ਇਸ ਸਾਰੇ ਦਾ ਨਿਚੋੜ ਦਿਤਾ ਗਿਆ ਹੈ ।

ਭਾਈ ਵੀਰ ਸਿੰਘ ਨੂੰ ਛਡ ਕੇ ਸਿੰਘ ਸਭਾ ਲਹਿਰ ਦੇ ਬਹੁਤੇ ਸਾਹਿਤਕਾਰਾਂ ਦਾ ਸਾਹਿਤ ਪੁਰਾਣੀਆਂ ਕਾਇਮ ਹੋਈਆਂ ਲਾਇਬ੍ਰੇਰੀਆਂ ਵਿਚੋਂ ਬੜੀ ਮੁਸ਼ਕਿਲ ਨਾਲ ਢੂੰਡਣਾ ਪਿਆ ਹੈ।ਉਸ ਭੁੱਲੇ ਵਿਸਰੇ ਤੇ ਗੁਆਚੇ ਸਾਹਿਤ ਨੂੰ ਪਾਠਕਾਂ ਸਾਹਮਣੇ ਲਿਆਉਣ ਦਾ ਯਤਨ ਵੀ ਇਸ ਸ਼ੋਧ- ਪ੍ਰਬੰਧ ਰਾਹੀਂ ਕੀਤਾ ਗਿਆ ਹੈ ।

ਪੰਜਾਬੀ ਵਿਚ ਵਾਦ-ਵਿਵਾਦੀ ਸਾਹਿਤ ਦੀ ਨਿਵੇਕਲੀ ਥਾਂ ਹੈ ਪਰ ਇਸ ਬਾਰੇ ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਜ਼ਿਕਰ ਤਕ ਨਹੀਂ,ਉਸ ਸਾਹਿਤ ਨੂੰ ਪਾਠਕਾਂ ਅਗੇ ਪੇਸ਼ ਕੀਤਾ ਗਿਆ ਹੈ ਤਾਂ ਜੋ ਉਹ ਵਿਦਵਾਨਾਂ ਦੇ ਰੁੰਡਾਂ-ਪੇਚੇ ਲੜਦੇ ਵੇਖ ਸਕਣ ।

ਮੈਂ ਭਾਈ ਵੀਰ ਸਿੰਘ ਨੂੰ 'ਨਿਕੀਆਂ ਕਵਿਤਾਵਾਂ ਦਾ ਵੱਡਾ ਕਵੀ', 'ਪੰਜਾਬ ਦਾ ਛੇਵਾਂ ਦਰਿਆ' 'ਗੁਰਮਤ ਦਾ ਢਾਡੀ', 'ਕੁਦਰਤ ਦਾ ਗੀਤਕਾਰ' ਆਦਿ ਕਹਿ ਕੇ ਦੂਜਿਆਂ ਦੀਆਂ ਸ਼ਰਧਾ ਪੂਰਵਕ ਆਖੀਆਂ ਹੋਈਆਂ ਗੱਲਾਂ ਨੂੰ ਦੁਹਰਾਇਆ ਨਹੀਂ,ਨਾ ਹੀ ਮੈਂ ਉਨ੍ਹਾਂ ਦੇ ਗੁਣਾ ਔਗੁਣਾਂ ਦੇ ਬਹੁਤੇ ਵਿਸਥਾਰ ਵਿਚ ਗਿਆ ਹਾਂ ।ਮੈਂ ਤਾਂ ਉਨ੍ਹਾਂ ਦੇ ਸਾਹਿਤ-ਸਿਰਜਨਾ ਦੇ ਉਦੇਸ਼ ਨੂੰ ਵਿਚਾਰਿਆ ਹੈ ਕਿ ਉਹ ਸਿੰਘ ਸਭਾ ਦੇ ਉਦੇਸ਼ਾਂ ਨਾਲ ਮੇਲ ਖਾਂਦੇ ਹਨ ਜਾਂ ਨਹੀਂ ।

ਪੰਜਾਬੀ ਸ਼ਬਦ-ਜੋੜਾਂ ਦਾ ਅਜੇ ਤਕ ਕੋਈ ਠੁਕ ਨਹੀਂ ਬੱਝਾ, ਇਸ ਲਈ ਕੋਈ 'ਗਿਆ' ਲਿਖਦਾ ਹੈ ਤੇ ਕੋਈ '**ਗਇਆ**', ਕੋਈ 'ਸ਼ਹਰ, ਲਹਰ, ਧਾਰਮਿਕ, ਸਾਹਿਤਿਕ, ਆਰਥਿਕ' ਲਿਖਦਾ ਹੈ ਤੇ ਕੋਈ 'ਸ਼ੈਹਰ, ਲਹਿਰ, ਧਾਰਮਕ, ਇਤਹਾਸਕ ਆਰਥਕ', ਪਰ ਆਪਣੇ ਸ਼ਬਦ-ਜੋੜਾਂ ਨੂੰ ਸਾਰੇ ਹੀ ਠੀਕ ਸਮਝਦੇ ਹਨ । ਮੈਂ ਵੀ ਕਈਆਂ ਸ਼ਬਦਾਂ ਨੂੰ ਦੋ ਵਖ ਵਖ ਸ਼ਬਦ ਜੋੜਾਂ ਵਿਚ ਲਿਖਿਆ ਹੈ ਕਿਉਂਕਿ ਦੋਵੇਂ ਹੀ ਠੀਕ ਸਮਝੇ ਜਾਂਦੇ ਹਨ ।

ਅਖੀਰ ਵਿਚ ਮੈਂ ਧੰਨਵਾਦੀ ਹਾਂ ਆਪਣੇ ਨਿਰਦੇਸ਼ਕ ਡਾਕਟਰ ਕਰਤਾਰ ਸਿੰਘ ਸੂਰੀ ਦਾ ਜਿਨ੍ਹਾਂ ਦੀ ਯੋਗ, ਵਿਦਵਤਾ ਭਰਪੂਰ ਤੇ ਹਮਦਰਦਾਨਾ ਅਗਵਾਈ ਸਦਕਾ ਹੀ ਇਹ ਸ਼ੋਧ-ਪ੍ਰਬੰਧ ਤਿਆਰ ਹੋ ਸਕਿਆ ਹੈ, ਡਾਕਟਰ ਸੁਰਿੰਦਰ ਸਿੰਘ ਕੋਹਲੀ ਪ੍ਰੋਫੈਸਰ ਅਤੇ ਹੈਡ ਆਫ ਪੰਜਾਬੀ ਡੀਪਾਰਟਮੈਂਟ, ਪੰਜਾਬ ਯੂਨੀਵਰਸਟੀ, ਚੰਡੀਗੜ੍ਹ ਦਾ ਜਿਨ੍ਹਾਂ ਦੀ ਸਮੇਂ ਸਮੇਂ ਅਗਵਾਈ ਤੇ ਜ਼ਾਤੀ ਲਾਇਬ੍ਰੇਰੀ ਤੋਂ ਮੈਂ ਬਹੁਤ ਲਾਭ ਹਾਸਲ ਕੀਤਾ । ਮੈਂ ਡਾਕਟਰ ਹਰਚਰਨ-ਸਿੰਘ, ਪ੍ਰੋ: ਗੁਲਵੰਤ ਸਿੰਘ, ਡਾਕਟਰ ਜੀਤ ਸਿੰਘ ਸੀਤਲ ਦਾ ਵੀ ਉਨ੍ਹਾਂ ਵਲੋਂ ਮਿਲੀ ਯੋਗ ਅਗਵਾਈ ਲਈ ਧੰਨਵਾਦੀ ਹਾਂ । ਮੈਂ ਪੰਜਾਬੀ ਯੂਨੀਵਰਸਟੀ ਲਾਇਬ੍ਰੇਰੀ, ਸੈਂਟਰਲ ਲਾਇਬ੍ਰੇਰੀ-ਪਟਿਆਲਾ, ਮਿਉਂਸਪਲ ਲਾਇਬ੍ਰੇਰੀ ਪਟਿਆਲਾ, ਪੰਜਾਬ ਯੂਨੀਵਰਸਟੀ ਲਾਇਬ੍ਰੇਰੀ, ਭਾਈ ਤਖ਼ਤ ਸਿੰਘ ਲਾਇਬ੍ਰੇਰੀ ਸਿਖ -ਰੈਫਰੈਂਸ ਲਾਇਬ੍ਰੇਰੀ ਦੇ ਸਟਾਫ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਸ਼ੋਧ-ਪ੍ਰਬੰਧ ਦੀ ਤਿਆਰੀ ਵਿਚ ਮੇਰੀ ਮਦਦ ਕੀਤੀ ।

ਤਤਕਰਾ


-ਭੂਮਿਕਾ

ਕਾਂਡ ਪਹਿਲਾ

ਸਿੰਘ-ਸਭਾ ਲਹਿਰ ਦਾ ਜਨਮ ਤੇ ਵਿਕਾਸ 1-71

-ਪਿਛੋਕੜ
- ਨਿਰੰਕਾਰੀ ਲਹਿਰ
- ਨਾਮਧਾਰੀ ਜਾਂ ਕੂਕਾ ਲਹਿਰ
- ਸਿੰਘ ਸਭਾ ਲਹਿਰ ਦਾ ਜਨਮ
- ਖਾਲਸਾ ਦੀਵਾਨ,ਲਾਹੌਰ
- ਸਿੰਘ ਸਭਾ ਲਹਿਰ ਦਾ ਅੰਤ

ਕਾਂਡ ਦੂਜਾ

ਸਿੰਘ- ਸਭਾ ਲਹਿਰ ਦਾ ਸਾਹਿਤਕ ਪਿਛੋਕੜ 72-86

ਕਾਂਡ ਤੀਜਾ 87-173

ਵਾਦ-ਵਿਵਾਦੀ ਸਾਹਿਤ

- ਹਿੰਦੂ ਸਿਖ ਸੰਬੰਧ
- ਸਿਖ ਹਿੰਦੂ ਵਾਦ-ਵਿਵਾਦੀ ਸਾਹਿਤ
- ਸਿਖ ਮੁਸਲਮਾਨ ਵਾਦ-ਵਿਵਾਦੀ ਸਾਹਿਤ

- ਸਿਖ ਈਸਾਈ ਵਾਦ-ਵਿਵਾਦੀ ਸਾਹਿਤ
- ਬ੍ਰਹਮੋ ਸਮਾਜ/ ਦੇਵ ਸਮਾਜ ਸਿਖ ਵਾਦ-ਵਿਵਾਦੀ ਸਾਹਿਤ
- ਸਨਾਤਨੀ ਸਿਖ -ਤੱਤ -ਖਾਲਸਾ ਵਾਦ ਵਿਵਾਦੀ ਸਾਹਿਤ

ਕਾਂਡ- ਚੌਥਾ

ਗਿਆਨਮਈ -ਸਾਹਿਤ 174-236

-ਧਰਮ ਸੁਧਾਰ
- ਸਿਖ ਇਤਿਹਾਸ
- ਟੀਕੇ
- ਸਮਾਜ-ਸੁਧਾਰ 213
- ਪਤਰ, ਟ੍ਰੈਕਟ, ਪੈਂਫਲਟ ਆਦਿ

ਕਾਂਡ- ਪੰਜਵਾਂ

ਸਿਰਜਨਾਤਮਕ ਸਾਹਿਤ 238- 284

- ਕਵਿਤਾ
- ਗਲਪ
- ਨਾਟਕ
- ਜੀਵਨੀ

ਕਾਂਡ ਛੇਵਾਂ

ਸਿਖ ਵਿਦਿਅਕ ਲਹਿਰ ਤੇ ਪੰਜਾਬੀ ਸਾਹਿਤ 285-309

- ਮੁਢਲੇ ਸ਼ਬਦ
- ਪਹਿਲਾਂ ਦੀ ਹਾਲਤ
- ਸਿਖ ਵਿਦਿਅਕ ਲਹਿਰ
- ਪੰਜਾਬ ਯੂਨੀਵਰਸਿਟੀ
- ਜੜ੍ਹਾਂ ਵਿੱਚ ਤੇਲ
- ਪੰਜਾਬੀ ਪੁਸਤਕਾਂ ਤੇ ਪੰਜਾਬ ਸਰਕਾਰ
- ਸਿੱਖ ਐਜੂਕੇਸ਼ਨਲ ਕਾਨਫਰੰਸ

ਉਪਸੰਹਾਰ

ਪੁਸਤਕ ਸੂਚੀ

ਕਾਂਡ - ਪਹਿਲਾ

# ਸਿੰਘ ਸਭਾ ਲਹਿਰ ਦਾ-
# ਜਨਮ ਤੇ ਵਿਕਾਸ

- ਪਿਛੋਕੜ
- ਨਿਰੰਕਾਰੀ ਲਹਿਰ
- ਨਾਮਧਾਰੀ ਜਾਂ ਕੂਕਾ ਲਹਿਰ
- ਸਿੰਘ ਸਭਾ ਲਹਿਰ ਦਾ ਜਨਮ
- ਖਾਲਸਾ ਦੀਵਾਨ, ਲਾਹੌਰ
- ਸਿੰਘ ਸਭਾ ਲਹਿਰ ਦਾ ਅੰਤ

ਕਾਂਡ ਪਹਿਲਾ

## ਸਿੰਘ ਸਭਾ ਲਹਿਰ ਦਾ ਜਨਮ ਤੇ ਵਿਕਾਸ

### ਪਿਛੋਕੜ

ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਪੰਜਾਬ ਨੂੰ ਹੜਪ ਕਰਨ ਦੀਆਂ ਗੋਂਦਾ ਗੁੰਦ ਰਿਹਾ ਸੀ ।ਸਤਲੁਜ ਪਾਰ ਦੀਆਂ ਸਿਖ ਰਿਆਸਤਾਂ ਨੇ ਅੰਗਰੇਜ਼ ਦੀ ਪਰਮੁਖਤਾ ਮੰਨ ਕੇ ਉਹਨੂੰ ਲਾਹੌਰ ਦਰਬਾਰ ਦੇ ਸਿਰ ਤੇ ਆ ਬਿਠਾਇਆ ਸੀ ।ਇਹ ਸਿੱਖ ਰਾਜੇ ਸਿੱਖ ਰਾਜ ਨੂੰ ਖਤਮ ਕਰਨ ਲਈ ਅੰਗਰੇਜ਼ ਦੇ ਸਾਥੀ ਬਣੇ :-

> " ਜਦ ਸਰਕਾਰ ਅੰਗ੍ਰੇਜ਼ੀ ਤੇ ਲਾਹੌਰ ਦਰਬਾਰ ਦੇ ਵਿਚ ਭਯਾਨਕ ਜੰਗ ਹੋਯਾ, ਉਸ ਵੇਲੇ ਮਹਾਰਾਜਾ ਸਿੰਘ ਨੇ ਅੰਗ੍ਰੇਜ਼ਾਂ ਦੀ ਬੇਹਦ ਸਹਾਇਤਾ ਤੇ ਮਦਦ ਕੀਤੀ। ਭਾਰ ਬਰਦਾਰੀ,ਰਸਦ,ਤੇ ਹੋਰ ਲੜਾਈ ਦਾ ਸਾਮਾਨ ਆਪਣੇ ਵਿਤ ਨਾਲੋਂ ਵਧਕੇ ਦਿਤਾ ਤੇ ਆਪਣੇ ਵਲੋਂ ਜੇਹੜੇ ਜਾਸੂਸ ਸਿੱਖਾਂ ਦੀ ਫ਼ੌਜ ਵਿਚ ਛੱਡੇ ਹੋਏ ਸਨ,ਓਹਨਾਂ ਦੀ ਰਾਹੀਂ ਪੂਰੇ ਪੂਰੇ ਹਾਲ ਅੰਗ੍ਰੇਜ਼ਾਂ ਤਕ ਪੁਚਾਂਦਾ ਰਿਹਾ..."[1]

ਮਹਾਰਾਜਾ ਰਣਜੀਤ ਸਿੰਘ ਦੇ ਨਾਲਾਇਕ ਜਾਨਸ਼ੀਨਾਂ;ਲਾਲਚੀ,ਫਰੇਬੀ ਤੇ ਦਗ਼ਾਬਾਜ਼ ਦੇਸੀ ਤੇ ਬਦੇਸ਼ੀ ਅਹਿਲਕਾਰਾਂ ਅਤੇ ਪੂਰਬੀਆਂ ਤੇ ਮਰਹੱਟਿਆਂ ਨੇ ਆਪਣੀ ਵਿੱਤ ਅਨੁਸਾਰ ਹਿੰਦੁਸਤਾਨ ਦੇ ਇਕ ਹਿੱਸੇ ਤੇ ਕਾਇਮ ਆਜ਼ਾਦ ਹਕੂਮਤ ਨੂੰ ਖਤਮ ਕਰਨ ਵਿਚ ਹਿੱਸਾ ਪਾਇਆ ।ਬਦੇਸ਼ੀ ਕਾਰਿੰਦਿਆਂ ਵਿਚੋਂ ਅਵੀਤਾ ਬਲ ਨੇ 50 ਹਜ਼ਾਰ ਪੌਂਡ ਜਮਾਂ ਕਰ ਲਏ; ਅਫਗਾਨਿਸਤਾਨ ਦੇ ਹਮਲੇ ਸਮੇਂ ਉਹਨੇ ਅੰਗਰੇਜ਼ਾਂ ਲਈ ਲੜਾਈ ਦੇ ਸਾਰੇ ਸਾਮਾਨ ਦਾ ਪਰਬੰਧ ਕੀਤਾ ਜਿਸ ਦੀ ਕੀਮਤ ਇੰਗਲੈਂਡ ਵਿਚ ਲੈਣੀ ਕੀਤੀ;ਮਹਾਰਾਜਾ ਸ਼ੇਰ ਸਿੰਘ ਕੋਲੋਂ 50 ਹਜ਼ਾਰ ਪੌਂਡ ਪੇਸ਼ਗੀ ਲੈ ਲਿਆ ਤੇ ਇਹ ਸਾਰੀ ਰਕਮ ਇੰਗਲੈਂਡ ਦੇ ਬੈਂਕ ਵਿਚ ਆਪਣੇ ਨਾਂ ਤੇ ਜਮਾਂ ਕਰਾ ਦਿਤੀ ਤੇ ਇਸ ਤੋਂ ਪਿਛੋਂ ਉਹ ਪੰਜਾਬ ਛੱਡ ਗਿਆ[2] । ਇਸੇ ਤਰ੍ਹਾਂ ਹੀ ਜਰਨਲ ਵੰਤੂਰਾ ਨੇ ਸਿੱਖ ਰਾਜ ਦੇ ਭੇਦ ਅੰਗਰੇਜ਼ਾਂ ਨੂੰ ਦਿੱਤੇ[3] ।

---

1. ਗਿਆਨੀ ਗਿਆਨ ਸਿੰਘ,ਰਾਜ ਖਾਲਸਾ,ਫਰਵਰੀ 1924,ਸਫਾ 313 .
2. N.K.Sinha, Historical Data from Missionary Writings, Punjabi University,Patiala,p.16.
3. ਕਾਨ੍ਹ ਸਿੰਘ ਨਾਭਾ,ਮਹਾਨ ਕੋਸ਼ ।

ਲਾਲ ਸਿੰਘ,ਤੇਜਾ ਸਿੰਘ ਤੇ ਗੁਲਾਬ ਸਿੰਘ ਦੀ ਗ਼ਦਾਰੀ ਬਿਨਾਂ ਤਾਂ ਸ਼ਾਇਦ ਅੰਗਰੇਜ਼ ਇੰਨੀ ਜਲਦੀ ਪੰਜਾਬ ਵਿਚ ਦਾਖਲ ਨਾ ਹੋ ਸਕਦਾ ।ਪਰਸਿੱਧ ਦੇਸ਼ ਭਗਤ ਵੀਰ ਸਾਵਰਕਰ ਬਾਜੀ ਰਾਓ ਨੂੰ ਲਾਹਨਤਾਂ ਪਾਂਦਿਆਂ ਕਹਿੰਦਾ ਹੈ ਕਿ 'ਐਹ ਬਾਜੀ ਰਾਉ ।ਸ਼ਿਵਾ ਜੀ ਔਰ ਉਸ ਕੇ ਬਾਅਦ ਕੇ ਹੋਣ ਵਾਲਿਆਂ ਦਾ ਜਾ ਨਸ਼ੀਨ ਸੀ ਕਿ ਇਸ ਨੇ ਆਪਣੇ ਖਰਚੇ ਤੇ 17 ਹਜ਼ਾਰ ਇਨਫੈਨਟਰੀ ਅਤੇ ਇਕ ਹਜ਼ਾਰ ( Cavelry ) ਫੌਜ ਅੰਗਰੇਜ਼ਾਂ ਦੀ ਮਦਦ ਨੂੰ ਭੇਜੀ ।ਇਸ ਬਾਜੀ ਰਾਉ (ਜਿਸ ਪਾਸ) ਆਪਣੇ ਸ਼ਾਂਵਰਵਾਦਾ ( Shawnarwada ) ਨੂੰ ਬਚਾਉਣ ਵਾਸਤੇ ਤਾਂ ਦਸਤੇ ਨਹੀਂ ਸਨ,ਪਰ ਗੁਰੂ ਗੋਬਿੰਦ ਸਿੰਘ ਜੀ ਦਾ ਘਰ (ਪੰਜਾਬ)ਪਲੀਤ ਕਰਨ ਵਾਸਤੇ ਦੁਸ਼ਮਨ ਨੂੰ ਮਦਦ ਦੇਣ ਲਈ ਦਸਤੇ ਭੇਜ ਸਕਦਾ ਸੀ - ਆਹ ਬਦਕਿਸਮਤ ਕੌਮ ।[4] "

1846 ਵਿਚ ਸਿਖਾਂ ਨੂੰ ਹਰਾ ਕੇ ਅੰਗਰੇਜ਼ ਪੰਜਾਬ ਵਿਚ ਦਾਖਲ ਹੋ ਗਿਆ ਤੇ ਹੁਣ ਇਹਨੂੰ ਆਪਣੇ ਰਾਜ ਵਿਚ ਸ਼ਾਮਲ ਕਰਨਾ ਬਾਕੀ ਰਹਿ ਗਿਆ । ਜਦੋਂ ਦੀਵਾਨ ਮੂਲ ਰਾਜ ਨੇ ਲਾਹੌਰ ਦਰਬਾਰ ਵਿਰੁਧ ਬਗ਼ਾਵਤ ਕਰ ਦਿਤੀ ਤਾਂ ਅੰਗਰੇਜ਼ ਨੇ ਇਸ ਨੂੰ ਲਾਹੌਰ ਦਰਬਾਰ ਦੀ ਅੰਗਰੇਜ਼ਾਂ ਵਿਰੁਧ ਬਗ਼ਾਵਤ ਆਖਿਆ ।ਜਦੋਂ ਕਮਾਂਡਰ ਇਨ ਚੀਫ ਲਾਰਡ ਗੌਫ਼ ਨੂੰ ਲੜਨ ਲਈ ਹੁਕਮ ਦਿਤਾ ਗਿਆ ਤਾਂ ਉਹਨੂੰ ਕੁਝ ਸਮਾਂ ਇਸ ਗੱਲ ਦੀ ਸਮਝ ਹੀ ਨਾ ਆਈ ਕਿ ਇਹ ਲੜਾਈ ਦੀਵਾਨ ਮੂਲ ਰਾਜ ਦੀ ਬਗ਼ਾਵਤ ਨੂੰ ਦਬਾਣ ਲਈ ਸੀ ਜਾਂ ਮਹਾਰਾਜਾ ਦਲੀਪ ਸਿੰਘ ਨੂੰ ਤਖਤੋਂ ਲਾਹ ਕੇ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾਣ ਲਈ[5] । ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਚੇਲੀਆਂਵਾਲਾ ਅਤੇ ਗੁਜਰਾਤ ਦੀਆਂ ਲੜਾਈਆਂ ਨੂੰ ਬਹਾਨਾ ਬਣਾ ਕੇ ਪੰਜਾਬ ਰਾਜ ਨੂੰ ਬਿਲਕੁਲ ਹੀ ਖ਼ਤਮ ਕਰ ਦਿਤਾ ।ਉਹ ਹੈਨਰੀ ਲਾਰੰਸ ਨੂੰ ਆਪਣੇ ਦਿਲ ਦੀ ਗੱਲ ਸਪਸ਼ਟ ਲਫ਼ਜ਼ਾਂ ਵਿਚ ਕਹਿ ਚੁਕਾ ਸੀ :-

> " ਮੈਂ ਇਹ ਗੱਲ ਤੈਥੋਂ ਜ਼ਰਾ ਵੀ ਨਹੀਂ ਲੁਕਾਉਣਾ ਚਾਹੁੰਦਾ ਕਿ ਮੈਂ ਇਹ ਵਿਚਾਰ ਤਿਆਗਣ ਲਈ ਤਿਆਰ ਨਹੀਂ ਕਿ ਪੰਜਾਬ ਦੇ ਵੱਡੇ ਹਿਤ ਇਸ ਵਿਚ ਹੀ ਹਨ ਕਿ ਸਿਖਾਂ ਦੀ ਸਰਕਾਰ ਨੂੰ ਕੇਵਲ ਹਰਾਇਆ ਹੀ ਨਾ ਜਾਏ,ਸਗੋਂ ਉਸ ਨੂੰ ਬਿਲਕੁਲ ਮਿਟਾ ਦਿੱਤਾ ਜਾਵੇ ਅਤੇ ਉਨ੍ਹਾਂ ਦੇ ਰਾਜ-ਘਰਾਣੇ ਨੂੰ ਖਤਮ ਕਰ ਦਿਤਾ ਜਾਵੇ ।[6]"

ਲਾਰਡ ਡਲਹੌਜ਼ੀ ਦੇ ਪੰਜਾਬ ਉਤੇ ਕਬਜ਼ਾ ਕਰਨ ਨੂੰ ਲੁਡਲੋ ਨੇ ਬੜੇ ਸੁਹਣੇ ਚਿੰਨ੍ਹਾਤਮਕ ਰੂਪ ਵਿਚ ਬਿਆਨ ਕੀਤਾ ਹੈ :-

---

4. ਵਨਾਇਕ ਦਮੋਦਰ ਸਾਵਰਕਰ- ਹਵਾਲਾ ਦਿਤਾ ਗਿਆਨੀ ਈਸ਼ਰ ਸਿੰਘ ਨਾਰਾ,ਪੰਜਾਬ ਦਾ ਰਤਨ (ਬਾਬਾ ਖੇਮ ਸਿੰਘ ਬੇਦੀ),ਸਫ਼ਾ 240
5. Dr.G.S.Chhabra, Advanced History of the Punjab,p.257./
6. ਸ. ਕਿਰਪਾਲ ਸਿੰਘ ਨਾਰੰਗ,ਪੰਜਾਬ ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ(ਪੰਜਾਬ)ਸਫਾ 17.

" ਜੇ ਇਹ ਅਜਿਹਾ ਕਰ ਸਕਦੇ ਹੋ ਤਾਂ ਇਕ ਨਜ਼ਾਰਾ ਆਪਣੀਆਂ ਅੱਖਾਂ ਅੱਗੇ ਲਿਆਉ। ਇਕ ਵਿਧਵਾ ਔਰਤ ਪੁਲੀਸ ਕੋਲ ਸ਼ਕਾਇਤ ਕਰਦੀ ਹੈ ਕਿ ਮੈਨੂੰ ਮੇਰੇ ਘਰ ਦੇ ਕੁਝ ਬੰਦੇ ਤੰਗ ਕਰਦੇ ਹਨ ।ਪੁਲੀਸ ਆਕੇ ਉਨ੍ਹਾਂ ਨੂੰ ਮਾਰਦੀ ਹੈ,ਘਰ ਵਿਚ ਦਾਖਲ ਹੋ ਕੇ ਫਿਰ ਕਿਸੇ ਸ਼ਰਾਰਤ ਤੋਂ ਬਚਾਉਣ ਲਈ,ਘਰ ਦੀ ਮਾਲਕਣ ਨੂੰ ਆਪਣੀਆਂ ਸੇਵਾਵਾਂ ਪੇਸ਼ ਕਰਦੀ ਹੈ ।ਫਿਰ ਝਗੜਾ ਹੋ ਜਾਂਦਾ ਹੈ,ਪੁਲੀਸ ਫਿਰ ਉਨ੍ਹਾਂ ਨੂੰ ਕੁਟਦੀ ਮਾਰਦੀ ਹੈ। ਇਨਸਪੈਕਟਰ ਬੜੀ ਹਲੀਮੀ ਨਾਲ ਮਾਲਕਣ ਨੂੰ ਕਹਿੰਦਾ ਹੈ ਕਿ ਇਸ ਘਰ ਵਿਚ ਹੁਣ ਤੇਰਾ ਕੋਈ ਦਖਲ ਨਹੀਂ,ਇਹ ਘਰ ਪੁਲੀਸ ਨੂੰ ਉਨ੍ਹਾਂ ਦੀ ਸੇਵਾ ਦੇ ਬਦਲੇ ਦੇ ਦਿਤਾ ਗਿਆ ਹੈ ।ਘਰੋਂ ਜਾਣ ਪਿਛੋਂ ਤੈਨੂੰ ਖਰਚੇ ਵਜੋਂ ਕੁਝ ਰਕਮ ਸਾਲ ਦੇ ਸਾਲ ਮਿਲ ਜਾਇਆ ਕਰੇਗੀ ।ਤੇ ਤੂੰ ਚੀਫ ਕਮਿਸ਼ਨਰ ਨੂੰ ਅਮੋਲ ਹੀਰੇ ਵਾਲਾ ਹਾਰ ਦੇ ਦੇ[7] ।"

ਮੇਜਰ ਈਵਨਜ਼ ਬੈਲੋਂ ਲਿਖਦਾ ਹੈ ਕਿ "ਡਲਹੌਜ਼ੀ ਦਾ ਪੰਜਾਬ ਉਤੇ ਕਬਜ਼ਾ ਅਤਿਆਚਾਰੀ ਵਿਸ਼ਵਾਸ-ਘਾਤ ਸੀ।ਉਸ ਨੇ ਅਹਿਦ ਤੋੜੇ ਅਤੇ ਇਕ ਪਵਿਤਰ ਵਿਸ਼ਵਾਸ ਦੀ ਮੰਦੀ ਵਰਤੋਂ ਕੀਤੀ...[8] "

ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰਨਾ ਹਰ ਲਿਹਾਜ਼ ਨਾਲ ਨਾਜਾਇਜ਼ ਸੀ ਭਾਵੇਂ ਮੁਹੰਮਦ ਲਤੀਫ ਵਰਗੇ ਅੰਗਰੇਜ਼ੀ ਪਿਠੂਆਂ ਨੇ ਇਹਨੂੰ ਜਾਇਜ਼ ਬਣਾਉਣ ਦਾ ਯਤਨ ਕੀਤਾ ਹੈ[9] ।

ਸਿੱਖ ਸਰਦਾਰਾਂ ਨੇ,ਸਿਵਾਏ ਕੁਝ ਕੁ ਦੇ,ਸਿੱਖਾਂ ਦੀ ਦੂਜੀ ਲੜਾਈ ਵਿਚ ਅੰਗਰੇਜ਼ਾਂ ਦੀ ਵਧ ਤੋਂ ਵਧ ਸਹਾਇਤਾ ਕੀਤੀ[10] ।

ਪੰਜਾਬ ਉਤੇ ਕਬਜ਼ੇ ਦੀ ਕਹਾਣੀ ਦੁਹਰਾਉਣ ਦਾ ਮਤਲਬ ਸਿਰਫ ਇੰਨਾ ਹੀ ਹੈ ਕਿ ਸਾਨੂੰ ਇਹ ਪਤਾ ਰਹੇ ਕਿ ਪੰਜਾਬੀਆਂ ਦਾ ਵਾਹ ਕਿਸ ਦਗ਼ਾਬਾਜ਼,ਫਰੇਬੀ,ਲਾਲਚੀ ਤੇ ਜ਼ਾਲਮ ਹਕੂਮਤ ਨਾਲ ਪਿਆ ਤੇ ਸਾਡੇ ਸਰਦਾਰਾਂ ਦਾ ਕਿਰਦਾਰ ਜਿਹੜੇ ਕਿ ਉਸ ਸਮੇਂ ਤੇ ਉਸ ਤੋਂ ਕਾਫ਼ੀ ਸਮਾਂ ਪਿਛੋਂ ਤਕ ਵੀ ਕੁਦਰਤੀ ਆਗੂ ਮੰਨੇ ਜਾਂਦੇ ਰਹੇ,ਕਿਹੋ ਜਿਹਾ ਸੀ ।

---

7. Lud Low, British India, ii. p.166, quoted by Dr.G.S.Chhabra Advanced History of the Punjab,p.331.

8. ਹਵਾਲਾ ਦਿਤਾ ਸ. ਕਿਰਪਾਲ ਸਿੰਘ ਨਾਰੰਗ,ਪੰਜਾਬ,ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ (ਪੰਜਾਬ)ਸਫਾ 17 .

9. Syad Mohammad Latif, History of the Panjab,p.V

10. Dr.G.S.Chhabra, Advanced History of the Punjab, pp.326-27.

ਪੰਜਾਬ ਦੇ ਇਲਹਾਕ ਤੋਂ ਪਿਛੋਂ ਅੰਗਰੇਜ਼ ਨੇ ਆਪਣੀ ਜਿੱਤ ਨੂੰ ਪਕਿਆਂ ਕਰਨ ਤੇ ਆਪਣੀ ਤਾਕਤ ਨੂੰ ਮਜ਼ਬੂਤ ਬਣਾਉਣ ਲਈ ਕਈ ਕਦਮ ਚੁੱਕੇ ।ਉਹਨੇ ਲੋਕਾਂ ਤੋਂ ਸਾਰੇ ਹਥਿਆਰ ਖੋਹ ਲਏ ਇਥੋਂ ਤਕ ਕਿ ਉਨ੍ਹਾਂ ਲਈ ਆਪਣੇ ਖੇਤਾਂ ਤੇ ਆਪਣੇ ਆਪ ਨੂੰ ਜੰਗਲੀ ਜਾਨਵਰਾਂ ਤੋਂ ਬਚਾਣਾ ਵੀ ਮੁਸ਼ਕਲ ਹੋ ਗਿਆ । ਖਾਲਸਾ ਫੌਜ ਨੂੰ ਤੋੜ ਦਿਤਾ ਗਿਆ ।ਗੈਰ-ਸਰਕਾਰੀ ਕਿਲ੍ਹੇ ਬੰਦੀਆਂ ਢਾਹ ਦਿਤੀਆਂ ।ਹਥਿਆਰ ਤੇ ਦਾਰੂ ਸਿੱਕਾ ਬਣਾਉਣਾ ਤੇ ਵੇਚਣਾ ਮਨ੍ਹਾ ਕਰ ਦਿਤਾ ।ਤਾਕਤਵਰ ਸਰਦਾਰਾਂ ਦੀਆਂ ਜਗੀਰਾਂ ਜ਼ਬਤ ਕਰ ਲਈਆਂ[11]। ਜਿਨ੍ਹਾਂ ਨੇ ਅੰਗਰੇਜ਼ਾਂ ਵਿਰੁਧ ਲੜਾਈਆਂ ਵਿਚ ਹਿੱਸਾ ਲਿਆ ਸੀ ਕੈਦ ਕਰ ਦਿਤੇ ।ਸ. ਚਤਰ ਸਿੰਘ ਤੇ ਰਾਜਾ ਸ਼ੇਰ ਸਿੰਘ ਨੂੰ ਫੋਰਟ ਵਿਲੀਅਮ ਵਿਚ ਤੇ ਭਾਈ ਮਹਾਰਾਜ ਸਿੰਘ ਨੂੰ ਰੰਗੂਨ ਵਿਚ ਕੈਦ ਕਰ ਦਿਤਾ ।ਸਿੱਖਾਂ ਦੇ ਹੌਸਲੇ ਤੋੜਨ ਲਈ ਤਾਂ ਜਾਨ ਲਾਰੰਸ ਨੇ ਇਲਹਾਕ ਤੋਂ ਪਹਿਲਾਂ ਹੀ 19 ਫ਼ਰਵਰੀ 1848 ਨੂੰ ਤਿੰਨਾਂ ਅਕਾਲੀਆਂ ਨੂੰ ਫਾਂਸੀ ਲਾ ਦਿਤਾ ਤੇ ਉਨ੍ਹਾਂ ਦੇ ਛੇ ਹੋਰ ਸਾਥੀਆਂ ਨੂੰ 7 ਸਾਲ ਦੀ ਸਖਤ ਸਜ਼ਾ ਦੇ ਕੇ ਬਰੇਲੀ ਜਿਹਲ ਵਿਚ ਬੰਦ ਕਰ ਦਿਤਾ ਸੀ ਅਤੇ ਅੰਗਰੇਜ਼ੀ ਰਾਜ ਦੇ ਪਹਿਲੇ ਸਾਲ ਵਿਚ ਹੀ ਅਠ ਹਜ਼ਾਰ ਲੋਕਾਂ ਨੂੰ ਜਿਹਲੀਂ ਧੱਕ ਦਿਤਾ ।

ਇਹਦੇ ਨਾਲ ਨਾਲ ਹੀ ਲਾਰੰਸ ਭਰਾਵਾਂ ਨੇ ਕਈ ਪਰਬੰਧਕੀ ਤੇ ਰਾਜਸੀ ਅਮਲਾਂ ਰਾਹੀਂ ਸਿੱਖਾਂ ਨੂੰ ਵਰਾਉਣ ਦਾ ਵੀ ਯਤਨ ਕੀਤਾ । 1854 ਵਿੱਚ ਚਤਰ ਸਿੰਘ ਤੇ ਰਾਜਾ ਸ਼ੇਰ ਸਿੰਘ ਨੂੰ ਰਿਹਾ ਕਰਕੇ ਉਨ੍ਹਾਂ ਦੀ ਅਠ ਹਜ਼ਾਰ ਰੁਪਿਆ ਸਾਲਾਨਾ ਪੈਨਸ਼ਨ ਲਾ ਦਿਤੀ ।ਸਰਦਾਰਾਂ ਦੇ ਮਨਾਂ ਨੂੰ ਜਿੱਤਣ ਲਈ ਵਿਰਾਸਤੀ ਧਰਤੀ ਉਤੇ ਉਨ੍ਹਾਂ ਦੇ ਹੱਕ ਪਰਵਾਨ ਕਰ ਲਏ ਗਏ ।ਕਈਆਂ ਨੂੰ ਖੁਲ੍ਹ-ਦਿਲੀ ਨਾਲ ਪੈਨਸ਼ਨਾਂ ਤੇ ਭੱਤੇ ਦਿਤੇ ਗਏ ।"ਅਤਿਅੰਤ ਹੋਣਹਾਰ ਅਤੇ ਦਲੇਰ ਸਿੱਖ ਸਿਪਾਹੀਆਂ ਨੂੰ ਅੰਗਰੇਜ਼ੀ ਨੌਕਰੀ ਵਿਚ ਲੈ ਲਿਆ ।ਸਿੱਖਾਂ ਦੀਆਂ ਪੰਜ ਰਜਮੈਂਟਾਂ ਅਤੇ ਪੰਜ ਦਸਤੇ ਸਿੱਖ ਪਿਆਦਾ ਫ਼ੌਜਾਂ ਦੇ ਬਣਾ ਦਿਤੇ ਗਏ[12] ।" ਨਹਿਰਾਂ ਦੀ ਖੁਦਾਈ ਸ਼ੁਰੂ ਹੋਈ ਤੇ ਪੱਕੀਆਂ ਸੜਕਾਂ ਬਣਾਉਣ ਵਲ ਵੀ ਧਿਆਨ ਦਿਤਾ ਜਾਣ ਲਗਾ ।ਰੇਲ ਚਲਾਉਣ ਲਈ ਵੀ ਕਦਮ ਚੁਕੇ ਗਏ ।1855 ਵਿਚ ਲੋਕ-ਸਿਖਿਆ ਵਿਭਾਗ ਵੀ ਖੋਹਲਿਆ ਗਿਆ ਜਿਸ ਨੇ ਪੰਜਾਬ ਵਿਚ ਮੁਢਲੀ ਵਿਦਿਆ ਦੇ ਕਾਫ਼ੀ ਸਕੂਲ ਖੋਲ੍ਹੇ । ਦਸੰਬਰ 1856 ਵਿਚ ਕੁੜੀਆਂ ਲਈ ਪਹਿਲਾ ਸਕੂਲ ਖੋਹਲਿਆ ਗਿਆ ।ਭਾਵੇਂ ਇਹ ਸਭ ਕੁਝ ਆਪਣੇ ਰਾਜ ਨੂੰ ਪਕਿਆਂ ਕਰਨ, ਫੌਜੀ ਤੇ ਪਰਬੰਧਕੀ ਖਰਚ ਘਟਾਉਣ ਤੇ ਮਾਲ ਬਰਾਮਦ ਕਰਨ ਲਈ ਹੀ ਕੀਤਾ ਜਾ ਰਿਹਾ ਸੀ ਪਰ ਇਹਦੇ ਨਾਲ ਲੋਕਾਂ ਨੂੰ ਵੀ ਕੁਝ ਅਮਨ ਚੈਨ ਵਾਲਾ ਤੇ ਸੁਖੀ ਜੀਵਨ ਨਸੀਬ ਹੋਣ ਲਗਾ ਸੀ ।ਇਸ ਸਮੇਂ 1857 ਵਿਚ ਦੇਸ ਵਿਚ 'ਗਦਰ', ('ਪੂਰਬੀਆ ਬਗ਼ਾਵਤ' 'ਮੁਸਲਿਮ ਬਗ਼ਾਵਤ', 'ਰੂਸੀ ਸਾਜ਼ਸ਼', ਜਾਂ 'ਜੰਗੇ ਆਜ਼ਾਦੀ' ਸ਼ੁਰੂ ਹੋ ਗਈ '।

---

11. During the first three years of British rule in the provincem Gagirs worth about 52 lacs of rupees per annum were confiscated by Govt. (Prof. Gulshan Rai, The Tribune, 9.2.1941).

12. ਸ. ਕਿਰਪਾਲ ਸਿੰਘ ਨਾਰੰਗ, ਪੰਜਾਬ, ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ (ਪੰਜਾਬ) ਸਫਾ 23.

ਪਟਿਆਲਾ, ਨਾਭਾ, ਕਪੂਰਥਲਾ ਤੇ ਜੀਂਦ ਦੀਆਂ ਰਿਆਸਤਾਂ ਦੇ ਹੁਕਮਰਾਨਾਂ ਨੇ ਇਸ ਸਮੇਂ ਅੰਗਰੇਜ਼ ਦੀ ਵਧ ਚੜ੍ਹ ਕੇ ਸਹਾਇਤਾ ਕੀਤੀ । ਹਜ਼ਾਰਾਂ ਦੀ ਗਿਣਤੀ ਵਿਚ ਸਿਖ ਸਿਪਾਹੀ ਰਾਜਿਆਂ ਮਹਾਰਾਜਿਆਂ ਦੀ ਆਪਣੀ ਕਮਾਨ ਹੇਠ ਅੰਗ੍ਰੇਜ਼ੀ ਰਾਜ ਨੂੰ ਬਚਾਉਣ ਦੇ ਆਹਰ ਵਿਚ ਜੁੱਟ ਪਏ। ਛੋਟੇ ਛੋਟੇ ਸਿਖ ਸਰਦਾਰ ਵੀ ਇਸ ਸਮੇਂ ਇਸ ਲੜਾਈ ਵਿਚ ਅੰਗਰੇਜ਼ ਵਲੋਂ ਹਿੱਸਾ ਲੈਣ ਲਈ ਇੰਨੇ ਉਤਾਵਲੇ ਸਨ ਕਿ ਇਕ ਦੂਜੇ ਤੋਂ ਅੱਗੇ ਲੰਘਣਾ ਚਾਹੁੰਦਾ ਸੀ ਤੇ ਇਸ ਗੱਲ ਤੇ ਨਾਰਾਜ਼ ਹੁੰਦਾ ਸੀ ਕਿ ਉਹਨੂੰ ਕਿਉਂ ਇਸ ਵਿਚ ਸ਼ਾਮਲ ਹੋਣ ਦਾ ਸੱਦਾ ਨਹੀਂ ਦਿੱਤਾ ਗਿਆ । ਸਰਦਾਰ ਅਤਰ ਸਿੰਘ ਭਦੌੜ ਨੇ 50 ਸਵਾਰਾਂ ਨਾਲ ਸਰਕਾਰ ਦੀ ਮੱਦਦ ਕੀਤੀ । ਸਰਦਾਰ ਚਤਰ ਸਿੰਘ ਦੇ ਪੁਤਰ ਸਰਦਾਰ ਗੁਲਾਬ ਸਿੰਘ ਨੇ ਇਨ੍ਹਾਂ ਦਿਨਾਂ ਵਿਚ ਅੰਗਰੇਜ਼ਾਂ ਦੀ ਬਹੁਮੁਲੀ ਮਦਦ ਕੀਤੀ ਜਿਸ ਦੇ ਬਦਲੇ ਇਸ ਦੇ ਖਾਨਦਾਨ ਨੂੰ ਰਾਏ ਬਰੇਲੀ ਵਸਾਇਆ ਗਿਆ[13] । ਸ. ਪੰਜਾਬ ਸਿੰਘ (ਸਰ ਜੁਗਿੰਦਰ ਸਿੰਘ ਦਾ ਦਾਦਾ) ਨੇ ਵੀ ਅੰਗਰੇਜ਼ਾਂ ਦੀ ਬਹੁਤ ਸਹਾਇਤਾ ਕੀਤੀ[14] ।

ਅੰਗਰੇਜ਼ ਨੇ ਹਰ ਸੰਭਵ ਤਰੀਕੇ ਨਾਲ ਇਸ ਸਮੇਂ ਸਿਖਾਂ ਨੂੰ ਵਰਤਣ ਦਾ ਯਤਨ ਕੀਤਾ। ਉਹਨੇ ਸਿਖਾਂ ਤੇ ਪੂਰਬੀਆਂ ਵਿਚਾਲੇ ਰਾਜਸੀ-ਫੌਜੀ ਵਿਰੋਧ ਅਤੇ ਸਿਖਾਂ ਤੇ ਮੁਸਲਮਾਨਾਂ ਵਿਚਕਾਰ ਧਾਰਮਕ-ਰਾਜਸੀ ਵਿਰੋਧ ਨੂੰ ਚੰਗੀ ਤਰ੍ਹਾਂ ਭੜਕਾਇਆ । ਅੰਗਰੇਜ਼ੀ ਸਰਕਾਰ ਨੇ ਸਿਖ ਗੁਰਦੁਆਰਿਆਂ ਨੂੰ ਵੀ ਆਪਣੇ ਮਕਸਦਾਂ ਲਈ ਵਰਤਿਆ ਅਤੇ 'ਸਿਖਾਂ ਦੀ ਅੱਖੀਂ ਘੱਟਾ ਪਾਣ ਲਈ ਪੁਜਾਰੀਆਂ ਨੂੰ ਵਰਤ ਕੇ ਜਨਰਲ ਨਿਕਲਸਨ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸਿੱਖ ਬਨਾਣ ਦਾ ਢੌਂਗ ਰਚਿਆ[15]। ਨਿਕਲਸਨ ਸਿੱਖਾਂ ਨੂੰ ਇਸ ਹੱਦ ਤਕ ਬੁਧੂ ਬਨਾਣ ਵਿਚ ਸਫਲ ਹੋਇਆ ਕਿ ਸਿੱਖ ਉਹਨੂੰ ਦੇਵਤਿਆਂ ਵਾਂਗ ਪੂਜਦੇ, ਉਹਨੂੰ ਨਿਕਲ ਸੇਨ ਸਾਈਂ ਕਹਿੰਦੇ ਤੇ ਸ਼ਰਧਾ ਵਜੋਂ ਬਿਨਾਂ ਕਿਸੇ ਤਨਖਾਹ ਦੇ ਉਹਦੀ ਕਮਾਨ ਹੇਠ ਦਿੱਲੀ ਨੂੰ ਜਿੱਤਣ ਲਈ ਲੜਦੇ ਸਨ। ਇਸ ਸਮੇਂ ਇਕ ਇਹ ਭਵਿੱਖ-ਬਾਣੀ ਵੀ ਸਿੱਖਾਂ ਵਿਚ ਫਲਾਈ ਗਈ ਕਿ ਉਹ ਗੋਰੇ ਦੀ ਸਹਾਇਤਾ ਨਾਲ ਦਿੱਲੀ ਤੇ ਹਮਲਾ ਕਰਕੇ ਗੁਰੂ ਤੇਗ਼ ਬਹਾਦਰ ਦੇ ਕਤਲ ਦਾ ਬਦਲਾ ਲੈਣਗੇ । ਅੰਗਰੇਜ਼ ਨੇ ਦਿਲੀ ਦੀਆਂ ਕੰਧਾਂ ਤੇ ਬਾਦਸ਼ਾਹ ਬਹਾਦਰ ਸ਼ਾਹ ਦੇ ਨਾਂ ਹੇਠ ਇਕ ਝੂਠਾ ਇਸ਼ਤਿਹਾਰ ਵੀ ਲੁਆਇਆ ਕਿ ਜਿਥੇ ਕਿਤੇ ਵੀ ਕੋਈ ਸਿੱਖ ਮਿਲੇ ਉਹਨੂੰ ਕਤਲ ਕਰ ਦਿਤਾ ਜਾਏ । ਇਹ ਇਸ਼ਤਿਹਾਰ ਬਿਲਕੁਲ ਝੂਠਾ ਸੀ ਕਿਉਂਕਿ ਬਹਾਦਰਸ਼ਾਹ ਨੇ ਪਹਿਲਾਂ ਮਹਾਰਾਜਾ ਪਟਿਆਲਾ ਨੂੰ ਤੇ ਫੇਰ ਉਹਦੀ ਰਿਆਇਆ ਨੂੰ ਇਸ ਪਵਿਤਰ ਕੰਮ ਵਿਚ ਸ਼ਾਮਲ ਹੋਣ

---

13. ਚੰਦਾ ਸਿੰਘ, ਪ੍ਰਕਾਸ਼ ਸਪਤਾਹਕ, ਪਟਿਆਲਾ, 8, 5, 73.

14. Bhagat Lakshman Singh Autobiography, p.238.

15. ਸੋਹਨ ਸਿੰਘ ਜੋਸ਼, ਅਕਾਲੀ ਮੋਰਚਿਆਂ ਦਾ ਇਤਿਹਾਸ, ਸਫਾ 3.

ਲਈ ਕਈ ਚਿਠੀਆਂ ਭੇਜੀਆਂ ਸਨ ।ਉਹਨੇ ਦਿੱਲੀ ਦਾ ਘੇਰਾ ਪਾਈ ਸਿੱਖ ਰਜਮੈਂਟਾਂ ਲਈ ਵੀ ਐਲਾਨ ਕੀਤਾ ਸੀ ਕਿ ਉਹ ਅੰਗਰੇਜ਼ੀ ਫੌਜ ਨੂੰ ਛੱਡ ਕੇ ਉਹਦੀ ਫੌਜ ਵਿਚ ਸ਼ਾਮਲ ਹੋਣ ਜਿਸ ਦੇ ਬਦਲੇ ਉਨ੍ਹਾਂ ਨੂੰ ਇਨਾਮ ਤੇ ਜਾਗੀਰਾਂ ਦੇ ਦਿਤੀਆਂ ਜਾਣਗੀਆਂ[16] । ਨਾਲੇ ਬਹੁਤ ਸਾਰੇ ਸਿੱਖ ਸਿਪਾਹੀ ਵੀ ਦਿੱਲੀ ਦੀ ਰਾਖੀ ਕਰਦਿਆਂ ਅੰਗਰੇਜ਼ਾਂ ਵਿਰੁਧ ਲੜ ਰਹੇ ਸਨ।ਪਰ ਇਸ ਇਸ਼ਤਿਆਰ ਨੇ ਬਾਦਸ਼ਾਹ ਬਹਾਦਰ ਸ਼ਾਹ ਦੇ ਵਿਰੁਧ ਸਿੱਖਾਂ ਦੇ ਜਜ਼ਬਾਤ ਨੂੰ ਹੋਰ ਭੜਕਾਇਆ ਤੇ ਉਨ੍ਹਾਂ ਨੂੰ ਇਸ ਗੱਲ ਦਾ ਤੌਖਲਾ ਹੋਇਆ ਕਿ ਜੇ ਬਹਾਦਰ ਸ਼ਾਹ ਦਾ ਰਾਜ ਕਾਇਮ ਹੋ ਗਿਆ ਤਾਂ ਇਕ ਵਾਰੀ ਫਿਰ ਉਨ੍ਹਾਂ ਦੇ ਸਿਰਾਂ ਦਾ ਮੁੱਲ ਪੈਣਾ ਸ਼ੁਰੂ ਹੋ ਜਾਇਗਾ ।ਅੰਗਰੇਜ਼ ਇਹ ਹੀ ਚਾਹੁੰਦਾ ਸੀ ਕਿ ਸਿੱਖ ਇਸ ਨੂੰ ਧਰਮ ਦੀ ਲੜਾਈ ਜਾਣ ਕੇ ਲੜਨ,ਸੋ ਉਹ ਆਪਣੀ ਚਾਲ ਵਿਚ ਪੂਰੀ ਤਰ੍ਹਾਂ ਸਫਲ ਹੋਇਆ ।ਭਾਵੇਂ ਡੋਗਰਿਆਂ ਨੇ ਸਭ ਤੋਂ ਪਹਿਲਾਂ ਦਿੱਲੀ ਤੇ ਹਮਲਾ ਕੀਤਾ ਪਰ ਉਹਨਾਂ ਨੂੰ ਹਾਰ ਹੋਈ ।ਜਨਰਲ ਨਿਕਲਸਨ ਦੀ ਕਮਾਨ ਹੇਠ ਸਿੱਖ ਸਾਰੀਆਂ ਰੁਕਾਵਟਾਂ ਨੂੰ ਤੋੜਦੇ ਹੋਏ ਜੇਤੂਆਂ ਦੇ ਰੂਪ ਵਿਚ ਦਿੱਲੀ ਵਿਚ ਜਾ ਦਾਖਲ ਹੋਏ ਤੇ ਇਸ ਤਰ੍ਹਾਂ ਸਿੱਖਾਂ ਨੇ ਦਿੱਲੀ ਅੰਗਰੇਜ਼ਾਂ ਨੂੰ ਜਿੱਤ ਦਿਤੀ । ਦਿੱਲੀ ਦੀ ਜਿੱਤ ਨੇ ਬਾਗੀਆਂ ਦੇ ਹੌਸਲੇ ਤੋੜੇ ਤੇ ਅੰਗਰੇਜ਼ਾਂ ਦੇ ਵਧਾਏ ਤੇ ਇਸ ਜਿੱਤ ਨੇ ਹੋਰਨਾਂ ਥਾਵਾਂ ਤੇ ਹੋਈਆਂ ਜਿੱਤਾਂ ਦਾ ਮੁੱਢ ਬੰਨ੍ਹਿਆ ।ਸਿੱਖਾਂ ਨੂੰ ਖੁਸ਼ ਕਰਨ ਲਈ ਕਪਤਾਨ ਹਾਡਸਨ ਨੇ ਤਿੰਨਾ ਸ਼ਹਿਜ਼ਾਦਿਆਂ ਨੂੰ ਨੰਗਾ ਕਰਕੇ ਆਪਣੇ ਹਥੀਂ ਗੋਲੀ ਮਾਰ ਕੇ ਖਤਮ ਕਰ ਦਿਤਾ। " ਸਿੱਖਾਂ ਨੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਗੁਰਦੁਆਰਾ ਸੀਸ ਗੰਜ ਦੇ ਸਾਹਮਣੇ ਚਾਂਦਨੀ ਚੌਕ ਵਿਚ ਉਸ ਥਾਂ ਤੇ ਲਿਆ ਰਖਿਆ ਜਿਥੇ ਕਿ 182 ~~ਸਿੱਖਾਂ ਨੂੰ~~ ਸਾਲ ਪਹਿਲਾਂ ਔਰੰਗਜ਼ੇਬ ਦੇ ਹੁਕਮ ਨਾਲ ਗੁਰੂ ਤੇਗ਼ ਬਹਾਦਰ ਨੂੰ ਕਤਲ ਕੀਤਾ ਗਿਆ ਸੀ[17] ।" ਸ਼ਹਿਜ਼ਾਦਿਆਂ ਦੇ ਕਤਲ ਨਾਲ ਸਿੱਖਾਂ ਦੀ ਬਦਲੇ ਦੀ ਭਾਵਨਾ ਕਾਫ਼ੀ ਸਤੁੰਸ਼ਟ ਹੋਈ ਤੇ ਉਹ ਕਪਤਾਨ ਹਾਡਸਨ ਨੂੰ ਗੁਰੂ ਤੇਗ਼ ਬਹਾਦਰ ਦੇ ਕਤਲ ਦਾ ਬਦਲਾ ਲੈਣ ਵਾਲਾ ਜਾਣ ਕੇ ਉਹਦੀ ਇੰਨੀ ਇਜ਼ਤ ਕਰਨ ਲਗ ਪਏ ਕਿ ਉਹ ਪਹਿਲਾਂ ਨਾਲੋਂ ਵੀ ਵਧੇਰੇ ਉਹਦੇ ਲਈ ਆਪਣੀਆਂ ਜਾਨਾਂ ਹਰ ਜਗ੍ਹਾ ਤੇ ਹਰ ਵੇਲੇ ਵਾਰਨ ਲਈ ਤਿਆਰ ਹੋ ਗਏ । ਸਿਪਾਹੀਆਂ ਨੂੰ ਤਾਂ ਲੁਟ ਮਾਰ ਚੋਂ ਕੁਝ ਹੱਥ ਲਗ ਗਿਆ ਤੇ ਥੋੜ੍ਹਾ ਬਹੁਤ ਇਨਾਮ ਮਿਲ ਗਿਆ ਹੋਵੇਗਾ ਪਰ ਰਾਜਿਆਂ ,ਮਹਾਰਾਜਿਆਂ ਤੇ ਸਰਦਾਰਾਂ ਨੂੰ ਅੰਗਰੇਜ਼ ਨੇ ਬੜੇ ਬੜੇ ਇਲਾਕੇ,ਜਗੀਰਾਂ ਤੇ ਇਨਾਮ ਦਿਤੇ ।

ਜਿੱਤ ਪਿਛੋਂ ਅੰਗਰੇਜ਼ਾਂ ਵਲੋਂ ਚਲਾਇਆ ਗਿਆ ਜ਼ੁਲਮ ਦਾ ਚੱਕਰ ਪਹਿਲਾਂ ਹੋਏ ਸਭ ਜ਼ੁਲਮਾਂ ਨੂੰ ਮਾਤ ਕਰ ਗਿਆ ।ਚੁਰਸਤਿਆਂ ਤੇ ਫਾਂਸੀਆਂ ਗੱਡੀਆਂ ਗਈਆਂ ਤੇ ਲੋਕਾਂ ਵਿਚ ਦਹਿਸ਼ਤ

---

16. Fridrich H.Cooper, The Crisis in the Punjab from the 10th of May until the fall of Delhi,p.212 cited by Salahuddin Malik,The Panjab and the Indian 'Mutiny' journal of Indian History, University of Kerala, Travandrum, p.348.

17. Khushwant Sinoh A History of Sikhs vol.2 1839-64, pl.110-11

ਫਲਾਉਣ ਲਈ ਅਣਗਿਣਤ ਲੋਕਾਂ ਨੂੰ ਫਾਂਸੀਆਂ ਤੇ ਚਾੜ੍ਹਿਆ ਗਿਆ । ਜੇ ਕਰ ਕਿਤੇ ਕੋਰਟ ਮਾਰਸ਼ਲ ਕਰਨ ਵਾਲੇ ਅਫਸਰ ਪਹਿਲਾਂ ਸਹੁੰ ਚੁਕ ਲੈਂਦੇ ਸਨ ਕਿ ਉਹ ਹਰ ਇਕ ਨੂੰ ਫਾਂਸੀ ਲਾਉਣਗੇ ਚਾਹੇ ਉਹ ਕਸੂਰਵਾਰ ਹੋਵੇ ਜਾਂ ਬੇ ਕਸੂਰਾ. . . ਬੁਢੇ ਆਦਮੀ ਜਿਨ੍ਹਾਂ ਨੇ ਕੁਝ ਵੀ ਨਹੀਂ ਸੀ ਕੀਤਾ ਹੁੰਦਾ ਤੇ ਅਬਲਾ ਇਸਤ੍ਰੀਆਂ ਜਿਹੜੀਆਂ ਬਾਲਾਂ ਨੂੰ ਆਪਣਾ ਦੁਧ ਪਿਆ ਰਹੀਆਂ ਸਨ ਤੋਂ ਵੀ ਅਸੀਂ ਉਸੇ ਤਰ੍ਹਾਂ ਬਦਲਾ ਲਿਆ ਜਿਵੇਂ ਕਿ ਸਭ ਤੋਂ ਭੈੜੇ ਸ਼ਰਾਰਤੀ ਤੋਂ[18] " ਤੇ ਜਦੋਂ ਕੋਈ ਦੁਸ਼ਮਣ ਹੱਥ ਨਾ ਆਇਆ ਤਾਂ ਸਾਡੇ ਸਿਪਾਹੀਆਂ ਨੇ ਸਾਡੇ ਉਨ੍ਹਾਂ ਨੌਕਰਾਂ ਨੂੰ ਜਿਹੜੇ ਡਰ [illegible] ਦੇ ਮਾਰੇ ਗਿਰਜੇ ਵਿਚ ਗੁਛਾ ਮੁਛਾ ਹੋਏ ਪਏ ਸਨ ਤੇ ਜਿਹੜੇ ਸਾਡੇ ਪੱਖੀ ਸਨ, ਬੁਰੀ ਤਰ੍ਹਾਂ ਕਤਲ ਕਰ ਦਿਤਾ । ਉਨ੍ਹਾਂ ਦੀ ਵਫ਼ਾਦਾਰੀ, ਉਨ੍ਹਾਂ ਦੀ ਕੀਤੀ ਸੇਵਾ, ਸਾਡੇ ਸਿਪਾਹੀਆਂ ਦੀ ਉਸ ਨਫਰਤ ਨੂੰ ਰਤਾ ਵੀ ਘਟਾ ਨਾ ਸਕੀ ਜਿਹੜੀ ਕਾਲੀ ਚਮੜੀ ਵਾਲੇ ਪੂਰਬੀਆਂ ਦੇ ਖਿਲਾਫ ਉਨ੍ਹਾਂ ਦੇ ਦਿਲਾਂ ਵਿੱਚ ਸੀ,[19]" ਵਹਿਸ਼ੀਆਨਾ ਜ਼ੁਲਮ ਦਾ ਇਹ ਹਾਲ ਗਦਰ ਤੋਂ ਪਿਛੋਂ ਦਾ ਹੀ ਨਹੀ ਸਗੋਂ ਗਦਰ ਦੇ ਦੌਰਾਨ ਵੀ ਜਿਹੜੇ ਜ਼ੁਲਮ ਅੰਗਰੇਜ਼ ਨੇ ਕੀਤੇ ਉਹ ਚੰਗੇਜ਼ਖਾਨ ਨੂੰ ਵੀ ਮਾਤ ਕਰਨ ਵਾਲੇ ਸਨ । ਬਗ਼ਾਵਤ ਵਿਚ ਸ਼ਾਮਲ ਹੋਣ ਲਈ ਤਿਆਰ ਹੋਣ ਦੇ ਸ਼ੁਕ ਵਿਚ ਪਿਸ਼ਾਵਰ ਵਿਚ ਮਈ 1857 ਵਿਚ 523 ਸਿਪਾਹੀਆਂ ਨੂੰ ਮਾਰ ਦਿਤਾ । ਇਨ੍ਹਾਂ ਵਿਚੋਂ 44 ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾਇਆ, 459 ਨੂੰ ਗੋਲੀ ਮਾਰੀ ਤੇ 20 ਨੂੰ ਫਾਂਸੀ ਚਾੜ੍ਹਿਆ । 26 ਨੰਬਰ ਦੇਸੀ ਪਲਟਨ ਦੇ 282 ਕਾਬੂ ਆਏ ਭਗੌੜਿਆਂ ਵਿਚੋਂ 237 ਨੂੰ ਅਗਸਤ 1857 ਨੂੰ ਸ਼ਰੇ ਆਮ ਗੋਲੀ ਨਾਲ ਉਡਾ ਦਿਤਾ ਤੇ 45 ਉਸ ਬੁਰਜ ਵਿਚ ਹੀ ਸਾਹ ਘੁਟ ਕੇ ਮਰ ਗਏ ਜਿਥੇ ਉਨ੍ਹਾਂ ਨੂੰ ਡਕਿਆ ਗਿਆ ਸੀ ।

ਸਿੱਖਾਂ ਦੇ ਸਿਰ ਤੇ ਅੰਗਰੇਜ਼ ਨੇ ਮੁੜ ਕੇ ਹਿੰਦੁਸਤਾਨ ਜਿੱਤ ਲਿਆ ਪਰ ਪੰਜਾਬ ਵਿਚ ਬਗ਼ਾਵਤ ਦੇ ਜੁਰਮ ਵਿਚ ਜਿਸ ਸ਼ਹਿਰੀ ਨੂੰ ਸਭ ਤੋਂ ਪਹਿਲੀਂ ਫਾਂਸੀ ਦਿਤੀ ਗਈ ਉਹ ਰੋਪੜ ਦਾ ਇਕ ਸਿੱਖ ਹੀ ਸੀ। ਬਲਭਗੜ੍ਹ ਦੇ ਸਿੱਖ ਸਰਦਾਰ ਰਾਜਾ ਨਾਹਰ ਸਿੰਘ ਨੂੰ ਸਰੇ ਆਮ ਫਾਂਸੀ ਚਾੜ੍ਹਿਆ ਗਿਆ, ਕੌਰ ਅਜੀਤ ਸਿੰਘ ਪਟਿਆਲੇ ਵਾਲੇ, ਮਹਾਰਾਜ ਸਿੰਘ ਤੇ ਉਨ੍ਹਾਂ ਸਿੱਖਾਂ ਦਾ ਜਿਨ੍ਹਾਂ ਨੇ ਦਿਲੀ ਦੀ ਰਾਖੀ ਕਰਨ ਵਿਚ ਹਿੱਸਾ ਲਿਆ ਜਾਂ ਜਿਹੜੇ ਦਿਲੀ ਦੇ ਮੁਹਾਸਰੇ ਸਮੇਂ ਬਾਗੀਆਂ ਨਾਲ ਮਿਲ ਗਏ, ਦਾ ਕੀ ਹਾਲ ਹੋਇਆ ਹੋਵੇਗਾ, ਅੰਦਾਜ਼ਾ ਲਾਣਾ ਮੁਸ਼ਕਲ ਨਹੀਂ ।

ਇਸ ਗ਼ਦਰ ਤੋਂ ਇਹ ਗੱਲ ਸਾਫ ਹੋ ਗਈ ਕਿ ਸਿਖ ਸਰਦਾਰ, ਰਾਜੇ, ਮਹਾਰਾਜੇ ਅੰਗਰੇਜ਼ੀ

---

18. History of the Sepoy War.p.124, by Bolmes cited by Lajpat Rai, Young India, p.100.

19. Kaye and Mallenson's Indian Mutiny, vol.II, p.438, cited by Lajpat Rai, Young India, p.101.

ਰਾਜ ਦੇ ਪੂਰਨ ਵਫ਼ਾਦਾਰ ਹਨ;ਉਹ ਆਪਣੀਆਂ ਸਰਦਾਰੀਆਂ,ਜਾਗੀਰਾਂ ਤੇ ਇਲਾਕੇ ਕਾਇਮ ਰਖਣ ਤੇ ਹੋਰ ਹਾਸਲ ਕਰਨ ਲਈ ਸਭ ਕੁਝ ਕਰ ਸਕਦੇ ਹਨ;ਅੰਗਰੇਜ਼ੀ ਰਾਜ ਦੇ ਕਾਇਮ ਰਹਿਣ ਨਾਲ ਹੀ ਉਨ੍ਹਾਂ ਦੀਆਂ ਸਰਦਾਰੀਆਂ ਤੇ ਰਾਜ ਕਾਇਮ ਰਹਿ ਸਕਦੇ ਹਨ ਅਤੇ ਅੰਗਰੇਜ਼ ਤੇ ਉਨ੍ਹਾਂ ਦੇ ਹਿੱਤ ਸਾਂਝੇ ਹਨ ।ਇਸੇ ਲਈ ਇਕ ਪਾਸੇ ਤਾਂ ਉਹ ਅੰਗਰੇਜ਼ ਨੂੰ ਇਹ ਸਲਾਹ ਦਿੰਦੇ ਰਹੇ ਕਿ ਸਿੱਖ ਭਰੋਸੇ ਯੋਗ ਨਹੀਂ ਹਨ ਤੇ ਫੌਜਾਂ ਵਿਚ ਇਨ੍ਹਾਂ ਦੀ ਭਰਤੀ ਤੋਲਵੀਂ ਰਖੀ ਜਾਏ ਅਤੇ ਦੂਜੇ ਪਾਸੇ ਇਹ ਕਿ ਇਨ੍ਹਾਂ ਦਾ ਸਿੱਖੀ ਸਰੂਪ ਕਾਇਮ ਰਖਿਆ ਜਾਏ ਤਾਂ ਜੋ ਇਹ ਹਰ ਵੇਲੇ ਧਰਮ ਦੇ ਨਾਂ ਹੇਠ ਹਥਿਆਰ ਦੇ ਤੌਰ ਤੇ ਵਰਤੇ ਜਾ ਸਕਣ ।ਸਿੱਖਾਂ ਦੇ ਕੁਦਰਤੀ ਲੀਡਰ ਉਨ੍ਹਾਂ ਵਲੋਂ ਕੀਤੀ ਗਈ ਅੰਗਰੇਜ਼ ਦੀ ਸਹਾਇਤਾ ਦਾ ਸਿਲਾ ਅਖੀਰ ਦਮ ਤਕ ਮੰਗਦੇ ਤੇ ਹਾਸਲ ਕਰਦੇ ਰਹੇ ਅਤੇ ਅਜਿਹਾ ਕਹਿਣ ਤੇ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੇ ਰਹੇ ।" ਇਸ ਸਿਲੇ ਦੀ ਹੀ ਇਕ ਕਿਸ਼ਤ ਵਜੋਂ ਮਹਾਰਾਜਾ ਪਟਿਆਲਾ ਨੂੰ ਗਵਰਨਰ ਜਨਰਲ ਦੀ ਕੌਂਸਲ ਦਾ ਮੈਂਬਰ ਨਾਮਜ਼ਦ ਕੀਤਾ ਗਿਆ।"[20] ।ਇਹੀ ਕੁਦਰਤੀ ਲੀਡਰ ਤੇ ਅਗੋਂ ਇਨ੍ਹਾਂ ਦੀ ਉਲਾਦ ਸਿੰਘ ਸਭਾ ਲਹਿਰ ਤੇ ਛਾਈ ਰਹੀ ਤੇ ਇਹਦਾ ਜੂਲਾ ਅਕਾਲੀ ਲਹਿਰ ਹੀ ਲਾਹ ਸਕੀ ।

" ਮੁੱਢ ਤੋਂ ਹੀ ਸਿੱਖ ਇਤਿਹਾਸ ਦੀ ਇਕ ਮਹਾਨ ਸਮੱਸਿਆ ਸਿੱਖੀ ਦੇ ਨਿੱਜੀ ਤੇ ਸੁਤੰਤ੍ਰ ਸਰੂਪ ਦੀ ਭਾਲ ਤੇ ਸੁਰੱਖਿਆ ਰਹੀ ਹੈ ।ਗੁਰੂ ਨਾਨਕ ਦੇਵ ਜੀ ਨੇ ਨਾਮ ਕੀਰਤਨ,ਕਿਰਤ, ਦਾਨ,ਸੰਗਤ ਤੇ ਪੰਗਤ ਦੇ ਨਿਯਮਾਂ ਦੇ ਆਧਾਰ ਤੇ ਇਕ ਨਵੇਂ ਨਿਵੇਕਲੇ ਸਮਾਜ ਦਾ ਮੁੱਢ ਬੰਨ੍ਹਿਆ।"[21] ਤੇ ਉਨ੍ਹਾਂ ਦੇ ਉਤਰ-ਅਧਿਕਾਰੀਆਂ ਨੇ ਇਸ ਲੀਹ ਨੂੰ ਇਸ ਕਾਮਯਾਬੀ ਨਾਲ ਅੱਗੇ ਤੋਰਿਆ ਕਿ ਛੇਵੇਂ ਤੇ ਸਤਵੇਂ ਗੁਰੂ ਸਾਹਿਬਾਂ ਦੇ ਸਮਕਾਲੀ ਦਬਿਸਤਾਨਿ ਮਜ਼ਾਹਬ ਦੇ ਲੇਖਕ ਨੇ ਸਿੱਖਾਂ ਬਾਰੇ ਲਿਖਿਆ ਕਿ " ਸੰਖੇਪ ਤੌਰ ਤੇ ਨਾਨਕ ਦੇ ਮੁਰੀਦ ਬੁੱਤ ਨੂੰ ਬੁਰਾ ਸਮਝਦੇ ਹਨ,ਹਿੰਦੂਆਂ ਦੇ ਮੰਤਰਾਂ ਨੂੰ ਨਹੀਂ ਪੜ੍ਹਦੇ ਅਤੇ ਉਨ੍ਹਾਂ ਦੇ ਬੁੱਤਾਂ ਦਾ ਆਦਰ ਨਹੀਂ ਕਰਦੇ,(ਉਨ੍ਹਾਂ ਦੇ )ਅਵਤਾਰਾਂ ਦੀ ਕੁਝ ਪਰਵਾਹ ਨਹੀਂ ਕਰਦੇ ਤੇ ਸੰਸਕ੍ਰਿਤ ਭਾਸ਼ਾ ਜਿਸ ਨੂੰ ਕਿ ਹਿੰਦੂ ਦੇਵ ਭਾਸ਼ਾ ਮੰਨਦੇ ਹਨ,ਪਵਿੱਤਰ ਨਹੀਂ ਮੰਨਦੇ ।"[21-ਏ] ਪਰ ਇਸ ਦੇ ਬਾਵਜੂਦ ਵੀ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਸਮੇਂ ਜਦ ਕੁਝ ਸਿੱਖਾਂ ਨੇ ਬੁਜ਼ਦਿਲੀ ਦਿਖਾਈ ਤੇ ਸਿੱਖ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਸਿੱਖ ਨਾ ਮੰਨਿਆ ਤਾਂ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਅਜਿਹਾ ਵਖਰਾ ਤੇ ਨਿਖੜਵਾਂ ਰੂਪ ਦਿਤਾ ਜਿਸ ਤੋਂ ਉਹ ਆਪਣੇ ਆਪ ਹੀ ਪਛਾਣੇ ਜਾਣ ।ਤੇ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਨਾ ਸਿਰਫ ਬਾਹਰੀ ਰੂਪ ਵਜੋਂ ਹੀ ਹੋਰਨਾ ਨਾਲੋਂ ਨਖੇੜਿਆ।

20. Khushwant Singh, A History of the Sikhs, vol.II, p.115.

21. ਡਾਕਟਰ ਫੌਜਾ ਸਿੰਘ,ਸਿੰਘ ਸਭਾ ਲਹਿਰ ਦਾ ਇਤਿਹਾਸਕ ਪਿਛੋਕੜ,ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ। ਪਟਿਆਲਾ-ਸੈਮੀਨਾਰ ਅੰਕ,ਜਨਵਰੀ,1974,ਸਫ਼ਾ 21.

21-ਏ ਉਹੀ

ਸਗੋਂ ਉਨ੍ਹਾਂ ਨੂੰ ਇਕ ਪਾਕ-ਪਵਿੱਤਰ,ਸੱਚੀ-ਸੁੱਚੀ ਜੀਵਨ-ਜਾਚ ਪਰਦਾਨ ਕੀਤੀ ਤੇ ਉਨ੍ਹਾਂ ਦੇ ਅੰਦਰ ਮੌਤ ਨੂੰ ਮਖੌਲਾਂ ਕਰਨ ਵਾਲੀ ਰੂਹ ਭਰ ਦਿਤੀ ।ਭਾਵੇਂ 10 ਦਸੰਬਰ 1710 ਨੂੰ ਬਾਦਸ਼ਾਹ ਬਹਾਦਰ ਸ਼ਾਹ ਨੇ ਉਨ੍ਹਾਂ ਨੂੰ ਮੁਗ਼ਲ ਹਕੂਮਤ ਦੇ ਬਾਗ਼ੀ ਕਰਾਰ ਦੇ ਕੇ ਉਨ੍ਹਾਂ ਦਾ ਖੁਰਾ ਖੋਜ ਮਿਟਾ ਦੇਣ ਲਈ ਸ਼ਾਹੀ ਫਰਮਾਨ ਜਾਰੀ ਕਰ ਦਿਤਾ ਪਰ ਇਹਦੇ ਬਾਵਜੂਦ ਵੀ ਉਹ ਮੁਗ਼ਲਾਂ ਦੀ ਜ਼ਾਲਮ ਹਕੂਮਤ ਤੋਂ ਪੰਜਾਬ ਦੇ ਹਿੰਦੂਆਂ,ਸਿੱਖਾਂ ਤੇ ਮੁਸਲਮਾਨਾਂ ਨੂੰ ਆਜ਼ਾਦ ਕਰਾਉਣ ਦੇ ਕੰਮ ਵਿੱਚ ਜੁੱਟੇ ਰਹੇ। ਉਨ੍ਹਾਂ ਦੀ ਧਾਰਮਿਕ ਖੁਲ੍ਹ-ਖਿਆਲੀ ਤੇ ਜ਼ੁਲਮ ਦਾ ਨਾਸ ਕਰਨ ਵਾਲੀ ਭਾਵਨਾ ਸਦਕਾ ਇਸ ਸ਼ਾਹੀ ਫਰਮਾਨ ਦੇ ਸਾਢੇ ਚਾਰ ਮਹੀਨਿਆਂ ਦੇ ਅੰਦਰ ਹੀ ਮੁਗ਼ਲਾਂ ਨਾਲ ਲੜਨ ਲਈ ਪੰਜ-ਹਜ਼ਾਰ ਮੁਸਲਮਾਨ ਉਨ੍ਹਾਂ ਨਾਲ ਆ ਰਲੇ ਤੇ ਉਨ੍ਹਾਂ ਦੀ ਪਵਿਤਰਤਾ ਤੇ ਬਹਾਦਰੀ ਬਾਰੇ ਅਹਿਮਦ ਸ਼ਾਹ ਦੁਰਾਨੀ ਦੇ ਕਰਮਚਾਰੀ ਕਾਜ਼ੀ ਨੂਰ ਮੁਹੰਮਦ ਨੂੰ ਜਿਹੜਾ ਕਿ ਸਿੱਖਾਂ ਲਈ ਨਫਰਤ ਨਾਲ ਕੁੱਤਾ ਸ਼ਬਦ ਵਰਤਦਾ ਹੈ,ਕਹਿਣਾ ਪਿਆ :-

ਜੇ ਤੂੰ ਜੰਗ ਦਾ ਹੁਨਰ ਸਿਖਣਾ ਚਾਹੇਂ ਤਾਂ ਐ ਤਲਵਾਰ ਦੇ ਧਨੀ । ਇਨ੍ਹਾਂ ਸਿੱਖਾਂ ਤੋਂ ਸਿੱਖ ।ਮਰਦਾਂ ਦੀ ਤਰ੍ਹਾਂ ਜੰਗ ਵਿਚ ਦੁਸ਼ਮਨ ਦੇ ਸਾਮ੍ਹਣੇ ਹੋਣਾ ਤੇ ਫੇਰ ਉਥੋਂ ਸਹੀ ਸਲਾਮਤ ਨਿਕਲ ਜਾਣਾ ਇਨ੍ਹਾਂ ਦਾ ਹੀ ਕੰਮ ਹੈ।ਇਹ ਲੜਾਈ ਦੇ ਮੌਕੇ ਤੇ ਸ਼ੇਰ ਨਾਲੋਂ ਵਧ ਬਹਾਦਰ ਤੇ ਅਮਨ ਵਿਚ ਹਾਤਮ ਨਾਲੋਂ ਵਧ ਸਖੀ ਹਨ।ਜਦ ਇਹ ਹੱਥ ਵਿਚ ਹਿੰਦੀ ਤਲਵਾਰ ਫੜਦੇ ਹਨ ਤਾਂ ਹਿੰਦੁਸਤਾਨ ਤੋਂ ਲੈਕੇ ਸਿੰਧ ਤਕ ਦੇ ਇਲਾਕੇ ਵਿਚੋਂ ਦੀ ਫਿਰ ਨਿਕਲਦੇ ਹਨ ।ਚਾਹੇ ਕੋਈ ਕਿਤਨਾ ਵੀ ਜ਼ੋਰ ਅਜ਼ਮਾਈ ਕਰਨ ਵਾਲਾ ਕਿਉਂ ਨਾ ਹੋਵੇ,ਮੈਦਾਨਿ ਜੰਗ ਵਿਚ ਇਨ੍ਹਾਂ ਦੇ ਸਾਮ੍ਹਣੇ ਠਹਿਰ ਨਹੀਂ ਸਕਦਾ। ਜਦ ਇਹ ਨੇਜ਼ਾਬਾਜ਼ੀ ਕਰਦੇ ਹਨ ਤਾਂ ਦੁਸ਼ਮਨ ਦੀ ਫੌਜ ਨੂੰ ਸ਼ਿਕਸਤ ਦੇ ਦਿੰਦੇ ਹਨ ।ਆਪਣੇ ਨੇਜ਼ੇ ਦਾ ਸਿਰ ਇਹ ਅਸਮਾਨ ਤੇ ਲੈ ਜਾਂਦੇ ਹਨ,ਅੱਗੇ ਜੇ ਕੋਹਕਾਫ ਵੀ ਹੋਵੇ ਉਹ ਵੀ ਇਨ੍ਹਾਂ ਸਾਮ੍ਹਣੇ ਚੂਰ ਹੋ ਜਾਂਦਾ ਹੈ।ਜਦ ਇਹ ਚਾਚ ਦੀ ਬਣੀ ਹੋਈ ਕਮਾਣ ਵਿਚ ਤੀਰ ਰੱਖ ਕੇ ਤੇ ਕੰਨਾਂ ਤਕ ਖਿਚ ਕੇ ਉਸ ਦਾ ਚਿੱਲਾ ਚਾੜ੍ਹਦੇ ਹਨ ਤਾਂ ਦੁਸ਼ਮਨ ਦਾ ਸਿਰ ਕਟਿਆ ਜਾਣ ਤੇ ਇਕ ਮੀਲ ਪਰ੍ਹੇ ਦੂਰ ਜਾ ਡਿਗਦਾ ਹੈ।ਦੁਸ਼ਮਨ ਦੇ ਜ਼ਿਰਹ ਬਕਤਰ ਉਤੇ ਜੇ ਇਹ ਆਪਣਾ ਕੁਹਾੜਾ( ਸਫਾ ਜੰਗ) ਚਲਾ ਦੇਣ ਤਾਂ ਉਸ ਦੇ ਸਰੀਰ ਉਤੇ ਹੀ ਸੰਜੋਹ ਦੇ ਟੁਕੜੇ ਹੋ ਜਾਂਦੇ ਹਨ' ਹਰੇਕ ਸਿੱਖ ਦਾ ਸਰੀਰ ਪਹਾੜ ਦੇ ਇਕ ਟੁਕੜੇ ਦੀ ਤਰ੍ਹਾਂ ਹੈ ਜੋ ਇਕੱਲਾ ਪੰਜਾਹ ਦੁਸ਼ਮਨਾਂ ਨਾਲ ਟਾਕਰਾ ਕਰਦਾ ਹੈ।ਜੇ ਤੈਨੂੰ ਮੇਰੇ ਕਹਿਣ ਤੇ ਯਕੀਨ ਨਾ ਆਵੇ ਤਾਂ ਉਨ੍ਹਾਂ ਲੋਕਾਂ ਤੋਂ ਪੁਛ ਜਿਨ੍ਹਾਂ ਕਦੇ ਇਨ੍ਹਾਂ ਦੇ ਨਾਲ ਤਲਵਾਰ ਚਲਾਈ ਹੋਵੇ ।

ਇਹ (ਸਿੱਖ )ਜੰਗ ਵਿਚ ਡਰਪੋਕ ਨੂੰ ਨਹੀਂ ਮਾਰਦੇ ਤੇ ਨਾਹੀਂ ਮੈਦਾਨ ਛੱਡ ਕੇ ਜਾ ਰਹੇ ਦੁਸ਼ਮਨ ਦਾ ਰਾਹ ਰੋਕਦੇ ਹਨ।ਕੋਈ ਔਰਤ ਚਾਹੇ ਉਹ ਰਾਣੀ ਹੋਵੇ ਜਾਂ ਗੋਲੀ,ਇਹ ਉਸਦਾ

ਜ਼ੁਰ ਜ਼ੇਵਰ ਨਹੀਂ ਲੁਟਦੇ ।ਵਿਭਚਾਰ ਤੇ ਚੋਰੀ ਦੋਵੇਂ ਔਗੁਣ ਇਨ੍ਹਾਂ ਵਿਚ ਨਹੀਂ ਹਨ[22] ।

ਸਿੱਖ ਲਗ ਭਗ ਇਕ ਸਦੀ ਆਪਣੇ ਸਿਰਾਂ ਦੇ ਮੁੱਲ ਤਾਰ ਕੇ ਅਖੀਰ ਲਾਹੌਰ ਦੇ ਮਾਲਕ ਬਣ ਗਏ ਪਰ ਇਸ ਸੌ ਸਾਲ ਦੇ ਅਰਸੇ ਵਿਚ ਸਿੱਖ ਆਪਣੇ ਧਰਮ ਵਲ ਧਿਆਨ ਨਾ ਦੇ ਸਕੇ ਜਿਸ ਕਰਕੇ ਇਸ ਉਤੇ ਬ੍ਰਾਹਮਣਵਾਦ ਛਾ ਗਿਆ । ਇਸ ਔਖੀ ਸਦੀ ਦੇ ਪਹਿਲੇ ਤਕਰੀਬਨ ਪੰਜਾਹ ਸਾਲ " ਖਾਲਸਾ ਗੁਰੀਲਾ ਜੰਗ ਲੜਦਾ ਰਿਹਾ,ਅਤੇ ਬੀਕਾਨੇਰ ਦੇ ਥਲਾਂ ਤੇ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਹੀ ਵਿਚਰਦਾ ਰਿਹਾ ।ਉਸ ਵਕਤ ਸਿੰਘਾਂ ਦੇ ਪਰਵਾਰ,ਜ਼ਨਾਨੀਆਂ ਤੇ ਬੱਚੇ ਇਕੱਲੇ ਹੀ ਪਿੰਡਾਂ ਵਿਚ ਰਹਿ ਗਏ ਤੇ ਇਹ ਹਿੰਦੂਆਂ ਦੀ ਸੰਭਾਲ ਵਿਚ ਰਹਿਣ ਕਰਕੇ ਉਹਨਾਂ ਦੇ ਅਸਰ ਹੇਠਾਂ ਆ ਗਏ[23] "। " ਇਸ ਤੋਂ ਪਿਛੋਂ ਜਦੋਂ ਮਿਸਲਾਂ ਦਾ ਸਮਾਂ ਆਇਆ ਅਤੇ ਸਿਖ ਆਪੋ ਆਪਣੇ ਜਥੇ ਬਣਾ, ਜੰਗਲਾਂ ਨੂੰ ਤਿਆਗ,ਪਰਗਟ ਤੌਰ ਸਾਹਮਣੇ ਆਏ ਤਦੋਂ ਭੀ ਆਪਣੇ ਪੈਰਾਂ ਤੇ ਖੜੇ ਹੋਣ ਦੇ ਯਤਨ ਨੇ ਕੁਝ ਹੋਰ ਸੋਚਣ ਦਾ ਸਮਾਂ ਨਾ ਦਿਤਾ ਅਤੇ ਆਪਣੇ ਆਪਣੇ ਧੜੇ ਨੂੰ ਪਕਾ ਕਰਨ,ਸਮੇਂ ਦੀ ਹਕੂਮਤ ਨੂੰ ਖਤਮ ਕਰਨ ਤੇ ਅਬਦਾਲੀ ਦਾ ਮੂੰਹ ਮੋੜਨ ਦੇ ਆਹਰ ਵਿਚ ਲਗੇ ਰਹੇ ਅਤੇ ਜਦੋਂ ਕੁਝ ਜ਼ੋਰ ਫੜ ਗਏ ਤਾਂ ਆਪੋ ਵਿਚ ਖੜਕਦੇ ਰਹੇ[24] ।" ਸਿੱਖਾਂ ਵਿਚ " ਜੋ ਏਕਤਾ ਤੇ ਦ੍ਰਿੜ੍ਹਤਾ ਦੇ ਗੁਣ ਉਤਪਨ ਹੋਏ ਸਨ,ਉਹ ਅਲੋਪ ਹੋਣੇ ਸ਼ੁਰੂ ਹੋ ਗਏ ਤੇ ਉਨ੍ਹਾਂ ਦੀ ਥਾਂ ਆਪਸੀ ਫੁੱਟ ਨੇ ਮਲਣੀ ਸ਼ੁਰੂ ਕਰ ਦਿਤੀ । ਇਸ ਅਵਸਥਾ ਵਿਚ ਹਿੰਦੂ ਜਾਤੀ,ਵਿਸ਼ੇਸ਼ ਕਰਕੇ ਉਸਦੇ ਪੁਜਾਰੀ ਬ੍ਰਾਹਮਣ,ਸਿੱਖ ਆਗੂਆਂ ਦੇ ਬਹੁਤ ਕਰੀਬ ਆ ਗਏ,ਜਿਸ ਕਾਰਨ ਹਿੰਦੂ ਰੀਤਾਂ ਤੇ ਰਸਮਾਂ ਨੇ ਉਨ੍ਹਾਂ ਦੇ ਜੀਵਨ ਵਿਚ ਪ੍ਰਵੇਸ਼ ਕਰਨਾ ਆਰੰਭ ਦਿਤਾ[25] "। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ "ਖਾਲਸਾ ਪੰਥ ਦੇ ਵਧ ਰਹੇ ਰਾਜ-ਭਾਗ ਨੂੰ ਤੱਕ ਕੇ ਕੁਝ ਅਜਿਹੇ ਲੋਕ,ਜੋ ਆਪਣੇ ਹੀ ਪੈਰ ਪੁਜਾਉਣ ਦੇ ਚਾਹਵਾਨ ਸਨ,ਏਧਰ ਝੁਕੇ ਅਤੇ ਸਿੱਖਾਂ ਦਾ ਭੇਸ ਧਾਰਕੇ ਖਾਲਸਾ ਪੰਥ ਵਿਚ ਦਾਖਲ ਹੋ ਗਏ। ਅਜਿਹੇ ਲੋਕਾਂ ਨੇ,ਜੋ ਨਿਰੋਲ ਮਾਨ ਪ੍ਰਤਿਸ਼ਟਾ ਦੇ ਚਾਹਵਾਨ ਸਨ,ਛੇਤੀ ਹੀ ਸਿਖ ਪੰਥ ਦੀ ਅਸਲੀਅਤ ਬਦਲ ਦਿੱਤੀ ।ਸਭ ਤੋਂ ਪਹਿਲਾਂ ਉਨ੍ਹਾਂ ਨੇ ਅਕਾਲ ਤਖਤ ਅਤੇ ਦਰਬਾਰ ਸਾਹਿਬ ਦੀ ਗੁਰਮਤ ਭਿੰਨੀ ਮਰਯਾਦਾ ਨੂੰ ਤੋੜਿਆ ।ਫੇਰ ਹੋਰ ਤਖ਼ਤਾਂ ਤੇ ਗੁਰਦਵਾਰਿਆਂ ਦੀ ਰਹੁ-ਰੀਤੀ ਮਨਮਤ ਦੇ ਸੰਚੇ ਵਿਚ

---

22. ਪ੍ਰੋ ਗੰਡਾ ਸਿੰਘ,ਜੰਗਨਾਮਾ ਕਾਜ਼ੀ ਨੂਰ ਮੁਹੰਮਦ(ਫਾਰਸੀ)ਸਫ਼ੇ 156,57(ਹਵਾਲਾ ਦਿਤਾ-ਸ਼ਮਸ਼ੇਰ ਸਿੰਘ ਅਸ਼ੋਕ,ਪੰਜਾਬ ਦੀਆਂ ਲਹਿਰਾਂ,ਸਫੇ 16-17)
23. ਭਾਈ ਸਾਹਿਬ ਅਰਦਮਨ ਸਿੰਘ ਬਾਗੜੀਆਂ,ਸਿੰਘ ਸਭਾ ਅਤੇ ਸਿੱਖ ਰਹਿਤ ਮਰਯਾਦਾ,ਸਿੰਘ-ਸਭਾ ਪਤ੍ਰਿਕਾ ਅੰਮ੍ਰਿਤਸਰ,ਪਟਿਆਲਾ ਸੈਮੀਨਾਰ ਅੰਕ,ਜਨਵਰੀ 1974,ਸਫ਼ਾ 35
24. ਨਰੈਣ ਸਿੰਘ,ਅਕਾਲੀ ਮੋਰਚੇ ਅਤੇ ਝੱਬਰ,ਸਫਾ, 2.
25. ਡਾ: ਫੌਜਾ ਸਿੰਘ,ਸਿੰਘ ਸਭਾ ਲਹਿਰ ਦਾ ਇਤਿਹਾਸਕ ਪਿਛੋਕੜ,ਸਿੰਘ ਸਭਾ ਪਤ੍ਰਿਕਾ,ਅੰਮ੍ਰਿਤ-ਸਰ ਪਟਿਆਲਾ-ਸੈਮੀਨਾਰ ਅੰਕ,ਜਨਵਰੀ 1974,ਸਫਾ,22.

ਢਾਲੀ ਗਈ ।"[26] " ਅਸ਼ਟਭੁਜੀ ਦੇਵੀ, ਦੁਰਗਾ ਤੇ ਭਗਉਤੀ ਦੀਆਂ ਮੂਰਤਾਂ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਤਰਨਤਾਰਨ ਸਾਹਿਬ ਜਿਹੇ ਮਹਾਨ ਧਰਮ ਅਸਥਾਨਾਂ ਤੇ ਬਿਰਾਜਮਾਨ ਹੋ ਗਈਆਂ ।"[27] " ਸ੍ਰੀ ਹਰਿਮੰਦਰ ਦੀ ਪਰਕਰਮਾ ਵਿਚ ਪੰਡਿਤ ਠਾਕਰ ਲੈ ਕੇ ਬੈਠਦੇ ਸਨ। ਉਹ ਆਪ ਉਨ੍ਹਾਂ ਦੀ ਪੂਜਾ ਕਰਦੇ ਸਨ। ਨਾਲ ਹੀ ਸ੍ਰੀ ਹਰਿਮੰਦਰ ਦੇ ਦਰਸ਼ਨਾਂ ਨੂੰ ਆਏ ਹਿੰਦੂ ਅਤੇ ਸਿੱਖ ਉਨ੍ਹਾਂ ਅਗੇ ਸਿਰ ਨਿਵਾਂਦੇ ਅਤੇ ਚਰਨਾਮ੍ਰਿਤ ਲੈਂਦੇ ਸਨ। ਬ੍ਰਹਮ ਬੂਟੇ ਦੇ ਅਖਾੜੇ ਦੇ ਸਾਹਮਣੇ ਇਕ ਬੋਹੜ ਦਾ ਰੁੱਖ ਹੈ। ਉਸ ਦੇ ਇਰਦ ਗਿਰਦ ਇਕ ਪੱਕਾ ਥੜਾ ਬਣਿਆ ਹੋਇਆ ਸੀ, ਜਿਸ ਪੁਰ ਇਕ ਸ਼ਿਵਲਿੰਗ ਸਥਾਪਿਤ ਸੀ ।"[28] ਗਲ ਕੀ " ਰਣਜੀਤ ਸਿੰਘ ਦੇ ਜ਼ਮਾਨੇ ਵਿਚ ਹਿੰਦੂਆਂ ਤੇ ਸਿੱਖਾਂ ਵਿਚ ਨਖੇੜਾ ਕਰਨਾ ਵੀ ਕਠਿਨ ਹੋ ਗਿਆ । ਆਮ ਹਿੰਦੂਆਂ ਨੇ ਸਿੱਖਾਂ ਵਾਂਗ ਦਾੜ੍ਹੀਆਂ ਰਖਣੀਆਂ ਤੇ ਪੱਗਾਂ ਬੰਨਣੀਆਂ ਆਰੰਭ ਦਿਤੀਆਂ । ਦੂਸਰੇ ਪਾਸੇ ਸਿੱਖਾਂ ਨੇ ਵੀ ਹਿੰਦੂਆਂ ਵਾਂਗੂੰ ਮੰਦਰਾਂ ਵਿਚ ਜਾਣਾ, ਬੁੱਤ ਪੂਜਣੇ, ਹਿੰਦੂ ਰਹੁ-ਰੀਤਾਂ ਕਰਨਾ, ਦੇਵੀ ਦੇਵਤਿਆਂ ਨੂੰ ਮੰਨਣਾ, ਆਰਤੀਆਂ ਤੇ ਹਵਨ ਕਰਨਾ, ਵਿਧਵਾ ਔਰਤਾਂ ਨੂੰ ਸਾੜਨਾ ਸ਼ੁਰੂ ਕਰ ਦਿਤਾ । ਸਿੱਖ ਘਰਾਂ ਵਿਚ ਬ੍ਰਾਹਮਣਾਂ ਦੀ ਪੁੱਛ-ਗਿੱਛ ਇੰਨੀ ਵਧ ਗਈ ਕਿ ਉਨ੍ਹਾਂ ਦੀ ਸਲਾਹ ਤੋਂ ਬਿਨਾਂ ਕੋਈ ਕੰਮ ਕਰਨਾ ਵੀ ਮੁਸ਼ਕਲ ਹੋ ਗਿਆ । ਸਿੱਖ ਹਿੰਦੂਆਂ ਵਾਂਗ ਸਰਾਧ ਕਰਨ, ਪਿੱਤਰ-ਪੂਜਣ, ਵਰਤ ਰੱਖਣ ਤੇ ਮੜ੍ਹੀਆਂ ਸਮਾਧਾਂ ਪੂਜਣ ਲਗ ਪਏ ।"[29] ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਅੰਗਰੇਜ਼ਾਂ ਨੇ ਪੰਜਾਬ ਨੂੰ ਹੜਪ ਕਰਨ ਵਿਚ ਬਹੁਤੀ ਦੇਰ ਨਾ ਲਾਈ । 1849 ਵਿਚ ਪੰਜਾਬ ਦੀ ਆਜ਼ਾਦੀ ਖੁਸਣ ਦੀ ਦੇਰ ਸੀ ਕਿ ਜਿਹੜੇ ਲੋਕ ਸਿਆਸੀ ਤੇ ਆਰਥਿਕ ਹਿੱਤਾਂ ਕਰਕੇ ਸਿੱਖ ਬਣੇ ਹੋਏ ਸਨ ਉਹ ਝਟ ਦਾੜ੍ਹੀ ਮੁੱਛ ਮੁਨਾ ਕੇ ਮੁੜਕੇ ਆਪਣੇ ਪਹਿਲੇ ਧਰਮ ਵਿਚ ਜਾ ਸ਼ਾਮਲ ਹੋਏ । ਕਈ ਵੱਡੇ ਵੱਡੇ ਸਿੱਖ ਘਰਾਣੇ ਸਿੱਖੀ ਵਲੋਂ ਮੂੰਹ ਮੋੜਨ ਲਗ ਪਏ ।" ਮਹਾਰਾਜਾ ਰਣਜੀਤ ਸਿੰਘ ਜੀ ਸ਼ੇਰੇ ਪੰਜਾਬ ਦੇ ਦਰਬਾਰੀ ਜਰਨੈਲ ਸ. ਜਵੰਦ ਸਿੰਘ ਮੁਅੱਕਲਾਂ ਵਾਲੇ ਸਰਦਾਰ ਦਾ ਸਾਰਾ ਖਾਨਦਾਨ ਹੀ ਮੁਸਲਮਾਨ ਹੋ ਗਿਆ । ਬਹਿੜ ਵਾਲੀਏ ਸਰਦਾਰਾਂ ਵਿਚੋਂ ਸਰਦਾਰ ਈਸ਼ਰ ਸਿੰਘ ਇਕ ਵੇਸਵਾ ਪਿਛੇ ਮੁਸਲਮਾਨ ਬਣ ਗਿਆ । ਕਪੂਰਥਲਾ ਸਟੇਟ ਦੇ ਸ਼ਾਹੀ ਘਰਾਣੇ ਵਿਚੋਂ ਸਰਦਾਰ ਹਰਨਾਮ ਸਿੰਘ ਈਸਾਈ ਹੋ ਗਿਆ । ਸ: ਦਿਆਲ ਸਿੰਘ ਮਜੀਠੀਆ ਸਿਖੀ ਨੂੰ ਛੱਡ ਬ੍ਰਹਮੂ ਸਮਾਜੀ ਹੋ ਗਿਆ। ਜਿਸਦੀ ਬੇਬਹਾ ਜਾਇਦਾਦ ਤੋਂ ਅੱਜ ਤੱਕ ਦਿਆਲ ਸਿੰਘ ਕਾਲਜ ਤੇ ਲਾਇਬ੍ਰੇਰੀ ਅਤੇ ਟ੍ਰਿਬਿਊਨ ਵਰਗੇ ਅਖਬਾਰ ਚਲ ਰਹੇ ਹਨ। ਇਸੇ ਤਰ੍ਹਾਂ ਵਿਰਕ ਸਿਖਾਂ ਵਿਚੋਂ ਭਿਖੀ (ਸ਼ੇਖੂਪੁਰਾ) ਦੇ ਸ: ਮੰਗਲ ਸਿੰਘ ਤੇ ਬਾਹੜ

---

26. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, ਸਫੇ, 20-21.
27. ਡਾ: ਮਾਨ ਸਿੰਘ ਨਿਰੰਕਾਰੀ, ਸਿੰਘ ਸਭਾ ਲਹਿਰ ਦਾ ਪਿਛੋਕੜ, ਸਪਤਾਹਕ ਕੌਮੀ ਏਕਤਾ, 26 ਮਾਰਚ, 1973 ਸਫ਼ਾ 2.
28. ਭਾਈ ਜੋਧ ਸਿੰਘ, ਭਾਈ ਵੀਰ ਸਿੰਘ ਜੀਵਨ, ਸਮਾਂ ਤੇ ਰਚਨਾ ਸਫ਼ਾ, 41.
29. ਡਾ: ਫੌਜਾ ਸਿੰਘ, ਸਿੰਘ ਸਭਾ ਲਹਿਰ ਦਾ ਇਤਿਹਾਸਕ ਪਿਛੋਕੜ, ਸਿੰਘ ਸਭਾ ਪੱਤ੍ਰਿਕਾ, ਅੰਮ੍ਰਿਤਸਰ, ਪਟਿਆਲਾ-ਸੈਮੀਨਾਰ ਅੰਕ, ਜਨਵਰੀ, 1974, ਸਫਾ 22.

ਦਾ ਸ੍ਰ: ਚੜ੍ਹਤ ਸਿੰਘ ਜੋ ਸੈਂਕੜੇ ਘੁਮਾਵਾਂ ਦੇ ਮਾਲਕ ਸਨ ਮੁਸਲਮਾਨੀ ਔਰਤਾਂ ਪਿਛੇ ਸਿੱਖੀ ਨੂੰ ਤਿਆਗ ਗਏ[30]।" ਪੁਜਾਰੀ ਗੁਰਦੁਆਰਿਆਂ ਦੇ ਨਾਂ ਲੱਗੀਆਂ ਜ਼ਮੀਨਾਂ ਦੇ ਆਪ ਮਾਲਕ ਬਣ ਬੈਠੇ ਤੇ ਆਪਣੇ ਹਿੰਦੂ ਸ਼ਰਧਾਲੂਆਂ ਨੂੰ ਖੁਸ਼ ਕਰਨ ਤੇ ਉਨ੍ਹਾਂ ਤੋਂ ਵਸੂਲ ਹੋਣ ਵਾਲੇ ਚੜ੍ਹਾਵੇ ਦੇ ਲਾਲਚ ਵਜੋਂ ਗੁਰਦੁਆਰਿਆਂ ਵਿਚ ਮੂਰਤੀਆਂ ਰਖਣੀਆਂ ਸ਼ੁਰੂ ਕਰ ਦਿਤੀਆਂ । ਅਜਿਹਾ ਕਰਨਾ ਸਿੱਖੀ ਸਿਧਾਂਤ ਦੇ ਵਿਰੁਧ ਸੀ ।

" ਸਿੱਖੀ ਉਨ੍ਹਾਂ ਚਿਰ ਹੀ ਪਵਿੱਤ੍ਰ ਰਹੀ ਜਿੰਨਾਂ ਚਿਰ ਇਹ ਸ਼ਹੀਦਾਂ ਦੇ ਵਗ ਰਹੇ ਖ਼ੂਨ ਦੀ ਲੈ ਵਿਚ ਨ੍ਹਾਤੀ ਧੋਤੀ ਰਹੀ ।ਜਿਉਂ ਜਿਉਂ ਸਰਦਾਰੀਆਂ ਕਾਇਮ ਹੋਈਆਂ,ਰਾਜ ਅਤੇ ਐਸ਼ਵਰਯ ਬਣਿਆ ਸਿਖੀ ਦਾ ਮਿਲਗੋਭਾਪਣ ਵੀ ਨਾਲ ਹੀ ਤਰੱਕੀ ਕਰ ਗਿਆ [31]।"

ਮਿਸਲਾਂ ਦੀ ਸਰਦਾਰੀ ਕਾਇਮ ਹੋਣ ਤੋਂ ਪਹਿਲਾਂ ਵਾਲਾ ਸੱਚਾ ਤੇ ਸੁੱਚਾ ਆਚਰਣ ਮਿਸਲਾਂ ਤੇ ਉਸ ਤੋਂ ਪਿਛੋਂ ਰਣਜੀਤ ਸਿੰਘ ਦੇ ਰਾਜ ਸਮੇਂ ਇਸ ਹੱਦ ਤਕ ਡਿਗ ਗਿਆ ਕਿ ਸਿੱਖ ਸਰਦਾਰਾਂ ਤੇ ਮੁਸਲਮਾਨ ਨਵਾਬਾਂ ਵਿਚ ਕੋਈ ਫਰਕ ਨਾ ਰਹਿ ਗਿਆ ।ਉਨ੍ਹਾਂ ਵਾਂਗ ਹੀ ਸਿੱਖ ਸਰਦਾਰ ਨਸ਼ੇ ਵਿਚ ਗੁੱਟ,ਨਾਚੀਆਂ ਤੇ ਕੰਜਰੀਆਂ ਦੇ ਦਿਲਦਾਦਾ ਬਣ ਗਏ ।ਕਰਨਲ ਪੋਲੀਅਰ ਨੇ ਸਿੱਖਾਂ ਬਾਰੇ 1780 ਵਿਚ ਲਿਖਿਆ ਕਿ ' ਇਹ ਤਮਾਕੂ ਪੀਣ ਨੂੰ ਨਫਰਤ ਕਰਦੇ ਹਨ,ਕਿਸ ਕਰਕੇ ?ਮੈਂ ਕੁਝ ਕਹਿ ਨਹੀਂ ਸਕਦਾ ।ਪਰ ਸ਼ਰਾਬ ਤੇ ਭੰਗ ਦੀ ਵਰਤੋਂ ਆਮ ਕਰਦੇ ਹਨ,ਖਾਸ ਤੌਰ ਤੇ ਥਕੇਵਾਂ ਦੂਰ ਕਰਨ ਲਈ ਭੰਗ ਤਾਂ ਰੋਜ਼ ਰਾਤ ਨੂੰ ਪੀਂਦੇ ਹਨ [31-ਏ]।"

" ਰਣਜੀਤ ਸਿੰਘ ਦੇ ਦਰਬਾਰ ਵਿਚ ਮਸਤ-ਨੈਣੀਆਂ ਖ਼ੂਬਸੂਰਤ ਕਸ਼ਮੀਰਣਾਂ ਨਾਚ ਪੇਸ਼ ਕਰਨ ਲਈ ਹਰ ਵੇਲੇ ਤਿਆਰ ਬਰ ਤਿਆਰ ਰਹਿੰਦੀਆਂ ਸਨ। 150 ਬੇਹਦ ਖ਼ੂਬਸੂਰਤ ਪੰਜਾਬਣਾ, ਈਰਾਨਣਾ ਤੇ ਕਸ਼ਮੀਰਣਾ ਸੁੰਦਰ ਪੁਸ਼ਾਕਾਂ ਵਿਚ ਸਜੀਆਂ ਹੱਥਾਂ ਵਿਚ ਤੀਰ ਕਮਾਣ ਫੜਕੇ ਘੋੜਿਆਂ ਤੇ ਸਵਾਰ ਹੋਕੇ ਉਹਦਾ ਮਨ ਪਰਚਾਇਆ ਕਰਦੀਆਂ ਸਨ [31-ਬੀ]। ਉਹਨੇ ਮਿਸ਼ਨਰੀ ਪਾਦਰੀ ਡਾਕਟਰ ਲੌਰੀ ਨੂੰ ਮੁਜਰਾ ਵੇਖਣ ਦਾ ਸੱਦਾ ਦਿਤਾ ਤੇ ਉਹਦੇ ਨਾਂਹ ਕਰਨ ਤੇ ਆਖਿਆ ਕਿ ' ਜੇ ਤੂੰ ਲਾਹੌਰ ਦੀਆਂ ਨਾਚੀਆਂ ਨਾ ਵੇਖੀਆਂ,ਤਾਂ ਤੂੰ ਵੇਖਿਆ ਕੀ [32]?" ਗੁਰੂ ਸਾਹਿਬਾਨ ਨੇ ਸਤੀ ਦੇ ਵਿਰੁਧ ਪਰਚਾਰ ਕੀਤਾ ਸੀ ਪਰ ਮਹਾਰਾਜਾ ਰਣਜੀਤ ਸਿੰਘ ਦੇ ਮਰਨ ਤੇ ਉਹਦੀਆਂ ਕੁਝ ਰਾਣੀਆਂ ਅਤੇ ਰਾਣੀ ਜਿੰਦਾਂ ਦੇ ਭਰਾ ਵਜ਼ੀਰ ਜਵਾਹਰ ਸਿੰਘ ਦੀ ਚਿਤਾ ਤੇ ਵੀ ਦੋ ਰਾਣੀਆਂ ਤੇ ਤਿੰਨ ਗੋਲੀਆਂ ਸਤੀ ਹੋਈਆਂ[33]।

---

30. ਸ. ਨਰੈਣ ਸਿੰਘ;ਅਕਾਲੀ ਮੋਰਚੇ' ਤੇ ਝੱਬਰ ਸਫ਼ਾ 4.

31. ਡਾ:ਬਲਬੀਰ ਸਿੰਘ,'ਚਰਣ ਹਰਿ'ਵਿਸਥਾਰ ਜਿਲਦ 1,ਸੈਂਚੀ 2,ਸਫਾ 21.

31-ਏ. Colonel Polier, The Siques, The Panjab Past and Present vol.IV,~~II~~,2Oct.1970, p.285.

31-ਬੀ. M.L.Gragor, The History of the Panjab,vol.II, p.182.

32. C.H.Loelin, Some Christian leaders in the Punjab, Punjab History Conference, Nov.12-14,1965, Punjabi University,Patiala,p.198.

33. Dr.G.S.Chhabra,An Advanced History of the Punjab,p.289.

ਸਿਖ ਧਰਮ ਵਿਚ ਛੂਤ-ਛਾਤ ਦੀ ਮਨਾਹੀ ਹੈ ਪਰ ਇਹ ਲਾਹਨਤ ਘਰਾਂ ਵਿਚ ਤਾਂ ਕੀ ਗੁਰਦੁਆਰਿਆਂ ਵਿਚ ਵੀ ਆ ਵੜੀ ।ਸਿਖ ਧਰਮ ਵਿਚ ਔਰਤ ਮਰਦ ਦੇ ਬਰਾਬਰ ਹੈ ਪਰ ਇਸ ਨੂੰ ਘਟੀਆ ਸਮਝਿਆ ਜਾਣ ਲਗਾ ।ਵੱਡਿਆਂ ਘਰਾਂ ਵਿਚ ਜੰਮਦੀ ਕੁੜੀ ਨੂੰ ਹੀ ਮਾਰ ਦਿਤਾ ਜਾਂਦਾ,ਬਾਲ ਵਿਆਹ ਹੋਣ ਲਗੇ ਤੇ ਕਈ ਬਾਲ-ਵਿਧਵਾ ਹੋਣ ਲਗ ਪਈਆਂ ।ਸਿੱਖ ਸਿਰਫ ਸ਼ਕਲ ਦੇ ਹੀ ਸਿੱਖ ਰਹਿ ਗਏ ਸਨ।' ਜੰਮਨੇ ਤੇ ਸੂਤਕ ਕਢਾਉਣੇ,ਤੇ ਮੋਏ ਦੀ ਕਿਰਿਆ ਕਰਾਉਣੀ,ਪਿੰਡ ਭਰਾਉਣੇ, ਗੰਗਾ ਫੁਲ ਪਾਉਣੇ,ਸ਼ਾਦੀਆਂ ਸਮੇਂ ਜੰਡੀ ਵਢਣੀ,ਵੇਦੀ ਗਡਣੀ,ਮੜ੍ਹੀਆਂ ਪੂਜਣੀਆਂ,ਦੇਵੀਆਂ ਦੇਵਤਿਆਂ ਦੀਆਂ ਸੁਖਨਾ ਸੁਖਣੀਆਂ,ਗੰਗਾ ਆਦਿ ਤੀਰਥ ਨਹਾਉਣੇ,ਪਿੱਤਰ ਪੂਜਨੇ ਤੇ ਸਰਾਧ ਖੁਆਉਣੇ,ਗਊ-ਬ੍ਰਾਹਮਣ ਤੇ ਗੁਗੇ ਦੀ ਪੂਜਾ,ਥਿਤ ਵਾਰ ਤੇ ਲਗਣ ਗਿਣਨੇ,ਜ਼ਾਤੀ ਭੇਦ ਅਤੇ ਇਨ੍ਹਾਂ ਤੋਂ ਉਪਜੀ ਛੂਤ ਛਾਤ ਤੇ ਦੁਵੈਤ ਆਦਿਕ ਅਜੇਹੇ ਕਰਤਵ ਸਨ ਜੋ ਸਿਖਾਂ ਨੂੰ ਗੁਰਮਤ ਵਲੋਂ ਤੋੜ ਕੇ ਮੁੜ ਨੀਵੇਂ ਦਰਜੇ ਦੇ ਹਿੰਦੂ ਪੁਣੇ ਵੱਲ ਲੈ ਜਾ ਰਹੇ ਸਨ,ਤੇ ਸਿਖੀ ਜੀਵਨ ਦਾ ਪ੍ਰਭਾਵ ਉਕੱਾ ਹੀ ਖਤਮ ਹੋ ਰਿਹਾ ਸੀ।"[34]

ਸਿੱਖਾਂ ਵਿਚ ਆ ਰਹੀ ਇਸ ਗਿਰਾਵਟ ਨੂੰ ਰੋਕਣ ਦੇ ਯਤਨ ਸਿਖ ਰਾਜ ਸਮੇਂ ਹੀ ਹੋਣੇ ਸ਼ੁਰੂ ਹੋ ਗਏ ।" ਅਠਾਰ੍ਹਵੀਂ ਸਦੀ ਦੇ ਆਖ਼ਰੀ ਸਾਲਾਂ ਵਿਚ ਜਦ ਕੁਝ ਕੁ ਸਿੱਖ ਸਰਦਾਰ ਚੋਖੇ ਸਮੇਂ ਆਪਣੇ ਦੇਸ਼,ਆਪਣੇ ਬਜ਼ੁਰਗਾਂ,ਸੰਬੰਧੀਆਂ ਤੇ ਆਪਣੇ ਆਪ ਨਾਲ ਹੁੰਦੀ ਚਲੀ ਆ ਰਹੀ ਸਖ਼ਤੀ ਦੀ ਤਾਜ਼ਾ ਯਾਦ ਦੇ ਅਸਰ ਹੇਠਾਂ ਕਾਇਮ ਹੋਈ ਹਕੂਮਤ ਤੇ ਤਾਕਤ ਦੇ ਨਸ਼ੇ ਵਿਚ ਵਾਹਿਗੁਰੂ ਅਤੇ ਗੁਰੂ ਨੂੰ ਭੁਲਦੇ ਦਿੱਸੇ ਤਾਂ ਆਮ ਸਿੱਖ ਸੰਗਤਾਂ ਵਿਚ ਇਸ ਨੂੰ ਮਹਿਸੂਸ ਕੀਤਾ ਜਾਣ ਲਗ ਪਇਆ ਤੇ ਵਿਚਾਰਵਾਨਾਂ ਵਿਚ ਇਸ ਦੀ ਚਰਚਾ ਚਲ ਪਈ ।ਇਸ ਸਮੇਂ ਕੇਵਲ ਗੁਰਦੁਆਰੇ ਅਤੇ ਧਰਮਸਾਲਾਂ ਹੀ ਸੰਗਤ-ਅਸਥਾਨ ਹੁੰਦੇ ਸਨ,ਜਿਥੇ ਕਿ ਲੋਕ ਵਿਚਾਰ-ਵਟਾਂਦਰਾ ਕਰਦੇ ਤੇ ਜ਼ਰੂਰੀ ਸੋਚਾਂ ਸੋਚਿਆ ਕਰਦੇ ਸਨ।ਧਾਰਮਿਕ ਜੀਵਨ ਵਲ ਪੈਦਾ ਹੋ ਰਹੀ ਅਰੁਚੀ ਨੂੰ ਦੇਖ ਕੇ ਥਾਉਂ ਥਾਈ ਬੈਠੇ ਕਈ ਵਾਹਿਗੁਰੂ -ਨਾਮ-ਆਧਾਰੀ ਮਹਾਂ ਪੁਰਖ ਸੰਤਾਂ ਨੇ ਗੁਰਸਿੱਖੀ ਜੀਵਨ ਨੂੰ ਸੁਰਜੀਤ ਰਖਣ ਲਈ ਸੁਭਾਵਕ ਹੀ ਇਸ ਨਵੀਂ ਅਸਿੱਖ ਰੌਂਦੀ ਮਿੱਠੀ ਮਿੱਠੀ ਨਿਖੇਧੀ ਨਾਲ ਇਸ ਦੇ ਮੰਦੇ ਅਸਰਾਂ ਨੂੰ ਪਰ੍ਹੇ ਰਖਣ ਲਈ ਯਤਨ ਅਰੰਭੇ,ਅਤੇ ਲੋਕਾਂ ਨੂੰ ਸਿੱਖੀ ਜੀਵਨ ਵਲ ਜ਼ਰਾ ਕੁ ਜ਼ਿਆਦਾ ਉਤਸ਼ਾਹ ਨਾਲ ਪ੍ਰੇਰਨਾ ਸ਼ੁਰੂ ਕੀਤਾ ,ਤਾਂ ਕਿ ਉਨ੍ਹਾਂ ਦੀ ਰੁਚੀ ਸਿੱਖੀ ਆਦਰਸ਼ ਵਲ ਝੁਕਦੀ ਜਾਏ ਅਤੇ ਸਿੱਖ ਸਰਦਾਰ ਆਪਣੇ ਦੇਸ ਦੀ ਪੂਰਵਾਧਿਕਾਰੀ ਮੁਗ਼ਲ ਤੇ ਪਠਾਣ ਹਾਕਮਾਂ ਦੀ ਤਰ੍ਹਾਂ ਪਰਜਾ-ਪਾੜਕ ਬਘਿਆੜਾਂ ਦੀ ਥਾਂ ਪਰਜਾ-ਪਾਲਕ ਜਥੇਦਾਰ ਬਣਨ ।

ਅਨੰਦਪੁਰ ਵਿਚ ਬਾਬਾ ਨੈਣਾ ਸਿੰਘ ਨਿਹੰਗ ਜਿਨ੍ਹਾਂ ਦੇ ਅਨੁਸਾਰੀ ਬਾਬਾ ਫੂਲਾ ਸਿੰਘ ਨਿਹੰਗ-ਹੋਏ,ਮਾਝੇ ਵਿਚ ਡੇਰਾ ਬਾਬਾ ਬੰਦਾ ਸਿੰਘ (ਰਿਆਸਤ ਜੰਮੂ) ਦੇ ਮਹੰਤ ਬਾਬਾ ਜੁਝਾਰ ਸਿੰਘ ਨੇ

34. ਸ. ਨਰੈਣ ਸਿੰਘ,ਅਕਾਲੀ ਮੋਰਚੇ ਤੇ ਝੱਬਰ,ਸਫ਼ਾ 3-4.

ਲੋਕਾਂ ਨੂੰ ਸਿੱਖੀ ਵਲ ਪ੍ਰੇਰਿਤ ਕੀਤਾ ਅਤੇ ਬਾਬਾ ਸਾਹਿਬ ਸਿੰਘ ਬੇਦੀ ਦਾ ਸਿੱਖ ਸਰਦਾਰਾਂ ਅਤੇ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਉਪੱਰ ਬੜਾ ਅਸਰ ਸੀ ।ਮਾਲਵੇ ਵਿਚ ਨਿਰਮਲੇ ਸੰਤ ਸਨ,ਲਹਿੰਦੇ ਵਿਚ ਅਤਣ ਸ਼ਾਹੀ ਸੰਤਾਂ ਦਾ ਬੜਾ ਪਰਚਾਰ ਸੀ ।ਇਸੇ ਤਰ੍ਹਾਂ ਪੋਠੋਹਾਰ ਤੇ ਛੱਛ-ਹਜ਼ਾਰੇ ਦੇ ਇਲਾਕੇ ਵਿਚ ਭੀ ਸਿਖੀ ਪ੍ਰਚਾਰ ਦੀ ਰੌ ਜਾਰੀ ਹੋ ਗਈ ਸੀ ਜਿਸ ਦਾ ਇਕ ਉਘੱਾ ਕੇਂਦਰ ਹਜ਼ੂਰੋ ਵਿਚ ਸੀ ਜਿਥੇ ਕਿ ਸਾਈਂ ਸਾਹਿਬ ਭਗਤ ਜਵਾਹਰ ਮੱਲ ਦੀ ਛੋਹ ਨਾਲ ਲੋਕੀਂ ਗੁਰਸਿਖੀ ਦੇ ਮੰਡਲ ਵਲ ਖਿਚੇ ਚਲੇ ਆ ਰਹੇ ਸਨ।ਇਸੇ ਮੰਡਲ ਦੇ ਇਕ ਉਘੇਂ ਚਮਕਦੇ ਸਤਾਰੇ ਭਾਈ ਬਾਲਕ ਹੋਏ ਹਨ,ਜਿਨ੍ਹਾਂ ਦੇ ਸਮੇਂ ਉਨ੍ਹਾਂ ਦੇ ਸ਼ਰਧਾਲੂ ਜਗਿਆਸੀ ਯਾ ਅਭਿਆਸੀ ਕਰਕੇ ਪ੍ਰਸਿਧ ਹੋਏ ਅਤੇ ਜਿਨ੍ਹਾਂ ਦੇ ਅਧਾਰ ਉਤੇ ਮੌਜੂਦਾ ਨਾਮਧਾਰੀ ਯਾ ਕੂਕਾ ਫਿਰਕੇ ਦੀ ਉਸਾਰੀ ਹੋਈ ।"[35]

ਨਿਰੰਕਾਰੀ ਲਹਿਰ

" ਪਰੰਤੂ ਬ੍ਰਾਹਮਣਵਾਦ ਅਤੇ ਦੇਵੀ ਦੇਵਤਿਆਂ ਅਤੇ ਬੁੱਤ-ਪੂਜਾ ਤੋਂ ਸਿੱਖਾਂ ਨੂੰ ਹਟਾਣ ਲਈ ਪਹਿਲਾ ਜਥੇਬੰਦ ਕੰਮ ਬਾਬਾ ਦਇਆਲ ਜੀ ਨੇ ਜੋ ਨਿਰੰਕਾਰੀ ਲਹਰ ਦੇ ਮੋਢੀ ਸਨ,ਰਾਵਲਪਿੰਡੀ ਵਿਚ ਅਰੰਭਿਆ ।"[36] ਬਾਬਾ ਦਇਆਲ ਜੀ ਨੇ (1783-1855 ਈ:) ਸਿੱਖ ਧਰਮ ਚੋਂ ਕੁਰੀਤੀਆਂ ਕਢਣ ਲਈ ਨਾ ਸਿਰਫ ਜ਼ੁਬਾਨੀ ਪਰਚਾਰ ਹੀ ਕੀਤਾ ਸਗੋਂ ਅਮਲੀ ਤੌਰ ਤੇ ਵੀ ਬਹੁਤ ਕੁਝ ਕਰ ਕੇ ਦਿਖਾਇਆ । ਵਿਆਹ ਸ਼ਾਦੀਆਂ ਵਿਚੋਂ ਬ੍ਰਾਹਮਣਾਂ ਦੀ ਠੇਕੇਦਾਰੀ ਖਤਮ ਕਰਨ ਤੇ ਸ਼ਗਣਾਂ-ਅਪਸ਼ਗਣਾਂ ਦਾ ਵਹਿਮ ਦੂਰ ਕਰਨ ਲਈ ਉਨ੍ਹਾਂ ਆਪਣਾ ਵਿਆਹ ਰਾਵਲਪਿੰਡੀ ਗੁਰਦੁਆਰੇ ਵਿਚ ਕੇਵਲ ਸ਼ਬਦ ਕੀਰਤਨ ਤੇ ਅਰਦਾਸ ਕਰਕੇ ਮਾਰਚ (ਚੇਤ) 1808 ਈ: ਵਿਚ ਕੀਤਾ।[37] ਇਨ੍ਹਾਂ ਦੇ ਪੂਰਨਿਆਂ ਤੇ ਚਲਦਿਆਂ ਇਨ੍ਹਾਂ ਦੇ ਸਪੁੱਤਰ ਬਾਬਾ ਦਰਬਾਰਾ ਸਿੰਘ (1814-1870)ਈ: ਜੀ ਨੇ ਗੁਰਮਰਯਾਦਾ ਅਨੁਸਾਰ ਵਿਆਹ ਦੀ ਰੀਤ ਨੂੰ ਹੋਰ ਪੂਰਨ ਸ਼ਕਲ ਦਿਤੀ ।13 ਮਾਰਚ,1855 (1 ਚੇਤ 1911 ਬਿ:) ਨੂੰ ਬਾਬਾ ਦਿਆਲ ਜੀ ਨੇ ਭਾਈ ਭੋਲਾ ਸਿੰਘ ਸਪੁੱਤਰ ਨਿਹਾਲ ਸਿੰਘ ਤੇ ਨਿਹਾਲੀ ਸਪੁੱਤਰੀ ਭਾਈ ਵਾਹਿਗੁਰੂ ਸਿੰਘ ਦਾ ਵਿਆਹ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਚਾਰ ਫੇਰੇ ਦੁਆ ਕੇ, ਗੁਰੂ ਗ੍ਰੰਥ ਸਾਹਿਬ ਚੋਂ ਲਾਵਾਂ ਪੜ੍ਹ ਕੇ,ਅਰਦਾਸ ਕਰਕੇ ਤੇ ਕੜਾਹ ਪ੍ਰਸ਼ਾਦ ਵਰਤਾ ਕੇ ਕੀਤਾ ।ਇਤਿਹਾਸ ਵਿਚ ਇਹ ਪਹਿਲਾ ਅਨੰਦ ਵਿਆਹ ਆਖਿਆ ਜਾ ਸਕਦਾ ਹੈ।ਬਾਬਾ ਦਿਆਲ ਜੀ ਦਾ ਆਪਣਾ ਵਿਆਹ ਵੀ ਸਿੱਖ ਰੀਤੀ ਅਨੁਸਾਰ ਹੋਇਆ ਸੀ ।ਪਰ ਇਸ ਵਿਆਹ ਵਿਚ ਗੁਰੂ-

---

35. ਡਾ: ਗੰਡਾ ਸਿੰਘ ,ਕੂਕਿਆਂ ਦੀ ਵਿਥਿਆ ਸਫੇ 9-10.

36. ਭਾਈ ਜੋਧ ਸਿੰਘ,ਭਾਈ ਵੀਰ ਸਿੰਘ ਤੇ ਸਿੰਘ ਸਭਾ ਲਹਿਰ,(ਭਾਈ ਵੀਰ ਸਿੰਘ - ਜੀਵਨ,ਸਮਾਂ ਤੇ ਰਚਨਾ,(ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ),ਸਫਾ 42.

37. ਡਾ.ਗੰਡਾ ਸਿੰਘ ਇਹ ਵਿਆਹ 1819 ਈ:ਤੇ ਡਾ:ਮਾਨ ਸਿੰਘ ਨਿਰੰਕਾਰੀ 1808 ਈ: ਵ੍ਰਿਚ ਹੋਇਆ ਲਿਖਦੇ ਹਨ।ਦੇਖੋ ਭਾ:ਜੋਧ ਸਿੰਘ ਅਭਿਨੰਦਨ ਗ੍ਰੰਥ(ਪੰਜਾਬ)ਸਫਾ 90 ਅਤੇ ਸਪਤਾਹਕ ਕੌਮੀ ਏਕਤਾ ਤੇ The Punjab: Past & Present Vol VII Part I Apr 1973 ਸਫੇ ਕ੍ਰਮ ਅਨੁਸਾ 91 ਤੇ 3.

ਗ੍ਰੰਥ ਸਾਹਿਬ ਦੇ ਦੁਆਲੇ ਫੇਰੇ ਲੈਣਾ ਵੀ ਸ਼ਾਮਲ ਕੀਤਾ ਗਿਆ ।ਇਨ੍ਹਾਂ ਨੂੰ ਅਕਾਲਤਖਤ ਦੀ ਹਜ਼ੂਰੀ ਵਿਚ ਅਨੰਦ ਵਿਆਹ ਕਰਨ ਦੀ ਆਗਿਆ ਦਰਬਾਰ ਸਾਹਿਬ ਤੇ ਅਕਾਲ ਤਖਤ ਦੇ ਗ੍ਰੰਥੀਆਂ ਤੇ ਜਥੇਦਾਰਾਂ ਨੇ ਨਾ ਦਿਤੀ ਜਿਸ ਕਰਕੇ ਅੰਮ੍ਰਿਤਸਰ ਵਿਚ ਠਾਕਰ ਦਿਆਲ ਸਿੰਘ ਦੇ ਡੇਰੇ 17 ਅਪਰੈਲ, 1861 ਈ: ਨੂੰ ਭਾਈ ਬੂਟਾ ਸਿੰਘ ਤੇ ਬੀਬੀ ਕਰਮ ਦੇਵੀ ਦਾ ਅਨੰਦ ਵਿਆਹ ਕਰਨਾ ਪਿਆ । ਬਾਬਾ ਦਰਬਾਰਾ ਸਿੰਘ ਜੀ ਨੇ ਬਾਬਾ ਰਾਮ ਸਿੰਘ ਨਾਮਧਾਰੀ ਨੂੰ ਵੀ ਅਨੰਦ-ਵਿਆਹ ਲਈ ਪ੍ਰੇਰਿਆ। " ਸਾਹਿਬ ਰੱਤਾ ਜੀ ਨੇ ਸੈਂਕੜੇ ਅਨੰਦ-ਵਿਆਹ ਸਹਿਜਧਾਰੀ ਅਤੇ ਕੇਸਾ ਧਾਰੀ ਸਿੱਖਾਂ ਵਿਚ ਕਰਵਾਏ।[38] ਇਨ੍ਹਾਂ ਨੇ ਹੀ ਅਨੰਦ-ਵਿਆਹ ਨੂੰ ਕਾਨੂੰਨੀ ਸ਼ਕਲ ਦੁਆਉਣ ਲਈ ਮਹਾਰਾਜਾ ਹੀਰਾ ਸਿੰਘ ਨਾਭਾ ਤੇ ਟਿਕਾ ਰਿਪਦੁਮਨ ਸਿੰਘ ਨੂੰ ਪ੍ਰੇਰਿਆ ਤਾਂ ਜੋ ਅਨੰਦ ਵਿਆਹ ਕਰਾਉਣ ਵਾਲਿਆਂ ਦੀ ਉਲਾਦ ਲਈ ਆਰੀਆ ਸਮਾਜੀ ਤੇ ਸਨਾਤਨੀ ਕੋੜੇ ਸ਼ਬਦਾਂ ਦੀ ਵਰਤੋਂ ਕਰਨੋਂ ਬਾਜ਼ ਆਉਣ ।

ਉਨ੍ਹਾਂ ਦਿਨਾਂ ਵਿਚ ਆਮ ਲੋਕਾਂ ਦਾ ਤਾਂ ਕਹਿਣਾ ਹੀ ਕੀ,ਸਿੱਖ ਜਗਤ ਵਿਚ ਮੰਨੀਆਂ ਪਰਮੰਨੀਆਂ ਹਸਤੀਆਂ ਸੂਤਕ-ਪਾਤਕ ਦੇ ਵਹਿਮਾਂ ਵਿਚ ਫਸੀਆਂ ਹੋਈਆਂ ਸਨ। 'ਬਾਬਾ ਦਰਬਾਰਾ ਸਿੰਘ ਜੀ ਨੇ ਇਨ੍ਹਾਂ ਦੋਹਾਂ ਭਿੱਟਾਂ ਦੇ ਵਹਿਮ ਗੁਰ ਸਿੱਖਾਂ ਵਿਚੋਂ ਕਢਣ ਲਈ ਤਕੜੀ ਮੁਹਿਮ ਚਲਾਈ ।"[39] ਇਨ੍ਹਾਂ ਨੇ ਸੰਤ ਦੀਵਾਨ ਸਿੰਘ ਮੰਗਵਾਲ ਵਾਲਿਆਂ ਨੂੰ ਬਾਰਾ ਦਰੀ ਦੇ ਗੁਰਦੁਆਰੇ ਜਾਕੇ ਜੁੜੀ ਸੰਗਤ ਦੇ ਸਾਹਮਣੇ ਗੁਰੂ ਨਾਨਕ ਜੀ ਦੀ ਆਸਾ ਦੀ ਵਾਰ ਦੇ "ਜੰਮਣ ਮਰਨਾ ਹੁਕਮ ਹੈ........ "ਵਾਲੇ ਸ਼ਬਦ ਦੇ ਆਧਾਰ ਤੇ ਸ਼ਰਮਿੰਦਾ ਕੀਤਾ ਕਿ ਗੁਰਬਾਣੀ ਤਾਂ ਸਾਫ ਸ਼ਬਦਾਂ ਵਿਚ ਸੂਤਕ ਪਾਤਕ ਮੰਨਣੋਂ ਮਨ੍ਹਾਂ ਕਰਦੀ ਹੈ ਪਰ ਤੁਸੀਂ ਸੰਤ ਹੋ ਕੇ ਇਸ ਵਿਚ ਵਿਸ਼ਵਾਸ਼ ਰਖਦੇ ਹੋ ।ਸੰਤ ਦੀਵਾਨ ਸਿੰਘ ਜੀ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ ।ਉਹ ਸ਼ਰਮ ਦੇ ਮਾਰੇ ਸਿਰ ਨੀਵਾਂ ਕਰੀ ਸੁਣਦੇ ਰਹੇ । ਇਸੇ ਤਰ੍ਹਾਂ ਜਦੋਂ ਦਰਬਾਰ ਸਾਹਿਬ ਦਾ ਗ੍ਰੰਥੀ ਭਾਈ ਜੱਸਾ ਸਿੰਘ ਮੰਜੀ ਉਤੇ ਹੀ ਚਲਾਣਾ ਕਰ ਗਿਆ ਤਾਂ ਦਰਬਾਰ ਸਾਹਿਬ ਦੇ ਪੁਜਾਰੀ ਇਸ ਮੌਤ ਨੂੰ ਬੇਗਤੀ ਕਰਾਰ ਦੇਣ ਲਗੇ ।ਬਾਬਾ ਦਿਆਲ ਜੀ ਜਦੋਂ ਅਕਾਲ ਤਖਤ ਦੇ ਜੱਥੇਦਾਰ ਬਾਬਾ ਬਿਕ੍ਰਮ ਸਿੰਘ ਬੇਦੀ ਨੂੰ ਇਸ ਬਾਰੇ ਪੁਛਣ ਲਗੇ ਕਿ ਜੇ ਅੰਮ੍ਰਿਤਸਰ ਇਸ਼ਨਾਨ ਕਰਕੇ ਪ੍ਰਾਣੀ ਦੇ ਸਾਰੇ ਪਾਪ ਲਹਿ ਜਾਂਦੇ ਹਨ ਤਾਂ ਭਾਈ ਜੱਸਾ ਸਿੰਘ ਮੁਕਤ ਕਿਉਂ ਨਾ ਹੋਇਆ " ਬੇਦੀ ਸਾਹਿਬ ਕਹਿਣ ਲਗੇ ਕਿ 'ਬਾਬਾ ਜੀ ! ਤੁਸੀਂ ਕਹਿੰਦੇ ਤਾਂ ਠੀਕ ਹੋ ਪਰ ਅਸੀਂ ਸੰਸਾਰੀ ਜੀਵ ਜੂ ਹੋਏ,ਇਸ ਲਈ ਸਾਨੂੰ ਦੁਨੀਆਂ ਦਾਰਾਂ ਦੇ ਪਿਛੇ ਲੱਗਣਾ ਹੀ ਪੈਂਦਾ ਹੈ।" ਬਾਬਾ ਜੀ ਨੂੰ ਇਹ ਜਵਾਬ ਬਹੁਤ ਹੀ ਬੁਰਾ ਲਗਾ ਤੇ ਉਹ ਬੇਦੀ ਸਾਹਿਬ ਨੂੰ ਖਰੀਆਂ ਖਰੀਆਂ ਸੁਣਾ ਕੇ ਉਠ ਆਏ ।

---

38. ਡਾ:ਮਾਨ ਸਿੰਘ ਨਿਰੰਕਾਰੀ,ਸਿੰਘ ਸਭਾ ਲਹਿਰ ਦਾ ਪਿਛੋਕੜ,ਸਪਤਾਹਕ ਕੌਮੀ ਏਕਤਾ, ਨਵੀਂ ਦਿਲੀ,ਮਿਤੀ 26-3-73 ,ਸਫਾ 7.

39. ਸ਼ਮਸ਼ੇਰ ਸਿੰਘ ਅਸ਼ੋਕ,ਪੰਜਾਬ ਦੀਆਂ ਲਹਿਰਾਂ,ਸਫਾ 43.

ਬਾਬਾ ਦਰਬਾਰਾ ਸਿੰਘ ਜੀ ਨੇ 1857 ਈ: ਵਿਚ ਜਨਮ ਤੋਂ ਮਰਨ ਤਕ ਦੀਆਂ ਸਾਰੀਆਂ ਸਿੱਖ ਰੀਤੀਆਂ ਨੂੰ ਅੰਕਿਤ ਕਰਕੇ ਇਸ ਨੂੰ ਹੁਕਮਨਾਮੇ ਦਾ ਨਾਂ ਦਿੱਤਾ ।

ਲੁਧਿਆਣਾ ਮਿਸ਼ਨ ਦੀ 1853 ਈ: ਦੀ ਸਾਲਾਨਾ ਰਿਪੋਰਟ ਨਿਰੰਕਾਰੀ ਲਹਿਰ ਤੇ ਕਾਫੀ ਚਾਨਣਾ ਪਾਉਂਦੀ ਹੈ :-

ਗਰਮੀਆਂ ਦੇ ਦਿਨਾਂ ਵਿਚ ਸਾਨੂੰ ਪਤਾ ਲਗਾ ਕਿ ਰਾਵਲਪਿੰਡੀ ਦੇ ਹਿੰਦੂਆਂ ਵਿਚ ਇਕ ਲਹਿਰ ਚਲੀ ਹੈ।ਇਸ ਲਹਿਰ ਵਿਚ ਸ਼ਾਮਲ ਹੋਣ ਵਾਲਿਆਂ ਦੇ ਮਨ ਸਚਾਈ ਨੂੰ ਗ੍ਰਹਿਣ ਕਰਨ ਲਈ ਬੜੇ ਤੀਬਰ ਹਨ ।ਇਸ ਵਾਸਤੇ ਇਸ ਲਹਿਰ ਦੇ ਅਨੁਯਾਈਆਂ ਨੂੰ ਮਿਲਣ ਵਾਸਤੇ ਸਾਡੇ ਮਨ ਵਿਚ ਉਤਸ਼ਾਹ ਪੈਦਾ ਹੋਇਆ ਤਾਂ ਜੋ ਇਸ ਲਹਿਰ ਬਾਰੇ ਕੁਝ ਹੋਰ ਵਧੇਰੇ ਜਾਣਕਾਰੀ ਸਹਿਤ ਇਨ੍ਹਾਂ ਬਾਰੇ ਜੋ ਕੁਝ ਸੁਣਿਆ ਹੈ,ਜਾਣ ਸਕੀਏ ਤੇ ਜੇਕਰ ਹੋ ਸਕੇ ਤਾਂ ਇਨ੍ਹਾਂ ਨੂੰ ਸਿਧੇ ਰਸਤੇ ਤੇ ਤੋਰਿਆ ਜਾਵੇ (ਅਰਥਾਤ ਇਨ੍ਹਾਂ ਨੂੰ ਈਸਾਈ ਮਤ ਵਲ ਪਰੇਰਿਆ ਜਾਵੇ )ਜਦੋਂ ਅਸੀਂ ਇਨ੍ਹਾਂ ਬਾਰੇ ਹੋਰ ਖੋਜ ਕੀਤੀ ਤਾਂ ਸਾਨੂੰ ਇਸ ਗੱਲ ਦਾ ਗਿਆਨ ਹੋਇਆ ਕਿ ਇਹ ਲਹਿਰ ਇਕ ਮਹਾਨ ਪੁਰਸ਼ ਦੇ ਉਦਮ ਦਾ ਹੀ ਪ੍ਰਤੀਕ੍ਰਮ ਸੀ,ਜਿਹੜਾ ਕਿ ਇਕ ਨਵਾਂ ਪੰਥ ਸਥਾਪਨ ਕਰਨ ਵਾਲਾ ਤੇ ਉਸ ਦਾ ਰਹਿਬਰ ਤੇ ਗੁਰੂ ਸੀ ।ਇਹ ਲਹਿਰ 8-9- ਸਾਲ ਤੋਂ ਚਲ ਰਹੀ ਸੀ ।

ਲੇਕਿਨ ਸਿੱਖਾਂ ਦੇ ਰਾਜ ਵਿਚ ਅੰਦਰਖਾਤੇ ਦੱਬੇ ਹੋਏ ਪ੍ਰਚਾਰ ਕਰਦੇ ਰਹੇ ।ਜਦੋਂ ਦਾ ਈਸਟ ਇੰਡੀਆ ਕੰਪਨੀ ਦਾ ਰਾਜ ਇਸ ਇਲਾਕੇ ਵਿਚ ਸਥਾਪਤ ਹੋਇਆ ਹੈ,ਇਨ੍ਹਾਂ ਨੇ ਖੁਲ੍ਹ ਕੇ ਵਿਸ਼ੇਸ਼ ਤਾਕਤ ਅਤੇ ਹਿੰਮਤ ਫੜੀ ਹੈ ਅਤੇ ਸਾਡੀਆਂ ਧਾਰਮਿਕ ਪੁਸਤਕਾਂ ਦੀ ਮਦਦ ਨਾਲ,ਇਨ੍ਹਾਂ ਨੇ ਬੁਤ ਪੂਜਾ ਦੇ ਵਿਰੁਧ ਤੇ ਹਿੰਦੂ ਧਰਮ ਦੀਆਂ ਕੁਰੀਤੀਆਂ ਦੇ ਵਿਰੁਧ ਜੋਸ਼ੀਲੀ ਲਹਿਰ ਚਲਾਈ ਹੈ। ਇਹ ਬੁਤ ਪੂਜਾ ਦੀ ਖੁਲ੍ਹੀ ਵਿਰੋਧਤਾ ਕਰਦੇ ਹਨ ਅਤੇ ਹੋਰ ਕਿਸੇ ਵੀ ਕਰਮ ਧਰਮ ਨੂੰ,ਜੋ ਕਿ ਸਿੱਖਾਂ ਤੇ ਹਿੰਦੂਆਂ ਵਿਚ ਪ੍ਰਚਲਤ ਹਨ,ਅਤੇ ਜੋ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਗੁਰੂ ਗਰੰਥ ਸਾਹਿਬ ਦੇ ਆਸ਼ੇ ਦੇ ਵਿਰੁਧ ਹਨ,ਇਹ ਬਿਲਕੁਲ ਨਹੀਂ ਮੰਨਦੇ ।ਹਿੰਦੂ ਇਸ ਗੱਲ ਦਾ ਗਿਲਾ ਕਰਦੇ ਹਨ ਕਿ ਇਹ ਗਊ ਨੂੰ ਸਤਿਕਾਰ ਨਹੀਂ ਦੇਂਦੇ ।ਇਹ ਸਿਖਰ ਤਕ ਪਹੁੰਚੀ ਹੋਈ ਬੇ-ਇਜ਼ਤੀ ਨੂੰ ਸਹਿਨ ਨਹੀਂ ਕਰਦੇ ਅਤੇ ਇਸ ਦੇ ਫਲਸਵਰੂਪ ਗਲੀ ਬਜ਼ਾਰਾਂ ਵਿਚ ਇਨ੍ਹਾਂ ਦੇ ਕਈ ਝਗੜੇ ਹੋਏ ਹਨ,ਜਿਸ ਕਾਰਨ ਦੋਹਾਂ ਧਿਰਾਂ ਦੇ ਮੁਕੱਦਮੇ ਸਿਵਲ ਅਦਾਲਤ ਵਿਚ ਚਲ ਰਹੇ ਹਨ ।ਇਹ ਆਪਣੇ ਆਪ ਨੂੰ ਨਿਰੰਕਾਰੀ ਅਖਵਾਉਂਦੇ ਹਨ ਕਿਉਂਕਿ ਇਨ੍ਹਾਂ ਦਾ ਇਸ਼ਟ ਕੋਈ ਮੂਰਤੀ ਜਾਂ ਸਰੀਰ ਨਹੀਂ,ਰੱਬ ਨੂੰ ਨਿਰੰਕਾਰ ਰੂਪ ਵਿਚ ਮੰਨਦੇ ਹਨ ।ਇਨ੍ਹਾਂ ਦੀ ਲਹਿਰ ਦਾ ਸਭ ਤੋਂ ਵੱਡਾ ਅਕੀਦਾ ਇਹ ਹੈ ਕਿ ਮੁਕਤੀ ਦਾ ਦਰਵਾਜ਼ਾ ਸਿਰਫ ਨਿਰੰਕਾਰ ਦੇ ਨਾਮ ਤੇ ਧਿਆਨ ਧਰਨ ਨਾਲ ਹੀ ਹੁੰਦਾ ਹੈ ।ਇਹ ਗੁਰੂ ਨਾਨਕ ਨੂੰ ਹੀ ਆਪਣਾ ਭਵ-ਸਾਗਰ ਤੋਂ ਪਾਰ ਕਰਨ ਵਾਲਾ ਰਹਿਬਰ ਮੰਨਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਮੁਕਤੀ ਦਾ ਦਰਵਾਜ਼ਾ ਦਸਿਆ ਹੈ ਅਤੇ ਉਸੇ ਤੇ ਹੀ ਇਹ ਯਕੀਨ ਰਖਦੇ ਹਨ।ਇਨ੍ਹਾਂ ਦੀਆਂ ਵਿਸ਼ੇਸ਼

ਦੋ ਗੱਲਾਂ ਹਨ, ਪਹਿਲੀ ਇਹ ਕਿ ਹਰ ਰੋਜ਼ ਸਵੇਰੇ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕਕੇ, ਭੇਟਾ ਚੜ੍ਹਾ ਕੇ, ਗੁਰੂ ਗਰੰਥ ਸਾਹਿਬ ਦੀ ਬਾਣੀ ਆਪਣੇ ਵਿਚੋਂ ਕਿਸੇ ਕੋਲੋਂ ਸੁਣਨਾ, ਵਿਆਖਿਆ ਇਨ੍ਹਾਂ ਦਾ ਆਗੂ ਕਰਦਾ ਹੈ। ਦੂਜੀ ਇਹ ਕਿ ਇਹ ਆਪਣੇ ਮਿਰਤਕ ਨੂੰ ਜਲਾਉਂਦੇ ਨਹੀਂ ਕਿਉਂਕਿ ਇਸ ਤਰ੍ਹਾਂ ਇਹ ਹਿੰਦੂਆਂ ਵਿਚ ਰਚਮਿਚ ਜਾਣਗੇ। ਇਹ ਮਿਰਤਕ ਨੂੰ ਦਬਦੇ ਵੀ ਨਹੀਂ ਕਿਉਂਕਿ ਇਸ ਤਰ੍ਹਾਂ ਇਹ ਈਸਾਈਆਂ ਤੇ ਮੁਸਲਮਾਨਾਂ ਵਾਂਗ ਵੀ ਜਾਪਣਗੇ। ਇਹ ਮਿਰਤਕ ਦੇ ਸਰੀਰ ਨੂੰ ਦਰਿਆ ਦੀ ਭੇਟਾ (ਜਲ ਪ੍ਰਵਾਹ) ਕਰਦੇ ਹਨ।"[40]

ਸਿੱਖਾਂ ਵਿਚ ਆ ਚੁਕੀਆਂ ਕੁਰੀਤੀਆਂ ਨੂੰ ਦੂਰ ਕਰਨ ਵਿਚ ਨਿਰੰਕਾਰੀ ਲਹਿਰ ਨੇ ਸਿੰਘ ਸਭਾ ਲਹਿਰ ਤੋਂ ਕਾਫੀ ਚਿਰ ਪਹਿਲਾਂ ਕਦਮ ਚੁਕੇ ਤੇ ਇਹਦੇ ਲਈ ਕਾਫੀ ਰਾਹ ਸਾਫ ਕੀਤਾ। ਸਿੰਘ ਸਭਾ ਲਹਿਰ ਦੇ ਸੰਚਾਲਕਾਂ ਨੇ ਨਿਰੰਕਾਰੀ ਲਹਿਰ ਤੋਂ ਬਹੁਤ ਰੋਸ਼ਨੀ ਲਈ। "ਗਿ: ਦਿੱਤ ਸਿੰਘ ਅਤੇ ਭਾਈ ਜਵਾਹਰ ਸਿੰਘ ਜੀ ਨੂੰ ਜਦੋਂ ਨਿਰੰਕਾਰੀ ਵਿਚਾਰਧਾਰਾ ਦੀ ਸੂਹ ਮਿਲੀ ਤਾਂ ਇਹ ਰਾਵਲਪਿੰਡੀ ਸ੍ਰੀ ਸਾਹਿਬ ਰੱਤਾ ਜੀ (ਨਿਰੰਕਾਰੀ ਲਹਿਰ ਦੇ ਤੀਜੇ ਸੰਚਾਲਕ) ਦੀ ਹਜ਼ੂਰੀ ਵਿਚ ਪੁਜੇ ਅਤੇ ਨਿਰੋਲ ਗੁਰਮਤਿ ਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਇਨ੍ਹਾਂ ਨੇ ਵੀ ਸਿੰਘ ਸਭਾਵਾਂ ਕਾਇਮ ਕਰਕੇ ਨਿਰੰਕਾਰੀ ਰਹੁ ਰੀਤਾਂ ਨੂੰ ਅਪਨਾ ਲਿਆ।"[41] 1895 ਈ: ਵਿਚ ਭਾਈ ਜਵਾਹਰ ਸਿੰਘ ਜੀ ਦੀ ਧੀ ਦਾ ਅਨੰਦ ਵਿਆਹ ਲਾਹੌਰ ਵਿਚ ਨਿਰੰਕਾਰੀ ਉਪਦੇਸ਼ਕ ਤੇ ਪ੍ਰਚਾਰਕ ਭਾਈ ਮੰਨਾ ਸਿੰਘ ਦੀ ਅਗਵਾਈ ਹੇਠ ਹੋਇਆ। ਸਿੰਘ ਸਭਾ ਨੇ ਉਨ੍ਹਾਂ ਸਾਰੀਆਂ ਰਹੁਰੀਤੀਆਂ ਨੂੰ ਸਿੱਖਾਂ ਵਿਚ ਪ੍ਰਚਲਤ ਕਰਨ ਦਾ ਮਹਾਨ ਬੀੜਾ ਉਠਾਇਆ ਜੋ ਕਿ ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨੇ 1857 ਈ: ਵਿਚ ਨਿਰੰਕਾਰੀ ਚਲਣ ਦੇ ਚਿੱਠੇ ਵਿਚ ਪਹਿਲਾਂ ਹੀ ਅੰਕਿਤ ਕਰ ਦਿਤੀਆਂ ਸਨ। ਸਿੰਘ ਸਭਾ ਨੇ ਗੁਰਮਤਿ ਵਿਧੀ ਦੀ ਪੁਸਤਕ ਸੰਨ 1915 ਈ: ਵਿਚ ਪ੍ਰਕਾਸ਼ਤ ਕੀਤੀ ਜਦ ਕਿ ਸ੍ਰੀ ਸਾਹਿਬ ਦਰਬਾਰਾ ਸਿੰਘ ਜੀ 58 ਸਾਲ ਪਹਿਲਾਂ ਹੀ ਹੁਕਮਨਾਮੇ ਵਿਚ ਦਰਜ ਕਰ ਗਏ ਸਨ।"[42] ਸਿੰਘ ਸਭੀਆਂ ਅਤੇ ਨਿਰੰਕਾਰੀਆਂ ਦੇ ਪਰਸਪਰ ਸਬੰਧ ਬਹੁਤ ਹੀ ਚੰਗੇ ਸਨ। ਸਾਹਿਬ ਰੱਤਾ ਜੀ ਤੇ ਸਾਹਿਬ ਗੁਰਦਿੱਤ ਸਿੰਘ ਜੀ ਸਿੰਘ ਸਭਾ ਦੇ ਬੜੇ ਸਨੇਹੀ ਸਨ। ਸਿੰਘ ਸਭਾ ਦੇ ਮੁਖੀਆਂ ਤੇ ਪ੍ਰਚਾਰਕਾਂ ਨਾਲ ਇਨ੍ਹਾਂ ਦਾ ਚੰਗਾ ਮੇਲ ਜੋਲ ਸੀ। ਚੌ: ਸਜਣ ਸਿੰਘ ਜਿਹੜੇ ਕਿ ਕਈ ਸਾਲ ਸਿੰਘ ਸਭਾ ਰਾਵਲਪਿੰਡੀ ਦੇ ਪਰਧਾਨ ਰਹੇ ਹਰ ਰੋਜ਼ ਦੋਵੇਂ ਵੇਲੇ ਨਿਰੰਕਾਰੀ ਦਰਬਾਰ ਦੀ ਹਾਜ਼ਰੀ ਭਰਿਆ ਕਰਦੇ ਸਨ। ਇਸ ਦੇ ਬਾਵਜੂਦ ਵੀ ਨਿਰੰਕਾਰੀਆਂ ਤੇ ਸਿੰਘ ਸਭੀਆਂ ਵਿਚ ਤ੍ਰੇੜ ਪੈਣੀ ਸ਼ੁਰੂ ਹੋ ਗਈ ਕਿਉਂਕਿ

---

40 ਡਾ: ਮਾਨ ਸਿੰਘ ਨਿਰੰਕਾਰੀ, ਸਿੰਘ ਸਭਾ ਦਾ ਪਿਛੋਕੜ, ਸਪਤਾਹਕ ਕੌਮੀ ਏਕਤਾ, 26 ਮਾਰਚ, 1973 ਸਫੇ 2 ਤੇ 6 ਹਵਾਲਾ The Annual Report of Lodiana Mission, Lodiana, 1853 pp 22-33.

41. ਡਾ: ਮਾਨ ਸਿੰਘ ਨਿਰੰਕਾਰੀ, ਸਿੰਘ ਸਭਾ ਲਹਿਰ ਦਾ ਪਿਛੋਕੜ, ਸਪਤਾਹਕ ਕੌਮੀ-ਏਕਤਾ, ਨਵੀਂ ਦਿੱਲੀ, 26-3-73. ਸਫ਼ਾ 7.

42. ਉਹੀ ਸਫ਼ਾ 10

" ਸਾਹਿਬ ਰੱਤਾ ਜੀ ਨੂੰ ਗੁਰੂ ਮੰਨ ਕੇ ਮਥਾ ਟੇਕਣਾ, ਚਰਨਾਮ੍ਰਿਤ ਪੀਣਾ ਤੇ ਜੋੜਿਆਂ ਨੂੰ ਮਥਾ ਟੇਕਣਾ ਸਿੰਘ ਸਭੀਏ ਗੁਰਮਤਿ ਸਿਧਾਂਤ ਦੇ ਵਿਰੁਧ ਸਮਝਦੇ ਸਨ ।"[43] " ਇਸ ਲਹਿਰ ਦੀ ਵਿਸ਼ੇਸ਼ਤਾ ਵਧੇਰੇ ਇਸ ਕਰਕੇ ਹੈ ਕਿ ਇਸ ਨੇ ਸਿੱਖਾਂ ਵਿਚ ਅਜਿਹੀਆਂ ਰਸਮਾਂ ਸ਼ੁਰੂ ਕੀਤੀਆਂ ਕਿ ਉਹ ਆਪਣੇ ਆਪ ਨੂੰ ਦੂਜਿਆਂ ਨਾਲੋਂ ਅੱਡ ਸਮਝਣ ਲਗ ਪਏ ਅਤੇ ਇਸ ਤਰ੍ਹਾਂ ਇਹਨੇ ਸਿੱਖਾਂ ਦੇ ਹਿੰਦੂਆਂ ਵਿਚ ਜਜ਼ਬ ਹੋ ਜਾਣ ਦੇ ਕਾਰਜ ਨੂੰ ਠੱਲ੍ਹ ਪਾਈ "[44] " ਨਿਰੰਕਾਰੀ ਲਹਿਰ ਨੂੰ ਸਿੰਘ ਸਭਾ ਲਹਿਰ ਦੀ ਜਨਮ ਦਾਤੀ ਆਖਿਆ ਜਾਵੇ ਤਾਂ ਕੋਈ ਬਹੁਤੀ ਵੱਡੀ ਗੱਲ ਨਹੀਂ ।"[44 ਏ]

## ਨਾਮਧਾਰੀ/ ਜਾਂ ਕੂਕਾ ਲਹਿਰ

ਦੂਸਰੀ ਲਹਿਰ ਜਿਸ ਨੇ ਸਿੱਖੀ ਵਿਲੱਖਣਤਾ ਨੂੰ ਕਾਇਮ ਰਖਣ ਦਾ ਯਤਨ ਕੀਤਾ, ਜਿਹੜੀ ਸਿੰਘ ਸਭਾ ਲਹਿਰ ਤੋਂ ਪਹਿਲਾਂ ਪੈਦਾ ਹੋਈ ਤੇ ਜਿਸ ਨੇ ਇਸ ਲਹਿਰ ਤੇ ਅਸਰ ਪਾਇਆ, ਉਹ ਨਾਮਧਾਰੀ ਜਾਂ ਕੂਕਾ ਲਹਿਰ ਸੀ ।"ਨਾਮਧਾਰੀ ਲਹਿਰ, ਜੋ ਇਤਿਹਾਸ ਵਿਚ ਕੂਕਾ ਲਹਿਰ ਦੇ ਨਾਉਂ ਨਾਲ ਪਰਸਿੱਧ ਹੈ, ਸਿੱਖਾਂ ਦੀ ਇਕ ਨਿਰੋਲ ਧਾਰਮਕ ਲਹਿਰ ਸੀ ਜਿਸ ਨੂੰ ਸੰਨ 1857 ਦੇ ਗ਼ਦਰ ਦੇ ਡਰੇ ਹੋਏ ਕੁਝ ਅੰਗਰੇਜ਼ ਅਫਸਰਾਂ ਨੇ ਰਾਜਸੀ ਅਤੇ ਬਾਗ਼ੀ ਅੰਦੋਲਨ ਕਹਿ ਕੇ ਭੰਡਿਆ ਅਤੇ ਇਸ ਤਰ੍ਹਾਂ ਸ਼ੱਕ ਦਾ ਸ਼ਿਕਾਰ ਬਣਾ ਕੇ ਕਈ ਭੋਲੇ ਭਾਲੇ ਸਿਖਾਂ ਨੂੰ ਤੋਪਾਂ ਨਾਲ ਉਡਾ ਦਿਤਾ ਅਤੇ ਇਨ੍ਹਾਂ ਦੇ ਬੇਗੁਨਾਹ ਆਗੂ ਅਤੇ ਮੁਰੀਲਾਂ ਨੂੰ ਦੇਸ਼-ਨਿਕਾਲਾ ਦੇ ਦਿੱਤਾ ।"[45] ਪਰ ਸ. ਕਿਰਪਾਲ ਸਿੰਘ ਨਾਰੰਗ ਇਸ ਲਹਿਰ ਨੂੰ ਲੋਕ-ਜਾਗ੍ਰਤੀ ਤੇ ਕੌਮੀ ਆਜ਼ਾਦੀ ਦੀ ਲਹਿਰ ਕਹਿੰਦਾ ਹੈ :-

> " ਸੰਨ 1857 ਦੇ ਅੰਦੋਲਨ ਤੋਂ ਬਾਦ ਭਾਰਤੀ ਇਤਿਹਾਸ ਦੀ ਸਭ ਤੋਂ ਪਰਸਿੱਧ ਘਟਨਾ 'ਆਜ਼ਾਦੀ ਦੀ ਲਹਿਰ' ਹੈ ਤੇ ਇਸ ਲਹਿਰ ਵਿਚ ਪੰਜਾਬ ਦਾ ਹਿੱਸਾ ਕਿਸੇ ਵੀ ਹੋਰ ਪ੍ਰਾਂਤ ਨਾਲੋਂ ਕਿਸੇ ਪੱਖੋਂ ਘੱਟ ਨਹੀਂ ।ਇਤਿਹਾਸ ਦਾ ਖੋਜੀ ਤਾਂ ਇਹ ਵੀ ਕਹਿ ਸਕਦਾ ਹੈ ਕਿ ਲੋਕ-ਜਾਗ੍ਰਤੀ ਤੇ ਕੌਮੀ ਆਜ਼ਾਦੀ ਦੀ ਲਹਿਰ ਸਭ ਪ੍ਰਾਂਤਾਂ ਤੋਂ ਪਹਿਲਾਂ ਪੰਜਾਬ ਵਿਚ ਹੀ ਚਲੀ ਤੇ ਇਸ ਦੇ ਮੋਢੀ ਇਕ ਅਦੁਤੀ ਸੰਤ ਸਿਪਾਹੀ ਬਾਬਾ ਰਾਮ ਸਿੰਘ ਜੀ ਸਨ ।[46]

---

43 ਗਿ: ਹੀਰਾ ਸਿੰਘ ਦਰਦ, ਮੇਰੀਆਂ ਕੁਝ ਇਤਹਾਸਿਕ ਯਾਦਾਂ, ਸਫ਼ਾ 31.

44. Khushwant Singh, A History of the Sikhs, vil.II, (1839-64), p.12

44 ਏ. ਡਾ. ਮਾਨ ਸਿੰਘ ਨਿਰੰਕਾਰੀ, ਸਿੰਘ ਸਭਾ ਲਹਿਰ ਦਾ ਪਿਛੋਕੜ, ਸਪਤਾਹਕ ਕੌਮੀ ਏਕਤਾ, ਨਵੀਂ ਦਿੱਲੀ, 26-3-73 ਸਫ਼ਾ 17.

45. ਡਾ: ਗੰਡਾ ਸਿੰਘ, ਕੂਕਾ (ਨਾਮ ਧਾਰੀ)ਲਹਿਰ, ਭਾਈ ਜੋਧ ਸਿੰਘ ਅਭਿਨੰਦ ਗ੍ਰੰਥ-(ਪੰਜਾਬ) ਸਫ਼ਾ 96.

46. ਸ. ਕਿਰਪਾਲ ਸਿੰਘ ਨਾਰੰਗ, ਪੰਜਾਬ ਦੀ ਦੇਣ (ਪੰਜਾਬ ਮਹਿੰਦਰ ਸਿੰਘ ਰੰਧਾਵਾ - ਸੰਪਾਦਿਤ)ਸਫ਼ਾ 538.

ਪੰਡਤ ਜਵਾਹਰ ਲਾਲ ਨਹਿਰੂ ਵੀ ਇਸ ਨੂੰ ਆਜ਼ਾਦੀ ਦੀ ਲਹਿਰ ਕਹਿੰਦਾ ਹੈ ਤੇ ਸ. ਨਾਹਰ ਸਿੰਘ ਨੇ ਤਾਂ ਇਸ ਨੂੰ ਲੋਕ ਲਹਿਰ ਤੇ ਅੰਗਰੇਜ਼ਾਂ ਵਿਰੁਧ ਲੋਕ ਉਭਾਰ ਕਿਹਾ ਹੈ :-

" ਬਾਬਾ ਰਾਮ ਸਿੰਘ ਜੀ ਨੇ ਆਪਣੀ ਮਾਤ-ਭੂਮੀ ਨੂੰ ਸੁਤੰਤਰਤਾ ਦਿਵਾਉਣ ਲਈ ਜੋ ਮਹਾਨ ਗੌਰਵਸ਼ਾਲੀ ਪਰੀਸ਼ਰਮ ਕੀਤਾ ਉਸ ਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਵੀ ਇਨਕਾਰ ਨਹੀਂ ਕਰ ਸਕਦਾ ।ਕਾਂਗਰਸ ਨੇ ਆਪ ਦੇ ਵਿਖਾਏ ਹੋਏ ਰਸਤੇ ਨੂੰ ਅਖਤਿਆਰ ਕਰਕੇ ਹੀ ਸ਼ਾਨਦਾਰ ਕਾਮਯਾਬੀਆਂ ਪਰਾਪਤ ਕੀਤੀਆਂ ਹਨ[47] ।"

" ਕੂਕਾ ਲਹਿਰ ਬਰਤਾਨਵੀ ਰਾਜ ਵਿਰੁਧ ਲੋਕ-ਲਹਿਰਾਂ ਤੇ ਲੋਕ-ਉਭਾਰਾਂ ਵਿਚੋਂ ਇਕ ਸੀ ।ਬਿਹਾਰ ਦੇ ਤਾਨਾ ਭਗਤ,ਮੋਪਲੇ,ਸੰਥਾਲੀ,ਗੋਂਡ,ਭੀਲ,ਕੋਲ,ਨਾਗੇ,ਟੀਟੂ ਮੀਆਂ ਦੇ ਅਧੀਨ ਪੂਰਬੀ ਬੰਗਾਲ ਦੇ ਮੁਸਲਮਾਨ,ਭਰਤਪੁਰ ਦੇ ਜਾਟ,ਗੁੱਜਰ,ਰੁਹੇਲੇ,ਪਿੰਡਾਰੇ, ਹਿੰਦੁਸਤਾਨ ਦੇ ਪਠਾਣ,ਸਨਿਆਸੀ,ਸਿੰਧੀ,ਕਾਂਗੜੇ ਤੇ ਹੁਸ਼ਿਆਰਪੁਰ ਦੇ ਡੋਗਰੇ ਰਾਜਪੂਤ ਅਤੇ ਸਿੱਖ 1761 ਤੋਂ 1850 ਤਕ ਵਾਰੀ ਵਾਰੀ ਅੰਗ੍ਰੇਜ਼ੀ-ਹਿੰਦੁਸਤਾਨੀ ਫੌਜਾਂ ਨਾਲ ਬੜੀ ਬਹਾਦਰੀ ਨਾਲ ਲੜਦੇ ਰਹੇ ਹਨ।ਉਹ ਹਾਰਦੇ ਰਹੇ,ਬੇ ਰਹਿਮੀ ਨਾਲ ਕਤਲ ਹੁੰਦੇ ਤੇ ਅਧੀਨ ਹੁੰਦੇ ਰਹੇ ।ਉਨ੍ਹਾਂ ਦੇ ਲੀਡਰ ਜਾਂ ਫਾਂਸੀ ਦਿਤੇ ਗਏ,ਜਾਂ ਜਲਾਵਤਨ ਕੀਤੇ ਗਏ, ਜਾਂ ਸ਼ਾਹੀ ਕੈਦੀ ਬਣਾਕੇ ਕਿਲ੍ਹਿਆਂ ਜਾਂ ਜਿਹਲਾਂ ਵਿਚ ਮਰਦੇ ਦਮ ਤਕ ਡੱਕੇ ਰਹੇ[48] "।

ਪਰ ਇਹ ਲਹਿਰ ਨਾ ਹੀ ਨਿਰੋਲ ਰਾਜਨੀਤਕ ਤੇ ਨਾ ਹੀ ਨਿਰੋਲ ਧਾਰਮਿਕ ਸੀ,ਸਗੋਂ ਰਾਜਨੀਤਕ-ਧਾਰਮਿਕ ਸੀ ।" ਧਾਰਮਿਕ ਇਸ ਕਰਕੇ ਸੀ ਕਿ ਇਸ ਦਾ ਪ੍ਰਾਰੰਭ ਸਿੱਖ ਪੰਥ ਵਿਚੋਂ ਕੁਰੀਤੀਆਂ ਨੂੰ ਦੂਰ ਕਰਨ ਵਾਸਤੇ ਹੋਇਆ ਸੀ ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੱਚੀ ਸੁੱਚੀ ਮਰ-ਯਾਦਾ ਨੂੰ ਖਾਲਸੇ ਵਿਚ ਨਵੇਂ ਸਿਰੇ ਪ੍ਰਚਲਿਤ ਕਰਨਾ ਹੀ ਇਸ ਦਾ ਮੁੱਖ ਕਰਤੱਬ ਸੀ ।ਰਾਜਨੀਤਕ ਇਹ ਲਹਿਰ ਇਸ ਕਰਕੇ ਸੀ ਕਿ ਇਸ ਵਿਚ ਸ਼ੁਰੂ ਤੋਂ ਹੀ ਦੇਸ-ਸੇਵਾ ਦੀ ਉਮੰਗ ਸੀ ਤੇ ਇਸ ਦੇ ਮੋਢੀ ਬਾਬਾ ਰਾਮ ਸਿੰਘ ਜੀ ਨੇ ਸਿੱਖ ਰਾਜ ਨੂੰ ਅੰਗ੍ਰੇਜ਼ਾਂ ਦੇ ਹੱਥੋਂ ਖਤਮ ਹੁੰਦਿਆਂ ਦੇਖਿਆ ਸੀ। ਸਰਕਾਰ ਅੰਗ੍ਰੇਜ਼ੀ ਨੇ ਸਿੱਖਾਂ ਨਾਲ ਮਿਤ੍ਰ ਹੋਣ ਦੀ ਹੈਸੀਅਤ ਵਿਚ ਜੋ ਧ੍ਰੋਹ ਕਮਾਏ ਸਨ ਉਹ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਸਨ।ਇਸ ਲਈ ਉਨ੍ਹਾਂ ਨੇ ਇਸ ਲਹਿਰ ਨੂੰ ਚਲਾਉਣ ਲੱਗਿਆਂ ਸਰਕਾਰ ਅੰਗਰੇਜ਼ੀ ਨਾਲ ਮੁੱਢ ਤੋਂ ਹੀ ਪੂਰੀ ਪੂਰੀ ਨਾ-ਮਿਲਵਰਤਨ ਰੱਖੀ[49] ।"

ਇਸ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ (1816-1884 ਈ:) ਨੇ ਭਾਈ ਬਾਲਕ ਸਿੰਘ

---

47. ਸ. ਕਿਰਪਾਲ ਸਿੰਘ ਨਾਰੰਗ,ਪੰਜਾਬ ਦੀ ਦੇਣ(ਪੰਜਾਬ,ਮਹਿੰਦਰ ਸਿੰਘ ਰੰਧਾਵਾ ਸੰਪਾਦਿਤ) ਸਫ਼ਾ 538,(ਹਵਾਲਾ ਸਤਿਯੁਗ ਦਾ 'ਬਸੰਤ ਅੰਕ 22 ਮਾਘ,1955 )

48. S.Nahar Singh,Gooroo Ram Singh And The Kuka Sikhs,p.3.

49. ਸ਼ਮਸ਼ੇਰ ਸਿੰਘ ਅਸ਼ੋਕ,ਪੰਜਾਬ ਦੀਆਂ ਲਹਿਰਾਂ ਸਫੇ 105-6.

ਹਜ਼ੂਰੋ ਵਾਲਿਆਂ ਤੋਂ ਅੰਮ੍ਰਿਤ ਛਕਿਆ ਤੇ ਨਾਮ ਲੈ ਕੇ ਨਾਮਧਾਰੀਏ ਬਣ ਗਏ ਤੇ ਪਿਛੋਂ ਉਨ੍ਹਾਂ ਦੇ ਉਤਰ-ਅਧਿਕਾਰੀ ਬਣੇ ।ਇਹ ਹਜ਼ੂਰੋ ਤੋਂ ਆਪਣੇ ਸੀਨੇ ਵਿਚ ਗੁਰਮਤ-ਪਰਚਾਰ ਦੀ ਚਿਣਗ ਲੈ ਕੇ ਵਾਪਸ ਪਰਤੇ ।

ਇਨ੍ਹਾਂ ਨੇ ਜਦੋਂ ਇਹ ਵੇਖਿਆ ਕਿ ਸਿੱਖ ਵਹਿਮਾਂ ਭਰਮਾਂ ਵਿਚ ਫਸੇ ਜਾ ਰਹੇ ਹਨ, ਬ੍ਰਾਹਮਣਾਂ ਅਤੇ ਸਾਧਾਂ ਦੀ ਪੂਜਾ ਵਧ ਰਹੀ ਹੈ,ਸੋਢੀ,ਬੇਦੀ ਅਤੇ ਹੋਰ ਹੁਸ਼ਿਆਰ ਬੰਦੇ ਥਾਂ ਥਾਂ ਤੇ ਗੁਰੂ ਬਣੇ ਬੈਠੇ ਹਨ ਤੇ ਸਿੱਖੀ ਨੂੰ ਘੁਣ ਵਾਂਗ ਖਾ ਰਹੇ ਹਨ ਅਤੇ ਸਿੱਖੀ ਨੂੰ ਹਰ ਪਾਸਿਉਂ ਢਾਹ ਲਗ ਰਹੀ ਹੈ ਤਾਂ ਇਸ ਦੇ ਵਿਰੁਧ ਇਕ ਜ਼ਬਰਦਸਤ ਆਵਾਜ਼ ਉਠਾਈ ਤੇ ਕਿਹਾ :-

" (ਗੁਰੂ ) ਗੋਬਿੰਦ ਸਿੰਘ ਦਾ (ਪ੍ਰਵਾਣ ਕੀਤਾ ਹੋਇਆ ਆਦਿ)ਗ੍ਰੰਥ ਹੀ ਕੇਵਲ ਸਤਿ ਹੈ,ਜੋ ਧੁਰ ਕੀ ਬਾਣੀ ਹੈ ਅਤੇ ਇਹ ਸੀ ਪਵਿੱਤਰ ਬਾਣੀ ਸਭ ਤੋਂ ਉਚੀ ਹੈ।ਕੇਵਲ ਗੁਰੂ ਗੋਬਿੰਦ ਸਿੰਘ ਹੀ ਗੁਰੂ ਹੈ।ਹਰ ਪਰਾਣੀ ਬਿਨਾ ਜ਼ਾਤ ਵਰਣ ਦੇ ਲਿਹਾਜ਼ ਦੇ ਸਿੱਖੀ ਵਿਚ ਸ਼ਾਮਲ ਹੋ ਸਕਦਾ ਹੈ।ਸੋਢੀ,ਬੇਦੀ,ਮਹੰਤ,ਬਰਾਹਮਣ ਅਤੇ ਇਹੋ ਜਿਹੇ ਹੋਰ ਦੂਸਰੇ ਸਭ ਪਖੰਡੀ ਬਹੁ-ਰੂਪੀਏ ਹਨ,ਕਿਉਂਕਿ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ ਹੈ।ਦੇਵੀ-ਦੁਆਰੇ,ਸ਼ਿਵ ਦੁਆਲੇ ਅਤੇ ਮੰਦਰ ਲੁਟ ਦੇ ਸਾਧਨ ਬਣ ਗਏ ਹਨ ਜਿਨ੍ਹਾਂ ਦੀ ਮਾਨਤਾ ਅਤੇ ਯਾਤਰਾ ਘਿਰਣਾ ਯੋਗ ਹੈ।ਬੁੱਤ ਅਤੇ ਬੁੱਤ-ਪੂਜਾ ਪਰਮਾਤਮਾ ਦੀ ਨਿਰਾ-ਦਰੀ ਹੈ ਜੋ ਖਿਮਾ ਨਹੀਂ ਕੀਤੀ ਜਾਏਗੀ ।ਨਵੇਂ ਸਜੇ ਸਿੱਖ ਨੂੰ (ਗੁਰੂ )ਗੋਬਿੰਦ ਸਿੰਘ ਦੇ (ਪ੍ਰਵਾਣਿਤ ਆਦਿ)ਗ੍ਰੰਥ ਪੜ੍ਹਨ ਦੀ ਹੀ ਆਗਿਆ ਹੈ,ਹੋਰ ਕਿਸੇ ਗ੍ਰੰਥ ਦੀ ਨਹੀਂ"[50] (ਕਿੰਚੈਂਟ ਲਿਖਿਤ ਕੂਕਿਆਂ ਦੇ ਨੇਮ (1863),ਕੂਕਾ ਪੇਪਰਜ਼,1872)"

" ਮਨਮਤੀਆਂ ਜਾਂ ਅਨਮਤੀਆਂ ਦੇ ਪਾਏ ਹੋਏ ਵਹਿਮਾਂ ਦਾ ਡਰ ਸਿੱਖਾਂ ਦੇ ਦਿਲਾਂ ਵਿਚੋਂ ਕੱਢਣ ਲਈ ਬਾਬਾ ਰਾਮ ਸਿੰਘ ਜੀ ਨੇ ਹੁਕਮ ਦਿੱਤਾ :" ਮੜ੍ਹੀ ਮਸਾਣੀ ਢਾਹਿ ਕੇ ਕਰ ਦਿਓ ਮਦਾਨ।" ਸੋ ਇਸ ਹੁਕਮ ਦੇ ਮੁਤਾਬਿਕ ਕਈ ਥਾਈਂ ਪੀਰਾਂ ਫਕੀਰਾਂ ਦੀਆਂ ਕਬਰਾਂ ਤੇ ਸਮਾਧਾਂ ਢਾਹੀਆਂ ਗਈਆਂ,ਪੀਰ ਖ਼ਾਨਿਆਂ ਦੇ ਗੁੰਬਜ ਤੋੜੇ ਗਏ;ਸੀਤਲਾ ਦੇਵੀ (ਚੇਚਕ)ਦੇ ਥਾਨ ਮਿਸਮਾਰ ਕੀਤੇ ਗਏ;ਮੰਦਰਾਂ ਵਿਚੋਂ ਸ਼ਿਵ-ਲਿੰਗ ਤੇ ਨੰਦੀ ਬੈਲ ਦੇ ਬੁਤ ਭੰਨੇ ਗਏ ।"[51] ਮੜ੍ਹੀ-ਪੂਜਾ ਤੇ ਕਬਰ-ਪ੍ਰਸਤੀ ਦੇ ਅਡਿਆਂ ਨੂੰ ਤੋੜਨਾ ਤੇ ਮਾਲਵੇ ਵਿਚੋਂ ਗੁੱਗੇ ਅਤੇ ਸੁਲਤਾਨ ਦੀ ਪੂਜਾ ਵਲੋਂ ਰੋਕਣਾ,ਬਾਬਾ ਰਾਮ ਸਿੰਘ ਦੀ ਹੀ ਹਿੰਮਤ ਸੀ ।ਬਾਬਾ ਜੀ ਦੇ ਅਸਰ ਹੇਠ"ਬਹੁਤੇ ਸਿੱਖ,ਜੋ ਬ੍ਰਾਹਮਣਾਂ ਤੋਂ ਪਹਿਲਾਂ-

---

50. ਡਾ: ਗੰਡਾ ਸਿੰਘ,ਕੂਕਾ( ਨਾਮਧਾਰੀ )ਲਹਿਰ,ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ( ਪੰਜਾਬ) ਸਫ਼ੇ 99-100 .

51. ਸ਼ਮਸ਼ੇਰ ਸਿੰਘ ਅਸ਼ੋਕ,ਪੰਜਾਬ ਦੀਆਂ ਲਹਿਰਾਂ,ਸਫਾ 129.

ਹੀ ਬੇਜ਼ਾਰ ਮਨ ਤੇ ਕਰਮ ਕਾਂਡ ਦੀ ਛੱਟ ਲਾਹ ਦੇਣਾ ਚਾਹੁੰਦੇ ਸਨ, ਬੜੀ ਛੇਤੀ ਬਾਬਾ ਜੀ ਦੇ ਨਾਲ ਆ ਰਲੇ । ਕੇਵਲ ਸਿੱਖ ਹੀ ਨਹੀਂ, ਕਿਤਨੇ ਹੀ ਹਿੰਦੂ ਤੇ ਮੁਸਲਮਾਨ ਵੀ ਅਜਿਹੇ ਨਿਕਲ ਆਏ ਜੋ ਇਸ ਪ੍ਰਚਾਰ ਦੇ ਅਸਰ ਹੇਠ ਆ ਕੇ ਨਾਮਧਾਰੀਏ ਬਣ ਗਏ । ਇਸ ਤਰ੍ਹਾਂ ਬਹੁਤੇ ਨਾਮਧਾਰੀਏ ਵਧਣ ਤੇ ਨਾਮਧਾਰੀ ਲਹਿਰ ਦੀ ਡਾਢੀ ਉਨੱਤੀ ਹੋਈ[52] ।"

ਕੂਕਿਆਂ ਦੀ ਵਧ ਰਹੀ ਗਿਣਤੀ ਸਰਕਾਰ ਦੀਆਂ ਅੱਖਾਂ ਵਿਚ ਰੜਕ ਰਹੀ ਸੀ । ਕਈ ਸਰਕਾਰ ਦੇ ਹਿਤੈਸ਼ੀ ਤੇ ਕਈ ਸੁਧਾਰ ਦੇ ਵਿਰੋਧੀ ਇਨ੍ਹਾਂ ਵਿਰੁਧ ਸਰਕਾਰ ਨੂੰ ਰਿਪੋਟਾਂ ਭੇਜਣ ਲਗ ਗਏ :-

> "(ਬਾਬਾ ਰਾਮ ਸਿੰਘ )ਉਹ ਵਿਅਕਤੀ ਹੈ ਜਿਸ ਦੇ ਫਿਰਕੇ ਵਿਚ ਲੱਖ ਤੋਂ ਵਧੀਕ ਬੰਦੇ ਸ਼ਾਮਲ ਹੋ ਚੁਕੇ ਹਨ। ਇਹ ਵੇਖਣਾ ਸਰਕਾਰ ਦਾ ਆਪਣਾ ਕੰਮ ਹੈ ਕਿ ਉਹਨੂੰ ਇਸ ਵਿਅਕਤੀ ਕੋਲੋਂ ਖਤਰਾ ਤਾਂ ਨਹੀਂ ਜਿਹੜਾ ਨੀਮ ਰੱਬ ਬਣਿਆ ਫਿਰਦਾ ਹੈ ਤੇ ਲੋਕ ਉਹਦੇ ਕਦਮਾਂ ਤੇ ਸਿਰ ਰਖਦੇ ਤੇ ਉਹਦੀ ਪੂਜਾ ਕਰਦੇ ਹਨ[53]।"

ਸਰਕਾਰ ਹੋਰ ਚੌਕਸ ਹੋ ਗਈ । ਬਾਬਾ ਰਾਮ ਸਿੰਘ ਤੇ ਕੂਕਿਆਂ ਦੀ ਲਿਖਾ-ਪੜ੍ਹੀ ਫੜਨ ਤੇ ਵੀ ਸਰਕਾਰ ਦੇ ਹੱਥ ਕੁਝ ਨਾ ਲਗਾ । ਕੁਝ ਕੂਕਿਆਂ ਨੇ ਜੁਲਾਈ 1870 ਈ: ਵਿਚ ਅੰਮ੍ਰਿਤਸਰ ਦੇ ਬੁਚੜਾਂ ਉਤੇ ਹਮਲਾ ਕਰਕੇ ਚਾਰ ਮਾਰੇ ਤੇ ਤਿੰਨ ਜ਼ਖਮੀ ਕਰ ਦਿਤੇ । ਫਿਰ ਜੁਲਾਈ 1871 ਈ: ਵਿਚ ਰਾਏਕੋਟ ਦੇ ਤਿੰਨ ਬੁਚੜ ਮਾਰੇ ਤੇ ਚਾਰ ਜ਼ਖਮੀ ਕੀਤੇ । ਜਨਵਰੀ 72 ਵਿਚ ਮਲੌਦ ਵਿਚ ਇਕ ਮੁਨਸ਼ੀ ਤੇ ਇਕ ਕੋਚਵਾਨ ਅਤੇ ਮਲੇਰਕੋਟਲੇ ਵਿਚ ਇਕ ਕੋਤਵਾਲ ਤੇ ਸਤ ਸਿਪਾਹੀ ਮਾਰੇ । ਅੰਮ੍ਰਿਤਸਰ ਤੇ ਰਾਏਕੋਟ ਦੇ ਬੁਚੜਾਂ ਨੂੰ ਮਾਰਨ ਦਾ ਕਾਰਨ ਸਿਰਫ ਗਊ ਲਈ ਸਤਿਕਾਰ ਸੀ ਅਤੇ ਮਲੌਦ ਤੇ ਮਲੇਰਕੋਟਲਾ ਤੇ ਹਮਲਾ ਬੁਚੜਾਂ ਦੇ ਕਤਲ ਦੇ ਦੋਸ਼ ਵਿਚ ਫਾਂਸੀ ਲਗੇ ਕੂਕਿਆਂ ਦਾ ਬਦਲਾ ਲੈਣ ਤੇ ਰਿਆਸਤ ਚੋਂ ਹਥਿਆਰ ਇਕੱਠੇ ਕਰਨ ਲਈ ਸੀ । ਸਰਕਾਰ ਅੰਗਰੇਜ਼ੀ ਦੇ ਵਿਰੁਧ ਬਗ਼ਾਵਤ ਕਰਨ ਦਾ ਉਨ੍ਹਾਂ ਦਾ ਕੋਈ ਵਿਚਾਰ ਨਹੀਂ ਸੀ । ਪਰ ਮਿਸਟਰ ਕਾਵਨ, ਡਿਪਟੀ ਕਮਿਸ਼ਨਰ ਲੁਧਿਆਣਾ ਤੇ ਮਿਸਟਰ ਫੋਰ ਸਾਈਥ, ਕਮਿਸ਼ਨਰ ਅੰਬਾਲਾ ਨੇ 17 ਤੇ 18 ਜਨਵਰੀ ਨੂੰ ਪਕੜੇ ਗਏ 67 ਕੂਕਿਆਂ ਨੂੰ ਮਲੇਰਕੋਟਲੇ ਤੋਪਾਂ ਨਾਲ ਉਡਾ ਦਿਤਾ । ਭਾਵੇਂ ਬਾਬਾ ਰਾਮ ਸਿੰਘ ਦਾ ਇਸ ਵਿਚ ਕੋਈ ਹੱਥ ਨਹੀਂ ਸੀ ਪਰ ਉਨ੍ਹਾਂ ਨੂੰ ਵੀ ਦੇਸ-ਨਿਕਾਲੇ ਦਾ ਹੁਕਮ ਦੇਕੇ 18 ਜਨਵਰੀ 1872 ਈ: ਨੂੰ ਹੀ ਅਲਾਹਬਾਦ ਤੇ ਫਿਰ ਰੰਗੂਨ ਭੇਜ ਦਿਤਾ ਜਿਥੇ 29 ਨਵੰਬਰ 1884 ਈ: ਵਿਚ ਆਪ ਅਕਾਲ ਚਲਾਣਾ ਕਰ ਗਏ ।

---

52. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, ਸਫਾ 127.

53. Foreign Missionary, Vol.xxvi, p.67 (New York:Mission House)- Edited in Panjab Past and Present, Punjabi University, Patiala, vol.II, Part I, April, 1968, p.143.

ਮੁਨਸ਼ੀ ਕਨ੍ਹੈਯਾ ਲਾਲ ਅਲਖਧਾਰੀ ਹਜ਼ਰਤ ਯਸੂ ਮਸੀਹ ਨਾਲ ਉਨ੍ਹਾਂ ਦੀ ਤੁਲਨਾ ਦਿੰਦਾ ਹੋਇਆ ਲਿਖਦਾ ਹੈ :-

ਭਾਵੇਂ ਹਜ਼ਰਤ ਮਸੀਹ ਵਾਂ ਭਾਈ ਰਾਮ ਸਿੰਘ ਕੌਮ ਵਿਚ ਬਰਾਬਰ, ਅਰਥਾਤ ਜਾਤਿ ਦੇ ਤ੍ਰਖਾਣ ਸਨ ਪਰ ਰਾਮ ਸਿੰਘ ਕੁਝ ਪੜ੍ਹਿਆ ਹੋਇਆ ਵੀ ਸੀ ਅਤੇ ਜਾਦੂ ਬਿਆਨੀ ਰਖਦਾ ਸੀ ਕਿ ਥੋੜੇ ਜਿਹੇ ਸਮੇਂ ਵਿਚ ਹੀ ਉਸ ਨੇ ਹਜ਼ਾਰਾਂ ਔਛੀ ਕੌਮ ਦੇ ਲੋਕਾਂ ਨੂੰ ਚੇਲੇ ਬਣਾ ਲਿਆ ਸੀ, ਨਾ ਕੇਵਲ ਗਿਣਤੀ ਦੇ ਧੋਬੀਆਂ ਤੇ ਮੱਛੀਆਂ ਫੜਨ ਵਾਲਿਆਂ ਨੂੰ ਅਤੇ . . . . ਪ੍ਰਗਟ ਤੌਰ ਤੇ ਮੁਲਕਗੀਰੀ ਦਾ ਮੁਦਈ ਹੋ ਗਿਆ ਸੀ । ਹਜ਼ਰਤ ਮਸੀਹ ਨੇ ਮੂੰਹੋਂ ਜ਼ਰੂਰ ਕਿਹਾ ਸੀ ਕਿ ਮੈਂ ਯਹੂਦੀਆਂ ਦਾ ਬਾਦਸ਼ਾਹ ਹਾਂ ਅਤੇ ਖ਼ੁਦਾ ਦਾ ਬੇਟਾ, ਪਰ ਅਜੇ ਹੱਥ ਤਲਵਾਰ ਦੇ ਕਬਜ਼ੇ ਉਤੇ ਨਹੀਂ ਗਿਆ ਸੀ ਕਿ ਰੂਮ ਦੇ ਬਾਦਸ਼ਾਹ ਨੇ ਉਸ ਦੇ ਉਤੇ ਜ਼ੁਲਮ ਢਾਹ ਦਿਤਾ ।"[54] ਇਹੋ ਹਾਲ ਅੰਗਰੇਜ਼ੀ ਰਾਜ ਵਿਚ ਮਾਨ ਜੋਗ ਬਾਬਾ ਰਾਮ ਸਿੰਘ ਜੀ ਦੇ ਨਾਲ ਹੋਇਆ ।"[55] ਪੰਜਾਹ ਸਾਲ ਕੂਕਿਆਂ ਦਾ ਕੇਂਦਰ ਭੈਣੀ (ਜ਼ਿਲਾ ਲੁਧਿਆਣਾ) ਪੁਲੀਸ ਦੀ ਸਖਤ ਨਿਗਰਾਨੀ ਹੇਠ ਰਿਹਾ ਤੇ 1922 ਤਕ ਇਥੇ ਪੁਲੀਸ ਦੀ ਚੌਕੀ ਬੈਠੀ ਰਹੀ । ਬਾਬਾ ਰਾਮ ਸਿੰਘ ਜੀ ਦੇ ਦੇਸ ਨਿਕਾਲੇ ਪਿਛੋਂ ਲਹਿਰ ਤਾਂ ਚਲਦੀ ਰਹੀ ਤੇ ਅਜੇ ਵੀ ਚਲ ਰਹੀ ਹੈ ਪਰ ਸਰਕਾਰੀ ਜ਼ੁਲਮ ਕਰਕੇ ਇਸ ਦਾ ਅਸਰ ਘਟ ਗਿਆ ।

ਬਾਬਾ ਰਾਮ ਸਿੰਘ ਜੀ ਨੇ ਹੇਠ ਲਿਖੀਆਂ ਗੱਲਾਂ ਦਾ ਪਰਚਾਰ ਕਰਕੇ ਸਿੰਘ ਸਭਾ ਲਹਿਰ ਲਈ ਜ਼ਮੀਨ ਤਿਆਰ ਕੀਤੀ :-

" ਸਰਬ ਸ਼ਕਤੀਮਾਨ ਅਕਾਲ ਪੁਰਖ ਤੋਂ ਛੁਟ ਹੋਰ ਕਿਸੇ ਮਨ ਘੜਿਤ ਰੱਬ ਦੀ ਪੂਜਾ ਨਹੀਂ ਕਰਨੀ; ਚੋਰੀ ਜਾਰੀ ਦੇ ਬਦ ਕਰਮਾਂ ਤੋਂ ਦੂਰ ਰਹਿਣਾ; ਲੜਕੀ ਨਹੀਂ ਮਾਰਨੀ; ਵੱਟੇ ਦਾ ਸਾਕ ਨਹੀਂ ਕਰਨਾ; ਧੀ ਦਾ ਪੈਸਾ ਨਹੀਂ ਲੈਣਾ; ਬਾਲ-ਵਿਆਹ ਤੋਂ ਪ੍ਰਹੇਜ਼ ਕਰਨਾ; ਦਾਜ-ਦਹੇਜ਼ ਦੇਣਾ-ਲੈਣਾ ਨਹੀਂ ; ਪੰਜ ਕਕਾਰ (ਕੰਘਾ, ਕੱਛ, ਕੜਾ, ਕ੍ਰਿਪਾਨ ਤੇ ਕੇਸ) ਦੀ ਰਹਿਤ ਮਰਯਾਦਾ ਰੱਖਣੀ; ਖੰਡੇ ਦਾ ਅੰਮ੍ਰਿਤ ਛਕਣਾ ......[56]"

---

54. ਮੁਨਸ਼ੀ ਕਨ੍ਹੈਯਾ ਲਾਲ, ਕੁੱਲੀਆਤਿ ਅਲਖਧਾਰੀ (ਉਰਦੂ) ਅੰਕ ਤੀਜਾ, 1880, ਸਫ਼ਾ 439 (ਹਵਾਲਾ ਦਿਤਾ ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, ਸਫ਼ੇ 145-46.

55. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, ਸਫ਼ਾ 146.

56. ਉਹੀ ਸਫ਼ੇ 125-26.

ਭਾਵੇਂ ਨਾਮਧਾਰੀਆਂ ਤੇ ਨਿਰੰਕਾਰੀਆਂ ਵਿਚ ਕੁਝ ਸਨਾਤਨ ਧਰਮ ਦੀਆਂ ਰਸਮਾਂ ਵੀ ਆ ਸ਼ਾਮਲ ਹੋਈਆਂ ਪਰ ਇਹ ਕਹਿਣਾ ਠੀਕ ਨਹੀਂ ਕਿ 'ਨਾਮ ਧਾਰੀ ਮੱਤ ਅਤੇ ਨਿਰੰਕਾਰੀ ਮੱਤ ਆਦਿਕ ਨੇ ਜੋ ਸਿੱਖ ਸੱਜਣਾਂ ਨੇ ਹੀ ਚਲਾਏ ਸਨ, ਮੁੜ ਸਨਾਤਨ ਧਰਮਦਿਆਂ ਅਸੂਲਾਂ ਨੂੰ ਸਿਖ ਧਰਮ ਵਿੱਚ ਪਰਚੱਕ ਕਰਨ ਦਾ ਯਤਨ ਕੀਤਾ"[57]। ਕਿਉਂਕਿ ਇਨ੍ਹਾਂ ਨੇ ਸਿਖੀ ਨੂੰ ਸੁਧਾਰਨ ਵਾਲੇ ਅਜਿਹੇ ਕਾਰਜਾਂ ਦਾ ਮੁੱਢ ਬੰਨ੍ਹਿਆ ਜਿਨ੍ਹਾਂ ਵਿਚੋਂ ਕੁਝ ਸਿੰਘ ਸਭਾ ਲਹਿਰ ਤੇ ਕੁਝ ਉਸ ਤੋਂ ਪਿਛੋਂ ਅਕਾਲੀ ਲਹਿਰ ਨੇ ਸਿਰੇ ਚਾੜ੍ਹੇ ਤੇ ਕੁਝ ਅਜੇ ਵੀ ਪੂਰੇ ਹੋਣੇ ਬਾਕੀ ਹਨ ।ਤੇ ਨਾਮਧਾਰੀ ਲਹਿਰ ਨੇ ਤਾਂ ਮਹਾਨ ਦੇਸ਼ ਭਗਤਾਂ ਦੇ ਜੀਵਨ ਤੇ ਵੀ ਡਾਢਾ ਡੂੰਘਾ ਅਸਰ ਪਾਇਆ :-

> ਮੈਂ 11 ਸਾਲ 1897 ਤੋਂ 1907 ਤੀਕ ਨਾਮਧਾਰੀ ਲਹਿਰ ਦੇ ਨੇੜੇ ਰਿਹਾ ਹਾਂ।...... ਬਦੇਸ਼ੀ ਮਾਲ ਦਾ ਬਾਈਕਾਟ ਤੇ ਅੰਗਰੇਜ਼ੀ ਗੁਲਾਮੀ ਤੋਂ ਘਿਰਨਾ ਮੈਨੂੰ ਨਾਮਧਾਰੀ ਲਹਿਰ ਤੋਂ ਮਿਲੀ[58] ।

ਭਾਵੇਂ ਅੰਗਰੇਜ਼ ਸਰਕਾਰ ਨੂੰ ਕੂਕਿਆਂ ਤੇ ਜ਼ੁਲਮ ਕਰਨ ਵਾਲੇ ਅਫਸਰਾਂ ਨੂੰ ਸਜ਼ਾਵਾਂ ਦੇਣੀਆਂ ਪਈਆਂ ਪਰ ਮੁਹੰਮਦ ਲਤੀਫ਼ ਵਰਗੇ ਅੰਗਰੇਜ਼ ਰਾਜ ਭਗਤ ਇਤਿਹਾਸਕਾਰਾਂ ਨੇ ਇਸ ਵਹਿਸ਼ਿਆਨਾ ਕਤਲ ਨੂੰ ਬੜੇ ਗੋਲ ਮੋਲ ਢੰਗ ਨਾਲ ਬਿਆਨ ਕੀਤਾ ਹੈ ਤੇ ਉਨ੍ਹੇ ਕੂਕਿਆਂ ਨੂੰ ਤੋਪਾਂ ਨਾਲ ਉਡਾਣ ਦਾ ਜ਼ਿਕਰ ਤਕ ਨਹੀਂ ਕੀਤਾ :-

> " ਮਲੇਰਕੋਟਲੇ ਹਾਰ ਖਾ ਕੇ ਬੇ ਹੌਸਲਾ ਹੋਏ ਬਾਗ਼ੀ ਜੰਗਲ ਵਿਚ ਨੱਸ ਗਏ ਜਿਥੇ ਉਨ੍ਹਾਂ ਦਾ ਪਿੱਛਾ ਪਟਿਆਲਾ ਰਿਆਸਤ ਦੀ ਫ਼ੌਜ ਨੇ ਕੀਤਾ ਤੇ ਜਾਂ ਸਾਰੇ ਫੜੇ ਗਏ ਤੇ ਜਾਂ ਮਾਰੇ ਗਏ[59]

ਤੇ ਸਿੱਖ ਮਹਾਰਾਜਾ ਪਟਿਆਲਾ ਮਹਿੰਦਰ ਸਿੰਘ ਨੇ ਕੂਕਿਆਂ ਦੇ ਕਤਲ ਤੇ ਬਾਬਾ ਰਾਮ ਸਿੰਘ ਦੇ ਦੇਸ ਨਿਕਾਲੇ ਨੂੰ ਜਾਇਜ਼ ਕਰਾਰ ਦਿੰਦਿਆਂ 12 ਫਰਵਰੀ 1872 ਨੂੰ ਹਿੰਦ ਸਰਕਾਰ ਨੂੰ ਲਿਖਿਆ ਕਿ " ਜੇ ਕਰ ਬਾਗੀਆਂ ਨੂੰ ਇੰਨੀ ਜਲਦੀ ਸਜ਼ਾ ਨਾ ਦਿਤੀ ਜਾਂਦੀ ਤੇ ਜੇ ਕਰ ਰਾਮ ਸਿੰਘ ਨੂੰ ਉਹਦੇ ਸੂਬਿਆਂ ਸਮੇਤ ਫੌਰਨ ਦੇਸ ਨਿਕਾਲਾ ਨਾ ਦਿਤਾ ਜਾਂਦਾ ਤਾਂ ਇਹ ਗੜ ਬੜ ਜਲਦੀ ਨਹੀਂ ਸੀ ਦਬਾਈ ਜਾ ਸਕਣੀ ਤੇ ਅਮਨ ਕਾਇਮ ਕਰਨ ਲਈ ਬਹੁਤ ਸਾਰੀਆਂ ਜਾਨਾਂ, ਸਮਾਂ ਤੇ ਪੈਸਾ ਜ਼ਾਇਆ ਹੁੰਦਾ ।"[60] ਉਹਨੇ ਤਾਂ ਸਰਕਾਰ ਨੂੰ ਇਥੋਂ ਤਕ ਕਿਹਾ ਕਿ ਸਰਕਾਰ ਇਸ ਸਜ਼ਾ ਦੇ ਢੰਗ

---

57. ਪ੍ਰਿੰ. ਗੁਰਬਚਨ ਸਿੰਘ ਤਾਲਬ, ਅੰਗਰੇਜ਼ੀ ਤੇ ਹੋਰ ਯੋਰਪੀਨ ਬੋਲੀਆਂ ਦਾ ਪ੍ਰਭਾਵ, ਪੰਜਾਬੀ-ਦੁਨੀਆਂ, ਪਟਿਆਲਾ, ਅਪਰੈਲ ਮਈ 1955, ਸਫਾ 107.
58. ਬਾਬਾ ਸੋਹਣ ਸਿੰਘ ਭਕਨਾ, ਇਨਕਲਾਬੀ ਯੋਧਾ, ਬਾਬਾ ਰਾਮ ਸਿੰਘ ਜੀ, ਗੁਰਮਤਿ ਸਾਗਰ, ਨਵੀਂ ਦਿਲੀ, ਫਰਵਰੀ, 1968 ਸਫਾ 14.
59. Syad Muhammad Latif, History of the Panjab, p.595.
60. Nahar Singh, Gooroo Ram Singh and the Kuka Singhs, p.161.

ਨੂੰ ਮਾੜਾ ਕਹਿਕੇ ਚੰਗਾ ਨਹੀਂ ਕਰ ਰਹੀ[61]। " ਜਿਸ ਸਮੇਂ ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਜਾ ਰਿਹਾ ਸੀ ਉਸ ਵੇਲੇ ਅੰਮ੍ਰਿਤਸਰ ਵਿਚ ਮੇਜਰ ਡੇਵੀ ਨੂੰ ਇੰਗਲੈਂਡ ਜਾਣ ਲਗਿਆਂ ਸਿਖ ਸਰਦਾਰ ਵਿਦਾਇਗੀ ਸਨਮਾਨ ਦੇ ਰਹੇ ਸਨ। ਜਿਨਾਂ ਚਿਰ ਇਥੋਂ ਦੇ ਸਰਦਾਰ ਆਰਾਮ ਨਾਲ ਜ਼ਮੀਨੀ ਮਾਮਲਾ ਖਾਂਦੇ ਰਹਿੰਦੇ ਹਨ, ਉਹ ਵਫਾਦਾਰ ਰਹਿਣਗੇ; ਪੁਜਾਰੀਆਂ ਵਲੋਂ ਤਾਂ ਕੋਈ ਖਤਰਾ ਹੈ ਹੀ ਨਹੀਂ[62]।" ਦੋ ਕੁ ਮਹੀਨੇ ਪਿਛੋਂ 22 ਮਾਰਚ 1872 ਨੂੰ ਅੰਮ੍ਰਿਤਸਰ ਵਿਚ ਹੋਏ ਸ਼ਾਹੀ ਦਰਬਾਰ ਦੇ ਮੌਕੇ ਤੇ ਤਾਂ ਸਰਦਾਰਾਂ ਤੇ ਪੁਜਾਰੀਆਂ ਨੇ ਕੂਕਿਆਂ ਵਿਰੁਧ ਐਡਰੈਸ ਪੇਸ਼ ਕਰਕੇ ਆਪਣੀ ਪੁਜ਼ੀਸ਼ਨ ਬੜੀ ਚੰਗੀ ਤਰ੍ਹਾਂ ਸਾਫ ਕੀਤੀ। ਇਹ ਐਡਰੈਸ ਸ. ਦਿਆਲ ਸਿੰਘ ਮਜੀਠੀਏ ਨੇ ਪੜ੍ਹਿਆ ਤੇ ਇਸ ਉਤੇ ਦਸਖਤ ਕਰਨ ਵਾਲਿਆਂ ਵਿਚ ਸਿੰਘ ਸਭਾ ਦਾ ਮੋਢੀ ਪਰਧਾਨ ਸਰਦਾਰ ਠਾਕਰ ਸਿੰਘ ਸੰਧਾਂਵਾਲੀਆ ਵੀ ਸੀ।

" ਬਾਜ਼ੂਰ ਫੈਜ਼ ਮਾਮੂਰ ਬੰਦਗਾਨਿ ਆਲੀ ਮੁਤਆਲੀ ਖੁਦਾਵੰਦਿ ਨਿਅਮਤ ਜੁਨਾਬ ਨਵਾਬ ਲਫਟੰਟ ਗਵਰਨਰ ਬਹਾਦੁਰ ਮੁਮਾਲਿਕ ਪੰਜਾਬ ਵੁਗੈਰਹ, ਦਾਮ ਇਕਬਾਲ ਹੂ। ਪਸ ਅਜ ਤਬ-ਲੀਗ ਮੁਰਾਸਮ ਸਿਜਕਾਤਿ ਨਿਆਜ਼ ਮੰਦਾਨਾ ਕੇ ਗੁਜ਼ਾਰਿਸ਼ ਹਜ਼ੂਰ ਹੈ ਕਿ ਹਮ ਜੁਮਲਹ ਸਿੰਘਾਨ ਅੰਮ੍ਰਿਤਸਰ ਮੁਤਫਿਕ ਹੋ ਕਰ ਯਕਦਿਲੀ ਸੇ ਗੁਜ਼ਾਰਿਸ਼ ਕਰਤੇ ਹੈਂ ਕਿ ਯਹ ਜੋ ਕੌਮ ਕੂਕਾ ਚੰਦ ਅਰਸਾ ਸੇ ਮਸ਼ਹੂਰ ਹੈ ਹਮ ਸੇ ਔਰ ਉਨ ਸੇ ਕਿਸੀ ਕਿਸਮ ਕਾ ਤਅੱਲੁਕ ਯਾ ਮੁਆਫਿਕਤ ਨਹੀਂ ਬਲਕਿ ਅਕਸਰ ਅਮੂਰਾਤਿ ਮਜ਼ਹਬੀ ਮੇਂ ਹਮਾਰਾ ਉਨ ਸੇ ਬਹੁਤ ਇਖਤਲਾਫ ਹੈ। ਇਸ ਸੇ ਹਮ ਨਾ-ਖੁਸ਼ ਹੈਂ। ਹਾਲ ਮੇਂ ਜੋ ਇੰਤਜ਼ਾਮ ਇਸ ਫਿਰਕਾ ਕਾ ਸਰਕਾਰ ਜ਼ੁਲਇਕਤਦਾਰ ਕੀ ਤਰਫ ਸੇ ਹੂਆ ਹੈ ਨਿਹਾਇਤ ਮੁਨਾਸਿਬ ਔਰ ਮੁਸਤਹਸਨ ਹੈ ਔਰ ਖਸੂਸਨ ਜ਼ਿਆਦਾਤਰ ਖੁਸ਼ੀ ਇਸ ਬਾਤ ਕੀ ਹੈ ਕਿ ਐਸੇ ਇੰਤਜ਼ਾਮ ਸੇ ਆਇੰਦਾ ਕਿਸੀ ਕਾ ਐਸੀ ਹਰਕਾਤਿ ਨਾ-ਸ਼ਾਇਸਤਾ ਪਰ ਹੌਂਸਲਾ ਨਾ ਰਹੇਗਾ ਔਰ ਨਾ ਐਸੇ ਲੋਗੋਂ ਕੀ ਕਿਸੀ ਹਰਕਤਿ ਨਾਮਾਕੂਲ ਪਰ ਦੂਸਰੋਂ ਪਰ ਸੂਬਹ ਹੋ ਸਕੇਗਾ ........। ਇਲਾਵਾ ਇਸ ਕੇ ਨਾ ਸਿਰਫ ਹਮਾਰਾ ਉਨ ਕਾ ਇਖਤਲਾਫਿ ਮਜ਼ਹਬੀ ਥਾ ਬਲਕਿ ਹਮਾਰਾ ਉਨ ਕੋ ਦੁਸ਼ਮਨਿ ਜਾਨ ਕਹਿਨਾ ਚਾਹੀਏ ਕਿਉਂਕਿ ਉਨੋਂ ਨੇ ਅਪਨੇ ਖਿਆਲਾਤ ਵ ਹਰਕਾਤਿ ਬੇਜਾ ਸੇ ਹਮ ਕੋ ਭੀ ਸਰਕਾਰ ਕੀ ਨਜ਼ਰੋਂ ਮੇ ਕੁਛ ਕਾ ਕੁਛ ਠਹਿਰਾ ਦੀਆ ਥਾ ਔਰ ਜੋ ਜੋ ਹਮ ਸੇ ਕਾਰਗੁਜ਼ਾਰੀਆਂ ਹੂਈਂ ਥੀਂ ਔਰ ਜਿਨ ਕੇ ਬਾਇਸ ਸਰਕਾਰ ਹਮ ਲੋਗੋਂ ਕੋ ਅਪਨਾ ਨਿਮਕ ਹਲਾਲ ਵ ਖੈਰ ਖ਼ਵਾਹ ਸਮਝਤੀ ਥੀ ਜੈਸਾ ਕਿ ਸੰਨ 1857 ਮੇਂ, ਉਸ ਸਬ ਹਮਾਰੀ ਨਿਮਕ ਹਲਾਲੀਓਂ ਕੋ ਇਨ ਲੋਗੋਂ ਨੇ ਖਾਕ

---

61. Nahar Singh, Gooroo Ram Singh and the Kuka Sikhs, p.162.

62. ਉਹੀ 237 .(Indian Statesman, 30, January, 1872).

ਮੇਂ ਮਿਲਾ ਦੀਆ ਥਾ ।ਮਗਰ ਮਿਸਲ ਮਸ਼ਹੂਰ ਹੈ ਕਿ ਸਾਂਚ ਕੋ ਆਂਚ ਨਹੀਂ,ਸਰਕਾਰ ਦੌਲਤ ਮਦਾਰ ਪਰ ਯਹ ਰੌਸ਼ਨ ਹੋ ਗਿਆ ਹੈ ਕਿ ਜੋ ਉਨ੍ਹੋਂ ਨੇ ਕੀਆ ਹਮਾਰਾ ਉਸ ਸੇ ਕੁਛ ਵਾਸਤਾ ਵ ਤਅੱਲੁਕ ਨਾ ਥਾ ਔਰ ਹਮ ਉਨ ਕੋ ਅਪਨਾ ਹੀ ਦੁਸ਼ਮਨ ਸਮਝ ਕਰ ਸਰਕਾਰ ਕਾ ਸ਼ੁਕਰੀਆ ਅਦਾ ਕਰਤੇ ਹੈ ।ਇਸ ਇੰਤਜ਼ਾਮ ਪਰ ਜੋ ਹਾਲ ਮੇਂ ਹੂਆ ਹੈ ਔਰ ਯਹ ਹਮਾਰੀ ਐਨ ਮੁਰਾਦ ਦਿਲੀ ਥੀ ।

(ਸਹੀ) ਸਰਦਾਰ ਦਿਆਲ ਸਿੰਘ ਮਜੀਠੀਆ,ਮ: ਬਖਸ਼ੀਸ਼ ਸਿੰਘ ਸੰਧਾਂਵਾਲੀਆ, ਸ: ਅਜੀਤ ਸਿੰਘ ਅਟਾਰੀ ਵਾਲਾ,ਸ: ਜਵਾਹਰ ਸਿੰਘ ਜੁੱਫਰਵਾਲੀਆ,ਗੁਲਾਬ ਸਿੰਘ ਮੁਹਤਮਿਮ ਅਕਾਲ ਬੁੰਗਾ ਸਾਹਿਬ,ਭਾਈ ਜੱਸਾ ਸਿੰਘ,ਭਾਈ ਭਗਤ ਸਿੰਘ ਗੌਂਦੀ ਵਾਲਾ ਗ੍ਰੰਥੀ,ਭਾਈ ਗੁਲਾਬ ਸਿੰਘ ਬਾਬਾ ਡੇਹਰੇ ਵਾਲਾ ਭਾਈ ਹੀਰਾ ਸਿੰਘ ਗ੍ਰੰਥੀ ਗੌਂਦੀ ਦਰਬਾਰ ਸਾਹਿਬ,ਭਾਈ ਗੁਲਾਬ ਸਿੰਘ ਮਹੰਤ ਰਾਮ ਗੜ੍ਹ,ਸ: ਗੁਲਾਬ ਸਿੰਘ ਭਾਗੋਵਾਲੀਆ ,ਸ. ਠਾਕਰ ਸਿੰਘ ਸੰਧਾਂਵਾਲੀਆ,ਸ. ਮੰਗਲ ਸਿੰਘ ਰਾਮਗੜ੍ਹੀਆ ਸਰਬਰਾਹ ਅਮੂਰਾਤਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ।"[63]

ਇਸ ਐਡਰੈਸ ਦਾ ਜੋ ਉੱਤਰ ਲਾਟ ਸਾਹਿਬ ਨੇ ਦਿਤਾ ਉਹ ਵੀ ਪੜ੍ਹਨ ਦੇ ਕਾਬਲ ਹੈ :-

" ਸਾਹਿਬੋ । ਆਬ ਸੇ ਵਫ਼ਾਦਾਰੀ ਔਰ ਇਰਾਦਤ ਜ਼ਹੂਰ ਮੇਂ ਆਈ ਹੈ।ਮੈਂ ਆਪ ਕਾ ਦਿਲ ਸੇ ਮਸ਼ਕੂਰ ਹੂੰ ।ਮੈਂ ਫਕਤ ਚੰਦ ਕਲਮਹ ਔਰ ਜ਼ਿਆਦਾ ਇਸ ਆਰਜ਼ੂਦਾਸ਼ਤ ਕੇ ਜਵਾਬ ਮੇਂ ਕਹੂੰਗਾ ਜੋ ਆਪ ਕੇ ਮਜਮਾ ਮੇਂ ਸੇ ਉਨ੍ਹੋਂ ਨੇ ਗੁਜ਼ਾਰਿਸ਼ ਕੀ ਹੈਂ ਜੋ ਸਿੱਖ ਮਜ਼ਹਬ ਕੇ ਮੁਅਤਰਿਫ਼ ਹੈਂ ਜਿਨ ਮੇਂ ਮੈਂ ਬਾਅਜ਼ੋਂ ਕੋ ਪਹਿਚਾਨਤਾ ਹੂੰ ਕਿ ਮੇਰੇ ਬਹੁਤ ਪੁਰਾਨੇ ਜ਼ਾਤੀ ਦੋਸਤੋਂ ਮੇਂ ਸੇ ਹੈ। ਯੇ ਅਮਰ ਕਿ ਉਨ੍ਹੋਂ ਨੇ ਇਸਤਰਹ ਐਲਾਨੀਆ ਇਜ਼ਹਾਰ ਕੀਆ ਕਿ ਉਨ ਕੋ ਕੂਕੋਂ ਕੇ ਸਾਥ ਕਿਸੀ ਤਰਹ ਕਾ ਭੀ ਤਅੱਲੁਕ ਨਹੀਂ ਹੈ ਉਨਕੀ ਬਖੂਬੀ ਮਅਰੂਫਿ ਇਰਾਦਤ ਔਰ ਵਫ਼ਾਦਾਰੀ ਕੇ ਮੁਆਫਿਕ ਹੈ ਔਰ ਉਨ ਖਿਦਮਾਤ ਸੇ ਹਮ ਆਹੈਗ ਹੈ ਜੋ ਉਨ ਕੇ ਹਮ ਮਜ਼ਹਬ ਕੇ ਲੋਗੋਂ ਨੇ ਜਾਂਫਿਸ਼ਾਨੀ ਸੇ ਸਰਕਾਰ ਕੀ ਕੀਂ ਹੈ ।ਇਸ ਲਏ ਫਿਰਕਾ ਕੇ ਆਦਮੀ ਨਿਹਾਇਤ ਕਬੀਹ ਜੁਰਾਇਮ ਕੇ ਮੁਰਤਕਿਬ ਔਰ ਮੁਜਰਮ ਹੂਏ ਹੈਂ ।ਰਾਤ ਕੀ ਤਾਰੀਕੀ ਮੇਂ ਉਨ੍ਹੋਂ ਨੇ ਏਕ ਨਿਹਾਇਤ ਮੁਅੱਜ਼ਜ਼ ਔਰ ਸ਼ਰੀਫ਼ ਸਿੱਖ ਰਈਸ ਕੇ ਮਸਕਨ ਪੁਰ ਹਮਲਾ ਕੀਆ,ਉਸ ਕੇ ਫਰਜ਼ੰਦ ਕੋ ਜ਼ਖਮੀ ਕੀਆ ਔਰ ਉਸ ਕੇ ਮੁਲਾਜ਼ਮੋਂ ਕੋ ਕਤਲ ਕੀਆ,ਉਨ੍ਹੋਂ ਨੇ ਕਸਬਾ ਮਾਲੇਰਕੋਟਲਾ ਔਰ ਰਿਆਸਤ ਕੇ ਅਸਲਹ ਔਰ ਖ਼ਜਾਨਾ ਪਰ ਕਬਜ਼ਾ ਕਰਨੇ ਕਾ ਕਸਦ ਕੀਆ,ਆਦਿ '[64]

ਲਾਟ ਸਾਹਿਬ ਨੇ ਨਾ ਸਿਰਫ ਕੂਕਿਆਂ ਦੀ ਨਿੰਦਾ ਕਰਨ ਵਾਲਿਆਂ ਦੀ ਸਿਫ਼ਤ ਹੀ ਕੀਤੀ ਸਗੋਂ ਸ. ਮੰਗਲ ਸਿੰਘ ਰਾਮਗੜ੍ਹੀਏ ਨੂੰ ਅਜਿਹੇ ਸ਼ਾਨਦਾਰ ਕੰਮ ਕਰਨ ਤੇ [redacted] ਖਿਲਅਤ - ਦਿਤੀ ।ਸਿੱਖ ਸਰਦਾਰੀ ਦੀ ਲੋਕਾਂ ਨਾਲ ਗ਼ਦਾਰੀ ਤੇ ਬਰਤਾਨਵੀ ਸਾਮਰਾਜ ਨਾਲ ਵਫ਼ਾਦਾਰੀ ਦੀ ਕੇਹੀ ਸੁਹਣੀ ਮਿਸਾਲ ਹੈ ।

---

63. ਪੰਜਾਬ ਗਵਰਨਮੈਂਟ ਗਜ਼ਟ(ਸਪਲੀਮੈਂਟ)28 ਮਾਰਚ 1872 ਸਫ਼ੇ,263-64,ਹਵਾਲਾ ਦਿਤਾ ਸ਼ਮਸ਼ੇਰ ਸਿੰਘ ਅਸ਼ੋਕ,ਪੰਜਾਬ ਦੀਆਂ ਲਹਿਰਾਂ,ਸਫ਼ੇ 150-52.
64. ਉਹੀ ਸਫ਼ੇ 152-53.

## ਸਿੰਘ ਸਭਾ ਲਹਿਰ ਦਾ ਜਨਮ

" ਇਹ ਗੱਲ ਆਮ ਮਸ਼ਹੂਰ ਹੈ ਕਿ ਸੰਨ 1812 ਈਸਵੀ ਵਿਚ ਫਿਲੌਰ ਤੋਂ ਇਕ ਪੰਡਿਤ ਸ਼ੁਰਧਾ ਰਾਮ ਅੰਮ੍ਰਿਤਸਰ ਆਇਆ ।ਇਸ ਨੇ ਗੁਰੂ ਕੇ ਬਾਗ ਕਥਾ ਕੀਤੀ ।ਇਸ ਤੋਂ ਰੌਲਾ ਪੈ ਗਿਆ ।ਸ਼ੁਰਧਾ ਰਾਮ ਦੀ ਕਥਾ ਵਿਚ ਗੁਰ ਨਿੰਦਿਆ ਸੀ,ਇਸ ਨਾਲ ਸਿਖ ਬਹੁਤ ਝਗੜੇ । ਇਸ ਦੇ ਨਤੀਜੇ ਵਿਚ ਅੰਮ੍ਰਿਤਸਰ ਸਿੰਘ ਸਭਾ ਬਣੀ ਸਮਝੀ ਜਾਂਦੀ ਹੈ ।"[65] ਪੰਡਿਤ ਸ਼ੁਰਧਾ ਰਾਮ ਫਲੌਰੀ ਨੂੰ ਅੰਗਰੇਜ਼ੀ ਏਜੰਟ ਵੀ ਸਮਝਿਆ ਜਾਂਦਾ ਹੈ[66] । ਅਜ ਇਹ ਗੱਲ ਬੜੀ ਹੈਰਾਨੀ ਵਾਲੀ ਜਾਪਦੀ ਹੈ ਕਿ ਦਰਬਾਰ ਸਾਹਿਬ,ਅੰਮ੍ਰਿਤਸਰ ਦੀ ਹੱਦ ਅੰਦਰ ਕੋਈ ਵਿਅਕਤੀ ਸਿੱਖ ਗੁਰੂਆਂ ਦੀ ਸ਼ਾਨ ਵਿਚ ਭੈੜੇ ਸ਼ਬਦ ਵਰਤ ਸਕੇ,ਪਰ

> " ਦਰਬਾਰ ਸਾਹਿਬ ਉਸ ਵੇਲੇ ਸਿਖ ਪ੍ਰਚਾਰ ਦਾ ਅਸਥਾਨ ਨਹੀਂ ਸੀ ਸਾਰੇ ਮਤ ਮਤਾਂਤ੍ਰਾਂ ਦੇ ਮਿਲਨ ਦੀ ਇਕ ਸਾਂਝੀ ਜਗ੍ਹਾ ਸੀ ।ਪ੍ਰਕਰਮਾਂ ਵਿਚ ਪੁਰਾਣਾਂ ਦੀ ਕਥਾ ਇਕ ਸਾਧਾਰਣ ਫੀਚਰ ਸੀ ।ਕਵਿ ਗੁਰਮੁਖ ਸਿੰਘ ਦਾ ਉਸ ਵੇਲੇ ਦਾ ਦਰਬਾਰ ਸਾਹਿਬ ਦੀ ਉਸਤਤਿ ਵਿਚ ਰਚਿਆ ਹੋਇਆ ਸਤੋਤ੍ਰ ਏਸ ਗਲ ਦਾ ਪ੍ਰਮਾਣ ਹੈ ।ਏਸ ਤਰ੍ਹਾਂ ਦੀ ਖੁਲ੍ਹ ਬੜੇ ਫਖਰ ਨਾਲ ਬਿਆਨੀ ਗਈ ਹੈ । ਸਿਰਫ ਪੁਰਾਣਾਂ ਦੀ ਕਥਾ ਹੀ ਨਹੀਂ, ਹਰ ਸੰਪ੍ਰਦਾ ਤੇ ਹਰ ਮਤ ਤੇ ਹਰ ਖਿਆਲ ਦਾ ਆਦਮੀ ਆਪਣੀ ਹੀ ਕਿਸਮ ਦੀ ਪੂਜਾ ਪਾਠ,ਯੱਗ,ਹਵਨ ਕਰਦਾ ਸੀ ।ਏਹ ਗੱਲ ਦੀ ਏਸੇ ਦਰਬਾਰ ਸਾਹਿਬ ਦੇ ਸਤੋਤ੍ਰ ਦੇ ਪਾਠ ਤੋਂ ਸਪਸ਼ਟ ਹੁੰਦੀ ਹੈ ।
> ਏਥੇ ਹੀ ਬੱਸ ਨਹੀਂ ।ਦਰਬਾਰ ਸਾਹਿਬ ਨਾਸਤਕਾਂ ਦੇ ਪ੍ਰਚਾਰ ਦਾ ਵੀ ਅੱਡਾ ਸੀ । ਗੁਲਾਬ ਦਾਸੀਏ ? ਕਾਚੂ ਕਟੀਏ ਤੇ ਹੋਰ ਮੁਨਕਿਰ ਸਾਧੂ ਆਪਣੇ ਖਿਆਲਾਂ ਦੀ ਸੰਵਾੜ ਹਰ ਸੰਧਿਆ ਏਸ ਚੌੜੀ ਪ੍ਰਕਰਮਾਂ ਵਿਚ ਆਣ ਕੱਢਦੇ ਸਨ ।"[67]

ਇਹ ਗੱਲ ਉਸ ਸਮੇਂ ਇੰਨੀ ਆਮ ਹੋ ਚੁਕੀ ਸੀ ਕਿ ਕਈ ਤਾਂ ਇਹਨੂੰ ਵੀ ਸਿੱਖ ਗੁਰਦੁਆਰਿਆਂ ਦੀ ਸਿਫਤ ਸਮਝਦੇ ਸਨ ਜਿਥੇ ਕਿ ਸਭ ਧਰਮਾਂ ਦੇ ਲੋਕ ਆ ਕੇ ਆਪਣੀ ਆਪਣੀ ਪੂਜਾ ਕਰਦੇ,ਸਰੋਵਰ ਵਿਚ ਇਸ਼ਨਾਨ ਕਰਦੇ ਤੇ ਆਪਣੀਆਂ ਇਛਾਵਾਂ ਦੀ ਪੂਰਤੀ ਕਰਦੇ ਹਨ ।

---

65 ਡਾ: ਬਲਬੀਰ ਸਿੰਘ ;ਚਰਣ ਹਰਿ'ਵਿਸਥਾਰ,ਜਿਲਦ 1,ਸੈਂਚੀ 2, ਸਫਾ 61.

66. Dr.G.S.Chhabra,Advanced History of Punjab,p.456.

67. ਡਾ: ਬਲਬੀਰ ਸਿੰਘ ,'ਚਰਣ ਹਰਿ' ਵਿਸਥਾਰ,ਜਿਲਦ 1,ਸੈਂਚੀ 2, ਸਫੇ 61-62

" ਚਤੁਰ ਦਿਸਾਰ ਜੂਥ ਬੁੰਗਿਆਂ ਪ੍ਰਸਾਦਿ ਹੈ,ਪ੍ਰਕਾਸ਼ ਗ੍ਰੰਥ ਸਾਹਿਬੋਂ ਜੁ ਸਾਰ ਬੇਦ ਬਾਦ ਹੈ।
ਕਥਾ ਜਹਾਂ ਕਹਾਂ ਪੁਰਾਨ ਕੀ ਕਰੈਂ ਦਿਜੋ ਵਰੈਂ,ਨਮਾਮਿ ਤੀਰਥਿੰਦ੍ਰ ਪਾਵਨੰ ਸੁਧਾ ਸਰੋਵਰੰ।
ਅਨੇਕ ਜਾਪ ਤਾਪ ਦਾਨ ਮਾਨ ਨੇਮ ਕੋ ਕਰੈਂ,ਹੋਮ ਯੱਗ ਪੂਜਨੇ ਬ੍ਰਤਾਦਿ ਨੇਮ ਕੋ ਧਰੈਂ।
ਉਚਾਰ ਕੀਰਤੀ ਲਹੈਂ ਸਮੂਹ ਇੱਛਤੋ ਬਰੈਂ,ਨਮਾਮਿ ਤੀਰਥਿੰਦ੍ਰ ਪਾਵਨੰ ਸੁਧਾ ਸਰੋਵਰੰ।[68]
(ਗੁਰਮੁਖ ਸਿੰਘ )

ਸ਼ਰਧਾ ਰਾਮ ਫਲੌਰੀ ਵਾਲੀ ਘਟਨਾ ਨੂੰ ਡਾਕਟਰ ਬਲਬੀਰ ਸਿੰਘ ਨੇ ਇਉਂ ਬਿਆਨ ਕੀਤਾ ਹੈ :-

ਮੈਨੂੰ ਇਕ ਪੁਰਾਣਾ ਕਾਗਜ਼ ਦਿਖਾਇਆ ਗਿਆ ਹੈ,ਜਿਸ ਵਿਚ ਇਕ ਸੂਹੀਏ ਨੇ ਸ਼ਰਧਾ-ਰਾਮ ਫਲੌਰੀ ਦਾ ਹਾਲ ਨੋਟ ਕੀਤਾ ਦਰਜ ਹੈ :-

ਪੰਡਤ ਸ਼ਰਧਾ ਰਾਮ ਜੀ ਕੇ ਲੈਕਚਰ ਮੇਂ ਹਾਜ਼ਰੀਨ ਕੋਈ ਡੇਢ ਕੁ ਸੌ ਕੇ ਥੇ ।ਪੰਡਤ ਜੀ ਨੇ ਪਹਿਲੇ ਸ਼ਲੋਕ ਪੜ੍ਹੇ ਜੋ ਲੋਗੋਂ ਨੇ ਬਹੁਤ ਪ੍ਰੇਮ ਸੇ ਸੁਨੇ ।ਏਕ ਏਕ ਸਲੋਕ ਦੋ ਦੋ ਤੀਨ ਤੀਨ ਬਾਰ ਪੜ੍ਹਤੇ ਥੇ ।ਕੁਛ ਸ਼ਲੋਕ ਯੇਹ ਥੇ :-

ਜੋ ਭੀ ਹੈਂ ਮਤ ਸਭ ਭਲੇ ਤੋਂ ਭੀ ਯਹ ਮਤ ਧਾਰ ।

- - - - - - - - - - - - - - - - - - - -

ਇਸ ਕੇ ਬਾਦ ਪੰਡਿਤ ਜੀ ਨੇ ਜੈ ਗੰਗਾ ਮਾਈ ਪੜ੍ਹਨਾ ਸ਼ੁਰੂ ਕੀਆ,ਜਿਸਕੋ ਸਭ ਲੋਗ ਉਸ ਕੇ ਪੀਛੇ ਪੜ੍ਹਨੇ ਲਗੇ :-

ਜੈ ਗੰਗਾ ਮਾਈ ।
ਜੋ ਜਨ ਤੇਰਾ ਦਰਸ਼ਨ ਪਾਵੇ ਪਾਪ ਨ ਰਹਸੀ ਰਾਈ ।
ਜੈ ਗੰਗਾ ਮਾਈ ।
ਤਨ ਮਨ ਧਨ ਤੇ ਸਿਮਰਾਂ ਤੈਨੂੰ ਤੂੰ ਜਗ ਵਿਚ ਸੁਖਦਾਈ ।
ਜੋ ਜਨ ਤੇਰਾ ਧਿਆਨ ਕਰਤ ਹੈ ਮਿਟੇ ਪਾਪ ਕੀ ਛਾਈ ।
ਜੈ ਗੰਗਾ ਮਾਈ ।

ਉਸ ਵਕਤ ਬਾਬੇ ਸਾਹਿਬ ਕੀ ਤਰਫ ਸੇ ਢੋਲਕ ਛੈਣੇ ਬਜਾਤੇ ਹੂਏ ਤਰਨ ਤਾਰਨ ਕੇ ਜਾਟੋਂ ਦਾ ਏਕ ਗੋਹ ਆਇਆ ।ਉਨ ਕੇ ਸ਼ੋਰ ਓ ਗੁਲ ਇਤਨਾ ਊਚਾ ਥਾ ਕਿ ' ਜੈ ਗੰਗਾ ਮਾਈ' ਕੀ ਆਵਾਜ਼ ਉਸ ਮੇਂ ਸੁਨਾਈ ਨਹੀਂ ਪੜ੍ਹਤੀ ਥੀ ।ਸਾਰਾ ਗੋਹ ਬੜੇ ਜੋਸ਼ ਸੇ ਸਿਰ ਮਾਰ ਮਾਰ ਕਰ ਗਾ ਰਹਾ ਥਾ :-

---

68. ਡਾ. ਬਲਬੀਰ ਸਿੰਘ, 'ਚਰਣ ਹਰਿ' ਵਿਸਥਾਰ,ਜਿਲਦ । ਸੈਂਚੀ 2,ਸਫਾ 62.

ਠੰਢੇ ਤਲਾਉ ਦੀਆਂ ਪੱਕੀਆਂ ਪੌੜੀਆਂ,ਗੜਵਾ ਭਰ ਲਿਆ ਪਾਣੀ ਦਾ ।
ਝੰਡੇ ਫਕੀਰ ਨੇ ਕੁਛ ਨ ਦੇਖਿਆ,ਜੋਬਨ ਲੁੱਟ ਲਿਆ ਨੈਣੀ ਦਾ ।
(ਨੈਣੀ ਦੀ ਥਾਂ ਤੇ ਇਆਣੀ ਹੋ ਗਿਆ)

ਲੈਕਚਰ ਮੇਂ ਸੇ ਬਹੁਤ ਸੇ ਸਾਹਿਬ ਉਠ ਗਏ ਔਰ ਉਸ ਗ੍ਰੋਹ ਮੇਂ ਸ਼ਾਮਲ ਹੋ ਗਏ, ਸਿਰ ਮਾਰਤੇ ਹੂਏ ਔਰ ਗਾਤੇ ਹੂਏ ਸਭ ਕੇ ਸਭ ਦਰਬਾਰ ਸਾਹਿਬ ਕੀ ਪ੍ਰਕਰਮਾਂ ਮੇਂ ਘੂਮਨੇ ਲਗੇ।

ਲੈਕਚਰ ਮੇਂ ਹਾਜ਼ਰੀ ਆਧੇ ਸੇ ਭੀ ਕਮ ਹੋ ਗਈ ।ਪੰਡਿਤ ਜੀ ਨੇ ਕੁਛ ਸਾਖੀਏਂ ਏਕ ਘੰਟਾ ਭਰ ਗੁਰੂ ਨਾਨਕ ਸਾਹਿਬ ਕੀ ਸੁਣਾਈਂ ਔਰ ਕਹਾ ਕਿ ਗੁਰੂ ਸਾਹਿਬ ਜਬ ਬਾਲ ਗੋਂਦਾਈ ਸੇ ਵਾਪਸ ਆਏ ਤੋ ਲਾਲੋ ਬੜ੍ਹਈ ਕੇ ਪਾਸ ਠਹਿਰੇ ।ਉਸੀ ਜਗ੍ਹਾ ਉਨ ਕੀ ਸ਼ਾਦੀ ਉਸ ਨੇਕ ਬਖ਼ਤ ਔਰਤ ਸੇ ਹੂਈ ਜਿਨਕੋ ਮਾਤਾ ਮੰਝੋਤ ਕਹਿਤੇ ਹੈਂ ।

ਇਸ ਪਰ ਹਾਜ਼ਰੀਨ ਮੇਂ ਕੁਛ ਹੈਰਾਨਗੀ ਸੀ ਫੈਲ ਗਈ। ਏਕ ਸਾਹਿਬ ਨੇ ਕਹਾ ਕਿ ਯਹ ਬਾਤ ਠੀਕ ਨਹੀਂ ਹੈ,ਪੰਡਿਤ ਜੀ ਨੇ ਜਵਾਬ ਦੀਆ ਕਿ ਮੇਰੇ ਪਾਸ ਏਕ ਪੁਰਾਣੀ ਪੁਸਤਕ ਹੈ ਉਸ ਮੇਂ ਯਹ ਬਾਤ ਲਿਖੀ ਹੈ,ਮੈਂ ਨਹੀਂ ਜਾਨਤਾ ਹੂੰ ਕਿ ਯਹ ਠੀਕ ਹੈ ਕਿ ਗਲਤ ਹੈ ਮਗਰ ਉਸ ਮੇਂ ਯਹ ਲਿਖਾ ਹੈ ਕਿ ਮਾਤਾ ਮੰਝੋਤ ਹਯਾਤ ਖਾਂ ਮੰਝ ਦੀ ਛੋਟੀ ਲੜਕੀ ਥੀ,ਹਯਾਤ ਖਾਂ ਦੀ ਬੀਵੀ ਗੁਰੂ ਸਾਹਿਬ ਪਰ ਬਹੁਤ ਸ਼ਰਧਾ ਰਖਤੀ ਥੀ,ਉਸੀ ਨੇ ਇਸ ਰਿਸ਼ਤੇ ਕੋ ਕਾਇਮ ਕੀਆ ।

ਇਸ ਪਰ ਦੋ ਚਾਰ ਸਾਹਿਬ ਬੜੇ ਗੁੱਸੇ ਮੇਂ ਖੜੇ ਹੋ ਗਏ ਔਰ ਸਾਰੀ ਮਜਲਸ ਮੇਂ ਸ਼ੋਰ ਓ ਗੁਲ ਹੋਨੇ ਲਗਾ ਕਿ ਇਤਨੇ ਮੇਂ ਵਹੀ ਗ੍ਰੋਹ ਸਿਰ ਮਾਰਤਾ ਔਰ ਗਾਤਾ ਫਿਰ ਵਹਾਂ ਆ ਨਿਕਲਾ। ਵੁਹ ਅਭੀ ਤਕ ਵਹੀ ਗੀਤ ਗਾ ਰਹਾ ਥਾ :-

'ਠੰਢੇ ਤਲਾਉ ਦੀਆਂ ਪੱਕੀਆਂ ਪੌੜੀਆਂ ਗੜਵਾ ਭਰ ਲਿਆ ਪਾਣੀ ਦਾ ।'

ਮਜਲਸ ਕੇ ਬਾਕੀ ਲੋਗ ਭੀ ਉਸ ਗ੍ਰੋਹ ਕੇ ਸਾਥ ਸ਼ਾਮਲ ਹੋ ਗਏ ਔਰ ਬਾਬੇ ਅਟਲ ਸਾਹਿਬ ਕੀ ਤਰਫ ਚਲੇ ਗਏ ।ਸਿਰਫ ਦੋ ਸ਼ਖਸ਼ ਵਹਾਂ ਰਹਿ ਗਏ : ਏਕ ਪੰਡਿਤ ਸ਼ਰਧਾ ਰਾਮ ਜੀ ਫਲੌਰੀ ਔਰ ਦੂਸਰੇ ਭਾਈ ਹਰਸਾ ਸਿੰਘ ਹਕੀਮ ।ਜੋ ਆਪਸ ਮੇਂ ਕੁਛ ਦੇਰ ਤਕ ਗੁਫਤ ਗੂ ਕਰਤੇ ਰਹੇ ।"[69]

ਉਸ ਦਾ ਸਿਖਾਂ ਦੇ ਮੰਦਰ ਵਿਚ ਸਿਖਾਂ ਦੇ ਬਰਖਿਲਾਫ ਕਹਿਣਾ ਅਰ ਸਰੋਤਿਆਂ ਦਾ ਸੁਣਨਾ ਤੇ ਕਿਸੇ ਦਾ ਨਾ ਰੋਕਣਾ ਇਕ ਅਚਰਜ ਨਜ਼ਾਰਾ ਸੀ ।ਕਿਸੇ ਪਾਸੇ ਤੋਂ ਕੋਈ ਆਵਾਜ਼ ਪੈਦਾ ਨਾ ਹੋਈ ਅਰ ਪੰਡਤ ਜੀ ਛਾਤੀ ਤੇ ਬੈਠ ਕੇ ਮੂੰਗ ਦਲਦੇ ਰਹੇ ।

---

69. ਡਾ. ਬਲਬੀਰ ਸਿੰਘ ,'ਚਰਣ ਹਰਿ' ਵਿਸਥਾਰ,ਜਿਲਦ 1,ਸੈਂਚੀ 2 ਸਫੇ 63,64

ਜਦ ਇਸ ਪ੍ਰਚਾਰ ਦਾ ਅਸਰ ਸਿਖ ਨੌਜਵਾਨਾਂ ਤੇ ਫਲ ਲਿਆਉਣ ਲਗਾ ਤਾਂ ਹੋਸ਼ ਆਈ ਤੇ ਕੁਝ ਮਿਤ੍ਰਾਂ ਰਲ ਕੇ ਪੰਡਤ ਜੀ ਦੇ ਨਾਸਤਕ ਮਤੇ ਤੇ ਗੁਰਮਤ ਨਿੰਦਾ ਦੇ ਪ੍ਰਸ਼ਨਾਂ ਦੇ ਉਤਰ ਦੇਣੇ ਸ਼ੁਰੂ ਕੀਤੇ ਅਰ ਸ਼ਾਸਤ੍ਰਾਰਥ ਵਾਸਤੇ ਵੰਗਾਰ ਕੀਤੀ ।ਪੰਡਤ ਹੁਰੀਂ ਤਾਂ ਪਤਰਾ ਵਾਚ ਗਏ ।ਇਨ੍ਹਾਂ ਸਜਣਾਂ ਦੇ ਪ੍ਰੇਮ,ਉਦਮ ਤੇ ਕੰਮ ਨਾਲ ਸੰਗਤ ਦੀ ਜਾਗ ਖੁਲ੍ਹੀ ।"[70]

" ਅੰਮ੍ਰਿਤਸਰ ਵਿਚ ਸਿੰਘ ਸਭਾ ਦਾ ਬਣਨਾ ਕੇਵਲ ਸ਼ਰਧਾ ਰਾਮ ਫਲੌਰੀ ਕਰਕੇ ਹੀ ਨਹੀਂ ਸੀ ।ਇਸ ਦੇ ਨਾਲ ਕਈ ਹੋਰ ਸੰਮਿਲਤ ਕਾਰਨ ਵੀ ਸਨ ।ਸ਼ਰਧਾ ਰਾਮ ਤਾਂ ਕੇਵਲ ਇਨ੍ਹਾਂ ਸਬੰਧਾਂ ਦੀ ਪੌੜੀ ਦਾ ਇਕ ਡੰਡਾ ਸੀ,ਅਖੀਰਲਾ ਡੰਡਾ ।ਇਸ ਤੋਂ ਛੁੱਟ ਇਕ ਖਾਸ ਚੀਜ਼ ਸੀ ਜੋ ਦੇਰ ਤੋਂ ਰੜਕ ਰਹੀ ਸੀ :-

ਇਹ ਸੀ ਪਾਦਰੀਆਂ ਦਾ ਰਵੱਯਾ ।ਈਸਾਈ ਪ੍ਰਚਾਰ,ਦਰਬਾਰ ਸਾਹਿਬ ਦੇ ਲਾਗਲਿਆਂ ਬੁੰਗਿਆਂ ਵਿਚ,ਖੁਲ੍ਹਾ ਹੋ ਰਿਹਾ ਸੀ ,ਉਹ ਏਸ ਹਦ ਤਕ ਵੱਧ ਚੁਕਾ ਸੀ ਕਿ ਮਿਸ਼ਨ ਵਾਲੇ ਦਰਬਾਰ-ਸਾਹਿਬ ਨੂੰ ਆਪਣੀ ਜਗ੍ਹਾ ਸਮਝਦੇ ਸਨ ।ਕੀ ਦਰਬਾਰ ਸਾਹਿਬ ਉਨ੍ਹਾਂ ਦਾ ਇਕ ਗਿਰਜਾ ਬਣ ਜਾਏਗਾ ? ਪਾਦਰੀ ਇਹ ਗੱਲ ਖੁਲੰਮ ਖੁਲ੍ਹਾ ਕਹਿ ਰਹੇ ਸਨ।ਇਹ ਜ਼ਹਿਨੀਅਤ ਇਸ ਕਰਕੇ ਪੈਦਾ ਹੋਈ ਸੀ ਕਿ ਸਿਖਾਂ ਦਾ ਮਹਾਰਾਜਾ ਦਲੀਪ ਸਿੰਘ ,ਈਸਾਈ ਧਰਮ ਕਬੂਲ ਕਰ ਚੁਕਾ ਸੀ । ਈਸਾਈ ,ਸਿਖਾਂ ਦੇ ਰਾਜ ਤੇ ਰਾਜੇ,ਦੋਹਾਂ ਨੂੰ ,ਆਪਣੇ ਵੱਸ ਕਰ ਚੁਕੇ ਸਨ ।ਹੁਣ ਉਹ ਸਿਖ ਧਰਮ ਅਸਥਾਨ ਨੂੰ ਆਪਣੇ ਮਤਲਬ ਗੋਚਰਾ ਕਰਨ ਮਗਰ ਸਨ ।"[71]

ਬਰਤਾਨਵੀ ਸਾਮਰਾਜ ਦਾ ਈਸਾਈ ਮਿਸ਼ਨਰੀਆਂ ਨੂੰ ਆਪਣਾ ਰਾਜ ਵਧਾਉਣ ਤੇ ਪੱਕਿਆਂ ਕਰਨ ਲਈ ਵਰਤਣਾ ਕੋਈ ਅਜੀਬ ਗੱਲ ਨਹੀਂ ।ਮਿਸ਼ਨਰੀਆਂ ਦੀ ਰਾਜਨੀਤਕ ਮਹੱਤਤਾ ਬਾਰੇ ਨਿਪੋਲੀਅਨ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਆਪਣੇ ਵਿਚਾਰ ਪਰਗਟ ਕੀਤੇ ਹਨ :-

" ਮੇਰੀ ਇਹ ਇਛਾ ਹੈ ਕਿ ਵਿਦੇਸੀ ਮਿਸ਼ਨਾਂ ਲਈ ਮੈਂ ਸੰਸਥਾ ਕਾਇਮ ਕਰਾਂ ਕਿਉਂਕਿ ਧਾਰਮਿਕ ਮਿਸ਼ਨਰੀ ਏਸ਼ੀਆ,ਅਫਰੀਕਾ ਅਤੇ ਅਮਰੀਕਾ ਵਿਚ ਮੇਰੇ ਲਈ ਬਹੁਤ ਲਾਭਵੰਦ ਹੋ ਸਕਦੇ ਹਨ।ਜਿਨ੍ਹਾਂ ਦੇਸਾਂ ਵਿਚ ਉਹ ਜਾਣਗੇ,ਉਨ੍ਹਾਂ ਬਾਬਤ ਪੂਰੀ ਪੂਰੀ ਵਾਕਫੀ ਪ੍ਰਾਪਤ ਕਰਨ ਦਾ ਕੰਮ ਮੈਂ ਉਨ੍ਹਾਂ ਪਾਸੋਂ ਲੈ ਸਕਾਂਗਾ ।ਉਨ੍ਹਾਂ ਦੇ ਪਹਿਰਾਵੇ ਦੀ ਧਾਰਮਕ ਮਹਾਨਤਾ ਕੇਵਲ ਉਨ੍ਹਾਂ ਦੀ ਰਖਿਆ ਹੀ ਨਹੀਂ ਰਹੇਗੀ ਸਗੋਂ ਉਨ੍ਹਾਂ ਦੀਆਂ ਰਾਜਸੀ ਅਤੇ ਵਿਉਪਾਰਕ ਖੋਜਾਂ ਨੂੰ ਲਕੋਈ ਭੀ ਰਖੇਗੀ ।ਹੁਣ ਅਗੇ ਨੂੰ ਮਿਸ਼ਨਰੀ ਸੰਸਥਾਵਾਂ ਦਾ ਵੱਡਾ ਪਰਬੰਧਕ ਰੋਮ ਦੀ ਥਾਂ ਪੈਰਿਸ ਵਿਚ ਰਿਹਾ ਕਰੇਗਾ ।"[72]

70. ਡਾ. ਜਗਜੀਤ ਸਿੰਘ,ਸਿੰਘ ਸਭਾ ਲਹਿਰ,ਸਫਾ 12.
71. ਡਾ: ਬਲਬੀਰ ਸਿੰਘ ,'ਚਰਣ ਹਰਿ' ਵਿਸਥਾਰ,ਜਿਲਦ 1,ਸੈਂਚੀ 2,ਸਫਾ 65.
72. ਵੈਲਜ਼ ਆਊਟ ਲਾਈਨ ਔਫ਼ ਹਿਸਟਰੀ,937,ਹਵਾਲਾ ਦਿਤਾ ਰੈਵਰੈਂਡ ਡਾਕਟਰ-ਕਲਿੰਟਨ ਐਚ. ਲੋਇਲਿਨ,ਪੰਜਾਬ ਵਿਚ ਈਸਾਈ-ਮੱਤ ਦਾ ਇਤਿਹਾਸ,ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ (ਪੰਜਾਬ)ਸਫਾ 87.

ਈਸਾਈ ਮਿਸ਼ਨਰੀ ਜਿਸ ਦੇਸ ਵਿਚ ਵੀ ਗਏ,ਉਸੇ ਦੇਸ ਵਿਚ ਹੀ ਉਨ੍ਹਾਂ ਨੇ ਆਪਣੇ ਦੇਸ ਦੇ ਸਾਮਰਾਜ ਦੇ ਫੈਲਾਉ ਲਈ ਜ਼ਮੀਨ ਤਿਆਰ ਕੀਤੀ,ਈਸਾਈ ਮਿਸ਼ਨਰੀ ਭਾਰਤ ਵਿਚ ਪਹਿਲੀ ਸਦੀ ਵਿਚ ਹੀ ਆਏ ਦਸੇ ਜਾਂਦੇ ਹਨ।[72-ਏ] " ਗੁਰੂ ਨਾਨਕ ਜੀ ਦੇ ਸਮੇਂ ਇਕ ਪੀੜ੍ਹੀ ਪਹਿਲਾਂ ਭਾਰਤ ਦੇ ਇਨ੍ਹਾਂ (ਦਿੱਲੀ ਅਤੇ ਲਾਹੌਰ) ਇਲਾਕਿਆਂ ਵਿਚ ਨਾ ਕੇਵਲ ਹਿੰਦੂ ਅਤੇ ਮੁਸਲਮਾਨ ਸਾਧੂ ਹੀ ਸਨ ਸਗੋਂ ਪਾਰਸੀ, ਯਹੂਦੀ, ਅਤੇ ਮਸੀਹੀ ਸਾਧੂ ਵੀ ਸਨ।[73]" ਅਕਬਰ ਨਾਮੇ ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਪਾਦਰੀ ਰੂਡਲਫੋ ਨੇ ਬਾਈਬਲ ਨੂੰ ਹੱਥ ਵਿਚ ਲੈ ਕੇ ਅੱਗ ਵਿਚੋਂ ਲੰਘਣ ਦੀ ਪੇਸ਼ਕਸ਼ ਕੀਤੀ। ਜਿਵੇਂ ਪੰਜਾਬ ਤੇ ਕਬਜ਼ਾ ਕਰਨ ਦੀ ਵਿਉਂਤ ਨੂੰ ਸਿਰੇ ਚਾੜ੍ਹਨ ਲਈ ਸਤਲੁਜ ਪਾਰ ਦੀਆਂ ਰਿਆਸਤਾਂ ਨੂੰ ਆਪਣੀ ਸ਼ਰਨ ਵਿਚ ਲੈ ਕੇ ਅੰਗਰੇਜ਼ ਪੰਜਾਬ ਦੇ ਬੂਹੇ ਕੋਲ ਆ ਪੁਜਾ, ਇਸੇ ਤਰ੍ਹਾਂ ਇਸੇ ਮਕਸਦ ਨੂੰ ਪੂਰਿਆਂ ਕਰਨ ਲਈ ਪੰਜਾਬ ਦੇ ਨੇੜੇ ਤੇੜੇ ਮਿਸ਼ਨ ਕਾਇਮ ਕਰਨੇ ਸ਼ੁਰੂ ਕਰ ਦਿਤੇ। ਸਭ ਤੋਂ ਪਹਿਲਾਂ ਅਮਰੀਕਨ ਪ੍ਰੈਸ ਬਿਟੇਰੀਅਨ ਮਿਸ਼ਨ 1834 ਵਿਚ ਲੁਧਿਆਣੇ ਕਾਇਮ ਹੋਇਆ[74] ਤੇ ਫਿਰ 1835 ਵਿਚ ਸਹਾਰਨਪੁਰ ਤੇ 1836 ਵਿਚ ਸਬਾਥੂ। ਇਸੇ ਤਰ੍ਹਾਂ ਇੰਗਲੈਂਡ ਦੇ ਕਲੀਸਿਆਂ ਦੀ ਚਰਚ ਮਿਸ਼ਨਰੀ ਸੁਸਾਇਟੀ ਨੇ ਸਭ ਤੋਂ ਪਹਿਲਾਂ ਸ਼ਿਮਲਾ ਅਤੇ ਕੋਟਗੜ੍ਹ ਵਿਚ 1840 ਵਿਚ ਕੰਮ ਸ਼ੁਰੂ ਕੀਤਾ। ਰਣਜੀਤ ਸਿੰਘ ਦੇ ਸਮੇਂ ਮਿਸ਼ਨਰੀ ਡਾਕਟਰ ਲੌਰੀ ਮਹਾਰਾਜੇ ਦੇ ਸੱਦੇ ਤੇ ਲਾਹੌਰ ਗਿਆ। ਭਾਵੇਂ ਸਿਹਤ ਦੀ ਖਰਾਬੀ ਕਰਕੇ ਡਾਕਟਰ ਲੌਰੀ ਮਹਾਰਾਜੇ ਦੀ ਇਸ ਇਛਾ ਨੂੰ ਪੂਰਾ ਨਾ ਕਰ ਸਕਿਆ ਕਿ ਉਹ ਲਾਹੌਰ ਵਿਚ ਸ਼ਾਹਜ਼ਾਦਿਆਂ ਤੇ ਸਰਦਾਰਾਂ ਨੂੰ ਅੰਗਰੇਜ਼ੀ ਤਾਲੀਮ ਦੇਣ ਲਈ ਇਕ ਸਕੂਲ ਚਾਲੂ ਕਰੇ, ਪਰ ਉਹਨੇ ਮਹਾਰਾਜੇ ਨੂੰ ਯਸੂ ਮਸੀਹ ਤੇ ਉਸ ਦੀ ਮੁਕਤੀ ਦੀ ਕਥਾ ਸੁਣਾਈ ਤੇ ਗੁਰਮੁਖੀ ਵਿਚ ਛਪੀ ਬਾਈਬਲ ਉਸ ਨੂੰ ਭੇਂਟ ਕੀਤੀ।" ਵਿਲਿਅਮ ਕੇਰੀ ਨੇ ਸੰਨ 1819 ਵਿਚ ਨਵੇਂ-ਨੇਮ ਅਤੇ ਪੁਰਾਣੇ-ਨੇਮ ਦੇ ਕੁਝ ਹਿੱਸਿਆਂ ਦਾ ਉਲਥਾ ਪੰਜਾਬੀ(ਗੁਰਮੁਖੀ)ਭਾਸ਼ਾ ਵਿਚ ਕੀਤਾ ਸੀ।[75]" ਇਸ ਤੋਂ ਇਹ ਜਾਣਿਆ ਜਾ ਸਕਦਾ ਹੈ ਕਿ ਉਨ੍ਹਾਂ ਪੰਜਾਬ ਦੇ ਸ਼ਿਕਾਰ ਲਈ ਹਥਿਆਰ ਕਾਫੀ ਚਿਰ ਪਹਿਲਾਂ ਤੋਂ ਹੀ ਤਿੱਖੇ ਕਰਨੇ ਸ਼ੁਰੂ ਕਰ ਦਿਤੇ ਸਨ। ਮਹਾਰਾਜੇ ਦੀ 'ਬੰਦ-ਦਰਵਾਜ਼ੇ' ਵਾਲੀ ਨੀਤੀ ਦੇ ਬਾਵਜੂਦ ਲੁਧਿਆਣੇ ਤੋਂ ਇਕ ਭਾਰਤੀ ਮਿਸ਼ਨਰੀ ਗੋਲਕ ਨਾਥ ਫਿਲੌਰ ਭੇਜਿਆ ਗਿਆ ਜਿਥੇ ਉਹ ਪਰਚਾਰ ਕਰਦਾ ਫੜ ਲਿਆ ਗਿਆ।

---

72-ਏ. ਰੈਵਰੈਂਡ ਡਾਕਟਰ ਕਲਿੰਟਨ ਐਚ.ਲੋਇਲਿਨ, ਪੰਜਾਬ ਵਿਚ ਈਸਾਈ-ਮਤ ਦਾ ਇਤਿਹਾਸ, ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ (ਪੰਜਾਬ) ਸਫਾ 70.

73. ਆਹਚਾਰ, ਦੀ ਸਿਖਸ, 70 ,ਹਵਾਲਾ ਉਹੀ।

74. Dr.G.S.Chhabra, An Advanced History of the Punjab, p.455.

75. ਡਾਕਟਰ ਲੋਇਲਿਨ, ਪੰਜਾਬ ਵਿਚ ਈਸਾਈ-ਮਤ ਦਾ ਇਤਿਹਾਸ, ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ (ਪੰਜਾਬ)ਸਫ਼ਾ 70 .

ਪੰਜਾਬ ਵਿਚ ਦਾਖਲ ਹੁੰਦਿਆਂ ਹੀ ਜਲੰਧਰ(1846) ਤੇ ਲਾਹੌਰ (1848)ਵਿਚ ਮਿਸ਼ਨ ਕਾਇਮ ਹੋਏ ਤੇ ਪੰਜਾਬ ਦੇ ਇਲਹਾਕ ਪਿਛੋਂ ਤਾਂ ਸਾਰੇ ਪੰਜਾਬ ਵਿਚ ਮਿਸ਼ਨਾਂ ਦਾ ਜਾਲ ਵਿਛ ਗਿਆ। ਸਿੰਘ ਸਭਾ ਲਹਿਰ ਦੇ ਜਨਮ ਤਕ ਅੰਮ੍ਰਿਤਸਰ(1850),ਪਿਸ਼ਾਵਰ (1853),ਕਾਂਗੜਾ(1854) ਸਿਆਲਕੋਟ (1855),ਰਾਵਲਪਿੰਡੀ (1856),ਸਿਆਲਕੋਟ (1857),ਡਸਕਾ (1857), ਕਪੂਰਥਲਾ (1860),ਸ੍ਰੀਨਗਰ (1864),ਹੁਸ਼ਿਆਰਪੁਰ (1867),ਗੁਜਰਾਂਵਾਲਾ (1868), ਫੀਰੋਜ਼ਪੁਰ(1869),ਤੇ ਗੁਰਦਾਸਪੁਰ (1872) ਵਿਚ ਵਖ ਵਖ ਮਿਸ਼ਨ ਸੁਸਾਇਟੀਆਂ ਦੇ ਆਪਣੇ ਮਿਸ਼ਨ ਕਾਇਮ ਹੋ ਚੁਕੇ ਸਨ ਤੇ ਇਹ ਸਿਲਸਲਾ ਜਿਹਲਮ (1876),ਬਟਾਲਾ (1878), ਪਠਾਨਕੋਟ (1880),ਜ਼ਫਰਵਾਲ (1884),ਤਰਨਤਾਰਨ (1885 ),ਮੁਲਤਾਨ (1888), ਰੋਪੜ (1890),ਪਟਿਆਲਾ (1891) ਲਾਇਲਪੁਰ (1895),ਫਿਲੌਰ (1897) ਕਸੂਰ (1900), ਅੰਬਾਲਾ ਸ਼ਹਿਰ (1901) ਮੋਗਾ (1909),ਧਾਰੀਵਾਲ(1920) ਵਿਚ ਮਿਸ਼ਨਾਂ ਦੇ ਕਾਇਮ ਹੋਣ ਨਾਲ ਜਾਰੀ ਰਿਹਾ ।

ਪੰਜਾਬ ਤੇ ਕਬਜ਼ਾ ਤਾਂ ਧੋਖੇ ਫਰੇਬ ਨਾਲ ਕਰ ਲਿਆ ਪਰ ਇਥੋਂ ਦੇ ਲੋਕਾਂ ਦੇ ਦਿਲ ਜਿੱਤਣੇ ਵੀ ਜ਼ਰੂਰੀ ਸਨ ।ਤੇ ਇਹ ਕੰਮ ਈਸਾਈ ਧਰਮ ਦੇ ਪਰਚਾਰ ਨਾਲ ਵਧੇਰੇ ਸੁਖਾਲਾ ਹੋ ਸਕਦਾ ਸੀ ।ਸਿੱਖ ਅਤੇ ਪਠਾਣ ਹੀ ਪੰਜਾਬ ਦੀਆਂ ਅਜਿਹੀਆਂ ਦੋ ਕੌਮਾਂ ਸਨ ਜਿਨ੍ਹਾਂ ਦੇ ਮੁੜ ਉਠੱਣ ਦਾ ਖਤਰਾ ਹੋ ਸਕਦਾ ਸੀ ।ਜੇ ਸਿੱਖਾਂ ਦੇ ਕੇਂਦਰ ਅੰਮ੍ਰਿਤਸਰ ਤੇ ਪਠਾਣਾਂ ਦੇ ਕੇਂਦਰ ਪਿਸ਼ਾਵਰ ਉਤੇ ਈਸਾਈ ਧਰਮ ਦਾ ਗਲਬਾ ਹੋ ਜਾਏ ਤਾਂ ਸਾਰੇ ਪੰਜਾਬ ਦਾ ਦਿਲ ਆਪਣੇ ਆਪ ਹੀ ਜਿਤਿਆ ਜਾਇਗਾ[76] । ਅੰਗਰੇਜ਼ੀ ਸਰਕਾਰ ਇਸ ਕੰਮ ਵਿਚ ਮਿਸ਼ਨਰੀਆਂ ਦੀ ਵਧ ਤੋਂ ਵਧ ਸਹਾਇਤਾ ਕਰਦੀ ਸੀ ।ਪੰਜਾਬ ਦਾ ਚੀਫ ਕਮਿਸ਼ਨਰ ਮਿਸ਼ਨ ਦੇ ਪਰਚਾਰ ਲਈ 500 ਰੁਪਏ ਸਾਲਾਨਾ ਆਪਣੇ ਪਲਿਉਂ ਦਿੰਦਾ ਸੀ ਤੇ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾਉਣ ਪਿਛੋਂ ਉਹਦੇ ਕੋਲੋਂ ਵੀ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਨੂੰ 500 ਰੁਪਏ ਸਾਲਾਨਾ ਦੁਆਏ ਜਾਂਦੇ ਰਹੇ ।" ਇਸ ਤੋਂ ਇਲਾਵਾ ਸਰਕਾਰ ਨੇ ਸਰਦਾਰ ਦਿਆਲ ਸਿੰਘ ਮਜੀਠੀਏ ਨੂੰ ਪ੍ਰੇਰ ਕੇ ਅੰਮ੍ਰਿਤਸਰ ਵਿਚ ਈਸਾਈ ਮਿਸ਼ਨਰੀ ਦੇ ਕੰਮ ਵਾਸਤੇ ਇਕ ਬਾਗ਼ ਲਿਆ ਤੇ ਮਜੀਠੇ ਵਿਚ ਇਕ ਗਿਰਜਾ ਘਰ ਵੀ ਖੋਲ੍ਹਿਆ।[77]

" ਉਤਰ-ਪਛਮੀ ਸੂਬੇ ਦੇ ਲਫਟੀਨੈਂਟ ਗਵਰਨਰ ਮਿਸਟਰ ਥਾਮਸਨ ਨੇ ਆਗਰੇ ਦੇ ਮਿਸ਼ਨ ਸਕੂਲਾਂ ਦੀ ਇੰਨੀ ਜ਼ਿਆਦਾ ਹੌਸਲਾ ਅਫਜ਼ਾਈ ਤੇ ਮਾਲੀ ਸਹਾਇਤਾ ਕੀਤੀ ਕਿ ਮੁੰਡਿਆਂ ਦੇ ਸਕੂਲ ਦੇ ਹਾਲ ਦਾ ਨਾਂ ਉਹਦੇ ਨਾਂ ਤੇ ਰਖਿਆ ਗਿਆ"[78]। ਸਰਕਾਰ ਦੀ ਇਸ ਮਾਮਲੇ ਵਿਚ ਦਿਲਚਸਪੀ ਮਲਕਾ ਵਿਕਟੋਰੀਆ ਦੇ 24 ਨਵੰਬਰ 1854 ਨੂੰ ਲਾਰਡ ਡਲਹੌਜ਼ੀ ਨੂੰ ਲਿਖੇ ਪੱਤਰ ਤੋਂ ਚੰਗੀ ਤਰ੍ਹਾਂ

---

76. Robert Clark, The Punjab and Sindh Missions,1885,p.38.
77. ਸ਼ਮਸ਼ੇਰ ਸਿੰਘ ਅਸ਼ੋਕ,ਪੰਜਾਬ ਦੀਆਂ ਲਹਿਰਾਂ,ਸਫ਼ਾ 160.
78. Rev.John C.B.Webster,American Presbyterian Mission and the Revolt of 1857,Proceedings Punjab History Con.Nov. 12- 965 148

ਸਪਸ਼ਟ ਹੋ ਜਾਂਦੀ ਹੈ ਜਿਸ ਵਿਚ ਉਹਨੇ ਲਿਖਿਆ ਕਿ ਰੇਲਾਂ ਦੇ ਵਿਕਾਸ ਨਾਲ ਇਸ ਦੇਸ਼ ਵਿਚ ਈਸਾਈ ਧਰਮ ਦੇ ਵਾਧੇ ਲਈ ਰਾਹ ਸਾਫ ਹੋਵੇਗਾ[79]।

ਸਭ ਤੋਂ ਪਹਿਲਾ ਸਿੱਖ ਜੋ ਕਾਨ੍ਹਪੁਰ ਵਿਚ ਈਸਾਈ ਬਣਿਆ ਉਹ ਦਾਊਦ ਸਿੰਘ ਸੀ ਜਿਸ ਨੂੰ 1852 ਵਿਚ ਮਿਸ਼ਨ ਦੇ ਪਰਚਾਰ ਲਈ ਅੰਮ੍ਰਿਤਸਰ ਭੇਜਿਆ ਗਿਆ। ਅੰਮ੍ਰਿਤਸਰ ਵਿਚ ਸੁਲਤਾਨ-ਵਿੰਡ ਦਾ ਸਿੱਖ ਗ੍ਰੰਥੀ ਕੇਸਰ ਸਿੰਘ, ਮੌਲਵੀ ਇਮਾਮਦੀਨ ਤੇ ਹਿੰਦੂ ਖਤਰੀ ਰੁਲੀਆ ਰਾਮ ਵੀ ਈਸਾਈ ਧਰਮ ਵਿਚ ਸ਼ਾਮਲ ਹੋ ਗਏ। ਸਿਆਲਕੋਟ ਜ਼ਿਲੇ ਦੇ ਮਰਾਲੀ ਪਿੰਡ ਦਾ ਦਿੱਤ ਨਾਂ ਦਾ ਚੂਹੜਾ ਈਸਾਈ ਬਣਿਆ ਤੇ ਕੁਝ ਸਾਲ ਪਿਛੋਂ 500 ਚੂਹੜਿਆਂ ਨੇ ਈਸਾਈ ਧਰਮ ਕਬੂਲ ਕੀਤਾ। 1915 ਤਕ ਇਸ ਜ਼ਿਲ੍ਹੇ ਦੇ ਸਾਰੇ ਚੂਹੜੇ ਸਿਵਾਏ ਕੁਝ ਕੁ ਸੈਂਕੜਿਆਂ ਦੇ ਈਸਾਈ ਧਰਮ ਵਿਚ ਸ਼ਾਮਲ ਹੋ ਚੁਕੇ ਸਨ। ਇਸ ਤਰ੍ਹਾਂ ਝਟ ਹੀ ਈਸਾਈ ਤੇ ਚੂਹੜਾ ਸਮਾਨਾਰਥੀ ਸ਼ਬਦ ਬਣ ਗਏ। ਇਨ੍ਹਾਂ ਜਾਤੀਆਂ ਵਿਚੋਂ ਬਣੇ ਈਸਾਈਆਂ ਨੂੰ ਜਦੋਂ ਇਹ ਪਤਾ ਲਗ ਗਿਆ ਕਿ ਪਾਦਰੀਆਂ ਦੀ ਸਰਪਰਸਤੀ ਤੇ ਅੰਗਰੇਜ਼ੀ ਟੋਪ ਅਛੂਤਪੁਣੇ ਦੇਧੱਬੇ ਨੂੰ ਨਹੀਂ ਧੋ ਸਕਦਾ ਤਾਂ ਉਸ ਪਿਛੋਂ ਨੀਵੀਆਂ ਜ਼ਾਤਾਂ ਚੋਂ ਈਸਾਈ ਬਣਨ ਵਾਲਿਆਂ ਦੀ ਗਿਣਤੀ ਘਟ ਗਈ। ਤੇ ਫਿਰ ਮਿਸ਼ਨਰੀਆਂ ਨੇ ਆਪਣਾ ਧਿਆਨ ਰੱਜੇ ਪੁੱਜੇ ਜੱਟਾਂ ਤੇ ਖਤਰੀਆਂ ਵਲ ਲਾਇਆ[80]। 1853 ਵਿਚ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾਇਆ ਗਿਆ ਤੇ ' ਮਹਾਰਾਜੇ ਦੇ ਬਪਤਿਸਮੇ ਲਈ ਗੰਗਾ ਜਲ ਵਰਤਿਆ ਗਿਆ। ਮਹਾਰਾਜੇ ਦੇ ਨਾਲ ਜੋ ਹਿੰਦੂ ਨੌਕਰ ਸਨ, ਉਨ੍ਹਾਂ ਨੂੰ ਇਸ ਕਰਕੇ ਇਹ ਗੱਲ ਇਤਨੀ ਭੈੜੀ ਨਾ ਲਗੀ ਜਿਤਨੀ ਕਿ ਆਮ ਹਾਲਤ ਵਿਚ ਲਗਣੀ ਚਾਹੀਦੀ ਸੀ[81]।" ਮਹਾਰਾਜਾ ਦਲੀਪ ਸਿੰਘ ਦਾ ਈਸਾਈ ਬਣਨਾ ਹਿੰਦੁਸਤਾਨੀ ਰਾਜਿਆਂ ਮਹਾਰਾਜਿਆਂ ਦੇ ਅਜਿਹਾ ਕਰਨ ਦੀ ਸਭ ਤੋਂ ਪਹਿਲੀ ਮਿਸਾਲ ਸੀ[82]। ਕਪੂਰਥਲੇ ਦੇ ਰਾਜੇ ਨੇ ਮਿਸ਼ਨਰੀਆਂ ਨੂੰ ਆਪਣੀ ਰਾਜਧਾਨੀ ਵਿਚ ਆਉਣ ਦਾ ਸੱਦਾ ਦੇਕੇ ਆਪਣੀ ਕਿਸਮ ਦੀ ਇਕ ਵੱਖਰੀ ਮਿਸਾਲ ਕਾਇਮ ਕੀਤੀ[83]। ਤੇ ਕੰਵਰ ਹਰਨਾਮ ਸਿੰਘ ਨੇ ਈਸਾਈ ਬਣ ਕੇ ਮਹਾਰਾਜਾ ਦਲੀਪ ਸਿੰਘ ਦੀ ਕਾਇਮ ਕੀਤੀ ਮਿਸਾਲ ਵਿਚ ਵਾਧਾ ਕੀਤਾ। ਰਾਮਪੁਰ (ਰਿਆਸਤ ਪਟਿਆਲਾ) ਦਾ ਜੱਟ ਸਿੱਖ ਸਾਧੂ ਸੁੰਦਰ ਸਿੰਘ 1905 ਵਿਚ ਈਸਾਈ ਬਣਕੇ ਇਸ ਧਰਮ ਦਾ ਪਰਚਾਰ ਕਰਦਾ ਰਿਹਾ। ਭਾਵੇਂ ਈਸਾਈ ਧਰਮ ਵਿਚ ਸ਼ਾਮਲ ਹੋਣ ਵਾਲਿਆਂ ਦੀ ਸਰਕਾਰੇ ਦਰਬਾਰੇ ਬਹੁਤ ਇਜ਼ਤ ਕੀਤੀ ਜਾਂਦੀ ਸੀ ਤੇ ਉਨ੍ਹਾਂ ਨੂੰ ਉਚੀਆਂ ਪਦਵੀਆਂ ਦਿਤੀਆਂ ਜਾਂਦੀਆਂ ਸਨ ਜਿਵੇਂ ਕੰਵਰ ਹਰਨਾਮ ਸਿੰਘ ਨੂੰ ਰਾਜੇ ਦਾ

---

79. Letters of Queen Victoria, 1837-1861, Vol.III, pp.68-69.

80. Khushwant Singh, A History of the Sikhs, vol.II, p.138.

81. ਡਾ. ਬਲਬੀਰ ਸਿੰਘ, 'ਚਰਣ ਹਰਿ' ਵਿਸਥਾਰ, ਸਫਾ 66.

82. Johnston Walsh, A Memorial of the Fatehgarh Mission, p.113.

83. Annual Report of the Lodiana Mission, Ludhiana, 1862, p.51.

ਖ਼ਿਤਾਬ ਤੇ ਹੋਰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿਤੀਆਂ ਗਈਆਂ ਤੇ ਉਹਦਾ ਇਕ ਪੋਤਰ, ਮਹਾਰਾਜ ਸਿੰਘ, ਬੰਬਈ ਦਾ ਗਵਰਨਰ ਤੇ ਦੂਜਾ, ਦਲੀਪ ਸਿੰਘ, ਪੰਜਾਬ ਹਾਈਕੋਰਟ ਦਾ ਜੱਜ ਬਣਿਆ, ਖਰ ਫਿਰ ਵੀ ਈਸਾਈ ਧਰਮ ਖ਼ੁਸ਼ਹਾਲ ਲੋਕਾਂ ਵਿਚ ਹਰਮਨ ਪਿਆਰਾ ਨਾ ਹੋ ਸਕਿਆ । ਇਸ ਦਾ ਵੱਡਾ ਕਾਰਨ ਇਹ ਸੀ ਕਿ ਅੰਗਰੇਜ਼ ਭਾਵੇਂ ਉਹ ਮਿਸ਼ਨਰੀ ਹੀ ਕਿਉਂ ਨਾ ਹੋਵੇ, ਆਪਣੇ ਆਪ ਨੂੰ ਦੂਜਿਆਂ ਨਾਲੋਂ ਬਹੁਤ ਉੱਚਾ ਸਮਝਦਾ ਸੀ, ਇਹ ਉਸਨੂੰ ਬਰਤਾਨਵੀ ਸਾਮਰਾਜ ਦੀ ਦੇਣ ਸੀ । ਆਪਣੀ ਉਚਤਾ ਦਾ ਪਰਚਾਰ ਇਸ ਤੋਂ ਵਧੇਰੇ ਹੋਰ ਕੀ ਹੋ ਸਕਦਾ ਹੈ ਜਿਹੜਾ ਕਿ ਗੌਰਮਿੰਟ ਕਾਲਜ ਦਿੱਲੀ ਦੇ ਪਰਧਾਨ ਨੇ ਇਨਾਮ-ਦੇਣ ਦੇ ਸਮਾਗਮ ਸਮੇਂ ਵਿਦਿਆਰਥੀਆਂ ਨੂੰ ਇਹ ਕਹਿ ਕੇ ਕੀਤਾ ਕਿ 'ਤੁਸੀਂ ਇਹ ਗੱਲ ਸਦਾ ਯਾਦ ਰੱਖੋ ਕਿ ਤੁਸੀਂ ਦੁਨੀਆਂ ਦੀ ਸਭ ਤੋਂ ਸ਼ਾਨਦਾਰ ਹਕੂਮਤ ਦੇ ਸਭ ਤੋਂ ਸ਼ਾਨਦਾਰ ਆਸਰਿਤ ਰਾਜ ਦੇ ਸਭ ਤੋਂ ਸ਼ਾਨਦਾਰ ਕਾਲਜ ਦੇ ਵਿਦਿਆਰਥੀ ਹੋ ।"[84] ਸੀ.ਐਫ. ਐਂਡਰੀ ਉਹ੍ਹ ਨੇ ਬੜੇ ਸੁਹਣੇ ਸ਼ਬਦਾਂ ਵਿਚ ਇਸਨੂੰ ਬਿਆਨ ਕੀਤਾ ਹੈ :-

> " ਕਿਸੇ ਵੀ ਹਾਲਤ ਵਿਚ ਤੁਸੀਂ ਦੇਸੀਆਂ ਅਗੇ ਨਾ ਝੁਕੋ ਅਤੇ ਕਦੇ ਵੀ ਉਨ੍ਹਾਂ ਨੂੰ ਆਪਣੇ ਆਪ ਨਾਲੋਂ ਉੱਚਾ ਨਾ ਸਮਝੋ । ਭਾਵੇਂ ਤੁਸੀਂ ਮਿਸ਼ਨਰੀ ਹੋ ਪਰ ਤੁਸੀਂ ਇਹ ਗੱਲ ਕਦੇ ਵੀ ਨਾ ਭੁੱਲੋ ਕਿ ਤੁਸੀਂ ਪਹਿਲਾਂ ਅੰਗਰੇਜ਼ ਹੋ ਤੇ 'ਸਾਹਬ' ਹੋ। ਜੇ ਤੁਸੀਂ ਦੇਸੀਆਂ ਨਾਲ ਖੁਲ੍ਹ ਲਵੋਗੇ ਤੇ ਉਨ੍ਹਾਂ ਨੂੰ ਆਪਣੇ ਜਿਹਾ ਸਮਝੋਗੇ ਤਾਂ ਤੁਸੀਂ ਅੰਗਰੇਜ਼ ਦੇ ਸਵੈਮਾਨ ਨੂੰ ਸੱਟ ਮਾਰੋਗੇ ਤੇ ਬਹੁਤ ਜ਼ਿਆਦਾ ਖਰਾਬੀ ਕਰੋਗੇ । ਇਹ ਘਟੀਆ ਕੌਮ ਹੈ ਤੇ ਅਸੀਂ ਇਸ ਤੇ ਤਲਵਾਰ ਨਾਲ ਰਾਜ ਕਰ ਰਹੇ ਹਾਂ ।"[85]

ਜਿਹੜਾ ਅੰਗਰੇਜ਼ ਆਪਣੇ ਦੇਸ ਵਿਚ ਮਾਮੂਲੀ ਆਦਮੀ ਹੁੰਦਾ ਸੀ, ਹਿੰਦੁਸਤਾਨ ਪਹੁੰਚ ਕੇ ਉਹ ਇਕ ਦਮ 'ਵੱਡਾ ਆਦਮੀ' ਬਣ ਜਾਂਦਾ ਸੀ , ਇਸ ਲਈ ਉਹਦਾ ਹੰਕਾਰੀ ਹੋਣਾ ਸੁਭਾਵਕ ਸੀ। ਹਿੰਦੁਸਤਾਨੀ ਧਰਮ ਤਿਆਗ ਦਾ ਉਪਦੇਸ਼ ਦਿੰਦਾ ਹੈ ਪਰ ਮਿਸ਼ਨਰੀ ਯੂਰਪੀਨੀ ਪੱਧਰ ਤੇ ਜੀਵਨ ਜੀਉਂਦੇ ਹਨ। ਪੰਜਾਬ ਵਿਚ ਈਸਾਈ ਧਰਮ ਦੇ ਫੈਲਾਉ ਦੀਆਂ ਉਮੀਦਾਂ ਇਸ ਲਈ ਵੀ ਪੂਰੀਆਂ ਨਾ ਹੋਈਆਂ ਕਿ ਇਥੇ ਛੀਆਂ ਚੋਂ ਪੰਜ ਆਦਮੀ ਸਿਪਾਹੀ ਸਨ ਜਿਹੜੇ ਕਿ ਸੁਹਿਰੀਆਂ ਨਾਲੋਂ ਵਧੇਰੇ ਅੰਗਰੇਜ਼ੀ ਆਨ ਸ਼ਾਨ ਦਾ ਧਿਆਨ ਰਖਦੇ ਸਨ ਤੇ ਅੰਗਰੇਜ਼ੀ ਅਖਬਾਰ ਦਾ ਇਹ ਸੁਫਨਾ ਕਿ

> " ਈਸਾਈ ਧਰਮ ਬੜੀ ਤੇਜ਼ੀ ਨਾਲ ਵਧ ਰਿਹਾ ਹੈ ਤੇ ਇਹ ਪੇਸ਼ੀਨਗੋਈ ਕੀਤੀ ਜਾਂਦੀ ਹੈ ਕਿ ਅਗਲੇ ਪੰਜੀਆਂ ਸਾਲਾਂ ਵਿਚ ਮਾਝੇ ਦਾ ਤੀਜਾ ਹਿੱਸਾ ਈਸਾਈ ਹੋ ਜਾਇਗਾ । ਇਸੇ ਤਰ੍ਹਾਂ ਹੀ ਮਾਲਵੇ ਵਿਚ ਹੋਵੇਗਾ । ਜਿਵੇਂ ਅਜ ਇਸ ਦੇਸ ਵਿਚ ਬੋਧੀਆਂ ਦੇ ਸਿਰਫ

---

84. Quoted by N.K.Sinha in Punjab in the Second Half of the Nineteenth Century, p.19.

85. Ibid., p.20.

ਬੁੱਤ ਹੀ ਦੇਖਣ ਨੂੰ ਮਿਲਦੇ ਹਨ,ਇਸੇ ਤਰ੍ਹਾਂ ਇਹ ਸਿੱਖ ਜਿਹੜੇ ਅਜ ਕਲ ਪੱਗੜੀ ਬੰਨ੍ਹੀ ,ਕੜਾ ਪਾਈ ਤੇ ਤਲਵਾਰ ਫੜੀ ਨਜ਼ੂਰ ਆਉਂਦੇ ਹਨ,ਇਨ੍ਹਾਂ ਦੀਆਂ ਸਿਰਫ ਤਸਵੀਰਾਂ ਹੀ ਅਜਾਇਬ ਘਰਾਂ ਵਿਚ ਵੇਖਣ ਨੂੰ ਮਿਲਣਗੀਆਂ ।ਇਨ੍ਹਾਂ ਦੇ ਆਪਣੇ ਪੁੱਤਰ ਪੋਤਰੇ ਈਸਾਈ ਬਣ ਕੇ,ਕੋਟ ਪਤਲੂਨ ਤੇ ਟੋਪੀਆਂ ਪਾਈ ਇਨ੍ਹਾਂ ਨੂੰ ਵੇਖਣ ਲਈ ਅਜਾਇਬ ਘਰ ਵਿਚ ਜਾਣਗੇ ਤੇ ਆਪਣੀ ਜ਼ੁਬਾਨ ਵਿਚ ਕਹਿਣਗੇ," ਓ ਵੇਖੋ। ਉਹ ਸਿੱਖ ਦੀ ਤਸਵੀਰ ਹੈ,ਜਿਹੜਾ ਕਿ ਕਦੀ ਇਸ ਦੇਸ ਵਿਚ ਰਹਿੰਦਾ ਸੀ, 'ਜਿਹੜੇ ਲੋਕ ਈਸਾਈ ਧਰਮ ਦੇ ਫੈਲਾਉ ਨੂੰ ਰੋਕਣ ਦੀ ਕੋਸ਼ਿਸ਼ ਕਰਨਗੇ ਉਹ ਉਸੇ ਤਰ੍ਹਾਂ ਹੀ ਕੰਮ ਨਹੀਂ ਕਰ ਸਕਣਗੇ ਜਿਵੇਂ ਕਿ ਬਿਨਾਂ ਹੱਥਾਂ ਪੈਰਾਂ ਦੇ ਕੋਈ ਕੋੜ੍ਹਾ ਛੱਤ ਤੋਂ ਡਿਗਦੇ ਕਿਸੇ ਬਾਲ ਨੂੰ ਬਚਾ ਨਹੀਂ ਸਕਦਾ ।"[86] ਪੂਰਾ ਕਰਨ ਲਈ ਅੰਗਰੇਜ਼ ਨੇ ਸਿਖਾਂ ਦੇ ਧਾਰਮਿਕ ਗੜ੍ਹਾਂ ਉਤੇ ਹਮਲੇ ਸ਼ੁਰੂ ਕੀਤੇ ।" ਦਰਬਾਰ ਸਾਹਿਬ ਅੰਮ੍ਰਿਤਸਰ ਦੇ ਕੋਲ ਇਕ ਬੁੰਗਾ ਕਿਰਾਏ ਤੇ ਲੈਕੇ ਉਥੋਂ ਬਾਈਬਲ ਦਾ ਪਰਚਾਰ ਕਰਨਾ ਸ਼ੁਰੂ ਕੀਤਾ ।"[87]

(" ਈਸਾਈਆਂ ਦੇ ਪ੍ਰਚਾਰ ਤੇ ਈਸਾ ਦੀਆਂ ਤਸਵੀਰਾਂ ਦਾ ਪ੍ਰਕਰਮਾਂ ਵਿਚ ਵਿਕਣਾ ਤੇ ਵੰਡਣਾ ਸ਼ੁਰੂ ਹੋ ਗਿਆ ।"[88] ' ਤਰਨਤਾਰਨ ਦੇ ਇਕ ਮਜ਼ਹਬੀ ਸਿੱਖ ਨੂੰ ਈਸਾਈ ਬਣਾ ਕੇ[89] ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੇ ਬੁੰਗਾ ਮਜ਼ਹਬੀਆਂ ਉਤੇ ਕਬਜ਼ਾ ਕਰਨ ਦਾ ਯਤਨ ਕੀਤਾ ਗਿਆ' ਭਾਵੇਂ ਗਦਰ ਦੇ ਕਾਰਨਾਂ ਨੂੰ ਵੇਖ ਕੇ ਗਦਰ ਦੇ ਪਿਛੋਂ ਮਲਕਾ ਵਿਕਟੋਰੀਆ ਨੂੰ ਇਸ ਗੱਲ ਦਾ ਐਲਾਨ ਕਰਨਾ ਪਿਆ ਸੀ ਕਿ ਉਹ ਕਿਸੇ ਉਤੇ ਆਪਣੇ ਧਾਰਮਿਕ ਵਿਚਾਰ ਨਹੀਂ ਠੋਸਣਗੇ ਜਿਸ ਦਾ ਜਵਾਬ ਦਿੰਦਿਆਂ ਅਵਧ ਦੀ ਬੇਗਮ ਨੇ ਆਖਿਆ ਸੀ ਕਿ ਸੜਕਾਂ ਬਣਾਉਣ ਦੇ ਬਹਾਨੇ ਮੰਦਰਾਂ ਮਸੀਤਾਂ ਨੂੰ ~~ਢਾਹੁਣ~~ ਢਾਹੁਣ ਤੇ ਈਸਾਈ ਮਿਸ਼ਨਰੀਆਂ ਨੂੰ ਗਲੀਆਂ ਬਾਜ਼ਾਰਾਂ ਵਿਚ ਪਰਚਾਰ ਲਈ ਭੇਜਣ ਤੋਂ ਅਸੀਂ ਕਿਵੇਂ ਇਸ ਗੱਲ ਦਾ ਯਕੀਨ ਕਰੀਏ ਕਿ ਸਾਡੇ ਧਰਮ ਵਿਚ ਦਖਲ ਨਹੀਂ ਦਿਤਾ ਜਾਇਗਾ।[89A] ਅਵਧ ਦੀ ਬੇਗਮ ਦਾ ਇਹ ਕਹਿਣਾ ਬਿਲਕੁਲ ਠੀਕ ਸੀ ਕਿਉਂਕਿ ਬਰਤਾਨਵੀ ਸਰਕਾਰ ਨਾ ਕੇਵਲ ਲੋਕਾਂ ਨੂੰ ਕਈ ਕਿਸਮ ਦੇ ਲਾਲਚ ਦੇ ਕੇ ਈਸਾਈ ਬਣਾਂਦੀ ਰਹੀ,ਸਗੋਂ ਸਿੱਖਾਂ ਦੇ ਧਰਮ ਅਸਥਾਨਾਂ ਤੇ ਵੀ ਕਬਜ਼ਾ ਕਰਕੇ ਉਨ੍ਹਾਂ ਨੂੰ ਆਪਣੇ ਹਿੱਤਾਂ ਲਈ ਵਰਤਦੀ ਰਹੀ ।'ਗੁਰਦੁਆਰੇ ਅੰਗਰੇਜ਼ ਰਾਜ ਦੀ <u>ਰੁਖਿਆ,ਮਜ਼ਬੂਤੀ ਤੇ ਖੁਸ਼ਾਮਦ ਦੇ ਕੇਂਦਰ ਬਣ ਗਏ ਸਨ ਅਤੇ ਇਨ੍ਹਾਂ ਵਿਚ ਅੰਗਰੇਜ਼ੀ ਰਾਜ ਦੇ</u>

86 ਗਿਆਨੀ ਦਿੱਤ ਸਿੰਘ,ਖਾਲਸਾ ਅਖਬਾਰ,ਲਾਹੌਰ,25-5-1894.

87 Prof.Harbans Singh, Origins of the ~~Sikh~~ Singh Sabha,Sri Guru Singh Sabha Shatabdi Souvenier,English Section,p.22.

88. ਸ਼ਮਸ਼ੇਰ ਸਿੰਘ ਅਸ਼ੋਕ,ਸਿੰਘ ਸਭਾ ਲਹਿਰ ਦਾ ਆਦਿ-ਅੰਤ,ਸਿੰਘ ਸਭਾ ਪਤ੍ਰਿਕਾ,ਨਵੰਬਰ-ਦਸੰਬਰ,1973. ਸਫਾ 83.

89. ਖਾਲਸਾ ਸਮਾਚਾਰ-ਸ਼੍ਰੀਸੰਚਾਲੱਕ ਨੰਬਰ,ਦਸੰਬਰ 5 ਸੰਨ 1963,ਹਵਾਲਾ ਦਿਤਾ ਗਿ: ਈਸ਼ੁਰ ਸਿੰਘ ਨਾਰਾ,ਪੰਜਾਬ ਦਾ ਰਤਨ (ਬਾਬਾ ਖੇਮ ਸਿੰਘ ਸਾਹਿਬ ਬੇਦੀ),ਸਫਾ 7.

89-A- Prof.Harbans Singh,Origins of the Singh Sabha, Sri Guru Singh Sabha Shatabdi Souvenier,English Sec.p.2

ਸਦੀਵੀ ਰਹਿਣ ਤੇ ਰੱਖਣ ਦੇ ਅਰਦਾਸੇ ਹੁੰਦੇ ਸਨ ।'[90] ਅੰਗਰੇਜ਼ਾਂ ਨੇ ਯਤੀਮਖਾਨਿਆਂ, ਸਕੂਲਾਂ ਤੇ ਹਸਪਤਾਲਾਂ ਨੂੰ ਈਸਾਈ ਧਰਮ ਦੇ ਵਾਧੇ ਲਈ ਵਰਤਿਆ ।ਇਨ੍ਹਾਂ ਦੇ ਯਤੀਮਖਾਨਿਆਂ ਵਿਚ ਜਿਹੜੇ ਬੱਚੇ ਪਲਦੇ ਉਹ ਵੱਡੇ ਹੋ ਕੇ ਈਸਾਈ ਧਰਮ ਵਿਚ ਦਾਖਲ ਹੋ ਜਾਂਦੇ ।ਈਸਾਈ ਤੇ ਸਰਕਾਰੀ ਸਕੂਲਾਂ ਵਿਚ ਬਾਈਬਲ ਪੜ੍ਹਾਈ ਜਾਂਦੀ ਤੇ ਬੱਚਿਆਂ ਨੂੰ ਈਸਾਈ ਬਣਨ ਲਈ ਕਈ ਕਿਸਮ ਦੇ ਲਾਲਚ ਤੇ ਇਨਾਮ ਦਿਤੇ ਜਾਂਦੇ ।'ਈਸਾਈ ਛੋਟੀ ਉਮਰ ਦੇ ਸਕੂਲੀ ਬੱਚਿਆਂ ਨੂੰ ਆਪਣੇ ਦੇਸ ਤੇ ਦੇਸੀ ਪੁਣੇ ਤੋਂ ਨਫਰਤ ਪੈਦਾ ਕਰਾ ਰਹੇ ਸਨ।'[91] ਤੇ ਅਜਿਹੇ ਬੱਚੇ ਈਸਾਈ ਧਰਮ ਵਿਚ ਵੀ ਜਲਦੀ ਸ਼ਾਮਲ ਹੋ ਜਾਂਦੇ ।'ਮਿਸ਼ਨ ਸਕੂਲ ਅੰਮ੍ਰਿਤਸਰ ਦਾ ~~ਵਿਦਿਆਰਥੀ~~ ਹਿੰਦੂ ਖਤਰੀ ਵਿਦਿਆਰਥੀ, ਰੁਲੀਆ ਰਾਮ ਜਿਸਨੇ ਕਲਕਤੇ ਦਾ ਐਂਟਰੈਂਸ ਇਮਤਿਹਾਨ ਪਾਸ ਕੀਤਾ ਸੀ, ਈਸਾਈ ਹੋ ਚੁਕਾ ਸੀ ।"[92] ਸਿੱਖ ਪਹਿਲਾਂ ਹੀ ਪੰਜਾਬ ਵਿਚ ਈਸਾਈ ਪਰਚਾਰ ਨੂੰ ਚੰਗਾ ਨਹੀਂ ਸਨ ਸਮਝ ਰਹੇ ਪਰ ਜਦੋਂ 1873 ਵਿੱਚ ਇਸੇ ਮਿਸ਼ਨ ਸਕੂਲ, ਅੰਮ੍ਰਿਤਸਰ ਦੇ ਚਾਰ ਸਿੱਖ ਵਿਦਿਆਰਥੀਆਂ, ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਨੇ ਈਸਾਈ ਹੋ ਜਾਣ ਦਾ ਇਰਾਦਾ ਪ੍ਰਗਟ ਕੀਤਾ ਤਾਂ ਅੰਮ੍ਰਿਤਸਰ ਦੇ ਸਿੱਖਾਂ ਵਿਚ ਹਲਚਲ ਮਚ ਗਈ ।'[93] ' ਕਈ ਸਿੱਖ ਮੁਖੀਆਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਬੜੀ ਮੁਸ਼ਕਿਲ ਨਾਲ ਸਮਝਾ-ਬੁਝਾ ਕੇ ਈਸਾਈ ਬਣਨ ਤੋਂ ਰੋਕਿਆ ।"[94]

ਸੋ ਪ੍ਰੋ: ਹਰਬੰਸ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਡਾਕਟਰ ਫੌਜਾ ਸਿੰਘ, ਡਾਕਟਰ ਜਗਜੀਤ ਸਿੰਘ, ਡਾਕਟਰ ਬਲਬੀਰ ਸਿੰਘ, ਡਾ. ਜੀ.ਐਸ. ਛਾਬੜਾ ਤੇ ਹੋਰ ਬਹੁਤ ਸਾਰੇ ਵਿਦਵਾਨਾਂ ਦੀ ਰਾਇ ਇਹ ਹੈ ਕਿ ਸ਼ਰਧਾ ਰਾਮ ਫਿਲੌਰੀ ਦੇ ਲੈਕਚਰ ਤੇ ਚਾਰ ਸਿਖ ਵਿਦਿਆਰਥੀਆਂ ਦੇ ਈਸਾਈ ਬਣਨ ਦੀ ਇਛਾ ਇਹ ਦੋ ਕਾਰਨ ਸਨ ਜਿਨ੍ਹਾਂ ਕਰਕੇ 'ਸਿੱਖਾਂ ਦਾ ਇਕ ਬੜਾ ਭਾਰੀ ਇਕੱਠ ਸੰਮਤ ਨਾਨਕ ਸ਼ਾਹੀ 404 ਅੱਸੂ ਸੁਦੀ ਦਸ ਨੂੰ ਸ੍ਰੀ ਅੰਮ੍ਰਿਤਸਰ ਵਿਚ ਹੋਇਆ, ਜਿਸ ਵਿਚ ਪੁਰਾਣੇ ਰਈਸ, ਸਰਦਾਰ, ਗੁਰਦੁਆਰਿਆਂ ਦੇ ਪੁਜਾਰੀ ਸਿੰਘ, ਗਿਆਨੀ, ਗ੍ਰੰਥੀ, ਉਦਾਸੀ, ਨਿਰਮਲੇ ਅਤੇ ਹੋਰ ਸਿਖ ਸਮਾਜ ਦੀਆਂ ਸ਼੍ਰੇਣੀਆਂ ਦੇ ਪ੍ਰਤੀਨਿਧ ਆਏ ।'[95] ਇਨ੍ਹਾਂ ਵਿਚ ਕੰਵਰ ਬਿਕ੍ਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ, ਸਰਦਾਰ ਠਾਕਰ ਸਿੰਘ ਸੰਧਾਵਾਲੀਏ ਦਾ ਨਾਂ ਵਰਣਨਯੋਗ ਹੈ ।' ਤੇ ਸਿੱਖ ਪੰਥ ਨੂੰ

90. ਸੋਹਨ ਸਿੰਘ ਜੋਸ਼, ਅਕਾਲੀ ਮੋਰਚਿਆਂ ਦਾ ਇਤਿਹਾਸ, ਸਫੇ 14-15.
91. ਡਾ. ਬਲਬੀਰ ਸਿੰਘ 'ਚਰਣ ਹਰਿ' ਵਿਸਥਾਰ, ਸਫਾ 67.
92. Prof.Harbans Singh, Origin of the Singh Sabha, Sri Guru Singh Sabha Shatabdi Souvineer, English Section, p.21.
93. ਭਾਈ ਜੋਧ ਸਿੰਘ, ਭਾਈ ਵੀਰ ਸਿੰਘ ਤੇ ਸਿੰਘ ਸਭਾ ਲਹਿਰ( ਭਾਈ ਵੀਰ ਸਿੰਘ ਜੀਵਨ, ਸਮਾਂ ਤੇ ਰਚਨਾ ), ਸਫਾ 46.
94. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ ਸਫਾ 163.
95. ਡਾ: ਜਗਜੀਤ ਸਿੰਘ , ਸਿੰਘ ਸਭਾ ਲਹਿਰ( ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ( ਪੰਜਾਬ) ਸਫ਼ਾ 124.

ਈਸਾਈਆਂ ਜਾਂ ਹੋਰ ਲੋਕਾਂ ਦੇ ਅਜਿਹੇ ਅਜੋਗ ਹਮਲਿਆਂ ਤੋਂ ਬਚਾਉਣ ਲਈ ਤੇ ਗੁਰਮਤ ਦੇ ਪ੍ਰਚਾਰ ਲਈ ਸਰਬ ਸੰਮਤੀ ਨਾਲ ਸ੍ਰੀ ਗੁਰੂ ਸਿੰਘ ਸਭਾ ਦੀ ਬੁਨਿਆਦ ਰੱਖੀ ਗਈ ।ਸ: ਠਾਕਰ ਸਿੰਘ ਸੰਧਾਵਾਲੀਏ ਇਸ ਸਭਾ ਦੇ ਪ੍ਰਧਾਨ (ਜੱਥੇਦਾਰ) ਤੇ ਗਿਆਨੀ ਗਿਆਨ ਸਿੰਘ ਜੀ(ਅੰਮ੍ਰਿਤਸਰ ਦੇ ਇਕ ਪ੍ਰਸਿੱਧ ਵਿਦਵਾਨ ਤੇ ਕਵੀ ) ਸਕੱਤ੍ਰ ਥਾਪੇ ਗਏ [96]" ਅਤੇ ਸਰਦਾਰ ਅਮਰ ਸਿੰਘ ਜੀ ਮੀਤ ਸੇਵਕ ਅਤੇ ਖਜ਼ਾਨਚੀ ਭਾਈ ਧਰਮ ਸਿੰਘ ਜੀ ਮਜੀਠੇ ਬੁੰਗੇ ਵਾਲੇ ਥਾਪੇ ਗਏ [97] ।"

ਪਰ ਸਿੰਘ ਸਭਾ ਲਹਿਰ ਦੇ ਪੈਦਾ ਹੋਣ ਦੇ ਕੁਝ ਹੋਰ ਕਾਰਨ ਵੀ ਜ਼ਰੂਰ ਸਨ। ਚਾਰ ਸਿੱਖ ਵਿਦਿਆਰਥੀਆਂ ਦਾ ਈਸਾਈ ਬਣਨ ਦਾ ਇਰਾਦਾ ਸਿੱਖ ਜਗਤ ਲਈ ਕੋਈ ਨਵੀਂ ਚੀਜ਼ ਨਹੀਂ ਸੀ। ਇਸ ਤੋਂ ਲਗ ਭਗ ਵੀਹ ਸਾਲ ਪਹਿਲਾਂ ਦਾਊਦ ਸਿੰਘ ਕਾਨ੍ਹਪੁਰ ਵਿਚ ਈਸਾਈ ਬਣ ਚੁਕਾ ਸੀ, ਸੁਲਤਾਨਵਿੰਡ (ਅੰਮ੍ਰਿਤਸਰ) ਦਾ ਗ੍ਰੰਥੀ ਕੇਸਰ ਸਿੰਘ ਈਸਾਈ ਹੋ ਚੁਕਾ ਸੀ ਤੇ ਸਭ ਤੋਂ ਵੱਡੀ ਘਟਨਾ ਜਿਹੜੀ ਕਿ ਸਿੱਖਾਂ ਨੂੰ ਹਲੂਣ ਸਕਦੀ ਸੀ ਉਹ ਮਹਾਰਾਜਾ ਦਲੀਪ ਸਿੰਘ ਦਾ ਈਸਾਈ ਬਣਨਾ ਸੀ। ਸੋ ਇਹ ਸਵਾਲ ਆਪਣੇ ਆਪ ਪੈਦਾ ਹੁੰਦਾ ਹੈ ਕਿ ਜੇ ਸਿੱਖ ਉਸ ਵੇਲੇ ਆਪਣੇ ਧਰਮ ਨੂੰ ਬਚਾਣ ਲਈ ਨਾ ਜਾਗੇ ਤਾਂ ਵੀਹ ਕੁ ਸਾਲ ਪਿੱਛੋਂ ਜਾਗਣ ਦੀ ਕੀ ਲੋੜ ਸੀ ਜਦ ਕਿ 1872 ਦੀ ਹੋਣ ਵਾਲੀ ਘਟਨਾ 1853 ਵਿਚ ਹੋਈ ਘਟਨਾ ਦੇ ਮੁਕਾਬਲੇ ਵਿਚ ਬਿਲਕੁਲ ਨਿਗੂਣੀ ਜਹੀ ਸੀ ।ਜੇ ਸਿੱਖ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਅੰਗਰੇਜ਼ ਦਾ ਕਬਜ਼ਾ ਪਰਵਾਨ ਕਰ ਸਕਦੇ ਸਨ;ਜੇ ਉਹ ਮਿਸ਼ਨਰੀਆਂ ਵਲੋਂ ਸਿੱਖ ਰਾਜ ਤੇ ਸਿਖ ਧਰਮ ਉਤੇ ਹਮਲੇ ਬਰਦਾਸ਼ਤ ਕਰ ਸਕਦੇ ਸਨ;ਜੇ ਉਹ ਨਾਂ ਮਾਤਰ ਦੇ ਹੀ ਸਿੱਖ ਰਹਿ ਗਏ ਸਨ ਤਾਂ ਸ਼ਰਧਾ ਰਾਮ ਫਲੌਰੀ ਉਨ੍ਹਾਂ ਵਿਚ ਜਾਗ੍ਰਤ ਪੈਦਾ ਕਰਨ ਦਾ ਕੋਈ ਬਹੁਤਾ ਵੱਡਾ ਕਾਰਨ ਨਹੀਂ ਸੀ ਬਣ ਸਕਦਾ ।

" ਇਸ ਵਿਚ ਸ਼ੱਕ ਨਹੀਂ ਕਿ ਇਸ ਸਮੇਂ ਮਜ਼ਹਬੀ ਝਗੜਿਆਂ ,ਮੁਬਾਹਿਸਿਆਂ ਤੇ ਖੰਡਨ ਮੰਡਨ ਦਾ ਆਰੰਭ ਈਸਾਈ ਪਾਦਰੀਆਂ ਕਰਵਾਇਆ ।ਕਈ ਵਾਰ ਇਨ੍ਹਾਂ ਦੀ ਪ੍ਰਧਾਨਗੀ ਅੰਗਰੇਜ਼ ਜਾਂ ਸਰਕਾਰੀ ਅਫਸਰ ਕਰਦੇ ਸਨ। ਦੂਜੇ ਪਾਸੇ ਸਰਕਾਰ ਅੰਗਰੇਜ਼ੀ ਨੇ ਹਿੰਦੂ-ਮੁਸਲਮਾਨ ਦੇ ਸੰਪ੍ਰਦਾਇਕ ਮਤਭੇਦਾਂ ਨੂੰ ਰਾਜਨੀਤਿਕ ਰੂਪ ਦੇਕੇ ਮਜ਼ਹਬੀ ਝਗੜਿਆਂ ਦੀ ਬੁਨਿਆਦ ਰਖ ਦਿਤੀ [98] ।' ਅਜਿਹਾ ਉਹ 1857 ਵਿਚ ਸਿੱਖੇ ਸਬਕ ਸਦਕਾ ਕਰ ਰਿਹਾ ਸੀ ।1857 ਤੋਂ ਪਿਛੋਂ ਤਾਂ ਉਹਨੇ ਧਰਮ ਨੂੰ 'ਪਾੜੋ ਤੇ ਰਾਜ ਕਰੋ ' ਦੀ ਨੀਤੀ ਨੂੰ ਸਿਰੇ ਚਾੜ੍ਹਨ ਲਈ ਵਧ ਤੋਂ ਵਧ ਵਰਤਣਾ ਸ਼ੁਰੂ ਕਰ ਦਿਤਾ ਸੀ ।

---

96. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, ਸਫਾ 164.

97. ਡਾ: ਜਗਜੀਤ ਸਿੰਘ, ਸਿੰਘ ਸਭਾ ਲਹਿਰ, ਸਫਾ 13.

98. ਡਾ: ਜਗਜੀਤ ਸਿੰਘ, ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਅਤੇ ਸਿੰਘ ਸਭਾ-ਲਹਿਰ, ਦੁਖ ਨਿਵਾਰਨ, ਅਕਤੂਬਰ 1973 ਸਫਾ 8.

ਸਿੱਖਾਂ ਵਿਚ ਆਪਣੇ ਧਰਮ ਦੀ ਰਾਖੀ ਦੀ ਭਾਵਨਾਂ ਪੈਦਾ ਕਰਨ ਵਿਚ ਅੰਗਰੇਜ਼ ਦਾ ਆਪਣਾ ਹਿੱਤ ਸੀ, ਭਾਵੇਂ ਅਜਿਹਾ ਕਰਨ ਵਿਚ ਉਹਨੇ ਆਪਣੇ ਏਜੰਟ ਸ਼ਰਧਾ ਰਾਮ ਫਲੌਰੀ ਨੂੰ ਵੀ ਕਿਉਂ ਨਾ ਵਰਤਿਆ ਹੋਵੇ ।

ਸਿੱਖਾਂ ਦਾ ਧਿਆਨ ਮਹਾਰਾਜਾ ਦਲੀਪ ਸਿੰਘ ਨਾਲ ਹੋਏ ਧੱਕੇ ਤੇ ਉਹਦੀਆਂ ਮੰਗਾਂ ਵਲੋਂ ਹਟਾਉਣਾ ਵੀ ਅੰਗਰੇਜ਼ ਲਈ ਜ਼ਰੂਰੀ ਸੀ ।ਮਹਾਰਾਜਾ ਦਲੀਪ ਸਿੰਘ ਈਸਾਈ ਬਣਨ ਪਿਛੋਂ 1854 ਵਿਚ ਵਲਾਇਤ ਚਲਾ ਗਿਆ ਸੀ ਜਿਥੇ ਕੁੱਝ ਚਿਰ ਤਾਂ ਉਹ ਈਸਾਈ ਧਰਮ ਤੇ ਅੰਗਰੇਜ਼ੀ ਰਾਜ ਦਾ ਦਿਲਦਾਦਾ ਬਣਿਆ ਰਿਹਾ ਪਰ ਹੌਲੀ ਹੌਲੀ ਉਹਦੀਆਂ ਅੱਖਾਂ ਖੁਲ੍ਹਣੀਆਂ ਸ਼ੁਰੂ ਹੋਈਆਂ।1859 ਵਿੱਚ ਉਨ੍ਹੇ ਰੂਮ ਵਿਚ ਜਾਨ ਬਰਾਈਟ ਦਾ 'ਬਰਤਾਨਵੀ ਰਾਜ ਵਿਚ ਦੁਖੀ ਦੇਸੀ ਲੋਕਾਂ ਦੀਆਂ ਤਕਲੀਫ਼ਾਂ' ਦੇ ਵਿਸ਼ੇ ਤੇ ਲੈਕਚਰ ਸੁਣਿਆ ਤਾਂ ਉਹਦੇ ਮਨ ਤੇ ਡੂੰਘਾ ਅਸਰ ਪਿਆ ।1856 ਵਿਚ ਤਾਂ ਉਹ ਸੰਧੀ ਅਨੁਸਾਰ ਆਪਣੀ ਪੈਨਸ਼ਨ ਪੂਰੀ ਲੈਣ ਤੇ ਆਪਣੀ ਜੱਦੀ ਜਾਇਦਾਦ ਹਾਸਲ ਕਰਨ ਲਈ ਈਸਟ ਇੰਡੀਆ ਕੰਪਨੀ ਦੇ ਕੋਰਟ ਆਫ ਡਾਇਰੈਕਟਰਜ਼ ਅਗੇ ਬੇਨਤੀਆਂ ਕਰਦਾ ਸੀ ਪਰ 1869 ਵਿਚ ਉਹਨੇ ਪੰਜਾਬ ਦਾ ਰਾਜ ਹਾਸਲ ਕਰਨ ਦੀ ਆਪਣੀ ਇਛਾ ਨੂੰ ਜ਼ਾਹਰ ਕਰ ਦਿਤਾ ਸੀ । 1861 ਵਿਚ ਜਦੋਂ ਉਹਨੇ ਹਿੰਦੁਸਤਾਨ ਦੀ ਧਰਤੀ ਤੇ ਪੈਰ ਧਰਿਆ ਸੀ ਤਾਂ ਸਿਖ ਪਲਟਨਾਂ ਨੇ ਜਿਹੜਾ ਮਾਨ ਤੇ ਸਤਿਕਾਰ ਉਹਨੂੰ ਦਿਤਾ ਸੀ, ਉਸ ਨੂੰ ਵੇਖ ਕੇ ਲਾਰਡ ਕੈਨਿੰਗ ਨੇ ਉਹਨੂੰ ਫੌਰਨ ਆਪਣੀ ਮਾਤਾ ਰਾਣੀ ਜਿੰਦਾਂ ਨੂੰ ਲੈ ਕੇ ਇੰਗਲੈਂਡ ਜਾਣ ਦਾ ਹੁਕਮ ਦੇਣਾ ਪਿਆ ਸੀ ।ਕੂਕਿਆਂ ਨੂੰ ਇਸ ਭਵਿਖਬਾਣੀ ਤੇ ਪੂਰਾ ਯਕੀਨ ਸੀ ਕਿ ਮਹਾਰਾਜਾ ਦਲੀਪ ਸਿੰਘ ਹਿੰਦੁਸਤਾਨ ਦੇ ਤਖ਼ਤ ਦਾ ਮਾਲਕ ਬਣੇਗਾ ।

ਜਨਵਰੀ 1872 ਵਿਚ ਅੰਗਰੇਜ਼ ਦੀਆਂ ਤੋਪਾਂ ਮਲੇਰਕੋਟਲੇ ਵਿਚ 67 ਕੂਕਿਆਂ ਦੇ ਪੁਰਜ਼ੇ ਉਡਾ ਚੁਕੀਆਂ ਸਨ, ਲੋਕਾਂ ਦੇ ਦਿਲਾਂ ਵਿਚ ਇਸ ਵਹਿਸ਼ਿਆਨਾ ਜ਼ੁਲਮ ਦੀ ਯਾਦ ਬਿਲਕੁਲ ਸਜਰੀ ਸੀ। ਸੋ ਡਾਕਟਰ ਜਗਜੀਤ ਸਿੰਘ ਦੇ ਇਸ ਕਥਨ ਵਿਚ ਕਾਫੀ ਸੱਚਾਈ ਹੈ ਕਿ " ਕੁਝ ਕੁ ਵਿਦਵਾਨਾਂ ਦਾ ਖਿਆਲ ਹੈ ਕਿ ----- ਸਿੱਖਾਂ ਦਾ ਧਿਆਨ ਨਾਮਧਾਰੀ ਸਿੱਖਾਂ ਤੇ ਹੋਏ ਜ਼ੁਲਮਾਂ ਤੇ ਮਹਾਰਾਜਾ ਦਲੀਪ ਸਿੰਘ ਜੀ ਦੀਆਂ ਮੰਗਾਂ ਵਲੋਂ ਹਟਾਉਣ ਤੇ ਅੰਗਰੇਜ਼ ਭਗਤੀ ਸਿੱਖਾਂ ਦੇ ਦਿਲਾਂ ਵਿਚ ਪਕੀ ਕਰਨ ਲਈ ਪਹਿਲੀ 'ਸਿੰਘ ਸਭਾ' ਅੰਮ੍ਰਿਤਸਰ 1873 ਵਿਚ ਬਣਾਈ ਗਈ ਸੀ'[99] ਪਰ ਭਾਈ ਸਾਹਿਬ ਅਰਦਮਨ ਸਿੰਘ ਬਾਗੜੀਆਂ ਇਸ ਗੱਲ ਨਾਲ ਸਹਿਮਤ ਨਹੀਂ, ਆਪਣੀ ਗੱਲ ਦੀ ਪੁਸ਼ਟੀ ਲਈ ਉਹ ਆਪਣੇ ਜ਼ਾਤੀ ਤਜਰਬੇ ਚੋਂ ਕਈ ਮਿਸਾਲਾਂ ਦਿੰਦੇ ਹਨ। 'ਸਿੰਘ ਸਭੀਆਂ ਤੇ ਚੀਫੀਆਂ ਦਾ ਕੂਕਿਆਂ ਦੇ ਅੰਦੋਲਨ ਦਾ ਸਾਥ ਨਾ ਦੇਣ ਤੇ ਗਦਰ ਪਾਰਟੀ ਦੇ ਬਾਬਿਆਂ ਦਾ ਸਤਿਕਾਰ ਨਾ ਕਰਨ ਨੂੰ ਇਨ੍ਹਾਂ ਨੇ ਸਮੇਂ ਦੀ ਨੀਤੀ ਦਾ ਨਾਂ ਦਿਤਾ ਹੈ :-

99. ਡਾ. ਜਗਜੀਤ ਸਿੰਘ, ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਅਤੇ ਸਿੰਘ ਸਭਾ-ਲਹਿਰ, ਦੁਖ ਨਿਵਾਰਨ, ਅਕਤੂਬਰ 1973 ਸਫਾ 8.

" ਕਈ ਸੱਜਣ ਆਖ ਦਿੰਦੇ ਹਨ ਕਿ ਸਿੰਘ ਸਭੀਏ ਅਤੇ ਚੀਫ਼ੀਏ ਐਵੇਂ ਠੰਡੇ ਜਿਹੇ, ਡਰਦੇ ਸਹਿਮੇ ਜਿਹੇ, ਸਰਕਾਰੀਏ ਹੀ ਸਨ। ਉਨ੍ਹਾਂ ਨੇ ਕੂਕਿਆਂ ਦੇ ਅੰਦੋਲਨ ਵੇਲੇ ਸਾਥ ਨਾ ਦਿੱਤਾ, ਅਤੇ ਉਨ੍ਹਾਂ ਨੇ ਗ਼ਦਰ ਪਾਰਟੀ ਦੇ ਬਾਬਿਆਂ ਨੂੰ ਨਾ ਸਤਿਕਾਰਿਆ । ਤਥਾ ਸਿੰਘ ਸਭਾ ਦਾ ਪਿਛੋਕੜ ਕੋਈ ਹੌਸਲੇ ਦੇਣ ਵਾਲਾ ਜਾਂ ਆਸ਼ਾਜਨਕ ਨਹੀਂ । ਇਹ ਸਮੇਂ ਦੀ ਨੀਤੀ ਹੁੰਦੀ ਹੈ, ਕਮਜ਼ੋਰੀ ਨਹੀਂ ਹੁੰਦੀ। ਸਿੰਘ ਸਭਾ ਵਿਚ ਕੰਮ ਕਰਨ ਵਾਲੇ ਪਹਿਲਾਂ ਥੋੜ੍ਹੇ ਜਿਹੇ ਹੀ ਗਿਣਤੀ ਦੇ ਸੱਜਣ ਨਿਤਰੇ ਸਨ । ਖ਼ੁਦ ਸਿੱਖਾਂ ਵਿਚ ਹੀ ਪਹਿਲਾਂ ਉਨ੍ਹਾਂ ਦੀ ਬੜੀ ਮੁਖ਼ਾਲਫ਼ਤ ਸੀ । ਜੇ ਉਹੋ ਸੱਜਣ ਸਰਕਾਰ ਨਾਲ ਟਾਕਰਾ ਲੈਕੇ ਅੰਦਰ ਡੱਕੇ ਜਾਂਦੇ ਤਾਂ ਇਹ ਲਹਿਰ ਹੀ ਰੁਕ ਜਾਣੀ ਸੀ । ਇਹ ਉਨ੍ਹਾਂ ਦੀ ਦੂਰ ਅੰਦੇਸ਼ੀ ਸੀ । ਗ਼ਦਰ ਪਾਰਟੀ ਵਾਲੇ ਸਿੰਘਾਂ ਬਾਬਤ ਭੀ ਇਹ ਖ਼ਿਆਲ ਗ਼ਲਤ ਹੈ। ਮੇਰੇ ਪਿਤਾ ਜੀ ਦਾ ਸਿੰਘ ਸਭਾ ਲਹਿਰ ਨਾਲ ਖ਼ਾਸ ਸੰਬੰਧ ਸੀ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਉਹ ਬਾਨੀ ( Founder President ) ਸਨ ਅਤੇ ਪੰਦਰਾਂ ਸਾਲ ਪ੍ਰਧਾਨ ਰਹੇ । ਮੈਂ ਇਕ ਜ਼ਾਤੀ ਜਾਣਕਾਰੀ ਆਪ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦ ਗ਼ਦਰ ਪਾਰਟੀ ਵਾਲੇ ਕਈ ਸਿੰਘ ਪੰਜਾਬ ਵਿਚ ਆ ਕੇ ਗੁਪਤ ( Underground ) ਵਿਚਰਦੇ ਰਹੇ ਤਾਂ ਤਿੰਨ ਚਾਰ ਵੀਰਾਂ ਨੂੰ ਮੇਰੇ ਪਿਤਾ ਜੀ ਨੇ ਹੀ ਆਪਣੇ ਪਾਸ ਰੱਖੀ ਰੱਖਿਆ । ਇਕ ਸੱਜਣ ਖ਼ਾਸ ਬਾਗੜੀਏ ਸਾਡੇ ਕਿਲ੍ਹੇ ਅੰਦਰ ਪਿਤਾ ਜੀ ਪਾਸ ਰਹਿੰਦਾ ਸੀ । ਉਸ ਦਾ ਨਾਮ ਸਰਦਾਰ ਰਾਇ ਸਿੰਘ ਸੀ । ਬਾਕੀ ਤਿੰਨ ਜਣੇ ਪਿਤਾ ਜੀ ਨੇ ਹੋਰ ਥਾਵਾਂ ਤੇ ਟਿਕਾਏ ਹੋਏ ਸਨ। ਮੈਂ ਉਨ੍ਹਾਂ ਦਿਨਾਂ ਵਿਚ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਪੜ੍ਹਦਾ ਹੁੰਦਾ ਸੀ । ਕਾਮਾ-ਗਾਟਾ-ਮਾਰੂ ਵਾਲੇ ਬਾਬਾ ਗੁਰਦਿੱਤ ਸਿੰਘ ਜੀ ਉਦੋਂ ਖ਼ਾਲਸਾ ਕਾਲਜ ਵਿਚ ਹੀ ਚਪੜਾਸੀ ਬਣਕੇ ਲੱਗੇ ਹੋਏ ਸੀ । ਸਰਦਾਰ ਰਾਇ ਸਿੰਘ ਹੁਰਾਂ ਨਾਲ ਬਾਬਾ ਜੀ ਦਾ ਸੰਪਰਕ ਮੇਰੇ ਰਾਹੀਂ ਹੀ ਬਣਿਆ ਕਰਦਾ ਸੀ । ਐਸੇ ਹੀ ਜਦ ਸੰਤ ਤੇਜਾ ਸਿੰਘ, ਐਮ.ਏ. ਅਮਰੀਕਾ ਤੋਂ ਆਏ ਤਾਂ ਉਨ੍ਹਾਂ ਮਗਰ ਭੀ ਨਿਗਰਾਨੀ ਵਾਲੇ ਪੁਲਸੀਏ ਲੱਗੇ ਰਹਿੰਦੇ ਸੀ, ਕਿਉਂਕਿ ਉਨ੍ਹਾਂ ਦਾ ਭੀ ਇਸੇ ਪਾਰਟੀ ਨਾਲ ਮੇਲ ਅਮਰੀਕਾ ਤੋਂ ਆਉਣ ਕਰਕੇ ਕੁਦਰਤੀ ਸੀ । ਉਹ ਭੀ ਮੇਰੇ ਪਿਤਾ ਜੀ ਪਾਸ ਹੀ ਕਈ ਵਾਰ ਬਾਗੜੀਏ ਅਤੇ ਸੋਲਨ ਆ ਕੇ ਰਿਹਾ ਕਰਦੇ ਸੀ ਅਤੇ ਉਨ੍ਹਾਂ ਮਗਰੋਂ ਇਹ ਪੁਲਸ ਦੀ ਨਿਗਰਾਨੀ ਪਿਤਾ ਜੀ ਨੇ ਹੀ ਸ੍ਰੀਮਾਨ ਸੰਤ ਅਤਰ ਸਿੰਘ ਜੀ ਦੇ ਕਹਿਣ ਤੇ, ਬੜੀ ਕੋਸ਼ਿਸ਼ ਨਾਲ ਹਟਵਾਈ, ਕਿਉਂਕਿ ਸੰਤ ਮਹਾਰਾਜ ਉਨ੍ਹਾਂ ਤੋਂ ਹੋਰ ਤਰ੍ਹਾਂ ਦੀ ਸੇਵਾ ਲੈਣੀ ਚਾਹੁੰਦੇ ਸਨ ।

ਦਰ ਅਸਲ ਵੇਲੇ ਵੇਲੇ ਦੀ ਨੀਤੀ ਹੁੰਦੀ ਹੈ। ਉਹ ਵਰਤਨੀ ਹੀ ਸਿਆਣਪ ਹੁੰਦੀ ਹੈ । ਸਤਿਗੁਰਾਂ ਨੇ ਆਪ ਐਸੀ ਹੀ ਮਿਸਾਲ ਕਾਇਮ ਕਰਕੇ ਸਾਨੂੰ ਅਗਵਾਈ ਦਿੱਤੀ ਹੈ। ਸਾਡਾ ਇਤਿਹਾਸ ਦਸਦਾ ਹੈ ਕਿ ਸਤਿਗੁਰਾਂ ਦੀਆਂ ਪਹਿਲੀਆਂ ਚਾਰ ਪੀੜ੍ਹੀਆਂ ਸਾਡੇ ਮਨਾਂ ਉਪਰੋਂ ਸਾਡੀ ਬੁੱਧੀ ਤੇ ਦਮਾਗ਼ ਉਤੋਂ ਗ਼ੁਲਾਮੀ ਸਾਫ਼ ਕਰਨ ਅਤੇ ਆਚਰਣ ਦੀ ਉਸਾਰੀ ਵਿਚ ਹੀ ਲੱਗੀਆਂ ਰਹੀਆਂ, ਅਰਥਾਤ ਬੁੱਧੀ ਤੇ ਵਿਚਾਰ ਪਰਿਵਰਤਨ ( Brain Washing ) ਕਰਦੇ ਰਹੇ । ਇਹ ਚੌਥੇ ਸਤਿਗੁਰਾਂ

ਵੇਲੇ ਅਵਸਥਾ ਆਈ, ਸਿੱਖੀ ਦਾ ਘੇਰਾ ਵਿਸ਼ਾਲ ਹੋ ਗਿਆ, ਅਤੇ ਸਿੱਖ ਕੈਰੈਕਟਰ ਐਸਾ ਬਣ ਗਿਆ ਕਿ ਸਤਿਗੁਰਾਂ ਨੇ ਖ਼ੁਦ ਫ਼ੁਰਮਾਇਆ ਕਿ

' ਗੁਰ ਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ ॥"

ਅਤੇ ਸਿੱਖੀ ਦਾ ਦਾਇਰਾ ਐਡਾ ਹੋ ਗਿਆ ਕਿ ਉਨ੍ਹਾਂ ਬਾਦ ਗੁਰਤਾ ਸੌਂਪਣ ਲਈ ਪਾਤਰ ਨਵ-ਧਰਮੀਆਂ ( Converts ) ਵਿਚੋਂ ਨਹੀਂ ਛਾਂਟਣਾ ਪਿਆ ।

ਫਿਰ ਪੰਜਵੇਂ ਪਾਤਸ਼ਾਹ ਵੇਲੇ ਹਕੂਮਤ ਨਾਲ ਟਾਕਰਾ ਹੋਇਆ । ਇਹ ਟਾਕਰਾ ਬੀਰਬਲ ਨਾਲ ਹੀ ਹੋ ਜਾਂਦਾ ਜੇ ਉਹ ਸਰਹੰਦ ਦੀ ਲੜਾਈ ਤੋਂ ਜਿਉਂਦਾ ਮੁੜ ਆਉਂਦਾ । ਪੂਰੀ ਤਿਆਰੀ ਬਿਨਾ ਐਵੇਂ ਟਾਕਰਾ ਲੈਣੀ ਮੂਰਖਤਾ ਹੀ ਹੁੰਦੀ ਹੈ। ਸਤਿਗੁਰਾਂ ਦਾ ਹੁਕਮ ਹੈ ਕਿ :-

" ਜੈਸਾ ਬਿਤ ਤੈਸਾ ਹੋਇ ਵਰਤੇ ਆਪਣਾ ਬਲ ਨਹੀਂ ਹਾਰੇ ।"

ਸੋ ਬਿਤ ਦੇਖਕੇ ਹੀ ਕੰਮ ਕਰਨਾ ਉਚਿਤ ਹੁੰਦਾ ਹੈ। ਪੰਜਵੇਂ ਸਤਿਗੁਰਾਂ ਨੇ ਭੀ ਪਹਿਲਾਂ ਆਪ ਸ਼ਾਂਤਮਈ ਢੰਗ ਨਾਲ ਹੀ ਟਾਕਰਾ ਕੀਤਾ ਪਰੰਤੂ ਨਾਲ ਹੀ ਆਪਣੇ ਜਾਨਸ਼ੀਨ ਸਪੁੱਤਰ ਨੂੰ ਸ਼ਸਤਰ ਵਿਦਿਆ ਮੁੱਢ ਤੋਂ ਹੀ ਐਸੀ ਦਿੱਤੀ ਕਿ ਗਿਆਰਾਂ ਸਾਲ ਦੀ ਉਮਰ ਵਿਚ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਸੰਭਾਲੀ ਤਾਂ ਉਹ ਸ਼ਸਤਰ ਵਿਦਿਆ ਦੇ ਮਾਹਰ ਤੇ ਐਨ ਨਿਪੁੰਨ ਸਨ[100] ।

ਪਰ ਇਸ ਗੱਲੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਸਿੰਘ ਸਭੀਆਂ ਨੇ ਲੋਕਾਂ ਨੂੰ ਅੰਗਰੇਜ਼ ਭਗਤੀ ਵਲ ਪਰੇਰਿਆ । 'ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਬਾਤ ਸਰਕਾਰ ਦੇ ਤਲਕ ਨਹੀਂ ਕੀਤੀ ਜਾਵੇਗੀ ' ਦੇ ਨਿਯਮ ਦਾ ਹੋਰ ਭਾਵ ਕੀ ਹੋ ਸਕਦਾ ਹੈ ਕਿ ਕੋਈ ਗੱਲ ਸਰਦਾਰ ਦੇ ਵਿਰੁਧ ਨਹੀਂ ਕੀਤੀ ਜਾਇਗੀ ।' ਖੈਰ ਖ਼ੁਆਹੀ ਕੌਮ ਫਰਮਾ ਬਰਦਾਰੀ ਸਰਕਾਰੀ ' ਦੇ ਨਿਯਮ ਨੂੰ ਤਾਂ ਕਿਸੇ ਵਕਾਲਤ ਦੀ ਲੋੜ ਨਹੀਂ ਰਹਿ ਜਾਂਦੀ ਤੇ ਇਸੇ ਨਿਯਮ ਦੀ ਸਿੰਘ ਸਭੀਏ ਤੇ ਬਾਦ ਵਿਚ ਚੀਫੀਏ ਪੂਰੀ ਤਰ੍ਹਾਂ ਪਾਲਨਾ ਕਰਦੇ ਰਹੇ । ਪ੍ਰੋ: ਤੇਜਾ ਸਿੰਘ ਇਸ ਗੱਲ ਨੂੰ ਪਸੰਦ ਨਹੀਂ ਕਰਦੇ ਕਿ ਸਰ ਸਈਅਦ ਅਹਿਮਦ ਖਾਂ ਜਾਂ ਉਹਦੇ ਵਰਗੇ ਸਿਖਾਂ ਤੇ ਇਹ ਇਲਜ਼ਾਮ ਲਾਇਆ ਜਾਏ ਕਿ ਉਨ੍ਹਾਂ ਨੇ ਆਪਣੇ ਲੋਕਾਂ ਨੂੰ ਧੋਖਾ ਦੇਕੇ ਅੰਗਰੇਜ਼ ਦੀ ਸੇਵਾ ਕਰਾਈ । ਉਨ੍ਹਾਂ ਦਾ ਕਹਿਣਾ ਹੈ ਕਿ ਦੋਵੇਂ ਕੌਮਾਂ ਪਛੜੀਆਂ ਹੋਈਆਂ ਸਨ ਤੇ ਸਰਕਾਰੀ ਸਹਾਇਤਾ ਲੈਣ ਲਈ ਦੋਨਾਂ ਦਾ ਸਰਕਾਰ ਨੂੰ ਸਹਿਯੋਗ ਦੇਣਾ ਬਿਲਕੁਲ ਹੀ ਜਾਇਜ਼ ਸੀ[101] ।

ਸਿੰਘ ਸਭਾ ਦਾ ਅੰਗਰੇਜ਼ ਦੇ ਇਸ਼ਾਰੇ ਤੇ ਹੋਂਦ ਵਿਚ ਆਉਣ ਦਾ ਅਨੁਮਾਨ 1862 ਦੀ ਲੁਧਿਆਣਾ ਮਿਸ਼ਨ ਦੀ ਸਾਲਾਨਾ ਰਿਪੋਰਟ ਤੋਂ ਵੀ ਲਗਦਾ ਹੈ ਜਿਸ ਵਿਚ ਸਿੱਖਾਂ ਦੀ ਜਾਗ੍ਰਤ ਤੇ

100 ਭਾਈ ਸਾਹਿਬ ਅਰਦਮਨ ਸਿੰਘ ਬਾਗੜੀਆਂ, ਸਿੰਘ ਸਭਾ ਅਤੇ ਸਿੱਖ ਰਹਿਤ ਮਰਯਾਦਾ, ਸਿੰਘ ਸਭਾ ਪਤ੍ਰਿਕਾ, ਸ੍ਰੀ ਅੰਮ੍ਰਿਤਸਰ, ਜਨਵਰੀ 1974, ਸਫੇ 27-28.

101. Prof.Teja Singh, Essays in Sikhism, pp.129-47.

ਗੁਰੂ ਸਾਹਿਬਾਨ ਦੇ ਪੈਗ਼ਾਮ ਨੂੰ ਸਮਝਣ ਦੇ ਯਤਨਾਂ ਦਾ ਸਮਾਂ ਅੰਗਰੇਜ਼ ਦੇ ਆਉਣ ਤੋਂ ਪਹਿਲਾਂ ਦਾ ਨਿਯਤ ਕੀਤਾ ਗਿਆ ਹੈ ।ਨਾਲੇ ਸਿੰਘ ਸਭਾ ਦੇ ਮੋਢੀਆਂ (ਠਾਕਰ ਸਿੰਘ ਸੰਧਾਂਵਾਲੀਆ,ਗੁਲਾਬ ਸਿੰਘ ਤੇ ਸਰਬਰਾਹ ਦਰਬਾਰ [illegible] ਸਾਹਿਬ) ਦੇ ਉਸ ਐਡਰੈਸ ਤੇ ਦਸਖਤ ਹੋਣੇ ਜਿਹੜਾ ਲਾਟ ਸਾਹਿਬ ਨੂੰ 28 ਮਾਰਚ 1872 ਨੂੰ ਪੇਸ਼ ਕੀਤਾ ਗਿਆ ਸੀ ਤੇ ਜਿਸ ਵਿਚ ਇਹ ਕਿਹਾ ਗਿਆ ਸੀ ਕਿ ' ਹਾਲ ਮੈਂ ਜੋ ਇੰਨਤਜ਼ਾਮ ਇਸ. . . . ਫਿਰਕਾ ਕਾ ਸਰਕਾਰ ਜ਼ੂਲਇਕਤਦਾਰ ਕੀ ਤਰਫ ਸੇ ਹੂਆ ਹੈ ਨਿਹਾਇਤ ਮੁਨਾਸਿਬ ਔਰ ਮੁਸਤਹਸਨ ਹੈ ਔਰ ਖਸੂਸਨ ਜ਼ਿਆਦਹਤਰ ਖੁਸ਼ੀ ਇਸ ਬਾਤ ਕੀ ਹੈ ਕਿ ਐਸੇ ਇੰਤਜ਼ਾਮ ਸੇ ਆਇੰਦਾ ਕਿਸੀ ਕਾ ਐਸੀ ਹਰਕਾਤਿ ਨਾ ਸ਼ਾਇਸਤਾ ਪਰ ਹੌਸਲਾ ਨਾ ਰਹੇਗਾ ਔਰ ਨਾ ਐਸੇ ਲੋਗੋਂ ਕੀ ਕਿਸੀ ਹਰਕਤਿ ਨਾਮਾਕੂਲ ਪਰ ਦੂਸਰੋਂ ਪਰ ਸ਼ੁਬਹ ਹੋ ਸਕੇਗਾ।' ਉਨ੍ਹਾਂ ਦੀ ਅੰਗਰੇਜ਼-ਭਗਤੀ ਤੇ ਨਾ ਸਿਰਫ ਚਾਨਣ ਹੀ ਪਾਂਦਾ ਹੈ ਸਗੋਂ ਸਿੰਘ ਸਭਾ ਦੀ ਹੋਂਦ ਦੇ ਅਖਾਉਤੀ ਮੰਤਵ ਤੇ ਵੀ ਸ਼ੱਕ ਪੈਦਾ ਕਰਦਾ ਹੈ । ਜੇ ਕਰ ਇਹ ਐਡਰੈਸ ਸਿਰਫ ਅੰਮ੍ਰਿਤਸਰ ਨਿਵਾਸੀਆਂ ਵਲੋਂ ਹੀ ਨਾ ਹੁੰਦਾ ਤਾਂ ਇਸ ਉਤੇ ਬਾਬਾ ਖੇਮ ਸਿੰਘ ਬੇਦੀ,ਕੰਵਰ ਬਿਕ੍ਰਮ ਸਿੰਘ ਆਦਿ ਹੋਰ ਮੋਢੀਆਂ ਦੇ ਦਸਖਤ ਵੀ ਹੋ ਸਕਦੇ ਸਨ। ਠਾਕਰ ਸਿੰਘ ਸੰਧਾਂਵਾਲੀਆ ਦਾ ਅੰਗਰੇਜ਼ੀ ਰਾਜ ਨੂੰ ਖਤਮ ਕਰਨ ਤੇ ਮਹਾਰਾਜਾ ਦਲੀਪ ਸਿੰਘ ਦਾ ਰਾਜ ਕਾਇਮ ਕਰਨ ਦੇ ਯਤਨ ਕਰਨਾ ਇਸ ਗੱਲ ਨੂੰ ਸਾਬਤ ਨਹੀਂ ਕਰਦਾ ਕਿ ਸਿੰਘ ਸਭਾ ਦੇ ਮੋਢੀ ਅੰਗਰੇਜ਼ ਭਗਤ ਨਹੀਂ ਸਨ ਜਾਂ ਅੰਗਰੇਜ਼ ਵਿਰੋਧੀ ਸਨ ।ਜਿਸ ਠਾਕਰ ਸਿੰਘ ਸੰਧਾਂਵਾਲੀਏ ਨੇ ਕੂਕਿਆਂ ਦੇ ਵਿਰੁਧ ਤੇ ਆਪਣੀ ਨਮਕਹਲਾਲੀ ਦੇ ਸਬੂਤ ਵਜੋਂ ਲਾਟ ਸਾਹਿਬ ਨੂੰ ਐਡਰੈਸ ਪੇਸ਼ ਕੀਤਾ ਸੀ ਉਹ ਉਸ ਸਮੇਂ ਹੀ ਅੰਗਰੇਜ਼ ਦੇ ਖਿਲਾਫ ਹੋਇਆ ਜਦੋਂ ਉਹਨੂੰ ਜ਼ਾਤੀ ਨੁਕਸਾਨ ਹੋਇਆ,ਜਿਹਾ ਕਿ ਉਸ ਪਾਸੋਂ ਈ.ਏ.ਸੀ. ਦੀ ਨੌਕਰੀ ਖੋਹੀ ਜਾਣੀ, ਉਹਨੂੰ ਕਰਜ਼ਾ ਲਾਹੁਣ ਲਈ ਸੱਤਰ ਹਜ਼ਾਰ ਰੁਪਿਆ ਹੁਧਾਰ ਦੇਣ ਦੀ ਥਾਂ ਉਹਦੀ ਜਾਇਦਾਦ ਨੂੰ ਕੋਰਟ ਆਫ਼ ਵਾਰਡਜ਼ ਦੇ ਅਧੀਨ ਕਰਨਾ ਆਦਿ ਤੇ ਇਹ ਨੁਕਸਾਨ ਵੀ ਉਹਨੂੰ ,ਅੰਮ੍ਰਿਤਸਰ ਦੇ ਕਮਿਸ਼ਨਰ,ਮਿਸਟਰ ਪਾਰਕਿਨਜ਼ ਦੀ ਜ਼ਾਤੀ ਦੁਸ਼ਮਣੀ ਕਰ ਕੇ ਹੋਇਆ ਸੀ[102] । ਜੇ ਕਰ ਅਜਿਹਾ ਨਾ ਹੁੰਦਾ ਤਾਂ ਸ਼ਾਇਦ ਉਹ ਵੀ ਆਪਣੇ ਹੋਰ ਸਾਥੀਆਂ ਵਾਂਗ ਅਖੀਰ ਦਮ ਤਕ ਅੰਗਰੇਜ਼ ਭਗਤੀ ਵਿਚ ਜੁੱਟਿਆ ਰਹਿੰਦਾ ।

ਬਾਬਾ ਖੇਮ ਸਿੰਘ ਬੇਦੀ ਆਪ ਗੁਰੂ ਅਖਵਾਉਂਦੇ ਸਨ,ਸਿੱਖ ਧਰਮ ਵਿਚ ਬ੍ਰਾਹਮਣੀ ਅਸਰ ਹੇਠ ਆਈਆਂ ਬਹੁਤ ਸਾਰੀਆਂ ਰੀਤਾਂ ਦੇ ਹਾਮੀ ਸਨ ਜਿਨ੍ਹਾਂ ਨੂੰ ਕਿ ਸਿੰਘ ਸਭੀਏ ਕੁਰੀਤੀਆਂ ਸਮਝ ਕੇ ਦੂਰ ਕਰਨਾ ਚਾਹੁੰਦੇ ਸਨ;ਉਹ ਸਿੱਖਾਂ ਨੂੰ ਹਿੰਦੂਆਂ ਦਾ ਹੀ ਇਕ ਭਾਗ ਸਮਝਦੇ ਸਨ ਪਰ ਸਿੰਘ ਸਭਾ ਸਿੱਖਾਂ ਦੀ ਵਖਰੀ ਹੋਂਦ ਮੰਨਦੀ ਸੀ ;ਪਰ ਇਸ ਦੇ ਬਾਵਜੂਦ ਵੀ ਉਹ ਸਿੰਘ ਸਭਾ ਅੰਮ੍ਰਿਤਸਰ ਦੇ ਮੋਢੀਆਂ ਵਿਚੋਂ ਸਨ,ਇਹ ਗੱਲ ਵੀ ਬੜੀ ਹੈਰਾਨ ਕਰਨ ਵਾਲੀ

---

102. Gurdial Singh, Sardar Thakur Singh Sindhanwalia, The Panjab Past and Present,Oct.1968,p.355.

41

ਹੈ । ਪਰ ਹੈਰਾਨੀ ਉਸ ਵੇਲੇ ਦੂਰ ਹੋ ਜਾਂਦੀ ਹੈ ਜਦੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਬਾਬਾ ਖੇਮ ਸਿੰਘ ਬੇਦੀ" ਮੁਲਤਾਨ ਅਤੇ ਰਾਵਲਪਿੰਡੀ ਡਵੀਜ਼ਨ ਵਿਚ ਸਰਕਾਰ ਅੰਗਰੇਜ਼ੀ ਵਲੋਂ ਦਰਬਾਰੀ ਬਣਾਏ ਗਏ ਸਨ, ਦਰਬਾਰੀ ਨੰਬਰ ਵੀ ਅਵੱਲ ਸੀ । ਇਸ ਤੋਂ ਵਖਰੇ ਇਨ੍ਹਾਂ ਨੂੰ 10 ਬੰਦੇ ਆਪਣੇ ਨਾਲ ਸ਼ਸਤ੍ਰ ਧਾਰੀ (ਬੰਦੂਕਾਂ ਵਾਲੇ) ਰਖਣ ਦੇ ਅਸਲਾ ਐਕਟ ਤੋਂ ਮੁਸਤਸਨਾ ਸਨ"[103], ਜਿਹੜੇ 1857 ਦੇ ਗਦਰ ਸਮੇਂ ਇਸ ਨਤੀਜੇ ਤੇ ਅਪੜੇ ਸਨ ' ਕਿ ਇਸ ਵੇਲੇ ਸਾਡੇ ਵਲੋਂ ਸਰਕਾਰ ਦੀ ਸਹਾਇਤਾ ਕਰਨੀ ਸਰਕਾਰ ਉਤੇ ਐਹਸਾਨ ਨਹੀਂ, ਸਗੋਂ ਦੇਸ਼, ਧਰਮ ਤੇ ਸਿਖੀ ਦੇ ਬਚਾਉ ਦਾ ਖਿਆਲ ਕਰਕੇ ਇਨ੍ਹਾਂ ਦਾ ਸਾਥ ਦੇਣਾਂ ਹੈ "[104], ਤੇ ਜਿਨ੍ਹਾਂ ਨੇ ਰਾਵਲਪਿੰਡੀ ਛਾਉਣੀ ਵਿਚ ਹਜ਼ਾਰਾਂ ਫੌਜੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਸੀ :-

> " ਪਿਆਰੇ ਗੁਰ ਸਿਖੋ । ਭਰਾਵੋ ਤੇ ਸੱਜਣ ਪੁਰਸ਼ੋ । ਮੇਰਨ ਛਾਵਨੀ ਤੇ ਦਿਲੀ ਵਿਚ ਜੋ ਕੁਝ ਹੋਇਆ ਤੁਸੀਂ ਸੁਣਿਆ ਹੈ । ਇਹ ਚੰਗਾ ਨਹੀਂ ਹੋਇਆ । ਕਿਸੇ ਮੁਲਕ ਵਿਚ ਬਦਅਮਨੀ ਹੋਵੇ ਤਾਂ ਸਿਵਾਏ ਚੋਰ ਡਾਕੂਆਂ ਦੇ ਹੋਰ ਕਿਸੇ ਨੂੰ ਫੈਦਾ ਨਹੀਂ । ਅਗੇ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਨੂੰ ਮੱਸਾਂ 8 ਸਾਲ ਬੀਤੇ ਹਨ, ਬਹੁਤ ਜਾਨਾਂ ਦਾ ਤੇ ਧਨ ਪਦਾਰਥ ਦਾ ਨੁਕਸਾਨ ਹੋਇਆ ਹੈ। ਮੱਸਾਂ ਹੁਣ ਪਰਜਾ ਨੂੰ ਕੁਝ ਅਰਾਮ ਮਿਲਿਆ ਹੈ।. . . 8-9 ਸਾਲ ਹੋਣ ਵਾਲੇ ਹਨ ਇਨ੍ਹਾਂ ਵੀ ਪਰਜਾ ਵਾਸਤੇ ਕਈ ਹੋਰ ਚੰਗੀਆਂ ਗਲਾਂ ਕੀਤੀਆਂ । ਸਗੋਂ ਵਧੇਰੇ ਸੁੱਖ ਦੇ ਸਾਧਨ ਬਣਾਏ ਹਨ, ਤੇ ਹੋਰ ਵੀ ਬਹੁਤ ਕੁਝ ਕਰਨ ਨੂੰ ਸੋਚਦੇ ਹਨ ।. . . . ਜਿਸ ਅੰਗਰੇਜ਼ੀ ਸਰਕਾਰ ਦੀ ਰਾਜਨੀਤਕ ਚਾਲ ਨੇ ਪਹਿਲੇ ਭਾਰਤ ਵਿਚੋਂ ਮੁਗਲ ਰਾਜ, ਪੰਜਾਬ ਵਿਚੋਂ ਸਿਖ ਰਾਜ ਨੂੰ ਮਿਟਾਇਆ ਹੈ ਉਹ ਅਚਨਚੇਤ ਗਲ ਪਈ ਇਸ ਬਗਾਵਤ ਨੂੰ ਮਿਟਾ ਲੈਣਗੇ । ਅਸੀਂ ਤਾਂ ਇਸ ਵਾਸਤੇ ਇਮਦਾਦ ਕਰਨੀ ਹੈ ਕਿ ਮੁਗਲ ਰਾਜ ਫੇਰ ਨ ਹੋਣਾ ਪਾਏ । ਵਰਨਾਂ ਸਤਿਗੁਰੂ ਗੋਬਿੰਦ ਸਿੰਘ ਤੇ ਸਾਰੇ ਹੋਰ ਸਿਖਾਂ ਦੀ ਕੁਰਬਾਨੀ ਉਤੇ ਪਾਣੀ ਫਿਰ ਜਾਇਗਾ । ਸਿਖਾਂ ਦੇ ਸਿਰਾਂ ਦਾ ਮੁੱਲ ਪਾ ਪਾ ਕੇ ਫੇਰ ਫੜਨਗੇ, ਅਤੇ ਗਿਣ ਗਿਣ ਕੇ ਬਦਲਾ ਲੈਣਗੇ, ਜੋ ਸਿਖਾਂ ਨੇ ਇਨ੍ਹਾਂ ਮੁਗ਼ਲਾਂ ਨੂੰ ਮਿਟਾਇਆ ਸੀ ।. . . . ਕਿਸੇ ਵੀ ਰਾਜੇ ਦੀ ਫੌਜ ਹੀ ਰਖਿਯਕ ਹੁੰਦੀ-ਤੱਦ ਉਹ ਰਾਜਾ ਰਹਿ ਸਕਦਾ ਹੈ, ਅਕੇਲਾ ਕੁਝ ਨਹੀਂ ਕਰ ਸਕਦਾ । ਤਾਂ ਤੇ ਅਸਲ ਰਾਜ ਤੁਸੀਂ-ਫੌਜੀਆਂ ਦਾ ਹੈ। ਇਹ ਲੋਕ। (ਅੰਗਰੇਜ਼) ਤਾਂ ਆਪਣੀ ਸਿਆਣਪ ਨਾਲ ਤੁਸਾਡੀ ਤਾਕਤ ਰਾਹੀਂ ਦੇਸ਼ ਦੇ ਰਾਖੇ ਪ੍ਰਬੰਧਕ ਹਨ ।"[105]

ਤੇ ਇਸ ਤਰ੍ਹਾਂ " ਪਛਮੀ ਪੰਜਾਬ ਤੇ ਪੋਠੋਹਾਰ ਤੋਂ ਪਸ਼ਾਵਰ ਤੀਕ ਬਾਬਾ ਖੇਮ ਸਿੰਘ ਦੇ ਵਿਚਾਰਾਂ ਦੇ ਸਿਖ ਫੌਜੀਆਂ ਤੇ ਹਿੰਦੂ ਸਿਖ ਪਰਜਾ ਵਿਚ ਇਕ ਨਵਾਂ ਖਿਆਲ ਭਰ ਦਿਤਾ ਸੀ ਕਿ ਮੁਗ਼ਲ ਰਾਜ ਨੂੰ ਮੁੜ ਨਹੀਂ ਹੋਣ ਦੇਣਾਂ । ਉਹ ਸਾਰੇ ਅੰਗਰੇਜ਼ਾਂ ਦੀ ਜਿੱਤ ਚਾਹੁੰਦੇ ਸਨ"[106]। ਇਸ ਸੇਵਾ ਦੇ ਬਦਲੇ

103. ਗਿਆਨੀ ਈਸ਼ਰ ਸਿੰਘ ਨਾਰਾ, ਪੰਜਾਬ ਦਾ ਰਤਨ ਬਾਬਾ ਖੇਮ ਸਿੰਘ ਬੇਦੀ, ਸਫ਼ਾ 199.
104. ਉਹੀ ਸਫ਼ਾ 202.
105. ਉਹੀ ਸਫ਼ੇ 203-205. 106. ਉਹੀ ਸਫ਼ਾ 206.

ਉਨ੍ਹਾਂ ਨੂੰ " ਸਰਕਾਰ ਅੰਗਰੇਜ਼ੀ ਨੇ ਖੁਸ਼ ਹੋ ਕੇ 3000 ਦਾ ਨਜ਼ਰਾਨਾ ਖਿਲਅਤ ਦਿਤਾ ਸੀ ।"[107]

ਕੰਵਰ ਬਿਕ੍ਰਮ ਸਿੰਘ ਨੇ ਵੀ 1857 ਵਿਚ ਅੰਗਰੇਜ਼ ਲਈ ਲੜਾਈ ਦੇ ਮੈਦਾਨ ਵਿਚ ਬਹੁਤ ਬਹਾਦਰੀ ਦਿਖਾਈ ਸੀ ਇਸ ਦਾ ਜ਼ਿਕਰ 24 ਨਵੰਬਰ 1890 ਨੂੰ ਪੰਜਾਬ ਦੇ ਲਾਟ ਨੇ ਕਪੂਰਥਲੇ ਵਿਚ ਆਪਣੀ ਤਕਰੀਰ ਵਿਚ ਕੀਤਾ ਸੀ[108] ।

ਇਹ ਤਿੰਨੇ (ਠਾਕਰ ਸਿੰਘ ਸੰਧਾਂਵਾਲੀਆ, ਬਾਬਾ ਖੇਮ ਸਿੰਘ ਬੇਦੀ, ਕੰਵਰ ਬਿਕ੍ਰਮ ਸਿੰਘ) ਮੋਢੀ ਸਰਕਾਰ ਅੰਗਰੇਜ਼ੀ ਦੇ ਜ਼ਬਰਦਸਤ ਖੈਰਖਾਹ ਸਨ ਤੇ ਪਦਵੀਆਂ, ਖਿਲਅਤਾਂ, ਖਿਤਾਬਾਂ ਨਾਲ ਸਨਮਾਨੇ ਜਾ ਚੁਕੇ ਸਨ। ਇਸੇ ਤਰ੍ਹਾਂ ਬਾਦ ਵਿਚ ਇਸ ਵਿਚ ਸ਼ਾਮਲ ਹੋਣ ਵਾਲੇ ਲੀਡਰ ਵੀ ਅੰਗਰੇਜ਼ ਭਗਤ ਸਨ ।ਉਹ ਕੋਈ ਵੀ ਗੱਲ ਅਜਿਹੀ ਨਹੀਂ ਸਨ ਕਰ ਸਕਦੇ ਜਿਹੜੀ ਕਿ ਮਾੜੀ ਜਹੀ ਵੀ ਅੰਗਰੇਜ਼ੀ ਮੁਫਾਦ ਦੇ ਖਿਲਾਫ ਜਾਂਦੀ ਹੋਵੇ ਤੇ ਹਰ ਵੇਲੇ ਅੰਗਰੇਜ਼ ਦੇ ਇਸ਼ਾਰੇ ਤੇ ਨੱਚਣ ਲਈ ਤਿਆਰ ਰਹਿੰਦੇ ਸਨ। ਇਸ ਤੋਂ ਇਹ ਸ਼ੱਕ ਯਕੀਨ ਵਿਚ ਬਦਲਦਾ ਜਾਪਦਾ ਹੈ ਕਿ ਸਿੰਘ ਸਭਾ ਅੰਗਰੇਜ਼ ਸਰਕਾਰ ਦੇ ਇਸ਼ਾਰੇ ਤੇ ਕਾਇਮ ਕੀਤੀ ਗਈ ।

ਸਿੰਘ ਸਭਾ ਦੇ ਕਾਇਮ ਕਰਨ ਵਿਚ ਅੰਗਰੇਜ਼ੀ ਮੁਫਾਦ ਦੇ ਨਾਲ ਨਾਲ ਸਿੱਖ ਫਿਊਡਲ ਤੇ ਉਭਰ ਰਹੀ ਸਿੱਖ ਬੁਰਜੁਆਜ਼ੀ ਦਾ ਆਪਣਾ ਮੁਫਾਦ ਵੀ ਸੀ ।

" ਅੰਗਰੇਜ਼ਾਂ ਨੇ ਹਿੰਦੁਸਤਾਨ ਵਿਚ ਮਹਾਰਾਜਤਾ ਵਾਲਾ ਨਹੀਂ, ਸਰਮਾਇਆਦਾਰ ਸਾਮਰਾਜੀ ਰਾਜ ਪ੍ਰਬੰਧ ਕਾਇਮ ਕੀਤਾ, ਜਿਸ ਵਿੱਚ ਪੈਸੇ ਦੀ ਵੱਟਕ ਪਰਧਾਨ ਕੀਤੀ ਗਈ, ਜਿਸ ਦਾ ਮਨਸ਼ਾ ਹਿੰਦੁਸਤਾਨ ਵਿਚੋਂ ਜ਼ਿਆਦਾ ਤੋਂ ਜ਼ਿਆਦਾ ਪੈਸਾ ਕਮਾਉਣ ਵਾਲੀਆਂ ਵਸਤਾਂ ਵਲਾਇਤੋਂ ਲਿਆਉਣੀਆਂ ਹੋ ਗਿਆ । ਇਸ ਕੰਮ ਲਈ ਦੇਸ਼ ਵਿਚ ਮੰਡੀਆਂ ਦਾ ਬੀਜ ਬੀਜਿਆ ਗਿਆ, ਜਿਥੋਂ ਦੇਸ਼ ਦੇ ਵਪਾਰੀ ਵਲਾਇਤ ਜਾਣ ਵਾਲਾ ਮਾਲਵਸਤ ਪੈਦਾਇਸ਼ਕਾਰਾਂ ਤੋਂ ਖਰੀਦ ਕੇ ਅੰਗਰੇਜ਼ ਕੰਪਨੀਆਂ ਨੂੰ ਭੇਜਦੇ ਤੇ ਉਨ੍ਹਾਂ ਕੋਲੋਂ ਵਲਾਇਤੋਂ ਮੰਗਵਾਇਆ ਮਾਲ ਵਸਤ ਲੋਕਾਂ ਕੋਲ ਵੇਚਦੇ ।ਵਟ ਵਟਾਂਦਰੇ ਦੀ ਏਸ ਦਲਾਲੀ ਤੋਂ ਹਿੰਦ ਦੀ ਸਰਮਾਇਆਦਾਰ ਜਮਾਤ (ਬੁਰਜੁਆਜ਼ੀ)ਪੈਦਾ ਹੋਈ ।. . . . ਸਾਡੀ ਏਸ ਉਗਮ ਤੁਰੀ ਬੁਰਜੁਆਜ਼ੀ ਦਾ ਬਹੁਤ ਬੜਾ ਹਿੱਸਾ ਮਜ਼ਹਬੋਂ ਹਿੰਦੂ ਸੀ, ਜੋ ਬਹੁਤ ਹੱਦ ਤਕ ਅੰਗਰੇਜ਼ ਦੇ ਆਉਣ ਤੋਂ ਪਹਿਲਾਂ ਹੀ ਦੇਸ਼ ਦੇ ਵਪਾਰ ਤੇ ਛਾਇਆ ਹੋਇਆ ਸੀ ।ਅੰਗਰੇਜ਼ੀ ਸਾਮਰਾਜੀ ਪ੍ਰਬੰਧ ਤੋਂ ਹੋ ਰਹੀ ਖਟੀ ਨਾਲ ਇਹ ਵਧੇਰੇ ਚੜ੍ਹ ਮਚਿਆ[109]। ਸਿੱਖ ਸਰਦਾਰਾਂ ਦੇ

107. ਗਿਆਨੀ ਈਸ਼ਰ ਸਿੰਘ ਨਾਰਾ, ਪੰਜਾਬ ਦਾ ਰਤਨ ਬਾਬਾ ਖੇਮ ਸਿੰਘ ਬੇਦੀ, ਸਫਾ 255.

108. Syad Muhammad Latif, History of the Panjab, p.627.

109. ਗੁਰਚਰਨ ਸਿੰਘ ਸਹਿੰਸਰਾ, ਭਾਈ ਵੀਰ ਸਿੰਘ ਸਾਹਿਤ ਦੀ ਇਤਿਹਾਸਿਕ ਪਦਾਰਥਵਾਦੀ-ਵਿਆਖਿਆ ਦ੍ਰਿਸ਼ਟੀ, ਮਾਸਕ ਪਤਰ, ਅਪਰੈਲ 1974.

ਟਾਕਰੇ ਤੇ ਇਸ ਹਿੰਦੂ ਬੁਰਜੁਆਜ਼ੀ ਦੀ ਮਾਲੀ ਤਰੱਕੀ ਸਿੰਘ ਸਭਾ ਦੇ ਮੋਢੀਆਂ ਦੇ ਦਿਲਾਂ ਵਿਚ ਰੜਕਦੀ ਸੀ ।

" ਅੰਗਰੇਜ਼ੀ ਰਾਜ ਦੇ ਸ਼ੁਰੂ ਹੋਇਆਂ ਸਰਦਾਰੀਆਂ ਅਤੇ ਜ਼ਿਮੀਂਦਾਰੀਆਂ ਕੁਝ ਜ਼ਬਤ ਹੋਈਆਂ, ਬਾਕੀ ਦੀਆਂ ਲਿੱਸੀਆਂ ਪੈ ਗਈਆਂ ਸਨ। ਸਰਦਾਰਾਂ ਦੀ ਬਜਾਏ ਇਕ ਨਵੀਂ ਜਮਾਤ ਪੈਦਾ ਹੋ ਗਈ ,ਇਹ ਠੇਕੇਦਾਰਾਂ ਦੀ ਸੀ ।ਨਹਿਰਾਂ ਦੇ ਠੇਕੇ, ਰੇਲਾਂ ਦੇ ਠੇਕੇ, ਸੜਕਾਂ ਦੇ ਠੇਕੇ, ਸਰਕਾਰੀ ਇਮਾਰਤਾਂ ਦੇ ਠੇਕੇ ।ਫੇਰ ਇਕ ਹੋਰ ਜਮਾਤ ਪੈਦਾ ਹੋ ਗਈ ,ਕਮਿਸ਼ਨ ਏਜੰਟਾਂ ਦੀ, ਜੋ ਵਲੈਤੀ ਮਾਲ ਨੂੰ ਮਾਰਕੀਟ ਵਿਚ ਪਹੁੰਚਾਉਣ ਵਾਲੇ ਸਨ। ਇਨ੍ਹਾਂ ਦੇ ਨਾਲ ਹੀ ਥੋਕ ਫਰੋਸ਼ ਜੰਮ ਪਏ । ਉਹ ਰਯੱਤ ਤੇ ਕਾਮੇ, ਜੋ ਖੇਤਾਂ ਵਿਚ ਰਹਿੰਦੇ ਸਨ ਤੇ ਸਰਦਾਰਾਂ ਦੇ ਅਸਰ ਹੇਠ ਸਿਖ ਸਨ, ਨਿਖੜਨੇ ਸ਼ੁਰੂ ਹੋ ਗਏ ।ਠੇਕੇਦਾਰ ਤੇ ਥੋਕ ਫਰੋਸ਼ ਬਹੁਤ ਹਿੰਦੂ ਹੀ ਸਨ, ਜਿਨ੍ਹਾਂ ਦੀ ਮਾਲੀ ਹਾਲਤ ਸਰਦਾਰਾਂ ਦੇ ਮੁਕਾਬਲੇ ਉਪਰ ਬੇਹੱਦ ਅਮੀਰੀ ਦੀ ਹੋ ਗਈ[110] ।" ਇਸ ਚੀਜ਼ ਦਾ ਦੁਖ ਗਿਆਨੀ ਗਿਆਨ ਸਿੰਘ ਨੇ ਇਨ੍ਹਾਂ ਸ਼ਬਦਾਂ ਨਾਲ ਪਰਗਟ ਕੀਤਾ ਹੈ :-

" ਥੀਓ ਜਬ ਰਾਜ ਅੰਗਰੇਜ਼ੀ ਤੇਜੀ ਔਰੈਂ ਭਈ
ਗਈ ਰੀਤਿ ਨੀਤਿ ਪੁਰਾਨੀ ਨਈ ਤੌਰ ਕੀ ਠਈ ।
ਪਕਰ ਪਠਾਏ ਸਰਦਾਰ ਬਹੁ ਪੂਰਬ ਕੋ
ਜ਼ਬਤ ਜਾਗੀਰੈਂ ਕਰ ਪਿਨਸਨ ਲਾ ਦਈ ।
ਹੀਨ ਹਿਯਾਤ ਕਿਨਹੂੰ ਕੀ ਆਧ ਐ ਚੁਥਾਈ ਥਾਈ
ਉਥਨ ਪ੍ਰਥਲ ਦੇਸ ਮਾਂਹਿ ਤਬ ਥੀ ਭਈ ।
ਸਰਦਾਰੀ ਹਾਰੀ ਜਿਮੀਦਾਰੀ, ਜਿਤੀ ਕਾਰੀਗਾਰੀ
ਕ੍ਰਿਤੀਓ ਕੀ ਪਾਰੀ ਭਾਰੀ ਨੀਚੈਂ ਊਚਤਾ ਲਈ । 17 ।[111]

ਸਿਖ ਬੁਰਜੁਆਜ਼ੀ ਵਪਾਰੀ ਸਰਮਾਏ ਦੀ ਥਾਂ ਜਗੀਰਦਾਰ ਅਮੀਰੀ ਤੋਂ ਪੈਦਾ ਹੋ ਰਹੀ ਸੀ । ਹਿੰਦੂ ਬੁਰਜੁਆਜ਼ੀ ਨਾ ਕੇਵਲ ਇਸ ਨੂੰ ਆਰਥਿਕ ਪਿੜ ਵਿਚ ਢਾਹੀ ਤੁਰੀ ਜਾ ਰਹੀ ਸੀ ਸਗੋਂ ਇਸ ਨੂੰ ਹਿੰਦੂ ਧਰਮ ਦਾ ਹੀ ਇਕ ਅੰਸ਼ ਕਹਿ ਕਹਿ ਕੇ ਇਹਦੇ ਹਿੱਸੇ ਆਉਂਦੇ ਲਾਭਾਂ ਤੇ ਕਬਜ਼ਾ ਕਰੀ ਜਾਂਦੀ ਅਤੇ ਇਹਦੀ ਹਸਤੀ ਨੂੰ ਖਤਮ ਕਰਨ ਵਲ ਕਦਮ ਵਧਾ ਰਹੀ ਸੀ ।*ਇਸ ਸਮੇਂ ਬੁਰਜਵਾ ਬਣਦੀ ਸਿਖ ਸਰਦਾਰੀ ਨੂੰ ਆਪਣੀ ਹਸਤੀ ਹੋਂਦ ਅਲੋਪ ਹੁੰਦੀ ਦਾ ਅਹਿਸਾਸ ਹੋਇਆ ।ਇਹ ਉਸਨੇ ਸਿੱਖੀ ਤੇ ਸਿੱਖਾਂ ਦੀ ਹਸਤੀ ਹੋਂਦ ਮਿਟਦੀ ਦੀ ਸ਼ਕਲ ਵਿਚ ਮਹਿਸੂਸ ਕੀਤਾ ।

110. ਡਾ. ਬਲਬੀਰ ਸਿੰਘ , 'ਚਰਣ ਹਰਿ' ਵਿਸਥਾਰ, ਸਫਾ 25.

111. ਪੰਥ ਪ੍ਰਕਾਸ਼ (ਭਾਸ਼ਾ ਵਿਭਾਗ, ਪੰਜਾਬ), ਸਫਾ 1308. ਭਾਈ ਗਯਾਨ ਸਿੰਘ ਜੀ-ਗਯਾਨੀ ।

ਆਪਣੀ ਅਣਹੋਂਦ ਨੂੰ ਮਹਿਸੂਸ ਕਰਨਾ ਉਸ ਵਿਚ ਸਰਮਾਇਦਾਰੀ ਦੇ ਅੰਸਰ ਆਉਣ ਕਰਕੇ ਮੁੜਦੇ ਸਾਹ ਦਾ ਇਜ਼ਹਾਰ ਸੀ [112]।" ਅੰਗਰੇਜ਼ ਪਾੜੋ ਤੇ ਰਾਜ ਕਰੋ ਦੀ ਨੀਤੀ ਤੇ ਚਲ ਰਿਹਾ ਸੀ।ਉਹ ਮਜ਼ਹਬੀ ਧੜਿਆਂ ਦੀ ਸ਼ਕਲ ਵਿਚ ਉਸਾਰ ਰਹੀਆਂ ਬੁਰਜੁਆਜ਼ੀਆਂ ਨੂੰ ਪਾਲਦਾ ਸੀ। ਬੁਰਜੁਆ ਬਣਦੀ ਸਿਖ ਸਰਦਾਰੀ ਲਈ ਇਹ ਜ਼ਰੂਰੀ ਸੀ ਕਿ ਉਹ ਹਿੰਦੂ ਬੁਰਜੁਆਜ਼ੀ ਦੇ ਟਾਕਰੇ ਤੇ ਆਪਣੀ ਹਸਤੀ ਹੋਂਦ ਨੂੰ ਸਥਾਪਤ ਕਰੇ ਤੇ ਉਹ ਆਪਣੇ ਬੁਰਜੁਆ ਫਿਰਕੂ ਹਿੱਤਾਂ ਦੀ ਆਵਾਜ਼ ਨੂੰ ਹਮ-ਮਜ਼ਹਬ ਲੋਕਾਂ ਦੀ ਆਵਾਜ਼ ਕਰਕੇ ਪੇਸ਼ ਕਰੇ ਤੇ ਇਸ ਤਰ੍ਹਾਂ ਆਪਣਾ ਲੋਕ ਅਸਰ ਦਿਖਾਕੇ ਆਪਣੇ ਫਿਰਕੇ ਦੀ ਵਸੋਂ ਦੇ ਹਿਸਾਬ ਨਾਲ ਅੰਗਰੇਜ਼ ਮਾਈ ਬਾਪ ਤੋਂ ਹੋਰ ਬਖਸ਼ੀਸ਼ਾਂ ਲੈ ਸਕੇ [113]।" ਇਸ ਵੇਲੇ ਇਸ ਜਮਾਤ ਦੇ ਸਾਹਮਣੇ ਇਕ ਹੀ ਮਸਲਾ ਸੀ ਅਤੇ ਇਸਦੀ ਇਕ ਹੀ ਧੁਨ ਸੀ, ਅਤੇ ਉਹ ਸੀ ਸਰਮਾਇਦਾਰੀ ਦੇ ਸੌਚੇ ਵਿਚ, ਸਿਖ ਬੁਰਜਵਾਜ਼ੀ ਦੇ ਹਿਤ ਦਾ ਹਥਿਆਰ-ਵਿਚਾਰਧਾਰਾ-ਬਣਕੇ ਸਿੱਖੀ ਦਾ ਪੁਨਰ ਜਨਮ ਤੇ ਸਿਖਾਂ ਦੀ ਨਵੇਕਲੀ, ਅਲੈਹਦਾ ਸਮਾਜਕ, ਸਿਆਸੀ ਹਸਤੀ ਹੋਂਦ।ਇਸ ਮਸਲੇ ਦੇ ਹਲ ਵਾਸਤੇ ਕੋਸ਼ਸ਼ ਦਾ ਇਜ਼ਹਾਰ ਤੇ ਉਸ ਹਲ ਦਾ ਵੇਗ ਸਿੰਘ ਸਭਾ ਲਹਿਰ ਸੀ [114] "।

" ਸਿੰਘ ਸਭਾ ਦੀ ਲਹਿਰ ਉਸ ਵੇਲੇ ਉਠ ਤੁਰੀ ਸਿੱਖ ਬੁਰਜੁਆਜ਼ੀ ਦੀ ਜਾਗਰਤੀ ਦੀ ਆਵਾਜ਼ ਸੀ, ਜਿਸ ਵਿੱਚ ਹਾਰੀ ਹੋਈ ਸਿੱਖ ਹਾਕਮ ਜਮਾਤ ਦੇ ਮੁਠ ਕੁ ਸਿੱਖ ਬੁਰਜੁਆ ਜਗੀਰਦਾਰ ਸਰਦਾਰ ਤੇ ਸ਼ਹਿਰਾਂ ਦੇ ਸਿਰਕੱਢ ਵਪਾਰੀ ਤੇ ਉਚ ਪਾਏ ਦੇ ਕਾਰ ਵਿਹਾਰੀ ਜਣੇ ਰਲ ਤੁਰੇ।ਏਸਦਾ ਮਨੋਰਥ ਇਕ ਤਾਂ, ਅੰਗਰੇਜ਼ ਦੀ ਗੁਲਾਮੀ ਤੋਂ ਅੱਖਾਂ ਮੀਟ ਛੱਡਣੀਆਂ, ਪਰ ਏਸਦੇ ਪੈਸਾ ਪਰਧਾਨ ਆਰਥਕ ਤੇ ਰਾਜਸਕ ਪਰਬੰਧ ਤੋਂ ਦੇਸ਼ ਅੰਦਰ ਹੋ ਤੁਰੀ ਸਰਮਾਇਆਦਾਰ ਉਸਾਰੀ ਵਿਚੋਂ ਸਿੱਖਾਂ ਦੇ ਨਾਂ ਉਤੇ ਆਪਣਾ ਅਲਗ ਹਿਸਾ ਮੰਗਣਾ, ਜੋ ਪਹਿਲਾਂ ਅੰਗਰੇਜ਼ਾਂ ਨੇ (1921 ਤੱਕ) ਹਿੰਦੂਆਂ ਵਿੱਚ ਹੀ ਰਲਾਇਆ ਹੋਇਆ ਸੀ।ਦੂਸਰੇ ਨਿਰੇ ਹਿੰਦੂਆਂ ਤੋਂ ਅਲਗ ਹੋ ਕੇ ਸਿਖਾਂ ਨੂੰ ਇਕ ਵਖਰੀ ਕੌਮ ਹੀ ਮਨਵਾਉਣਾ ਨਹੀਂ ਸੀ, ਸਗੋਂ ਆਪਣੀ ਜਮਾਤ ਵਲੋਂ ਗ਼ਦਰ ਵੇਲੇ ਕੀਤੀ ਗਈ ਉਚੇਚੀ ਅੰਗਰੇਜ਼ ਸੇਵਾ ਤੇ ਫੇਰ ਦਿੱਤੀ ਜਾ ਰਹੀ ਫ਼ੌਜੀ ਭਰਤੀ ਦੇ ਅਧਾਰ ਤੇ ਪੰਜਾਬ ਅੰਦਰ ਸਿਖਾਂ ਦੀ ਵੱਸੋਂ ਦੇ ਹਿਸਾਬ ਤੋਂ ਵੀ ਜ਼ਿਆਦਾ ਹਿੱਸਾ ਮਾਨਣ ਦੀ ਚੇਟਕ ਸੀ। [115]' ਸੋ ਸਿਖ ਰਾਜ ਦੇ ਅੰਤ ਤੋਂ ਕੇਵਲ 25 ਸਾਲ ਪਿੱਛੋਂ, 1857 ਦੇ ਗ਼ਦਰ ਦੇ ਕੇਵਲ 16 ਸਾਲ ਬਾਦ, 1873 ਵਿਚ ਸਿੰਘ ਸਭਾ ਦੀ ਬੁਨਿਆਦ ਧਰੀ ਗਈ।ਗ਼ਦਰ ਦੇ ਪਰਦੇਸੀ ਸਾਮਰਾਜ-ਵਿਰੋਧੀ ਉਭਾਰ ਪਿਛੋਂ, ਅੰਗਰੇਜ਼ ਹਾਕਮਾਂ ਦੀ ਰਾਜਨੀਤੀ ਨੇ ਹਿੰਦੁਸਤਾਨ ਵਿਚ ਫਿਰਕੂ ਪਾਟੋ ਧਾੜ ਨੂੰ ਪੱਕੀਆਂ ਬੁਨਿਆਦਾਂ ਤੇ ਸੁਰਜੀਤ ਕਰਨ

---

112. ਪ੍ਰੋ: ਕਿਸ਼ਨ ਸਿੰਘ, ਭਾਈ ਵੀਰ ਸਿੰਘ, ਭਾਈ ਵੀਰ ਸਿੰਘ ਸੈਮੀਨਾਰ, ਮਾਰਚ 16-18-1973, ਗੁਰੂ ਨਾਨਕ ਯੂਨੀਵਰਸਟੀ, ਅੰਮ੍ਰਿਤਸਰ, ਸਫਾ 8.
113. ਗੁਰਚਰਨ ਸਿੰਘ ਸਹਿੰਸਰਾ, ਭਾਈ ਵੀਰ ਸਿੰਘ ਸਾਹਿਤ ਦਾ ਇਤਿਹਾਸਿਕ ਪਦਾਰਥਵਾਦੀ ਵਿਆਖਿਆ, ਦ੍ਰਿਸ਼ਟੀ, ਮਾਸਕ ਪਤਰ, ਅਪਰੈਲ, 1974.
114. ਉਹੀ ਉਕਤ ਨੰਬਰ 112, ਸਫਾ 10.
115. ਉਹੀ ਉਕਤ ਨੰਬਰ 113, ਸਫਾ 40.

ਲਈ ਦੇਸ ਭਰ ਵਿਚ ਹਿੰਦੂ ਮੁਸਲਮਾਨ ਤੇ ਸਿਖ ਤਹਿਰੀਕਾਂ ਨੂੰ ਉਠਾਲਣ ਅਤੇ ਤਰੱਕੀ ਦੇਣ ਵਿਚ ਸੋਚਿਆ ਸਮਝਿਆ ਹਿੱਸਾ ਪਾਇਆ ।ਮੁਸਲਮਾਨਾਂ ਦੀ ਅਲੀਗੜ੍ਹ ਲਹਿਰ,ਹਿੰਦੂਆਂ ਦੀ ਆਰੀਆ ਸਮਾਜ ਲਹਿਰ ਤੇ ਸਿੱਖਾਂ ਦੀ ਸਿੰਘ ਸਭਾ ਲਹਿਰ,ਵਸਤੂ ਅਤੇ ਰੂਪ ਕਰਕੇ ਮਿਲਦੀਆਂ ਜੁਲਦੀਆਂ ਅਤੇ ਇਕ ਦੂਜੇ ਨਾਲ ਘਿਸੜਦੀਆਂ ਤੇ ਪਰਸਪਰ ਪਰੇਰਨਾ ਲੈਂਦੀਆਂ ਤਹਿਰੀਕਾਂ ਸਨ। ਇਨ੍ਹਾਂ ਤਹਿਰੀਕਾਂ ਦੀਆਂ ਬੁਨਿਆਦੀ ਸਿਫ਼ਤਾਂ ਵਿਚੋਂ ਆਪਣੇ ਆਪਣੇ ਮਜ਼ਹਬ ਦੀ ਤਾਲੀਮ,ਇਤਿਹਾਸ ਤੇ ਤੁਲਨਾਤਮਕ ਵਡਿਆਈ ਦਾ ਪ੍ਰਚਾਰ ਤੇ ਆਪਸ ਦਾ ਮੁਕਾਬਲਾ ਆਦਿ ਸਨ। ਇਨ੍ਹਾਂ ਸਾਂਝੇ ਨੁਕਤਿਆਂ ਤੋਂ ਇਲਾਵਾ ਜਿਹੜਾ ਹੋਰ ਨੁਕਤਾ ਬੜਾ ਸਾਰਥਕ ਹੈ,ਉਹ ਹੈ ਇਨ੍ਹਾਂ ਸਾਰੀਆਂ ਤਹਿਰੀਕਾਂ ਦਾ ਬਦੇਸੀ ਸਾਮਰਾਜ ਬਾਰੇ ਮੋਨ,ਸਗੋਂ ਉਸ ਔਰੋ ਸਭਨਾਂ ਦਾ ਵਖ ਵਖ ਤੌਰ ਤੇ ਸਹਾਇਤਾ ਲਈ ਤਰਲਾ ।ਇਨ੍ਹਾਂ ਨਵ-ਜਨਮ ਦੀਆਂ ਤਹਿਰੀਕਾਂ ਦਾ ਸਿੱਟਾ ਦੇਸ ਲਈ ਸਾਂਝੀ ਕੌਮੀਅਤ ਦੇ ਪਰਚਾਰ ਦੇ ਉਲਟ ਫਿਰਕਾ ਪ੍ਰਸਤੀ ਦੀ ਸੂਰਤ ਵਿਚ ਨਿਕਲਿਆ ।"[116] "ਬਰਤਾਨਵੀ ਸਾਮਰਾਜ ਨੂੰ ਵਸੋਂ ਦਾ ਮਜ਼ਹਬੀ ਧੜਿਆਂ ਵਿਚ ਵੰਡੇ ਜਾਣਾ,ਹਰ ਇਕ ਦਾ ਆਪਣੇ ਆਪ ਨੂੰ ,ਆਪਣੇ ਮਜ਼ਹਬੀ ਧੜੇ ਦਾ,ਦੂਸਰੇ ਲਫ਼ਜ਼ਾਂ ਵਿਚ ਬਤੌਰ ਹਿੰਦੂ ਮੁਸਲਮਾਨ ਤੇ ਸਿਖ ਦੇ ਮਹਿਸੂਸ ਕਰਨਾ ਬਹੁਤ ਹੀ ਪੁਗਦਾ ਸੀ ।ਮੁਲਕ ਦੀਆਂ ਉਠਦੀਆਂ ਬੁਰਜ-ਵਾਜ਼ੀਆਂ ਨੇ ਮਜ਼ਹਬੀ ਜਜ਼ਬੇ ਨੂੰ ਆਪਣੇ ਹਿਤ ਦਾ ਹਥ ਠੋਕਾ ਬਣਾਉਣ ਵਾਸਤੇ ਵਿਗਾੜਕੇ ਮਜ਼ਹਬੀ ਤਅਸਬ ਬਣਾਉਣਾ ਸੀ ।"[117] ਹਿੰਦੀ ਬੁਰਜੁਆਜ਼ੀ ਨੂੰ ਧਰਮ ਦੇ ਨਾਂ ਤੇ ਇਕ ਦੂਜੇ ਦੇ ਗੱਲ ਪੁਆਉਣਾ ਜਿਥੇ ਅੰਗਰੇਜ਼ ਦੀ 'ਪਾੜੋ ਤੇ ਰਾਜ ਕਰੋ' ਨੀਤੀ ਵਿਚ ਸਹਾਈ ਹੁੰਦਾ ਸੀ ਉਥੇ ਸਿੱਖਾਂ ਨੂੰ ਅੰਮ੍ਰਿਤ-ਧਾਰੀ ਤੇ ਪੱਕੇ ਸਿਖ ਬਣਾ ਕੇ ਫੌਜਾਂ ਲਈ ਵਰਤਣਾ ਵੀ ਜ਼ਰੂਰੀ ਸੀ ।ਇਸ ਲਈ 'ਸਿੰਘ ਸਭਾ ਲਹਿਰ ਨੂੰ ਅੰਗਰੇਜ਼ੀ ਸਰਕਾਰ ਨੇ ਵੀ ਪਸੰਦ ਕੀਤਾ ਕਿਉਂਕਿ ਸਿਖ ਫੌਜੀ ਸਿਪਾਹੀਆਂ ਦੀ ਅਦੁਤੀ ਬੀਰਤਾ ਦੀ ਰਵਾਇਤ ਨੂੰ ਉਹ ਜ਼ਾਇਲ ਹੋਣ ਦੇਣਾ ਨਹੀਂ ਸਨ ਚਾਹੁੰਦੇ ।ਅੰਗਰੇਜ਼ਾਂ ਨੇ ਮਹਿਸੂਸ ਕੀਤਾ ਕਿ ਅੰਮ੍ਰਿਤ ਅਤੇ ਸਿਖ ਰਹਿਤ ਵਿਚ ਕੋਈ ਡੂੰਘਾ ਅਤੇ ਪੁਰਅਸਰਾਰ ਅਸਰ ਹੈ,ਜਿਸ ਕਰਕੇ ਜੋ ਵੀ ਸਿੰਘ ਸਜ ਜਾਂਦਾ ਹੈ,ਉਹ ਇਕ ਵੱਖਰਾ ਜਿਹਾ ਮਨੁਖ ਬਣ ਜਾਂਦਾ ਹੈ ਅਤੇ ਜੇ ਉਹ ਪਤਿਤ ਹੋ ਜਾਵੇ ਤਾਂ ਉਸ ਦੇ ਆਚਰਣ ਵਿੱਚ ਗਿਰਾਵਟ ਆਉਣ ਲਗ ਪੈਂਦੀ ਹੈ। ਇਸ ਲਈ ਅੰਗਰੇਜ਼ ਨੀਤੀ ਦੇ ਤੌਰ ਤੇ ਸਿਖ ਆਚਰਣ ਨੂੰ ਸਾਂਭ ਕੇ ਰਖਣਾ ਚਾਹੁੰਦੇ ਸਨ ਅਤੇ ਉਨ੍ਹਾਂ ਨੇ ਅਜੇਹੀਆਂ ਲਹਿਰਾਂ ਦੀ ਪੁਸ਼ਟੀ ਕੀਤੀ ਜਿਹੜੀਆਂ ਇਸ ਪਾਸੇ ਰੁਚੀ ਰਖਦੀਆਂ ਸਨ ।"[118] ਜਦੋਂ ਪੰਜਾਬ ਵਿਚ ਸੁਧਾਰਕ

---

116. ਗੁਰਚਰਨ ਸਿੰਘ,ਪੰਜਾਬੀ ਗਲਪਕਾਰ ਸਫੇ 121-22.

117. ਪ੍ਰੋ. ਕਿਸ਼ਨ ਸਿੰਘ ਭਾਈ ਵੀਰ ਸਿੰਘ,ਭਾਈ ਵੀਰ ਸਿੰਘ ਸੈਮੀਨਾਰ,ਮਾਰਚ 16-18-1973,ਗੁਰੂ ਨਾਨਕ ਯੂਨੀਵਰਸਟੀ,ਅੰਮ੍ਰਿਤਸਰ ,ਸਫਾ 8.

118. ਪ੍ਰਿੰ: ਗੁਰਬਚਨ ਸਿੰਘ ਤਾਲਬ,ਪੰਜਾਬੀ ਦੁਨੀਆਂ ਅਪਰੈਲ-ਮਈ 1955 ਸਫੇ 108-9.

ਲਹਿਰਾਂ ਚਲੀਆਂ ਤਾਂ ਇਸ ਦਾ ਅਸਰ ਸਿਖਾਂ ਪੁਰ ਵੀ ਪਿਆ ਪਰ ਅੰਗਰੇਜ਼ ਸਾਮਰਾਜੀਆਂ ਨੇ ਸਿੱਖਾਂ ਨੂੰ ਹੋਰ ਕੌਮਾਂ ਨਾਲੋਂ ਨਿਖੇੜ ਕੇ ਆਪਣੇ ਅਧੀਨ ਰਖਣ ਤੇ ਆਪਣੇ ਰਾਜਸੀ ਲਾਭਾਂ ਲਈ ਵਰਤਨ ਵਾਸਤੇ ਆਪਣੀ ਸਰਪਰਸਤੀ ਹੇਠਾਂ ਸਿਖ ਜਗੀਰਦਾਰਾਂ ਤੇ ਰਾਜਿਆਂ ਨੂੰ ਜਥੇਬੰਦ ਕੀਤਾ ਅਤੇ "ਕੁਦਰਤੀ ਲੀਡਰਾਂ" ਦੀ ਥੀਉਰੀ ਦਾ ਪਰਚਾਰ ਕੀਤਾ। ਸਿਖਾਂ ਵਿਚ ਮਜ਼ਹਬੀ ਤੇ ਵਿਦਿਅਕ ਲਹਿਰ ਚਲਾਉਣ ਤੇ ਉਨ੍ਹਾਂ ਦੀ ਲੀਡਰਸ਼ਿਪ ਅਸਥਾਪਨ ਕਰਨ ਵਿਚ ਬੜੀ ਮਦਦ ਕੀਤੀ। ਲਗ ਭਗ 70 ਵਰ੍ਹੇ ਇਹ ਲੀਡਰਸ਼ਿਪ ਸਿਖਾਂ ਵਿਚ ਧਰਮ ਤੇ ਵਿਦਿਆ ਪ੍ਰਚਾਰ ਕਰਕੇ ਅਤੇ ਪੜ੍ਹੇ ਲਿਖੇ ਸਿਖਾਂ ਨੂੰ ਨੌਕਰੀਆਂ ਪ੍ਰਾਪਤ ਕਰਨ ਵਿਚ ਮਦਦ ਕਰਕੇ ਆਪਣਾ ਰਸੂਖ ਕਾਇਮ ਰੱਖਦੀ ਰਹੀ। ਆਪਣੇ ਆਰਥਿਕ ਤੇ ਰਾਜਸੀ ਲਾਭਾਂ ਦੀ ਪੂਰੀ ਤਰ੍ਹਾਂ ਰਖਿਆ ਕਰਦੀ ਰਹੀ ਅਤੇ ਅੰਗਰੇਜ਼ੀ ਰਾਜ ਦੀ ਰਾਜਭਗਤੀ, ਵਫ਼ਾਦਾਰੀ ਤੇ ਨਿਮਕ ਹਲਾਲੀ ਦਾ ਝੰਡਾ ਝੁਲਾਂਦੀ ਰਹੀ।"[119] ਭਗਤ ਲਛਮਣ ਸਿੰਘ ਇਹ ਤਾਂ ਮੰਨਣ ਲਈ ਤਿਆਰ ਹੈ ਕਿ ਸਰਕਾਰ ਦਾ ਹਿੱਤ 'ਪਾੜੋ ਤੇ ਰਾਜ ਕਰੋ' ਦੀ ਪਾਲਿਸੀ ਤੇ ਚਲਣ ਵਿਚ ਸੀ ਪਰ ਇਹ ਮੰਨਣ ਲਈ ਬਿਲਕੁਲ ਹੀ ਤਿਆਰ ਨਹੀਂ ਕਿ ਸਿੰਘ ਸਭਾ ਨਾਲ ਸਬੰਧ ਰਖਣ ਵਾਲਾ ਕੋਈ ਵੀ ਕਹਿੰਦਾ ਕਹਾਂਦਾ ਵਿਅਕਤੀ ਸਰਕਾਰ ਦੇ ਕਿਸੇ ਆਦਮੀ ਦੇ ਅਸਰ ਹੇਠ ਆਇਆ ਹੋਵੇ।[120]

ਮਨੋਰਥ

1873 ਵਿਚ ਅੰਮ੍ਰਿਤਸਰ ਵਿਚ ਹੋਈ ਸਿੰਘ ਸਭਾ ਦੀ ਮੀਟਿੰਗ ਵਿਚ ਹੇਠ ਲਿਖੇ ਮਨੋਰਥ ਉਲੀਕੇ ਗਏ :-

1. ਸਿਖ-ਮਤ ਨੂੰ ਆਪਣੀ ਪੁਰਾਤਨ ਪਵਿਤਰਤਾ ਦੇ ਦਰਜੇ ਤਕ ਪਹੁੰਚਾਉਣਾ;
2. ਇਤਿਹਾਸਕ ਅਤੇ ਧਾਰਮਕ ਪੁਸਤਕਾਂ ਸੰਪਾਦਤ ਅਤੇ ਪ੍ਰਕਾਸ਼ਤ ਕਰਨਾ ;
3. ਵਰਤਮਾਨ ਗਿਆਨ ਦਾ ਪੰਜਾਬੀ ਮਾਧਿਅਮ ਰਾਹੀਂ ਪਰਚਾਰ ਕਰਨਾ ਅਤੇ ਪੰਜਾਬੀ ਵਿਚ ਰਸਾਲੇ ਤੇ ਅਖਬਾਰਾਂ ਕਢਣੀਆਂ ;
4. ਪਤਿਤਾਂ ਨੂੰ ਮੁੜ ਸਿਖੀ ਦੇ ਚਰਨੀ ਲਾਉਣਾ;
5. ਉਚ-ਪਦਵੀ ਵਾਲਿਆਂ ਅੰਗਰੇਜ਼ਾਂ ਦੀ ਸਿਖਾਂ ਦੇ ਵਿਦਿਅਕ ਪ੍ਰੋਗਰਾਮ ਨਾਲ ਦਿਲਚਸਪੀ ਪੈਦਾ ਕਰਨਾ ਤੇ ਉਨ੍ਹਾਂ ਨੂੰ ਇਸ ਨਾਲ ਜੋੜਨਾ।

ਪਹਿਲੀਆਂ ਲਹਿਰਾਂ, ਨਿਰੰਕਾਰੀ ਤੇ ਨਾਮਧਾਰੀ, ਦਾ ਪਰੇਰਕ ਸੋਮਾ ਉਨ੍ਹਾਂ ਦੇ ਗੁਰੂ ਸਨ ਪਰ ਸਿੰਘ ਸਭਾ ਜਮਹੂਰੀ ਸੀ ਜਿਸ ਦਾ ਬਾਕਾਇਦਾ ਵਿਧਾਨ ਬਣਾਇਆ ਗਿਆ ਸੀ। ਭਾਵੇਂ ਇਸ

119. ਗਿ: ਹੀਰਾ ਸਿੰਘ ਦਰਦ, ਇਤਿਹਾਸਕ ਯਾਦਾਂ ਸਫਾ 133.

120. Bhagat Lakshman Singh, Autobiography, p.295.

ਦੀ ਅਗਵਾਈ ਸਿਖ ਸਰਦਾਰੀ ਤੋਂ ਉਠ ਰਹੀ ਸਿਖ ਵਪਾਰੀ ਜਮਾਤ ਕਰ ਰਹੀ ਸੀ ~~ਪਰ~~ ਫਿਰ ਵੀ ਲੋਕਾਂ ਨੇ ਇਸ ਨੂੰ ਬੜੇ ਉਤਸ਼ਾਹ ਨਾਲ ਜੀ ਆਇਆਂ ਕਿਹਾ ।ਥੋੜੇ ਹੀ ਚਿਰ ਵਿਚ ਬੜੇ ਬੜੇ ਗੁਣੀ ਗਿਆਨੀ ਤੇ ਵਿਦਵਾਨ ਇਸ ਸਭਾ ਵਿਚ ਆ ਸ਼ਾਮਲ ਹੋਏ ।ਨਿਰਮਲੇ ਅਤੇ ਉਦਾਸੀ ਸੰਤ ਵੀ ਇਸ ਕੌਮ ਵਿਚ ਬੜੇ ਜੋਸ਼ ਨਾਲ ਹਿੱਸਾ ਪਾਉਣ ਲਗ ਪਏ ।

ਇਸ ਸਭਾ ਦੀਆਂ ਹਫ਼ਤੇਵਾਰੀ ਮੀਟਿੰਗਾਂ ਮੰਜੀ ਸਾਹਿਬ ਦੇ ਸਥਾਨ ਤੇ ਹੋਣ ਲਗ ਪਈਆਂ ਜਿਸ ਵਿਚ ਰੂਹਾਨੀਅਤ ਦੀ ਥਾਂ ਵਾਦਵਿਵਾਦ ਤੇ ਖੰਡਨ ਮੰਡਨ ਪਰਧਾਨ ਹੁੰਦਾ ਸੀ ।ਖਾਲਸਾ ਸਕੂਲ ਖੋਹਲਣ, ਗੁਰਮੁਖੀ ਅਖਬਾਰ ਕਢਣ ਤੇ ਗੁਰਮਤ ਪ੍ਰਚਾਰ ਦਾ ਪ੍ਰਵਾਹ ਜਾਰੀ ਕਰਨ ਤੋਂ ਇਲਾਵਾ ਇਕ ਹੋਰ 'ਵੱਡਾ ਕੰਮ ਜੋ ਇਸ ਸਭਾ ਨੇ ਕੀਤਾ, ਉਹ ਸਿਖ ਇਤਿਹਾਸ ਦੀ ਖੋਜ ਸੀ ।ਨਿਰੇ ਸ੍ਰੀ ਅੰਮ੍ਰਿਤਸਰ ਜੀ ਦੇ ਹੀ ਨਹੀਂ ਸਗੋਂ ਬਾਹਰ ਦੇ ਵਿਦਵਾਨ ਭੀ ਇਕੱਤ੍ਰ ਹੋਕੇ ਵੀਚਾਰਾਂ ਕਰਦੇ ਸਨ। ਸਿੰਘ ਸਭਾ ਦੀ ਆਪਣੀ ਇਕ ਮਹੀਨੇ ਦੀ ਆਯੂ ਵਿਚ ਹੀ ਕਤਕ ਸੁੱਦੀ 8 ਸੰਮਤ ਨਾਨਕ ਸ਼ਾਹੀ ਵਾਲੇ ਦਿਨ ਇਹ ਸਿਲਸਿਲਾ ਸ਼ੁਰੂ ਹੋਇਆ ਤੇ ਪਹਿਲਾ ਪ੍ਰਸ਼ਨ ਗਿਆਨੀ ਸਰਦੂਲ ਸਿੰਘ ਜੀ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੇ ਪਵਿਤ੍ਰ ਦਿਹਾੜੇ ਸੰਬੰਧੀ ਸੀ ।ਆਪ ਜੀ ਦਾ ਮਤ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜਨਮ ਦਿਹਾੜਾ ਵਿਸਾਖ ਸੁਦੀ 3 ਦਾ ਹੈ। ਇਸ ਪੁਰ ਬੜੀਆਂ ਬੜੀਆਂ ਬਹਿਸਾਂ ਹੋਈਆਂ; ਪਰ ਪਾਰਟੀਬਾਜ਼ੀ ਦਾ ਵਿਖੇਵਾਂ ਨਹੀਂ ਸੀ ।ਹਰ ਕੋਈ ਆਕ੍ਰਿਤ ਨਹੀਂ ਕਰਦਾ ~~ਨਹੀਂ~~ ਸੀ ।ਮਤਭੇਦ ਵਾਲੇ ਵਿਦਵਾਨਾਂ ਦੀ ਭੀ ਪੂਰੀ ਪੂਰੀ ਕਦਰ ਕੀਤੀ ਜਾਂਦੀ ਸੀ, ਜਿਸ ਕਾਰਨ ਹਰ ਇਕ ਖੋਜੀ ਪੂਰੀ ਪੂਰੀ ਤਿਆਰੀ ਕਰ ਇਸ ਬਹਿਸ ਵਿਚ ਹਿੱਸਾ ਲੈਂਦਾ ਸੀ ਤੇ ਦੋਹਾਂ ਪਾਸਿਆਂ ਤੋਂ ਬੜੇ ਬੜੇ ਜ਼ਬਰਦਸਤ ਸਬੂਤ ਦਿਤੇ ਜਾਂਦੇ ਸਨ ਤੇ ਹਰ ਇਕ ਪੁਰਸ਼ ਇਸ ਬਹਿਸ ਵਿਚ ਹਿੱਸਾ ਲੈ ਸਕਦਾ ਸੀ ।ਇਹ ਬਹਿਸ ਜ਼ਰੂਰੀ ਹੋਣ ਦੇ ਕਾਰਨ ਪੂਰੇ ਤਿੰਨ ਸਾਲ ਹੁੰਦੀ ਰਹੀ। ਇਸੇ ਤਰ੍ਹਾਂ ਹਰ ਇਕ ਗੁਰਪੁਰਬ ਦੀ ਤਾਰੀਖ ਸੰਬੰਧੀ ਪੂਰੀ ਪੂਰੀ ਖੋਜ ਕਰਕੇ ਕਈ ਸਾਲਾਂ ਪਿਛੋਂ ਇਕ ਗੁਰ-ਪ੍ਰਨਾਲੀ ਤਿਆਰ ਕੀਤੀ ਗਈ ।[121]"

ਇਸ ਤੋਂ ਪਿਛੋਂ ਇਸ ਗੱਲ ਤੇ ਬਹਿਸ ਸ਼ੁਰੂ ਹੋਈ ਕਿ ਦਸਮ ਗ੍ਰੰਥ ਵਿਚ ਦਰਜ ਬਾਣੀ ਵਿਚੋਂ ਕਿਹੜੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਤੋਂ ਹੈ ਤੇ ਕਿਹੜੀ ਹੋਰਨਾਂ ਲਿਖਾਰੀਆਂ ਦੀ, ਵਖ ਵਖ ਕਿਸਮਾਂ ਦੇ 32 ਦਸਮ ਗ੍ਰੰਥ ਇਕੱਠੇ ਕੀਤੇ ਗਏ ।ਕਿਉਂਕਿ ਇਹ ਕੰਮ ਬਹੁਤ ਵੱਡਾ ਸੀ ਇਸ ਲਈ ਇਹ ਗੁਰਮਤ ਗ੍ਰੰਥ ਪ੍ਰਚਾਰਕ ਸਭਾ ਨੂੰ ਸੌਂਪ ਦਿਤਾ ਗਿਆ ।ਇਹ ਸਭਾ 1885 ਈ: ਨੂੰ ਬਣਾਈ ਗਈ ਸੀ ਤੇ ਇਸ ਦੇ ਸਕੱਤਰ ਡਾ. ਚਰਨ ਸਿੰਘ (ਭਾਈ ਵੀਰ ਸਿੰਘ ਦੇ ਪਿਤਾ)[122] ਸਨ।

---

121. ਡਾ. ਜਗਜੀਤ ਸਿੰਘ, ਸਿੰਘ ਸਭਾ ਲਹਿਰ, ਸਫੇ 13-14

122. Prof. Teja Singh, The Singh Sabha Movement, The Panjab Past and Present, April, 1973, p.32.

" ਸ੍ਰੀ ਅਕਾਲ ਤਖਤ ਸਾਹਿਬ ਜੀ . . . ਤੇ ਦਸਮ ਗ੍ਰੰਥ ਦੀ ਅਸਲੀਅਤ ਦਾ ਨਿਰਣਯ ਕਰਨ ਲਈ ਵਡੇ ਵਡੇ ਵਿਦਵਾਨ, ਪੰਡਤ ਤੇ ਗਿਆਨੀ ਇਕੱਠੇ ਹੋ ਕੇ ਬਹਿੰਦੇ ਸਨ। ਹਾੜ 1952 ਤੋਂ ਖੁਲ੍ਹੀ ਵਿਚਾਰ ਸ਼ੁਰੂ ਹੋ ਕੇ 6 ਫਗਣ ਸੰਮਤ 1952 ਐਤਵਾਰ ਨੂੰ ਸੁਧਾਈ ਸਮਾਪਤ ਹੋਈ । ਪੰਥ ਦੀਆਂ ਰਾਵਾਂ ਮੰਗੀਆਂ ਗਈਆਂ ਤੇ ਇਸ ਤਰ੍ਹਾਂ ਪੂਰਨ ਸੁਧਾਈ ਸਾਵਣ 1953 ਤਕ ਹੁੰਦੀ ਰਹੀ । ਇਹ ਸਾਰੀ ਰੀਪੋਰਟ ਤਿਆਰ ਹੋ 1 ਫਗਣ 1954 ਨੂੰ ਪ੍ਰਕਾਸ਼ਤ ਕੀਤੀ ਗਈ, ਜਿਸ ਵਿਚ ਦਸਮ ਗ੍ਰੰਥ ਸੰਬੰਧੀ ਸਾਰੀ ਖੋਜ ਸੀ ਤੇ ਦਸਮ ਸਤਿਗੁਰੂ ਜੀ ਦੀ ਕਿਹੜੀ ਕਿਹੜੀ ਬਾਣੀ ਹੈ- ਦਾ ਵੇਰਵਾ ਸੀ ।[123]

" ਗੁਰਪੁਰਬ ਪ੍ਰਕਾਸ਼, ਗੁਰਸਿੱਖਾਂ ਦੇ ਨਿਤਕਰਮ, ਗੁਰਮਤਿ ਸਿਧਾਂਤ, ਸੌਦ ਸਿਧਾਂਤ, ਰਪੋਟ ਦਸਮ ਗ੍ਰੰਥ ਜੀ ਦੀ ਸੁਧਾਈ, ਯਾਤਰਾ ਸ੍ਰੀ ਹਜ਼ੂਰ ਸਾਹਿਬ ਤੇ ਗੁਰ ਪ੍ਰਣਾਲੀ ਆਦਿ ਨਿਕੇ ਵੱਡੇ ਟ੍ਰੈਕਟ ਇਸ ਸਭਾ ਦੀ ਮੇਹਨਤ ਦਾ ਹੀ ਸਿੱਟਾ ਸਨ ਜਿਨ੍ਹਾਂ ਲਿਖਤਾਂ ਤੋਂ ਉਤਸ਼ਾਹਤ ਹੋਕੇ ਪਿਛੋਂ ਗਿਆਨੀ-ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਤੇ ਤਵਾਰੀਖ ਗੁਰੂ ਖਾਲਸਾ ਤੇ ਪੰਡਤ ਤਾਰਾ ਸਿੰਘ ਨਰੋਤਮ ਜੀ ਨੇ 'ਗੁਰਮਤਿ ਨਿਰਣਯ ਸਾਗਰ' ' ਗੁਰ ਗਿਰਾਰਥ ਕੋਸ਼ ' ਤੇ 'ਗੁਰ ਤੀਰਥ ਸੰਗ੍ਰਹਿ' ਆਦਿ ਵੀਚਾਰ-ਪੂਰਣ ਪੁਸਤਕ ਲਿਖੇ ।"[124] ਪਰ ਅਜਿਹਾ ਕਹਿਣਾ ਕੇਵਲ ਅਤਿਕਥਨੀ ਹੈ ਕਿਉਂਕਿ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਸੰਨ 1867 ਵਿਚ ਸੰਪੂਰਣ ਕੀਤਾ ਤੇ ਤਵਾਰੀਖ ਗੁਰੂ ਖ਼ਾਲਸਾ ਦੀ ਰਚਨਾ ਪੰਥ ਪ੍ਰਕਾਸ਼ ਦੇ ਲਿਖਣ ਤੋਂ ਪਹਿਲਾਂ ਕੀਤੀ ਜਦ ਕਿ ਗੁਰਮਤ ਗ੍ਰੰਥ ਪ੍ਰਚਾਰਕ ਸਭਾ 1885 ਈਸਵੀ ਵਿਚ ਬਣੀ ਸੀ ।

ਸਿੰਘ ਸਭਾ ਨੂੰ ਪੜ੍ਹੇ ਲਿਖੇ ਤਬਕਿਆਂ ਨੇ ਬੜੀ ਜਲਦੀ ਪਰਵਾਨ ਕੀਤਾ । ਸ਼ਹਿਰੀ ਲੋਕਾਂ ਨੇ ਜਿਹੜੇ ਕਿ ਪਛਮੀ ਵਿਦਿਆ ਹਾਸਲ ਕਰਕੇ ਸਮਾਜ ਵਿਚ ਮਾਨ-ਸਤਿਕਾਰ ਦੇ ਚਾਹਵਾਨ ਸਨ, ਇਸ ਨੂੰ ਜੀ ਆਇਆਂ ਆਖਿਆ ਪਰ ਪਿੰਡਾਂ ਦਾ ਜੱਟ ਵਰਗ ਆਪਣੇ ਆਪ ਨੂੰ ਸਿੱਖ ਨਾਲੋਂ ਨਵੀਂ ਕਿਸਮ ਦਾ ਕਸ਼ੱਤਰੀ ਵਧੇਰੇ ਸਮਝਦਾ ਸੀ । ਜੇ ਕਰ ਮੁਸਲਮਾਨ ਤੇ ਨੀਵੀਆਂ ਜਮਾਤਾਂ ਦੇ ਲੋਕ ਸਿਖ ਧਰਮ ਵਿਚ ਆ ਜਾਣ ਤਾਂ ਉਸ ਵਰਗ ਦੇ ਕਸ਼ੱਤਰੀਪਨ ਦੀ ਕੀਮਤ ਘਟਦੀ ਸੀ। ਇਸ ਲਈ ਪਿੰਡਾਂ ਦੇ ਇਸ ਵਰਗ ਨੇ ਸਿੰਘ ਸਭਾ ਦੇ ਨਵੇਂ ਵਿਚਾਰਾਂ ਦਾ ਮਖੌਲ ਉਡਾਇਆ । ਸਿੰਘ ਸਭੀਏ ਬਣੇਨ ਦਾ ਕਾਰਨ ਘੜੇ ਚੋਂ ਦਾਣੇ ਮੁਕ ਜਾਣਾ ਦਸਿਆ ਤੇ ਇਨ੍ਹਾਂ ਨੂੰ ਸਿੰਘ ਸਫੀਏ ਆਖਿਆ।

ਪਰ ਛੇਟ ਹੀ ਇਸ ਸਭਾ ਦੇ ਮੋਢੀਆਂ ਬਾਬਾ ਖੇਮ ਸਿੰਘ ਬੇਦੀ, ਸਰਦਾਰ ਠਾਕਰ ਸਿੰਘ ਸੰਧਾਵਾਲੀਏ, ਕੰਵਰ ਬਿਕ੍ਰਮ ਸਿੰਘ, ਵਿਚ ਮਤਭੇਦ ਪੈਦਾ ਹੋ ਗਏ ਜਿਸ ਕਰਕੇ ਗੁਰਮਤ ਪਰਚਾਰ ਦਾ

---

123. ਡਾ. ਜਗਜੀਤ ਸਿੰਘ, ਸਿੰਘ ਸਭਾ ਲਹਿਰ, ਸਫੇ 14.15.

124. ਪਿਆਰਾ ਸਿੰਘ ਪਦਮ, ਸੰਖੇਪ ਸਿੱਖ ਇਤਿਹਾਸ, ਸਫਾ 299.

ਕੰਮ ਮੱਠਾ ਪੈ ਗਿਆ ਤੇ 'ਸਿੰਘ ਸਭਾ ਅੰਮ੍ਰਿਤਸਰ ਕੁਝ ਚਿਰ ਲਈ ਮਧਮ ਪੈ ਗਈ।'[125] ਤੇ ਇਹ ਸਿਰਫ ਭਾਈ ਗੁਰਮੁਖ ਸਿੰਘ ਜਿਹੇ ਵਿਅਕਤੀ ਦਾ ਇਸ ਵਿਚ ਸ਼ਾਮਲ ਹੋਣਾ ਹੀ ਸੀ ਜਿਹੜਾ ਇਸ ਨੂੰ ਨਵੇਂ ਸਿਰਿਉਂ ਜੁਆਉਣ ਦਾ ਕਾਰਨ ਬਣਿਆ।

1876 ਈ: ਵਿਚ ਜਦੋਂ ਭਾਈ ਗੁਰਮੁਖ ਸਿੰਘ ਨੇ ਇਹ ਵੇਖਿਆ ਕਿ ਸਿੰਘ ਸਭਾ ਅੰਮ੍ਰਿਤਸਰ ਦਾ ਕੰਮ ਲਗ ਭਗ ਖਤਮ ਹੋ ਰਿਹਾ ਹੈ ਤੇ ਸਿਖ ਦੂਜਿਆਂ ਦੇ ਮੁਕਾਬਲੇ ਤੇ ਪਿਛੇ ਰਹੀ ਜਾ ਰਹੇ ਹਨ ਤਾਂ ਉਨ੍ਹਾਂ ਨੇ ਪੰਥਕ ਉਨਤੀ ਲਈ ਕੰਵਰ ਬਿਕ੍ਰਮ ਸਿੰਘ ਪਾਸ ਆਪਣੇ ਉਸਾਰੂ ਪ੍ਰੋਗਰਾਮ ਨੂੰ ਪੇਸ਼ ਕੀਤਾ। ਕੰਵਰ ਬਿਕ੍ਰਮ ਸਿੰਘ ਨੇ ਹਰ ਤਰ੍ਹਾਂ ਨਾਲ ਮਦਦ ਕਰਨ ਦਾ ਯਕੀਨ ਦੁਆਇਆ। ਆਪਣੇ ਮਿਸ਼ਨ ਦੀ ਕਾਮਯਾਬੀ ਲਈ ਭਾਈ ਗੁਰਮੁਖ ਸਿੰਘ ਨੇ ਸ: ਠਾਕਰ ਸਿੰਘ ਸੰਧਾਂਵਾਲੀਏ ਤੇ ਕੰਵਰ ਬਿਕ੍ਰਮ ਸਿੰਘ ਨੂੰ ਇਕ ਦੂਜੇ ਦੇ ਨੇੜੇ ਲਿਆਂਦਾ। ਇਨ੍ਹਾਂ ਦੇ ਆਪਸੀ ਮਿਲਾਪ ਨਾਲ ਫਿਰ ਪੰਥਕ ਇਕੱਠ ਹੋਣੇ ਸ਼ੁਰੂ ਹੋ ਗਏ ਤੇ ਇਸ ਤਰ੍ਹਾਂ ਸਿੰਘ ਸਭਾ ਅੰਮ੍ਰਿਤਸਰ ਵਿਚ ਨਵੀਂ ਜਾਨ ਪੈ ਗਈ।

ਸਿੱਖੀ ਪਰਚਾਰ ਦੀ ਲਾਹੌਰ ਵਿਚ ਅੰਮ੍ਰਿਤਸਰ ਨਾਲੋਂ ਵਧੇਰੇ ਲੋੜ ਸੀ, ਇਸ ਲੋੜ ਨੂੰ ਪੂਰਿਆਂ ਕਰਨ ਲਈ ਸੰਨ 1879 ਈ: ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। "ਸਿੰਘ ਸਭਾ ਲਾਹੌਰ ਵਿਚ ਪਹਿਲਾਂ 26 ਤੇ ਫੇਰ ਕਾਫੀ ਗਿਣਤੀ ਵਿਚ ਹੋਰ ਪਤਿਵੰਤੇ ਸਿੱਖ ਸ਼ਾਮਲ ਹੋਏ ਤੇ ਕਈ ਸਰਕਾਰੀ ਆਦਮੀ ਵੀ, ਜਿਨ੍ਹਾਂ ਵਿਚੋਂ ਰਾਇ ਮੂਲ ਸਿੰਘ ਜੀ ਮੁਖ ਸਨ, ਇਸ ਵਿਚ ਮੈਂਬਰ ਲਏ ਗਏ। ਇਹ ਰਾਇ ਮੂਲ ਸਿੰਘ ਜੀ ਉਹੋ ਸਨ ਜੋ ਰਾਜਾ ਤੇਜਾ ਸਿੰਘ ਦੇ ਏਜੰਟ ਬਣ ਕੇ ਸੰਨ 1847-49 ਵਿਚ ਸਿੱਖ ਰਾਜ ਤੋਂ ਵਿਰੁਧ ਅੰਗ੍ਰੇਜ਼ੀ ਹਕੂਮਤ ਦਾ ਸਾਥ ਦਿੰਦੇ ਰਹੇ ਸਨ ਤੇ ਐਚ. ਐਮ. ਲਾਰੰਸ ਤੋਂ ਇਨ੍ਹਾਂ ਨੇ ਇਸ ਸਬੰਧੀ ਇਕ ਪ੍ਰਸ਼ੰਸਾ ਪਤ੍ਰ ਵੀ ਲਿਆ ਸੀ। ਇਸ ਸਮੇਂ ਇਹ ਰਾਇ ਹੋਰੀਂ 'ਲਾਟ ਸਾਹਿਬ ਦੇ ਦਰਬਾਰੀ ਸਨ।'"[126] ਅਸਲ ਕਾਰਣ ਇਹ ਸੀ ਕਿ ਨਾਮਧਾਰੀ ਲਹਿਰ ਤੋਂ ਘਾਬਰੀ ਹੋਈ ਫਿਰੰਗੀ ਸਰਕਾਰ ਸਿਖਾਂ ਦੀ ਹਰ ਜੱਥੇਬੰਦੀ ਵਿਚ ਇਨਕਲਾਬ ਦੀ ਬੂ ਦੇਖਦੀ ਸੀ, ਇਸ ਲਈ ਸਿੰਘ ਸਭਾ ਲਾਹੌਰ ਬਣਦਿਆਂ ਹੀ ਸਰਕਾਰ ਨੇ ਆਪਣੇ ਅਸਰ ਰਸੂਖ ਵਾਲੇ ਬੰਦੇ ਇਸ ਵਿਚ ਸ਼ਾਮਲ ਹੋਣ ਲਈ ਪ੍ਰੇਰੇ ਕਿ ਕੋਈ ਸਰਕਾਰ ਵਿਰੋਧੀ ਸਰਗਰਮੀ ਨਾ ਹੋ ਸਕੇ।"[127] ਭਾਵੇਂ ਇਹ ਕਿਹਾ ਜਾਂਦਾ ਹੈ ਕਿ ਭਾਈ ਗੁਰਮੁਖ ਸਿੰਘ ਜੀ ਦੀ ਹਿੰਮਤ ਨਾਲ ਬਾਬਾ ਖੇਮ ਸਿੰਘ ਜੀ, ਸਰਦਾਰ ਅਤਰ ਸਿੰਘ ਜੀ ਭਦੌੜ, ਸਰਦਾਰ ਜਗਤ ਸਿੰਘ ਜੀ ਵਕੀਲ, ਰਾਜਾ ਸਾਹਿਬ ਨਾਭਾ, ਦੀਵਾਨ ਬੂਟਾ ਸਿੰਘ ਜੀ ਤੇ ਸਰਦਾਰ ਮੀਹਾਂ ਸਿੰਘ ਜੀ, ਸਰਦਾਰ ਠਾਕਰ ਸਿੰਘ ਜੀ ਸੰਧਾਂਵਾਲੀਏ ਆਦਿ ਬਥੇਰੇ ਪ੍ਰਤਿਸ਼ਟ ਸਜਣ ਇਸ ਸਭਾ ਦੇ ਮੈਂਬਰ ਬਣੇ।"[128] "ਸਿੱਖਾਂ ਵਲੋਂ ਦਰਖਾਸਤ ਕਰਨ ਤੇ ਪਹਿਲਾਂ ਸਰ

---

125. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ ਸਫਾ 166.

126. ਉਹੀ ਸਫੇ 177-78

127. ਪਿਆਰਾ ਸਿੰਘ ਪਦਮ, ਸੰਖੇਪ ਸਿੱਖ ਇਤਿਹਾਸ, ਸਫਾ 300.

128. ਡਾ: ਜਗਜੀਤ ਸਿੰਘ, ਸਿੰਘ ਸਭਾ ਲਹਿਰ, ਸਫਾ 18.

ਰਾਬਰਟ ਈਜਰਟਨ ਲਾਟ ਸਾਹਿਬ ਪੰਜਾਬ ਤੇ ਫੇਰ ਸਰ ਚਾਰਲਸ ਐਚੀਸਨ ਸ੍ਰੀ ਗੁਰੂ ਸਿੰਘ ਸਭਾ ਦੇ ਸਰਪ੍ਰਸਤ ਬਣੇ ।ਇਨ੍ਹਾਂ ਤੋਂ ਇਲਾਵਾ ਕਈ ਹੋਰ ਰੋਣਵੇਂ ਅੰਗਰੇਜ਼ ਅਫਸਰਾਂ ਨੇ ਵੀ ਸਿੰਘ ਸਭਾ ਦੀ ਵਿਦਿਅਕ ਬ੍ਰਾਂਚ ਦੀ ਮੈਂਬਰੀ ਫਾਰਮ ਭਰੇ ।"[129] ਦੀਵਾਨ ਬੂਟਾ ਸਿੰਘ ਇਸ ਸਭਾ ਦੇ ਪਰਧਾਨ ਤੇ ਭਾਈ ਗੁਰਮੁਖ ਸਿੰਘ ਸਕੱਤਰ ਥਾਪੇ ਗਏ ।ਭਾਈ ਹਰਸਾ ਸਿੰਘ,ਭਾਈ ਰਾਮ ਸਿੰਘ ਤੇ ਸਰਦਾਰ ਕਰਮ ਸਿੰਘ ਇਸ ਕਮੇਟੀ ਦੇ ਹੋਰ ਮੈਂਬਰ ਸਨ ।

ਇਸ ਸਭਾ ਦੇ ਆਸ਼ੇ ਤੇ ਨਿਯਮ ਸਿੰਘ ਸਭਾ ਅੰਮ੍ਰਿਤਸਰ ਵਾਲੇ ਹੀ ਸਨ ਪਰ ਜਦੋਂ ਸਿੰਘ ਸਭਾ ਲਾਹੌਰ ਨੇ ਕੁਝ ਤਰੱਕੀ ਕੀਤੀ ਤੇ ਇਸ ਦੇ ਕੁਝ ਹੇਠ ਲਿਖੇ ਵਿਸ਼ੇਸ਼ ਨਿਯਮ ਬਣਾਏ ਗਏ :-

1. ਸਿੱਖ ਧਰਮ ਦੇ ਨਿਯਮਾਂ ਨੂੰ ਪ੍ਰਗਟ ਕਰਨਾ ਤੇ ਥਾਂ ਪਰ ਥਾਂ ਇਸ ਸ਼੍ਰੇਸ਼ਟ ਧਰਮ ਦੀ ਚਰਚਾ ਕਰਨੀ ।
2. ਜਿਨ੍ਹਾਂ ਪੋਥੀਆਂ ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਤੇ ਭਲਾਈ ਪਾਈ ਜਾਂਦੀ ਹੈ ਉਨ੍ਹਾਂ ਨੂੰ ਛਪਵਾਇ ਕੇ ਪਰਗਟ ਕਰਨਾ ।
3. ਸੰਪ੍ਰਦਾਈ ਬਾਣੀ ਨੂੰ ਪਰਗਟ ਕਰਨਾ ਅਤੇ ਉਨ੍ਹਾਂ ਤਾਰੀਖਾਂ ਮਜ਼ਹਬੀ ਪੋਥੀਆਂ ਨੂੰ, ਜੈਸੇ ਜਨਮ ਸਾਖੀ ਅਤੇ ਗੁਰ ਪ੍ਰਣਾਲੀ ਆਦਿ,ਜਿਨ੍ਹਾਂ ਵਿਚ ਕਿਸੀ ਤਰ੍ਹਾਂ ਦਾ ਕੁਝ ਸੰਸਾ ਹੈ . . . . ਅਸਲੇ ਕਢਾਇ ਕੇ ਅੱਗਾ ਪਿੱਛਾ ਦੇਖ ਕੇ ਸ਼ੁਧ ਕਰਨਾ ।
4. ਪੰਜਾਬੀ ਜ਼ੁਬਾਨ ਦਵਾਰਾ ਇਲਮ ਮੁਰੱਵਜੇ ਦੀ ਉਨੰਤੀ ਕਰਨੀ ਅਤੇ ਇਸ ਅਭਿਪ੍ਰਾਯ ਨਾਲ ਰਸਾਲੇ ਤੇ ਅਖਬਾਰਾਂ ਨਿਕਾਲਣੀਆਂ ।
5. ਜੋ ਲੋਕ ਸਿੱਖ ਧਰਮ ਦੇ ਵਿਰੋਧੀ ਹਨ,ਅਥਵਾ ਜਿਨ੍ਹਾਂ ਇਸ ਦੇ ਵਿਰੁੱਧ ਕਿਹਾ ਅਥਵਾ ਸੁਣਿਆ ਹੈ,ਅਥਵਾ ਜੋ ਸਿੱਖ ਲੋਕ ਤਖ਼ਤਾਂ ਤੋਂ ਖ਼ਾਰਿਜ ਹੋਨ,ਅਥਵਾ ਜੇਹੜੇ, ਆਪਣਾ ਧਰਮ ਛੱਡ ਕੇ ਦੂਸਰੇ ਧਰਮ ਤੇ ਸਮਾਜ ਵਿਚ ਜਾ ਰਲੇ ਹੋਣ,ਅਥਵਾ ਜਿਨ੍ਹਾਂ ਨੇ ਕੇਸਾਂ ਦੀ ਬੇਅਦਬੀ ਕੀਤੀ ਹੋਵੇ,ਅਥਵਾ ਜੋ ਸਰਕਾਰ ਦੇ ਨਜ਼ਦੀਕ ਮੁਫੱਸਦ ਗਿਣੇ ਗਏ ਹੋਣ,ਅਥਵਾ ਜੋ ਸੁਲਾਲ ਮਿੱਲਤ ਤੇ ਭਲਾਈ ਕੌਮ ਦੇ ਵਿਰੋਧੀ ਹੋਣ,ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ- ਮਗਰ ਜਦ ਇਨ੍ਹਾਂ ਵਿਚੋਂ ਕੋਈ ਪਿਛਲੀ ਕੀਤੀ ਤੋਂ ਤਨਖਾਹ ਲੁਆਵੇ ਤੇ ਅੱਗੇ ਵਾਸਤੇ ਸਭਾ ਦੀ ਰਾਇ ਹੋ ਜਾਵੇ ਤਾਂ ਮਿਲ ਸਕਦੇ ਹਨ ।

---

129. ਸ਼ਮਸ਼ੇਰ ਸਿੰਘ ਅਸ਼ੋਕ,ਪੰਜਾਬ ਦੀਆਂ ਲਹਿਰਾਂ ਸਫਾ 178 .

6. ਵੱਡੇ ਮਰਤਬੇ ਵਾਲੇ ਅੰਗਰੇਜ਼ ਬਹਾਦਰ ਵਿਦਯਾ ਸ਼ਾਖ ਦੇ ਮੈਂਬਰ ਬਣ ਸਕਦੇ ਹਨ। ਹੋਰ ਪੰਥਾਂ ਦੇ ਲੋਕ ਵੀ ਇਸ ਸਭਾ ਦੇ ਮੈਂਬਰ ਬਣ ਸਕਦੇ ਹਨ, ਜਦ ਪੱਕੀ ਤਰ੍ਹਾਂ ਮਾਲੂਮ ਹੋ ਜਾਣ ਜੋ ਉਹ ਸਿੱਖੀ ਧਰਮ ਤੇ ਪੰਜਾਬੀ ਜ਼ੁਬਾਨ ਦੇ ਖੈਰ ਖਵਾਹ ਹਨ।

7. ਕਿਸੀ ਦੂਸਰੇ ਮਤ ਦੇ ਵਿਰੁੱਧ ਕਹਿਣਾ-ਸੁਣਨਾ ਅਥਵਾ ਲਿਖਣਾ ਸ੍ਰੀ ਗੁਰੂ ਸਿੰਘ ਸਭਾ ਦਾ ਕੰਮ ਨਹੀਂ ।

8. ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਗੱਲ ਸਰਕਾਰ ਦੇ ਤੱਲਕ ਨਹੀਂ ਕੀਤੀ ਜਾਵੇਗੀ।

9. ਖੈਰ ਖਵਾਹੀ ਕੌਮ ਫਰਮਾਂ ਬਰਦਾਰੀ ਸਰਕਾਰੀ, ਸਿੱਖ ਧਰਮ ਨਾਲ ਪਿਆਰ ਅਤੇ ਉਨੱਤੀ ਕਰਨਾ ਵਿਦਯਾ ਦਾ ਪੰਜਾਬੀ ਜ਼ੁਬਾਨ ਦੁਆਰਾ ਅਤੇ ਮਸਲਤ ਉਮਦੀ ਹਰ-ਬਾਤ ਵਿਚ ਲਿਹਾਜ਼ ਕੀਤਾ ਜਾਵੇਗਾ ।[130]

ਭਾਈ ਗੁਰਮੁਖ ਸਿੰਘ ਤੇ ਭਾਈ ਹਰਸਾ ਸਿੰਘ ਨੇ ਬੜੀਆਂ ਕੋਸ਼ਿਸ਼ਾਂ ਕਰ ਕੇ ਇਸ ਸਭਾ ਦੇ ਮੈਂਬਰਾਂ ਦੀ ਗਿਣਤੀ 268 ਤਕ ਕਰ ਦਿਤੀ ।ਸਿੰਘ ਸਭਾ ਦੇ ਪਰਚਾਰ ਲਈ ਭਾਈ ਗੁਰਮੁਖ-ਸਿੰਘ ਨੇ ਨਵੰਬਰ 1880 ਵਿਚ ਲਾਹੌਰ ਤੋਂ ਸਪਤਾਹਕ 'ਗੁਰਮੁਖੀ' ਅਖਬਾਰ ਜਾਰੀ ਕੀਤਾ ਤੇ ਸਿਖ ਧਰਮ ਦਾ ਸੁਨੇਹਾ ਥਾਂ ਥਾਂ ਫੈਲਣ ਲਗਾ ।" ਭਾਈ ਗੁਰਮੁਖ ਸਿੰਘ ਜੀ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ ।ਥਾਂ ਥਾਂ ਲੈਕਚਰ ਦੇ ਕੇ ਸਿੰਘ ਸਭਾ ਦੇ ਆਦਰਸ਼ਾਂ, ਮਨੋਰਥਾਂ ਦਾ ਪ੍ਰਚਾਰ ਕੀਤਾ ਅਤੇ ਸਿੱਖ ਜਨਤਾ ਨੂੰ ਇਸ ਉਦੱਮ ਵਿਚ ਸ਼ਾਮਲ ਹੋਣ ਲਈ ਪਰੇਰਿਆ, ਇਸ ਵਿਚ ਉਨ੍ਹਾਂ ਨੂੰ ਚੰਗੀ ਸਫਲਤਾ ਪ੍ਰਾਪਤ ਹੋਈ ।"[131] " ਜਿੱਥੇ ਸਿੱਖਾਂ ਦੀ ਬਹੁਗਿਣਤੀ ਸੀ, ਸਿੰਘ ਸਭਾਵਾਂ ਬਣਨੀਆਂ ਸ਼ੁਰੂ ਹੋਈਆਂ। ਅਜਿਹੀਆਂ ਸਿੰਘ ਸਭਾਵਾਂ ਵਿਚੋਂ ਜੋ ਇਸ ਸਮੇਂ ਕਾਇਮ ਹੋਈਆਂ ਗੁਜਰਾਂਵਾਲਾ, ਵਜ਼ੀਰਾਬਾਦ, ਸਿਆਲਕੋਟ, ਗੁਰਦਾਸਪੁਰ, ਫੀਰੋਜ਼ਪੁਰ, ਕਪੂਰਥਲਾ, ਲੁਦਿਹਾਣਾ, ਅੰਬਾਲਾ, ਮੋਦੇ, ਪਟਿਆਲਾ, ਨਾਭਾ, ਸੰਗਰੂਰ, ਆਦਿ ਥਾਵਾਂ ਦੀਆਂ ਸਭਾਵਾਂ ਪ੍ਰਸਿਧ ਸਨ ।ਇਹ ਸਭਾਵਾਂ ਬਣਨ ਸਾਰ ਨਾਲੋ ਨਾਲ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਨਾਲ ਸੰਬੰਧਿਤ ਹੁੰਦੀਆਂ ਗਈਆਂ ।ਇਸ ਤਰ੍ਹਾਂ ਪੰਜਾਬ ਵਿਚ ਬਹੁਤੀਆਂ ਸਿੰਘ ਸਭਾਵਾਂ ਬਣਨ ਤੇ ਸਿੰਘ ਸਭਾ ਲਹਿਰ ਸ਼ੁਰੂ ਹੋਈ ।"[132]

1880 ਈ: ਵਿਚ ਇਹ ਸਵਾਲ ਪੈਦਾ ਹੋਇਆ ਕਿ ਅੰਮ੍ਰਿਤਸਰ ਦੀ ਸਿੰਘ ਸਭਾ ਵੱਡੀ ਹੈ ਜਾਂ ਲਾਹੌਰ ਦੀ, ਭਾਈ ਗੁਰਮੁਖ ਸਿੰਘ ਲਾਹੌਰ ਵਾਲੀ ਨੂੰ ਤੇ ਬਾਬਾ ਖੇਮ ਸਿੰਘ ਬੇਦੀ ਅੰਮ੍ਰਿਤਸਰ ਵਾਲੀ ਨੂੰ ਵੱਡੀ ਸਮਝਦੇ ਸਨ, ਅਖੀਰ 11 ਅਪਰੈਲ 1880 ਈ: ਨੂੰ ਦੋਨਾਂ ਸਭਾਵਾਂ ਨੂੰ ਮਿਲਾ ਕੇ

130. ਰਿਪੋਰਟ ਸ੍ਰੀ ਗੁਰੂ ਸਿੰਘ ਸਭਾ, ਲਾਹੌਰ, ਸੰਨ 1880, ਸਫੇ 54-55.
131. ਪ੍ਰੋ: ਕਰਤਾਰ ਸਿੰਘ, ਸਿੰਘ ਸਭਾ ਲਹਿਰ ਦਾ ਜਨਮ ਤੇ ਵਿਕਾਸ, ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਸੁਵੀਨੀਅਰ, ਸਫਾ 7.
132. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ ਸਫਾ 179.

ਇਸ ਦਾ ਨਾਂ ਵੱਡੀ (ਜਨਰਲ) ਸਭਾ ਰਖਿਆ ਗਿਆ ।ਇਹ ਸਭਾ "ਇਕ ਵੇਰ ਬਣ ਤਾਂ ਗਈ, ਪਰ ਫੇਰ ਨਾ ਤਾਂ ਇਸ ਦਾ ਕੋਈ ਇਕੱਠ ਹੀ ਹੋਇਆ ਤੇ ਨਾਹੀ ਸਿਵਾਇ ਕਾਗੁਜ਼ੀ ਕਾਰਵਾਈ ਦੇ ਹੋਰ ਕੋਈ ਅੱਛਾ ਨਤੀਜਾ ਹੀ ਨਿਕਲ ਸਕਿਆ ।"[133] ਫਿਰ ਇਸ ਵੱਡੀ (ਜਨਰਲ) ਸਭਾ ਦਾ ਨਾਂ ਜਨਵਰੀ 1883 ਈ. ਵਿਚ ਖਾਲਸਾ ਦੀਵਾਨ,ਅੰਮ੍ਰਿਤਸਰ ਰਖਿਆ ਗਿਆ ।" ਸਿੱਖਾਂ ਦਾ ਇਹ ਸਭ ਤੋਂ ਪਹਿਲਾ ਦੀਵਾਨ ਜਾਂ ਜਥਾ ਸੀ,ਇਸ ਦੀਵਾਨ ਦੇ ਪ੍ਰਧਾਨ ਸ: ਮਾਨ ਸਿੰਘ ਜੀ ਸਰਬਰਾਹ ਸ੍ਰੀ ਦਰਬਾਰ ਸਾਹਿਬ,ਸਕੱਤਰ ਭਾਈ ਗਣੇਸ਼ਾ ਸਿੰਘ ਤੇ ਚੀਫ ਸਕੱਤਰ ਭਾਈ ਗੁਰਮੁਖ ਸਿੰਘ ਜੀ ਲਾਹੌਰ ਵਾਲੇ ਨੀਯਤ ਹੋਏ ।"[134] ਕੁਝ ਚਿਰ ਪਿਛੋਂ ਇਸ ਦੀਵਾਨ ਦੇ ਪਰਧਾਨ ਸਰਦਾਰ ਠਾਕਰ-ਸਿੰਘ ਸੰਧਾਵਾਲੀਏ ਬਣਾਏ ਗਏ ।

ਪਰ ਏਕਤਾ ਦਾ ਇਹ ਯਤਨ ਵੀ ਸਫਲ ਨਾ ਹੋਇਆ,ਕਿਉਂਕਿ "ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧਕਾਂ ਦੀ ਛੂਤ ਛਾਤ,ਹਿੰਦੂ ਨੁਮਾ ਸਿਖ ਰੀਤੀਆਂ,ਠਾਕਰਾਂ ਦੀ ਪੂਜਾ ਆਦਿ ਕਈ ਗਲਾਂ ਸਨ,ਜੋ ਭਾਈ ਗੁਰਮੁਖ ਸਿੰਘ ਜੀ ਆਦਿ ਨੂੰ ,ਜੋ ਸਿਖ ਧਰਮ ਨੂੰ ਨਿਰੋਲ ਖਾਲਸ ਵੇਖਣਾ ਚਾਹੁੰਦੇ ਸਨ,ਇਹ ਗਲਾਂ ਨਾ ਭਾਈਆਂ।ਅਛੋਤੀ ਮਜ਼ਬੀ,ਰਾਮਦਾਸੀਏ ਆਦਿ ਗੁਰੂ ਦੇ ਸਿੱਖਾਂ ਨੇ ਰੋਟੀ ਬੇਟੀ ਦੀ ਸਾਂਝ ਲਈ ਬਹੁਤ ਵੇਰ ਖਾਲਸਾ ਦੀਵਾਨ ਪਾਸ ਪ੍ਰਾਰਥਨਾ ਕੀਤੀ,ਪਰ ਉਨ੍ਹਾਂ ਨੂੰ ਅਜੀਬ ਅਜੀਬ ਤਰੀਕਿਆਂ ਨਾਲ ਟਾਲ ਮਟੋਲ ਹੀ ਕੀਤੀ ਗਈ ।"[135] ਰਾਜਾ ਬਿਕ੍ਰਮ ਸਿੰਘ ਫਰੀਦਕੋਟ ਤੇ ਬਾਬਾ ਖੇਮ ਸਿੰਘ ਬੇਦੀ,ਖਾਲਸਾ ਦੀਵਾਨ ਅੰਮ੍ਰਿਤਸਰ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਣਾ ਚਾਹੁੰਦੇ ਸਨ ।ਰਾਜਾ ਫਰੀਦਕੋਟ ਤਾਂ ਦੀਵਾਨ ਦੇ ਸੰਸਾਰਕ ਮਾਮਲਿਆਂ ਵਿਚ ਆਪਣੇ ਆਪ ਨੂੰ ਸਭ ਤੋਂ ਉਚ ਹਸਤੀ ਖਿਆਲ ਕਰਦੇ ਸਨ ਤੇ ਬਾਬਾ ਖੇਮ ਸਿੰਘ ਬੇਦੀ ਦੀਵਾਨ ਦੇ ਧਾਰਮਿਕ ਮਾਮਲਿਆਂ ਵਿਚ ਆਪਣੇ ਆਪ ਨੂੰ ਸਭ ਤੋਂ ਉਚਾ ਸਮਝਦੇ ਸਨ।ਪਰ ਦੀਵਾਨ ਦੇ ਹੋਰ ਅਧਿਕਾਰੀ, ਖਾਸ ਕਰਕੇ ਭਾਈ ਗੁਰਮੁਖ ਸਿੰਘ ਇਸ ਗੱਲ ਦੇ ਵਿਰੋਧੀ ਸਨ।ਭਾਈ ਗੁਰਮੁਖ ਸਿੰਘ ਇਸ ਗੱਲ ਦਾ ਵੀ ਵਿਰੋਧ ਕਰਦੇ ਸਨ ਕਿ ਫਰੀਦਕੋਟ ਦਾ ਰਾਜਾ ਬਿਕ੍ਰਮ ਸਿੰਘ ਤੇ ਬਾਬਾ ਖੇਮ ਸਿੰਘ ਬੇਦੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਗਦੇਲੇ ਤੇ ਤਕੀਏ ਆਦਿ ਲਾ ਕੇ ਬੈਠਣ ।ਕੁਝ ਚਿਰ ਪਿਛੋਂ ਸਰਦਾਰ ਠਾਕਰ ਸਿੰਘ ਸੰਧਾਵਾਲੀਏ ਸਦਾ ਲਈ ਸਿੰਘ ਸਭਾ ਦਾ ਸਾਥ ਛੱਡ ਗਏ ਤੇ ਇਸ ਦੀਵਾਨ ਦੇ ਪਰਧਾਨ ਬਾਬਾ ਖੇਮ ਸਿੰਘ ਬੇਦੀ ਬਣੇ ।ਖਾਲਸਾ ਦੀਵਾਨ,ਅੰਮ੍ਰਿਤਸਰ ਵਿਚ ਅੰਮ੍ਰਿਤਸਰ ਤੇ ਲਾਹੌਰੀ ਧੜੇ ਦੀ ਟੱਕਰ ਜਾਰੀ ਰਹੀ ਤੇ ਅਖੀਰ ਮਤਭੇਦ ਇੰਨੇ ਵਧ ਗਏ ਕਿ ਇਕਠਿਆਂ ਰਹਿ ਕੇ ਕੰਮ ਕਰਨਾ ਮੁਸ਼ਕਲ ਹੋ

133. ਸ਼ਮਸ਼ੇਰ ਸਿੰਘ ਅਸ਼ੋਕ,ਪੰਜਾਬ ਦੀਆਂ ਲਹਿਰਾਂ ਸਫਾ 188 .

134. ਸ਼ਮਸ਼ੇਰ ਸਿੰਘ ਅਸ਼ੋਕ,ਸਿੰਘ ਸਭਾ ਲਹਿਰ ਦਾ ਆਦਿ ਅੰਤ,ਸਿੰਘ ਸਭਾ ਪਤ੍ਰਿਕਾ, ਅਕਤੂਬਰ-ਨਵੰਬਰ 1973. ਸਫਾ 85.

135. ਡਾ. ਜਗਜੀਤ ਸਿੰਘ,ਸਿੰਘ ਸਭਾ ਲਹਿਰ,ਸਫਾ 25.

ਗਿਆ ।ਲਾਹੌਰੀ ਧੜੇ ਨੇ 1886 ਈ: ਵਿਚ ਆਪਣਾ ਵਖਰਾ 'ਖਾਲਸਾ ਦੀਵਾਨ,ਲਾਹੌਰ ਬਣਾ ਲਿਆ ਜਿਸ ਦੇ ਪਰਧਾਨ ਕੰਵਰ ਬਿਕ੍ਰਮ ਸਿੰਘ ਕਪੂਰਥਲਾ ਤੇ ਸਕੱਤਰ ਭਾਈ ਗੁਰਮੁਖ ਸਿੰਘ ਬਣੇ। ਕੁਝ ਚਿਰ ਪਿਛੋਂ ਸਰ ਅਤਰ ਸਿੰਘ ਭਦੌੜ ਇਸ ਦੀਵਾਨ ਦੇ ਪਰਧਾਨ ਥਾਪੇ ਗਏ ਤੇ ਅੰਮ੍ਰਿਤਸਰ, ਫਰੀਦਕੋਟ ਤੇ ਰਾਵਲਪਿੰਡੀ ਤੋਂ ਸਿਵਾ ਸਾਰੀਆਂ ਸਿੰਘ ਸਭਾਵਾਂ ਖਾਲਸਾ ਦੀਵਾਨ,ਲਾਹੌਰ ਨਾਲ ਆ ਜੁੜੀਆਂ ।ਇਸ ਦੇ ਸਰਪਰਸਤ ਗਵਰਨਰ ਪੰਜਾਬ ਤੇ ਕਮਾਂਡਰ ਇਨ ਚੀਫ ਬਣਾਏ ਗਏ ।

ਖਾਲਸਾ ਦੀਵਾਨ ਲਾਹੌਰ

ਜਿਹੜੇ ਨਿਯਮ ਉਪ-ਨਿਯਮ ਭਾਈ ਗੁਰਮੁਖ ਸਿੰਘ ਨੇ 1883 ਵਿਚ ਖਾਲਸਾ ਦੀਵਾਨ, ਅੰਮ੍ਰਿਤਸਰ ਲਈ ਬਣਾਏ ਸਨ ਤੇ ਜਿਹੜੇ ਆਪਸੀ ਝਗੜੇ ਕਰਕੇ ਨਾਮੰਜ਼ੂਰ ਕੀਤੇ ਗਏ ਸਨ,ਉਹੀ ਖਾਲਸਾ ਦੀਵਾਨ,ਲਾਹੌਰ ਦੇ ਮੂਲ ਸੂਤ੍ਰ ਮਿਥੇ ਗਏ ।ਜਿਹਾ ਕਿ :-

1. ਸਿੰਘਾਂ ਦੀ ਓਸ ਕੌਮੀ ਮਜਲਸ ਦਾ ਨਾਉਂ 'ਖਾਲਸਾ ਦੀਵਾਨ' ਹੈ ਜਿਸ ਵਿਚ:-

(ੳ) ਕਈ ਐਸੀਆਂ ਸੰਬੰਧਤ ਸਿੰਘ ਸਭਾਵਾਂ ਦੇ ਪ੍ਰਤੀਨਿਧ ਹਨ,ਜੋ ਸਭਾ ਭਿੰਨ ਭਿੰਨ ਜਗ੍ਹਾ ਪੁਰ ਕਾਇਮ ਹਨ ।

(ਅ) ਐਸੀਆਂ ਰਿਆਸਤਾਂ ਦੇ ਸਿੰਘ ਹਨ ਜਿਸ ਜਗ੍ਹਾ ਕੋਈ ਸੰਬੰਧਿਤ ਸਿੰਘ ਸਭਾ ਨਹੀਂ ਹੈ।ਐਸਿਆਂ ਸਿੰਘਾਂ ਦੀ ਗਿਣਤੀ 15 ਤੋਂ ਵਧੀਕ ਨਹੀਂ ਹੋਵੇਗੀ ।

2. ਸੰਬੰਧਤ ਸਿੰਘ ਸਭਾ ਦਾ ਅਰਥ ਅਜੇਹੀ 'ਸ੍ਰੀ ਗੁਰੂ ਸਿੰਘ ਸਭਾ' ਹੈ,ਜੋ ਨੇਮਾਂ ਅਨੁਸਾਰ ਖਾਲਸਾ ਦੀਵਾਨ ਨਾਲ ਸੰਬੰਧਤ ਹੈ ਅਤੇ ਐਸੀ ਸੰਬੰਧਤ ਸਿੰਘ ਸਭਾ ਦੇ 'ਪ੍ਰਤੀਨਿਧ' ਦਾ ਅਰਥ ਉਹ ਮੁਖਤਾਰ ਹੈ ਜਿਸ ਨੂੰ ਐਸੀ ਸਿੰਘ ਸਭਾ ਮੁਕਰੱਰ ਕਰੇ ਜਾਂ ਜਿਸ ਨੂੰ ਖਾਲਸਾ ਦੀਵਾਨ ਐਸੀ ਸਿੰਘ ਸਭਾ ~~ਮੁਕਰੱਰ~~ ਵਿਚੋਂ ਚੁਣ ਲਵੇ ਕਿ ਉਹ ਖਾਲਸਾ ਦੀਵਾਨ ਦਾ ਸਹਾਇਕ ਬਣੇ ।ਖਾਲਸਾ ਦੀਵਾਨ ਦੇ ਮਨਸ਼ਾ ਇਹ ਹਨ :-

(ੳ) ਖਾਲਸਾ ਪੰਥ ਵਿਚ ਲਾਭਦਾਇਕ ਵਿਦਯਾ ਅਤੇ ਗੁਣਾਂ ਦਾ ਪਰਚਾਰ ਕਰਨਾ।

(ਅ) ਇਲਮ ਅਤੇ ਹੁਨਰਾਂ ਦੀ ਬ੍ਰਿਧੀ ਕਰਨੀ ।

(ੲ) ਪੰਜਾਬੀ ਭਾਖਾ ਦੀ ਉਨੱਤੀ ਕਰਨੀ ਅਤੇ ਹੋਰਨਾਂ ਭਾਖਾਂ ਵਿਚੋਂ ਗੁਰਮੁਖੀ ਤਰਜਮਾਂ ਕਰਕੇ ਇਸ ਨੂੰ ਭਰਪੂਰ ਕਰਨਾ ।

(ਸ) ਖਾਲਸਾ ਧਰਮ ਦੇ ਪੁਸਤਕਾਂ (ਗੁਰੂ ਗ੍ਰੰਥ ਸਾਹਿਬਾਨ) ਦੇ ਯਥਾਰਥ ਅਰਥ ਕਰਕੇ ਅਤੇ ਉਨ੍ਹਾਂ ਵਿਚ ਜੋ ਔਡ ਔਡ ਭਾਖਾ ਹਨ,ਉਹਨਾਂ ਦੇ ਸ਼ਬਦਾਂ ਦੀ ਤਾਰੀਖ ਅਰਥਾਤ ਉਤਪਤੀ ਅਤੇ ਅਦਲੀ ਬਦਲੀ ਦਾ ਨਿਰਨਾ ਕਰਨਾ ।

(ਹ) ਮਾਨਸਰ,ਸਦਾਚਾਰਕ ਅਤੇ ਸਮਾਜਕ ਅਵਸਥਾ ਦੀ ਬ੍ਰਿਧੀ ਕਰਨੀ ਅਤੇ

ਖਾਲਸਾ ਧਰਮ ਦੇ ਸਚੇ ਨੇਮਾਂ ਦਾ ਪ੍ਰਚਾਰ ਕਰਨਾ ।

(ਕ) ਇਸਤ੍ਰੀ ਸਿੱਖਯਾ ਨੂੰ ਵਧਾਉਣਾ ।

(ਖ) ਸਿੰਘਾਂ ਦੇ ਯਤੀਮ ਬੱਚਿਆਂ ਦੀ ਵਿਦਯਾ ਅਤੇ ਪਾਲਨਾ ਲਈ ਯਤੀਮ ਖਾਨਾ ਖੋਲ੍ਹਨਾ।

(ਗ) ਹੁਨਰ ਅਤੇ ਕਾਸ਼ਤਕਾਰੀ ਵਿੱਦਯਾ ਦੇ ਦੇਣ ਲਈ ਕਾਲਜ ਅਤੇ ਮਦਰਸੇ ਜਾਰੀ ਕਰਨੇ ।

(ਘ) ਲਾਭਦਾਇਕ ਪੋਥੀਆਂ ਅਤੇ ਰਸਾਲੇ ਛਾਪਣ ਲਈ ਇਕ ਅਥਵਾ ਵਧੀਕ ਪ੍ਰੈਸ ਖੋਲ੍ਹਨੇ।

(ਙ) ਲਾਭਦਾਇਕ ਵਿੱਦਯਾ ਵਿਸਥਾਰਨ ਦੇ ਪੱਖੋ ਨੂੰ ਵਧਾਉਣ ਲਈ ਭਿੰਨ ਭਿੰਨ ਅਸਥਾਨਾਂ ਵਿਚ ਸ਼ਾਖਾਂ (ਸਿੰਘ-ਸਭਾ) ਖੜੀਆਂ ਕਰਨੀਆਂ ।

(ਚ) ਸਰਕਾਰ ਅੰਗਰੇਜ਼ੀ ਅਗੇ ਖਾਲਸਾ ਪੰਥ ਦੇ ਹਕੂਕ ਪਰਗਟ ਕਰਨੇ ਅਤੇ ਸਿੰਘਾਂ ਨੂੰ ਸਰਕਾਰ ਅੰਗਰੇਜ਼ੀ ਦੇ ਰਾਜ ਦੀਆਂ ਅਨਗਿਣਤ ਬਰਕਤਾਂ ਦਸਨੀਆਂ ।

(ਛ) ਅਗੇ ਆਉਣ ਵਾਲੀਆਂ ਨਸਲਾਂ ਵਿਚ ਪੰਥ ਉਨੱਤੀ ਦੇ ਖਿਆਲ ਪਾਉਣੇ ਅਤੇ ਜਮਾਤੀ ਤਾਕਤ ਪੈਦਾ ਕਰਨੀ, ਜਿਸ ਤੋਂ ਮਿਲ ਕਰਕੇ ਉਦਮ ਕਰਨ ਦਾ ਢੰਗ ਬ੍ਰਿਧੀ ਪਾਉਂਦਾ ਹੈ ਅਤੇ ਜੋ ਸਰਕਾਰ ਅੰਗਰੇਜ਼ੀ ਦੀ ਨਿਮਕ ਹਲਾਲੀ, ਫਰਮਾਂ-ਬਰਦਾਰੀ ਅਤੇ ਸ਼ੁਕਰਗੁਜ਼ਾਰੀ ਨੂੰ ਚੰਗੀ ਤਰ੍ਹਾਂ ਪੱਕਾ ਕਰਦਾ ਹੈ ।

(ਜ) ਸਿੱਖਾਂ ਦੀ ਮੌਜੂਦਾ ਅਵਸਥਾ ਦੀ ਉਨੱਤੀ ਕਰਨ ਹਿਤ ਇਨ੍ਹਾਂ ਅਤੇ ਐਸਿਆਂ ਹੋਰਨਾਂ ਉਦੇਸ਼ਾਂ ਦੇ ਪੂਰਾ ਕਰਨ ਲਈ ਨਮੇ ਵਾਜਬੀ ਤਰੀਕੇ ਇਖਤਿਆਰ ਕਰਨੇ।[136]

ਬਾਬਾ ਖੇਮ ਸਿੰਘ ਬੇਦੀ ਦੇ ਹਮਾਇਤੀ ਖਾਲਸਾ ਦੀਵਾਨ ਲਾਹੌਰ ਦੀ ਕਾਇਮੀ ਨੂੰ ਸਿਖਾਂ ਵਿਚ ਪਹਿਲੀ ਧਾਰਮਕ ਫੁੱਟ ਦਾ ਪੈਣਾ ਦਸਦੇ ਹਨ।[137] ਉਨ੍ਹਾਂ ਦਾ ਇਹ ਵਿਚਾਰ ਵੀ ਹੈ "ਕਿ ਖਾਲਸਾ ਦੀਵਾਨ ਲਾਹੌਰ ਦੀ ਕਾਇਮੀਂ ਗੁਰਮੱਤ ਮੰਡਨ ਦੇ ਨਾਮ ਹੇਠਾਂ ਕੇਵਲ ਸ੍ਰੀ ਬਾਬਾ ਜੀ(ਬਾਬਾ ਖੇਮ ਸਿੰਘ-ਬੇਦੀ) ਨੂੰ ਗਿਰਾਣਾ ਅਤੇ ਆਪਣੀ ਰਾਜਸੀ ਦੌੜ ਵਿਚ ਵਧਣ ਲਈ ਸਰਕਾਰ ਅੰਗਰੇਜ਼ੀ ਨੂੰ ਖੁਸ਼ ਕਰਨਾ ਸੀ ।"[138] ਖਾਲਸਾ ਦੀਵਾਨ, ਲਾਹੌਰ ਉਤੇ ਇਹ ਇਲਜ਼ਾਮ ਲਾਉਣਾ ਕਿ ਉਹਦੇ ਮੈਂਬਰ ਸਰਕਾਰ ਅੰਗਰੇਜ਼ੀ ਨੂੰ ਖੁਸ਼ ਕਰਨਾ ਚਾਹੁੰਦੇ ਸਨ, ਕੋਈ ਗੈਰਵਾਜਬ ਨਹੀਂ ਜਾਪਦਾ। ਪਰ ਬਾਬਾ ਖੇਮ ਸਿੰਘ ਬੇਦੀ ਵੀ ਤਾਂ ਸਾਰੀ ਉਮਰ ਇਹ ਕੁਝ ਹੀ ਕਰਦੇ ਰਹੇ ।

---

136. ਡਾ. ਜਗਜੀਤ ਸਿੰਘ, ਸਿੰਘ ਸਭਾ ਲਹਿਰ, ਸਫੇ 28-30.

137. ਗਿ: ਈਸ਼ਰ ਸਿੰਘ ਨਾਰਾ, ਪੰਜਾਬ ਦਾ ਰਤਨ ਬਾਬਾ ਖੇਮ ਸਿੰਘ ਸਾਹਿਬ ਬੇਦੀ, ਸਫਾ 306.

138. ਉਹੀ, ਸਫਾ 372.

ਖਾਲਸਾ ਦੀਵਾਨ ਅੰਮ੍ਰਿਤਸਰ ਦੇ ਗਲਤ ਪਰਚਾਰ ਦਾ ਵਿਰੋਧ ਕਰਨ, ਸਿੱਖੀ ਤੇ ਪੰਜਾਬੀ ਭਾਸ਼ਾ ਦੀ ਉਨਤੀ ਲਈ ਪਰਚਾਰ ਕਰਨ ਵਾਸਤੇ ਖਾਲਸਾ ਦੀਵਾਨ ਲਾਹੌਰ ਵਲੋਂ ਪੰਜਾਬੀ ਅਖਬਾਰਾਂ ਤੇ ਪ੍ਰੈਸ ਦਾ ਸਿਲਸਲਾ ਜਾਰੀ ਹੋਇਆ। ਮਹਾਰਾਜਾ ਹੀਰਾ ਸਿੰਘ ਨਾਭਾ ਦੀ ਮਾਲੀ ਸਹਾਇਤਾ ਨਾਲ ਇਕ ਪ੍ਰੈਸ ਖਰੀਦਿਆ ਗਿਆ ਤੇ 'ਖਾਲਸਾ ਅਖਬਾਰ' ਜਾਰੀ ਕੀਤਾ ਗਿਆ[139]। ਉਧਰੋਂ ਭਾਈ ਜਵਾਹਰ-ਸਿੰਘ, ਤੇ ਭਾਈ ਮਈਆ ਸਿੰਘ ਆਰੀਆ ਸਮਾਜ ਛੱਡ ਕੇ ਭਾਈ ਗੁਰਮੁਖ ਸਿੰਘ ਨਾਲ ਆ ਰਲੇ ਤੇ ਖਾਲਸਾ ਦੀਵਾਨ ਲਾਹੌਰ ਦਾ ਕੰਮ ਜ਼ੋਰਾਂ ਸ਼ੋਰਾਂ ਨਾਲ ਕਰਨ ਲਗੇ।

" ਸਭ ਤੋਂ ਪਹਿਲੇ ਭਾਈ ਗੁਰਮੁਖ ਸਿੰਘ ਜੀ ਨੇ 'ਸੁਧਾਗਰਕ' ਅਰਥਾਤ ਧਾਰਮਕ, ਵਿਦਯਾਇਕ, ਸਮਾਜਕ, ਭਾਈਚਾਰਕ, ਕੌਮੀ ਅਤੇ ਵਿਵਹਾਰਕ ਉਨੰਤੀ ਲਈ ਮਾਸਕ ਪੱਤਰ ਰਚ ਅਪ੍ਰੈਲ 1886 ਈ: ਨੂੰ ਪ੍ਰਕਾਸ਼ਤ ਕੀਤਾ।

" ਇਸ ਦੇ ਗੁਰੂ ਮਤ ਮੰਡਨ, ਮੂਰਤੀ ਪੂਜਾ ਖੰਡਨ ਤੇ ਹੋਰ ਲੇਖਾਂ ਨੇ ਜਿਨ੍ਹਾਂ ਵਿਚ ਪ੍ਰੋਫੈਸਰ ਜੀ ਨੇ ਸਿਖਾਂ ਨੂੰ ਹਿੰਦੂ ਧਰਮ ਦੇ ਮਿਲਗੋਭੇ 'ਚੋਂ ਕਢਣ ਲਈ ਲਿਖੇ ਲੇਖ ਹਿੰਦੂ ਦਿਲ ਵਾਲੇ ਸਿੱਖਾਂ ਤੇ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਪ੍ਰਧਾਨ ਬਾਬਾ ਖੇਮ ਸਿੰਘ ਜੀ ਆਦਿ ਨੂੰ ਬਹੁਤ ਬੁਰੇ ਲਗੇ।

" ਸੁਧਾਗਰਕ' ਦੇ ਦੂਸਰੇ ਪਰਚੇ ਵਿਚ ਸਿਖ ਇਤਿਹਾਸ ਵਿਚ ਪਈਆਂ ਗ਼ਲਤੀਆਂ ਸੰਬੰਧੀ ਬਹੁਤ ਗਜ਼ਬ ਦਾ ਲੇਖ ਹੈ। ਖਾਸ ਕਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਧਾਰਨ ਦੀ ਤ੍ਰੀਕ ਸੰਬੰਧੀ ਵਿਸਾਖ ਸੁਦੀ 3 ਸਿਧ ਕਰਦਿਆਂ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਪਰਦਾ ਉਤਾਰ ਉਸ ਨੂੰ ਖੂਬ ਅਸਲ ਰੂਪ ਵਿਚ ਦਰਸਾਇਆ ਹੈ। ਇਸੇ ਖੋਜ ਨੂੰ ਪੜ੍ਹ ਭਾਈ ਕਰਮ ਸਿੰਘ ਪ੍ਰਸਿਧ ਹਿਸਟੋਰੀਅਨ ਨੂੰ 'ਕਤਕ ਕਿ ਵਿਸਾਖ' ਪੁਸਤਕ ਲਿਖਣ ਦਾ ਉਤਸ਼ਾਹ ਹੋਇਆ ਸੀ ਤੇ ਆਪ ਜੀ ਨੇ ਇਕ ਬੜੀ ਖੋਜ ਭਰੀ ਪੁਸਤਕ ਲਿਖੀ ਸੀ[140]।"

ਭਾਈ ਗੁਰਮੁਖ ਸਿੰਘ ਨੇ ਦੋ ਹੋਰ ਸ਼ਖਸੀਅਤਾਂ ਨੂੰ ਆਪਣੇ ਵਲ ਖਿਚਿਆ। ਇਨ੍ਹਾਂ ਵਿਚੋਂ ਭਾਈ ਕਾਨ੍ਹ ਸਿੰਘ ਨਾਭਾ ਅਜਿਹੇ ਵਿਅਕਤੀ ਸਨ ਜਿਨ੍ਹਾਂ ਦੀ ਕਲਮ ਵਿਚ ਭਾਵੇਂ ਗਿਆਨੀ ਦਿੱਤ ਸਿੰਘ ਜਿੰਨੀ ਤਾਕਤ ਨਹੀਂ ਸੀ ਪਰ ਡੂੰਘਾਈ ਉਸ ਤੋਂ ਕਿਤੇ ਜ਼ਿਆਦਾ ਸੀ। ਉਨ੍ਹਾਂ ਦੀ ਰਚੀ ਪੁਸਤਕ 'ਹਮ ਹਿੰਦੂ ਨਹੀਂ' ਨੇ ਸਿੱਖਾਂ ਨੂੰ ਹਿੰਦੂਆਂ ਨਾਲੋਂ ਵਖਰੀ ਕੌਮ ਸਾਬਤ ਕਰਨ ਵਿਚ ਸਭ ਤੋਂ ਵਧ ਹਿੱਸਾ ਪਾਇਆ। ਉਨ੍ਹਾਂ ਦੇ ਗੁਰਮਤ ਪ੍ਰਭਾਕਰ ਤੇ ਗੁਰਮਤ ਸੁਧਾਕਰ ਨੇ ਸਿਖੀ ਅਸੂਲਾਂ ਨੂੰ ਬੜੇ ਹੀ ਸੁਪਸ਼ਟ ਢੰਗ ਨਾਲ ਬਿਆਨ ਕੀਤਾ। ਦੂਜੀ ਸ਼ੁਖਸੀਅਤ ਮਿਸਟਰ ਮੈਕਾਲਿਫ ਸੀ ਜਿਸ ਨੇ 1893-

139. Bhagat Lakhshman Singh Autobiography, p.58.

140. ਡਾ. ਜਗਜੀਤ ਸਿੰਘ, ਸਿੰਘ ਸਭਾ ਲਹਿਰ ਸਫੇ 30-31.

ਤੋਂ 1909 ਤਕ ਦੀ ਲਗਾਤਾਰ ਮਿਹਨਤ ਨਾਲ ਗੁਰੂ ਗ੍ਰੰਥ ਸਾਹਿਬ ਦਾ ਤਰਜਮਾ ਕੀਤਾ ।ਇਸ ਸਮੇਂ ਤਕ ਖਾਲਸਾ ਦੀਵਾਨ ਲਾਹੌਰ ਖਤਮ ਹੋ ਚੁਕਾ ਸੀ ਤੇ ਨਵੇਂ ਲੀਡਰਾਂ ਨੇ ਵਹਿਮ ਤੇ ਸਾੜੇ ਕਰਕੇ ਇਸ ਨੂੰ ਛਪਵਾਉਣਾ ਮੰਜ਼ੂਰ ਨਾ ਕੀਤਾ ।ਸਰਕਾਰ 15000/- ਦੀ ਮਦਦ ਦੇ ਇਕਰਾਰ ਤੋਂ ਮੁੱਕਰ ਗਈ ਤੇ ਉਹਨੂੰ ਸਿਰਫ 5000/- ਦੀ ਪੇਸ਼ਕਸ਼ ਕੀਤੀ ਜਿਹੜੀ ਕਿ ਉਹਨੇ ਠੁਕਰਾ ਦਿਤੀ ।ਚੀਫ਼ ਖਾਲਸਾ ਦੀਵਾਨ ਨੇ ਉਹਦੀ ਅਜਿਹੀ ਇਜ਼ੁਤ ਕੀਤੀ ਕਿ ਉਹਦੀ ਮਿਹਨਤ ਦੀ ਸ਼ਲਾਘਾ ਦਾ ਮਤਾ ਵੀ 1910 ਵਿਚ ਰਾਵਲਪਿੰਡੀ ਹੋਈ ਸਿੱਖ ਵਿਦਿਅਕ ਕਾਨਫਰੰਸ ਵਿਚ ਪੇਸ਼ ਨਾ ਕੀਤਾ ਅਤੇ ਟੁੱਟੇ ਦਿਲ ਅਤੇ ਖਸਤਾ ਹਾਲੀ ਵਿਚ ਉਹ 1913 ਵਿਚ ਪੂਰਾ ਹੋ ਗਿਆ ।

ਬਾਬਾ ਖੇਮ ਸਿੰਘ ਬੇਦੀ ਤੇ ਉਨ੍ਹਾਂ ਜਿਹੇ ਹੋਰ ਬੇਦੀ ਬਾਵੇ ਭਾਈ ਗੁਰਮੁਖ ਸਿੰਘ ਦੇ ਸੁਧਾਰ ਦੇ ਖਿਲਾਫ ਸਨ ।ਭਾਈ ਗੁਰਮੁਖ ਸਿੰਘ ਨੇ 'ਸੁਧਾਰਕ' ਰਾਹੀਂ ਦਰਬਾਰ ਸਾਹਿਬ,ਅੰਮ੍ਰਿਤਸਰ ਵਿਚ ਹੋ ਰਹੀ ਬੁਤਪੂਜਾ ਦਾ ਬੜੇ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ।ਅੰਮ੍ਰਿਤਸਰੀ ਧੜੇ ਨੇ ਲੋਕਾਂ ਦੇ ਦਿਲਾਂ ਵਿਚ ਇਹ ਭੁਲੇਖਾ ਪਾਉਣ ਦੀ ਕੋਸ਼ਿਸ਼ ਕੀਤੀ ਕਿ ਭਾਈ ਗੁਰਮੁਖ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ ।ਰਾਜਾ ਫਰੀਦਕੋਟ ਤੇ ਬਾਬਾ ਖੇਮ ਸਿੰਘ ਬੇਦੀ ਦੀਆਂ ਕੋਸ਼ਿਸ਼ਾਂ ਨਾਲ ਭਾਈ ਗੁਰਮੁਖ ਸਿੰਘ ਨੂੰ ਪੰਥ ਚੋਂ ਛੇਕ ਦਿਤਾ ਗਿਆ ।ਗਿਆਨੀ ਦਿੱਤ ਸਿੰਘ ਨੇ ਸਵਪਨ ਨਾਟਕ ਦੇ ਰੂਪ ਵਿਚ ਬੜੇ ਹਾਸਰਸੀ ਢੰਗ ਨਾਲ ਇਸ ਘਟਨਾ ਨੂੰ ਪੇਸ਼ ਕੀਤਾ ਤੇ ਰਾਜਾ ਬਿਕ੍ਰਮ ਸਿੰਘ,ਬਾਬਾ ਖੇਮ ਸਿੰਘ ਬੇਦੀ ਆਦਿ ਦਾ ਚੰਗਾ ਮੌਜੂ ਉਡਾਇਆ ।ਗਿਆਨੀ ਦਿੱਤ ਸਿੰਘ ਤੇ ਹੱਤਕ ਇਜ਼ੁਤ ਦਾ ਦਾਅਵਾ ਕੀਤਾ ਗਿਆ ਹੈ ਉਨ੍ਹਾਂ ਨੂੰ 51 ਰੁਪਏ ਜੁਰਮਾਨਾ ਹੋਇਆ ਜਿਹੜਾ ਕਿ ਅਪੀਲ ਕਰਨ ਤੇ ਮਾਫ ਹੋ ਗਿਆ ।" ਅੰਮ੍ਰਿਤਸਰ ਧੜੇ ਦੀ ਇਸ ਜੱਦੋ ਜਹਿਦ ਵਿਚ ਬੜੀ ਜ਼ਬਰਦਸਤ ਹਾਰ ਹੋਈ ।"[141] ' ਪਰ ਝਗੜੇ ਵਿਚ ਦੋਨਾਂ ਪਾਸਿਆਂ ਦਾ ਵਿਰੋਧ ਵਧਿਆ ਤੇ ਕੀਮਤੀ ਸਮਾਂ ਤੇ ਰੁਪਿਆ ਆਪਸ ਦੇ ਝਗੜਿਆਂ ਤੇ ਕਾਫੀ ਲਗਾ,. . . . . . .

" ਇਸ ਤਰ੍ਹਾਂ ਕਈ ਵਾਰ ਕਰਨ ਤੇ ਭੀ ਖਾਲਸਾ ਦੀਵਾਨ ਲਾਹੌਰ ਦੇ ਮੋਢੀ ਖਾਲਸਾ ਕੌਮ ਦੀ ਸੇਵਾ ਕਰਨੋਂ ਨਾ ਰੁਕੇ ।ਪਹਿਲੇ ਸਾਲ ਦੇ ਅੰਤ 'ਖਾਲਸਾ ਅਖਬਾਰ' ਆਪਣੇ ਕੰਮਾਂ ਨੂੰ ਇਸ ਤਰ੍ਹਾਂ ਦਸਦਾ ਹੈ :-

1. ਖਾਲਸਾ ਕੌਮ ਦੇ ਧੋਪਾਂ ਨੂੰ ਡਰ ਅਤੇ ਦਸਮ ਗੁਰੂ ਜੀ ਦੇ ਸਿੰਘਾਂ ਨੂੰ ਹੁਲਾਸ ਅਤੇ ਦ੍ਰਿੜ੍ਹਤਾ ਪ੍ਰਾਪਤ ਹੋ ਗਈ ਹੈ,ਜਿਸ ਪ੍ਰਕਾਰ ਦਹੀਂ ਜੰਮੇ ਹੋਏ ਨੂੰ ਮਧਾਣੀ ਪਾਣੀ ਰਿੜਕਨੇ ਤੇ ਮਖਣ ਅਤੇ ਸ਼ਾਹ ਅਡ ਹੋ ਜਾਂਦੇ ਹਨ,ਇਸੀ ਪ੍ਰਕਾਰ ਖੁਦਗਰਜ਼ ਅਤੇ ਗੁਰੂ ਦੇ ਸਿੰਘ ਭੀ ਨਿਤ੍ਰਦੇ ਜਾਂਦੇ ਹਨ ਆਦਿ ।

---

141. ਸ਼ਮਸ਼ੇਰ ਸਿੰਘ ਅਸ਼ੋਕ,ਪੰਜਾਬ ਦੀਆਂ ਲਹਿਰਾਂ ,ਸਫਾ 214.

2. ਜਨਮ ਸੰਸਕਾਰ ਖ਼ਾਲਸਾ ਧਰਮਾਨੁਸਾਰ ਹੋਣ ਲਗ ਪਏ ।

3. ਪੰਜ ਬਿਵਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਥਾਤ ਖਾਲਸਾ ਧਰਮਾਨੁਸਾਰ ਹੋਏ ।

4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਦਿਨੋਂ ਦਿਨ ਪ੍ਰੀਤੀ ਵਧਦੀ ਰਹੀ ਹੈ ।ਕੌਮੀ ਮੁਹਬਤ ਹਰ ਇਕ ਸਿੰਘ ਦੇ ਦਿਲ ਵਿਚ ਉਤਪਤ ਹੋ ਗਈ ਹੈ ।

5. ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨੀ ਦਰਵਾਜ਼ੇ ਪਰ ਮੂਰਤੀਆਂ ਦਾ ਲਗਣਾ ਇਸ ਪੱਤ੍ਰ ਦੀ ਪ੍ਰਾਰਥਨਾ ਨੇ ਹਟਾਇਆ ਹੈ ਅਰ ਜੋ ਬੁਤ ਪ੍ਰਸਤੀ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਹੁੰਦੀ ਸੀ,ਉਹ ਭੀ ਇਸ ਪੱਤ੍ਰ ਦੀ ਪ੍ਰਾਰਥਨਾਂ ਤੇ ਘਟ ਗਈ ਹੈ ;

6. ਸਭ ਤੋਂ ਵਧ ਕਰ ਕੇ ਇਸ ਨੇ ਇਹ ਕੰਮ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਜੋ ਗੁਦੇਲਾ ਬਿਛਾਇਆ ਜਾਂਦਾ ਸੀ ਉਹ ਇਸ ਦੇ ਉਪਦੇਸ਼ਾਂ ਤੇ ਉਠਾ ਦਿਤਾ ਗਿਆ ਹੈ ,ਆਦਿ ।[141]

ਇਸ ਦੀਵਾਨ ਵਲੋਂ ਇਕ ਹੋਰ ਬਹੁਤ ਹੀ ਸ਼ਲਾਘਾ ਯੋਗ ਕੰਮ ਹੋਇਆ ਤੇ ਉਹ ਸੀ ਖ਼ਾਲਸਾ ਕਾਲਜ,ਅੰਮ੍ਰਿਤਸਰ ਦਾ ਬਣਵਾਉਣਾ ।ਜਿਸ ਦਾ ਵਿਸਥਾਰ ਪੂਰਵਕ ਜ਼ਿਕਰ ਅਗੇ ਜਾ ਕੇ ਕੀਤਾ ਜਾਇਗਾ ।

ਪਰ ਅੰਗਰੇਜ਼ ਭਗਤੀ ਦਾ ਜਿਹੜਾ ਨਿੰਦਨੀ ਰੋਲ ਇਸ ਨੇ ਅਦਾ ਕੀਤਾ ਉਹ ਵੀ ਵਰਣਨ-ਯੋਗ ਹੈ ।

ਵੈਸੇ ਤਾਂ ਸਿੰਘ ਸਭਾ ਦਾ ਜਨਮ ਹੀ ਅੰਗਰੇਜ਼ ਦੇ ਇਸ਼ਾਰੇ ਤੇ ਹੋਇਆ ਤੇ ਸਿੰਘ ਸਭੀਆਂ ਦੀ ਇਹ ਹਰ ਵੇਲੇ ਕੋਸ਼ਿਸ਼ ਰਹੀ ਕਿ ਉਹ ਅੰਗਰੇਜ਼ੀ ਸਰਕਾਰ ਨੂੰ ਹਰ ਹੀਲੇ ਖ਼ੁਸ਼ ਕਰਨ ਪਰ ਇਉਂ ਜਾਪਦਾ ਹੈ ਜਿਵੇਂ ਅੰਮ੍ਰਿਤਸਰੀ ਤੇ ਲਾਹੌਰੀ ਧੜਿਆਂ ਨੂੰ ਲੜਾਉਣ ਤੇ ਖਾਲਸਾ ਦੀਵਾਨ,ਲਾਹੌਰ ਬਣਾਉਣ ਵਿਚ ਵੀ ਅੰਗਰੇਜ਼ੀ ਸਰਕਾਰ ਦਾ ਹੱਥ ਹੋਵੇ ।ਅਜਿਹਾ ਕਰਨਾ ਸ਼ਾਇਦ ਇਸ ਲਈ ਜ਼ਰੂਰੀ ਹੋਵੇ ਕਿਉਂ ਜੋ ਮਹਾਰਾਜਾ ਦਲੀਪ ਸਿੰਘ ਪੰਜਾਬ ਆਉਣ ਦੇ ਯਤਨ ਕਰ ਰਿਹਾ ਸੀ ਤੇ ਉਹਦਾ ਪੰਜਾਬ ਆਉਣਾ ਕਿਸੇ ਤਰ੍ਹਾਂ ਵੀ ਅੰਗਰੇਜ਼ੀ ਸਰਕਾਰ ਲਈ ਖਤਰੇ ਤੋਂ ਖਾਲੀ ਨਹੀਂ ਸੀ ।ਉਹਨੂੰ ਰੋਕਣ ਲਈ ਆਪਣੇ ਹਥ ਮਜ਼ਬੂਤ ਕਰਨ ਵਾਸਤੇ ਖਾਲਸਾ ਦੀਵਾਨ,ਲਾਹੌਰ ਜਹੀ ਸਿੱਖ ਜੱਥੇਬੰਦੀ ਨੂੰ ਵਰਤਣਾ ਅੰਗਰੇਜ਼ੀ ਸਰਕਾਰ ਦੇ ਹਿੱਤ ਵਿਚ ਸੀ ।

ਮਹਾਰਾਜਾ ਦਲੀਪ ਸਿੰਘ ਨੇ 1869 ਵਿਚ ਹੀ ਆਪਣੀ ਦਿਲੀ ਖਾਹਸ਼ ਜ਼ਾਹਰ ਕਰ ਦਿਤੀ ਸੀ ਕਿ ਉਹ ਪੰਜਾਬ ਤੇ ਰਾਜ ਕਰਨਾ ਚਾਹੁੰਦਾ ਹੈ।ਟਾਈਮਜ਼ ਅਖ਼ਬਾਰ ਦੇ 31 ਅਗਸਤ

141. ਡਾ. ਜਗਜੀਤ ਸਿੰਘ ,ਸਿੰਘ ਸਭਾ ਲਹਿਰ,ਸਫ਼ੇ 37-38 .

1882 ਦੇ ਪਰਚੇ ਵਿਚ ਉਹਨੇ ਚਿਠੀ ਛਪਵਾ ਕੇ ਅੰਗਰੇਜ਼ੀ ਰਾਜ ਵਿਰੁਧ ਆਪਣੀਆਂ ਸ਼ਿਕਾਇਤਾਂ ਨੂੰ ਪਰਗਟ ਕੀਤਾ ਤੇ ਨਾਲ ਹੀ ਇਹ ਕਿਹਾ ਕਿ ਜਦੋਂ ਅੰਗਰੇਜ਼ ਹੀ ਮੈਨੂੰ ਲੁਟਣ ਵਾਲਾ ਹੋਵੇ ਤੇ ਉਹ ਹੀ ਵਕੀਲ, ਜੱਜ ਤੇ ਜੀਊਰੀ ਹੋਵੇ ਤਾਂ ਇਨਸਾਫ ਦੀ ਕੀ ਆਸ ਰਖੀ ਜਾ ਸਕਦੀ ਹੈ [142] । 1882 ਵਿਚ ਹੀ ਉਹਨੇ ਆਪਣੀ ਜੱਦੀ ਜਾਇਦਾਦ ਬਾਰੇ ਜਾਣਕਾਰੀ ਹਾਸਲ ਕਰਨ ਲਈ ਪੰਜਾਬ ਆਉਣ ਦੀ ਆਗਿਆ ਮੰਗੀ ਜਿਹੜੀ ਕਿ ਨਾ ਮੰਜ਼ੂਰ ਕੀਤੀ ਗਈ ।ਕਿਉਂਕਿ ਅੰਗਰੇਜ਼ੀ ਸਰਕਾਰ ਨੂੰ ਇਸ ਗੱਲ ਦਾ ਡਰ ਸੀ ਕਿ ਭਾਵੇਂ ਉਹ ਈਸਾਈ ਵੀ ਹੋ ਚੁਕਾ ਹੈ ਪਰ ~~ਫਿਰ ਵੀ~~ ਹਜ਼ਾਰਾਂ ਸਿਖ ਅਜਿਹੇ ਹਨ ਜਿਹੜੇ ਕਿ ਉਹਨੂੰ ਮਹਾਰਾਜਾ ਬਣਿਆ ਵੇਖਣ ਦੇ ਖਾਹਸ਼ਮੰਦ ਹਨ [143] । ਇਸ ਗੱਲ ਨੂੰ ਵੇਖਦਿਆਂ ਹੋਇਆਂ ਟ੍ਰੀਬੀਊਨ ਨੇ ਆਪਣੇ 4 ਅਗਸਤ 1883 ਦੇ ਪਰਚੇ ਰਾਹੀਂ ਸਰਕਾਰ ਨੂੰ ਚਿਤਾਵਨੀ ਦਿਤੀ ਕਿ ਉਹਨੂੰ ਪੰਜਾਬ ਨਾ ਆਉਣ ਦਿਤਾ ਜਾਏ [144] । ਉਹ ਆਪਣੇ ਆਪ 1886 ਵਿਚ ਬੰਬਈ ਲਈ ਚਲ ਪਿਆ ਤੇ ਬੰਬਈ ਲਈ ਚਲਣ ਤੋਂ ਪਹਿਲਾਂ ਉਹਨੇ ਹੇਠ ਲਿਖੀ ਚਿਠੀ ਆਪਣੇ ਦੇਸ ਵਾਸੀਆਂ ਨੂੰ ਲਿਖੀ :-

ਲੰਡਨ 25 ਮਾਰਚ ਸੰ:1886 ਈ:

ਮੇਰੇ ਪਿਆਰੇ ਦੇਸ ਵਾਸੀਓ,

ਭਾਰਤ ਵਿਚ ਆ ਕੇ ਰਹਿਣ ਤੇ ਵਸਣ ਦੀ ਮੇਰੀ ਇੱਛਾ ਨਹੀਂ ਸੀ ਪਰ ਸਤਿਗੁਰੂ ਸਭ ਦੇ ਵਿਧਾਤਾ ਹਨ ।ਉਹ ਅਸਾਂ ਸਭਨਾਂ ਨਾਲੋਂ ਵਡੇ ਸ਼ਕਤੀਵਾਨ ਹਨ।ਮੈਂ ਉਸ ਦਾ ਭੁੱਲਾ ਹੋਇਆ ਜੀਵ ਹਾਂ ।ਮੇਰੀ ਇਛਾ ਨਾ ਹੋਣ ਪੁਰ ਵੀ ਮੈਂ ਸਤਿਗੁਰੂ ਦੇ ਹੁਕਮ ਅੰਦਰ ਇੰਗਲੈਂਡ ਤਿਆਗ ਭਾਰਤ ਵਿਚ ਆਵਾਂਗਾ ਤੇ ਸਾਧਾਰਣ ਰੂਪ ਵਿਚ ਵਸਾਂਗਾ।ਮੈਂ ਸਤਿਗੁਰੂ ਦੀ ਇਛਾ ਦੇ ਸਾਹਮਣੇ ਸਿਰ ਨਿਵਾਉਂਦਾ ਹਾਂ ।ਉਸ ਦੀ ਜੋ ਮਰਜ਼ੀ ਹੈ ਓਹੀ ਹੋਵੇਗੀ ।

ਪਿਆਰੇ ਖਾਲਸਾ ਜੀ ।ਮੈਂ ਆਪਣੇ ਵਡਿਆਂ ਦਾ ਧਰਮ ਤਿਆਗ ਕੇ ਪਰਾਯਮਤ ਗ੍ਰਹਣ ਕਰਨ ਲਈ ਆਪ ਜੀ ਤੋਂ ਖਿਮਾਂ ਮੰਗਦਾ ਹਾਂ ਕਿਉਂਕਿ ਮੈਨੂੰ ਜਦੋਂ ਈਸਾਈ ਬਣਾਇਆ ਗਿਆ ਸੀ ਉਦੋਂ ਮੇਰੀ ਉਮਰ ਬਹੁਤ ਛੋਟੀ ਸੀ।ਮੈਂ ਬੰਬਈ ਪੁਜ ਕੇ ਸਿਖ ਧਰਮ ਗ੍ਰਹਿਣ ਕਰ ਲਵਾਂਗਾ ਤੇ ਸ੍ਰੀ ਗੁਰੂ ਨਾਨਕ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਆਗਿਆ ਦਾ ਪਾਲਨ ਕਰਾਂਗਾ ।

ਮੇਰੀ ਬਹੁਤ ਇਛਾ ਹੋਣ ਪੁਰ ਵੀ ਮੈਂ ਪੰਜਾਬ ਪੁਜ ਕੇ ਤੁਹਾਨੂੰ ਨਹੀਂ ਮਿਲ ਸਕਾਂਗਾ, ਇਸ ਵਾਸਤੇ ਇਹ ਚਿਠੀ ਲਿਖਣ ਤੇ ਲਾਚਾਰ ਹੋਇਆ ਸੀ ।ਮਹਾਰਾਣੀ ਵਿਕਟੋਰੀਆ ਵਿਚ ਮੇਰੀ ਜੋ ਪਰਮਭਗਤੀ ਸੀ ਮੈਂ ਉਸ ਦਾ ਉਚਿਤ ਫਲ ਪਾ ਲਿਆ ਹੈ ।ਸਤਿਗੁਰੂ ਜੀ ਦੀ ਇਛਾ ਪੂਰਣ ਹੋਵੇ।

142. M.L.Ahluwalia, Maharaja Dalip Singh's Mission to Russia, 1887-88, Proceedings of Punjab History Conf. Nov.12-14, 1965, p.165.

143. Foreign Deptt. Secret-1 Progs. December 1883, Nos.8-17, quoted Ibidl, p.167.

144. Ibid., 168.

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ ।

ਪਯਾਰੇ ਦੇਸ਼ ਵਾਸੀਓ,

ਮੈਂ ਹਾਂ ਤੁਹਾਡਾ ਆਪਣਾ ਮਾਸ ਤੇ ਲਹੂ, ਦਲੀਪ ਸਿੰਘ[145]

ਇਹ ਚਿਠੀ ਪੁਜਦਿਆਂ ਹੀ ਕਈਆਂ ਨੇ ਉਹਨੂੰ ਬੰਬਈ ਮਿਲਣ ਦੀ ਇਛਾ ਪਰਗਟ ਕੀਤੀ ਪਰ ਸਿੱਖਾਂ ਦੇ ਰਈਸ ਟੋਲੇ ਨੇ ਸਰਕਾਰ ਅੰਗਰੇਜ਼ੀ ਨਾਲ ਆਪਣੀ ਵਫ਼ਾਦਾਰੀ ਦਾ ਸਬੂਤ ਦਿੰਦਿਆਂ ਉਹਦੇ ਹਿੰਦੁਸਤਾਨ ਆਉਣ ਦਾ ਵਿਰੋਧ ਕੀਤਾ । ਸਰਕਾਰ ਨੇ ਉਹਨੂੰ ਅਦਨ ਤੋਂ ਹੀ ਵਾਪਸ ਮੁੜ ਜਾਣ ਦਾ ਹੁਕਮ ਦਿਤਾ । ਅਜਿਹਾ ਉਹਨੇ ਸਰਦਾਰ ਸਰ ਅਤਰ ਸਿੰਘ ਦੀ ਸਲਾਹ ਤੇ ਕੀਤਾ।[146] ਜਿਹੜੇ ਕਿ ਉਸ ਸਮੇਂ ਖਾਲਸਾ ਦੀਵਾਨ ਲਾਹੌਰ ਦੇ ਉਘੇ ਮੈਂਬਰ ਸਨ । ਹੋ ਸਕਦਾ ਹੈ ਅਜਿਹੀ ਸੇਵਾ ਬਦਲੇ ਹੀ ਇਨ੍ਹਾਂ ਨੂੰ 1887 ਵਿਚ ਮਹਾ ਮੋਹਪਾਧਯ ਤੇ 1888 ਵਿਚ ਕੇ. ਸੀ. ਐਸ.ਆਈ ਦੇ ਖਿਤਾਬ ਮਿਲੇ ਹੋਣ ।

ਮਹਾਰਾਜਾ ਦਲੀਪ ਸਿੰਘ ਨੇ ਪੈਰਸ ਪਹੁੰਚ ਕੇ ਪਾਂਡੀਚਰੀ ਵਿਚ ਪਰਵਾਸੀ ਸਰਕਾਰ ਬਣਾਉਣ ਦਾ ਐਲਾਨ ਕਰ ਦਿਤਾ ਤੇ ਸਰਦਾਰ ਠਾਕਰ ਸਿੰਘ ਸੰਧਾਵਾਲੀਏ ਨੂੰ ਆਪਣਾ ਪਰਧਾਨਮੰਤਰੀ ਨਿਯੁਕਤ ਕਰ ਲਿਆ । ਇਕ ਸ਼ਾਹੀ ਐਲਾਨ ਦੁਆਰਾ ਉਹਨੇ ਹਿੰਦੁਸਤਾਨੀਆਂ ਨੂੰ ਅੰਗਰੇਜ਼ ਦੇ ਖਿਲਾਫ਼ ਉਠਣ ਲਈ ਆਖਿਆ । ਉਹਨੇ ਸਿਖਾਂ ਨੂੰ ਕਿਹਾ ਕਿ ਉਹ ਆਪਣਾ ਰਾਜ ਕਾਇਮ ਕਰਨ ਲਈ ਤਿਆਰ ਹੋਣ । ਉਹਨੇ 10 ਮਈ 1887 ਨੂੰ ਰੂਸ ਦੇ ਬਾਦਸ਼ਾਹ ਨੂੰ ਲਿਖਿਆ ਕਿ ' ਮੈਂ ਹਿੰਦੁਸਤਾਨ ਨੂੰ ਬਹੁਤ ਜਲਦੀ ਜਿੱਤ ਲੈਣ ਦੀ ਗਰੰਟੀ ਦਿੰਦਾ ਹਾਂ ਕਿਉਂਕਿ ਹਿੰਦੁਸਤਾਨੀ ਰਾਜਿਆਂ ਦੀ ਫੌਜੀ ਮਦਦ ਤੋਂ ਇਲਾਵਾ ਮੈਂ ਸਾਰੇ ਪੰਜਾਬ ਨੂੰ ਬਗਾਵਤ ਤੇ ਤਿਆਰ ਕਰ ਸਕਦਾ ਹਾਂ ਤੇ ਉਹਨਾਂ ਕੋਲੋਂ ਸ਼ਾਹੀ ਫੌਜਾਂ ਦੇ ਟਾਕਰੇ ਲਈ ਭੇਜੀਆਂ ਗਈਆਂ ਬਰਤਾਨਵੀ ਫੌਜਾਂ ਤੇ ਪਛਵਾੜਿਉਂ ਹਮਲਾ ਕਰਾ ਸਕਦਾ ਹਾਂ । ਸ਼ਾਹੀ ਹਕੂਮਤ ਪਾਸ ਹਿੰਦੁਸਤਾਨੀ ਲੋਕਾਂ ਤੇ ਰਾਜਿਆਂ ਨੂੰ ਆਜ਼ਾਦ ਕਰਾਉਣ ਲਈ ਬੇਨਤੀ ਕਰਨ ਤੋਂ ਪਹਿਲਾਂ ਮੈਂ ਆਪਣੇ ਬਾਰੇ ਦਸ ਦੇਣਾ ਚਾਹੁੰਦਾ ਹਾਂ ਕਿ ਮੈਂ ਕਿਸੇ ਨਿੱਜੀ ਲਾਭ ਲਈ ਨਹੀਂ ਸਗੋਂ ਦੇਸ਼ ਭਗਤੀ ਵਜੋਂ ਅਜਿਹਾ ਕਰ ਰਿਹਾ ਹਾਂ । ਜੇ ਸ਼ਾਹੀ ਹਕੂਮਤ ਮੇਰੇ ਸਪੁਰਦ ਇਹ ਕੰਮ ਕਰੇ ਤਾਂ ਮੈਂ ਬਿਨਾਂ ਕਿਸੇ ਇਵਜ਼ਾਨੇ ਦੇ 25 ਕਰੋੜ ਦੇਸ ਵਾਸੀਆਂ ਨੂੰ ਅੰਗਰੇਜ਼ੀ ਰਾਜ ਦੀ ਜ਼ਾਲਮਾਨਾ ਗੁਲਾਮੀ ਤੋਂ ਆਜ਼ਾਦ ਕਰਾਉਣ ਲਈ ਤਿਆਰ ਹਾਂ ।"[147]

ਮਹਾਰਾਜਾ ਦਲੀਪ ਸਿੰਘ ਨੂੰ ਇਸ ਗੱਲ ਦਾ ਭੁਲੇਖਾ ਸੀ ਕਿ ਸਿੱਖ ਸਰਦਾਰ ਅੰਗਰੇਜ਼ੀ ਸਰਕਾਰ ਦੇ ਵਿਰੁਧ ਉਹਦੀ ਮਦਦ ਕਰਨਗੇ । ਉਹ ਸਰਦਾਰ ਜਿਨ੍ਹਾਂ ਨੇ 'ਰਣਜੀਤ ਸਿੰਘ ਦੇ ਖੂਨ ਨਾਲ

145. ਡਾ. ਜਗਜੀਤ ਸਿੰਘ ਸਿੰਘ ਸਭਾ ਲਹਿਰ, ਸਫੇ 57-58.

146. Harbans Singh, Thakur Singh Sandhanwalia, Illustrated Weekly, November 11, 1973, p.13.

147. Maharaja Daleep Singh's letter to the Emperor of Russia, May 10, 1887, Panjab Past and Present, Oct., 1967.

ਦਗਾ ਕਰਕੇ ਫ਼ਰੰਗੀ ਨੂੰ ਬੁਲਾਇਆ ਤੇ ਹੁਣ ਰਣਜੀਤ ਸਿੰਘ ਦੇ ਖ਼ੂਨ ਨਾਲ ਦਗਾ ਕਰਕੇ ਉਸ ਦੇ ਅਧੀਨ ਆਪਣੀਆਂ ਜਾਇਦਾਦਾਂ ਬਚਾਈ ਬੈਠੇ ਸਨ[148] । ਪਰ ਸਿੱਖ ਸਰਦਾਰਾਂ ਨੇ ਉਹਦਾ ਇਹ ਭੁਲੇਖਾ ਅਜਿਹੇ ਢੰਗਾਂ ਤੇ ਸ਼ਬਦਾਂ ਨਾਲ ਦੂਰ ਕੀਤਾ ਕਿ ਉਹ ਮਰਦੇ ਦਮ ਤਕ ਇਸ ਨੂੰ ਯਾਦ ਕਰਦਾ ਰਿਹਾ।

" ਅਜੇਹੀਆਂ ਕਾਰਵਾਈਆਂ ਤੇ ਮਾਣ ਕਰਦੇ ਖਾਲਸਾ ਦੀਵਾਨ ਦੇ ਸੇਵਕ ਵਾਇਸਰਾਇ ਅਗੇ ਫਖਰ ਨਾਲ ਇਕ ਥਾਂ ਨਹੀਂ ਬਾਰ ਬਾਰ 87 ਤੇ 88 ਵਿਚ ਐਡਰੈਸ ਲਿਖਦੇ ਤੇ ਪੇਸ਼ ਕਰਦੇ ਰਹੇ ਹਨ :-

" ਸਿਖ ਬੜੀਆਂ ਕਠਨ ਪ੍ਰੀਖਿਯਾ ਵਿਚ ਵੀ ਸ਼ਾਨਦਾਰ ਸਫਲਤਾ ਨਾਲ ਲੰਘੇ ਹਨ।1857 ਜੇਹੇ ਔਖੇ ਸਮੇਂ ਵਿਚ ਉਨ੍ਹਾਂ ਨੇ ਕਿਸ ਤਰ੍ਹਾਂ ਆਪਣੀ ਸਰਕਾਰ ਲਈ ਮਹਾਨ ਕੁਰਬਾਨੀਆਂ ਕਰ ਕੇ ਸ਼ਾਨਦਾਰ ਵਫਾਦਾਰੀ ਦਾ ਪ੍ਰਤਖ ਸਬੂਤ ਦਿਤਾ ।

" ਇਨ੍ਹਾਂ ਸੋਹਣੇ ਪੁਰਾਣੇ ਸਿਖਾਂ ਨੇ ਆਪਣੀ ਪਿਛਲੀ ਹੇਠੀ ਨੂੰ ਭੁਲਕੇ ਹਲਾਂ ਨੂੰ ਤਲਵਾਰ ਵਿਚ ਬਦਲਿਆ ਤੇ ਬਿਨਾਂ ਕਿਸੇ ਸ਼ਰਤ ਦੇ ਆਪਣੀਆਂ ਜਾਨਾਂ ਅੰਗਰੇਜ਼ੀ ਸਰਕਾਰ ਵਾਸਤੇ ਦੇ ਦਿਤੀਆਂ ਤੇ ਸਪਾਰਟਰਜ਼ ਵਾਂਗ ਜਿਤਨ ਜਾਂ ਮੈਦਾਨ ਵਿਚ ਆਪਣਾ ਝੰਡਾ ਉਚੱਾ ਰਖਣ ਲਈ ਮਰ ਮਿਟਨ ਲਈ ਨਾਉਂ ਬਣਾਇਆ ।

" ਇਨ੍ਹਾਂ (ਸਿਖਾਂ) ਨੇ (ਮਹਾਰਾਜਾ )ਦਲੀਪ ਸਿੰਘ ਦੇ ਹੱਕਾਂ ਨੂੰ ਮੰਨਣ ਤੋਂ ਇਨਕਾਰ ਕਰਕੇ ਚੰਗੀ ਤਰ੍ਹਾਂ ਦਸ ਦਿਤਾ ਹੈ ਕਿ ਉਹ ਕਿਵੇਂ ਅੰਗਰੇਜ਼ੀ ਰਾਜ ਹੇਠ ਬੜੇ ਬੜੇ ਸੁਖੀ ਹਨ ।...

" ਸਿਖਾਂ ਨੂੰ ਇਹ ਪਤਾ ਲਗ ਗਿਆ ਹੈ ਕਿ ਉਹ ਅੰਗਰੇਜ਼ੀ ਰਾਜ ਹੇਠ ਰਹਿ ਕੇ ਹੀ ਚੰਗੀ ਤਰ੍ਹਾਂ ਫਲ ਫੁਲ ਸਕਦੇ ਹਨ ਅਤੇ ਜਦ ਹੁਣ ਦੀ ਹਾਲਤ ਨੂੰ ਉਨ੍ਹਾਂ ਸਿਖ ਰਾਜਿਆਂ (ਮਹਾਰਾਜਾ-ਰਣਜੀਤ ਸਿੰਘ ਆਦਿ) ਹੇਠ ਵਸਣ ਵਾਲਿਆਂ ਦੀ ਹਾਲਤ ਨਾਲ ਮੁਕਾਬਲਾ ਕਰੀਏ ਤਾਂ ਪਤਾ ਲਗਦਾ ਹੈ ਕਿ ਅੰਗਰੇਜ਼ਾਂ ਦਾ ਵਰਤਾਉ (ਸਿਖ ਰਾਜ ਵਿਚ ਵਸਣ ਨਾਲੋਂ )ਵਧੇਰ ਚੰਗਾ ਹੈ ।

" ਹੋਰ ਕੋਈ ਕੌਮ ਜਾਂ ਮੱਤ ਸਿਖਾਂ ਜਿੰਨੀਆਂ ਪ੍ਰੀਖਯਾਵਾਂ ਵਿਚੋਂ ਨਹੀਂ ਲੰਘਿਆ ਅਤੇ ਸਿਖਾਂ ਜੇਹੀ ਦੂਸਰਿਆਂ ਨੂੰ ਭੀ ਚੁਕ ਨਹੀਂ ਹੈ ।ਮੁਗ਼ਲਾਂ ਦਾ ਵਾਰਸ ਕੋਈ ਨਹੀਂ ਤੇ ਨਾਹੀ ਪੇਸ਼ਵਾ ਦਾ ਕੋਈ, ਇਨ੍ਹਾਂ ਕੌਮਾਂ ਨੂੰ ਚੁਕ ~~ਵੇਖਣ ਵਾਲਾ~~ ਦੇਵਣ ਵਾਲਾ ਹੈ ਪਰ (ਮਹਾਰਾਜਾ)ਦਲੀਪ ਸਿੰਘ ਰੂਸੀ ਸਾਜ਼ਸ਼ ਦੀ ਚੁਕ ਨਾਲ ਖੁਲ੍ਹੇ ਤੌਰ ਤੇ ਸਿਖਾਂ ਨੂੰ ਆਪਣੀ ਵਲ ਸੱਦ ਰਿਹਾ ਹੈ।ਸਿਖ ਉਸ ਨੂੰ (ਮਹਾਰਾਜਾ ਦਲੀਪ ਸਿੰਘ) ਨੂੰ ਦਗੇਬਾਜ਼ ਝੂਠਾ ਦਾਹਵੇਦਾਰ ਸਮਝਦੇ ਹਨ ਉਹ (ਸਿਖ)ਆਪਣੀ ਮਲਕਾ ਲਈ ਮਰ ਮਿਟਣਗੇ ਪਰ ਉਸ (ਦਲੀਪ ਸਿੰਘ) ਨੂੰ ਕਦੀ ਭੀ ਆਪਣਾ ਮਹਾਰਾਜਾ ਨਹੀਂ ਮੰਨਣਗੇ ।

148 ਸੰਤ ਸਿੰਘ ਸੇਖੋਂ, ਮੋਇਆਂ ਸਾਰਨਾ ਕਾਈ ਦਾ ਪਾਤਰ ਮੁਕਰ ਜੀ , ਸਫਾ 73.

ਇਹ ਨੋਟ ਇੰਨ ਬਿੰਨ ਉਸ ਡੈਪੂਟੇਸ਼ਨ ਵਿਚੋਂ ਹੈ ਜੋ ਵਾਇਸਰਾਏ ਡਫਰਨ ਨੂੰ 16 ਨਵੰਬਰ,1886,4 ਵਜੇ ਗਵਰਨਮੈਂਟ ਹਾਊਸ,ਲਾਹੌਰ ਵਿਚ ਖਾਲਸਾ ਦੀਵਾਨ ਲਾਹੌਰ ਵਲੋਂ ਦਿਤਾ ਗਿਆ ਸੀ।ਇਸ ਵਿਚ ਖਾਲਸਾ ਦੀਵਾਨ,ਸਿੰਘ ਸਭਾ,ਲਾਹੌਰ,ਸਿਆਲਕੋਟ,ਫੀਰੋਜ਼ਪੁਰ,ਧਮਾਨੋ, ਲਿਧੜਾਂ,ਤਰਨ ਤਾਰਨ,ਰਾਜਪੁਰਜ,ਹੁਸ਼ਿਆਰਪੁਰ,ਖੰਨਾ,ਮਘਿਆਨਾ,ਲੁਧਿਆਨਾ,ਪਟਿਆਲਾ,ਅੰਬਾਲਾ, ਸ਼ਿਮਲਾ,ਸਲੌਧੀ,ਦਊਦਪੁਰ ,ਰੋਪੜ ਮੋਦੇ,ਚਮਕੌਰ ਸਾਹਿਬ,ਜਲੰਧਰ,ਕੋਇਟਾ,ਭਿੰਡਰ,ਕਾਲਕਾ,ਅਜਮੇਰ, ਦਾਦਰੀ ਤੇ ਸਖਰ ਦੇ ਨੁਮਾਇੰਦੇ ਭੀ ਸਨ।

ਪਰ ਮਹਾਰਾਜਾ ਦਲੀਪ ਸਿੰਘ ਜੀ ਨੂੰ ਇਸ ਸਲੂਕ ਦੀ ਖਬਰ ਨਹੀਂ ਸੀ।ਉਸ ਫਿਰ 20 ਜੂਨ 1888 ਨੂੰ ਸਿਖਾਂ ਤੇ ਹੋਰ ਦੇਸ਼ ਵਾਸੀਆਂ ਨੂੰ ਅਪੀਲ ਕਰਦਿਆਂ ਹੋਇਆਂ ਇਹ ਭੀ ਲਿਖਿਆ ਹੈ ਕਿ ਮੈਨੂੰ ਹਿੰਦੁਸਤਾਨੀ 1 ਪੈਸਾ ਮਹੀਨਾ,ਪੰਜਾਬ ਵਾਸੀ 1 ਆਨਾ ਮਹੀਨਾ ਦੇਣ।ਮੈਂ ਆਜ਼ਾਦ ਪਾਦਸ਼ਾਹਾਂ ਵਾਂਗ ਰੂਸ ਦੇਸ਼ ਦੀ ਫੌਜ ਨਾਲ ਆਪਣਾ ਰਾਜ ਲੈਣ ਲਈ ਆਉਣ ਵਾਲਾ ਹਾਂ।

ਪਰ ਬਿਧਾਤਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ।ਅਗੋਂ 30 ਅਕਤੂਬਰ 1889 ਨੂੰ ਸਿੰਘਾਂ ਵਲੋਂ ਬੜਾ ਲੰਮਾ ਜਵਾਬ ਲਿਖਿਆ ਗਿਆ।

ਅਸੀਂ ਸਾਰਾ ਖਾਲਸਾ ਪੰਥ ਤੇ ਗੁਜਰਾਂਵਾਲੇ ਦੇ ਨਿਵਾਸੀ ਜਿਨ੍ਹਾਂ ਨਾਲ ਤੂੰ ਆਪਣੀ ਜਨਮ ਭੂਮੀ ਦਾ ਸੰਬੰਧ ਸਮਝਦਾ ਹੈਂ ਤੇਰੀ ਉਸ ਚਿੱਠੀ ਦਾ ਜਵਾਬ ਦਿੰਦੇ ਹਾਂ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਲੋਕ ਰਾਜ ਨੂੰ ਨਿੰਦਦੇ ਲਿਖਦੇ ਹਨ ਕਿ ਉਸ ਸਾਰੇ ਔਹਦੇ ਡੋਗਰਿਆਂ ,ਹਿੰਦੂਆਂ,ਮੁਸਲਮਾਨਾਂ ਨੂੰ ਦੇ ਰਖੇ ਸਨ ਤੇ ਸਿੰਘਾਂ ਨੂੰ ਉਸ ਬਹੁਤ ਦੁਖ ਦਿਤੇ। ਇਹ ਮੇਹਣਾ ਦੇ ਅੰਗਰੇਜ਼ੀ ਸਰਕਾਰ ਰਾਜ ਦੀ ਉਪਮਾ ਕਰਨ ਉਪਰੰਤ ਸਲਾਹ ਦਿੰਦੇ ਹਨ।

" ਏਹ ਜੋੜਾ ਤੂੰ ਸਰਕਾਰ ਅੰਗਰੇਜ਼ੀ ਤੋਂ ਬਾਗੀ ਹੋਯਾ ਹੈਂ ਅਕਲ ਦੀ ਗਲ ਨਹੀਂ ਕੀਤੀ। ਸਾਡੇ ਵਿਚ ਜੋੜਾ ਥੋੜੀ ਅਕਲ ਭੀ ਰਖਦਾ ਹੈ ਉਹ ਭੀ ਤੇਰੀ ਸਹਾਇਤਾ ਦਾ ਨਾਮ ਨਹੀਂ ਲਏਗਾ, ਤੂੰ ਸਾਥੋਂ ਭੀ ਕੋਈ ਉਮੇਦ ਨ ਰਖੀਂ।ਅਸੀਂ ਤੈਨੂੰ ਸਚੇ ਦਿਲ ਨਾਲ ਤੇਰੇ ਦਰਦੀ ਹੋਕੇ ਆਖਦੇ ਹਾਂ ਕਿ ਤੂੰ ਅਜੇਹੇ ਬੁਰੇ ਖਯਾਲ ਛਡ ਕਰ ਸਾਡਾ ਆਖਯਾ ਮੰਨ ਤੇ ਲੰਡਨ ਨੂੰ ਮੁੜ ਜਾਹ ਤੇ ਮਾਫੀ ਮੰਗ ਲੈ।ਜੇ ਤੂੰ ਏਹ ਸਾਡੀ ਮਤ ਕੀਤੀ ਤਾਂ ਸੁਖ ਪਾਏਂਗਾ ਤੇ ਅਸੀਂ ਬੀ ਖੁਸ਼ੀ ਮੰਨਾਵਾਂਗੇ ,ਜੇ ਨਹੀਂ ਮੰਨੇਂਗਾ ਤਾਂ ਤੂੰ ਜਾਣ ਪਰ ਸਾਡੀ ਵਲ ਫੇਰ ਕਦੇ ਅਜਿਹੀ ਚਿਠੀ ਨਾ ਭੇਜੀਂ।" 149

ਡਾਕਟਰ ਫੌਜਾ ਸਿੰਘ ਅਨੁਸਾਰ ਸਿਰਫ ਭਾਈ ਗੁਰਮੁਖ ਸਿੰਘ ਦਾ ਬਣਾਇਆ ਹੋਇਆ ਖਾਲਸਾ ਦੀਵਾਨ ਲਾਹੌਰ ਹੀ ਅੰਗਰੇਜ਼ੀ ਸਰਕਾਰ ਨਾਲ ਆਪਣੀ ਵਫਾਦਾਰੀ ਜਤਲਾਂਦਾ ਰਿਹਾ ਤੇ ਇਹ ਕਰਤਵ ਸਾਰੀ ਸਿੰਘ ਸਭਾ ਲਹਿਰ ਦੀ ਨਹੀਂ ਸੀ,ਸਿਰਫ ਉਹਦੇ ਇਕ ਅੰਗ,ਖਾਲਸਾ ਦੀਵਾਨ ਲਾਹੌਰ ਦੀ ਸੀ। 150

---

149. ਡਾ. ਜਗਜੀਤ ਸਿੰਘ ,ਸਿੰਘ ਸਭਾ ਲਹਿਰ,ਸਫੇ 58-61.
150. Dr.Fauja Singh Proceddings of Punjab History Conf.p.141

ਖਾਲਸਾ ਦੀਵਾਨ ਲਾਹੌਰ ਜਿਹੜਾ ਅੰਮ੍ਰਿਤਸਰ ਦੀਵਾਨ ਨਾਲੋਂ ਵਧੇਰੇ ਜਮਹੂਰੀ ਅਤੇ ਸਿੱਖਾਂ ਦੀ ਅਸਲੀ ਪ੍ਰਤੀਨਿਧ ਜਮਾਤ ਸੀ, ਉਸ ਦੀਵਾਨ ਦੇ ਟਾਕਰੇ ਤੇ ਜਿਸ ਦੇ ਸੇਵਕਾਂ ਬਾਬਾ ਖੇਮ ਸਿੰਘ ਬੇਦੀ ਤੇ ਸਰਦਾਰ ਠਾਕਰ ਸਿੰਘ ਸੰਧਾਵਾਲੀਏ ਦਾ ਮਹਾਰਾਜਾ ਦਲੀਪ ਸਿੰਘ ਨਾਲ ਸਿਧਾ ਸੰਪਰਕ ਸੀ। ਪਰ ਅੰਮ੍ਰਿਤਸਰ ਦੀਵਾਨ ਦੇ ਮੈਂਬਰਾਂ ਨੂੰ ਵੀ ਤਾਂ ਅੰਗਰੇਜ਼ੀ ਸਰਕਾਰ ਨਾਲ ਵਫਾਦਾਰੀ ਦੀ ਸਹੁੰ ਚੁਕਣੀ ਪੈਂਦੀ ਸੀ।[151] ਸਿੰਘ ਸਭੀਏ ਅੰਗਰੇਜ਼ੀ ਵਫ਼ਾਦਾਰੀ ਦਾ ਦਮ ਭਰਦੇ ਵੀ ਕਿਉਂ ਨਾ, ਕਿਉਂਕਿ ਅੰਗਰੇਜ਼ੀ ਸਰਕਾਰ ਦੀ ਇਸ ਲਹਿਰ ਨਾਲ ਦਿਲੀ ਹਮਦਰਦੀ ਸੀ।[152]

ਜਦੋਂ ਮਾਯੂਸੀ ਤੇ ਬੀਮਾਰੀ ਦੀ ਹਾਲਤ ਵਿਚ ਮਹਾਰਾਜਾ ਦਲੀਪ ਸਿੰਘ 23 ਅਕਤੂਬਰ 1893 ਨੂੰ ਚਲਾਣਾ ਕਰ ਗਿਆ ਤਾਂ 'ਸਿਖ ਕੌਮ ਨੇ ਹਾ ਭੀ ਨਾ ਕੀਤੀ ਜਿਸ ਬਾਬਤ ਉਸ ਸਮੇਂ ਦੀ ਇਕ ਅਖਬਾਰ ਦਸਦੀ ਹੈ।" ਧੰਨਯ ਦੇਵ। ਅਜ ਯਹਿ ਭੀ ਲੀਲਾ ਦੇਖਨੇ ਮੇਂ ਆਈ ਕਿ ਪੰਜਾਬ ਕੇਸਰੀ ਕਾ ਬੰਸ਼ ਨਿਰਬੰਸ਼ ਹੋ ਜ਼ਾਇ ਔਰ ਸਿੰਘ ਸਭਾਈਂ ਠੰਢੀ ਸਾਸ ਤਕ ਨ ਭਰੇਂ ਔਰ ਗੁਰਮੁਖੀ ਕੇ ਅਖਬਾਰ ਕਾਲੀ ਲੀਕਾਂ ਵਾਹ ਕਰ ਸ਼ੋਕ ਚਿਹਨ ਤਕ ਸਾਧਨ ਨ ਕਰੇਂ'[153] ਪਰ ਇਹ ਗੱਲ ਠੀਕ ਨਹੀਂ, ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਉਹਦੀ ਮੌਤ ਤੇ ਅਜਿਹਾ ਹਾ ਦਾ ਨਾਅਰਾ ਮਾਰਿਆ ਕਿ ਸਾਰੀ ਸਿਖ ਕੌਮ ਉਨ੍ਹਾਂ ਨੂੰ ਯਾਦ ਰਖੇਗੀ। ਗਿਆਨੀ ਦਿੱਤ ਸਿੰਘ ਨੇ ਖਾਲਸਾ ਅਖਬਾਰ ਲਾਹੌਰ ਦੇ 6 ਨਵੰਬਰ 1893 ਈਸਵੀ ਦੇ ਪਰਚੇ ਵਿਚ ਮਹਾਰਾਜਾ ਦਲੀਪ ਸਿੰਘ ਦੀ ਮੌਤ ਤੇ ਇਕ ਲੇਖ ਲਿਖਿਆ ਜਿਹੜਾ ਕਿਸੇ ਟੀਕਾ-ਟਿਪਣੀ ਦਾ ਮੁਹਤਾਜ ਨਹੀਂ। ਇਸ ਲੇਖ ਵਿਚ ਗਿਆਨੀ ਦਿੱਤ ਸਿੰਘ ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਲੜਾਈ ਦਾ ਕਾਰਨ ਮਹਾਰਾਣੀ ਜਿੰਦਾਂ ਵਲੋਂ ਭੇਜੀ ਗਈ ਚਿਠੀ ਦਸਦਿਆਂ ਸ਼ਾਹ ਮੁਹੰਮਦ ਦੀਆਂ ਇਨ੍ਹਾਂ ਤੁਕਾਂ (ਚਿੱਠੀ ਲਿਖੀ ਫਰੰਗੀ ਨੂੰ ਕੁੰਜ ਗੋਸ਼ੇ, ਪਹਿਲੇ ਆਪਣੀ ਸੁਖ ਅਨੰਦ ਵਾਰੀ ....... ) ਦਾ ਹਵਾਲਾ ਦਿੰਦੇ ਹਨ। ਫਿਰ ਲਿਖਦੇ ਹਨ :-

" ਸਤਲੁਜ ਦੀ ਲੜਾਈ ਦੇ ਪਿੱਛੋਂ ਜਦ ਸਿਖਾਂ ਦੀ ਫੌਜ ਕੁਝ ਮਰ ਗਈ ਅਤੇ ਕੁੱਝ ਨੱਸ ਗਈ ਤਦ ਜਿੰਦਾਂ ਦੀ ਸਲਾਹ ਨਾਲ ਅੰਗਰੇਜ਼ੀ ਫੌਜ ਲਾਹੌਰ ਵਿਚ ਆਈ, ਜਿਸ ਨੇ ਦਲੀਪ ਸਿੰਘ ਨੂੰ ਬਚਾਇਆ ਅਤੇ ਜਿੰਦਾਂ ਦੀ ਭੀ ਰੱਖਿਆ ਕੀਤੀ। ਜਦ ਸਾਲ ਰਹਿਕੇ ਅੰਗਰੇਜ਼ੀ ਫੌਜ ਪਿੱਛੇ ਹਟਣ ਲਗੀ ਤਦ ਫੇਰ ਜਿੰਦਾਂ ਨੇ ਅਰਜ਼ ਕੀਤੀ ਕਿ ਸਾਥੋਂ ਰਿਆਸਤ ਦਾ ਬੰਦੋਬਸਤ ਨਹੀਂ ਹੋਣਾ ਇਸ ਵਾਸਤੇ ਸਰਕਾਰ ਬੰਦੋਬਸਤ ਕਰੇ। ---

---

151 ਖਾਲਸਾ ਦੀਵਾਨ, ਅੰਮ੍ਰਿਤਸਰ, ਨੀਯਮ ਅਰਥਾਤ ਕਾਨੂੰਨ ਖਾਲਸਾ ਦੀਵਾਨ (ਅੰਮ੍ਰਿਤਸਰ - 1887) ਸਫੇ 3-6.

152. ਲਾਰਡ ਲੈਂਡਜ਼ਉਨ, ਵਾਇਸਰਾਇ ਹਿੰਦ ਦੀ 23 ਅਕਤੂਬਰ 1890 ਨੂੰ ਪਟਿਆਲਾ - ਦਰਬਾਰ ਤੇ ਦਿਤੀ ਗਈ ਤਕਰੀਰ।

153. ਡਾ. ਜਗਜੀਤ ਸਿੰਘ, ਸਿੰਘ ਸਭਾ ਲਹਿਰ, ਸਫਾ 62.

254133

" ਈਸਾਈ ਹੁੰਦਿਆਂ ਹੀ ਇਸ ਦੇ ਚਿਤ ਵਿਚ ਵਲਾਇਤ ਦੇ ਦੇਖਣ ਦਾ ਚਾਉ ਹੋਇਆ ਜਿਸ ਤੇ ਵਲਾਇਤ ਵਿਚ ਗਏ ਅਤੇ ਮਹਾਰਾਣੀ ਕੈਸਰ ਹਿੰਦ ਨੇ ਬਹੁਤ ਪਿਆਰ ਕੀਤਾ ਅਤੇ ਆਪਣਾ ਪੁਤ੍ਰ ਕਰਾਰ ਦਿਤਾ ,ਜਿਸ ਤੇ ਬਹੁਤ ਇਜ਼ਤ ਪਾਈ ।ਦੇਖੋ ਕਿਸਮਤ ਨੇ ਏਥੋਂ ਕਢ ਕੇ ਵਲਾਇਤ ਵਿਚ ਇਜ਼ਤ ਦਿੱਤੀ । ...

" ਦੇਖੋ ਪਹਿਲੇ ਛੋਟੇ ਦਰਜੇ ਦੇ ਮਹਾਰਾਜਾ ਰਣਜੀਤ ਸਿੰਘ ਦੇ ਪੁਤਰ ਹੋਕੇ ਸਭ ਨੂੰ ਮੁਕਾਕੇ ਤਖਤ ਪਰ ਬੈਠੇ,ਦੂਸਰੇ ਤਖਤੋਂ ਉਤਰ ਕੇ ਗੰਗਾ ਦਾ ਨਿਵਾਸ ਇਖਤਿਆਰ ਕੀਤਾ,ਤੀਸਰਾ ਈਸਾਈ ਧਰਮ ਵਿਚ ਆ ਕੇ ਵਲੈਤ ਦਾ ਸੈਰ ਕੀਤਾ,ਚੌਥਾ ਕੈਸਰ ਹਿੰਦ ਦੇ ਪਿਆਰੇ ਪੁਤ੍ਰ ਕਹਾਏ, ਪੰਜਵਾਂ ਉਥੋਂ ਤੁਰਕੇ ਯੂਰਪ ਦਾ ਭਰਮਨ( ਸੈਰ) ਕਰਕੇ ਅੰਤ ਮੁਆਫ਼ੀ ਮੰਗੀ,ਛੇਵਾਂ ਹਾਲ ਅੰਤ ਦਾ ਇਹ ਹੋਇਆ ਜੋ ਪੈਰਸ ਦੇ ਹੋਟਲ ਵਿਚ ਇਕੱਲਿਆਂ ਨੇ ਜਾਨ ਦਿਤੀ,ਜਿੱਥੇ ਕੋਈ ਅੱਖ ਬੰਦ ਕਰਨ ਵਾਲਾ ਅਤੇ ਮੂੰਹ ਵਿਚ ਪਾਣੀ ਪਾਉਣ ਵਾਲਾ ਨਹੀਂ ਸੀ ।ਜਿਸ ਸ਼ਹਿਜ਼ਾਦੇ ਦੀ ਅਜੇਹੀ ਕਿਸਮਤ ਸੀ, ਜੇਹੀ ਕਿ ਉਪਰ ਲਿਖੀ ਗਈ ਹੈ,ਸੋ ਉਸ ਦੀ ਮੌਤ ਭੀ ਅਜੀਬ ਤਰ੍ਹਾਂ ਹੋਣ ਵਿਚ ਕੀ ਸ਼ੱਕ ਸੀ,ਕੇਹੇ ਸ਼ੋਕ ਦੀ ਬਾਤ ਹੈ ਇਕ ਅਜੇਹੇ ਮਹਾਰਾਜੇ ਦਾ ਬੇਟਾ ਜਿਸ ਦਾ ਨਾਮ ਪੰਜਾਬ ਦੇ ਰਾਜੇ ਮਹਾਰਾਜਿਆਂ ਵਿਚ ਸਦਾ ਹੀ ਇਜੱਤ ਪਾਏਗਾ,ਅਤੇ ਜਿਸ ਦੇ ਨੌਕਰ ਮਹਾਰਾਜਾ ਦੀ ਪਦਵੀ ਦੇ ਅਧਿਕਾਰੀ ਹੋਏ, ਉਸਦੇ ਪੁਤ੍ਰ ਦੀ ਕਿਸਮਤ ਨੇ ਉਸ ਨੂੰ ਅਜਿਹਾ ਚੱਕਰ ਦਿਤਾ ਜੋ ਸੰਸਾਰ ਦੇ ਹਰ ਇਕ ਆਦਮੀ ਨੂੰ ਇਸ ਸ਼ਬਦ ਦੀ ਸਿਖਿਆ ਦਿੰਦਾ ਹੈ ਯਥਾ :-

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ।'
ਦਰਿ ਮੰਗਨਿ ਭਿਖ ਨ ਪਾਇਦਾ ।[154]

ਲਾਹੌਰ ਦੀਵਾਨ ਆਪਣੇ ਨਿਸ਼ਾਨਿਆਂ ਵਲ ਤੁਰਿਆ ਜਾ ਰਿਹਾ ਸੀ ਕਿ ਇਸ ਦੇ ਮੋਢੀ ਤੇ ਸਰਕਰਦਾ ਮੈਂਬਰ ਇਕ ਇਕ ਕਰਕੇ ਚਲਾਣਾ ਕਰਦੇ ਗਏ ।ਸਰਦਾਰ ਅਤਰ ਸਿੰਘ ਰਈਸ ਭਦੌੜ 10-6-1896 ਨੂੰ,ਭਾਈ ਗੁਰਮੁਖ ਸਿੰਘ 24-9-1898 ਨੂੰ ਤੇ ਗਿਆਨੀ ਦਿੱਤ ਸਿੰਘ 6-9-1901 ਨੂੰ ਇਸ ਸੰਸਾਰ ਨੂੰ ਛੱਡ ਗਏ ।" ਇਸਤਰ੍ਹਾਂ ਮੋਢੀਆਂ ਦੇ ਸੁਰਗਵਾਸ ਹੋਣ ਨਾਲ ਦੀਵਾਨ ਲਾਹੌਰ ਦਾ ਸ਼ੀਰਾਜ਼ਾ ਆਪਣੇ ਆਪ ਵਿਖਰ ਗਿਆ''[155]

ਦੂਜੇ ਪਾਸੇ ਸਰਦਾਰ ਸੁੰਦਰ ਸਿੰਘ ਮਜੀਠੀਆ ਪੰਥਕ ਸੇਵਾ ਦੇ ਮੈਦਾਨ ਵਿਚ 1892-93 ਵਿਚ ਆਇਆ ।1895 ਵਿਚ ਇਹ ਕਾਲਜ ਕੌਂਸਲ ਦਾ ਮੈਂਬਰ ਬਣਿਆ ।ਖਾਲਸਾ ਦੀਵਾਨ ਵਿਚ

---

154. ਗਿਆਨੀ ਦਿੱਤ ਸਿੰਘ ਖਾਲਸਾ ਅਖਬਾਰ ਲਾਹੌਰ ਨੰ: 28 ਜਿਲਦ 1 ਨਵੰਬਰ ਦੀ 6 ਸੰ:1893 ਈਸਵੀ .

155. ਸ਼ਮਸ਼ੇਰ ਸਿੰਘ ਅਸ਼ੋਕ,ਪੰਜਾਬ ਦੀਆਂ ਲਹਿਰਾਂ ਸਫਾ 231.

ਆਪਣੀ ਪੁਜ਼ੀਸ਼ਨ ਮਜ਼ਬੂਤ ਕਰਨ ਪਿਛੋਂ ਇਸ ਖਾਲਸਾ ਦੀਵਾਨ ਲਾਹੌਰ ਵਿਚ ਵੀ ਆਪਣਾ ਰਸੂਖ ਪੈਦਾ ਕਰਨਾ ਸ਼ੁਰੂ ਕਰ ਦਿਤਾ[156] ।

ਅੰਮ੍ਰਿਤਸਰ ਦੀਵਾਨ ਪਹਿਲਾਂ ਹੀ ਜ਼ਵਾਲ ਵਿਚ ਸੀ ।ਲਾਹੌਰ ਦੀਵਾਨ ਮੋਢੀਆਂ ਦੀਆਂ ਮੌਤਾਂ ਤੇ ਆਪਸੀ ਫੁੱਟ ਕਰਕੇ ਮਰਨ ਕਿਨਾਰੇ ਸੀ ।ਸਰਦਾਰ ਸੁੰਦਰ ਸਿੰਘ ਮਜੀਠੀਆ ਸ. ਬਲਵੰਤ-ਸਿੰਘ ਭਦੌੜ,ਪਰਧਾਨ ਲਾਹੌਰ ਦੀਵਾਨ ਦਾ ਰਿਸ਼ਤੇਦਾਰ ਵੀ ਸੀ ।ਇਸ ਲਈ ਇਨ੍ਹਾਂ ਦੀਵਾਨਾਂ ਨੂੰ ਖਤਮ ਕਰਕੇ ਆਪਣੀ ਮਰਜ਼ੀ ਦਾ ਨਵਾਂ ਦੀਵਾਨ ਕਾਇਮ ਕਰਨਾ ਸ: ਸੁੰਦਰ ਸਿੰਘ ਮਜੀਠੀਏ ਲਈ ਕੋਈ ਔਖਾ ਨਹੀਂ ਸੀ ।ਇਸ ਆਸ਼ੇ ਨੂੰ ਮੁਖ ਰਖਦਿਆਂ 11 ਨਵੰਬਰ,1901 ਨੂੰ ਅੰਮ੍ਰਿਤਸਰ ਵਿਚ ਚੋਣਵੇਂ ਸਿੱਖਾਂ ਦੀ ਇਕਤ੍ਰਤਾ ਬੁਲਾਈ ਗਈ ਜਿਸ ਵਿਚ ਇਹ ਮਤਾ ਪਾਸ ਹੋਇਆ ।

" ਅਜ ਦੀ ਕੁੱਲ ਖਾਲਸਾ ਜੀ ਦੀ ਇਕਤ੍ਰਤਾ ਪੂਰੀ ਸੰਮਤੀ ਨਾਲ ਇਹ ਤਜਵੀਜ਼ ਪਾਸ ਕਰਦੀ ਹੈ ਕਿ ਪੰਥ ਨੂੰ ਇਕ ਐਸੇ ਦੀਵਾਨ ਦੀ ਲੋੜ ਹੈ ਜੋ ਪੰਥ ਦਾ 'ਖਾਲਸਾ ਦੀਵਾਨ'ਸਮਝਿਆ ਜਾਵੇ ਅਰ ਜੋ ਪੰਥ ਦੀਆਂ ਕੁੱਲ ਜ਼ਰੂਰਤਾਂ ਨੂੰ,ਜੋ ਅੱਜ ਕਲ ਅਧੂਰੀਆਂ ਹਨ,ਪੂਰਾ ਕਰ ਸਕੇ ...[157] ।

ਭਾਵੇਂ ਇਹ ਗੱਲ ਪਹਿਲਾਂ ਹੀ ਮੰਨੀ ਜਾ ਚੁਕੀ ਸੀ ਕਿ 'ਪੰਥ ਵਿਚ ਕੋਈ ਐਸਾ ਸ਼੍ਰੋਮਣੀ ਜੱਥਾ,ਜੋ ਪੰਥ ਦੀਆਂ ਸਾਰੀਆਂ ਲੋੜਾਂ ਨੂੰ ਪੂਰਾ ਕਰੇ ਅਤੇ ਸਿੰਘ ਸਭਾ ਨੂੰ ਨਾਲ ਮਿਲਾ ਕੇ ਗੁਰਮਤ ਅਰਥਾਤ ਖਾਲਸਾ ਧਰਮ ਦਾ ਪ੍ਰਚਾਰ ਕਰੇ,[158]" ਨਹੀਂ ਰਿਹਾ,ਪਰ ਫਿਰ ਵੀ ਲਾਹੌਰ ਦੀਵਾਨ ਨੂੰ ਪੈਰੋਂ ਕੱਢਣ ਲਈ ਇਹ ਤਜਵੀਜ਼ ਰਖੀ ਗਈ ਕਿ ' ਸਭ ਤੋਂ ਪਹਿਲੇ ਇਹ ਯਤਨ ਕੀਤਾ ਜਾਵੇ ਜੋ ਖਾਲਸਾ ਦੀਵਾਨ ਲਾਹੌਰ ਨੂੰ ਹੀ ਇਸ ਯੋਗ ਬਣਾ ਦਿਤਾ ਜਾਵੇ ਜੋ ਹੋਰ ਨਯਾ ਦੀਵਾਨ ਬਣਾਣ ਦੀ ਲੋੜ ਨਾ ਰਹੇ[159] ......" ਲਾਹੌਰ ਦੀਵਾਨ ਵਿਚ ਨਾਹੀ ਅਜਿਹੀ ਸ਼ਕਤੀ ਸੀ ਤੇ ਨਾ ਹੀ ਨਵੇਂ ਉਠ ਰਹੇ ਆਗੂਆਂ ਦੀ ਅਜਿਹਾ ਕਰਨ ਦੀ ਇੱਛਾ ਹੀ ਸੀ ।" ਸੋ ਲਾਹੌਰ ਦੀਵਾਨ ਦੇ ਖੰਡਰਾਂ ਤੇ ਅੰਮ੍ਰਿਤਸਰ ਪਾਰਟੀ ਨੇ ਇਕ ਹੋਰ ਦੀਵਾਨ ਕਾਇਮ ਕੀਤਾ ਜਿਸ ਦਾ ਨਾਂ'ਚੀਫ ਖਾਲਸਾ ਦੀਵਾਨ' ਉਹਨਾਂ ਨੂੰ ਬਹੁਤ ਪਿਆਰਾ ਲਗਦਾ ਸੀ ।ਇਸ ਪਾਰਟੀ ਨੂੰ ਇਸ ਗੱਲ ਦਾ ਬੜਾ ਫਾਇਦਾ ਸੀ ਕਿ ਇਹ ਸਾਰੇ ਤਜਾਰਤੀ ਸ਼ਹਿਰ ਦੇ ਰਹਿਣ ਵਾਲੇ ਸਨ ਜਿਹੜੇ ਕਿ ਇਕ ਦੂਜੇ ਨਾਲ ਰਿਸ਼ਤੇਦਾਰੀਆਂ, ਦੋਸਤੀਆਂ ਤੇ ਸਾਂਝੇ ਹਿੱਤਾਂ ਲਈ ਜੁੜੇ ਹੋਏ ਸਨ[160]" ਇਸ ਦੀਵਾਨ ਦੀ 30 ਅਕਤੂਬਰ,1902 ਨੂੰ

---

156. Dr.G.S.Chhabra,Advanced History of the Punjab,p.462.
157. ਸ਼ਮਸ਼ੇਰ ਸਿੰਘ ਅਸ਼ੋਕ,ਪੰਜਾਬ ਦੀਆਂ ਲਹਿਰਾਂ ਸਫਾ 236.
158. ਰੀਪੋਰਟ ਚੀਫ ਖਾਲਸਾ ਦੀਵਾਨ,1902 -3 (ਹਵਾਲਾ ਦਿਤਾ ਡਾ:ਜਗਜੀਤ ਸਿੰਘ, ਸਿੰਘ ਸਭਾ ਲਹਿਰ,ਸਫਾ 59)
159. ਉਹੀ ,ਸਫਾ 50 .
160. Bhagat Lakshman Singh,Autobiography,p.144.

ਨੀਂਹ ਰਖੀ ਗਈ ।ਬਾਬੂ ਤੇਜਾ ਸਿੰਘ ਭਸੌੜ ਨੇ ਇਸ ਦੀਵਾਨ ਦਾ ਆਰੰਭਕ ਅਰਦਾਸਾ ਸੋਧਿਆ । ਭਾਈ ਅਰਜਨ ਸਿੰਘ ਬਾਗੜੀਆਂ ਪਰਧਾਨ ਤੇ ਸ. ਸੁੰਦਰ ਸਿੰਘ ਮਜੀਠੀਆ ਇਸ ਦੀਵਾਨ ਦੇ ਸੈਕਤਰ ਬਣਾਏ ਗਏ ।ਪਹਿਲਾਂ ਪਹਿਲ 150 ਸਿੰਘ ਸਭਾਵਾਂ ਵਿਚੋਂ ਸਿਰਫ 29 ਇਸ ਨਾਲ ਜੁੜੀਆਂ ਪਰ 1920 ਤਕ ਇਸ ਨਾਲ 105 ਸਭਾਵਾਂ ਜੁੜ ਚੁਕੀਆਂ ਸਨ।ਲਾਹੌਰ ਦੀਵਾਨ ਦੇ ਕੁਝ ਕੁ ਮੈਂਬਰਾਂ ਨੂੰ ਛੱਡ ਕੇ ਬਹੁਤ ਸਾਰੇ ਇਸ ਵਿਚ ਆ ਸ਼ਾਮਲ ਹੋਏ,ਜਿਹਾ ਕਿ ਸੋਢੀ ਸੁਜਾਨ ਸਿੰਘ,ਭਾਈ ਤਖਤ ਸਿੰਘ,ਭਾਈ ਮੋਹਨ ਸਿੰਘ ਵੈਦ,ਸਰਦਾਰ ਸਾਧੂ ਸਿੰਘ ਮਹਿਕਮਾ ਜੰਗਲਾਤ,ਸਰਦਾਰ ਧਰਮ ਸਿੰਘ ਘਰਜਾਖ ਆਦਿ ।ਭਾਈ ਤਖਤ ਸਿੰਘ ਨੇ ਫੀਰੋਜ਼ਪੁਰ ਵਿਚ ਭਾਈ ਦਿੱਤ ਸਿੰਘ ਦੇ ਨਾਂ ਤੇ ਸਿਖ ਸਾਹਿਤ ਤੇ ਇਤਿਹਾਸ ਲਈ ਇਕ ਖੋਜ-ਲਾਇਬ੍ਰੇਰੀ ਕਾਇਮ ਕੀਤੀ ।ਭਾਈ ਮੋਹਨ ਸਿੰਘ ਵੈਦ ਨੇ 1906 ਵਿਚ 'ਦੁਖ ਨਿਵਾਰਨ' ਮਾਸਕ ਪੱਤਰ ਜਾਰੀ ਕੀਤਾ ।ਇਸ ਦੀਵਾਨ ਨੇ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਪੱਕਿਆਂ ਪੈਰਾਂ ਤੇ ਖੜਾ ਕਰਨ ਤੇ ਸਿਖ ਵਿਦਿਅਕ ਲਹਿਰ ਨੂੰ ਹੋਰ ਤੇਜ਼ੀ ਨਾਲ ਚਲਾਉਣ ਵਿਚ ਕਾਫੀ ਹਿੱਸਾ ਪਾਇਆ ।

" ਸਮੇਂ ਦੀ ਲੋੜ ਅਨੁਸਾਰ ਹੁਣ ਤਕ ਸਾਰਾ ਕੰਮ ਢਾਹੂ ਹੀ ਹੋਇਆ ਸੀ ।ਹਿੰਦੂਆਂ ਦੀਆਂ ਧਾਰਮਿਕ ਪੁਸਤਕਾਂ ਤੋਂ ਸਿਖਾਂ ਦੀ ਸ਼ਰਧਾ ਹਟ ਚੁਕੀ ਸੀ ਤੇ ਉਹ ਆਪਣੇ ਪੈਰਾਂ ਤੇ ਖੜੇ ਹੋ ਚੁਕੇ ਸਨ ।ਜੇ ਕਰ ਉਨ੍ਹਾਂ ਨੇ ਕੋਈ ਉਸਾਰੂ ਕੰਮ ਕੀਤਾ ਸੀ ਤਾਂ ਉਹ ਵਿਦਿਆ ਦਾ ਫੈਲਾਉ ਤੇ ਸਿੱਖਾਂ ਵਿਚ ਇਸ ਵਿਚਾਰ ਦਾ ਪੈਦਾ ਕਰਨਾ ਸੀ ਕਿ ਉਹ ਇਕ ਵਖਰੀ ਬਰਾਦਰੀ ਹਨ ਜਿਨ੍ਹਾਂ ਦੇ ਵਖਰੇ ਹਕੂਕ,ਵਖਰੇ ਆਸ਼੍ਰਮ,ਤੇ ਰਾਖੀ ਲਈ ਵਖਰੇ ਕਾਨੂੰਨ ਹੋਣ ।ਪਰ ਸਭ ਤੋਂ ਵੱਡਾ ਨੁਕਸ ਇਹ ਸੀ ਕਿ ਸਾਡਾ ਧਾਰਮਿਕ ਦਸਤੂਰ ਰੂਹਾਨੀ ਨਹੀਂ ਸੀ ।ਹਫਤਾਵਾਰੀ ਮੀਟਿੰਗਾਂ ਵਿਚ ਜਾਂ ਤੇ ਹਿੰਦੂ ਧਰਮ ਤੇ ਹਮਲੇ ਹੁੰਦੇ ਸਨ ਜਾਂ ਆਰੀਆ ਸਮਾਜੀਆਂ ਦੇ ਹਮਲਿਆਂ ਦੇ ਜਵਾਬ ਦਿਤੇ ਜਾਂਦੇ ਸਨ।ਰੂਹਾਨੀ ਤਰੱਕੀ ਦਾ ਕੰਮ ਚੀਫ਼ ਖਾਲਸਾ ਦੀਵਾਨ ਦੇ ਹਿੱਸੇ ਹੀ ਆਇਆ ਹੈ ਜੋ ਕਿ ਨਿਪੁੰਨ ਸੰਗੀਤਕਾਰਾਂ ਤੇ ਪਵਿਤਰ ਆਤਮਾਵਾਂ ਰਾਹੀਂ ਹੋਇਆ ਹੈ ।ਸੰਤ ਅਤਰ ਸਿੰਘ ਨੇ ਤੜਕੇ ਉਠਣ ਦੀ ਰੀਤ ਚਲਾਈ ਤੇ ਗੁਰਬਾਣੀ ਦਾ ਕੀਰਤਨ ਸੁਣਨ ਲਈ ਦੀਵਾਨਾਂ ਵਿਚ ਜਾਣਾ ਸਿਖਾਇਆ ।ਗੁਰੂ ਸਾਹਿਬਾਨ ਦੇ ਸਮੇਂ ਤੋਂ ਪਿਛੋਂ ਲੋਕ ਇਸ ਤਰ੍ਹਾਂ ਹੁਮ ਹੁਮਾ ਕੇ ਕਦੇ ਵੀ ਇਕੱਠੇ ਨਹੀਂ ਸਨ ਹੋਏ ਤੇ ਨਾ ਹੀ ਇਸ ਤਰ੍ਹਾਂ ਗੁਰਬਾਣੀ ਦਾ ਕੀਰਤਨ ਸੁਣਿਆ ਸੀ ।ਭਾਈ ਹੀਰਾ ਸਿੰਘ ਰਾਗੀ ਦੇ ਕੀਰਤਨ ਨੇ ਹਜ਼ਾਰਾਂ ਹਿੰਦੂਆਂ ਸਿਖਾਂ ਦੇ ਦਿਲਾਂ ਨੂੰ ਮੋਹ ਲਿਆ ਤੇ ਉਹ ਉਨ੍ਹਾਂ ਦਿਨਾਂ ਨੂੰ ਭੁਲ ਗਏ ਜਦੋਂ ਉਹ ਹਿੰਦੂ ਸਿਖ ਦੇ ਨਾਂ ਤੇ ਆਪਸ ਵਿਚ ਲੜਦੇ ਹੁੰਦੇ ਸਨ।ਸੰਤ ਸੰਗਤ ਸਿੰਘ ਕਮਾਲੀਆ ਵਾਲਿਆਂ ਦਾ ਅਸਰ ਵੀ ਸਭ ਵਾਦ ਵਿਵਾਦ ਭੁਲਾਉ ਸੀ ।"[161]

161 . Prof.Teja Singh, The Singh Sabha Movement, The Panjab Past and Present, April,1973, pp.38-40.

ਚੀਫ਼ ਖਾਲਸਾਦੀਵਾਨ ਵਿਚ ਸ਼ਹਿਰੀ ਵਪਾਰੀ ਜਮਾਤ ਦਾ ਅਸਰ ਵਧ ਰਿਹਾ ਸੀ । 1911 ਦੀ ਸੀ.ਆਈ. ਡੀ. ਦੀ ਰੀਪੋਰਟ ਅਨੁਸਾਰ " ਚੀਫ਼ ਖ਼ਾਲਸਾ ਦੀਵਾਨ ਦਾ ਸਕੱਤਰ ਸਰਦਾਰ ਸੁੰਦਰ ਸਿੰਘ ਮਜੀਠੀਆ ਜਿਹੜਾ ਕਿ ਮੰਨੇ ਪਰਮੰਨੇ ਤੌਰ ਤੇ ਕਮਜ਼ੋਰ ਤੇ ਥਿੜਕਵੇਂ ਆਚਰਣ ਦਾ ਮਾਲਕ ਹੈ ਤਰਲੋਚਨ ਸਿੰਘ ਵਕੀਲ ਤੇ ਖਾਲਸਾ ਸਮਾਚਾਰ ਅਖਬਾਰ ਵਾਲੇ ਭਾਈ ਵੀਰ ਸਿੰਘ,ਜਿਹੜੇ ਕਿ ਦੋਵੇਂ ਜ਼ਾਤ ਦੇ ਅਰੋੜੇ ਹਨ,ਦਿਆਂ ਹੱਥਾਂ ਤੇ ਪਿਆ ਹੈ ।ਇਹ ਪੱਕੀਆਂ ਅਫਵਾਹਾਂ ਹਨ ਕਿ ਇਹ ਲੋਕ ਆਪਣੀ ਪੁਜ਼ੀਸ਼ਨ ਤੇ ਅਸਰ ਰਸੂਖ ਦਾ ਨਾਜਾਇਜ਼ ਫਾਇਦਾ ਉਠਾ ਕੇ ਆਪਣੇ ਜ਼ਾਤ-ਭਰਾਵਾਂ ਨੂੰ ਦੀਵਾਨ ਵਿਚ ਨੌਕਰੀਆਂ ਦੁਆਂਦੇ ਹਨ ਤੇ ਪੈਸੇ ਨੂੰ ਸੁਸਾਇਟੀ ਤੇ ਖਰਚ ਕਰਨ ਦੀ ਥਾਂ ਆਪਣੀਆਂ ਜੇਬਾਂ ਭਰਦੇ ਹਨ ।ਦੀਵਾਨ ਦੇ ਬਹੁਤੇ ਫੰਡ ਪੰਜਾਬ ਸਿੱਖ ਬੈਂਕ ਵਿਚ ਰਖੇ ਜਾਂਦੇ ਹਨ ਜੋ ਕਿ ਚੀਫ ਖਾਲਸਾ ਦੀਵਾਨ ਨਾਲ ਸੰਬੰਧਤ ਹੈ ਤੇ ਤਰਲੋਚਨ ਸਿੰਘ ਜਿਸ ਦਾ ਮੈਨੇਜਰ ਹੈ [162] ।"

"ਪੰਜਾਬ ਦੇ ਰਜਵਾੜਿਆਂ ਤੇ ਜਾਗੀਰਦਾਰਾਂ ਨੇ ਅੰਗਰੇਜ਼ ਸਰਕਾਰ ਦੀ ਭਰਪੂਰ ਮਦਦ ਕੀਤੀ ਸੀ ਅਤੇ ਸਿਖ ਫ਼ੌਜ ਦੀ ਵਰਤੋਂ ਕਰਕੇ ਇਨ੍ਹਾਂ ਨੇ ਇਸ ਦਾ ਡੁਬਕੂੰ ਡੁਬਕੂੰ ਕਰਦਾ ਬੇੜਾ ਬਚਾਇਆ ਸੀ । . . . . ਚੀਫ ਖਾਲਸਾ ਦੀਵਾਨ ਉਤੇ ਇਨ੍ਹਾਂ ਜਾਗੀਰਦਾਰਾਂ ਦਾ ਹੀ ਕਬਜ਼ਾ ਸੀ।.. ਇਹ ਸਰਦਾਰ ਪੱਕੀ ਤਰ੍ਹਾਂ ਰੀਝ ਦਿਤੀ ਬੈਠੇ ਸਨ ਕਿ ਸਿੱਖਾਂ ਦਾ ਭਲਾ ਅੰਗਰੇਜ਼ ਰਾਜ ਦੀ ਵਫਾਦਾਰੀ ਤੇ ਤਾਬਿਆਦਾਰੀ ਵਿਚ ਹੀ ਹੈ ਅਤੇ ਅੰਗਰੇਜ਼ ਰਾਜ ਅਹਿੱਲਵਾਂ ਤੇ ਅਮਿੱਟਵਾਂ ਹੈ,ਇਸ ਦੀਆਂ ਜੜ੍ਹਾਂ ਪਾਤਾਲ ਤਕ ਗਈਆਂ ਹੋਈਆਂ ਹਨ [163] ।"

1902 ਤੋਂ 1914 ਤਕ ਚੀਫ ਖਾਲਸਾ ਦੀਵਾਨ ਦੀ ਸਿੱਖਾਂ ਵਿਚ ਕਾਫ਼ੀ ਇਜ਼ਤ ਰਹੀ। 1908 ਵਿਚ ਜਦੋਂ ਸਰਕਾਰ ਨੇ ਖਾਲਸਾ ਕਾਲਜ,ਅੰਮ੍ਰਿਤਸਰ ਉਤੇ ਕਬਜ਼ਾ ਕਰ ਲਿਆ ਤਾਂ ਬਹੁਤ ਸਾਰੇ ਮੈਂਬਰਾਂ ਨੇ ਕਾਲਜ ਦੀ ਮੈਨੇਜਿੰਗ ਕਮੇਟੀ ਤੋਂ ਅਸਤੀਫੇ ਦੇ ਦਿਤੇ [164] ।ਪਰ ਇਸ ਦੇ ਸਕੱਤਰ ਸਰਦਾਰ ਸੁੰਦਰ ਸਿੰਘ ਮਜੀਠੀਏ ਨੇ ਅਜਿਹਾ ਨਾ ਕੀਤਾ ਜਿਸ ਬਦਲੇ ਦੇਸ਼ ਭਗਤ ਮਾਸਟਰ ਸੁੰਦਰ ਸਿੰਘ ਪਾਸੋਂ ਗੱਦਾਰ ਦਾ ਖਿਤਾਬ ਨਸੀਬ ਹੋਇਆ [165] ।

ਖਾਲਸਾ ਕਾਲਜ ਤੇ ਸਰਕਾਰੀ ਕਬਜ਼ਾ ਹੋਣ ਪਿਛੋਂ ਚੀਫ ਖਾਲਸਾ ਦੀਵਾਨ ਨੇ ਸਿਖ ਐਜੂਕੇਸ਼ਨਲ ਕਾਨਫ੍ਰੰਸ ਬਣਾਈ ਜਿਸ ਦੀ ਮਹਤਤਾ ਕਾਲਜ ਨਾਲੋਂ ਘਟ ਨਹੀਂ ਸੀ ।ਲੋਕਾਂ ਵਿਚ ਜਾਗ੍ਰਤ ਵਧ ਰਹੀ ਸੀ,ਉਨ੍ਹਾਂ ਨੂੰ ਆਪਣੇ ਧਾਰਮਿਕ ਤੇ ਰਾਜਸੀ ਹੱਕਾਂ ਦੀ ਸੋਝੀ ਆ ਰਹੀ ਸੀ ।ਪਰ ਚੀਫ਼ ਖਾਲਸਾ ਦੀਵਾਨ ਅੰਗਰੇਜ਼ੀ ਸਰਕਾਰ ਵਲੋਂ ਕੀਤੇ ਕਿਸੇ ਵੀ ਜ਼ੁਲਮ ਦੇ ਵਿਰੁਧ ਆਵਾਜ਼ ਉਚੀ ਕਰਨਾ ਪਾਪ ਸਮਝਦਾ ਸੀ ।ਜਦੋਂ 1914 ਵਿਚ ਬਜ ਬਜ ਘਾਟ ਤੇ ਕਾਮਾ ਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ

162. D.Petrie, Secret C.I.D. Memorandum on Recent Development in Sikh Politics, 19 The Panjab Past Present, Oct. 1970 pp.338-39.
163. ਸੋਹਨ ਸਿੰਘ ਜੋਸ਼,ਅਕਾਲੀ ਮੋਰਚਿਆਂ ਦਾ ਇਤਿਹਾਸ,ਸਫਾ 18.
164. ਉਹੀ ਉਕਤ ਨੰਬਰ 161,ਸਫਾ 40 .
165. ਉਹੀ ਉਕਤ ਨੰਬਰ 163,ਸਫਾ 24 .

ਨੂੰ ਅੰਗਰੇਜ਼ੀ ਸਰਕਾਰ ਨੇ ਗੋਲੀਆਂ ਨਾਲ ਭੁੰਨ ਸੁਟਿਆ, ਜਦੋਂ 1915 ਵਿਚ ਤੋਸ਼ਾ ਮਾਰੂ ਜਹਾਜ਼ ਰਾਹੀਂ ਹਿੰਦੁਸਤਾਨ ਪੁਜੇ 25 ਦੇਸ਼ ਭਗਤਾਂ ਨੂੰ ਫਾਂਸੀਆਂ ਤੇ ਚਾੜ੍ਹ ਦਿਤਾ ਗਿਆ ਤਾਂ ਚੀਫ ਖਾਲਸਾ ਦੀਵਾਨ ਅੰਗਰੇਜ਼ੀ, ਸਰਕਾਰ ਦਾ ਵਕੀਲ ਬਣਿਆ ਰਿਹਾ। 1914 ਵਿਚ ਹੀ ਰਕਾਬਗੰਜ ਦੀ ਕੰਧ ਢਾਹੁਣ ਦੇ ਮਾਮਲੇ ਵਿਚ ਵੀ ਦੀਵਾਨ ਨੇ ਸਿੱਖਾਂ ਨਾਲ ਗੱਦਾਰੀ ਕੀਤੀ। ਇਥੋਂ ਤਕ ਕਿ 10-12 ਅਪਰੈਲ 1914 ਨੂੰ ਜਲੰਧਰ ਵਿਚ ਸਿਖ ਐਜੂਕੇਸ਼ਨ ਕਾਨਫਰੰਸ ਤੇ 'ਸ. ਹਰਚੰਦ ਸਿੰਘ ਜੀ ਰਈਸ ਤੇ ਦੇਸ਼ਭਗਤ ਦੀ ਅਗਵਾਈ ਹੇਠ ਲਾਇਲਪੁਰ ਦੇ ਖਾਲਸਾ ਜੀ ਨੇ ਗੁਰਦੁਆਰਾ ਰਿਕਾਬਗੰਜ ਦਿਲੀ ਦੀ ਕੰਧ ਢਾਹੁਣ ਬਾਰੇ ਸਰਕਾਰ ਨੂੰ ਜ਼ੋਰਦਾਰ ਪੁੱਛ ਕਰਨ ਤੇ ਸਿੱਖ ਕੌਮ ਵਲੋਂ ਜ਼ੋਰਦਾਰ ਐਜੀਟੇਸ਼ਨ ਕਰਨ ਦਾ ਮਤਾ ਪੇਸ਼ ਕਰਨਾ ਚਾਹਿਆ ਜੋ ਨਾ ਸੁਣਿਆ ਗਿਆ ਤੇ ਸਰਦਾਰ ਜੀ ਨੂੰ ਆਪਣੇ ਸਾਥੀਆਂ ਸਣੇ ਮੰਡਪ ਵਿਚੋਂ ਬਾਹਰ ਚਲੇ ਜਾਣ ਲਈ ਮਜਬੂਰ ਹੋਣਾ ਪਿਆ[166]।"

ਸਿਖ ਚੀਫ ਖਾਲਸਾ ਦੀਵਾਨ ਦੀ ਲੀਡਰ ਸ਼ਿਪ ਨਾਲ ਸੰਤੁਸ਼ਟ ਨਹੀਂ ਸਨ। ਉਹ ਕਹਿੰਦੇ ਸਨ ਕਿ ਜਾਂ ਦੀਵਾਨ ਸਮੇਂ ਦੀ ਚਾਲ ਨਾਲ ਕਦਮ ਮਿਲਾ ਕੇ ਚੱਲੇ ਜਾਂ ਰਸਤੇ ਚੋਂ ਪਰ੍ਹਾਂ ਹੱਟ ਜਾਏ ਅਤੇ ਕਿਸੇ ਹੋਰ ਪਾਰਟੀ ਨੂੰ ਅਗਵਾਈ ਕਰਨ ਦੇਵੇ। ਪਰ ਕਿਉਂਕਿ ਕੋਈ ਹੋਰ ਪਾਰਟੀ ਹੈ ਨਹੀਂ ਸੀ ਇਸ ਲਈ ਦੀਵਾਨ ਹੀ ਚੰਗਾ ਮੰਦਾ ਕੰਮ ਚਲਾਈ ਗਿਆ। ਦੀਵਾਨ ਵਲੋਂ ਸਿਖ ਇਸ ਲਈ ਵੀ ਨਿਰਾਸ਼ ਸਨ ਕਿ ਮਿੰਟੋ-ਮਾਰਲੇ ਤੇ ਮੌਂਟਫੋਰਡ ਸਕੀਮਾਂ ਰਾਹੀਂ ਵੀ ਉਨ੍ਹਾਂ ਨੂੰ ਕੁਝ ਨਸੀਬ ਨਹੀਂ ਸੀ ਹੋਇਆ। ਸਿੱਖ ਜਨਤਾ ਨੂੰ ਇਸ ਗੱਲ ਦੀ ਵੀ ਹੋਸ਼ ਆ ਰਹੀ ਸੀ ਕਿ ਉਹ ਪਾਰਟੀਆਂ ਜਿਹੜੀਆਂ ਸਰਕਾਰ ਨਾਲੋਂ ਆਪਣੇ ਆਪ ਨੂੰ ਵਖ ਨਹੀਂ ਕਰ ਸਕਦੀਆਂ, ਉਨ੍ਹਾਂ ਦਾ ਕੁਝ ਨਹੀਂ ਸੁਆਰ ਸਕਦੀਆਂ।

" ਚੀਫ ਖਾਲਸਾ ਦੀਵਾਨ ਨੇ ਸਰਕਾਰੀ ਵਫ਼ਾਦਾਰੀ ਦੇ ਜੋਸ਼ ਵਿਚ ਪੰਜਾਬ ਦੇ ਗਦਰੀਆਂ ਨਾਲ ਕੋਈ ਹਮਦਰਦੀ ਜ਼ਾਹਰ ਨਾ ਕੀਤੀ[167]।" ਤੇ ਅਪਰੈਲ 1919 ਨੂੰ ਜਲ੍ਹਿਆਂ ਵਾਲੇ ਬਾਗ, ਅੰਮ੍ਰਿਤਸਰ ਵਿਚ ਸੈਂਕੜੇ ਕਤਲ ਹੋਏ ਲੋਕਾਂ ਨਾਲ ਹਮਦਰਦੀ ਜ਼ਾਹਰ ਕਰਨ ਦੀ ਥਾਂ ਅੰਗਰੇਜ਼ੀ ਸਰਕਾਰ ਦਾ ਸਾਥ ਦਿਤਾ। ਖਾਲਸਾ ਸਮਾਚਾਰ, ਅੰਮ੍ਰਿਤਸਰ ਦਾ 24 ਅਪਰੈਲ 1919 ਦਾ ਪਰਚਾ ਇਸ ਦੀ ਜੀਉਂਦੀ ਜਾਗਦੀ ਮਿਸਾਲ ਹੈ। ਉਸ ਪਰਚੇ ਵਿਚ ਸਭ ਤੋਂ ਪਹਿਲਾਂ ਲਾਹੌਰ ਤੇ ਅੰਮ੍ਰਿਤਸਰ ਦੇ ਫਸਾਦਾਂ ਬਾਰੇ ਸਰਕਾਰੀ ਰੀਪੋਰਟ ਦਰਜ ਹੈ ਜਿਸ ਵਿਚ ਸੱਚ ਨੂੰ ਤੋੜ ਮਰੋੜ ਕੇ ਤੇ ਅੰਗ੍ਰੇਜ਼ੀ ਸਰਕਾਰ ਦੇ ਨਜ਼ਰੀਏ ਤੋਂ ਪੇਸ਼ ਕੀਤਾ ਗਿਆ ਹੈ। ਇਸ ਰਿਪੋਰਟ ਤੋਂ ਪਿਛੋਂ ਐਡੀਟੋਰੀਅਲ ਨੋਟ ਹੈ ਜਿਸ ਵਿਚ ਖਾਲਸੇ ਨੂੰ ਸਰਕਾਰ ਦੀ ਮਦਦ ਕਰਨ ਲਈ ਕਿਹਾ ਗਿਆ ਹੈ। ਇਸ ਤੋਂ ਬਾਦ "ਖਾਲਸਾ ਜੀ ਦੀ ਸੇਵਾ ਵਿਚ ਚੀਫ਼ ਖਾਲਸਾ ਦੀਵਾਨ ਵਲੋਂ ਬੇਨਤੀ" ਨਾਂ ਦਾ ਐਲਾਨ ਦਿਤਾ ਗਿਆ ਹੈ ਜਿਸ

166. ਮੁਨਸ਼ਾ ਸਿੰਘ 'ਦੁੱਖੀ', ਜੀਵਨ ਭਾਈ ਮੋਹਨ ਸਿੰਘ ਵੈਦ, ਸਫੇ 251-52.

167. Dr.G.S.Chhabra, Advanced History of the Punjab, p.464.

ਵਿਚ ਸਿੱਖਾਂ ਨੂੰ ਕਿਹਾ ਹੈ ਕਿ " ਕਿ ਉਹ ਹਮੇਸ਼ਾਂ ਆਪਣੀ ਪਰੰਪਰਾ ਦੀ ਰਾਜਭਗਤੀ ਤੇ ਸ਼ਹਨਸ਼ਾਹ ਦੇ ਤਖਤ ਨਾਲ ਵਫਾਦਾਰੀ ਨੂੰ ਯਾਦ ਰਖਣ- - - " ।ਇਸ ਤੋਂ ਪਿਛੋਂ "ਚੀਫ ਖਾਲਸਾ ਦੀਵਾਨ ਵਲੋਂ ਸਿੱਖ ਕੌਮ ਨੂੰ ਸੰਦੇਸ਼ਾ" ਹੈ ਜਿਹੜਾ ਕਿ ਕਾਫੀ ਲੰਮਾ ਚੌੜਾ ਹੈ,ਜਿਸ ਵਿਚ ਅੰਗਰੇਜ਼ੀ ਸਰਕਾਰ ਵਲੋਂ ਕੀਤੇ ਗਏ ਜ਼ੁਲਮ ਨੂੰ ਜਾਇਜ਼ ਠਹਿਰਾਇਆ ਹੈ ; ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦੇ ਗੁਣ ਗਾਏ ਹਨ ਤੇ ਅਖੀਰ ਤੇ ਲਿਖਿਆ ਹੈ ਕਿ " ਮੈਨੂੰ ਉਮੈਦ ਹੈ ਕਿ ਆਪਣੇ ਯਤਨ ਨਾਲ ਆਪ ਕਾਮਯਾਬ ਹੋਵੋਗੇ,ਕਿ ਸਾਰੇ ਪੰਥ ਦੀ ਕੀਰਤੀ ਤੇ ਸ਼ੋਭਾ ਤੇ ਸੇਵਾ ਦੇ ਨਾਮਣੇ ਕਾਇਮ ਰੈਹਣਗੇ,ਤੇ ਆਪ ਸਰਕਾਰ ਦੀ ਵਫ਼ਾਦਾਰ ਪ੍ਰਜਾ ਹੁੰਦੇ ਹੋਏ ਸਭ ਸੁਖ ਮਾਣੋਗੇ ।" ਇਹ ਦੋਵੇਂ,ਬੇਨਤੀ ਤੇ ਸੰਦੇਸ਼ਾ,"ਆਗਯਾ-ਅਨੁਸਾਰ-ਚੀਫ ਖਾਲਸਾ ਦੀਵਾਨ,ਬਘੇਲ ਸਿੰਘ ਰਾਇ ਬਹਾਦਰ ਰਈਸ ਕੁੱਲਾ,ਸਰਦਾਰ ਪ੍ਰੈਜ਼ੀਡੈਂਟ, ਰਘਬੀਰ ਸਿੰਘ ਸੰਧਾਵਾਲੀਆ ਆਨਰੀਰੀ ਲੈਫਟੀਨੈਂਟ,ਓ. ਬੀ. ਈ. ਸਰਦਾਰ ,ਵਾਈਸ ਪ੍ਰੈਜ਼ੀਡੈਂਟ; ਸੁੰਦਰ ਸਿੰਘ ਮਜੀਠੀਆ ਐਡੀਸ਼ਨਲ ਮੈਂਬਰ ਲੈਜਸਲੇਟਿਵ ਕੌਂਸਲ,ਸਰਦਾਰ,ਆਨਰੇਰੀ ਸੈਕ੍ਰੇਟਰੀ" ਦੇ ਨਾਂ ਹੇਠ ਛਾਪੇ ਗਏ[168] ।

" 1919 ਤਕ ਚੀਫ ਖਾਲਸਾ ਦੀਵਾਨ ਸਿੱਖਾਂ ਦੀ ਲਗਭਗ ਇਕੋ ਇਕ ਕੇਂਦਰੀ ਜਥੇਬੰਦੀ ਸੀ ਅਤੇ " ਸਰਦਾਰ ਸੁੰਦਰ ਸਿੰਘ ਮਜੀਠੀਏ ਉਸ ਵੇਲੇ ਸਿੱਖ ਕੌਮ ਦੇ ਵਾਹਦ ਲੀਡਰ ਗਿਣੇ ਜਾਂਦੇ ਸਨ ।. . . ਇਸ ਕੇਂਦਰੀ ਜਥੇਬੰਦੀ ਉਤੇ ਖਾਨਦਾਨੀ ਸਰਦਾਰਾਂ ਅਤੇ ਧਨਾਢ ਸਿੱਖਾਂ ਦਾ ਕਬਜ਼ਾ ਸੀ ਅਤੇ ਇਨ੍ਹਾਂ ਨੂੰ ਅੰਗਰੇਜ਼ ਸਰਕਾਰ ਨੇ " ਕੁਦਰਤੀ ਆਗੂ' ਮੰਨਿਆਂ ਹੋਇਆ ਸੀ ।ਚੀਫ ਖਾਲਸਾ ਦੀਵਾਨ ਧਾਰਮਿਕ ਦੀਵਾਨ ਲਾਉਂਦਾ ਤੇ ਹੋਰ ਧਰਮ ਪਰਚਾਰ ਦਾ ਕੰਮ ਤਾਂ ਜ਼ਰੂਰ ਕਰਦਾ ਸੀ ਪਰ ਜਿਸ ਤਰ੍ਹਾਂ ਨੌਜੁਆਨ ਮੁੰਡੇ ਉਹਨੀਂ ਦਿਨੀਂ ਹਾਸੇ ਨਾਲ ਕਹਿੰਦੇ ਹੁੰਦੇ ਸਨ:ਚੀਫ ਖਾਲਸਾ ਦੀਵਾਨ ਲਈ " ਸਭ ਤੋਂ ਉਚੀ ਸਿੱਖ ਕੌਮ ਅਤੇ ਉਸ ਤੋਂ ਉਚੀ ਸਰਕਾਰ ਇੰਗਲਿਸ਼ੀਆ" ਸੀ ।ਸਰਕਾਰ ਨਾਲ ਹਰ ਤਰ੍ਹਾਂ ਮਿਲਵਰਤਣ ਕਰਨਾ ਅਤੇ ਆਪਣੇ ਲਈ ਤੇ ਸਿੱਖਾਂ ਲਈ ਕੁਛ ਅਹੁਦੇ ਲੈਣਾ ਤੇ ਫਾਇਦੇ ਉਠਾਣਾ ਏਹੋ ਹੀ ਚੀਫ ਖਾਲਸਾ ਦੀਵਾਨ ਦਾ ਵਡਾ ਮਨੋਰਥ ਸੀ[169]।"

ਚੀਫ਼ ਖਾਲਸਾ ਦੀਵਾਨ ਦੀ ਸਰਕਾਰ ਭਗਤੀ ਤੋਂ ਤੰਗ ਆਕੇ ਸਿਖਾਂ ਨੇ 1919 ਵਿਚ ਸਿੱਖ ਲੀਗ ਨਾਂ ਦੀ ਆਪਣੀ ਵਖਰੀ ਰਾਜਸੀ ਪਾਰਟੀ ਬਣਾ ਲਈ ਜਿਸ ਦਾ ਪਹਿਲਾ ਅਜਲਾਸ ਕਾਂਗਰਸ ਦੇ ਨਾਲ 1919 ਵਿਚ ਅੰਮ੍ਰਿਤਸਰ ਵਿਚ ਹੋਇਆ ।ਜਿਸ ਵਿਚ ਅੰਗਰੇਜ਼ੀ ਸਰਕਾਰ ਦੇ ਜ਼ੁਲਮਾਂ ਵਿਰੁਧ ਬੜੀ ਜ਼ੋਰਦਾਰ ਆਵਾਜ਼ ਉਠਾਈ ਗਈ ।ਚੀਫ ਖਾਲਸਾ ਦੀਵਾਨ ਸਿਖਾਂ ਨੂੰ ਨਾਮਿਲਵਰਤਨ - ਲਹਿਰ ਤੋਂ ਦੂਰ ਰਖਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ ।

168. ਖਾਲਸਾ ਸਮਾਚਾਰ,ਅੰਮ੍ਰਿਤਸਰ ਨੰਬਰ 21,ਜਿਲਦ 20,24 ਅਪਰੈਲ 1919 .

169. ਪਰਿੰਸੀਪਲ ਨਿਰੰਜਨ ਸਿੰਘ,ਅਕਾਲੀ ਲਹਿਰ ਦੀਆਂ ਕੁਝ ਯਾਦਾਂ,ਰੋਜ਼ਾਨਾ ਜਥੇਦਾਰ,ਜਲੰਧਰ, 13 ਅਗਸਤ 1967(ਨੰ:1)ਹਵਾਲਾ ਦਿਤਾ ਸੋਹਨ ਸਿੰਘ ਜੋਸ਼,ਅਕਾਲੀ ਮੋਰਚਿਆਂ ਦਾ-ਇਤਿਹਾਸ,ਸਫੇ 17-18 ) .

9-



ਚੀਫ਼ ਖਾਲਸਾ ਦੀਵਾਨ ਦੀ ਸ੍ਹੰਦ ਇਕ ਰਾਜਸੀ ਸਬ ਕਮੇਟੀ ਬਣੀ ਹੋਈ ਸੀ,ਜਿਸ ਵਲੋਂ ਸਰਕਾਰ ਨੂੰ ਰਾਜਸੀ ਪ੍ਰਸ਼ਨਾਂ ਬਾਰੇ ਕੋਈ ਮਤਾ ਜਾਂ ਚਿਠੀ ਭੇਜ ਦਿਤੀ ਜਾਂਦੀ ਸੀ ਜਾਂ ਕੋਈ ਡੈਪੂਟੇਸ਼ਨ ਵਡੇ ਹਾਕਮਾਂ ਨੂੰ ਮਿਲ ਜਾਂਦਾ ਸੀ ।ਆਮ ਸਿਖ ਰਾਇ ਦੀ ਇਹ ਬਹੁਤ ਘਟ ਪਰਵਾਹ ਕਰਦੇ ਸਨ। ਆਮ ਸਿਖ ਇਹ ਸਮਝਣ ਲਗ ਪਏ ਸਨ ਕਿ ਚੀਫ਼ ਖਾਲਸਾ ਦੀਵਾਨ ਸਰਕਾਰ-ਪ੍ਰਜ ਜਥਾ ਹੈ ।ਸਿਖ ਜਨਤਾ ਵਿਚ ਤੇ ਸਿਖ ਲੀਡਰਾਂ ਵਿਚ ਦਿਨੋ ਦਿਨ ਵਿਥ ਵਧਦੀ ਗਈ ।[170]

" ਮਿਲਵਰਤਣ ਦੇ ਧੁਰੇ ਉਪਰ ਚੀਫ਼ ਖ਼ਾਲਸਾ ਦੀਵਾਨ ਦੇ ਆਗੂ ਖੜੋਤੇ ਅਗਵਾਈ ਕਰ ਰਹੇ ਸਨ।ਇਨ੍ਹਾਂ ਦੇ ਆਗੂ ਸਰ ਸੁੰਦਰ ਸਿੰਘ ਮਜੀਠੀਆ ਸਨ।ਸ੍ਰ: ਹਰਬੰਸ ਸਿੰਘ ਅਟਾਰੀ,ਸ੍ਰ:ਤ੍ਰਿਲੋਚਨ ਸਿੰਘ ਵਕੀਲ,ਭਾਈ ਵੀਰ ਸਿੰਘ,ਪ੍ਰੋ: ਜੋਧ ਸਿੰਘ,ਸ੍ਰ: ਸ਼ਿਵਦੇਵ ਸਿੰਘ ਆਦਿ ਹੋਰ ਕਈ ਵਿਦਵਾਨ ਤੇ ਸਰਦਾਰ ਇਨ੍ਹਾਂ ਦੇ ਨਾਲ ਸਨ ।ਰਾਜੇ ਮਹਾਰਾਜੇ ਤੇ ਜਗੀਰਦਾਰ ਇਨ੍ਹਾਂ ਦੇ ਸਿਰ ਪੁਰ ਸਨ। ਸਿਖ ਠੇਕੇਦਾਰ ਵੱਡੇ ਵਪਾਰੀ ਸਕੂਲਾਂ ਕਾਲਜਾਂ ਦੇ ਪ੍ਰਬੰਧਕ ਤੇ ਮੁਖੀਏ ਸਰਕਾਰੀ ਅਫਸਰ ਇਨ੍ਹਾਂ ਦੇ ਹਮਾਇਤੀ ਸਨ।ਹਕੂਮਤ ਦੀ ਸਰਪਰਸਤੀ ਤੇ ਹਰ ਤਰ੍ਹਾਂ ਦੀ ਸਹਾਇਤਾ ਇਨ੍ਹਾਂ ਨੂੰ ਪ੍ਰਾਪਤ ਸੀ ।"[171]

ਪਰ ਅਕਤੂਬਰ 1920 ਵਿਚ ਲਾਹੌਰ ਵਿਚ ਹੋਏ ਸਿਖ ਲੀਗ ਦੇ ਦੂਜੇ ਅਜਲਾਸ ਵਿਚ ਨਾਮਿਲਵਰਤਣ ਦਾ ਮਤਾ ਚੀਫ਼ ਖਾਲਸਾ ਦੀਵਾਨ ਤੇ ਸਰਕਾਰ ਦੀਆਂ ਬੇਹਦ ਕੋਸ਼ਿਸ਼ਾਂ ਦੇ ਬਾਵਜੂਦ ਪਾਸ ਹੋ ਗਿਆ ।21 ਮਈ 1920 ਨੂੰ ਜਾਰੀ ਹੋਇਆ ਅਕਾਲੀ ਅਖਬਾਰ ਪਹਿਲਾਂ ਹੀ ਚੀਫ਼ ਖਾਲਸਾ ਦੀਵਾਨ ਦੀ ਲੀਡਰਸ਼ਿਪ ਤੇ ਸਰਕਾਰ ਦਾ ਵਿਰੋਧ ਕਰ ਰਿਹਾ ਸੀ ।ਨਾਮਿਲਵਰਤਣ ਦੇ ਇਸ ਫੈਸਲੇ ਨੇ ਇਸ ਗਲ ਦਾ ਸਪਸ਼ਟ ਤੌਰ ਪੁਰ ਐਲਾਨ ਕਰ ਦਿਤਾ ਕਿ ਸਿਖਾਂ ਦੀ ਪੁਰਾਣੀ ਲੀਡਰਸ਼ਿਪ ਅਜ ਤੋਂ ਖਤਮ ਹੈ ।ਹੁਣ ਸਿਖ ਜਨਤਾ ਨਵੇਂ ਕੁਰਬਾਨੀ ਵਾਲੇ ਆਜ਼ਾਦੀ ਤੇ ਜਮਹੂਰੀਅਤ ਪਸੰਦ ਆਗੂਆਂ ਦੀ ਪੈਰਵੀ ਕਰੇਗੀ ।"[172] ਇਸ ਤਰ੍ਹਾਂ ਚੀਫ਼ ਖਾਲਸਾ ਦੀਵਾਨ ਤੇ ਲੋਕਾਂ ਵਿਚ ਵਿਥ ਵਧਦੀ ਗਈ ।ਅਕਾਲੀ ਅਖਬਾਰ ਨੇ ਪਿੰਡਾਂ ਦੇ ਲੋਕਾਂ ਤੇ ਬਹੁਤ ਅਸਰ ਪਾਇਆ ।ਸੁਧਾਰ ਦੀ ਇਕ ਨਵੀਂ ਲਹਿਰ ਜਿਹੜੀ ਕਿ ਜਮਹੂਰੀ ਸੀ ਸ਼ੁਰੂ ਹੋ ਗਈ ਜਿਸ ਨੂੰ ਅਕਾਲੀ ਲਹਿਰ ਦਾ ਨਾਂ ਦਿਤਾ ਗਿਆ । ਇਸ ਲਹਿਰ ਨੇ ਚੀਫੀਆਂ ਦੇ ਕਿਰਦਾਰ ਨੂੰ ਅਜਿਹਾ ਨੰਗਾ ਕੀਤਾ ਕਿ ਉਹ ਲੋਕਾਂ ਨੂੰ ਮੂੰਹ ਦਿਖਾਣ ਜੋਗੇ ਨਾ ਰਹਿ ਗਏ ,ਮਤੇ ਪਾਸ ਕਰਕੇ ਇਨ੍ਹਾਂ ਨੂੰ ਪੰਥ ਚੋਂ ਛੇਕ ਦਿਤਾ ਗਿਆ :-

" ਖਾਲਸਾ ਜੀ ਦਾ ਇਹ ਦੀਵਾਨ ਪਾਸ ਕਰਦਾ ਹੈ ਕਿ ਜਿਨ੍ਹਾਂ ਸਿਖ ਲੀਡਰਾਂ ਗਵਰਨਰ <u>ਪੰਜਾਬ ਓਡਵਾਇਰ ਨੂੰ ਇਥੋਂ ਜਾਣ ਸਮੇਂ ਮਾਨ ਪਤਰ ਦਿਤਾ ਹੈ ਉਨ੍ਹਾਂ ਨੂੰ ਪੰਥ ਵਿਚੋਂ ਖਾਰਜ ਕੀਤਾ</u>

170. ਗਿ. ਹੀਰਾ ਸਿੰਘ ਦਰਦ,ਇਤਿਹਾਸਕ ਯਾਦਾਂ,ਸਫਾ 180.

171. ਉਹੀ ਸਫ਼ਾ 197.

172. ਉਹੀ ਸਫਾ 210 .

ਜਾਂਦਾ ਹੈ । ਖਾਸ ਕਰਕੇ ਸ: ਬਹਾਦਰ ਸੁੰਦਰ ਸਿੰਘ ਜੀ ਮਜੀਠੀਆ,ਸ: ਅਰੂੜ ਸਿੰਘ ਸਰਬਰਾਹ ਸ੍ਰੀ ਦਰਬਾਰ ਸਾਹਿਬ,ਸ: ਬਹਾਦਰ ਗੱਜਨ ਸਿੰਘ ਜੀ ਲੁਧਿਆਣਾ,ਰਸਾਲਦਾਰ ਗੋਪਾਲ ਸਿੰਘ ਜੀ ਭਾਗੋਵਾਲੀਆ,ਇਨ੍ਹਾਂ ਨੂੰ ਕੋਈ ਸਿਖ ਫਤਹਿ ਨਾ ਬੁਲਾਵੇ ।"[173]

ਫਿਰ ਵੀ ਇਹ ਆਪਣੇ ਆਪ ਨੂੰ ਸਿੱਖਾਂ ਦੀ ਵਾਹਦ ਪਰਤੀਨਿਧ ਜਮਾਤ ਦਸਦੇ, ਸਿਖ ਐਜੂਕੇਸ਼ਨਲ ਕਾਨਫਰੰਸਾਂ ਕਰਦੇ,ਸਿੱਖਾਂ ਦੇ ਨਾਂ ਤੇ ਮਤੇ ਪਾਸ ਕਰਦੇ ਤੇ ਸਮੇਂ ਦੀ ਸਰਕਾਰ ਦੇ ਗੁਣ ਗਾਉਣ ਦੇ ਆਪਣੇ ਫਰਜ਼ ਪੂਰੇ ਕਰੀ ਜਾ ਰਹੇ ਹਨ ।

<u>ਸਿੰਘ ਸਭਾ ਲਹਿਰ ਦਾ ਅੰਤ</u>

" ਸਿੰਘ ਸਭਾ ਲਹਿਰ ਦਾ ਅੰਤ ਇਸ ਤਰ੍ਹਾਂ ਹੋਇਆ ਕਿ ਇਹ ਖਾਲਸਾ ਦੀਵਾਨਾਂ ਦੀ ਸ਼ਕਲ ਵਿਚ ਬਦਲ ਗਈ ।"[174] ਪਹਿਲਾਂ ਖਾਲਸਾ ਦੀਵਾਨ ਅੰਮ੍ਰਿਤਸਰ,ਫਿਰ ਖਾਲਸਾ ਦੀਵਾਨ ਲਾਹੌਰ ਤੇ 1902 ਵਿਚ ਚੀਫ਼ ਖਾਲਸਾ ਦੀਵਾਨ ਬਣਿਆ ।ਇਸ ਸਮੇਂ ਸਿੰਘ ਸਭਾ ਤੇ ਖਾਲਸਾ ਦੀਵਾਨ ਦਾ ਇਕੋ ਅਰਥ ਸਮਝਿਆ ਜਾਣ ਲਗਾ ।ਆਮ ਤੌਰ ਤੇ ਸਿੰਘ ਸਭਾਵਾਂ ਪਿੰਡਾਂ ਵਿਚ ਤੇ ਖਾਲਸਾ ਦੀਵਾਨ ਵੱਡੇ ਕਸਬਿਆਂ ਤੇ ਸ਼ਹਿਰਾਂ ਵਿਚ ਕਾਇਮ ਸਨ । 1906 ਵਿਚ ਬਾਬੂ ਤੇਜਾ ਸਿੰਘ ਭਸੌੜ ਨੇ ਨਵਾਂ ਦੀਵਾਨ ਬਣਾ ਕੇ ਉਹਦਾ ਨਾਂ ਪੰਥ ਖਾਲਸਾ ਦੀਵਾਨ ਅਰਥਾਤ ਖਾਲਸਾ ਪਾਰਲੀਮੈਂਟ ਰਖਿਆ । ਇਹਦੀ ਰੀਸੋ ਰੀਸੀ ਖਾਲਸਾ ਦੀਵਾਨ ਨਾਭਾ,ਸੈਂਟਰਲ ਮਾਝਾ ਖਾਲਸਾ ਦੀਵਾਨ ਅੰਮ੍ਰਿਤਸਰ ਗੜਗਜ ਅਕਾਲੀ ਦੀਵਾਨ ਤਰਨਤਾਰਨ,ਮਾਲਵਾ ਖਾਲਸਾ ਪ੍ਰਤੀਨਿਧ ਦੀਵਾਨ ਲੁਧਿਆਣਾ ਆਦਿ ਬਣ ਗਏ । ਬਦਲ ਰਹੇ ਹਾਲਾਤ ਤੇ ਨਵੀਂ ਰਾਜਸੀ ਸੂਝ ਨਾਲ ਸਿਖਾਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਧਾਰਮਿਕ ਕੁਰੀਤੀਆਂ ਉਨ੍ਹਾਂ ਚਿਰ ਦੂਰ ਹੋ ਹੀ ਨਹੀਂ ਸਕਦੀਆਂ ਜਿੰਨਾ ਚਿਰ ਗੁਰਦੁਆਰੇ ਮਹੰਤਾਂ ਤੇ ਪੁਜਾਰੀਆਂ ਦੇ ਕਬਜ਼ੇ ਵਿਚ ਹਨ । ਸਿੱਖਾਂ ਨੂੰ ਆਪਣੀ ਵਖਰੀ ਹਸਤੀ ਦਾ ਅਹਿਸਾਸ ਕਰਾਉਣ ਨਾਲੋਂ ਇਹ ਜ਼ਰੂਰੀ ਹੋ ਗਿਆ ਕਿ ਉਨ੍ਹਾਂ ਵਿਚ ਰਾਜਸੀ ਤੇ ਕੌਮੀ ਜਾਗਰਤੀ ਪੈਦਾ ਕੀਤੀ ਜਾਏ ਤੇ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਦੇ ਸਾਂਝੇ ਘੋਲ ਵਿਚ ਸ਼ਾਮਲ ਹੋ ਕੇ ਇਸ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਉਤਸਾਹਿਤ ਕੀਤਾ ਜਾਏ ।ਇਹ ਕੰਮ ਨਿਰੋਲ ਧਾਰਮਿਕ ਦੀਵਾਨਾਂ ਦੇ ਵੱਸ ਦਾ ਨਹੀਂ ਸੀ ।ਚੀਫ਼ ਖਾਲਸਾ ਦੀਵਾਨ ਕਿਸੇ ਕੀਮਤ ਤੇ ਵੀ ਅੰਗਰੇਜ਼ ਦੀ ਨਾਰਾਜ਼ਗੀ ਸਹਾਰ ਨਹੀਂ ਸੀ ਸਕਦਾ ।ਉਹ ਕਈ ਇਕ ਮੌਕਿਆਂ ਤੇ ਪੰਥ ਨੂੰ ਪਿਠ ਦੇ ਚੁਕਾ ਸੀ ।ਇਸ ਲਈ ਨਵੀਂ ਗੁਰਦੁਆਰਾ-ਸੁਧਾਰ' ਜਾਂ 'ਅਕਾਲੀ-ਲਹਿਰ' ਨੇ ਇਨ੍ਹਾਂ ਦੀਵਾਨਾਂ ਨੂੰ ਜਨਤਕ ਪਿੜ ਚੋਂ ਕਢ ਕੇ ਸਿੰਘ ਸਭਾ ਲਹਿਰ ਖਾਲਸਾ ਦੀਵਾਨ ਲਹਿਰ

173 ਸ. ਨਰੈਣ ਸਿੰਘ,ਅਕਾਲੀ ਮੋਰਚੇ ਤੇ ਝੱਬਰ,ਸਫਾ 72.

174. ਸ਼ਮਸ਼ੇਰ ਸਿੰਘ ਅਸ਼ੋਕ,ਪੰਜਾਬ ਦੀਆਂ ਲਹਿਰਾਂ,ਸਫਾ 233.

ਦਾ ਇਕ ਲਹਿਰ ਦੇ ਤੌਰ ਤੇ ਭੋਗ ਪਾ ਦਿਤਾ ।

ਅਜ ਸਿੰਘ ਸਭਾ ਲਹਿਰ ਦੇ ਜਨਮ ਨੂੰ ਸੌ ਸਾਲ ਹੋ ਚੁਕੇ ਹਨ। ਇਨ੍ਹਾਂ ਸੌ ਸਾਲਾਂ ਵਿਚ ਅਸੀਂ ਆਜ਼ਾਦ ਹੋ ਚੁਕੇ ਹਾਂ, ਸਾਡੇ ਧਾਰਮਿਕ ਤੇ ਰਾਜਸੀ ਵਿਚਾਰਾਂ ਵਿਚ ਬੜੀ ਗਹਿਰਾਈ ਆ ਚੁਕੀ ਹੈ, ਸਾਇੰਸ ਨੇ ਸਾਡੀ ਸੂਝ ਤੇ ਬਹੁਤ ਡੂੰਘਾ ਅਸਰ ਪਾਇਆ ਹੈ ਪਰ ਸਿੰਘ ਸਭਾ ਸ਼ਤਾਬਦੀ ਮਨਾਉਣ ਦੇ ਮੌਕੇ ਤੇ ਫਿਰ ਇਸ ਗੱਲ ਦਾ ਡਰ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਸਿਖਾਂ ਨੂੰ ਹਿੰਦੂ ਮੌਤ ਹੜਪ ਕਰ ਜਾਇਗਾ :-

" ਐਸ ਵੇਲੇ ਜੋ ਸਾਡੇ ਵਿਚ ਕਮਜ਼ੋਰੀਆਂ ਤੇ ਘਾਟਾਂ ਆ ਗਈਆਂ ਹਨ ਇਹ ਤਕਰੀਬਨ ਉਹੋ ਹੀ ਹਨ ਜੋ ਸੌ ਸਾਲ ਪਹਿਲਾਂ ਮਹਿਸੂਸ ਹੋਈਆਂ ਸਨ। ਸਿੰਘ ਸਭਾ ਲਹਿਰ ਪਿਛੋਂ ਸੁਧਾਰ ਕਾਫੀ ਹੋ ਗਿਆ ਸੀ, ਪਰ ਮੁਲਕ ਦੀ ਆਜ਼ਾਦੀ ਪਿਛੋਂ ਹਾਲਤ ਬਦਲਣ ਕਰਕੇ ਉਹ ਫੇਰ ਜਾਗ ਉਠੀਆਂ ਹਨ। ਇਨ੍ਹਾਂ ਨੂੰ ਮੌਜੂਦਾ ਹਾਲਾਤ ਮੁਤਾਬਕ ਹੀ ਉਪਰਾਲਾ ਕਰਕੇ ਸੁਧਾਰਨਾ ਹੋਵੇਗਾ । ਮੇਰੇ ਖਿਆਲ ਵਿਚ ਇਨ੍ਹਾਂ ਸਭਨਾਂ ਕਮਜ਼ੋਰੀਆਂ ਦਾ ਕਾਰਣ ਇਕੋ ਹੈ, ਜੋ ਪਹਿਲਾਂ ਭੀ ਸੀ, ਤੇ ਹੁਣ ਹੋਰ ਤਿੱਖਾ ਹੋ ਗਿਆ ਹੈ। ਉਹ ਹੈ ਸਾਡੇ ਉਪੌਰ ਹਿੰਦੂ-ਮਤਿ ਦਾ ਅਸਰ । ਜਦ ਤਕ ਅਸੀਂ ਇਸ ਦਾਬੇ ਹੇਠੋਂ ਨਹੀਂ ਆਜ਼ਾਦ ਹੁੰਦੇ ਅਸੀਂ ਆਪਣੇ ਪੰਥ ਨੂੰ ਨਿਰਾਲਾ ਚਮਕਾ ਕੇ ਨਹੀਂ ਦੱਸ ਸਕਦੇ । ਐਸ ਵੇਲੇ ਤਾਂ ਸਾਨੂੰ ਬਾਹਰਲੇ ਭੀ ਹਿੰਦੂਮਤਿ ਦੀ ਹੀ ਇਕ ਸ਼ਾਖ ਸਮਝਦੇ ਹਨ। ਸੋ ਪਹਿਲਾਂ ਇਹ ਬੁਨਿਆਦੀ ਸੁਧਾਰ ਕਰਨ ਵਾਲਾ ਹੈ। ਬਾਕੀ ਦਰੁਸਤੀਆਂ ਆਪੇ ਆਪਣੇ ਆਪ ਹੀ ਪਿਛੋਂ ਹੋ ਜਾਣਗੀਆਂ ।

" ਦੂਸਰੇ ਸਾਨੂੰ ਆਪਣੀ ਰਹਿਤ ਮਰਯਾਦਾ ਦੇਖਣੀ ਪਵੇਗੀ । ਜਦ ਤੱਕ ਇਸ ਨੂੰ Recast ਸੋਧ ਕਰਕੇ ਗੁਰਮਤਿ ਦੇ ਐਨ ਅਨੁਕੂਲ ਨਹੀਂ ਬਣਾਇਆ ਜਾਂਦਾ ਅਸੀਂ ਨਿਆਰੇ ਜਾਂ ਨਿਰਾਲੇ ਦਿਖਾਈ ਨਹੀਂ ਦੇ ਸਕਾਂਗੇ ।"[175]

---

175. ਭਾਈ ਸਾਹਿਬ ਅਰਦਮਨ ਸਿੰਘ ਬਾਗੜੀਆਂ, ਸਿੰਘ ਸਭਾ ਅਤੇ ਸਿੱਖ ਰਹਿਤ ਮਰਯਾਦਾ, ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ, ਜਨਵਰੀ 1974, ਸਫਾ 30 .

ਕਾਂਡ ਦੂਜਾ

# ਸਿੰਘ ਸਭਾ ਲਹਿਰ ਦਾ
# ਸਾਹਿਤਕ ਪਿਛੋਕੜ

ਕਾਂਡ ਦੂਜਾ

## ਸਿੰਘ ਸਭਾ ਲਹਿਰ ਦਾ ਸਾਹਿਤਕ ਪਿਛੋਕੜ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲੈ ਕੇ ਸਿੰਘ ਸਭਾ ਦੇ ਜਨਮ ਤਕ ਦਾ ਸਮਾਂ ਪੰਜਾਬੀ ਸਾਹਿਤ ਦੇ ਵਿਕਾਸ ਦੇ ਪੱਖੋਂ ਉਪਜਾਊ ਨਹੀਂ ਕਿਹਾ ਜਾ ਸਕਦਾ ।ਇਸ ਕਾਲ ਦੀਆਂ ਸਾਹਿਤ ਦੀਆਂ ਪ੍ਰੇਰਕ ਪੁਰਾਣੀਆਂ ਸ਼ਕਤੀਆਂ ਖਤਮ ਹੋ ਗਈਆਂ ਸਨ ਅਤੇ ਨਵੀਆਂ ਸ਼ਕਤੀਆਂ ਇੰਨੀਆਂ ਤਾਕਤਵਰ ਨਹੀਂ ਹੋਈਆਂ ਸਨ ਕਿ ਸਾਹਿਤ ਸਿਰਜਣਾ ਦੀ ਪ੍ਰੇਰਨਾ ਬਣ ਸਕਣ । ਇਸ ਕਾਲ ਤੋਂ ਪਹਿਲਾਂ ਦੇ ਸਮੇਂ ਦੇ ਸਾਹਿਤ ਨੂੰ ਜਨਮ ਦੇਣ ਵਾਲੀ ਪ੍ਰਮੁਖ ਸ਼ਕਤੀ ਧਾਰਮਿਕ ਸੀ ਜਿਹੜੀ ਵਖ ਵਖ ਧਾਰਮਿਕ ਸੰਪਰਦਾਵਾਂ ਦੀ ਸ਼ਕਲ ਵਿਚ ਜ਼ਾਹਰ ਹੋਈ ।ਪੰਜਾਬੀ ਸਾਹਿਤ ਦੇ ਵਿਕਾਸ ਵਿਚ ਅਜਿਹੀਆਂ ਚਾਰ ਸੰਪਰਦਾਵਾਂ ਨੇ ਹਿੱਸਾ ਪਾਇਆ ਹੈ ।

ਪਹਿਲੀ ਸੰਪਰਦਾ ਸਿੱਧ-ਨਾਥ-ਪੰਥ ਦੇ ਨਾਂ ਨਾਲ ਮਸ਼ਹੂਰ ਹੈ।ਇਸ ਨਾਲ ਸੰਬੰਧਤ ਗੋਰਖ ਨਾਥ, ਚਰਪਟ, ਰਤਨ ਨਾਥ, ਗੋਪੀ ਨਾਥ ਆਦਿ ਸਿਧਾਂ ਨਾਥਾਂ ਦੀ ਰਚੀ ਹੋਈ ਬਾਣੀ ਦਾ ਸਮਾਂ ਨੌਵੀਂ ਤੋਂ ਬਾਰਵੀਂ ਸਦੀ ਈਸਵੀ ਤਕ ਦਾ ਮਿਥਿਆ ਗਿਆ ਹੈ।[1] ਪ੍ਰੋ: ਸੰਤ ਸਿੰਘ ਸੇਖੋਂ ਅਨੁਸਾਰ ਇਨ੍ਹਾਂ ਸਿਧਾਂ ਦੀ ਤੱਤਕਾਲੀਨ ਰਚਨਾ ਇਕ ਭਾਂਤ ਦੀ ਹਿੰਦਵੀ ਜਾਂ ਹਿੰਦੀ ਸੀ ।"[2] ਪਰ ਡਾਕਟਰ ਮੋਹਨ ਸਿੰਘ ਉਨ੍ਹਾਂ ਦੀ ਰਚਨਾ ਨੂੰ ਮੁਢਲੀ ਪੰਜਾਬੀ ਦੀ ਰਚਨਾ ਹੀ ਮੰਨਦਾ ਹੈ।[3] ਬਾਰਵੀਂ ਸਦੀ ਤਕ ਇਸ ਸੰਪਰਦਾ ਦਾ ਅਸਰ ਘਟ ਜਾਂਦਾ ਹੈ ਅਤੇ ਇਸ ਤੋਂ ਬਾਦ ਦੇ ਕਿਸੇ ਸਿੱਧ ਨਾਥ ਦਾ ਕਵੀ ਦੇ ਤੌਰ ਤੇ ਜ਼ਿਕਰ ਨਹੀਂ ਆਉਂਦਾ ।

ਦੂਜੀ ਧਾਰਮਿਕ ਸੰਪਰਦਾ ਸੂਫੀ-ਮਤ ਹੈ।ਸੂਫੀ ਮਤ ਦੇ ਵਿਚਾਰ ਫੈਲਾਉਣ ਲਈ ਬਾਬਾ ਫਰੀਦ (1173-1265) ਨੇ ਪਹਿਲੀ ਵਾਰ ਸ਼ੁਧ ਪੰਜਾਬੀ ਵਿਚ ਸਾਹਿਤ ਰਚਿਆ ।

---

1. ਨਰਿੰਦਰ ਧੀਰ, 'ਨਾਥ ਜੋਗੀਆਂ ਦਾ ਸਾਹਿਤ', ਪੰਜਾਬੀ ਸਾਹਿਤ ਦਾ ਇਤਿਹਾਸ-(ਭਾਸ਼ਾ ਵਿਭਾਗ, ਪੰਜਾਬ)ਸਫ਼ਾ 108;
2. ਪ੍ਰੋ: ਸੰਤ ਸਿੰਘ ਸੇਖੋਂ;ਇਤਿਹਾਸਿਕ ਪਿਛੋਕੜ ਤੇ ਸੰਖਿਪਤ ਸਰਵੇਖਣ'ਉਹੀ ਸਫਾ 4;
3. Dr.Mohan Singh, A History of Panjabi Literature,p.10.

ਬਾਬਾ ਫਰੀਦ ਨੇ ਜਿਥੇ ਲਹਿੰਦੀ ਜਾਂ ਮੁਲਤਾਨੀ ਉਪਭਾਖਾ ਦੀ ਵਰਤੋਂ ਕੀਤੀ,ਉਥੇ ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਤੇ ਅਲੀ ਹੈਦਰ ਆਦਿ ਸੂਫੀ ਕਵੀਆਂ ਨੇ ਮਾਝੀ ਵਿਚ ਕਵਿਤਾ ਰਚੀ ਜਿਸਨੂੰ ਪੰਜਾਬੀ ਦੀ ਟਕਸਾਲੀ ਬੋਲੀ ਹੋਣ ਦਾ ਮਾਨ ਪ੍ਰਾਪਤ ਹੋਇਆ।ਸੂਫੀਆਂ ਦੀ ਦੇਣ ਨਾ ਸਿਰਫ ਇਹ ਹੀ ਹੈ ਕਿ ਉਨ੍ਹਾਂ ਨੇ ਆਪਣੀ ਰਚਨਾ ਲਈ ਪੰਜਾਬੀ ਜ਼ੁਬਾਨ ਦਾ ਆਸਰਾ ਲਿਆ ਸਗੋਂ ਪੰਜਾਬੀ ਸਭਿਆਚਾਰ ਉਨ੍ਹਾਂ ਦੇ ਸਾਹਿਤ ਦੀ ਸਮੁੱਚੀ ਆਤਮਾ ਬਣ ਗਿਆ ਹੈ।ਸੂਫੀ ਵਾਦ ਭਾਵੇਂ ਇਕ ਬਦੇਸ਼ੀ ਧਰਮ ਇਸਲਾਮ ਦਾ ਹੀ ਸੁਧਰਿਆ ਰੂਪ ਸੀ ਪਰ ਸੂਫੀ ਕਵੀਆਂ ਨੇ ਆਪਣੇ ਵਿਚਾਰਾਂ ਦੇ ਪਰਗਟਾ ਲਈ ਪੰਜਾਬੀ ਜੀਵਨ ਚੋਂ ਚਿੰਨ,ਪ੍ਰਤੀਕ ਤੇ ਅਲੰਕਾਰ ਲਏ।ਇਸਤਰ੍ਹਾਂ ਸੂਫੀ ਸਾਹਿਤ ਰਾਹੀਂ ਪੰਜਾਬੀ ਸਾਹਿਤ ਦੀ ਇਕ ਨਵੀਂ ਸ਼ੈਲੀ ਵਿਕਸਿਤ ਹੋਈ ।ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਕ ਇਹ ਧਾਰਾ ਵੀ ਮਾਂਦ ਪੈ ਚੁਕੀ ਸੀ ।

ਮਧ ਕਾਲ ਦੇ ਪੰਜਾਬੀ ਸਾਹਿਤ ਦੀ ਤੀਜੀ ਧਾਰਾ ਹਿੰਦੂ- ਭਗਤੀ ਸਾਹਿਤ ਤੇ ਇਸਲਾਮੀ ਸਾਹਿਤ ਦੀ ਸੀ ।ਹਿੰਦੂ-ਭਗਤਾਂ,ਜਿਹਾ ਕਿ ਕਬੀਰ,ਦਾਦੂ,ਸੁਥਰਾ,ਜਲ੍ਹਣ ਰਵਿਦਾਸ ਆਦਿ ਨੇ ਬ੍ਰਾਹਮਣੀ ਧਰਮ ਦੇ ਅਸੂਲਾਂ ਦੇ ਖਿਲਾਫ਼ ਆਵਾਜ਼ ਉਚੀ ਕੀਤੀ ।ਕਬੀਰ,ਰਵਿਦਾਸ ਆਦਿ ਦੀ ਬੋਲੀ ਤਾਂ ਉਸ ਸਮੇਂ ਦੀ ਹਿੰਦਵੀ ਹੀ ਸੀ ਪਰ ਸੁਥਰੇ,ਜਲ੍ਹਣ ,ਵਜੀਦ ਆਦਿ ਦੀ ਬੋਲੀ ਉਸ ਸਮੇਂ ਦੀ ਪੇਂਡੂ ਪੰਜਾਬੀ ਦਾ ਸ਼ੁਧ ਨਮੂਨਾ ਹੈ।ਇਨ੍ਹਾਂ ਕਵੀਆਂ ਰਾਹੀਂ ਪੰਜਾਬੀ ਦੀ ਹਾਸ ਰਸੀ ਸ਼ੈਲੀ ਦਾ ਵਿਕਾਸ ਹੋਇਆ ।ਮਹਾਰਾਜਾ ਰਣਜੀਤ ਸਿੰਘ ਦੇ ਵਕਤ ਤਕ ਇਹ ਧਾਰਾ ਵੀ ਖੁਸ਼ਕ ਹੋ ਚੁਕੀ ਸੀ ।

ਇਸਲਾਮ ਦੇ ਪਰਚਾਰ ਲਈ ਮੁਸਲਮਾਨ ਲਿਖਾਰੀਆਂ ਨੇ ਪੰਜਾਬੀ ਵਿਚ ਬਹੁਤ ਸਾਰਾ ਸਾਹਿਤ ਰਚਿਆ ।ਉਨ੍ਹਾਂ ਨੇ ਪੰਜਾਬੀ ਵਿਚ ਕੁਰਾਨ ਸ਼ਰੀਫ਼ ਦੇ ਤਰਜਮੇ ਕੀਤੇ ਤੇ ਤਫਸੀਰਾਂ ਲਿਖੀਆਂ ।ਇਸ ਤੋਂ ਬਿਨਾਂ ਹਜ਼ਰਤ ਮੁਹੰਮਦ ਸਾਹਿਬ ਦੀਆਂ ਹਕਾਇਤਾਂ,ਮਅਨੇ-ਨਿਮਾਜ਼,ਤੌਹੀਦ ਨਾਮੇ,ਨੂਰ ਨਾਮੇ,ਫਿਰਾਕ ਨਾਮੇ,ਅਖਬਾਰ-ਉਲ-ਆਖਰਿਤ,ਨਜੂਮ ਨਾਮੇ ਆਦਿ ਕਈ ਕਿਸਮਾਂ ਦਾ ਸਾਹਿਤ ਰਚਿਆ ਗਿਆ ।ਉਰਦੂ ਫਾਰਸੀ ਦੇ ਇਕ ਮਸ਼ਹੂਰ ਕਾਵਿ-ਰੂਪ 'ਕਸੀਦਾ ' ਦੀ ਵਰਤੋਂ ਵੀ ਕੀਤੀ ਗਈ ਜਿਸ ਵਿਚ ਮੁਸਲਮਾਨ ਲੇਖਕਾਂ ਨੇ ਆਪਣੇ ਮਜ਼ਹਬੀ ਆਗੂਆਂ ਦੀ ਸਿਫਤ ਕੀਤੀ । ਇਸ ਪੱਖੋਂ ਰਾਂਝਾ ਬਰਖੁਰਦਾਰ ਅਤੇ ਅਹਿਮਦ ਯਾਰ ਦੇ ਕਸੀਦੇ ਪ੍ਰਸਿਧ ਹਨ ।ਇਸਲਾਮੀ ਸਦਾਚਾਰਕ ਸਾਹਿਤ ਵਿਚ ਗੁਸਲਨਾਮਾ,ਫ਼ਰਾਇਜ਼,ਮਈਅਤ ਨਾਮਾ ਆਦਿ ਰੂਪ ਆਉਂਦੇ ਹਨ ।ਇਤਿਹਾਸਿਕ ਅਤੇ ਮਿਥਿਹਾਸਿਕ ਸਾਹਿਤ ਵਿਚ ਵਫ਼ਾਤ ਨਾਮਾ

ਵਧੇਰੇ ਚਾਲੂ ਹੋਇਆ ।ਇਸ ਕਾਵਿ ਰੂਪ ਵਿਚ ਇਸਲਾਮ ਦੇ ਪੈਗੰਬਰਾਂ ਦੀਆਂ ਮਜ਼ਹਬੀ ਜੰਗਾਂ ਦਾ ਜ਼ਿਕਰ ਕੀਤਾ ਗਿਆ ।ਹਾਮਦ,ਹਾਫਜ਼ ਬਰਖੁਰਦਾਰ ਅਤੇ ਮੁਕਬਲ ਦੇ ਕਰਬਲਾ ਦੀ ਲੜਾਈ ਸਬੰਧੀ ਜੰਗ ਨਾਮੇ ਵੀ ਇਸੇ ਕਿਸਮ ਦਾ ਸਾਹਿਤ ਹਨ,ਮੁਗਲਰਾਜ ਦੇ ਖਾਤਮੇ ਨਾਲ ਇਹ ਕਾਵਿ ਰੂਪ ਵੀ ਖਤਮ ਹੋਇਆ ।

ਪੰਜਾਬੀ ਦੇ ਧਾਰਮਿਕ ਸਾਹਿਤ ਦੀ ਸਭ ਤੋਂ ਮਹਤਵਪੂਰਣ ਧਾਰਾ ਗੁਰਮਤ ਦੀ ਹੈ, ਜਿਸ ਦੀ ਨੀਂਹ ਗੁਰੂ ਨਾਨਕ ਨੇ ਰਖੀ ।ਇਸਦੇ ਵਿਕਾਸ ਵਿਚ ਕਈ ਹੋਰ ਸਿਖ ਗੁਰੂਆਂ ਤੇ ਗੁਰੂ ਘਰ ਦੇ ਸ਼ਰਧਾਲੂਆਂ ਜਿਹਾ ਕਿ ਭਾਈ ਗੁਰਦਾਸ,ਸੱਤਾ ਤੇ ਬਲਵੰਡ ਆਦਿ ਨੇ,ਹਿੱਸਾ ਪਾਇਆ।ਗੁਰਮਤ ਧਾਰਾ ਨਾ ਸਿਰਫ ਵਖ ਵਖ ਕਾਵਿ-ਰੂਪਾਂ,ਕਾਵਿ-ਭੇਦਾਂ,ਛੰਦਾਂ ਅਤੇ ਅਲੰਕਾਰਾਂ ਦੇ ਪੱਖੋਂ ਹੀ ਮਹਾਨ ਹੈ ਸਗੋਂ ਵਿਸ਼ੈ-ਵਸਤੂ ਵਜੋਂ ਵੀ ਇਹ ਬੜੀ ਅਗਾਂਵਧੂ ਹੈ।ਕਵਿਤਾ ਤੇ ਸੰਗੀਤ ਦਾ ਮੇਲ,ਠੇਠ ਪੰਜਾਬੀ ਵਿਚ ਸਾਹਿਤ ਰਚਨਾ,ਕੀਰਤਨ ਵਿਆਖਿਆ ਤੇ ਜਾਪ ਰਾਹੀਂ ਸਾਹਿਤ ਪਰਕਾਰ ਅਤੇ ਸੰਪਾਦਨ ਆਦਿ ਦੇ ਕੰਮ ਇਸ ਧਾਰਾ ਨੂੰ ਹੋਰ ਵੀ ਉਚਾ ਦਰਜਾ ਪਰਦਾਨ ਕਰਦੇ ਹਨ।ਪਰ ਪੰਜਾਬੀ ਬੋਲੀ ਅਤੇ ਸਾਹਿਤ ਦੇ ਵਿਕਾਸ ਦੇ ਪੱਖੋਂ ਗੁਰੂ ਅਰਜਨ ਤੋਂ ਪਿਛੋਂ ਇਹ ਧਾਰਾ ਵੀ ਠੰਡੀ ਪੈ ਜਾਂਦੀ ਹੈ।ਗੁਰੂ ਅਰਜਨ ਤੋਂ ਬਾਦ ਸਿਖ ਲਿਖਾਰੀਆਂ ਨੇ ਵਧੇਰੇ ਕਰਕੇ ਹਿੰਦੀ ਜਾਂ ਬ੍ਰਜੀ ਵਿਚ ਲਿਖਣਾ ਸ਼ੁਰੂ ਕਰ ਦਿਤਾ,'ਪੰਜਾਬੀ ਸਾਹਿਤ ਨੂੰ ਸਿੱਖ ਸੰਸਥਾ ਇਸ ਤਰ੍ਹਾਂ ਸਤਾਰਵੀਂ ਸਦੀ ਦੇ ਮੁਢ ਵਿਚ ਤਕਰੀਬਨ ਢਾਈ ਸੌ ਸਾਲ ਲਈ ਛੱਡ ਦਿੰਦੀ ਹੈ।ਮੇਰੀ ਗਿਆਤ ਵਿਚ ਭਾਈ ਗੁਰਦਾਸ ਦੇ ਦਿਹਾਂਤ 1639 ਤੋਂ ਪਿਛੋਂ ਪੰਜਾਬੀ ਦਾ ਪਹਿਲਾ ਸਿਖ ਸਾਹਿਤਕਾਰ ਭਗਵਾਨ ਸਿੰਘ ਹੈ ਜਿਸਨੇ ਹੀਰ ਦਾ ਕਿੱਸਾ ਲਿਖਿਆ ਜਿਸ ਦੀ ਤਾਰੀਖ 1860 ਦੇ ਕਰੀਬ ਦੀ ਪਰਤੀਤ ਹੁੰਦੀ ਹੈ ।"[4]

ਇਉਂ ਅਸੀਂ ਵੇਖਦੇ ਹਾਂ ਕਿ ਮਧ ਕਾਲੀ ਪੰਜਾਬੀ ਸਾਹਿਤ ਦੀਆਂ ਸ਼ਾਨਦਾਰ ਧਾਰਮਿਕ ਧਾਰਾਵਾਂ ਸਿੰਘ ਸਭਾ ਲਹਿਰ ਦੇ ਤੁਰਤ ਪਹਿਲਾਂ ਦੇ ਸਮੇਂ ਤਕ ਲਗ ਭਗ ਸਮਾਪਤ ਹੋ ਚੁਕੀਆਂ ਸਨ।ਕੁਝ ਇਕ ਵਿਕੋ ਲਿਤਰੇ ਕਵੀ ਨਿਜੀ ਤੌਰ ਤੇ ਚਾਲੂ ਧਾਰਮਿਕ ਵਿਚਾਰਾਂ ਨੂੰ ਲੈ ਕੇ ਜ਼ਰੂਰ ਸਾਹਿਤ ਰਚਨਾ ਕਰਦੇ ਰਹੇ ਪਰ ਇਹ ਕਵੀ ਨਾਂ ਤਾਂ ਕਿਸੇ ਜਥੇਬੰਧਕ ਵਿਚਾਰਧਾਰਾ ਨਾਲ ਬੱਝੇ ਹੋਏ ਸਨ ਅਤੇ ਨਾ ਹੀ ਇਨ੍ਹਾਂ ਕਵੀਆਂ ਪਾਸ ਵਿਚਾਰਾਂ ਦੀ ਡੂੰਘਾਈ ਜਾਂ ਕਾਵਿ ਕਲਪਣਾ ਦੀ

4. ਉਹੀ ਉਕਤ ਨੰਬਰ 2 ਸਫਾ 55 ।

ਉਭਾਰੀ ਸੀ । ਸੋ ਇਨ੍ਹਾਂ ਦੇ ਸਾਹਿਤ ਦਾ ਵਧੇਰੇ ਮੁੱਲ ਨਹੀਂ ਪਾਇਆ ਜਾ ਸਕਦਾ । ਸ.ਸ. ਅਮੋਲ ਨੇ ਅਜਿਹੇ ਕਵੀਆਂ ਵਿਚ ਕਿਸ਼ਨ ਸਿੰਘ ਆਰਫ਼,ਪੀਰ ਬਖਸ਼,ਆਸੀ,ਰਾਮ ਸਿੰਘ,ਸਾਧੂ-ਈਸ਼ਰ ਦਾਸ,ਸੰਤ ਰੈਣ,ਕਾਸ਼ੀ ਰਾਮ,ਦਿਆਲ ਸਿੰਘ,ਗੁਲਜ਼ਾਰ ਸ਼ਾਹ,ਕਰੀਮ ਬਖਸ਼ ਬਦਰ ਆਦਿ ਕਈ ਕਵੀਆਂ ਦੇ ਨਾਂ ਗਿਣਾਏ ਹਨ[5] ।

ਮੱਧ ਕਾਲੀ ਪੰਜਾਬੀ ਸਾਹਿਤ ਵਿਚ ਕਿੱਸਾ-ਕਾਵਿ ਧਾਰਾ ਪ੍ਰਮਾਣੀਕ ਲੀਹਾਂ ਕਾਇਮ ਕਰ ਚੁਕੀ ਸੀ ।ਇਸ ਧਾਰਾ ਦਾ ਮੁੱਢ ਦਮੋਦਰ ਦੀ ਹੀਰ ਨਾਲ ਬੱਝਾ ਸੀ ਅਤੇ ਪੀਲੂ, ਹਾਫ਼ਿਜ਼ ਬਰਖੁਰਦਾਰ ਤੇ ਮੁਕਬਲ ਰਾਹੀਂ ਹੁੰਦੀ ਹੋਈ ਇਹ ਧਾਰਾ ਵਾਰਸ ਦੀ ਹੀਰ ਵਿਚ ਆਪਣੇ ਸਿਖਰ ਤੇ ਪਹੁੰਚ ਗਈ ਸੀ ।ਵਾਰਸ ਤੋਂ ਪਿਛੋਂ ਰਣਜੀਤ ਸਿੰਘ ਕਾਲ ਵਿਚ ਹਾਸ਼ਮ, ਕਾਦਰ ਯਾਰ ਅਤੇ ਅਹਿਮਦ ਯਾਰ ਵਰਗੇ ਆਪਣੇ ਕਾਵਿ-ਕਲਾ ਦੇ ਜੌਹਰ ਦਿਖਾ ਚੁਕੇ ਸਨ।ਪਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਇਹ ਧਾਰਾ ਵੀ ਮਧਮ ਪੈ ਗਈ ਤਾਂ ਵੀ ਇਸ ਕਾਲ ਵਿਚ ਇਹੀ ਧਾਰਾ ਵਿਕਸਿਤ ਹੋਈ ।ਕੁਝ ਇਕ ਕਿੱਸਾ ਕਾਰਾਂ ਨੇ ਪ੍ਰਚਲਿਤ ਕਥਾਵਾਂ ਨੂੰ ਆਪਣੀ ਕਾਵਿ ਕਲਪਣਾ ਨਾਲ ਨਵੇਂ ਰੰਗ ਵਿਚ ਪੇਸ਼ ਕੀਤਾ ਅਤੇ ਕਈਆਂ ਨੇ ਨਵੀਆਂ ਕਹਾਣੀਆਂ ਦੇ ਆਧਾਰ ਤੇ ਕਿੱਸੇ ਲਿਖੇ ।ਇਸ ਕਾਲ ਦਾ ਸਭ ਤੋਂ ਮਸ਼ਹੂਰ ਕਿੱਸਾ ਕਾਰ ਸਈਅਦ ਫਜ਼ਲ ਸ਼ਾਹ ਹੋਇਆ ਜਿਸ ਨੇ ਪੰਜਾਬੀ ਵਿਚ ਸੋਹਣੀ ਮਹੀਂਵਾਲ (1846),ਸੱਸੀ ਪੁੰਨੂੰ (1862), ਹੀਰ ਰਾਂਝਾ (1866) ਲੈਲਾ ਮਜਨੂੰ (1870),ਯੂਸਫ਼ ਜ਼ੁਲੈਖਾਂ (1870) ਆਦਿ ਕਿੱਸੇ ਲਿਖ ਕੇ ਪੰਜਾਬੀ ਕਿਸਾ-ਸਾਹਿਤ ਦੇ ਭੰਡਾਰ ਵਿਚ ਵਾਧਾ ਕੀਤਾ ।ਇਸ ਕਾਲ ਦੇ ਹੋਰ ਕਿੱਸਾ-ਕਾਰਾਂ ਵਿਚ ਮੁਹੰਮਦ ਬੂਟਾ ਗੁਜਰਾਤੀ,ਕ੍ਰਿਸ਼ਨ ਸਿੰਘ ਆਰਫ਼,ਸਈਅਦ ਮੀਰਾਂ ਸ਼ਾਹ,ਸੰਤ ਗੁਪਾਲ ਸਿੰਘ, ਮੌਲਵੀ ਗੁਲਾਮ ਰਸੂਲ ਆਦਿ ਦੇ ਨਾਂ ਆਉਂਦੇ ਹਨ ਜਿਨ੍ਹਾਂ ਨੇ ਪੰਜਾਬ ਦੀਆਂ ਪ੍ਰਚਲਿਤ ਕਹਾਣੀ ਬਾਰੇ ਕਿੱਸੇ ਲਿਖਣ ਤੋਂ ਇਲਾਵਾ ਕਈ ਨਵੀਆਂ ਕਹਾਣੀਆਂ ਤੇ ਵੀ ਹਥ ਅਜ਼ਮਾਇਆ ।ਨਵੀਆਂ ਕਹਾਣੀਆਂ ਵਾਲੇ ਕਿੱਸਿਆਂ ਵਿਚੋਂ ਮੁਹੰਮਦ ਬੂਟਾ ਗੁਜਰਾਤੀ ਦਾ ਚੰਦਰ ਬਦਨ,ਮੀਆਂ ਮੁਹੰਮਦ ਬਖਸ਼ ਦਾ ਸੈਫੁਲ ਮਲੂਕ ਅਤੇ ਅਹਿਮਦ ਯਾਰ ਦਾ ਸ਼ਾਹ ਬਹਿਰਾਮ ਵਧੇਰੇ ਮਸ਼ਹੂਰ ਹੋਏ । ਕਿਉਂਕਿ ਇਹ ਕਿੱਸਾਕਾਰ ਮੁਸਲਮਾਨ ਸਨ ਇਸ ਲਈ ਇਨ੍ਹਾਂ ਦੀ ਬੋਲੀ ਤੇ ਅਰਬੀ ਫ਼ਾਰਸੀ

---

5. ਸ.ਸ. ਅਮੋਲ,ਉਨੀਵੀਂ ਸਦੀ ਦਾ ਸਾਹਿਤ,ਪੰਜਾਬੀ ਸਾਹਿਤ ਦਾ ਇਤਿਹਾਸ(ਭਾਸ਼ਾ-ਵਿਭਾਗ,ਪੰਜਾਬ) ਸਫੇ 105-114 ।

5-



ਦਾ ਅਸਰ ਹੋਣਾ ਸੁਭਾਵਕ ਸੀ ।ਇਨ੍ਹਾਂ ਨੇ ਆਪਣੇ ਕਿੱਸਿਆਂ ਵਿਚ ਅਰਬੀ ਫ਼ਾਰਸੀ ਸ਼ਬਦਾਂ ਦਾ ਤਤਸਮ ਰੂਪ ਵਧੇਰੇ ਕਰਕੇ ਵਰਤਿਆ ਹੈ।ਇਨ੍ਹਾਂ ਵਿਚੋਂ ਸਈਅਦ ਫਜ਼ਲ ਸ਼ਾਹ ਨੂੰ ਡਾਕਟਰ ਮੋਹਨ ਸਿੰਘ ਨੇ ਸਭ ਤੋਂ ਮਹਾਨ ਸ਼ਬਦ ਅਲੰਕਾਰਾਂ ਦੀ ਵਰਤੋਂ ਕਰਨ ਵਾਲਾ ਅਨੁਪ੍ਰਾਸੀ ਕਿਹਾ ਹੈ[6] ।

ਜਿਥੋਂ ਤਕ ਵਾਰਾਂ ਤੇ ਜੰਗਨਾਮਿਆਂ ਦਾ ਸਬੰਧ ਹੈ,ਇਹ ਕਾਲ ਇਸ ਧਾਰਾ ਲਈ ਵੀ ਬਹੁਤਾ ਉਪਜਾਊ ਸਾਬਤ ਨਹੀਂ ਹੋਇਆ ।ਇਸ ਦਾ ਮੁਖ ਕਾਰਨ ਲੋਕ-ਮਨਾਂ ਉਤੇ ਪੰਜਾਬੀ ਰਾਜ ਖੁੱਸ ਜਾਣ ਕਰਕੇ ਛਾਈ ਨਿਰਾਸ਼ਾ ਜਾਪਦਾ ਹੈ ਜਿਸਦਾ ਪਰਛਾਵਾਂ ਸ਼ਾਹ ਮੁਹੰਮਦ ਅਤੇ ਮਟਕ ਦੇ ਰਚੇ ਜੰਗਨਾਮਿਆਂ ਉਤੇ ਵੀ ਪਿਆ ਦਿਸਦਾ ਹੈ ।ਇਹ ਜੰਗਨਾਮੇ ਬੀਰ ਰਸ ਨਾਲੋਂ ਵਧੇਰੇ ਕਰੁਣਾ ਰਸ ਪੈਦਾ ਕਰਦੇ ਹਨ ਜੋ ਲੋਕਾਂ ਦੀ ਹਾਰੂ ਰੁਚੀ ਦਾ ਸਬੂਤ ਹੈ।ਇਨ੍ਹਾਂ ਜੰਗਨਾਮਿਆਂ ਤੋਂ ਬਿਨਾਂ ਇਸ ਕਾਲ ਵਿਚ ਰਚੀ ਗਈ ਪੀਰ ਮੁਹੰਮਦ ਦੀ 'ਚਠਿਆਂ ਦੀ ਵਾਰ',ਖਜ਼ਾਨ ਸਿੰਘ ਦਾ 'ਜੰਗਨਾਮਾ ਦਿਲੀ' ਅਤੇ ਰਾਮ ਸਿੰਘ ਦੀ 'ਅਨੰਦ ਪੁਰ ਦੀ ਵਾਰ' ਵੀ ਮਿਲਦੇ ਹਨ[7] ।

ਇਸ ਕਾਲ ਵਿਚ ਲਿਖੀ ਗਈ ਕਵਿਤਾ ਨੂੰ ਵੇਖ ਅਸੀਂ ਸਹਿਜੇ ਹੀ ਇਸ ਨਤੀਜੇ ਤੇ ਪਹੁੰਚ ਜਾਂਦੇ ਹਾਂ ਕਿ ਸਿੰਘ ਸਭਾ ਦਾ ਸਾਹਿਤਕ ਪਿਛੋਕੜ ਕਵਿਤਾ ਦੇ ਪੱਖੋਂ ਬਹੁਤ ਊਣਾ ਹੈ।ਪੰਜਾਬੀ ਸਾਹਿਤ ਦੀਆਂ ਪ੍ਰਮਾਣੀਕ ਧਾਰਾਵਾਂ ਇਸ ਸਮੇਂ ਤਕ ਆਪਣਾ ਸਮਾਂ ਵਿਹਾ ਚੁਕੀਆਂ ਸਨ।ਅੰਗਰੇਜ਼ ਦੀ ਗੁਲਾਮੀ ਕਾਰਨ ਆਈ ਨਿਰਾਸ਼ਾ ਨੇ ਸਾਹਿਤਕ ਵਿਕਾਸ ਨੂੰ ਰੋਕ ਦਿਤਾ ਸੀ। ਭਾਵੇਂ ਪੰਜਾਬ ਵਿਚ ਨਵੇਂ ਰਾਜਸੀ,ਸਮਾਜਕ ਤੇ ਆਰਥਿਕ ਹਾਲਾਤ ਪੈਦਾ ਹੋ ਰਹੇ ਸਨ ਜਿਨ੍ਹਾਂ ਦਾ ਮੂਲ ਖਾਸਾ ਪੱਛਮ ਦੀ ਬੁਰਜੂਆ ਸਨਅਤੀ ਸਭਿਅਤਾ ਵਾਲਾ ਸੀ[8] । ਤਾਂ ਵੀ ਪੰਜਾਬ ਦੇ ਬੁਧੀ ਜੀਵੀ ਨਾ ਤਾਂ ਇਸ ਨਵੇਂ ਢਾਂਚੇ ਨੂੰ ਸਮਝ ਹੀ ਸਕੇ ਸਨ ਅਤੇ ਨਾ ਹੀ ਇਸ ਢਾਂਚੇ ਵਿਚੋਂ ਨਿਕਲਣ ਵਾਲੇ ਆਜ਼ਾਦੀ ਦੇ ਰਾਹ ਦੀ ਪਛਾਣ ਰਖਦੇ ਸਨ ।ਸੋ ਇਹ ਸਮਾਂ ਨਵੇਂ ਪੰਜਾਬੀ

---

6. ਉਕਤ ਨੰਬਰ 3,ਸਫ਼ਾ 89 ;
7. ਸ਼ਮਸ਼ੇਰ ਸਿੰਘ ਅਸ਼ੋਕ,'ਪ੍ਰਾਚੀਨ ਜੰਗ ਨਾਮੇ ।
8. ਇਸੇ ਸ਼ੋਧ ਪ੍ਰਬੰਧ ਦਾ ਪਹਿਲਾ ਕਾਂਡ ।

ਸਾਹਿਤ ਨੂੰ ਜਨਮ ਦੇਣ ਵਾਲੀਆਂ ਸ਼ਕਤੀਆਂ ਦੇ ਵਿਕਾਸ ਦਾ ਸਮਾਂ ਬਣ ਕੇ ਹੀ ਰਹਿ ਗਿਆ। ਡਾ: ਮੋਹਨ ਸਿੰਘ ਨੇ ਇਨ੍ਹਾਂ ਸ਼ਕਤੀਆਂ ਦੀ ਸ਼੍ਰੇਣੀ-ਵੰਡ ਹੇਠ ਲਿਖੇ ਅਨੁਸਾਰ ਕੀਤੀ ਹੈ :-

1. " ਛਾਪਾ -ਖ਼ਾਨਾ 2- ਅਖ਼ਬਾਰ ਤੇ ਰਸਾਲੇ 3. ਸਟੇਜ (ਲੈਕਚਰਾਂ ਲਈ)4. ਸਰਕਾਰੀ ਤੇ ਹੋਰ ਵਿਦਿਅਕ ਪ੍ਰਬੰਧ 5- ਸਮਾਜਕ,ਅੰਤਰ-ਧਾਰਮਕ ਤੇ ਅੰਤਰ-ਰਾਸ਼ਟ੍ਰੀ ਸੰਪਰਕ 6. ਰਾਜਸੀ ਜਾਗਰਤੀ ਤੇ ਉਨੱਤੀ 7. ਧਾਰਮਕ ਸੁਧਾਰ ਅਤੇ ਬ੍ਰਹਮ ਸਮਾਜ,ਆਰੀਆ ਸਮਾਜ,ਸਿੰਘ ਸਭਾ, ਸਵਾਮੀ ਰਾਮ ਤੀਰਥ ਦਾ ਸਤਿ ਧਰਮ,ਰਾਧਾ ਸਵਾਮੀ ਸਤਸੰਗ,ਈਸਾਈ ਮਿਸ਼ਨਰੀ ਸੁਸਾਇਟੀ ਤੇ ਅਹਿਮਦੀਆਂ ਅੰਜੁਮਨ 8. ਪੰਜਾਬ ਸਰਕਾਰ ਵੱਲੋਂ ਉਰਦੂ ਨੂੰ ਕਚਹਿਰੀਆਂ ਅਤੇ ਸਕੂਲਾਂ ਵਿਚ ਵਿਦਿਆ ਦਾ ਮਾਧਿਅਮ ਬਣਾ ਲੈਣਾ 9. ਪੰਜਾਬ ਵਿਦਿਆ ਵਿਭਾਗ,ਟੈਕਸਟ ਬੁੱਕ ਕਮੇਟੀ ਅਤੇ ਸਾਹਿਤ ਦੀ ਸਰਪਰਸਤੀ ਲਈ ਫੰਡ ਦਾ ਸਥਾਪਤ ਹੋਣਾ 10. ਕਵੀ ਦਰਬਾਰਾਂ ਦੀ ਸੰਸਥਾ 11. ਸਿੱਖ ਰਿਆਸਤਾਂ ਤੇ ਰਈਸਾਂ ਵੱਲੋਂ ਖੁਲ੍ਹੇ ਦਿਲ ਕੁਝ ਵਿਦਵਾਨਾਂ ਅਤੇ ਲੇਖਕਾਂ ਦੀ ਸਰਪਰਸਤੀ 12. ਰੇਡੀਉ [9] ।"

ਉਪਰੋਕਤ ਸ਼ਕਤੀਆਂ ਵਿਚ ਕਈ ਸਿੰਘ ਸਭਾ ਦੇ ਜ਼ਮਾਨੇ ਵਿਚ ਵਧੀਆਂ-ਫੁਲੀਆਂ ਅਤੇ ਪੰਜਾਬੀ ਸਾਹਿੱਤ ਦੇ ਵਿਕਾਸ ਵਿਚ ਸਹਾਇਕ ਸਿੱਧ ਹੋਈਆਂ ।ਪਰ ਕੁਝ ਇਕ ਸ਼ਕਤੀਆਂ ਜਿਹਾ ਕਿ ਛਾਪਾ ਖਾਨਾ ਅਤੇ ਈਸਾਈ ਮਿਸ਼ਨਰੀਆਂ ਵੱਲੋਂ ਆਪਣੇ ਧਰਮ-ਪਰਚਾਰ ਲਈ ਇਸ ਦੀ ਵਰਤੋਂ ਉਨ੍ਹੀਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਹੀ ਅਸਰ ਪਾਉਣ ਲਗ ਪਈਆਂ ਸਨ । ਈਸਾਈ ਮਿਸ਼ਨਰੀਆਂ ਆਪਣੇ ਧਰਮ- ਪਰਚਾਰ ਲਈ ਭਾਰਤੀ ਭਾਸ਼ਾਵਾਂ ਨੂੰ ਆਪਣਾ ਮਾਧਿਅਮ ਬਣਾਉਣਾ ਚਾਹੁੰਦੀਆਂ ਸਨ। ਸੋ ਉਨ੍ਹਾਂ ਨੇ ਭਾਰਤੀ ਭਾਸ਼ਾਵਾਂ ਸਿੱਖਣ ਲਈ ਵਿਆਕਰਣ ਅਤੇ ਕੋਸ਼ ਬਣਾਉਣੇ ਆਰੰਭ ਕੀਤੇ ਅਤੇ ਇਨ੍ਹਾਂ ਭਾਸ਼ਾਵਾਂ ਵਿਚ ਆਪਣੇ ਧਾਰਮਿਕ ਗ੍ਰੰਥਾਂ ਦੇ ਅਨੁਵਾਦ ਛਾਪਣੇ ਸ਼ੁਰੂ ਕਰ ਦਿੱਤੇ । ਪੰਜਾਬੀ ਵਿਚ ਛਪਿਆ ਅਜੇਹਾ ਸਭ ਤੋਂ ਪਹਿਲਾ ਅਨੁਵਾਦ ਈਸਾਈ ਧਰਮ ਦੀ ਪੁਸਤਕ 'ਦੀ ਨਿਯੂ ਟੈਸਟਾਮੈਂਟ' ਦਾ ਮਿਲਦਾ ਹੈ ਜਿਸਦਾ ਨਾਂ 'ਪ੍ਰਮੇਸ਼ੁਰ ਦੇ ਸ਼ੁਭ ਬਚਨ'

---

9. Dr.Mohan Singh, A History of Panjabi Literature,p.79.

ਹੈ। ਇਹ ਅਨੁਵਾਦ 1811 ਈਸਵੀ ਵਿਚ ਸੀਰਾਮਪੁਰ ਤੋਂ ਛਪਿਆ ਜੋ ਕਿ ਈਸਾਈ ਮਿਸ਼ਨਰੀਆਂ ਦਾ ਸਭ ਤੋਂ ਵੱਡਾ ਗੜ੍ਹ ਹੁੰਦਾ ਸੀ। ਇਸ ਤੋਂ ਪਿੱਛੋਂ 1811 ਤੋਂ 1814 ਦੇ ਸਮੇਂ ਵਿਚਕਾਰ ਸੀਰਾਮਪੁਰ ਤੋਂ ਹੀ ਬਾਈਬਲ ਦਾ ਅਨੁਵਾਦ 'ਧਰਮ ਪੋਥੀ' ਦੇ ਨਾਂ ਹੇਠਾਂ 3 ਭਾਗਾਂ ਵਿਚ ਛਪਿਆ ਮਿਲਦਾ ਹੈ। ਇਸ ਤੋਂ ਪਿੱਛੋਂ ਜਦੋਂ ਈਸਾਈ ਮਿਸ਼ਨਰੀਆਂ ਦਾ ਗੜ੍ਹ ਪੰਜਾਬ ਬਣ ਗਿਆ ਤਾਂ ਲੁਧਿਆਣਾ ਮਿਸ਼ਨ ਵਾਲਿਆਂ ਨੇ 'ਚੁਪੱਤ੍ਰੀਆਂ' ਨਾਮਕ ਸੰਗ੍ਰਹਿ ਵੀ ਛਾਪਿਆ ਜੋ ਕਿ ਈਸਾਈ ਧਰਮ ਦੇ ਟ੍ਰੈਕਟਾਂ ਦੇ ਸੰਗ੍ਰਹਿ ਦਾ ਅਨੁਵਾਦ ਸੀ।[10]

ਈਸਾਈ ਮਿਸ਼ਨਰੀਆਂ ਵੱਲੋਂ ਹੀ ਇਸ ਸਮੇਂ ਵਿਚ ਜਾਨ ਬਨੀਅਨ ਦੇ ਨਾਵਲ 'ਪਿਲਗਰਿਮਜ਼ ਪ੍ਰੋਗ੍ਰੈਸ' ਦਾ ਅਨੁਵਾਦ 1859 ਵਿਚ ਛਪਿਆ ਜਿਸਦਾ ਨਾਂ 'ਮਸਹੀ ਮੁਸਾਫਰ-ਦੀ ਜਾਤ੍ਰਾ' ਹੈ। ਡਾ. ਸੁਰਿੰਦਰ ਸਿੰਘ ਦੁਸਾਂਝ ਨੇ ਇਸ ਦੀ ਮਿਤੀ 1889 ਦਿੱਤੀ ਹੈ,[11] ਪਰ ਪ੍ਰੋ: ਢਿੱਲੋਂ ਨੇ ਇਸ ਅਨੁਵਾਦ ਦੇ ਟਾਈਟਲ ਕਵਰ ਉਤੇ ਛਪੀ ਹੇਠ ਲਿਖੀ ਇਬਾਰਤ ਦਾ ਹਵਾਲਾ ਦਿੱਤਾ ਹੈ :-

> ਲੁਦੇਹਾਣੇ ਦੇ ਮਿਸ਼ਨ ਪ੍ਰੈਸ ਵਿਚ ਅਮੇਰਿਕਨ ਟਰਾਕਟ ਸੁਸੈਅਟੀ ਦੇ ਲਈ
> ਪਾਦਰੀ ਰੂਡਾਲਫ ਸਾਹਬ ਦੇ ਜਤਨ ਨਾਲ ਛਾਪੀ ਗਈ।
> ਸੰਬਤ ਯਿਸੂਈ
> 1856"[12]

ਪ੍ਰੋ: ਢਿਲੋਂ ਨੇ ਉਪਰੋਕਤ ਨਾਵਲ ਦੇ ਇਕ ਹੋਰ ਅਨੁਵਾਦ ਦਾ ਹਵਾਲਾ ਵੀ ਦਿੱਤਾ ਹੈ ਜਿਸ ਦੇ ਦੂਜੇ ਭਾਗ ਦੇ ਟਾਈਟਲ ਕਵਰ ਉਤੇ ਹੇਠ ਲਿਖੀ ਇਬਾਰਤ ਛਪੀ ਹੋਈ ਦੱਸੀ ਹੈ :-

> " ਮਸੀਹੀ ਮੁਸਾਫਰ ਦੀ ਜਾਤ੍ਰਾ
> ਇਸ ਜਗਤ ਤੇ ਸੁਰਗ ਰਾਜ ਦੀ ਵੱਲ ਸੁਪਨੇ ਦੇ ਦ੍ਰਿਸ਼ਟਾਂਤ ਅਨੁਸਾਰ।

---

10. ਪ੍ਰੋ: ਭੁਪਿੰਦਰ ਸਿੰਘ ਢਿੱਲੋਂ ਪਿਲਗਰਿਮਜ਼ ਪ੍ਰੋਗ੍ਰੈਸ ਦਾ ਪੰਜਾਬੀ ਅਨੁਵਾਦ ਤੇ ਪਾਦਰੀਆਂ ਦੀ ਪੰਜਾਬੀ।'
11. ਡਾ: ਸੁਰਿੰਦਰ ਸਿੰਘ ਦੁਸਾਂਝ 'ਪੰਜਾਬੀ ਇਤਿਹਾਸਕ ਨਾਵਲ', ਸਫਾ 21 ;
12. ਉਕਤ ਨੰਬਰ 10, ਸਫਾ 4;

ਦੂਜਾ ਭਾਗ

ਇਸ ਭਾਗ ਵਿਚ ਮਸੀਹਣ ਨਾਮੇ ਮਸੀਹੀ ਮੁਸਾਫਰ ਦੀ ਇਸਤਰੀ ਅਤੇ ਉਹਦੇ ਬਾਲਕਾਂ ਦੇ ਜਾਤ੍ਰਾ ਕਰਨ ਅਰ ਉਨ੍ਹਾਂ ਦੀ ਜਾਤ੍ਰਾ ਦੇ ਸੰਕਟ ਅਰ ਭੌਜਲ ਅਤੇ ਸੁਖ ਸਾਂਦ ਨਾਲ ਤੋੜ ਪਹੁੰਚ ਜਾਣ ਦੇ ਹਾਲ ਦਾ ਵਰਨਣ ਹੈ ॥

ਅਮਰੀਕਨ ਮਿਸ਼ਨ ਪ੍ਰੈਸ ਲੁਦੇਹਾਣੇ ਵਿਚ ਮਿਸਟ੍ਰ ਐਮ
ਵਾਇਲੀ ਦੇ ਜਤਨ ਨਾਲ ਛਪੀ ॥ 1892 ।"[13]

ਉਪਰੋਕਤ ਅਨੁਵਾਦਾਂ ਉਤੇ ਕਿਸੇ ਅਨੁਵਾਦਕ ਦਾ ਨਾਂ ਨਹੀਂ ।ਨਾ ਹੀ ਕਿਸੇ ਹੋਰ ਸੋਮੇਂ ਤੋਂ ਅਨੁਵਾਦਕ ਦੇ ਬਾਰੇ ਕੋਈ ਜਾਣਕਾਰੀ ਪ੍ਰਾਪਤ ਹੁੰਦੀ ਹੈ ।ਸੋ ਪ੍ਰੋ: ਢਿੱਲੋਂ ਇਸ ਸਿੱਟੇ ਤੇ ਪਹੁੰਚਦਾ ਹੈ ਕਿ ਉਨ੍ਹਾਂ ਦਿਨਾਂ ਵਿਚ ਅਨੁਵਾਦ ਸਮੂਹਕ ਤੌਰ ਤੇ ਕੀਤੇ ਜਾਂਦੇ ਸਨ।[14] ਪ੍ਰੋ:ਢਿੱਲੋਂ ਨੇ ਆਪਣੇ ਮਤ ਦੀ ਪੁਸ਼ਟੀ ਲਈ ਪੁਸਤਕ ਵਿਚ ਇਕ ਚਿੱਤਰ ਵੀ ਦਿੱਤਾ ਹੈ ਜਿਸ ਵਿਚ ਅੰਗ੍ਰੇਜ਼ ਪਾਦਰੀ ਦੇਸੀ ਪਾਦਰੀ ਅਤੇ ਸਿੱਖ ਵਿਦਵਾਨ, ਸਮੂਹਕ ਤੌਰ ਤੇ ਅੰਗ੍ਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕਰਦੇ ਵਿਖਾਏ ਗਏ ਹਨ ।

ਈਸਾਈ ਪਾਦਰੀਆਂ ਦੇ ਅਸਰ ਹੇਠ ਹੋਏ ਪੰਜਾਂਬੀ ਵਾਰਤਕ ਅਨੁਵਾਦਾਂ ਦੇ ਕੁਝ ਕੁ ਨਮੂਨੇ ਹੇਠ ਦਿਤੇ ਜਾਂਦੇ ਹਨ :-

" 150 ਏਕ ਸਉ ਪੰਜਾਹਵਾਂ ਗੀਤ ਦਾਊਦਦਾ।"
ਦਾਊਦਦਾ ਗੀਤ ।
੧ ਪਹਲਾ ਗੀਤ ।

(ੳ) ਉਹ ਮਨੁਖ ਧੰਨ ਹੈ ਜੋ ਅਧਰਮੀਆ ਦੀ ਸਲਾਹ ਅੰਦਰ ਨਾਹੀ ਜਾਂਦਾ ਹੈ ਅਤੇ ਪਾਪੀਆਂ ਲੋਕਾਦੇ ਰਸਤੇ ਵਿਚ ਨਾਹੀ ਖੜਾ ਹੁੰਦਾ ਹੈ ਅਤੇ ਨਿੰਦਕਾਦੇ ਵਿਛਾਵਣੇ ਉਪਰਿ ਨਾਹੀ

ਬੈਠਦਾ ਹੈ।ਹੋਰਬੀ ਖਿਹੁਹਦੇ ਸਾਸਤ੍ਰ ਵਿਚ ਜਿਸਦਾ ਸੰਤੋਖ ਹੁੰਦਾ ਹੈ ਅਤੇ ਤਿਸਦੇ ਸਾਸਤ੍ਰਨੂੰ ਰਾਤਿ ਦਿਹ ਧਿਆਵੰਦਾ ਹੈ।ਉਹ ਕਿਸੀ ਰੁਖ ਤਰਾਂ ਹੈ ਜੇਹੜਾ ਸਜਲ ਨਦੀਦੇ ਪਾਸ

13 ਉਹੀ ਸਫਾ 5;

14 ਉਹੀ ਸਫਾ 8 ;

ਲਗਾਇਆ ਹੈ ਅਤੇ ਆਪਣੀ ਰੁਤਸਿਰ ਫਲ ਫਲਦਾ ਹੈ ਅਤੇ ਜਿਸਦੇ ਪਤ ਨਾਹੀ ਮੁਰਝਾਵੰਦੇ ਹੈਨ ਸੋਭੀ ਜੋ ਕਰਦਾ ਹੈ ਉਹ ਵਸਨੇਹਾਰਾ ਹੁੰਦਾ ਹੈ ।ਧਰਮੀਆਦਾ ਏਸ ਤਰਾਂ ਹਾਲ ਨਾਹੀ ਹੈ ਹੋਰਕੀ ਉਹ ਵਾਉ ਅੰਦਰ ਉਡਜਾਣੇ ਹਾਰੇ ਭੁਹਦੀ ਤਰਾਂ।ਏਸਤੇ ਅਧਰਮੀ ਵਿਚਾਰ ਵਿਚ ਅਤੇ ਪਾਪੀ ਸਾਧਾਦੀ ਸਭਾ ਅੰਦਰ ਖੜਾ ਹੋਵਣੇ ਨਾਹੀ ਸਕੇਗਾ ।ਕਿਉਕਿ ਇਹੁਹ ਸਾਧਾਦਾ ਰਸਤਾ ਜਾਣਦਾ ਹੈ ਹੋਰ ਕੀ ਅਧਰਮੀਆ ਦਾ ਰਸਤਾ ਨਾਸ ਹੋਵੇਗਾ ।"

(ਬਾਈਬਲ-ਸੀਰਾਮਪੁਰ 1811)"

" ਪਹਲ ਪਰਮੇਸੁਰ ਨੇ ਅਕਾਸ ਅਤੇ ਧਰਤੀ ਰਚੀ ।ਧਰਮੀ ਖਾਲੀ ਅਤੇ ਬੇਕਾਇਮਰੂਪ ਹੈਸੀ ਅਤੇ ਡੂੰਘੇ ਉਪਰਿ ਅੰਧੇਰਾ ਹੈਸੀਅਤੇ ਪਰਮੇਸੁਰ ਦਾ ਆਤਮਾ ਜਲ ਉਤੇ ਹਲਣੇਹਾਰਾ ਹੋਇਆ ।ਉਪਰੰਦ ਪਰਮੇਸਰ ਕੂਇਆ ਜੋ ਚਾਨਣ ਹੋਵੇ ਤਿਸ ਤੇ ਚਾਨਣ ਹੋਇਆ। ਤਦੋਂ ਸੋ ਚਾਨਣ ਜੋ ਹਛਾ ਸੋ ਪਰਮੇਸੁਰ ਡਿਠਾ ।ਉਪਰੰਦ ਪਰਮੇਸੁਰ ਨੇ ਚਾਨਣ ਅਤੇ ਅੰਧੇਰਾ ਅਲਗ ਕੀਤਾ ।ਪਰਮੇਸੁਰ ਨੇ ਚਾਨਣ ਦਾ ਨਾਮ ਦਿਹ ਅਤੇ ਅੰਧੇਰੇ ਦਾ ਨਾਮ ਰਾਤਿ ਧਰਿਆ ਉਪਰੰਦ ਸੰਝਿਆ ਅਤੇ ਝਲਾਂਘਸਾਰ ਪਹਲਾ ਦਿਹ ਹੋਇਆ ।ਅਤੇ ਪਰਮੇਸੁਰ ਬੋਲਿਆ ਜਲ ਜਲ ਵਿਚਲੇ ਥਾਊ ਅੰਦਰ ਅਕਾਸ ਹੋਵੇ ਅਤੇ ਸੋ ਜਲ ਏਸਜ ਲਤੇ ਜੁਦਾ ਕਰੇ ।ਏਸ ਵਾਸਤੇ ਪਰਮੇਸਰਨੇ ਅਕਾਸ ਰਚਿਆ ਅਤੇ ਅਕਾਸਦੇ ਉਪਰਿਲੇ ਜਲਨੂੰ ਨੀਚੇਦੇ ਜਲਤੇ ਜੁਦਾ ਕੀਤਾ ਤਿਸ ਤੇ ਤੈਸੇ ਹੋਇਆ ।ਪਰਮੇਸੁਰ ਨੇ ਅਕਾਸਦਾ ਨਾਮ ਸੁਰਗ ਰਖਿਆ ਸੰਝਿਆ ਅਤੇ ਝਲਾਂਘਸਾਰ ਹੋਵਣੇ ਤੇ ਦੂਜਾ ਦਿਹ ਹੋਇਆ ।ਅਤੇ ਪਰਮੇਸੁਰ ਬੋਲਿਆ ਅਕਾਸਦੇ ਹੇਠਲਾ ਜਲ ਏਕ ਥਾਉ ਏਕਠਾ ਹੋਵੇ ਅਤੇ ਸੁਕੀ ਭੂਮੀ ਪ੍ਰਗਟੇ ਤਿਸਤੇ ਤੈਸੇਹੀ ਹੋਇਆ ।"

(ਧਰਮ ਪੋਥੀ ਏਬਰੀ ਬੋਲੀਤੇ ਤਰਮਾ ਕੀਤਾ-
ਸੀਰਾਮਪੁਰ ਅੰਦਰ ਛਾਪਾ ਹੋਇਆ 1814)

" ਕਰਮਾ ਥੀਂ ਮੁਕਤ ਨਹੀਂ;ਪਰ ਮਨੁਖਾਂ ਨੂੰ ਆਪਣੇ ਪਾਪਾਂ ਤੇ ਲੱਜਿਆਮਾਨ ਹੋਕੇ; ਅਤੇ ਪ੍ਰਭੁ ਈਸਾ ਮਸੀਹ ਦੇ ਪਰਾਹਚਿੱਤਰੂਪ ਮਰਨ ਦੇ ਆਸਰੇ ਕਰਨੇ,ਜੋ ਮੁਕਤ ਹੁੰਦੀ ਹੈ,ਸੋ ਪਾਦਰੀ ਵਿਵਿਸਾਨ ਸਾਹਬ ਨੈ ਅਤੇ ਉਸ ਦੇ ਇੱਕ ਗੁਆਂਡੀ ਨੈ,ਜੋ ਉਸ ਦੇ ਸਰੋਤਿਆਂ ਵਿੱਚੋਂ ਸੀ,ਜਿੱਕੁਰ ਇਸ ਤਾਤਪਰਜ ਪੁਰ ਪਰਸ਼ਨਾਂ ਉੱਤ੍ਰਾਂ ਦੀ ਰੀਤ ਨਾਲ ਗੋਸ਼ਟ ਕੀਤੀ ਹੈ,ਤਿਵੇਂ ਉਸ ਬਿਆਨ ਦੀ ਇਹ ਪੋਥੀ ਰਚੀ ਗਈ ਹੈ।ਉਨ੍ਹਾਂ ਦਾ ਤਿੰਨ ਦਿਨ ਤੀਕੁਰ ਇਸ ਪੁਰ ਸੰਬਾਦ

ਹੁੰਦਾ ਰਿਹਾ ਸੀ;ਤਿਸੀ ਅਨੁਸਾਰ ਇਸ ਦੇ ਤਿੰਨ ਭਾਗ ਕੀਤੇ ਹਨ ॥"

(ਚੁਪੜ੍ਹੀਆਂ ਦੀ ਦੂਜੀ ਪੋਥੀ- 1860)

" ਅਤੇ ਇਹ ਗੱਲ ਸਭ ਲੋਕ ਜਾਣਦੇ ਹਨ,ਜੋ ਉਹ ਬੂਹਾ ਸਾਡੇ ਦੇਸ ਤੇ ਅਜਿਹਾ ਬਹੁਤ ਦੂਰ ਹੈ,ਜੋ ਸਾਡੇ ਗੁਆਂਢੀਆਂ ਵਿੱਚੋਂ ਉਸ ਬੂਹੇ ਦਾ ਰਾਹ ਕੋਈ ਨਹੀਂ ਜਾਣਦਾ;ਸੋ ਜਾਂ ਅਜਿਹੀ ਸੁਹਣੀ ਡੰਡੀ ਸੁਰਗੀ ਨੱਗਰ ਨੂੰ ਲੈ ਜਾਂਦੀ ਹੈ,ਤਾਂ ਉਸ ਦੇ ਵਿਖੇ ਕਿਉਂ ਸੰਸਾ ਕਰਿਯੇ ? ਜਾਂ ਖਿਸੂਈ ਨੇ ਦੇਖਿਆ,ਜੋ ਉਹ ਆਪ ਨੂੰ ਵਡਾ ਗਿਆਨੀ ਸਮਝਦਾ ਹੈ,ਤਾਂ ਹੌਲੀ ਤੇ ਭਰੋਸੇ ਨੂੰ ਕਿਹਾ,ਜੋ ਇਸ ਦੇ ਨਾਲੋਂ ਸੁਦਾਈ ਦਾ ਬੀ ਵਧੀਕ ਭਰੋਸਾ ਹੈ ।ਇਹ ਕਹਿਕੇ ਦੋਨੋਂ ਉਸ ਨੂੰ ਛੱਡਕੇ ਅੱਗੇ ਨੂੰ ਵਧੇ,ਅਤੇ ਆਪਸ ਵਿੱਚ ਧਰਮ ਚਰਚਾ ਕਰਦੇ ਕਰਦੇ ਇੱਕ ਅਜਿਹੀ ਜਾਗਾ ਜਾਂ ਉਪੱੜੇ,ਜਿੱਥੇ ਇਨ੍ਹਾਂ ਦੇ ਰਸਤੇ ਵਿੱਚੋਂ ਇੱਕ ਹੋਰ ਰਾਹ ਫਟਿਆ ਸਾ, ਅਤੇ ਸਿੱਧਾ ਬੀ ਮਲੂਮ ਹੁੰਦਾ ਸਾ; ਸੋ ਓਹ ਖੜੇ ਹੋਕੇ ਸੋਚੱਣ ਲੱਗੇ,ਜੋ ਇਨਾਂ ਦੋਹਾਂ ਵਿੱਚੋਂ ਕਿਹੜਾ ਰਸਤਾ ਠੀਕ ਹੈ ? ਇਤਨੇ ਵਿੱਚ ਇੱਕ ਕਾਲਾ ਆਦਮੀ ਉਨ੍ਹਾਂ ਨੂੰ ਮਿਲਿਆ,ਜਿਸ ਦੇ ਸਰੀਰ ਪੁਰ ਚਿੱਟੀ ਮਹੀਨ ਚੱਦਰ ਸੀ ।ਉਸ ਨੇ ਤਿਨਾਂ ਨੂੰ ਪੁੱਛਿਆ,ਤੁਸੀਂ ਇੱਥੇ ਕੀ ਕਰਦੇ ਹੋ ? ਓਹ ਬੋਲੇ,ਅਸੀਂ ਸੁਰਗੀ ਨੱਗਰ ਨੂੰ ਜਾਂਦੇ ਹਾਂ;ਪਰ ਹੁਣ ਨਹੀਂ ਜਾਣਦੇ,ਜੋ ਇਨਾਂ ਦੋਹਾਂ ਰਾਹਾਂ ਵਿੱਚ ਕਿਹੜਾ ਠੀਕ ਹੈ ।ਕਾਲਾ ਆਦਮੀ ਬੋਲਿਆ,ਤੁਸੀਂ ਮੇਰੇ ਪਿੱਛੇ ਹੋ ਲਓ; ਮੈਂ ਭੀ ਤਾਂ ਉਥੇ ਹੀ ਨੂੰ ਜਾਣਾ ਹੈ ।ਸੋ ਓਹ ਤਿਸ ਦੇ ਮਗਰ ਹੋ ਲਏ । "

(ਮਸੀਹੀ ਮੁਸਾਫਰ ਦੀ ਜਾਤ੍ਰਾ)

ਸਫਾ 128

ਈਸਾਈ ਪਾਦਰੀਆਂ ਦੇ ਕਰਵਾਏ ਉਪਰੋਕਤ ਅਨੁਵਾਦਾਂ ਵਿਚੋਂ ਪਹਿਲਾ ਨਤੀਜਾ ਤਾਂ ਇਹ ਨਿਕਲਦਾ ਹੈ ਕਿ ਇਸ ਸਮੇਂ ਦੀ ਵਾਰਤਕ ਸੰਜੋਗਾਤਮਕਤਾ ਤੋਂ ਵਿਜੋਗਾਤਮਕਤਾ ਵਲ ਵਧ ਰਹੀ ਸੀ ।ਇਹ ਵਿਆਕਰਣ ਦੇ ਅਸੂਲਾਂ ਨੂੰ ਪਹਿਲੇ ਵਾਰਤਕ ਲਿਖਾਰੀਆਂ ਨਾਲੋਂ ਵਧੇਰੇ ਅਪਣਾਉਂਦੀ ਸੀ । ਸੰਸਕ੍ਰਿਤ ਬੋਲੀ ਦਾ ਰੰਗ ਵੀ ਇਸ ਵਿਚ ਘਟ ਵਿਖਾਈ ਦਿੰਦਾ ਹੈ ।ਇਸ ਵਾਰਤਕ ਵਿਚ ਵਿਸਰਾਮ ਚਿੰਨਾਂ ਦੀ ਵਰਤੋਂ ਕਾਰਨ ਵਧੇਰੇ ਸਪਸ਼ਟਤਾ ਆ ਗਈ ਹੈ।ਅਸਲ ਵਿਚ ਇਹ ਵਾਰਤਕ ਪੁਰਾਤਨ ਤੇ ਨਵੀਨ ਵਾਰਤਕ ਦੇ ਵਿਚਕਾਰਲਾ ਪੜਾ ਹੈ ।

ਈਸਾਈ ਮਿਸ਼ਨਰੀਆਂ ਨੇ ਆਪਣੇ ਧਾਰਮਿਕ ਸਾਹਿਤ ਦੇ ਅਨੁਵਾਦ ਦੇਸੀ ਬੋਲੀਆਂ ਵਿਚ ਇਸ ਲਈ ਕਰਨੇ ਸ਼ੁਰੂ ਕੀਤੇ ਸਨ ਕਿ ਉਹ ਆਪਣੇ ਧਰਮ ਦਾ ਰੰਗ ਦੇਸੀ ਲੋਕਾਂ ਉਤੇ ਚੜ੍ਹਾ ਸਕਣ ।ਇਸ ਦਾ ਪ੍ਰਤੀਕਰਮ ਭਾਰਤੀ ਲੋਕਾਂ ਦੇ ਧਾਰਮਿਕ ਆਗੂਆਂ ਉਤੇ ਵੀ ਹੋਇਆ । ਉਨ੍ਹਾਂ ਨੇ ਵੀ ਈਸਾਈ ਮਿਸ਼ਨਰੀਆਂ ਦੀ ਦੇਖਾ ਦੇਖੀ ਆਪਣੇ ਆਪਣੇ ਧਰਮ ਦੇ ਗ੍ਰੰਥਾਂ ਨੂੰ ਪੰਜਾਬੀ ਵਿਚ ਉਲਥਾਉਣਾ ਸ਼ੁਰੂ ਕਰ ਦਿਤਾ । ਫ਼ਕੀਰ ਨੂਰ ਹੁਸੈਨ ਨੇ ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਵਿਚ ਹੋਏ ਸੰਸਕ੍ਰਿਤ ਵਿਚੋਂ ਭਗਵਤ ਗੀਤਾ ਦੇ ਇਕ ਅਨੁਵਾਦ ਦਾ ਅਨੁਵਾਦ ਫਾਰਸੀ ਵਿਚ ਕੀਤਾ ।ਇਸ ਅਨੁਵਾਦ ਵਿਚ ਉਰਦੂ ਮਿਸ਼੍ਰਿਤ ਹਿੰਦੀ ਦਾ ਪ੍ਰਭਾਵ ਪਰਤੱਖ ਨਜ਼ਰ ਆਉਂਦਾ ਹੈ :-

" ਹੇ ਅਰਜਨਿ, ਜੋ ਨਰਿ,ਅਉਲਾਦ ਦਰਿਮਿਆਨ ਧਾਮ ਆਪਿ ਨੇ ਕੇ ਰੀਖਣ ਨਹੀਂ ਵਹ ਪੁਰਖ ਜੀਤੇ ਜੀ ਹੀ ਨਰਕ ਵਿਖੇ ਗਰਿਫਿਤਾਰ ਹੀ ਹੂਆ।[15]" ਉਕਤ ਟੂਕ

ਬ੍ਰਜੀ- ਰੰਗੀ ਪੰਜਾਬੀ ਭਾਸ਼ਾ ਵਿਚ ਭਗਵਤ ਗੀਤਾ ਦਾ ਇਕ ਹੋਰ ਅਨੁਵਾਦ ਵੀ ਮਿਲਦਾ ਹੈ ,ਜਿਹੜਾ ਕਿਸ਼ੋਰਦਾਸ ਨੇ ਕੀਤਾ ਸੀ ।ਭਗਵਤ ਗੀਤਾ ਤੋਂ ਇਲਾਵਾ ਇਸ ਕਾਲ ਵਿਚ ਭਾਈ ਮਹਿਤਾਬ ਸਿੰਘ ਦਾ ਆਈਨਅਕਬਰੀ ਦਾ ਅਨੁਵਾਦ ਵੀ ਮਿਲਦਾ ਹੈ। ਡਾ:ਗੋਪਾਲ ਸਿੰਘ ਦਰਦੀ ਨੇ ਇਸ ਅਨੁਵਾਦ ਵਿਚੋਂ ਹੇਠ ਲਿਖੀ ਟੂਕ ਦਿੱਤੀ ਹੈ :-

" ਖਾਸ ਕਾਰਖਾਨੇ ਵਿਚ ਬੰਦੂਕਾਂ ਜਾਂ ਤਾਂ ਆਪਣੀਆਂ ਬਣਵਾਈਆਂ ਹੁੰਦੀਆਂ ਹਨ ਜਾਂ ਖਰੀਦੀਆਂ ਹੋਈਆਂ ਹੁੰਦੀਆਂ ਹਨ ਜਾਂ ਪੇਸ਼ਕਸ਼ ਯਾਨੇ ਨਜ਼ਰਾਨਾ ਆਈਆਂ ਹੋਈਆਂ ।[16]"

ਉਪਰੋਕਤ ਟੂਕ ਦੀ ਬੋਲੀ ਤੋਂ ਸਾਫ ਪਤਾ ਲਗ ਜਾਂਦਾ ਹੈ ਕਿ ਇਸ ਅਨੁਵਾਦ ਦੀ ਵਾਰਤਕ ਸ਼ੈਲੀ ਆਧੁਨਿਕ ਪੰਜਾਬੀ ਦੀ ਵਾਰਤਕ ਸ਼ੈਲੀ ਦੇ ਕਾਫੀ ਨੇੜੇ ਦੀ ਹੈ ।

---

15. ਸ. ਸ. ਅਮੋਲ, ਪੰਜਾਬੀ ਸਾਹਿਤ ਦਾ ਇਤਿਹਾਸ ( ਭਾਸ਼ਾ ਵਿਭਾਗ ਪੰਜਾਬ)

16. ਉਹੀ

ਉਪਰੋਕਤ ਅਨੁਵਾਦਾਂ ਤੋਂ ਬਿਨਾ ਇਸ ਕਾਲ ਵਿਚ 'ਮਹਾਭਾਰਤ' (ਖਰੜਾ ਨੰ: 1964- ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ) 'ਪਰਥਾਏ ਆਦਿ ਗ੍ਰੰਥ'(ਖਰੜਾ ਨੰ:4250- ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ )'ਪਰਥਾਏ ਸੂਰਜ ਪ੍ਰਕਾਸ਼'(ਪੰਜਾਬ ਪਬਲਿਕ ਲਾਇਬ੍ਰੇਰੀ) 'ਸ਼ਲੋਕ ਸਹਿਸਕ੍ਰਿਤੀ ਟੀਕਾ' (ਖਰੜਾ ਨੰ: ਬ 252 ) ' ਸਾਰਿੰਗਧਾਰ' (ਖਰੜਾ ਨੰ: 4149 - ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ)ਆਦਿ ਵੀ ਮਿਲਦੇ ਹਨ[17] ।

ਉਪਰੋਕਤ ਅਨੁਵਾਦਾਂ ਦੀ ਵਾਰਤਕ ਸ਼ੈਲੀ ਨੂੰ ਵੇਖਿਆਂ ਸਹਿਜੇ ਹੀ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਹਿੰਦੂ ਅਨੁਵਾਦਕਾਂ ਦੀ ਬੋਲੀ ਉਤੇ ਸੰਸਕ੍ਰਿਤ ਦਾ ਅਤੇ ਮੁਸਲਮਾਨ ਅਨੁਵਾਦਕਾਂ ਦੀ ਬੋਲੀ ਉਤੇ ਫਾਰਸੀ-ਉਰਦੂ ਦਾ ਅਸਰ ਸੀ ਪਰ ਈਸਾਈ ਮਿਸ਼ਨਰੀਆਂ ਦੁਆਰਾ ਕਰਵਾਏ ਅਨੁਵਾਦਾਂ ਨਾਲੋਂ ਉਕਤ ਅਨੁਵਾਦਾਂ ਦੀ ਵਾਰਤਕ ਆਧੁਨਿਕ ਸਾਹਿੱਤਿਕ ਸ਼ੈਲੀ ਦੇ ਵਧੇਰੇ ਨੇੜੇ ਸੀ ।

ਇਸ ਕਾਲ ਵਿਚ ਭਾਰਤ ਦੇ ਪੁਰਾਤਨ ਧਾਰਮਿਕ ਗ੍ਰੰਥਾਂ ਦੇ ਅਨੁਵਾਦਾਂ ਤੋਂ ਇਲਾਵਾ ਪੁਰਾਤਨ ਧਾਰਮਿਕ ਗ੍ਰੰਥਾਂ ਦੇ ਆਧਾਰ ਤੇ ਮੌਲਿਕ ਰਚਨਾਵਾਂ ਵੀ ਕੀਤੀਆਂ ਗਈਆਂ ।ਪਰਤਾਪ ਸਿੰਘ ਰਚਿਤ 'ਰਾਧਾ ਗੋਬਿੰਦ ਸੰਗੀਤ' ਗੁਲਾਬ ਦਾਸ ਰਚਿਤ 'ਗੀਤਾ ਸਾਰ',ਅਜੇਹੀਆਂ ਪੁਸਤਕਾਂ ਹੀ ਹਨ ।

ਸਿੰਘ ਸਭਾ ਲਹਿਰ ਦੇ ਜਨਮ ਤੋਂ ਪਹਿਲਾਂ ਪੰਜਾਬੀ ਵਾਰਤਕ ਵਿਚ ਦੋ ਬਿਲਕੁਲ ਨਵੀਆਂ ਧਾਰਾਵਾਂ ਦਾ ਆਰੰਭ ਹੋ ਚੁੱਕਿਆ ਸੀ ।ਇਕ ਧਾਰਾ ਪੰਜਾਬੀ ਭਾਸ਼ਾ ਦੇ ਵਿਸ਼ਲੇਸ਼ਣ ਅਤੇ ਸਿਖਲਾਈ ਲਈ ਵਿਆਕਰਣ ਅਤੇ ਕੋਸ਼ ਲਿਖਣ ਦੀ ਸੀ ਅਤੇ ਦੂਸਰੀ ਇਤਿਹਾਸ ਲਿਖਣ ਦੀ ।ਪੰਜਾਬੀ ਦਾ ਪਹਿਲਾ ਵਿਆਕਰਣ ਡਾ: ਡਬਲਯੂ ਕੇਰੀ ਨੇ ਬਣਾਇਆ ਸੀ ਜੋ 1812 ਵਿਚ ਸੈਰਾਮਪੁਰ ਤੋਂ ਛਪਿਆ । ਭਾਵੇਂ ਇਹ ਵਿਆਕਰਣ ਅੰਗ੍ਰੇਜ਼ੀ ਵਿਚ ਸੀ ਪਰ ਪੰਜਾਬੀ ਭਾਸ਼ਾ ਦੇ ਵਿਆਕਰਣ ਲਿਖਣ ਦੀ ਪਿਰਤ ਇਸੇ ਪੁਸਤਕ ਦੁਆਰਾ ਪਈ ।ਇਸ ਤੋਂ ਪਿੱਛੋਂ ਰੈਵ. ਜੇ. ਨਿਊਟਨ ਨੇ ਪੰਜਾਬੀ ਵਿਆਕਰਣ ਬਣਾਇਆ ।ਜਿਹੜਾ ਲੁਧਿਆਣਾ ਮਿਸ਼ਨ ਵਲੋਂ 1851 ਵਿਚ

---

17. ਉਹੀ ;

ਪ੍ਰਕਾਸ਼ਿਤ ਹੋਇਆ । ਇਸ ਵਿਚ ਪੰਜਾਬੀ ਸ਼ਬਦ ਗੁਰਮੁਖੀ ਵਿਚ ਦਿੱਤੇ ਹੋਏ ਹਨ ।ਇਹ ਵਿਆਕਰਣ ਅੰਗ੍ਰੇਜ਼ੀ ਭਾਸ਼ਾ ਦੇ ਵਿਆਕਰਣ ਦੀ ਪਰਿਪਾਟੀ ਅਨੁਸਾਰ ਲਿਖੇ ਗਏ ਹਨ ਜਿਸ ਕਰਕੇ ਇਨ੍ਹਾਂ ਵਿਆਕਰਣਾਂ ਵਿਚ ਪੰਜਾਬੀ ਬੋਲੀ ਦਾ ਸਮੁੱਚਾ ਰੂਪ ਨਹੀਂ ਉਘੜਦਾ ।ਪਰ ਇਤਿਹਾਸਕ ਤੌਰ ਤੇ ਇਨ੍ਹਾਂ ਦਾ ਬੜਾ ਮਹੱਤਵ ਹੈ ? ਕਿਉਂਕਿ ਇਨ੍ਹਾਂ ਵਿਆਕਰਣਾਂ ਨੇ ਬੋਲੀ ਦੇ ਵਿਗਿਆਨਿਕ ਅਧਿਐਨ ਦੀ ਪਿਰਤ ਪਾਈ ਜਿਹੜੀ ਪਿੱਛੋਂ ਜਾਕੇ ਕਾਫੀ ਵਧੀ ਫੁੱਲੀ ।

ਪੰਜਾਬੀ ਦੇ ਸ਼ਬਦ-ਕੋਸ਼ਾਂ ਦੀ ਲੀਹ ਵੀ ਲੁਧਿਆਣੇ ਦੇ ਈਸਾਈ ਮਿਸ਼ਨਰੀਆਂ ਨੇ ਹੀ ਤੋਰੀ ।ਲੁਧਿਆਣੇ ਵਿਚ 1841 ਨੂੰ ਈਸਾਈ ਮਿਸ਼ਨਰੀਆਂ ਨੇ ਅੰਗ੍ਰੇਜ਼ੀ ਕੋਸ਼ ਬਣਾਉਣ ਸੰਬੰਧੀ ਇਕ ਮਤਾ ਪਾਸ ਕੀਤਾ। ਰੇਵ. ਨਿਊਟਨ ਅਧੀਨ ਪੰਜਾਬੀ ਸ਼ਬਦ ਇਕੱਤਰ ਕੀਤੇ ਜਾਣ ਲੱਗੇ ਅਤੇ 1854 ਈ: ਵਿਚ ਇਹ ਕੋਸ਼ ਛਪ ਕੇ ਤਿਆਰ ਹੋ ਗਿਆ ।" ਇਸ ਵਿਚ ਪੰਜਾਬੀ ਸ਼ਬਦ ਗੁਰਮੁਖੀ ਕ੍ਰਮ ਨਾਲ ਗੁਰਮੁਖੀ ਲਿਪੀ ਵਿਚ ਛਪੇ ਹੋਏ ਹਨ ਕੇਵਲ ੳ,ਅ,ੲ ਦੀ ਥਾਂ ਅ, ੲ,ੳ ਦਾ ਕ੍ਰਮ ਕਰ ਦਿੱਤਾ ਹੈ।ਇਨ੍ਹਾਂ ਸ਼ਬਦਾਂ ਦੀ ਪ੍ਰਤਿ ਲਿਪੀ ਰੋਮਨ ਅੱਖਰਾਂ ਵਿਚ ਵੀ ਦਿੱਤੀ ਹੋਈ ਹੈ ਜਿੱਥੇ ਉਚਾਰਨ-ਬਲ ( Accent ) ਸੰਬੰਧੀ ਵੀ ਸੰਕੇਤ ਕਰ ਦਿੱਤਾ ਗਿਆ ਹੈ।ਦੋ ਪ੍ਰਕਾਰ ਦੇ 'ਲ' ਦਾ ਭੇਦ ਦੱਸਣ ਲਈ ਮੂਰਧਨੀ 'ਲ' ਦੀ ਸੱਜੀ ਲੱਤ ਰਤਾ ਕੁ ਸੱਜੇ ਪਾਸੇ ਨੂੰ ਮੋੜ ਦਿੱਤੀ ਗਈ ਹੈ।ਫੇਰ ਸ਼ਬਦਾਂ ਦੀ ਵਿਆਕਰਣਿਕ ਵਿਸ਼ੇਸ਼ਤਾ ਦਸ ਕੇ ਅੰਗ੍ਰੇਜ਼ੀ ਵਿਚ ਅਰਥ ਦਿਤਾ ਹੈ ।ਅਖੀਰ ਵਿਚ ਸ਼ਬਦ ਦਾ ਰੂਪਾਂਤਰ,ਜੇ ਕੋਈ ਹੋਵੇ,ਦਿੱਤਾ ਹੈ। ਜਿਵੇਂ ' ਨਖਰੱਮਾ' ਦੇ ਅੰਤ ਵਿਚ 'ਨਿਖਰੱਮਾ' ਵੀ ਲਿਖਿਆ ਹੈ ਜਿਸ ਦਾ ਮਤਲਬ ਹੈ ਕਿ ਇਨ੍ਹਾਂ ਦੋਨਾਂ ਸ਼ਬਦਾਂ ਦਾ ਅਰਥ ਇਕੋ ਹੈ ਕੇਵਲ ਰੂਪ ਜਾਂ ਉਚਾਰਣ ਭਿੰਨ ਹੈ ।ਕਈ ਸ਼ਬਦਾਂ ਦੇ ਪਿੱਛੇ ਇਨ੍ਹਾਂ ਨਾਲ ਲੱਗਣ ਵਾਲੀਆਂ ਕ੍ਰਿਆਂ ਵੀ ਦਿੱਤੀਆਂ ਹਨ । ਇਸ ਵਿਚ ਲੁਧਿਆਣੇ ਦੇ ਇਲਾਕੇ ਵਿਚ ਬੋਲੇ ਜਾਣ ਵਾਲੇ ਸ਼ਬਦਾਂ ਦੀ ਪ੍ਰਧਾਨਤਾ ਹੈ[18] ।"

ਇਸ ਕਾਲ ਵਿਚ ਇਕ ਹੋਰ ਪਿਰਤ ਵਾਰਤਕ ਵਿਚ ਇਤਿਹਾਸ ਲਿਖਣ ਦੀ ਪਈ। ਇਤਿਹਾਸ ਹੋ ਚੁੱਕੀਆਂ ਘਟਨਾਵਾਂ ਨੂੰ ਤੱਥਾਂ ਦੇ ਆਧਾਰ ਤੇ ਬਿਆਨ ਕਰਦਾ ਹੈ;ਜਜ਼ਬਾਤ ਵਿਚ

18. ਪੰਜਾਬੀ ਕੋਸ਼ਕਾਰੀ (ਮਹਿਕਮਾ ਪੰਜਾਬੀ ਪਟਿਆਲਾ ) ਸਫਾ 54 ;

ਆ ਕੇ ਲਿਖੀਆਂ ਪਿਛਲੇਰੀਆਂ ਘਟਨਾਵਾਂ ਦਾ ਬਿਆਨ ਇਤਿਹਾਸ ਦਾ ਵਿਸ਼ਾ ਨਹੀਂ ।ਪੰਜਾਬੀ ਵਿਚ ਜਨਮ ਸਾਖੀਆਂ ਦੇ ਰੂਪ ਵਿਚ ਜਾਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਕਾਵਿਕ ਸੱਚ ਦਾ ਵਰਨਣ ਤਾਂ ਮਿਲ ਜਾਂਦਾ ਹੈ ਪਰ ਇਤਿਹਾਸਕ ਤੱਥਾਂ ਦਾ ਨਹੀਂ ।ਸੋ ਪੰਜਾਬੀ ਲਈ ਇਹ ਨਵੀਨ ਸੱਭਿਅਤਾ ਦੀ ਇਕ ਮਹੱਤਵ ਪੂਰਨ ਦੇਣ ਸੀ ।ਇਸ ਪਾਸੇ ਵੱਲ ਭਾਈ ਰਤਨ ਸਿੰਘ ਭੰਗੂ (ਪ੍ਰਾਚੀਨ ਪੰਥ ਪ੍ਰਕਾਸ਼),ਭਾਈ ਸੰਤੋਖ ਸਿੰਘ (ਗੁਰਪਰਤਾਪ ਸੂਰਜ),ਤਾਰਾ ਸਿੰਘ ਨਰੋਤਮ (ਤੀਰਥ ਸੰਗ੍ਰਹਿ),ਗਿਆਨੀ ਗਿਆਨ ਸਿੰਘ (ਪੰਥ ਪ੍ਰਕਾਸ਼) ਆਦਿ ਨੇ ਸ਼ਲਾਘਾ ਯੋਗ ਕੰਮ ਕੀਤਾ ਹੈ ।ਭਾਵੇਂ ਇਨ੍ਹਾਂ ਦੀਆਂ ਲਿਖੀਆਂ ਇਤਿਹਾਸਕ ਪੁਸਤਕਾਂ ਬਹੁਤ ਕਰਕੇ ਬ੍ਰਜੀ ਵਿਚ ਸਨ ਤਾਂ ਵੀ ਇਨ੍ਹਾਂ ਦੁਆਰਾ ਪੰਜਾਬੀਆਂ ਦਾ ਇਤਿਹਾਸ ਲਿਖਣ ਦੀ ਪਿਰਤ ਪਈ ।ਜਿਸ ਉਤੇ ਚਲ ਕੇ ਗਿਆਨੀ ਗਿਆਨ ਸਿੰਘ ਨੇ 'ਤਵਾਰੀਖ ਗੁਰੂ ਖਾਲਸਾ' ਪੰਜ ਭਾਗਾਂ ਵਿਚ ਲਿਖੀ ।ਇਹ ਗ੍ਰੰਥ ਬੜੀ ਡੂੰਘੀ ਵਾਕਫੀਅਤ ਅਤੇ ਅਧਿਐਨ ਦੀ ਮਿਸਾਲ ਹੈ ।ਲੇਖਕ ਦੀ ਬਾਹਰਮੁਖੀ ਇਤਿਹਾਸਕ ਦ੍ਰਿਸ਼ਟੀ ਵੀ ਇਸ ਵਿਚੋਂ ਝਲਕਦੀ ਹੈ ਅਤੇ ਠੇਠ ਪੰਜਾਬੀ ਵਾਰਤਕ ਦੀ ਇਹ ਇਕ ਬਹੁਤ ਵਧੀਆ ਮਿਸਾਲ ਹੈ ।

" ਤਵਾਰੀਖ ਗੁਰੂ ਖਾਲਸਾ' ਤੋਂ ਇਲਾਵਾ ਇਸ ਲੇਖਕ ਦੀ ਸਿਖ ਇਤਿਹਾਸ ਸੰਬੰਧੀ ਕੋਈ 25 ਹੋਰ ਪੁਸਤਕਾਂ ਮਿਲਦੀਆਂ ਹਨ ਜਿਨ੍ਹਾਂ ਵਿਚੋਂ 'ਗੁਰਧਾਮ ਸੰਗ੍ਰਹਿ, ਰਿਪਦੁਮਨ ਪ੍ਰਕਾਸ਼,ਭੁਪਿੰਦਰ ਨੰਦ,ਇਤਿਹਾਸ ਰਿਆਸਤ ਬਾਗੜੀਆਂ ਬਹੁਤ ਪ੍ਰਸਿਧ ਹਨ ।

ਪੰਜਾਬੀ ਵਿਚ ਇਤਿਹਾਸ ਲਿਖਣ ਦੀ ਪਰੰਪਰਾ ਵਿਚ ਸਰਦਾਰ ਅਤਰ ਸਿੰਘ ਭਦੌੜ ਨੇ ਵੀ ਆਪਣਾ ਹਿਸਾ ਪਾਇਆ ਹੈ ।ਉਸਨੇ ਪੰਜਾਬੀ ਵਿਚ ਤਵਾਰੀਖ ਸਿਧੂ ਬੈਰਾੜਾਂ ਤੇ ਖਾਨਦਾਨ ਫੂਲ ਲਿਖੀ ।

ਸਰ ਜਾਨ ਵੁਡ ਦੀ ਸਕੀਮ ਅਨੁਸਾਰ ਜਦੋਂ 1856 ਈ: ਤੋਂ ਬਾਦ ਪੰਜਾਬ ਵਿਚ ਵੀ 'ਵਿਦਿਅਕ ਵਿਭਾਗ' ਕਾਇਮ ਹੋ ਗਿਆ ਤਾਂ ਪੰਜਾਬੀ ਦੀਆਂ ਪਾਠ ਪੁਸਤਕਾਂ ਦੀ ਲੋੜ ਮਹਿਸੂਸ ਹੋਣ ਲੱਗੀ ।ਇਸ ਲੋੜ ਦੀ ਪੂਰਤੀ ਕਰਨ ਵਾਲੇ ਇਸ ਕਾਲ ਦੇ ਦੋ ਲੇਖਕ ਬੜੇ ਪ੍ਰਸਿਧ ਹਨ ।ਪਹਿਲੇ ਲੇਖਕ ਦਾ ਨਾਂ ਬਿਹਾਰੀ ਲਾਲ ਪੁਰੀ ਹੈ ਜਿਸ ਨੇ ਮਾਧੋਪੁਰ ਅਤੇ

ਲਾਹੌਰ ਵਿਚ ਦੋ ਸਕੂਲ ਵੀ ਖੋਲ੍ਹੇ ਸਨ ਜਿਨ੍ਹਾਂ ਵਿਚ ਪੰਜਾਬੀ ਲਾਜ਼ਮੀ ਮਜ਼ਮੂਨ ਦੇ ਤੌਰ ਤੇ ਪੜ੍ਹਾਈ ਜਾਂਦੀ ਸੀ ।ਉਸ ਨੇ ਪੰਜਾਬੀ ਵਿਚ ਕੋਈ ਤੀਹ ਕੁ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚੋਂ ਵਿਦਿਆ ਰਤਨਾਕਰ,ਚਰਿਤਾਵਲੀ,ਅਨੇਕ ਦਰਸ਼ਨ ਪਿੰਗਲ ਮੰਜਰੀ ਅਤੇ ਪੰਜਾਬੀ ਵਿਆਕਰਣ ਵਗੈਰੇ ਪ੍ਰਸਿਧ ਹਨ ।ਪੁਰੀ ਦੀ ਬਹੁਤੀ ਵਾਰਤਕ ਭਾਵੇਂ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਲਈ ਸੀ ਤਾਂ ਵੀ ਇਸ ਵਿਚ ਨਵੀਨ ਵਾਰਤਕ ਦੇ ਕਈ ਲੱਛਣ ਉਘੜਦੇ ਹਨ।ਉਸ ਦੀ ਵਾਰਤਕ ਵਿਚੋਂ ਭਾਵੇਂ ਕਵਿਤਾ ਦੀ ਲੈ ਅਤੇ ਅਨੁਪ੍ਰਾਸ ਮੌਜੂਦ ਹੋਣ ਕਰਕੇ ਪੁਰਾਤਨ ਵਾਰਤਕ ਦੀ ਸ਼ੈਲੀ ਦਾ ਝਾਉਲਾ ਪੈਂਦਾ ਹੈ ਤਾਂ ਵੀ ਨਿਕੇ ਨਿਕੇ ਵਾਕਾਂ ਰਾਹੀਂ ਗੱਲ ਨੂੰ ਸਪਸ਼ਟ ਆਖਣ ਦਾ ਲੱਛਣ ਉਸ ਦੀ ਵਾਰਤਕ ਨੂੰ ਨਵੀਨ ਵਾਰਤਕ ਵਿਚ ਲੈ ਆਉਂਦਾ ਹੈ ।

ਇਸ ਕਾਲ ਦਾ ਦੂਸਰਾ ਲੇਖਕ ਪੰ: ਸ਼ਰਧਾ ਰਾਮ ਫਿਲੌਰੀ ਹੈ ਜਿਸ ਨੇ ਈਸਾਈ ਮਿਸ਼ਨਰੀਆਂ ਦੇ ਆਖਣ ਤੇ ਪੰਜਾਬੀ ਵਿਚ ਦੋ ਪੁਸਤਕਾਂ 'ਸਿਖਾਂ ਦੇ ਰਾਜ ਦੀ ਵਿਥਿਆ' ਅਤੇ 'ਪੰਜਾਬੀ ਬਾਤ ਚੀਤ' ਲਿਖੀਆਂ ।ਇਨ੍ਹਾਂ ਪੁਸਤਕਾਂ ਦੀ ਭਾਸ਼ਾ ਪੇਂਡੂ ਹੈ,ਵਾਕ ਲੰਮੇ ਲੰਮੇ ਹਨ, ਕਈ ਇਤਿਹਾਸਕ ਤੱਥ ਵੀ ਗਲਤ ਹਨ,ਤਾਂ ਵੀ ਇਹ ਪੁਸਤਕਾਂ ਨਵੀਨ ਪੰਜਾਬੀ ਵਾਰਤਕ ਦਾ ਮੁੱਢ ਬੰਨ੍ਹਦੀਆਂ ਹਨ ।

ਉਪਰੋਕਤ ਚਰਚਾ ਵਿਚੋਂ ਇਕ ਸਿੱਟਾ ਤਾਂ ਇਹ ਨਿਕਲਦਾ ਹੈ ਕਿ ਸਿੰਘ ਸਭਾ ਲਹਿਰ ਦੇ ਜਨਮ ਤੋਂ ਤੁਰੰਤ ਪਹਿਲਾਂ ਦੇ ਸਮੇਂ ਵਿਚ ਕਵਿਤਾ ਦਾ ਪਿੜ ਬਹੁਤ ਕਰਕੇ ਸੱਖਣਾ ਹੀ ਰਿਹਾ । ਜਿਹੜੀ ਕਵਿਤਾ ਮਿਲਦੀ ਹੈ ਉਹ ਉਚ ਪਾਏ ਦੀ ਨਹੀਂ ।ਦੂਸਰੇ,ਇਸ ਕਾਲ ਵਿਚ ਪੱਛਮੀ ਸਨਅਤੀ ਸੱਭਿਅਤਾ ਦੇ ਅਸਰਾਂ ਅਧੀਨ ਪੰਜਾਬੀ ਵਾਰਤਕ ਦੇ ਵਿਕਾਸ ਲਈ ਕੁਝ ਇਕ ਅਜਿਹੀਆਂ ਸ਼ਕਤੀਆਂ ਪੈਦਾ ਹੋਈਆਂ ਜਿੰਨ੍ਹਾਂ ਦਾ ਪੂਰਾ ਅਸਰ ਸਿੰਘ ਸਭਾ ਲਹਿਰ ਦੇ ਦਿਨਾਂ ਵਿਚ ਉਘੜਨਾ ਸ਼ੁਰੂ ਹੋਇਆ ।ਤੀਸਰੇ ਇਸ ਕਾਲ ਵਿਚ ਪੁਰਾਤਨ ਪੁਸਤਕਾਂ ਦੇ ਅਨੁਵਾਦ ਕਰਨ ,ਪਾਠ -ਪੁਸਤਕ ਲਿਖਣ,ਇਤਿਹਾਸ ਰਚਣ ਅਤੇ ਵਿਆਕਰਣਿ ਤੇ ਕੋਸ਼ ਬਣਾਉਣ ਦੀਆਂ ਪਿਰਤਾਂ ਪਈਆਂ ।ਇਉਂ ਇਹ ਕਾਲ ਪੰਜਾਬੀ ਵਾਰਤਕ ਦੇ ਵਿਕਾਸ ਦੀ ਆਧਾਰ-ਭੂਮੀ ਬਣਨ ਕਰਕੇ ਮਹੱਤਵਪੂਰਨ ਹੈ ।

ਕਾਂਡ- ਤੀਜਾ

# ਵਾਦ- ਵਿਵਾਦੀ ਸਾਹਿਤ

- ਹਿੰਦੂ ਸਿਖ ਸੰਬੰਧ
- ਸਿਖ -ਹਿੰਦੂ ਵਾਦ-ਵਿਵਾਦੀ ਸਾਹਿਤ
- ਸਿਖ ਮੁਸਲਮਾਨ ਵਾਦ-ਵਿਵਾਦੀ ਸਾਹਿਤ
- ਸਿਖ ਈਸਾਈ ਵਾਦ-ਵਿਵਾਦੀ ਸਾਹਿਤ
- ਬ੍ਰਹਮੋ ਸਮਾਜ/ਦੇਵ ਸਮਾਜ ਸਿਖ- ਵਾਦ -ਵਿਵਾਦੀ ਸਾਹਿਤ
- ਸਨਾਤਨੀ ਸਿਖ -ਤੱਤ- ਖਾਲਸਾ - ਵਾਦ ਵਿਵਾਦੀ ਸਾਹਿਤ

ਕਾਂਡ ਤੀਜਾ

## ਵਾਦ-ਵਿਵਾਦੀ ਸਾਹਿਤ

### ਹਿੰਦੂ- ਸਿੱਖ- ਸੰਬੰਧ

" ਜਦੋਂ ਕੋਈ ਬਦੇਸ਼ੀ ਹਕੂਮਤ ਮੁਲਕ ਉਤੇ ਕਬਜ਼ਾ ਹਾਸਲੀ ਕਰਦੀ ਹੈ ਤਾਂ ਉਸ ਤੋਂ ਇਸੇ ਗੱਲ ਦੀ ਆਸ ਕੀਤੀ ਜਾ ਸਕਦੀ ਹੈ ਕਿ ਉਹ ਤੰਦੂਏ ਵਾਂਗ ਮੁਲਕ ਦੀ ਲਗ ਭਗ ਹਰ ਸੰਸਥਾ,ਆਰਥਕ ਵਿਦਿਅਕ ਜਾਂ ਧਾਰਮਿਕ ਵੀ ਆਪਣੀ ਜਕੜ ਵਿਚ ਲੈ ਆਵੇਗੀ।[1] " ਇਸੇ ਨੀਤੀ ਅਧੀਨ ਅੰਗਰੇਜ਼ ਨੇ ੮ ਦਾ ਬੂਹਾ ਲੰਘਦਿਆਂ ਹੀ ਸਿੱਖ ਮੱਤ ਦੇ ਕੇਂਦਰ ਦਰਬਾਰ ਸਾਹਿਬ,ਅੰਮ੍ਰਿਤਸਰ ਉਤੇ ਅਸਿੱਧੇ ਢੰਗ ਨਾਲ ਕਬਜ਼ਾ ਜਮਾ ਲਿਆ।ਸਰਕਾਰ ਦਾ ਬਣਾਇਆ ਹੋਇਆ ਸਰਬਰਾਹ ਕੋਈ ਵੀ ਗੱਲ ਸਰਕਾਰ ਨੂੰ ਪੁਛੇ ਬਿ ਨਹੀਂ ਸੀ ਕਰ ਸਕਦਾ ।ਧਾਰਮਿਕ ਅਸਥਾਨਾਂ ਦੇ ਨਾਂ ਲੱਗੀਆਂ ਜਾਇਦਾਦਾਂ ਪੁਜਾਰੀਆਂ ਦੀ ਨਿੱਜੀ ਜਾਇਦਾਦ ਬਣ ਗਈਆਂ ਸਨ।ਇਨ੍ਹਾਂ ਜਾਇਦਾਦਾਂ ਤੇ ਚੜ੍ਹਾਵੇ ਦੇ ਸਿਰ ਤੇ ਉਹ ਹਰ ਤਰ੍ਹਾਂ ਨਾਲ ਐਸ਼ ਿ ਦੀ ਜ਼ਿੰਦਗੀ ਜੀਉਂਦੇ ਸਨ ਤੇ ਗੁਰਦਵਾਰਿਆਂ ਵਿਚ ਆਪਣੀਆਂ ਮਨ ਆਈਆਂ ਕਰਦੇ ਸਨ।ਪਰ ਕਿਉਂਕਿ ਉਹ ਅੰਗਰੇਜ਼ ਸਰਕਾਰ ਦੀ ਹਰ ਸਮੇਂ ਸੇਵਾ ਤੇ ਵਫਾਦਾਰੀ ਕਰਦੇ ਸਨ,ਇਸ ਲਈ ਸਰਕਾਰ ਉਨ੍ਹਾਂ ਵਲ ਨਿਕਲਸਨ ਵਾਲੀ ਕਾਣੀ ਅੱਖ ਕਰ ਛਡਦੀ ਸੀ ।ਕਰਦੀ ਵੀ ਕਿਉਂ ਨਾ?ਇਥੋਂ ਹੀ ਅੰਗਰੇਜ਼ੀ ਰਾਜ ਦੇ ਜੁੱਗੋ ਜੁੱਗ ਅੱਟਲ ਰਹਿਣ ਤੇ ਲੜਾਈਆਂ ਵਿਚ ਜਿੱਤਾਂ ਪਰਾਪਤ ਕਰਨ ਲਈ ਅਰਦਾਸੇ ਹੁੰਦੇ,ਇਥੋ ਹੀ ਸਿੰਘ ਸਭੀਆਂ ਨੂੰ ਛੇਕਣ ਦੇ ਹੁਕਮਨਾਮੇ ਨਿਕਲਦੇ,ਇਥੋਂ ਹੀ ਸਿੱਖ ਧਰਮ ਨੂੰ ਮਿਲਗੋਭਾ ਬਣਾਈ ਰਖਣ ਲਈ ਰਹੁਰੀਤਾਂ ਜਾਰੀ ਕੀਤੀਆਂ ਜਾਂਦੀਆਂ,ਇਥੋਂ ਹੀ ਗਦਰ ਪਾਰਟੀ ਦੇ ਬਹਾਦਰ ਦੇਸ਼ ਭਗਤਾਂ ਨੂੰ ਕੁਰਹਿਤੀਏ ਤੇ ਅਸਿੱਖ ਕਹਿਕੇ ਲੋਕਾਂ ਨਾਲੋਂ ਤੋੜਨ ਤੇ ਯਤਨ ਕੀਤੇ ਜਾਂਦੇ ਤੇ ਇਥੇ ਹੀ ਜਨਰਲ ਡਾਇਰ ਜਹੇ ਖੂੰਖਾਰ ਵਹਿਸ਼ੀ ਨੂੰ 'ਸਿੱਖ ਬਣਾਣ ਦਾ ਹਾਸੋਹੀਣਾ ਨਾਟਕ ਰਚਿਆ ~~ਕੀਤਾ~~ ਜਾਂਦਾ ।

ਵੈਸੇ ਕਹਿਣ ਨੂੰ ਤਾਂ ਅੰਗਰੇਜ਼ੀ ਸਰਕਾਰ ਕਿਸੇ ਦੇ ਧਰਮ ਵਿਚ ਦਖਲ ਨਹੀਂ ਸੀ ਦਿੰਦੀ,ਪਰ ਅਮਲ ਵਿਚ ਉਹ ਨਾ ਸਿਰਫ ਧਰਮ ਅਸਥਾਨਾਂ ਨੂੰ ਆਪਣੇ ਅਧਿਕਾਰ ਹੇਠ ਲਿਆ ਕੇ ਆਪਣੇ ਮੁਫਾਦ ਵਰਤਦੀ ਸੀ ਸਗੋਂ ਸਿੱਖਾਂ ਦੀਆਂ ਧਾਰਮਿਕ,ਪੁਸਤਕਾਂ ਦੇ ਅਜਿਹੇ ਅਰਥ ਤੇ ਵਿਆਖਿਆ ਕਰਾਂਦੀ ਅਤੇ ਇਤਿਹਾਸ ਨੂੰ ਅਜਿਹਾ ਤੋੜ ਮਰੋੜ ਕੇ ਪੇਸ਼ ਕਰਾਂਦੀ ਕਿ ਸਿੱਖ ਧਰਮ ਸਵੈ- ਵਿਰੋਧਤਾਵਾਂ ਦਾ ਇਕ ਦਾਰ ਝਮੇਲਾ ਜਿਹਾ ਬਣ ਕੇ ਰਹਿ ਜਾਏ।ਅੰਗਰੇਜ਼ ਸਰਕਾਰ ਇਕ ਪਾਸੇ ਤਾਂ ਉਹ ਸਿੱਖ ਧਰਮ ਨੂੰ ਸਨਾਤ ਹਿੰਦੂ ਅਸਰਾਂ ਹੇਠੋਂ ਕਢਣਾ ਚਾਹੁੰਦੀ ਸੀ ਤਾਂ ਜੋ ਸਿੱਖ ਅਸਲੀ ਅਰਥਾਂ ਵਿਚ ਸਿੱਖ ਬਣਿਆ ਆਪਣੀ ਸਪਿਰਟ ਨੂੰ ਕਾਇਮ ਰਖਦਿਆਂ ਉਹਦੇ ਲਈ ਜੰਗ ਦਾ ਹਥਿਆਰ ਬਣਿਆ ਰਹੇ।ਤੇ ਦੂਜੇ ਪਾਸੇ ਉਹ ਪੁਜਾਰੀਆਂ ਦੀ ਪਿੱਠ ਠੋਕਦੀ ਸੀ ਜਿਹੜੇ ਸਨਾਤਨੀ ਰਸਮਾਂ ਨੂੰ ਜਾਰੀ ਰਖ ਰਹੇ ਸਨ।ਇਕ ਪਾਸੇ ਤਾਂ ਉ ਸਿਖ ਧਰਮ ਚੋਂ ਕੁਰਹਿਤਾਂ ਦੂਰ ਕਰਨ ਤੇ ਇਹਨੂੰ ਖਾਲਸ ਧਰਮ ਬਣਾਉਣ ਵਾਲੀ ਸਿੰਘ ਸਭਾ ਦੀ ਪਿੱਠ ਸੀ ਤੇ ਦੂਜੇ ਪਾਸੇ ਪੁਜਾਰੀਆਂ ਤੋਂ ਉਨ੍ਹਾਂ ਦੀ ਮੁਖਾਲਫਤ ਕਰਾਂਦੀ ਸੀ । ਅਸਲ ਵਿਚ ਅਜਿਹਾ ਕਰਨਾ ਉਹਦੀ

1. History of the Indian National Congress,Vol.I,pp.262-63.

ਪਾੜੋ ਤੇ ਰਾਜ ਕਰੋ ਦੀ ਨੀਤੀ ਦਾ ਇਕ ਅੰਗ ਹੀ ਸੀ ।ਅੰਗਰੇਜ਼ੀ ਸਰਕਾਰ ਜੇ ਕਰ ਸਿੱਖਾਂ ਨੂੰ ਅੰਮ੍ਰਿਤ-ਧਾਰੀ ਸਿੱਖਾਂ ਦੇ ਰੂਪ ਵਿਚ ਵੇਖਣਾ ਚਾਹੁੰਦੀ ਸੀ ਤਾਂ ਬਹੁਤਾ ਕਰਕੇ ਉਨ੍ਹਾਂ ਸਿੱਖਾਂ ਨੂੰ ਜਿਹੜੇ ਕਿ ਫੌਜ ਵਿਚ ਨੌਕਰ ਹਨ ਤੇ ਉਹ ਵੀ ਉਸ ਹੱਦ ਤਕ ਜਿਥੋਂ ਤਕ ਉਹ ਅੰਗਰੇਜ਼ੀ ਹਾਕਮ ਨੂੰ 'ਟੋਪੀ ਵਾਲਾ ਸਿੱਖ' ਸਮਝਣ, ਅੰਗਰੇਜ਼ੀ ਰਾਜ ਨੂੰ ਗੁਰੂ ਸਾਹਿਬਾਨ ਦੀ ਭਵਿਖ ਬਾਣੀ ਅਨੁਸਾਰ ਕਾਇਮ ਹੋਇਆ ਜਾਣਨ,ਤੇ ਉਹਦੇ ਲਈ ਲੜ ਮਰਨ ਨੂੰ ਧਰਮ ਲਈ ਸ਼ਹੀਦ ਹੋਇਆ ਮੰਨਣ ।

1857 ਦੇ ਗ਼ਦਰ ਨੇ ਇਹ ਦਸ ਦਿਤਾ ਸੀ ਕਿ ਹਿੰਦੁਸਤਾਨ ਦੇ ਲੋਕ ਕਿਸ ਤਰ੍ਹਾਂ ਧਰਮ ਦੇ ਨਾਂ ਤੇ ਭੜਕਾਏ ਜਾ ਸਕਦੇ ਹਨ।ਇਸ ਲਈ ਇਸ ਤੋਂ ਪਿਛੋਂ ਅੰਗਰੇਜ਼ ਸਰਕਾਰ ਨੇ ਧਰਮ ਦੇ ਹਥਿਆਰ ਨੂੰ ਆਪਣੇ ਲਈ ਤੇ ਹਿੰਦੁਸਤਾਨੀਆਂ ਨੂੰ ਪਾੜਨ ਲਈ ਬੜੀ ਫੁਰਤੀ ਤੇ ਸਿਆਣਪ ਨਾਲ ਵਰਤਿਆ ।ਸਾਰੇ ਹਿੰਦੁਸਤਾਨ ਨੂੰ ਫਿਰਕੂ ਝਗੜਿਆਂ ਤੇ ਫਸਾਦਾਂ ਦਾ ਅਜਿਹਾ ਅਖਾੜਾ ਬਣਾਇਆ ,ਕਿ ਦੇਸ਼ ਦੀ ਵੰਡ ਕਰਨ ਤੋਂ ਪਿਛੋਂ ਵੀ ਅਜੇ ਤਕ ਇਹਦਾ ਅਸਰ ਕਾਇਮ ਹੈ ।ਹੋਰਨਾਂ ਸੂਬਿਆਂ ਵਿਚ ਤਾਂ ਹਿੰਦੂ ਮੁਸਲਮਾਨ ਦੋ ਫਿਰਕੂ ਪਾਰਟੀਆਂ ਦੇ ਰੂਪ ਵਿਚ ਹੀ ਇਕ ਦੂਜੇ ਦੇ ਟਾਕਰੇ ਤੇ ਆਏ ਪਰ ਪੰਜਾਬ ਵਿਚ ਹਿੰਦੂ-ਸਿੱਖ, ਹਿੰਦੂ- ਮੁਸਲਮਾਨ,ਹਿੰਦੂ-ਆਰੀਏ,ਹਿੰਦੂ-ਅਹਿਮਦੀਏ,ਸਿਖ-ਮੁਸਲਮਾਨ,ਸਿੱਖ-ਅਹਿਮਦੀਏ,ਸਿੱਖ-ਆਰੀਏ,ਨਵੇਂ ਸਿੱਖ- ਸਨਾਤਨੀ ਸਿੱਖ ਇਕ ਦੂਜੇ ਨਾਲ ਜ਼ੁਬਾਨ,ਕਲਮ ਤੇ ਹਥਿਆਰਾਂ ਦੀ ਲੜਾਈ ਵਿਚ ਅਜਿਹੇ ਗੁਥੱਮ ਗੁੱਥਾ ਹੋਏ ਕਿ ਮਹਾਰਾਜਾ ਰਣਜੀਤ ਸਿੰਘ ਵਾਲੇ ਸੁਖੀ ਵਸਦੇ ਪੰਜਾਬ ਵਿਚ ਫਿਰਕੂ ਭਾਂਬੜ ਬਲਣ ਲਗ ਪਏ । ਇਹੀ ਸਰਕਾਰ ਚਾਹੁੰਦੀ ਸੀ,ਨੌਕਰੀਆਂ ਦੀ ਬਾਂਦਰ-ਬਾਂਟ,ਨੌਕਰੀਆਂ ਨਾਲ ਸਰਕਾਰੇ ਜ਼ਿਆਦਾ ਪੁਛ ਹੋਣ ਅਤੇ ਇਸ ਨੂੰ ਆਪਣੀ ਤੇ ਆਪਣੇ ਫਿਰਕੇ ਦੇ ਲੋਕਾਂ ਦੀ ਤਰੱਕੀ ਲਈ ਵਰਤਣ ਦੀ ਸੋਚਾਈ ਨੇ ਇਸ ਦੁਫੇੜ ਨੂੰ ਹੋਰ ਵੀ ਹਵਾ ਦਿਤੀ । ਅਸਲ ਵਿਚ ਇਹ ਵਿਕਾਸ ਕਰ ਰਹੀ ਬੁਰਜੂਆਜ਼ੀ ਦੀ ਦੌਲਤ ਜਮ੍ਹਾਂ ਕਰਨ ਤੇ ਚੌਧਰ ਲਈ ਆਪਸੀ ਲੜਾਈ ਸੀ ਜਿਸ ਨੂੰ ਆਪਣੇ ਫਿਰਕੇ ਦੀ ਕਾਇਮੀ ਤੇ ਵਾਧੇ ਦੇ ਨਾਂ ਤੇ ਲੜ ਰਹੀ ਸੀ । ਬੁਰਜੂਆਜ਼ੀ ਦਾ ਆਪਸ ਵਿਚ ਇਸ ਤਰ੍ਹਾਂ ਲੜਨਾ ਅੰਗਰੇਜ਼ ਦੇ ਹਿੱਤ ਵਿਚ ਜਾਂਦਾ ਸੀ।ਇਸ ਲਈ ਉਹ ਇਸ ਨੂੰ ਜਾਰੀ ਰਖਣ ਦੀ ਹਰ ਸੰਭਵ ਕੋਸ਼ਿਸ਼ ਕਰਦਾ ਰਹਿੰਦਾ ਸੀ ।ਸਿੰਘ ਸਭਾ ਦਾ ਪੈਦਾ ਹੋਣਾ,ਇਸ ਦਾ ਲਹਿਰ ਦਾ ਰੂਪ ਧਾਰਨਾ,ਇਸ ਦਾ ਦੀਵਾਨਾਂ ਵਿਚ ਵੰਡਿਆ ਜਾਣਾ,ਚੀਫ਼ - ਖਾਲਸਾ ਦੀਵਾਨ ਦਾ ਬਣਨਾ ਤੇ ਇਸਦਾ ਕੌਮੀ ਲਹਿਰਾਂ ਦਾ ਵਿਰੋਧ ਕਰਨਾ ਅੰਗਰੇਜ਼ ਦੀ ਖੁਸ਼ੀ ਸੀ ।

ਜਦੋਂ 1873 ਵਿਚ ਸਿੰਘ ਸਭਾ,ਅੰਮ੍ਰਿਤਸਰ ਬਣੀ ਤਾਂ ਹਿੰਦੂਆਂ ਸਿਖਾਂ ਦੇ ਆਪਸੀ ਸਬੰਧ ਬੜੇ ਖੁਸ਼ਗਵਾਰ ਸਨ।ਸਿੱਖ ਆਪਣੇ ਧਰਮ ਵਿਚ ਕੁਰੀਤੀਆਂ ਕਢਣ ਤੇ ਜ਼ੋਰ ਤਾਂ ਲਾਂਦੇ ਸਨ ਪਰ ਦੂਜੇ ਧਰਮਾਂ, ਖਾਸ ਕਰਕੇ ਹਿੰਦੂ ਧਰਮ,ਬਾਰੇ ਕੋਈ ਬੁਰੀ ਗੱਲ ਨਹੀਂ ਸਨ ਕਹਿੰਦੇ ।ਇਸੇ ਤਰ੍ਹਾਂ ਹਿੰਦੂ ਵੀ ਸਿੱਖ ਧਰਮ ਤੇ ਸਿੱਖ ਗੁਰੂਆਂ ਬਾਰੇ ਕੋਈ ਭੈੜੀ ਰਾਇ ਨਹੀਂ ਸਨ ਰਖਦੇ ।ਜੇ ਉਹ ਸਿੱਖਾਂ ਨੂੰ ਹਿੰਦੂ ਦਾਇਰੇ ਵਿਚ ਰਖਣ ਦੀ ਕੋਸ਼ਿਸ਼ ਕਰਦੇ ਸਨ ਤਾਂ ਇਹ ਕਹਿਕੇ ਹੀ ਅਜਿਹਾ ਕਰਦੇ ਸਨ ਕਿ ਸਿੱਖ ਹਿੰਦੂ ਧਰਮ ਦੀ

ਰਾਖੀ ਕਰਨ ਲਈ ਹਿੰਦੂਆਂ ਵਿਚੋਂ ਪੈਦਾ ਹੋਈ ਹੀ ਇਕ ਲੜਾਕੂ ਫੌਜ ਹੈ ।

" ਰਵਾਇਤੀ ਤੌਰ ਤੇ ਪੰਜਾਬ ਦੇ ਹਿੰਦੂ ਤੇ ਸਿੱਖ ਆਪਸ ਵਿਚ ਹਰ ਪੱਧਰ ਤੇ ਅੰਤਰ-ਸੰਬੰਧਿਤ ਹਨ ।ਇਸਲਾਮ ਦੇ ਭਾਰੀ ਅਸਰ ਹੇਠ,ਸਿੱਖ ਧਰਮ ਦਾ ਮੁਗਲ ਜ਼ੁਲਮਾਂ ਵਿਰੁਧ ਖ਼ੂਨੀ ਘੋਲ ਦੇ ਵਿਰਸੇ ਨੇ ਸਿੱਖਾਂ ਦੇ ਮਜਬੂਰਨ ਸੰਬੰਧ ਹਿੰਦੂਆਂ ਨਾਲ ਪੱਕੇ ਰਖੇ ।ਭੂਗੋਲਕ ਦਸ਼ਾ ਵਿਚ ਹਿੰਦੂ ਤੇ ਸਿੱਖ ਪੰਜਾਬ ਦੇ ਕੇਂਦਰੀ ਤੇ ਪੂਰਬੀ ਹਿੱਸੇ ਵਿਚ ਵਸ ਰਹੇ ਸਨ। ਸੰ. 1891 ਈਸਵੀ ਵਿਚ ਇਹ ਪੰਜਾਬ ਦੀ ਅੱਧੀ ਵਸੋਂ ਬਣਦੀ ਹੈ ,30% ਹਿੰਦੂ ਤੇ 20% ਸਿੱਖ ।ਆਪਸੀ ਰਿਸ਼ਤੇਦਾਰੀਆਂ ਨੇ ਇਹਨਾਂ ਦੋਨੋਂ ਫਿਰਕਿਆਂ ਨੂੰ ਜ਼ਾਤ ਜਾਂ ਟੱਬਰ ਦੇ ਭਾਵਾਂ ਰਾਹੀਂ ਜੋੜੀ ਰਖਿਆ ।ਪ੍ਰਕਾਸ਼ ਟੰਡਨ,ਇਕ ਹਿੰਦੂ ਖਿਡਾਰੀ ਨੇ ਆਪਣੀ ਖਾਨਦਾਨੀ ਤਾਰੀਖ ਯਾਦ ਕਰਦਿਆਂ ਲਿਖਿਆ ਹੈ," ਸਾਡੀ ਤੇ ਸਿੱਖਾਂ ਦੀ ਇਕੋ ਜ਼ਾਤ ਤੇ ਰਸਮਾਂ ਹਨ। ਅਸੀਂ ਇਕੋ ਬਰਾਦਰੀ ਦੇ ਅੰਗ ਹਾਂ ।ਅਸੀਂ ਪਿੰਡਾਂ ਵਿਚ ਇਕੱਠੇ ਰਹੇ ਹਾਂ ਅਤੇ ਉਹੀ ਤਿਉਹਾਰ ਮਨਾਉਂਦੇ ਆਏ ਹਾਂ ।ਅਸਲ ਵਿਚ ਅਸੀਂ ਤੇ ਸਿੱਖ ਇਕੋ ਅੰਸ਼ ਵਿਚੋਂ ਨਿਕਲੇ ਹਾਂ ।ਬਹੁਤ ਹਿੰਦੂਆਂ ਦੇ ਸਿੱਖ ਰਿਸ਼ਤੇਦਾਰ ਹਨ।ਆਪਸੀ ਸ਼ਾਦੀਆਂ ਆਮ ਸਨ ।ਸਾਡੇ ਆਪਣੇ ਟੱਬਰ ਵਿਚ ਮੇਰੇ ਵੱਡੇ ਭਾਈ ਨੇ ਉਸ ਲੜਕੀ ਨਾਲ ਵਿਆਹ ਕਰਾਇਆ ਜਿਸ ਦਾ ਪਿਉ ਸਿੱਖ ਸੀ ਪਰ ਮਾਂ ਹਿੰਦੂ '। ਸਿੱਖ ਧਾਰਮਿਕ ਅਸਥਾਨਾਂ ਵਿਚ ਹਿੰਦੂ ਪੁਜਾਰੀ ਰਸਮਾਂ ਕਰਦੇ ਸਨ ।ਦੋਨੋਂ ਹਿੰਦੂ ਤੇ ਸਿੱਖ ਕਈ ਤਿਉਹਾਰ ਮਨਾਉਂਦੇ ਅਤੇ ਉਨ੍ਹਾਂ ਹੀ ਗੁਰੂਆਂ ਤੇ ਆਗੂਆਂ ਦਾ ਸਤਿਕਾਰ ਕਰਦੇ ਸਨ ਅਤੇ ਇਤਿਹਾਸਕ ਸੂਰਬੀਰਾਂ ਵਿਚ ਸਾਂਝ ਰਖਦੇ ਸਨ।ਸਿਧਾਂਤਕ ਤੌਰ ਤੇ ਅੱਡ ਅੱਡ ਧਰਮ ਹੁੰਦਿਆਂ ਹੋਇਆਂ ਹਿੰਦੂ ਤੇ ਸਿੱਖ ਫਿਰਕੇ ਇਕ ਦੂਜੇ ਵਿਚ ਘੁਲੇ ਮਿਲੇ ਸਨ ਅਤੇ ਇਨ੍ਹਾਂ ਵਿਚ ਕੋਈ ਹਦਬੰਦੀ ਨਹੀਂ ਨਿਖਰ ਸਕਦੀ ਸੀ[2] ।" ਪਰ ਹਿੰਦੂਆਂ ਸਿੱਖਾਂ ਦਾ ਅਜਿਹਾ ਮਿਲਾਪ ਅੰਗਰੇਜ਼ ਨੂੰ ਕਿਉਂ ਨਾ ਰੜਕਦਾ ? ਤੇ ਇਹ ਮਿਲਾਪ ਸਵਾਮੀ ਦਯਾ ਨੰਦ ਦੇ ਪੰਜਾਬ ਵਿਚ ਪੈਰ ਪਾਂਦਿਆਂ ਹੀ ਖੇਰੂੰ ਖੇਰੂੰ ਹੋ ਗਿਆ ।

ਜਿਸ ਵੇਲੇ ਅਸੀਂ ਇਹ ਜਾਣਦੇ ਹਾਂ ਕਿ ਸਵਾਮੀ ਦਯਾ ਨੰਦ ਜਿਸ ਨੂੰ ਕਿ ਸਨਾਤਨੀ ਹਿੰਦੂ ਕ੍ਰਿਸਤਾਨੀ ਸਰਕਾਰ ਦਾ ਜਾਸੂਸ ਕਹਿੰਦੇ ਸਨ,[3]" ਪੰਜਾਬ ਦੇ ਸਿੱਖਾਂ ਵਲੋਂ,ਵਿਸ਼ੇਸ਼ ਕਰਕੇ ਸਿੰਘ ਸਭਾ ਦੇ ਸੰਚਾਲਕਾਂ ਵਿਚੋਂ ਕੰਵਰ ਬਿਕਰਮ ਸਿੰਘ ਜੀ ਦੇ ਸੱਦੇ ਉਤੇ ਹੀ " ਪੰਜਾਬ ਆਏ ਸਨ,ਤਾਂ ਸਾਡੀ ਹੈਰਾਨੀ ਦੀ ਕੋਈ ਹੱਦ ਨਹੀਂ ਰਹਿ ਜਾਂਦੀ,[4] ਸਵਾਮੀ ਦਯਾਨੰਦ ਸਤਿਆਰਥ ਪ੍ਰਕਾਸ਼ 1874 ਵਿਚ ਮੁਕਾ ਕੇ 1875 ਵਿਚ ਛਪਵਾ ਚੁਕਾ ਸੀ ।1875 ਵਿਚ ਉਹਨੇ ਬੰਬਈ ਵਿਚ ਆਰੀਆ ਸਮਾਜ ਦੀ ਨੀਂਹ ਰਖੀ ਸੀ ।

2. ਮਿਸਟਰ ਕੇਨੇਥ,ਡਬਲਯੂ ਜੋਨਜ਼,ਆਰੀਆ-ਸਿੱਖ ਸੰਬੰਧ 1877-1905,ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ ਜਨਵਰੀ 1974,ਸਫੇ 84-85 .

3. Bhagat Lakshman Singh, Autobiography, p.22.

4. ਗੁਰਦਿੱਤ ਸਿੰਘ ਗਿਆਨੀ,ਸਿੰਘ ਸਭਾ ਪਤ੍ਰਿਕਾ,ਅੰਮ੍ਰਿਤਸਰ,ਫਰਵਰੀ 1974,ਸਫਾ 3.

ਮੋਢੀ ਸਿੰਘ ਸਭੀਆਂ ਨੂੰ ਸਤਿਆਰਥ ਪ੍ਰਕਾਸ਼ ਵਿਚ ਛਪੇ ਉਹਦੇ ਵਿਚਾਰਾਂ ਦਾ ਦੋ ਸਾਲਾਂ ਤਕ ਪਤਾ ਨਹੀਂ ਲਗਾ ਹੋਵੇਗਾ, ਜਦੋਂ ਉਹਨੂੰ 1877 ਵਿਚ ਦਿੱਲੀਓਂ ਲਾਹੌਰ ਲਿਆਂਦਾ ਗਿਆ ।

" ਆਰੀਆ ਸਮਾਜੀਆਂ ਨੂੰ ਪੰਜਾਬ ਵਿਚ ਸਭ ਤੋਂ ਪਹਿਲਾਂ ਪੈਰ ਧਰਨ ਲਈ ਸਿੱਖਾਂ ਨੇ ਹੀ ਥਾਂ ਦਿਤੀ ।1877 ਈਸਵੀ ਵਿਚ ਜਦ ਸਵਾਮੀ ਦਯਾ ਨੰਦ ਲਾਹੌਰ ਆਇਆ ਤਾਂ ਲਾਹੌਰ ਦੇ ਸਿੱਖਾਂ ਨੇ ਉਨ੍ਹਾਂ ਦਾ ਗੁਰਦਵਾਰਾ ਬਾਉਲੀ ਸਾਹਿਬ ਵਿਚ ਸਵਾਗਤ ਕੀਤਾ ਅਤੇ ਗੁਰਦਵਾਰੇ ਦੀ ਸਟੇਜ ਤੋਂ ਲੈਕਚਰ ਕਰਵਾਇਆ ।ਇਨ੍ਹੀ ਦਿਨੀਂ ਸ੍ਰੀ ਅੰਮ੍ਰਿਤਸਰ ਦੇ ਸਿਖਾਂ ਨੇ ਮਲਵਈ ਬੁੰਗੇ ਵਿਚ ਅਤੇ ਘੰਟਾ ਘਰ ਦੇ ਪਲੇਟ ਫਾਰਮ ਤੇ ਜਲਸਿਆਂ ਦਾ ਪ੍ਰਬੰਧ ਕਰਕੇ ਸਵਾਮੀ ਦਯਾਨੰਦ ਦੇ ਲੈਕਚਰ ਕਰਵਾਏ [5] ।" ਸਿੱਖ ਧਰਮ ਦੇ ਕਈ ਬੁਨਿਆਦੀ ਆਸ਼ੇ ਆਰੀਆ ਸਮਾਜ ਨਾਲ ਸਾਂਝੇ ਹੋਣ ਕਾਰਨ ਹੀ [6] " " ਸੁਧਾਰ ਦੇ ਪਹਿਲਿਆਂ ਦਿਨਾਂ ਵਿਚ ਸਿੰਘ ਸਭਾ ਤੇ ਆਰੀਆ ਸਮਾਜ ਵਿਚ ਕੋਈ ਬਹੁਤਾ ਫਰਕ ਨਹੀਂ ਸੀ ।ਸਮਾਜ ਦੀਆਂ ਮੀਟਿੰਗਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੁੰਦੀਆਂ ਸਨ ਤੇ ਕਈ ਮਸ਼ਹੂਰ ਸਿੱਖ ਆਰੀਆ ਸਮਾਜੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੇ ਸਨ ।ਭਾਈ ਜਵਾਹਰ ਸਿੰਘ ਆਰੀਆ ਸਮਾਜ ਦਾ ਮੀਤ ਪਰਧਾਨ ਸੀ,ਭਾਈ ਦਿੱਤ ਸਿੰਘ ਤੇ ਭਾਈ ਮਈਆ ਸਿੰਘ,ਜੋ ਕਿ ਬਹੁਤ ਤਕੜੇ ਬੁਲਾਰੇ ਤੇ ਲੇਖਕ ਸਨ,ਵੀ ਉਹਦੇ ਨਾਲ ਕੰਮ ਕਰਦੇ ਸਨ [7] ।" " ਭਗਤ ਲਛਮਨ ਸਿੰਘ ਸ਼ਰਧਾ ਨਾਲ ਹੀ ਸਮਾਜ ਵਿਚ ਉਹੀ ਆਦਰਸ਼ਕ ਉੱਤਰ ਦੇਖਕੇ ਜੋ ਪੰਜਾਬੀ ਹਿੰਦੂਆਂ ਨੇ ਦੇਖੇ ਸਨ ਸ਼ਾਮਲ ਹੋ ਗਏ । ਸੰਨ 1880 ਦੇ ਅਰੰਭ ਵਿਚ ਤਾਲੀਮ ਪਾਏ ਸਿੱਖ ਨੌਜੁਆਨ ਮਾਮੂਲੀ ਦਿਲਚਸਪੀ ਨਾਲ ਕੰਮ ਕਰਦੇ ਰਹੇ [8] ।"

" ਪੰਦਰਾਂ ਕੁ ਮਹੀਨੇ ਠਹਿਰਕੇ ਪੰਜਾਬ ਵਿਚ ਦਯਾ ਨੰਦ ਸਰਸਵਤੀ ਨੇ ਸਾਰੇ ਸੂਬੇ ਵਿਚ ਕਈ ਆਰੀਆ ਸਮਾਜ ਬਣਾਏ ।ਉਸ ਦੇ ਵਿਚਾਰ-ਵੇਦਾਂ ਦਾ ਸੱਚ ਹੋਣਾ,ਬੁਤਪ੍ਰਸੱਤੀ,ਤੇ ਦੇਵੀ ਦੇਵਤਿਆਂ ਦੀ ਰੋਕ, ਬ੍ਰਾਹਮਣ ਦਾ ਉਚਤਵ ਅਤੇ ਜ਼ਾਤ ਪਾਤ ਦੀਆਂ ਗੁੰਝਲਾਂ ਦਾ ਮੁਲਝਾ,ਦਲੀਲ ਤੇ ਸਾਇੰਸ ਦੇ ਆਧਾਰ ਤੇ ਝਟ ਮਨਜ਼ੂਰ ਹੋ ਗਏ ।ਪੜ੍ਹੇ ਲਿਖੇ ਹੋਣ ਕਰਕੇ ਹਿੰਦੂਆਂ ਵਿਚ ਅਗਲੇ ਕੁਛ ਸਾਲਾਂ ਵਿਚ ਕਈ ਨੌਜੁਆਨ ਹਿੰਦੂ-ਬ੍ਰਹਮੋ ਸਮਾਜ ਨੂੰ ਛੱਡ ਕੇ ਆਰੀਆ ਆਦਰਸ਼ ਦੇ ਹਾਮੀ ਹੋ ਗਏ ,ਉਨ੍ਹਾਂ ਨੇ ਇਹ ਦੇਖਿਆ ਕਿ ਇਸ ਦੀਆਂ ਕੀਮਤਾਂ ਅਤੇ ਵਰਤਾਉ ਉਤਰ ਪੱਛਮੀ ਧਾਰਮਿਕ ਮੁਕਾਬਲਿਆਂ ਦੀਆਂ ਅਸਲੀਅਤਾਂ ਦੇ ਅਨਕੂਲ ਹੈਨ ।

" ਸਵਾਮੀ ਦਯਾਨੰਦ ਦੀ ਨੁਕਤਾਚੀਨੀ ਦੇ ਵਡੇ ਨਿਸ਼ਾਨੇ ਸਨਾਤਨੀ ਹਿੰਦੂ,ਇਸਲਾਮ ਤੇ ਇਸਾਈ ਮਿਸ਼ਨ ਸਨ।ਕੱਟੜ ਹਿੰਦੂਆਂ ਨੇ ਇਸ ਸੁਧਾਰਕ ਸਾਧੂ ਦਾ ਬਹੁਤ ਨਿਖੇਧ ਕੀਤਾ ਤੇ ਦਯਾਨੰਦ ਦੇ ਧਾਰਮਿਕ

---

5. ਦਿਲਜੀਤ ਸਿੰਘ,ਸਿੰਘ ਸਭਾ ਦਾ ਮੋਢੀ,ਸਫਾ 29.

6. ਉਹੀ ਉਕਤ ਨੰਬਰ 4,ਸਫਾ 3.

7. Prof.Teja Singh, The Singh Sabha Movement,The Panjab Past and Present,April,1973.p.35.

8. ਉਹੀ ਉਕਤ ਨੰਬਰ 2 ਸਫਾ 86.

ਸਚਾਈ ਦੇ ਦਾਹਵੇ ਦੇ ਵਿਰੁਧ ਟਾਕਰੇ ਦੇ ਹਮਲੇ ਸ਼ੁਰੂ ਕੀਤੇ । ਦੋਨੋਂ ਬੰਗਾਲੀ ਤੇ ਪੰਜਾਬੀ ਸੁਧਾਰਕਾਂ ਨੇ ਪਹਿਲੇ ਪਹਿਲ ਤਾਂ ਰਵੈਤੀ ਧਰਮ ਦੇ ਵਿਰੁਧ ਜਹਾਦ ਨੂੰ ਸਾਥ ਦਿਤਾ। ਬ੍ਰਹਮੋ ਸਮਾਜ ਦੇ ਬੰਗਾਲੀ ਲੀਡਰ ਛੇਤੀ ਹੀ ਵਿਰੋਧਤਾ ਕਰਨ ਲਗ ਪਏ । ਕਿਉਂਕਿ ਹਰ ਸੁਧਾਰਕ ਸਮਾਜ ਆਪਣੀ ਹੀ ਨਵੀਨ ਚੌਧਰ ਦਾ ਦਾਹਵਾ ਕਰਦੇ ਸਨ। ਇਨ੍ਹਾਂ ਤੋਂ ਉਠੀਆਂ ਵਿਵਾਦਾਂ ਕਰਕੇ ਦਯਾਨੰਦ ਕੋਲ ਸਿੱਖਾਂ ਵਿਰੁਧ ਕਹਿਣ ਲਈ ਘਟ ਹੀ ਜਾਣਕਾਰੀ ਸੀ ।

ਕੇਵਲ ਅੰਮ੍ਰਿਤਸਰ ਵਿਚ, ਜੋ ਕਿ ਸਿੱਖਾਂ ਦਾ ਪਵਿਤ੍ਰ ਸ਼ਹਿਰ ਹੈ, ਉਸਨੇ ਸਿੱਖ ਮਤ ਨੂੰ, ਇਸਦੇ ਬਾਨੀ ਨੂੰ ਤੇ ਸਮੇਂ ਦੇ ਅਮਲਾਂ ਨੂੰ ਛੁਟਿਆਉਣ ਲਈ ਚੁਣਿਆ । ਸਿੱਖ ਲੀਡਰ ਗੁੱਸੇ ਵਿਚ ਆ ਗਏ ਤੇ ਨਿਹੰਗਾਂ ਨੇ ਜੋ ਕਿ ਸਿੱਖ ਧਰਮ ਦੇ ਫੌਜੀ ਰਾਖੇ ਹਨ, ਦਯਾਨੰਦ ਨੂੰ ਉਨ੍ਹਾਂ ਦੇ ਧਰਮ ਦੀ ਨਿਖੇਧੀ ਕਰਨ ਬਾਰੇ ਕਤਲ ਕਰਨ ਦੀ ਧਮਕੀ ਦਿਤੀ । ਦਯਾਨੰਦ ਲਈ ਸਿੱਖ ਮਤ ਹੋਰ ਹਿੰਦੂਆਂ ਦੇ ਉਨ੍ਹਾਂ ਅਣਗਿਣਤ ਮੱਤਾਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਵਿਚਾਰ ਵਿਚ ਲੈ ਆਉਣਾ, ਨਿਖੇਧ ਕਰਨਾ ਤੇ ਫਿਰ ਭੁਲ ਜਾਣਾ ਹੀ ਯੋਗ ਗਿਣਿਆ ਸੀ ।

" ਨਾਨਕ ਜੀ (ਸਿੱਖ ਧਰਮ ਦਾ ਬਾਨੀ ) ਦੇ ਮੰਤਵ ਤਾਂ ਨੇਕ ਸਨ ਪਰ ਉਨ੍ਹਾਂ ਨੇ ਵਿਦਿਆ ਨਹੀਂ ਸੀ ਪ੍ਰਾਪਤ ਕੀਤੀ । ਉਹ ਆਪਣੇ ਦੇਸ਼ ਦੀ ਪਿੰਡਾਂ ਦੀ ਬੋਲੀ ਜਾਣਦੇ ਸਨ। ਉਨ੍ਹਾਂ ਨੂੰ ਸੰਸਕ੍ਰਿਤ ਤੇ ਵੈਦਿਕ ਗ੍ਰੰਥਾਂ ਦਾ ਗਿਆਨ ਨਹੀਂ ਸੀ । ਸੰਸਕ੍ਰਿਤ ਬਿਨਾਂ ਗੁਰੂ ਨਾਨਕ ਨੂੰ ਵੇਦਾਂ ਦਾ ਗਿਆਨ ਨਹੀਂ ਹੋ ਸਕਦਾ ਸੀ ਤੇ ਬਿਨਾਂ ਇਸ ਗਿਆਨ ਦੇ ਕੁਝ ਹਮੇਸ਼ ਰਹਿਣੀ ਪ੍ਰਾਪਤੀ ਨਹੀਂ ਹੋ ਸਕਦੀ । ਜੋ ਥੋੜੀ ਚੰਗਿਆਈ ਗੁਰੂ ਨਾਨਕ ਦੀ ਸਿਖਿਆ ਵਿਚ ਸੀ, ਉਸਦੇ ਸਿੱਖ ਉਹ ਭੀ ਗੁਆ ਬੈਠੇ ਹਨ । ਉਹ ਬੁਤ ਪ੍ਰਸਤ ਹਨ, ਅਤੇ ਗਿਰਾਵਟ ਵਿਚ ਪੁਰਾਣਿਕ ਹਿੰਦੂਆਂ ਵਰਗੇ ਹਨ ।" " ਉਹ ਬੁਤਾਂ ਦੀ ਪੂਜਾ ਨਹੀਂ ਕਰਦੇ ਪਰ ਗ੍ਰੰਥ ਸਾਹਿਬ ਜੋ ਬੁਤ ਪ੍ਰਸਤੀ ਵਾਂਗ ਹੀ ਹੈ, ਦੀ ਪੂਜਾ ਕਰਦੇ ਹਨ। ਜਿਵੇਂ ਬੁਤ ਪ੍ਰਸਤਾਂ ਨੇ ਆਪਣੇ ਰੁਜ਼ਗਾਰ ਲਈ ਦੁਕਾਨਾਂ ਖੋਹਲੀਆਂ ਹਨ । ਉਵੇਂ ਹੀ ਇਨ੍ਹਾਂ ਲੋਕਾਂ ਨੇ । ਇਵੇਂ ਹੀ ਮੰਦਰਾਂ ਦੇ ਪੁਜਾਰੀ ਗ੍ਰੰਥ ਨੂੰ ਪੁਜਾਉਂਦੇ ਤੇ ਭੇਟਾ ਚੜ੍ਹਾਉਂਦੇ ਹਨ।"[9]

ਕਿਹਾ ਜਾਂਦਾ ਹੈ ਕਿ ਸਿੱਖਾਂ ਨੇ ਸਤਿਆਰਥ ਪ੍ਰਕਾਸ਼ ਵਿਚ ਸਿਖ ਗੁਰੂਆਂ ਬਾਰੇ ਲਿਖੀਆਂ ਗੱਲਾਂ ਦਾ ਇਤਰਾਜ਼ ਕੀਤਾ ।" ਅਜਮੇਰ ਡਵੀਜ਼ਨ ਦੇ ਸਬ ਇੰਨਜੀਨੀਅਰ ਸ. ਭਗਤ ਸਿੰਘ ਨੇ ਇਕ ਪੱਤਰ ਲਿਖ ਕੇ ਸਵਾਮੀ ਹੁਰਾਂ ਤੋਂ ਇਤਰਾਜ਼ ਯੋਗ ਹਿੱਸੇ ਕੱਟ ਦੇਣ ਲਈ ਮੰਗ ਕੀਤੀ । ਸਵਾਮੀ ਜੀ ਨੇ ਉਤਰ ਵਿਚ ਲਿਖਿਆ ਕਿ ਇਹ ਗੱਲਾਂ ਉਨ੍ਹਾਂ ਨੇ ਪੰਜਾਬ ਦੇ ਦੌਰੇ ਤੋਂ ਪਹਿਲਾਂ ਗਲਤ ਫਹਿਮੀ ਦੀ ਬਿਨਾ ਪਰ ਲਿਖੀਆਂ ਸਨ ਤੇ ਨਵੀਂ ਐਡੀਸ਼ਨ ਵਿਚੋਂ ਉਹ ਕੱਟ ਦੇਣਗੇ । ਇਸ ਉਤਰ ਨਾਲ ਸਿੱਖਾਂ ਦੀ ਕਿਸੇ ਹੱਦ ਤਕ ਤਸੱਲੀ ਹੋ ਗਈ; ਪ੍ਰੰਤੂ ਅਗਲੀ ਐਡੀਸ਼ਨ ਛਪਣ ਤੋਂ ਪਹਿਲਾਂ ਹੀ 30 ਅਕਤੂਬਰ, 1883 ਨੂੰ ਸਵਾਮੀ ਦਯਾ ਨੰਦ ਜੀ ਚਲ ਵਸੇ ।"[10] ਪਰ ਭਗਤ ਲਛਮਣ ਸਿੰਘ ਆਪਣੀ ਜੀਵਨੀ ਵਿਚ ਲਿਖਦਾ ਹੈ ਕਿ ਸਵਾਮੀ ਦਯਾ ਨੰਦ ਨੇ

9. ਓਹੀ ਸਫ਼ੇ 85- 86.
10. ਉਹੀ ਉਕਤ ਨੰਬਰ 5 ਸਫ਼ਾ 32.

ਗੁਰੂ ਸਾਹਿਬਾਨ ਦੇ ਆਰੀਆ ਸਮਾਜ ਲਈ ਸਾਫ ਕੀਤੇ ਰਾਹ ਦੀ ਕਦੀ ਵੀ ਅਹਿਸਾਨਮੰਦੀ ਜ਼ਾਹਰ ਨਾ ਕੀਤੀ ਸਗੋਂ ਉਨ੍ਹੇ ਸਤਿਆਰਥ ਪ੍ਰਕਾਸ਼ ਵਿਚ ਬਹੁਤ ਬੁਰੀ ਤਰ੍ਹਾਂ ਬਾਬਾ ਨਾਨਕ ਤੇ ਹਮਲਾ ਕੀਤਾ ।ਉਹਦੀ ਸਫ਼ਾਈ ਵਿਚ ਇਹ ਕਿਹਾ ਜਾਂਦਾ ਹੈ ਕਿ ਅਜਿਹਾ ਉਨ੍ਹੇ ਭਾਈ ਜਵਾਹਰ ਸਿੰਘ ਦੇ ਕਹਿਣ ਤੇ ਕੀਤਾ ਜਿਹੜਾ ਕਿ ਉਸ ਵੇਲੇ ਆਰੀਆ ਸਮਾਜ ਦਾ ਸਰਕਰਦਾ ਮੈਂਬਰ ਸੀ ।ਪਰ ਇਸ ਸਫਾਈ ਦੇ ਬਾਵਜੂਦ ਵੀ ਸਵਾਮੀ ਦਯਾ ਨੰਦ ਸਿਖ ਇਤਿਹਾਸ ਤੇ ਸਿਖ ਧਰਮ ਗ੍ਰੰਥਾਂ ਨੂੰ ਪੜ੍ਹੇ ਬਿਨਾਂ ਗੁਰੂ ਸਾਹਿਬਾਨ ਤੇ ਹਮਲਾ ਕਰਨ ਦੇ ਕਸੂਰ ਤੋਂ ਬਰੀ ਨਹੀਂ ਹੋ ਸਕਦਾ ।"[11] ਇਹ ਵੀ ਕਿਹਾ ਜਾਂਦਾ ਹੈ ਕਿ " ਸੁਆਮੀ ਦਿਆ ਨੰਦ ਦੀ ਮੌਤ ਪਿਛੋਂ ਕੁਝ ਸਿਆਣੇ ਆਰੀਆ ਸਮਾਜੀਆਂ ਨੇ (ਜੋ ਕਿ ਪੰਜਾਬੀ ਵਿਚ ਲਿਖੀ ਗੁਰਬਾਣੀ ਤੇ ਗੁਰਮੱਤ ਸਿਧਾਂਤਾਂ ਤੋਂ ਜਾਣੂੰ ਸਨ ) ਸਤਿਆਰਥ ਪ੍ਰਕਾਸ਼ ਦੀ ਦੂਜੀ ਐਡੀਸ਼ਨ ਵੇਲੇ ਸਿਖ ਗੁਰਾਂ ਸਬੰਧੀ ਅਯੋਗ ਲਿਖੇ ਨੂੰ ਕੱਢ ਦੇਣ ਦੀ ਅਨਥਕ ਕੋਸ਼ਿਸ਼ ਕੀਤੀ ਸੀ ਪਰ ਅੰਗਰੇਜ਼ੀ ਸਰਕਾਰ ਜੋ ਸਦਾ ਟੋਹ ਵਿਚ ਰਹਿੰਦੀ ਸੀ ਇਨ੍ਹਾਂ ਹੱਥ ਵਿੱਚ ਚੜ੍ਹੇ ਕੁਝ ਆਰੀਆ ਸਮਾਜੀ ਪ੍ਰਚਾਰਕਾਂ ਨੇ ਉਨ੍ਹਾਂ ਦੀ ਇਕ ਨ ਸੁਣੀ ਨ ਪੇਸ਼ ਜਾਣ ਦਿਤੀ ਸੀ ।ਫਿਰ ਜਿਉਂ ਕਾ ਤਿਉਂ ਪਹਿਲੇ ਵਾਂਗ ਛਾਪ ਦਿਤਾ ਗਿਆ ਤੇ ਅਜ ਤੀਕ ਛਪਦਾ ਹੈ ।"[12]

ਜੇ ਕਰ, ਸਵਾਮੀ ਦਯਾ ਨੰਦ ਜਾਂ ਆਰੀਆ ਸਮਾਜੀ ਸਤਿਆਰਥ ਪ੍ਰਕਾਸ਼ ਚੋਂ ਸਿੱਖ ਗੁਰੂਆਂ ਬਾਰੇ ਲਿਖੀਆਂ ਬੁਰੀਆਂ ਗੱਲਾਂ ਕੱਢ ਦਿੰਦੇ ਤਾਂ ਕੀ ਇਨ੍ਹਾਂ ਫਿਰਕਿਆਂ ਦਾ ਮਿਲਾਪ ਬਣਿਆ ਰਹਿੰਦਾ ? ਨਹੀਂ, ਕਦੀ ਵੀ ਨਹੀਂ ।ਇਸ ਦਾ ਕਾਰਨ ਇਹ ਹੈ ਕਿ ਦੋਨਾਂ ਦੇ ਹਿੱਤ ਆਪਸ ਵਿਚ ਟਕਰਾਂਦੇ ਸਨ।ਸਿਖ ਬੁਰਜੁਆਜ਼ੀ ਹਿੰਦੂ ਬੁਰਜੁਆਜ਼ੀ ਦੇ ਦਾਇਰੇ ਚੋਂ ਨਿਕਲ ਕੇ ਆਪਣੀ ਗਿਣਤੀ ਅਨੁਸਾਰ ਹਕੂਕ ਹਾਸਲ ਕਰਨਾ ਚਾਹੁੰਦੀ ਸੀ ਜਦ ਕਿ ਹਿੰਦੂ ਬੁਰਜੁਆਜ਼ੀ ਉਹਨੂੰ ਹਿੰਦੂ ਧਰਮ ਦਾ ਹੀ ਇਕ ਅੰਗ ਪੇਸ਼ ਕਰਕੇ ਉਹਦੇ ਹਕੂਕ ਆਪ ਹੜਪ ਕਰ ਰਹੀ ਸੀ ।ਤੇ ਦੋਵੇਂ ਬੁਰਜੁਆਜ਼ੀਆਂ ਆਪਸ ਵਿਚ ਲੜ ਧਰਮ ਦੇ ਪੈਂਤੜੇ ਤੋਂ ਰਹੀਆਂ ਸਨ, ਇਸ ਲਈ ਆਰਥਿਕ ਦੌੜ ਵਿਚ ਇਕ ਦੂਜੀ ਤੋਂ ਅਗੇ ਲੰਘਣ ਲਈ ਉਨ੍ਹਾਂ ਦਾ ਆਪਸ ਵਿਚ ਲੜਨਾ, ਝਗੜਨਾ ਇਕ ਸੁਭਾਵਕ ਕਰਮ ਸੀ ।ਜਿਥੇ ਕਿਤੇ ਉਨ੍ਹਾਂ ਦੇ ਹਿੱਤ ਸਾਂਝੇ ਹੁੰਦੇ ਸਨ ਉਹ ਆਪਸ ਵਿਚ ਮਿਲਾਪ ਕਰਕੇ ਸਾਂਝਾ ਫਰੰਟ ਵੀ ਬਣਾ ਲੈਂਦੀਆਂ ਸਨ ਜਿਵੇਂ 1883 ਵਿਚ ਇਲਬਰਟ ਬਿਲ ਦੇ ਪਾਸ ਹੋਣ ਤੇ ਹਿੰਦੂ, ਸਿਖ ਮੁਸਲਮਾਨ ਤਿੰਨੇ ਬੁਰਜੁਆਜ਼ੀਆਂ ਨੇ ਮਿਲ ਕੇ ਸਾਂਝਾ ਫਰੰਟ ਪੇਸ਼ ਕੀਤਾ ।

ਸਵਾਮੀ ਦਯਾ ਨੰਦ ਦੀ ਮੌਤ ਪਿਛੋਂ ਆਰੀਆ ਸਮਾਜੀਆਂ ਨੇ ਦੂਜਿਆਂ ਧਰਮਾਂ ਤੇ ਆਪਣੇ ਹਮਲੇ ਤੇਜ਼ ਕੀਤੇ ।1887 ਤੇ 88 ਵਿਚ ਆਰੀਆ ਪਤ੍ਰਿਕਾ ਲਾਹੌਰ ਵਲੋਂ ਸਿੱਖਾਂ ਉਤੇ ਬੜੇ ਕੋਝੇ ਹਮਲੇ ਹੁੰਦੇ ਰਹੇ ਪਰ " ਸਿੱਖਾਂ ਵਿਰੁਧ ਆਰੀਆ ਨੁਕਤਾਚੀਨੀ ਦਾ ਅੰਤ 25 ਨਵੰਬਰ ਨੂੰ ਲਾਹੌਰ ਸਾਲਾਨਾ ਸਮਾਗਮ ਤੋਂ ਹੋਇਆ ਜਿਥੇ ਪੰ: ਗੁਰੂ ਦੱਤ ਨੇ ਇਕ ਭਾਸ਼ਨ ਵਿਚ ਸਿੱਖਾਂ ਤੇ ਕੜੀ ਨੁਕਤਾ ਚੀਨੀ ਕੀਤੀ ।"ਲੈਕਚਰਾਰ

---

11. ਉਹੀ ਉਕਤ ਨੰ: 3. ਸਫ਼ਾ 43.

12. ਗਿਆਨੀ ਈਸ਼ਰ ਸਿੰਘ ਨਾਰਾ, ਪੰਜਾਬ ਦਾ ਰਤਨ ਬਾਬਾ ਖੇਮ ਸਿੰਘ ਬੇਦੀ, ਸਫਾ 33.

(ਲਾਲਾ ਗੁਰਦਿਤਾ) ਨੇ ਖਾਲਸਾ ਕੌਮ ਦੀ ਇਜ਼ਤ ਨੂੰ ਪੈਰਾਂ ਥੱਲੇ ਮਧੋਲ ਦਿਤਾ ਤੇ ਆਪਣੀ ਸਪੀਚ ਦੇ ਦੌਰਾਨ ਵਿਚ ਕਿਹਾ ਕਿ 'ਸਚਾਈ ਇਹ ਹੈ ਕਿ ਕੇਸ਼ਵ ਚੰਦਰ ਤੇ ਗੁਰੂ ਗੋਬਿੰਦ ਸਿੰਘ ਸਾਡੇ ਮਹਾਂ ਰਿਸ਼ੀ ਸਵਾਮੀ ਦਯਾਨੰਦ ਸਰਸਵਤੀ ਦਾ ਸੌਵਾਂ ਹਿਸਾ ਭੀ ਨਹੀਂ ਹੈ ਤੇ ਇਹ ਕਹਿਣਾ ਔਖਾ ਹੈ ਕਿ ਸਿੱਖਾਂ ਦਾ ਭੀ ਕੋਈ ਧਰਮ ਹੈ ਕਿ ਨਹੀਂ, ਪਰ ਇਹ ਯਕੀਨਨ ਠੀਕ ਹੈ ਕਿ ਉਨ੍ਹਾਂ ਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਹੈ।" ਲਾਲਾ ਸਾਹਿਬ ਇਥੇ ਹੀ ਬੰਦ ਨਹੀਂ ਹੋਏ, ਉਸ ਨੇ ਬੜੀ ਦਲੇਰੀ ਤੇ ਹੌਸਲੇ ਨਾਲ ਕਿਹਾ " ਕਿ ਜੇ ਸਵਾਮੀ ਦਯਾਨੰਦ ਸਰਸਵਤੀ" ਮਹਾਰਾਜ ਨੇ ਗੁਰੂ ਨਾਨਕ ਨੂੰ ਇਕ ਧੋਖਾ (ਫਰਾਡ) ਦੱਸਿਆ ਹੈ, ਇਹ ਕਿਹੜੀ ਗੱਲ ਹੈ।ਉਸ ਦੇ ਹੱਥਾਂ ਵਿਚ ਵੇਦਾਂ ਦਾ ਗਿਆਨ ਸੀ ਜੇ ਉਹ ਇਸ ਚਾਨਣ ਨੂੰ ਹੋਰਾਂ ਨਾਲ ਮੁਕਾਬਲਾ ਕਰਦਾ ਹੈ ਤਾਂ ਕੀ ਹੈ ?"

ਹਰ ਆਰੀਆ ਲੀਡਰਾਂ ਖਾਸ ਕਰ ਪੰ. ਲੇਖ ਰਾਮ ਤੇ ਲਾਲਾ ਮੁਰਲੀਧਰ ਨੇ ਭੀ ਗੁਰੂ ਦੱਤ ਦੀਆਂ ਦਲੀਲਾਂ ਦੀ ਪ੍ਰੋੜ੍ਹਤਾ ਲਈ ਨਿਖੇਧੀ ਦੇ ਸ਼ਬਦ ਬੋਲੇ।ਇਸਦਾ ਫੌਰੀ ਪ੍ਰਤੀਕਰਮ ਹੋਇਆ।ਭਾਈ ਜਵਾਹਰ ਸਿੰਘ, ਭਾਈ ਦਿਤ ਸਿੰਘ ਗਿਆਨੀ,* ਭਾਈ ਮਈਆ ਸਿੰਘ ਨੇ ਸਮਾਜ ਦੀ ਮੈਂਬਰੀ ਤੋਂ ਅਸਤੀਫੇ ਦੇ ਦਿਤੇ ਤੇ ਉਹ ਲਾਹੌਰ ਸਿੰਘ ਸਭਾ ਵਿਚ ਜਾ ਸ਼ਾਮਲ ਹੋਏ, ਜੋ ਸੁਧਾਰਕ ਸੁਸਾਇਟੀ 1879 ਵਿਚ ਕਾਇਮ ਹੋਈ ਸੀ।ਆਰੀਆਂ ਦਾ ਤਿੰਨ ਮੈਂਬਰਾਂ ਦੇ ਘਟ ਹੋਣ ਤੋਂ ਵਧ ਨੁਕਸਾਨ ਹੋਇਆ ਕਿਉਂਕਿ ਇਨ੍ਹਾਂ ਵਿਚੋਂ ਹਰ ਇਕ ਸਿੱਖ ਧਰਮ ਦੇ ਬਚਾਉ ਵਾਲਾ ਪੱਖੀ ਬਣ ਗਿਆ ਅਤੇ ਸਿੱਖ ਉਭਾਰ ਵਿਚ ਦੋਨੋਂ ਜਵਾਹਰ ਸਿੰਘ ਤੇ ਦਿੱਤ ਸਿੰਘ ਗਯਾਨੀ ਸਿਰ ਕੱਢ ਲੀਡਰ ਬਣ ਗਏ।"[13] ਸਿੱਖਾਂ ਨੇ ਵੀ ਜਲਸਾ ਕਰਕੇ ਗੁਰੂ ਦੱਤ ਦੀ ਬੜੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ।

ਸਿੱਖਾਂ ਤੇ ਆਰੀਆਂ ਦਾ ਝਗੜਾ ਜਲਸਿਆਂ ਚੋਂ ਪ੍ਰੈਸ ਵਿਚ ਆ ਗਿਆ।ਆਰੀਆ ਸਮਾਜ ਦੇ ਬੁਲਾਰੇ 'ਆਰੀਆ ਸਮਾਚਾਰ' ਨੇ ਗੁਰੂ ਨਾਨਕ ਤੇ ਗੁਰੂ ਗ੍ਰੰਥ ਸਾਹਿਬ ਬਾਰੇ ਬਹੁਤ ਹੀ ਹੱਤਕ ਭਰੀਆਂ ਸਤਰਾਂ ਲਿਖੀਆਂ :-

ਨਾਨਕ ਸ਼ਾਹ ਫਕੀਰ ਨੇ ਨਯਾ ਚਲਾਇਆ ਪੰਥ
ਇਧਰ ਉਧਰ ਸੇ ਜੋੜ ਕਰ ਲਿਖ ਮਾਰਾ ਇਕ ਗ੍ਰੰਥ
ਪਹਿਲੇ ਚੇਲੇ ਕਰ ਲੀਏ, ਪੀਛੇ ਬਦਲਾ ਭੇਸ
ਸਿਰ ਪਰ ਸਾਫਾ ਬਾਂਧ ਕਰ, ਰਖ ਲੀਨੇ ਸਭ ਕੇਸ[14] ' "

" 23 ਫਰਵਰੀ, 1889 ਨੂੰ ਅਖਬਾਰ-ਏ-ਆਮ ਨੇ ਲਿਖਿਆ ਕਿ ਕੁਝ ਆਰੀਆ ਸਿਖ ਗੁਰੂਆਂ

---

13. ਉਹੀ ਉਕਤ ਨੰਬਰ 2 ਸਫਾ 88 .

* ਗਿਆਨੀ ਅਮਰ ਸਿੰਘ ਅਨੁਸਾਰ ਗਿਆਨੀ ਦਿੱਤ ਸਿੰਘ ਨਾ ਹੀ ਆਰੀਆ ਸਮਾਜ ਦੇ ਅਸਰ ਹੇਠ ਆਏ ਤੇ ਨਾ ਹੀ ਇਸ ਦੇ ਮੈਂਬਰ ਬਣੇ, ਅਜਿਹਾ ਪ੍ਰਚਾਰ ਗੁਲਾਬ ਦਾਸੀ ਸੰਤਾਂ ਤੇ ਆਰੀਆ ਸਮਾਜੀਆਂ ਨੇ ਉਨ੍ਹਾਂ ਦੇ ਵਿਰੁਧ ਕੀਤਾ।(ਗਿਆਨੀ ਅਮਰ ਸਿੰਘ, ਜੀਵਨ ਚਰਿਤਰ ਗਿ: ਦਿੱਤ ਸਿੰਘ ਜੀ, ਸਫੇ 54-5

14. Ganda Singh, A History of the Khalsa College, p.7.

ਦੇ ਵਿਰੁਧ ਬੋਲੇ ਹਨ ਤੇ ਕਿਸੇ ਨੇ ਗੁਰੂ ਗ੍ਰੰਥ ਸਾਹਿਬ ਛਾਪਿਆ ਹੈ ਜਿਸ ਵਿਚ ਬਹੁਤ ਗ਼ਲਤੀਆਂ ਹਨ। ਸਿਖ ਇਸ ਗੱਲ ਤੇ ਬਹੁਤ ਤੰਗ ਹੋ ਰਹੇ ਹਨ ।"[15]

ਇਸੇ ਸਾਲ 1889 ਵਿਚ ਆਰੀਆ ਸਮਾਜੀ ਰਾਧਾ ਕਿਸ਼ਨ ਨੇ ਲਾਹੌਰ ਤੋਂ ਉਰਦੂ ਵਿਚ ' ਨੁਸਖਾ-ਏ- ਗ੍ਰੰਥੀ ਫੋਬੀਆ ' ਨਾਂ ਦੀ ਕਿਤਾਬ ਕੱਢੀ ਜਿਸ ਰਾਹੀਂ ਸਿੱਖ ਧਰਮ ਤੇ ਸਖਤ ਹਮਲਾ ਕੀਤਾ ਗਿਆ[16]" ਰਾਵੀ ਨੇ ਆਪਣੇ 7 ਅਗਸਤ 1889 ਦੇ ਪਰਚੇ ਵਿਚ ਲਿਖਿਆ ਕਿ ਕਿਸੇ ਨੇ ਗ੍ਰੰਥੀ ਫੋਬੀਆ ਕਿਤਾਬ ਲਿਖ ਕੇ ਸਿਖਾਂ ਦੇ ਜਜ਼ਬਾਤ ਤੇ ਸੱਟ ਮਾਰੀ ਹੈ[17] ।"

ਇਸ ਤੋਂ ਪਹਿਲਾਂ 1868 ਈਸਵੀ ਵਿਚ ਪ੍ਰੈਸ ਬਾਇਟੇਰੀਅਨ ਪ੍ਰੈਸ, ਲੁਧਿਆਣਾ ਵਲੋਂ ਛਪੀ ਪੁਸਤਕ " ਸਿਖਾਂ ਦੇ ਰਾਜ ਦੀ ਵਿਥਿਆ" ਵਿਚ ਪੰਡਤ ਸ਼ਰਧਾ ਰਾਮ ਫਲੌਰੀ ਗੁਰੂ ਸਾਹਿਬਾਨ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰ ਚੁਕਾ ਸੀ । ਸ਼ਰਧਾ ਰਾਮ ਫਲੌਰੀ ਨੇ ਇੰਨਾ ਵੀ ਨਾ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗ੍ਰੰਥ ਹੀ ਕਹਿ ਸਕੇ ਇਹਦੀ ਥਾਂ ਉਹਨੇ ਗ੍ਰੰਥ ਦੀ ਪੋਥੀ ਹੀ ਲਿਖਿਆ । ਗੁਰੂ ਸਾਹਿਬਾਨ ਬਾਰੇ ਬੜੀਆਂ ਹੱਤਕਭਰੀਆਂ ਤੇ ਝੂਠੀਆਂ ਗੱਲਾਂ ਲਿਖੀਆਂ :-

" ਨਾਨਕ ਜੋ ਸਦਾ ਪਰਮੇਸ਼ੁਰ ਦੇ ਭਜਨ ਵਿੱਚ ਰਹਿੰਦਾ ਅਰ ਸਾਧਾਂ ਸੰਤਾਂ ਦੀ ਸੇਵਾ ਕਰਿਆ ਕਰਦਾ ਸਾ ਇਸ ਸਬੱਬ ਆਪਣੀ ਬਹੁਟੀ ਨਾਲ ਕੁਛ ਪਿਆਰ ਨਹੀਂ ਰੱਖਦਾ ਸਾ ਇੱਕ ਦਿਨ ਜਾਂ ਭੈਣ ਨਾਨਕੀ ਨੇ ਤਗੀਦ ਕੀਤੀ ਤਾਂ ਗਿਰਿਸਤ ਬੀ ਭੋਗਣ ਲੱਗਾ । ਥੁਹੜਿਆਂ ਦਿਨਾਂ ਤੇ ਬਾਦ ਬੱਤੀਆਂ ਬਰਸਾਂ ਦੀ ਉਮਰ ਵਿਚ ਬਾਬੇ ਨਾਨਕ ਦੇ ਘਰ ਇੱਕ ਪੁਤ੍ਰ ਜੰਮਿਆ ਅਰ ਉਸ ਦਾ ਨਾਉਂ ਸਿਰੀ ਚੰਦ ਰਖਿਆ।"
(ਸਫਾ 5)

". . . ਉਸ ਨੂੰ ਮੁਲਖਾਂ ਦਾ ਸੈਲ ਕਰਨੇ ਦਾ ਬਹੁਤ ਸ਼ੌਕ ਸਾ" (ਸਫਾ 11)

" . . . ਫੇਰ ਉਥੋਂ ਤੁਰਕੇ ਉਸ ਲਾਲੋ ਤਖਾਣ ਦੇ ਘਰ ਆਏ ਉਥੇ ਹਯਾਤ ਖਾਂ ਮੰਝ ਮੁਸਲਮਾਨ ਦੀ ਤੀਵੀ ਕੈ ਜੋ ਪਹਿਲਾਂ ਹੀ ਨਾਨਕ ਦੀ ਉਤੱਮਤਾਈ ਦੇਖਕੇ ਤਿਸਪੁਰ ਪਤੀਜੀ ਹੋਈ ਸੀ ਆਪਣੀ ਮੁਟਿਆਰ ਧੀ ਨਾਨਕ ਨੂੰ ਦੇ ਦਿੱਤੀ ਅਤੇ ਉਸੀ ਦਿਨ ਤੇ ਤਿਸ ਦਾ ਨਾਮ ਮਾਤਾ ਮੰਝੋਤ ਹੋਇਆ ਫੇਰ ਨਾਨਕ ਉਸ ਨੂੰ ਆਪਣੀ ਕਰਕੇ ਲਾਲੋ ਦੇ ਘਰ ਛੱਡ ਕੇ ਆਪ ਬਾਲੇ ਨੂੰ ਨਾਲ ਲੈਕੇ ਕੁਲਛੇਤ੍ਰ ਨੂੰ ਸੂਰਜ ਗ੍ਰਹਣ ਦੇ ਮੇਲੇ ਪੁਰ ਚਲਿਆ ਗਿਆ ।" (ਸਫਾ 12)

---

15. Home Secret N.P.R. 1889 p.247 (qyoted by Dr.G.S.Chhabra, Advanced Study in the History of Modern India, p.605).

16. Dr.N.Gerald Barrier, Hindi, Urdu and Panjabi Tracts on Nineenth Century, Punjab, The Panjab Past and Present, April, 1970, p.170.

17. ਉਹੀ ਉਕਤ ਨੰਬਰ 15.

" . . . ਫੇਰ ਬੁਹੜਿਆਂ ਦਿਨਾਂ ਬਾਦ ਜਿੱਤੇ ਅਰ ਬਾਲੇ' ਨੂੰ ਲਾਲੋ ਤਖਾਣ ਦੇ ਘਰ ਭੇਜਿਆ ਕਿ ਜਾਓ ਹਯਾਤ ਖਾਂ ਮੀਝ ਦੀ ਧੀ ਨੂੰ ਲੈ ਆਓ ।ਓਹ ਦੋਨੋਂ ਮਾਤਾ ਮੀਝੋਤ ਨੂੰ ਲੈ ਆਏ ਜਾਂ ਉਸ ਨੂੰ ਜਿੱਤੇ ਦੇ ਘਰ ਰਹਿਣੇ ਨੂੰ ਜੱਗਾ ਲੈ ਦਿੱਤੀ ਤਾਂ ਪਹਿਲੀ ਬਹੁਟੀ ਬੀ ਜੋ ਮਾਤਾ ਚੋਣੀ ਕਰਕੇ ਮਸ਼ਾਹੂਰ ਸੀ ਸਿਰੀ ਚੰਦ ਅਰ ਲਖਮੀ ਚੰਦ ਨਾਮੇ ਦੋਨਾਂ ਨੀਂਗਰਾਂ ਨੂੰ ਸੰਗ ਲੈ ਕੇ ਬਾਬੇ ਨਾਨਕ ਦੇ ਪਾਸ ਆ ਰਹੀ ,"
(ਸਫਾ 13)

". . . ਇਹ ਬਾਬਾ ਨਾਨਕ ਕੁਝ ਬਹੁਤ ਵਿੱਦਿਆ ਪੜ੍ਹਿਆ ਹੋਇਆ ਨਹੀਂ ਸਾ ਨਿਰਾ ਕਿਸੀ ਸਾਧ ਦੇ ਸਤਸੰਗ ਤੇ ਤਿਸ ਨੂੰ ਪਰਮੇਸੁਰ ਦੇ ਭਜਨ ਦਾ ਹੀ ਪ੍ਰੇਮ ਜਾਗ ਉਠਿੱਆ ਸਾ ।" (ਸਫਾ 15)

ਗੁਰੂ ਤੇਗ ਬਹਾਦਰ ਨੇ ਆਗਰੇ ਆਪਣੇ ਹੱਥ ਦੀ ਮੁਹਰ ਤੇ ਛੁਸ਼ਾਲਾ ਬਾਜ਼ਾਰ ਭੇਜਿਆ ਤਾਂ ਜੋ ਹਲਵਾਈ ਦੇ ਰਖ ਕੇ ਕੁਝ ਖਾਣ ਨੂੰ ਲੈ ਆਵੇ ।ਕੋਤਵਾਲ ਨੇ ਫੜ ਕੇ ਬਾਦਸ਼ਾਹ ਪਾਸ ਦਿਲੀ ਭੇਜ ਦਿਤਾ ।
(ਸਫਾ 49)

". . . . ਜਾਂ ਤੜਕਾ ਹੋਇਆ ਤਾਂ ਗੁਰੂ ਨੇ ਅਸ਼ਨਾਨ ਕੀਤਾ ਅਰ ਜਪਜੀ ਬਾਣੀ ਦਾ ਪਾਠ ਕਰਕੇ ਪਰਮੇਸੁਰ ਅੱਗੇ ਮੱਥਾ ਟੇਕਣ ਨੂੰ ਸਿਰ ਜਮੀਨ ਪੁਰ ਰੱਖਿਆ ।ਉਸ ਵੇਲੇ ਗੁਰੂ ਨੇ ਇਸ਼ਾਰਾ ਕੀਤਾ ਕਿ ਸਿੱਖਾਂ ਆਗਯਾ ਪੂਰੀ ਕਰ ।ਉਸ ਸਿੱਖ ਨੇ ਤਲਵਾਰ ਮਾਰਕੇ ਸਿਰ ਜੁਦਾ ਕੀਤਾ ।" (ਸਫਾ ੫੨)

" . . . . ਇਹ ਗੁਰੂ (ਗੋਬਿੰਦ ਸਿੰਘ ) ਭਾਵੇਂ ਸਦਾਉਂਦਾ ਤਾਂ ਨਾਨਕ ਪੰਥੀ ਹੀ ਰਿਹਾ ਪਰ ਇਸ ਦੀਆਂ ਕਈ ਗੱਲਾਂ ਤੇ ਮਲੂਮ ਹੁੰਦਾ ਹੈ ਕਿ ਇਹ ਉਸ ਤੇ ਬਹੁਤ ਉਲਟ ਸਾ ।ਇਸ ਦਾ ਮਤ ਕਿਸੀ ਇਕ ਪੋਥੀ ਅਰ ਨਬੀ ਅਉਤਾਰ ਦੇ ਮੂਜਬ ਨਾ ਸਾ ਬਲਕਿ ਇਹ ਮਲੂਮ ਹੁੰਦਾ ਹੈ ਕਿ ਪੁਰਾਣਿਆਂ ਨਬੀਆਂ ਅਰ ਅਉਤਾਰਾਂ ਦੀਆਂ ਰੀਤਾਂ ਰਸਮਾਂ ਵਿਚੋਂ ਕਈ ਰੀਤਾਂ ਜੋ ਇਸ ਨੂੰ ਪੰਥ ਵਧਾਉਣੇ ਅਰ ਹੋਰ ਫਾਇਦਿਆਂ ਲਈ ਅੱਛੀਆਂ ਲੱਗੀਆਂ ਚੁਰਾਕੇ ਆਪਣੇ ਪੰਥ ਵਿਚ ਜਾਰੀ ਰੱਖੀਆਂ ।" (ਸਫਾ 75)

ਇਸ ਪੁਸਤਕ ਵਿਚ ਸਿਖ ਗੁਰੂਆਂ ਦੀ ਬੇਅਦਬੀ ਤਾਂ ਕੀਤੀ ਹੋਈ ਸੀ ਪਰ ਇਹ ਸਿਖ ਗੁਰੂਆਂ ਤੇ ਸਿਖ ਧਰਮ ਦਾ ਖੰਡਨ ਕਰਨ ਦੇ ਹੀ ਮਨੋਰਥ ਨਾਲ ਨਹੀਂ ਸੀ ਲਿਖੀ ਗਈ।ਇਸ ਤੋਂ ਪਹਿਲਾਂ ਕਈ ਅੰਗਰੇਜ਼ ਇਤਿਹਾਸਕਾਰ ਸਿਖ ਧਰਮ ਤੇ ਸਿਖ ਗੁਰੂਆਂ ਬਾਰੇ ਅਜਿਹੀਆਂ ਹਤਕ ਭਰਪੂਰ ਗੱਲਾਂ ਲਿਖ ਚੁਕੇ ਸਨ* ਤੇ ਸ਼ਰਧਾ ਰਾਮ ਫਿਲੌਰੀ ਨੇ ਉਨ੍ਹਾਂ ਪੁਸਤਕਾਂ ਨੂੰ ਹੀ ਆਧਾਰ ਬਣਾਇਆ ਜਾਪਦਾ ਹੈ।ਸਿੱਖਾਂ ਨੇ ਕਾਫ਼ੀ ਚਿਰ ਇਸ ਪੁਸਤਕ ਵਲ ਧਿਆਨ ਨਾ ਦਿੱਤਾ ।1900 ਈਸਵੀ ਵਿਚ ਭਗਤ ਲਛਮਣ ਸਿੰਘ ਨੇ ਆਪਣੇ <u>ਅੰਗਰੇਜ਼ੀ ਅਖਬਾਰ ± ਦੀ ਖਾਲਸਾ' ਵਿਚ ਇਸ ਦਾ ਜ਼ਿਕਰ ਕਰ ਕੇ ਸਿਖਾਂ ਦਾ ਧਿਆਨ ਇਸ ਪਾਸੇ ਦੁਆਇਆ</u>

* 1. 18. W.L.M' Gregor, The History of the Sikhs, vol.I, reprinted by Languages Department, Punjab in 1970, pp.36, 39, 72.

2. 19. Lieut.Col. Steinbach, The Punjab, London, 1945, reprinted by Languages Department, Punjab, in 1970, pp.119.

## ਸਿੱਖ -ਹਿੰਦੂ ਵਾਦ ਵਿਵਾਦੀ ਸਾਹਿਤ

ਸਿੰਘ ਸਭਾ ਦੇ ਅਸਰ ਹੇਠ ਸਿਖ ਇਸ ਗੱਲ ਤੇ ਜ਼ੋਰ ਦਿੰਦੇ ਸਨ ਕਿ ਉਹ ਹਰ ਲਿਹਾਜ਼ ਨਾਲ ਹਿੰਦੂਆਂ ਨਾਲੋਂ ਵਖਰੇ ਹਨ ਪਰ ਦੂਜੇ ਪਾਸੇ ਹਿੰਦੂ (ਆਰੀਆ ਤੇ ਸਨਾਤਨੀ) ਇਹ ਸਾਬਤ ਕਰਨ ਤੇ ਤੁਲੇ ਹੋਏ ਸਨ ਕਿ ਉਹ ਹਿੰਦੂਆਂ ਦਾ ਹੀ ਇਕ ਅੰਗ ਹਨ,ਉਨ੍ਹਾਂ ਦਾ ਧਰਮ ਹਿੰਦੂ ਧਰਮ ਤੋਂ ਵਖਰਾ ਨਹੀਂ,ਉਨ੍ਹਾਂ ਦੇ ਗੁਰੂ ਹਿੰਦੂ ਧਰਮ ਦੀਆਂ ਸਾਰੀਆਂ ਰੀਤਾਂ ਰਸਮਾਂ ਕਰਦੇ ਰਹੇ ,ਉਨ੍ਹਾਂ ਦਾ ਗ੍ਰੰਥ ਵੇਦਾਂ ਦਾ ਹੀ ਟੀਕਾ ਹੈ । ਦੋਵੇਂ ਧਿਰਾਂ ਇਕ ਦੂਜੀ ਨਾਲ ਆਪੋ ਆਪਣੇ ਪੈਂਤੜੇ ਤੋਂ ਲੜਦੀਆਂ ਰਹੀਆਂ ।

ਸੁਆਮੀ ਦਯਾਨੰਦ ਨੇ ਆਪਣੇ ਸਤਿਆਰਥ ਪ੍ਰਕਾਸ਼ ਵਿਚ ਸਿਖ ਗੁਰੂਆਂ ਬਾਰੇ ਬੇਅਦਬੀ ਦੇ ਸ਼ਬਦ ਵਰਤ ਕੇ ਇਸ ਲੜਾਈ ਨੂੰ ਤੇਜ਼ ਕਰ ਦਿਤਾ :-

1. ਨਾਨਕ ਜੀ ਕਾ ਆਸ਼ਯ ਤਾਂ ਅੱਛਾ ਹੈ ਪਰ ਵਿਦਿਆ ਨਹੀਂ ਜਾਨਤੇ ਥੇ ।

2. ਚਾਹਤੇ ਥੇ ਕਿ,ਮੈਂ ਸੰਸਕ੍ਰਿਤ ਮੇਂ ਪਗ( ਪੈਰ) ਅੜਾਉਂ,ਕਿੰਤੂ ਬਿਨਾਂ ਪੜ੍ਹੇ ਸੰਸਕ੍ਰਿਤ ਕੈਸੇ ਆ ਸਕਤੀ ਥੀ ?

3. ਹਾਂ ਉਨ ਗ੍ਰਾਮੀਣੋ ਕੇ ਸਾਹਮਣੇ ਜਿਨ੍ਹੋਂ ਸੰਸਕ੍ਰਿਤ ਕਭੀ ਸੁਨੀ ਭੀ ਨਹੀਂ ਥੀ ਸੰਸਕ੍ਰਿਤੀ ਬਨਾ ਕਰ ਸੰਸਕ੍ਰਿਤ ਕੇ ਭੀ ਪੰਡਤ ਬਨ ਗਏ ਹੋਗੇਂ ? ਭਲਾ ਯਹਿ ਬਾਤ ਆਪਣੀ ਮਾਨ ਪ੍ਰਤਿਸ਼ਠਾ,ਆਪਣੀ ਪ੍ਰਖਯਾਤੀ ਕੀ ਇੱਛਾ ਬਿਨਾਂ ਕਭੀ ਭੀ ਨਾ ਕਰਤੇ ।

4. ਉਨ ਕੋ ਆਪਣੀ ਪ੍ਰਤਿਸ਼ਠਾ ਕੀ ਇੱਛਾ ਅਵੱਸ਼ਯ ਥੀ ਨਹੀਂ ਤੋ ਜੈਸੀ ਭਾਸ਼ਾ ਜਾਨਤੇ ਥੇ ਕਹਿਤੇ ਰਹਿਤੇ ।

5. ਜਬ ਕੁਛ ਅਭਿਮਾਨ ਥਾ ਤੋ ਮਾਨ ਪ੍ਰਤਿਸ਼ਠਾ ਕੇ ਲੀਏ ਕੁਛ ਦੰਭ ਭੀ ਕੀਆ ਹੋਗਾ ?

6. ਜੋ ਪੁਰਖੋਂ ਕਾ ਨਾਮ ਸੰਤ ਹੋਤਾ ਹੈ ਵੋ ਵਿਚਾਰੇ ਬੇਦੋਂ ਕੀ ਮਹਿਮਾ ਕਭੀ ਭੀ ਨਹੀਂ ਜਾਨ ਸਕਤੇ ।ਨਾਨਕ ਜੀ ਬੇਦੋਂ ਕਾ ਮਾਨ ਕਰਤੇ ਤਾਂ ਉਨਕਾ ਸੰਪ੍ਰਦਾਇ ਨਾ ਚਲਤਾ ।ਨਾ ਵੋਹ ਗੁਰੂ ਬਨ ਸਕਤੇ ਥੇ ।ਕਯੋਂਕਿ ਸੰਸਕ੍ਰਿਤ ਤੋ ਪੜ੍ਹੇ ਨਹੀਂ ਥੇ ਦੂਸਰੋਂ ਕੋ ਪੜ੍ਹਾ ਕਰ ਸ਼ਿਸ਼ ਕੈਸੇ ਬਨਾਤੇ ।" ਨਾਨਕ ਜੀ ਕੇ ਬਹੁਤੇ ਸ਼ਿਸ਼ ਨਹੀਂ ਹੁਏ ਥੇ,ਅਵਿਦਵਾਨੋਂ ਕੀ ਯਹ ਚਾਲ ਹੈ ਕਿ ਮਰੇ ਪੀਛੇ ਉਨਕੋ ਸਿਖ ਬਨਾ ਲੇਤੇ ਹੈਂ ।ਯਹ ਕਹਿਨਾ ਬ੍ਰਹਿਮ ਗਿਆਨੀ ਆਪ ਪ੍ਰਮੇਸ਼ੁਰ ਗਪੌੜੇ ਨਹੀਂ ਤੋ ਔਰ ਕਿਆ ਹੈ ?

7. ਦੂਸਰਾ ਜੋ ਉਨਕੇ ਪੀਛੇ,ਉਨਕੇ ਲੜਕੇ ਕੇ ਉਦਾਸੀ ਚਲੇ ਔਰ ਰਾਮਦਾਸ ਆਦਿ ਸੇ ਨਿਰਮਲੇ। ( ਇਹ ਹੋਇਆ ਗਿਆਨ ਤੇ ਵਿਦਵਤਾ ਜਿਸ ਨੂੰ ਏਨਾ ਵੀ ਪਤਾ ਨਹੀਂ ਕਿ ਨਿਰਮਲੇ ਕਦੋਂ ਚਲੇ ) ।

8. ਕਿਤਨੇ ਹੀ ਗਦੀ ਵਾਲੋਂ ਨੇ ਭਾਸ਼ਾ ਬਣਾ ਕਰ ਗ੍ਰੰਥ ਮੇਂ ਰਖੀ ਹੈ ਔਰ ਉਨਕਾ ਗੁਰੂ ਗੋਬਿੰਦ-

ਸਿੰਘ ਦਸਮਾ ਹੂਆ ਉਨਕੇ ਪੀਛੇ ਇਸ ਗਰੰਥ ਮੇਂ ਕਿਸੀ ਕੀ ਭਾਸ਼ਾ ਨਹੀਂ ਮਿਲਾਈ ਗਈ ।ਕਿੰਤੂ ਵਹਾਂ ਤੱਕ ਜਿਤਨੇ ਛੋਟੇ ਛੋਟੇ ਪੁਸਤਕ ਥੇ ਉਸ ਸਭ ਕੋ ਇਕੱਠੇ ਕਰਕੇ ਜਿਲਦ ਬੰਨਵਾ ਦੀ ।ਕਿਤਨੇ ਹੀ ਨਾਨਾ ਪ੍ਰਕਾਰ ਕੇ ਪੁਰਾਣੋਂ ਕੀ ਮਿਥਿਆ ਕਥਾ ਕੇ ਤੁੱਲ ਬਣਾ ਦੀਏ ।

9. ਇਨਮੇਂ ਗੋਬਿੰਦ ਸਿੰਘ ਜੀ ਸੂਰਬੀਰ ਹੂਏ,ਮੁਸਲਮਾਨੋਂ ਨੇ ਉਨਕੇ ਪੁਰਖਾਉਂ ਕੋ ਬਹੁਤ ਦੁਖ ਦੀਆ ਥਾ ਵੇ ਉਨ ਸੇ ਵੈਰ ਲੈਣਾ ਚਾਹਤੇ ਥੇ ਪ੍ਰੰਤੂ ਉਨਕੇ ਪਾਸ ਕੋਈ ਸਮੱਗ੍ਰੀ ਨਾ ਥੀ,ਉਨੋ ਨੇ ਏਕ ਪੁਰਸ਼ਚਰਣ ਪ੍ਰਸਿੱਧੀ ਕੀ ਕਿ ਮੁਝੇ ਦੇਵੀ ਨੇ ਵਰ ਔਰ ਖੜਗ ਦੀਆ ਹੈ।ਕਿ ਤੁਮ ਮੁਸਲਮਾਨੋ ਸੇ ਲੜੋ , ਤੁਮਹਾਰਾ ਵਿਜਯ ਹੋਗਾ ਬਹੁਤ ਸੇ ਲੋਕ ਉਨਕੇ ਸਾਥੀ ਹੋ ਗਏ ।"

10. ਜੈਸੇ ਵਾਮ ਮਾਰਗੀਓ ਕੇ 'ਪੰਚ ਮਕਾਰ',ਚਕ੍ਰਾਂਕ੍ਰਿਤੇ 'ਪੰਚਸੰਸਕਾਰ' ਚਲਾਏ ਥੇ ਵੈਸੇ 'ਪੰਚ ਕਕਾਰ' ਓਨੋਂ ਨੇ ਚਲਾਏ ਜੋ ਯੁਧ ਕੇ ਉਪਯੋਗੀ ਥੇ ।ਅਬ ਇਸ ਸਮਯ ਉਨਕਾ ਰਖਨਾ ਕੁਛ ਉਪਯੋਗੀ ਨਹੀਂ ਹੈ ।

11. ਸਿਖ ਮੂਰਤੀ ਪੂਜਾ ਤੋ ਨਹੀਂ ਕਰਤੇ ਕਿੰਤੂ ਉਨਕੇ ਵਿਸ਼ੇਸ਼ ਗ੍ਰੰਥ ਕੀ ਪੂਜਾ ਕਰਤੇ ਹੈਂ ? ਜੈਸੇ ਮੂਰਤੀ ਵਾਲੋਂ ਨੇ ਦੁਕਾਨ ਜਮਾ ਕਰ ਜੀਵ ਕਾ ਠਾਢੀ ਹੈ ।ਵੈਸੇ ਇਨ ਲੋਗੋਂ ਨੇ ਭੀ ਕਰ ਲੀ ਹੈ । ਪ੍ਰੰਤੂ ਮੂਰਤੀ ਪੂਜਾ ਵਾਲੇ ਜਿਤਨਾ ਮਾਨ ਵੇਦੋਂ ਕਾ ਕਰਤੇ ਹੈਂ,ਗ੍ਰੰਥ ਸਾਹਿਬ ਵਾਲੇ ਨਹੀਂ ਕਰਤੇ,ਹਾਂ ਯਹ ਕਹਾ ਜਾ ਸਕਤਾ ਹੈ ਕਿ ਉਨੋਂ ਨੇ ਵੇਦੋਂ ਕੋ ਨਾ ਸੁਨਾ ਨ ਦੇਖਾ ਕਯਾ ਕਰੇਂ ?[1]

ਇਸ ਪਿਛੋਂ ਸਾਹਿਤ ਵਿਚ ਇਹ ਵਾਦ ਵਿਵਾਦ ਚਲ ਪਿਆ ਕਿ ਸੁਆਮੀ ਦਯਾਨੰਦ ਦਾ ਕਹਿਣਾ ਠੀਕ ਹੈ ਕਿ ਨਹੀਂ ।ਆਰੀਆ ਸਮਾਜੀ ਲਿਖਾਰੀ ਸੁਆਮੀ ਦਯਾਨੰਦ ਦੇ ਸਿਖ ਗੁਰੂਆਂ ਬਾਰੇ ਆਖੇ ਸ਼ਬਦਾਂ ਨੂੰ ਸੌ ਫ਼ੀ ਸਦੀ ਠੀਕ ਤੇ ਸਿੱਖ ਲਿਖਾਰੀ ਇਨ੍ਹਾਂ ਨੂੰ ਮੂਲੋਂ ਹੀ ਗ਼ਲਤ ਸਾਬਤ ਕਰਨ ਤੇ ਜ਼ੋਰ ਦਿੰਦੇ ਰਹੇ । ਸੰਮਤ 416 (1885) ਵਿਚ ' ਸ੍ਰੀ ਗੁਰਮਤ ਮੰਡਨ (ਅਰਥਾਤ ) ਪੰਡਤ ਦਯਾਨੰਦ ਸਰਸਵਤੀ ਨੇ ਅਪਨੇ ਰਚੇ " ਸਤਯਾਰਥ ਪ੍ਰਕਾਸ਼ ' ਨਾਮੀ ਪੁਸਤਕ ਮੇਂ ਜੋ ਗੁਰੂਮਤ ਪਰ ਜਾਨੇ ਵਾ ਅਨਜਾਨੇ ਆਖੇਪ ਕਿਯੇ ਹੈਂ ਉਨਕਾ ਸੰਖੇਪ ਰੀਤੀ ਸੀ ਸਮਾਧਾਨ ਔਰ ਜਿਸਕੋ ਸ੍ਰੀ ਗੁਰੂ ਸਿੰਘ ਸਭਾ ਕੇ ਏਕ ਸਭਾਸਦ ਨੇ ਆਰਯਾ ਸਮਾਜਿਯੋਂ ਕੇ ਹਿਤਾਰਥ ਪ੍ਰਕਾਸ਼ਤ ਕੀਯਾ" "48 ਸਫ਼ਿਆਂ ਦੀ ਇਸ ਕਿਤਾਬ ਦੇ ਅਗਿਆਤ ਲੇਖਕ ਨੇ ਸਭ ਤੋਂ ਪਹਿਲਾਂ ਪੰਡਤ ਦਯਾਨੰਦ ਦੇ ਸਿਖ ਗੁਰੂਆਂ ਸਬੰਧੀ ਲਿਖੇ ਵਿਚਾਰਾਂ ਨੂੰ ਦਿਤਾ ਹੈ ਜਿਨ੍ਹਾਂ ਦਾ ਨਿਚੋੜ ਅਸੀਂ ਪਹਿਲਾਂ ਦੇ ਚੁਕੇ ਹਾਂ ।ਇਸ ਤੋਂ ਪਿਛੋਂ ਉਹਨੇ ਸੁਆਮੀ ਦਯਾਨੰਦ ਦੇ ਵਿਚਾਰਾਂ ਦਾ ਬੜੇ ਤਰਕ ਭਰੇ ਢੰਗ ਨਾਲ ਲੜੀਵਾਰ ਉੱਤਰ ਦਿਤਾ ਹੈ,ਜਿਵੇਂ :-

1. ਸਤਿਆਰਥ-ਪ੍ਰਕਾਸ਼ ,ਅਧਿਆਇ ਇਕਾਦਸ,ਸਫ਼ਾ 350 ਤੋਂ 52 ਤੱਕ,ਛਾਪਕ ਆਰਯਾ ਪ੍ਰਦੇਸ਼ਕ ਸਭਾ,ਨਵੀਂ ਦਿੱਲੀ ।(ਹਵਾਲਾ ਦਿਤਾ ਸਿੰਘ ਸਭਾ ਪਤ੍ਰਿਕਾ,ਫ਼ਰਵਰੀ 1974 ਸਫ਼ਾ 5)

" ਫਿਰ ਦਯਾਨੰਦ ਜੀ ਲਿਖਦੇ ਹਨ ਕਿ ' ਗੁਰੂ ਨਾਨਕ ਜੀ ਕੇ ਲੜਕੇ ਸੇ ਉਦਾਸੀ ਚਲੇ ਔਰ ਰਾਮ ਦਾਸ ਆਦਿ ਸੇ ਨਿਰਮਲੇ ' ਭਲਾ ਇਹ ਲਿਖਣਾ ਸਵਾਮੀ ਜੀ ਦੀ ਆਗਿਯਾਨਤਾ ਨੂੰ ਸਿਧ ਨਹੀਂ ਕਰਦਾ ਤਾਂ ਕੀ ਕਰਦਾ ਹੈ ।" ਗੁਰੂ ਰਾਮ ਦਾਸ ਥੋਂ ਨਿਰਮਲੇ ਚਲੇ ' ਇਹ ਕਿਥੋਂ ਸਿੱਧ ਹੁੰਦਾ ਹੈ, ਕੀ ਸੁਣੀ ਸੁਣਾਈ ਗਲ ਨੂੰ ਠੀਕ ਮੰਨ ਕੇ ਬੁਧਿਮਾਨ ਲੋਕ ਖੰਡਨ ਮੰਡਨ ਵਿਚ ਪਰਵਿਰਤ ਹੁੰਦੇ ਹਨ, ਫੇਰ ਸਵਾਮੀ ਜੀ ਲਿਖਦੇ ਹਨ " ਕਿ ਕਿਤਨੇ ਹੀ ਗੱਦੀ ਵਾਲਿਆਂ ਨੇ ਭਾਖਾ ਬਨਾਕੇ ਗ੍ਰੰਥ ਮੇਂ ਰੱਖੀ ਹੈ ਅਰਥਾਤ ਇਨਕਾ ਗੁਰੂ ਗੋਬਿੰਦ ਸਿੰਘ ਦਸमਾ ਹੂਆ ਉਨਕੇ ਪੀਛੇ ਉਸ ਗ੍ਰੰਥ ਮੇਂ ਕਿਸੀ ਕੀ ਭਾਸ਼ਾ ਨਹੀਂ ਮਿਲਾਈ ਕਿੰਤੂ ਵਹਾਂ ਤੱਕ ਕੇ ਜਿਤਨੇ ਛੋਟੇ ਛੋਟੇ ਪੁਸਤਕ ਥੇ ਉਸ ਸਭ ਕੋ ਇਕੱਠੇ ਕਰਕੇ ਜਿਲਦ ਬੰਧਵਾਈ ।" ਮਲੂਮ ਹੁੰਦਾ ਹੈ ਕਿ ਸਵਾਮੀ ਜੀ ਇਹ ਨਹੀਂ ਸਮਝਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਨੇ ਬੰਨ੍ਹੀ ਸੀ ਨਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਯਾ ਉਸ ਥੋਂ ਪਿਛੋਂ[2] ।"

ਗਿਆਨੀ ਦਿੱਤ ਸਿੰਘ ਨੇ 'ਦੰਭ ਵਿਦਾਰਨ ' (1900 ਈ:) ਲਿਖ ਕੇ ਸਤਿਆਰਥ ਪ੍ਰਕਾਸ਼ ਦੇ ਪਹਿਲੇ ਭਾਗ ਜਿਹੜਾ ਵੇਦ ਵਿਧੀ ਤੇ ਵੰਧਾਨ ਦੇ ਰੂਪ ਵਿਚ ਰਚਿਆ ਗਿਆ ਸੀ, ਦੀ ਬੜੀ ਜ਼ਬਰਦਸਤ ਤੇ ਤਰਕ ਭਰਪੂਰ ਸਮੀਖਿਆ ਕੀਤੀ । ਇਹ ਪੁਸਤਕ ਅਧੂਰੀ ਹੀ ਹੈ, ਦੂਜਾ ਭਾਗ ਜੋ ਭਾਈ ਸਾਹਿਬ ਜੀ ਨੇ ਲਿਖਿਆ ਸੀ ਜਾਂ ਤੇ ਉਹ ਹਾਲਾਂ ਛਾਪਿਆ ਨਹੀਂ ਗਿਆ ਸੀ ਜਾਂ ਉਹ ਲਿਖ ਨਹੀਂ ਸਨ ਸਕੇ[3] ।

ਆਪਣੀਆਂ ਹੋਰ ਬਹੁਤ ਸਾਰੀਆਂ ਰਚਨਾਵਾਂ ਵਾਂਗ ਗਿਆਨੀ ਦਿੱਤ ਸਿੰਘ ਨੇ 'ਦੰਭ ਵਿਦਾਰਨ ' ਵੀ ਚੰਪੂ-ਕਾਵਿ ਵਿਚ ਲਿਖੀ ।ਇਕੋ ਗੱਲ ਨੂੰ ਪਹਿਲਾਂ ਕਵਿਤਾ ਤੇ ਫਿਰ ਵਾਰਤਕ ਵਿਚ ਕਿਹਾ ਗਿਆ ਹੈ ।ਗਿਆਨੀ ਦਿੱਤ ਸਿੰਘ ਨੇ ' ਸੰਧਯਾ ਅਤੇ ਆਚਮਾਨ ਵਿਧੀ', ' ਅਗਨਿ ਹੋਤ੍ਰ ਦਾ ਪੁੱਤ੍ਰਾਂ ਪ੍ਰਤਿ ਉਪਦੇਸ਼,'' ਤਰਪਣ ਕਰਨ ਦੀ ਵਿਧੀ,' 'ਬਲਿ ਦੇਨ ਦੀ ਵਿਧੀ,' 'ਦੂਸਰਾ ਅਗਨੀ ਹੋਤ੍ਰ ਦਾ ਪ੍ਰਕਾਰ', 'ਮਨੁਖਯ ਮਾਤ੍ਰ ਲਈ ਕਰਤੱਬਯ', 'ਸੰਧਯਾ ਤ੍ਰਿਕਾਲ ਦਾ ਖੰਡਨ,' 'ਨਯੋਗ ਕਰਨ ਦਾ ਪ੍ਰਚਾਰ', 'ਪੁਤ੍ਰ ਉਤਪਤ ਕਰਨ ਦਾ ਢੰਗ', 'ਗੋਮੇਧ ਅਤੇ ਮਾਂਸ ਖਾਨ ਦੀ ਆਗਯਾ - ਪਾਰਾਸਰੀ ਸਿੰਮ੍ਰਤੀ ਪੁਰ ਕੁਤਰਕ', 'ਜਗਤ ਉਤਪੱਤੀ ਪ੍ਰਕਾਰ ਅਤੇ ਮਨੁੱਖਾਂ ਦਾ ਗਿਰਨਾ,' 'ਭਖਯ ਅਭਖਯ ਨਿਰਨਯ,'' ਸਾਧੂ ਦਿਆਨੰਦ ਜੀ ਦੀ ਇਤਿਹਾਸਕ ਅਰਥਾਤ ਤਾਰੀਖੀ ਵਿਦਯਾ ਵਿੱਚ ਅਦੁਤੀਯਤਾ,' 'ਮੁਕਤਿ ਦਾ ਪ੍ਰਥਮ ਨਿਸਚਾ,'' ਮਤ ਮਤਾਂਤ੍ਰਾਂ ਪਰ ਕੁਤਰਕ', ' ਜੈਨ ਮਤ ਪੁਰ ਸਾਧੂ ਦਾ ਦੋਖ', ਸਿਰਲੇਖਾਂ ਹੇਠ ਆਪਣੇ ਵਿਚਾਰ ਪੇਸ਼ ਕਰਕੇ ਸਤਿਆਰਥ ਪ੍ਰਕਾਸ਼ ਦਾ ਖੰਡਨ ਕੀਤਾ ਤੇ ਸੁਆਮੀ ਦਯਾਨੰਦ ਨੂੰ 'ਲਾਲ ਬੁਝੱਕੜ', 'ਅਗਯਾਨੀ' ਆਦਿ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ।ਸਤਿਆਰਥ ਪ੍ਰਕਾਸ਼ ਦੇ ਹੀ ਆਧਾਰ ਤੇ ਆਰੀਆ ਸਮਾਜ ਦੇ ਧਾਰਮਿਕ ਵਿਚਾਰਾਂ ਦੇ ਖੰਡਨ ਕਰਨ

---

2. ਸ੍ਰੀ ਗੁਰਮਤ ਮੰਡਨ (ਸੰ:416), ਸਫੇ 33-34.

3. ਗੁਰਦਿੱਤ ਸਿੰਘ ਗਿਆਨੀ, ਸਿੰਘ ਸਭਾ ਪਤ੍ਰਿਕਾ , ਜਨਵਰੀ 1974, ਸਫਾ 3.

ਦਾ ਇਹ ਬੜਾ ਹੀ ਦਲੇਰਾਨਾ ਕਦਮ ਸੀ ।ਕਈ ਗੱਲਾਂ ਦਾ ਤਾਂ ਇਨ੍ਹਾਂ ਨੇ ਬਹੁਤ ਬੁਰੀ ਤਰ੍ਹਾਂ ਮਖੌਲ ਉਡਾਇਆ ਹੈ ।ਜਿਵੇਂ 'ਨਯੋਗ ਕਰਨ ਦਾ ਪ੍ਰਕਾਰ' ਸਿਰਲੇਖ ਹੇਠ ਪਹਿਲਾਂ ਸੁਆਮੀ ਦਯਾਨੰਦ ਦੇ ਨਿਯੋਗ ਬਾਰੇ ਵਿਚਾਰ ਦਿਤੇ ਹਨ ਫਿਰ ਉਨ੍ਹਾਂ ਤੇ ਟਿਪਣੀ ਕਰਦਿਆਂ ਲਿਖਿਆ ਹੈ :-

ਦੋਹਰਾ- ਦੇਖੋ ਇਹ ਕੀ ਸਾਧ ਨੇ ਕੀਤਾ ਹੋਰ ਘਮੰਡ ॥
ਰਸਮ ਨਿਯੋਗ ਵਿਗਾੜ ਕੇ ਕਰੈ ਜਗਤ ਦਾ ਭੰਡ । 6"

. . . . . . . . . . . . . . . . . .

ਇਨ੍ਹਾਂ ਵਿੱਚੋਂ ਪਹਲੇ ਨਿਯੋਗ ਦਾ ਤਾਂ ਪਤਾ ਹੀ ਨਹੀਂ ਦੱਸਯਾ ਕੇ ਉਹ ਸਾਰੀ ਉਮਰਾਂ ਵਾਸਤੇ ਹੈ ਕੇ ਉਸਦੀ ਭੀ ਕੋਈ ਹੱਦ ਹੈ,ਕਿਉਂਕਿ ਉਸ ਪਰ ਕੇਵਲ ਇਤਨਾ ਹੀ ਲਿਖਯਾ ਹੈ ਕੇ ਦੇਵਰ ਯਾ ਜੇਸਠ ਨਯੋਗ ਕਰੇ,ਕਿੰਤੂ ਉਸਦਾ ਕਾਲ ਨਹੀਂ ਦੱਸਯਾ ਕੇ ਕਿਤਨਾ ਚਿਰ ਕਰੇ,ਇਸਤੇ ਬਿਨਾਂ ਇਹ ਭੀ ਨਹੀਂ ਪ੍ਰਗਟ ਕੀਤਾ ਕੇ ਉਹ ਦੇਵਰ ਯਾ ਜੇਠ ਕੁਆਰੇ ਹੋਨ ਯਾ ਬਿਵਾਹੇ ਹੋਏ ਭੀ ਪੈਹਲੀ ਇਸਤਰੀ ਪਰ ਸੌਕਨ ਪਾ ਲੈਨ ।"

ਇਸਤੇ ਅੱਗੇ ਦੂਸਰੇ ਨਿਯੋਗ ਵਿੱਚ ਇਹ ਦੱਸਯਾ ਹੈ ਕੇ ਜਿਸ ਬਿਧਵਾ ਨੂੰ ਪੁਤਰ ਦੀ ਇਛਾ ਹੋਵੇ ਉਸ ਨਾਲ ਦਿਯੋਗ ਕਰਕੇ ਇੱਕ ਯਾ ਦੋ ਪੁੱਤਰ ਪੈਦਾ ਕਰੇ ਕਿੰਤੂ ਉਸ ਵਿੱਚ ਜੋ ਅੱਧੀਗਤ ਨੂੰ ਪਿੰਡੇ ਨੂੰ ਘੀਉ ਮਲਨਾ ਦੱਸਿਆ ਹੈ ਸੋ ਇੱਕ ਐਸਾ ਬੁਰਾ ਕੰਮ ਹੈ ਜਿਸਤੇ ਘ੍ਰਿਣਾ ਆਉਂਦੀ ਹੈ - - - - - -

ਇਸਤੇ ਬਿਨਾਂ ਜੋ ਅੱਗੇ ਇਹ ਉਪਦੇਸ਼ ਦੇਂਦੇ ਹਨ ਕੇ ਪੁੱਤਰ ਪੈਦਾ ਹੋਨੇ ਮਗਰੋਂ ਉਹ ਅਪਨਾ ਨਿਯੋਗ ਤੋੜ ਦੇਨ ਜਿਸ ਪਰ ਇਸਤਰੀ ਪੁਰਖ ਨੂੰ ਗੁਰੂ ਜਾਣੈ ਅਰ ਪੁਰਖ ਅਪਨੀ ਨੂੰਹ ਸਮਝੇ ਸੋ ਇਹ ਤਾਂ ਇੱਕ ਮਹਾਂ ਅਜੋਗ ਬਾਤ ਹੈ,ਕਿਉਂਕਿ ਜਿਸ ਇਸਤਰੀ ਪੁਰਖ ਦਾ ਪਤਿ ਅਤੇ ਸੁਪਤਨੀ ਵਾਲਾ ਚਿਰ ਕਾਲ ਸਬੰਧ ਰਿਹਾ ਹੋਵੇ ਉਹ ਆਪਸ ਵਿਚ ਪਿਤਾ ਪੁਤਰੀ ਵਾਲਾ ਸੰਬੰਧ ਪੈਦਾ ਕਰਦੇ ਅਤਿ ਲੱਜਤ ਹੋਣਗੇ ।[4]

ਇਸ ਤਰ੍ਹਾਂ ਨਿਯੋਗ ਨੂੰ ਨਿੰਦ ਕੇ ਤੇ ਸਿਖ ਧਰਮ ਵਿਚ ਵਿਧਵਾ ਇਸਤਰੀ ਦੇ ਵਿਆਹ ਦੀ ਸਿਫਤ ਕਰਕੇ ਇਕ ਤਰ੍ਹਾਂ ਨਾਲ ਸਿਖ ਧਰਮ ਨੂੰ ਆਰੀਆ ਧਰਮ ਨਾਲੋਂ ਉਤਮ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ :-

" ਇਸ ਤਰ੍ਹਾਂ ਬਿਧਵਾ ਇਸਤਰੀ ਦੀ ਰੀਤੀ ਸਿੱਖਾਂ ਵਿੱਚ ਭੀ ਹੈ ਜੋ ਅਪਨੇ ਦੇਵਰ ਯਾ ਜੇਠ ਆਦਿਕ ਨਾਲ ਅਨੰਦ ਪੜ੍ਹਾਇਆ ਜਾਂਦਾ ਹੈ ਪ੍ਰੰਤੂ ਉਸਤੇ ਇਹ ਖਰਾਬੀ ਨਹੀਂ ਕਰਾਈ ਜਾਂਦੀ ਜੋ ਮੁੰਡੇ ਜਮਕੇ ਅਲੱਗ ਹੋ ਜਾਏ ਕਿੰਤੂ ਉਹ ਉਸਦਾ ਦੂਸਰਾ ਪਤੀ ਹੀ ਹੁੰਦਾ ਹੈ ਜੈਸਾ ਕੇ ਪਹਲਾ ਪਤਿ ਸਾ,ਇਸ ਵਾਸਤੇ ਉਹ ਸਾਰੀ ਉਮਰਾ ਅਪਨਾ ਗ੍ਰਹਸਥ ਦਾ ਬਿਵਹਾਰ ਕਰਦਾ ਹੈ ਜਿਸ ਵਿੱਚ ਕਿਸੇ ਪ੍ਰਕਾਰ ਦੀ ਭੀ

---

4. ਗਿਆਨੀ ਦਿੱਤ ਸਿੰਘ,ਦੰਭ ਵਿਦਾਰਨ ਸਫਾ 143.

ਖਰਾਬੀ ਨਹੀਂ ਨਿਕਲਦੀ ।"[5]

ਸਤਿਆਰਥ ਪ੍ਰਕਾਸ਼ ਵਿਚ ਜਿਹੜਾ ਗੁਰੂ ਨਾਨਕ ਨੂੰ ਅਨਪੜ੍ਹ ਕਿਹਾ ਗਿਆ ਹੈ ਤੇ ਉਸ ਵਿਚ ਜਿਹੜੀ ਨਿਯੋਗ ਫਿਲਾਸਫੀ ਦਿਤੀ ਗਈ ਹੈ, ਉਸ ਬਾਰੇ ਪੰਜਾਬੀ ਜ਼ੁਬਾਨ ਵਿਚ ਬਹੁਤ ਸਾਰਾ ਸਾਹਿਤ ਪੈਦਾ ਹੋਇਆ । ਭਾਈ ਜਗਤ ਸਿੰਘ ਨੇ ' ਦਯਾਨੰਦ ਅਰ ਸੁਖ ਲਾਲ ਮਤ ਖੰਡਨ' (ਜੂਨ 1909), ਭਾਈ ਸੇਵਾ ਸਿੰਘ ਨੇ 'ਧੋਤੇ ਮੂੰਹ ਚਪੇੜ', ਭਾਈ ਬੁਧ ਸਿੰਘ ਉਪਦੇਸ਼ਕ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਨੇ 'ਨਿਯੋਗ ਦਰਪਣ ਅਥਵਾ ਨਿਯੋਗ ਫਿਲੌਸਫੀ', ਨਰੈਣ ਸਿੰਘ ਨੇ 'ਆਰਯਾ ਨਿਯੋਗ', 'ਭਾਈ ਮੋਹਨ ਸਿੰਘ ਵੈਦ ਨੇ 'ਆਰੀਆਂ ਦੇ ਢੋਲ ਦਾ ਪੋਲ '(ਜਨਵਰੀ 1915) ਸ਼ੇਰ ਸਿੰਘ ਗਯਾਨੀ ਨੇ 'ਕਪਟ ਬਿਨਾਸ਼', ਲਿਖ ਕੇ ਜਿਥੇ ਇਕ ਪਾਸੇ ਇਸ ਲੜਾਈ ਵਿਚ ਵਾਧਾ ਕੀਤਾ ਉਥੇ ਪੰਜਾਬੀ ਸਾਹਿਤ ਦੇ ਭੰਡਾਰ ਨੂੰ ਵੀ ਵਧਾਇਆ । ਨਮੂਨੇ ਦੇਖਣ ਵਾਲੇ ਹਨ :-

" ਦਯਾ ਨੰਦ ਨੇ ਭਾਖਾ ਦੇ ਇਕ ਅਧੀ ਪੋਥੀ ਸੁਣੀ ਹੋਵੇਗੀ ਕਿਸੇ ਪਾਸੋਂ ਸੋ ਉਸੇ ਨੂੰ ਸੁਣ ਕੇ ਦਯਾਨੰਦ ਦਾ ਢਿਡ ਆਫਰ ਗਿਆ ਕਿ ਮੈਂ ਭਾਖਾ ਦਾ ਪੰਡਿਤ ਬਣ ਗਿਆ । ਸੋ ਭਾਖਾ ਬਿਨਾ ਅਛੀ ਤਰ੍ਹਾਂ ਪੜ੍ਹੇ ਦੇ ਕਿਸ ਤਰ੍ਹਾਂ ਆ ਸਕਦੀ ਹੈ । ਕਿਉਂਕਿ ਭਾਖਾ ਅਛੀ ਤਰ੍ਹਾਂ ਜਾਣਦਾ ਹੁੰਦਾ ਤਾਂ ਸਮਝ ਲੈਂਦਾ ਕਿ ਨਿਰਭਉ ਪੰਜਾਬੀ ਭਾਖਾ ਦੇਸੀ ਅਰ ਨਿਰਭੈ ਸਸਕ੍ਰਿਤ ਬੋਲੀ ਹੈ । ਹੁਣ ਸਿਧ ਏਹ ਬਾਤ ਹੋਈ ਨਿਰਭਉ ਦਾ ਅਰਥ ਕਰਨ ਵੇਲੇ ਦਯਾਨੰਦ ਦੀ ਮਾਤਾ (ਬੁਧੀ) ਨੂੰ ਤਾਪ ਚੜ ਗਿਆ ਹੋਵੇਗਾ ਇਸ ਕਰਕੇ ਅਰਥ ਨਹੀਂ ਕੀਤਾ ਗਿਆ ।"[6]

"<u>ਵੇਦ ਭਗਤ</u> - ਪਿਆਰੀ ਘਬਰਾਓ ਨਹੀਂ ਏਹ ਵੇਦ ਅਤੇ ਸਵਾਮੀ ਜੀ ਦੀ ਆਗਯਾ ਹੈ ਇਸ ਵਿਚ ਕੋਈ ਦੋਸ਼ ਨਹੀਂ ।

ਯਸੋਦਾਂ - (ਅਗ ਭਬੂਕਾ ਹੋਕੇ ) ਹੈ ਬੇਸ਼ਰਮ ਪਤੀ ਕੀ ਤੂੰ ਇਸ ਗੱਲ ਨੂੰ ਪਸੰਦ ਕਰੇਂਗਾ ਕਿ ਮੈਂ ਤੇਰੇ ਸੇਹਰਿਆਂ ਦੀ ਵਿਆਹੁਤ ਹੋਕੇ ਇਕ ਦੂਸਰੇ ਪੁਰਸ਼ ਨਾਲ ਰਾਤ ਕਟਾਂ ਤੇ ਤੂੰ ਸਾਰੀ ਰਾਤ ਦੂਸਰੀ ਮੰਜੀ ਤੇ ਘਰ ਦੀ ਇਕ ਨੁਕਰੇ ਪਿਆ ਰਹੇਂ ,"[7]

"ਮਹਾਸ਼ਾ (ਸਤਯਾਰਥ ਪ੍ਰਕਾਸ਼ ਨੂੰ ਸਾਮ੍ਹਣੇ ਧਰ ਕੇ) ਲਉ ਭਾਈ ਜੀ ਮੈਂ ਪੜ੍ਹਦਾ ਹਾਂ, ਤੁਸੀਂ ਸੁਣੋ ਲਿਖਯਾ ਹੈ ' ਕਿਆ ਗ੍ਰਭ ਪਾਤ ਨ ਰੂਪ ਬਾਲਕ ਹਤਿਆ ਔਰ ਵਿਧਵਾ ਇਸਤ੍ਰੀ ਔਰ ਰੰਡੇ ਪੁਰਸ਼ ਕੋ ਮਹਾਂ ਸੰਤਾਪ ਕੋ ਪ੍ਰਾਪਤ ਨਹੀਂ ਗਿਨਤੇ ਹੋ ਕਿਉਂਕਿ ਜਬ ਤੱਕ ਵੋ ਜੁਬਾ

5. ਉਹੀ ਸਫਾ 145.
6. ਭਾਈ ਜਗਤ ਸਿੰਘ, ਦਯਾਨੰਦ ਅਰ ਸੁਖ ਲਾਲ ਮਤ ਖੰਡਨ, ਪਹਿਲੀ ਵਾਰ, ਜੂਨ 1909 ਸਫਾ 2.
7. ਭਾਈ ਸੇਵਾ ਸਿੰਘ, ਧੋਤੇ ਮੂੰਹ ਚੁਪੇੜ, ਸਫਾ 24.

ਅਵਸਥਾ ਮੇਂ ਹੈਂ ਮਨ ਮੇਂ ਸੈਤਾਨ ਉਤਪਤੀ ਔਰ ਵਿਸ਼ੁਯ ਕੀ ਚਾਹਨਾ ਹੋਨੇ ਵਾਲੇ ਕੋ ਕਿਸੀ ਰਾਜ ਵਿਵਹਾਰ ਵਾ ਜਾਤੀ ਵਿਵਹਾਰ ਸੇ ਰੁਕਾਵਟ ਹੋਨੇ ਸੇ ਗੁਪਤ ਗੁਪਤ ਕੁਕਰਮ ਬੁਰੀ ਚਾਲ ਸੇ ਹੋਤੇ ਰਹਿਤੇ ਹੈਂ। ਇਸ ਵਿਭਚਾਰ ਔਰ ਕੁਕਰਮ ਕੋ ਰੋਕਨੇ ਕਾ ਏਹ ਯਹੀ ਸ਼੍ਰੇਸ਼ਟ ਉਪਾਉ ਹੈ ' ਜੋ ਕਿ ਜਿਤਿੰਦ੍ਰੇ ਰਹਿ ਸਕੇਂ '। ਕਿੰਤੂ ਵਿਵਾਹ ਵਾ ਨਿਯੋਗ ਭੀ ਨ ਕਰੇਂ ਤੋਂ ਠੀਕ ਹੈ ਪ੍ਰੰਤੂ ਜੋ ਐਸੇ ਨਹੀਂ ਹੈ ( ਜੋ ਜਿਤਿੰਦ੍ਰੇ ਨਹੀਂ ਕਿੰਤੂ ਵਿਸ਼ੁਈ ਹੈਂ ) ਉਨ ਕਾ ਵਿਵਾਹ ਔਰ ਨਿਯੋਗ ਆਪਤ ਕਾਲ ਮੇਂ ਅਵਸ਼੍ਯ ਹੋਨਾ ਚਾਹੀਏ 'ਆਦਿਕ ,

ਸਿਖ- ਕਿਉਂ ਮਹਾਸ਼ਾ ਜੀ ਕੁਝ ਸਮਝ ਆਈ ਹੈ ।ਵੇਖੋ ਤੁਹਾਡੇ ਸਵਾਮੀ ਜੀ ਦਾ ਇਹ ਲੇਖ ਕੀ ਦਸਦਾ ਹੈ ਕਿ ਜੋ ਜਿਤੰਦ੍ਰੇ ਨਹੀਂ ਹਨ ਜਿਨ੍ਹਾਂ ਦੇ ਵਿਚ ਵਿਸ਼ੁਯ ਦੀ ਚਾਹਨਾ ਹੈ ਜੋ ਸਰਕਾਰ ਤੇ ਬ੍ਰਾਦਰੀ ਤੋਂ ਡਰਦੇ ਹੋਏ 'ਕਾਮ ਚੇਸ਼ਟਾ ਦੀ ਇਛਾ' ਨੂੰ ਪੂਰਨ ਕਰਨ ਲਈ ਲੁੱਕ ਲੁੱਕ ਕੇ ਵਿਭਿਚਾਰ ਕਰਦੇ ਹਨ ।ਉਨ੍ਹਾਂ ਨੂੰ ਖੁਲ੍ਹਮ ਖੁਲ੍ਹਾ ਨਿਡਰ ਹੋ ਕੇ ਕਾਮ ਦੀਆਂ ਮੌਜਾਂ ਲੁੱਟਨ ਲਈ ਤੇ . . . . . .[8] "

" ਅਵਲ ਖਾਉਂਦ ਉਲਾਦ ਪੈਦਾ ਨਾ ਕਰੇ ।
ਦੂਜਾ ਖਸਮ ਸਿਰ ਪਰ ਧਰੇ ।
ਫਿਰ ਤੀਜੇ ਦਾ ਉਹ ਮੁਢ ਉਸਰੇ ।
ਆਖੋ ਹੈ ਹਾ ਨਿਯੋਗ ।

ਚੋਥੇ ਖਾਉਂਦ ਨੂੰ ਦੇਖ ਭਾਲ ।
ਪੈਹਲਾਂ ਮਾਲਕ ਲੈ ਜਾਏ ਨਾਲ ।
ਪੰਜਵੇਂ ਵਲ ਫਿਰ ਕਰੇ ਖਿਆਲ ।
ਆਖੋ ਹੈ ਹਾ ਨਿਯੋਗ ।

ਛੇਵਾਂ ਖਸਮ ਜੋ ਹੋਵੇ ਭੇੜਾ ।
ਰਹਿੰਦਾ ਇਸਤ੍ਰੀ ਨਾਲ ਅਵੇੜਾ ।
ਕਰਦਾ ਬਹੁਤ ਮਾਰ ਲਤੇੜਾ
ਆਖੋ ਹੈ ਹਾ ਨਿਯੋਗ ।

ਪੈਹਲੇ ਖਸਮ ਨੂੰ ਦੇਵੇ ਦੋ ।
ਏਦਾਂ ਦੂਜੇ ਨੂੰ ਭੀ ਹੋ ।
ਤੀਜੇ ਵੰਡ ਪੂਰੀ ਜਾ ਹੋ ।
ਆਖੋ ਹੈ ਹਾ ਨਿਯੋਗ ।

8. ਭਾਈ ਬੁਧ ਸਿੰਘ, ਨਿਯੋਗ ਦਰਪਣ ਅਰਥਾਤ ਨਿਯੋਗ ਫਿਲੌਸਫ਼ੀ, ਸਫ਼ਾ 4.

ਸਤਵੇਂ ਖਸਮ ਦੇ ਜਾ ਕਰ ਨਾਰ ।
ਬੱਚੇ ਪੈਦਾ ਕਰੇ ਦੋ ਚਾਰ ।
ਵੰਡੇ ਘਰ ਵਿਚ ਵਾਰੋ ਵਾਰ ।
ਆਖੋ ਹੈ ਹਾ ਨਿਯੋਗ ।

ਚੌਥੇ ਏਦਾਂ ਮਿਲਨਗੇ ਦੋ ।
ਪੰਜਵੇਂ ਪਲਾ ਪੂਰਾ ਹੋ ।
ਛੇਵੇਂ ਬੈਠੇ ਹਥ ਫਿਰ ਧੋ ।
ਆਖੋ ਹੈ ਹਾ ਨਿਯੋਗ ।

ਸਤਵਾਂ ਉਲਾਦ ਪੈਦਾ ਜਦ ਕਰੇ ।
ਅਠਵਾਂ ਪਲਾ ਨਾਰਦਾ ਫਰੇ ।
ਨੌਵੇਂ ਝੁਰ ਝੁਰ ਏਵੇਂ ਮਰੇ ।
ਆਖੋ ਹੈ ਹਾ ਨਿਯੋਗ ।

. . . . . . . . . . . . . "[9]

" ਗਰਭ ਵਤੀ ਇਸਤ੍ਰੀ ਸੇ ਏਕ ਵਰਖ ਸਮਾਗਮ ਨ ਕਰਨੇ ਕੇ ਸਮਯ ਮੇਂ ਪੁਰਖ ਵ ਇਸਤ੍ਰੀ ਸੇ ਨ ਰਹਾ ਜਾਯ ਤੋ ਕਿਸੀ ਸੇ ਨਯੋਗ ਕਰਕੇ ਉਸਕੇ ਲਿਯੇ ਪੁਤ੍ਰ ਉਤਪਤਿ ਕਰਦੇ, ਪਰੰਤੂ ਵੇਸ਼ਯਾ ਗਮਨ ਕਬੀ ਨ ਕਰੇ ।' (ਸਤਿਆਰਥ ਪ੍ਰਕਾਸ਼ )

" ਮੇਰੀ ਇਸਤ੍ਰੀ ਛੇ ਸਾਲ ਤੋਂ ਬੀਮਾਰ ਹੈ, ਕੋਈ ਆਰੀਆ ਮਹਾਸ਼ਯ ਆਪਣੀ ਇਸਤ੍ਰੀ ਮੇਰੇ ਪਾਸ ਸਵਾਮੀ ਜੀ ਦੇ ਦੱਸੇ ਧਰਮ ਅਨੁਸਾਰ ਨਯੋਗ ਕਰਕੇ ਸੰਤਾਨ ਉਤਪਤੀ ਵਾਸਤੇ ਭੇਜਣ ਨੂੰ ਤਿਆਰ ਹੋਣ ਤਕ ਪਤਾ ਭੇਜਣਾ । ਜੇ ਉਹ ਮਹਾਸ਼ਯ ਚਾਹੁੰਣ ਤਦ ਮੈਂ ਓਨਾਂ ਵਾਸਤੇ ਭੀ ਸੰਤਾਨ ਉਤਪਨ ਕਰ ਦੇਵਾਂਗਾ " ।

( ਮਹਾਸ਼ਯ ਕਾਲੂ ਰਾਮ ਦਾ ਅਪ੍ਰੈਲ 1907 ਦੇ ਆਰੀਆ ਗਜ਼ਟ ਵਿਚ ਛਪਿਆ ਇਸ਼ਤਿਹਾਰ)
" 10 .

---

9. ਨਰੈਣ ਸਿੰਘ, ਆਰਯਾ ਨਿਯੋਗ, ਸਫੇ 4,5.

10. ਭਾਈ ਮੋਹਨ ਸਿੰਘ ਵੈਦ, ਆਰੀਆ ਦੇ ਢੋਲ ਦਾ ਪੋਲ, ਦੂਜੀ ਵਾਰ, ਜਨਵਰੀ 1915 ਸਫਾ 26.

" ਮੇਰਾ ਮਾਲਕ ਪੰਜ ਬਰਸ ਹੋਏ ਦਿਵਾਲਾ ਕਢ ਕੇ ਬਾਹਰ ਨਿਕਲ ਗਿਆ ਸੀ,ਮੇਰੇ ਗਹਣੇ ਪਹਲੇ ਹੀ ਵੇਚ ਚੁਕਾ ਸੀ,ਹੁਣ ਮੇਰਾ ਗੁਜ਼ਾਰਾ ਹੋਣਾ ਮੁਸ਼ਕਲ ਹੈ,ਮੇਰੀ ਮਾਂ ਭੀ ਵਿਧਵਾ ਹੈ ਜਿਸਦੇ ਪਾਸ ਕੋਈ ਮਾਲੀ ਤਾਕਤ ਨਹੀਂ ਇਕ ਹਫਤੇ ਤਕ ਮੇਰੇ ਖਾਵੰਦ ਨੇ ਮੈਨੂੰ ਘਰ ਨ ਵਸਾਇਆ ਤੇ ਕੋਈ ਖਬਰ ਸਾਰ ਨ ਲਈ ਤਾਂ ਮੈਂ ਆਰਯਾ ਸਮਾਜ ਦੇ ਦਸਤੂਰ ਮੂਜਬ ਧਰਮ ਸ਼ਾਸ਼ਤਰ ਦੇ ਅਨੁਸਾਰ ਨਿਯੋਗ ਕਰ ਲਵਾਂਗੀ ਫਿਰ ਮੇਰੇ ਖਾਵੰਦ ਦਾ ਕੋਈ ਦਾਵਾ ਨਹੀਂ ਹੋਵੇਗਾ ।"

ਡੰਗ ਸਿਆਲ 20 ਕਤਕ 1967[11]

ਭਾਈ ਮੋਹਨ ਸਿੰਘ ਵੈਦ ਨੇ ਤਾਂ ਨਾਗਰੀ ਤੇ ਉਰਦੂ ਜ਼ੁਬਾਨ ਵਿਚ ਹੋਰਨਾਂ ਧਰਮਾਂ ਵਾਲਿਆਂ ਵਲੋਂ ਦਯਾ ਨੰਦ ਵਿਰੁਧ ਛਪੀਆਂ ਪੁਸਤਕਾਂ ਨੂੰ ਵੀ ਪੰਜਾਬੀ ਰੂਪ ਦੇ ਕੇ ਪੰਜਾਬੀ ਵਿਚ ਵਾਦ ਵਿਵਾਦੀ ਸਾਹਿਤ ਦੇ ਖਜ਼ਾਨੇ ਨੂੰ ਵਧਾਇਆ ।[12]

ਹਿੰਦੂ ਜੇ ਕਰ ਇਹ ਸਾਬਤ ਕਰ ਦੇਣ ਕਿ ਸਿੱਖ ਗੁਰੂ ਵੇਦ-ਭਗਤ ਸਨ;ਉਹ ਦੇਵੀ ਦੇਵਤਿਆਂ ਨੂੰ ਪੂਜਦੇ ਸਨ ;ਉਨ੍ਹਾਂ ਜਨਮ ਮਰਨ,ਵਿਆਹ ਸ਼ਾਦੀ, ਦੀਆਂ ਰਸਮਾਂ ਵੇਦਕਰੀਤੀ ਅਨੁਸਾਰ ਕੀਤੀਆਂ ਤਾਂ ਸਿੱਖ ਧਰਮ ਤੇ ਹਿੰਦੂ ਧਰਮ ਆਪਣੇ ਆਪ ਹੀ 'ਇਕ' ਸਾਬਤ ਹੋ ਜਾਂਦੇ ਸਨ।ਇਸ ਲਈ ਉਨ੍ਹਾਂ ਉਪਰ ਲਿਖੇ ਵਿਸ਼ਿਆਂ ਤੇ ਬਹੁਤ ਸਾਰੀਆਂ ਕਿਤਾਬਾਂ ਛਾਪੀਆਂ ਤੇ ਅਖਬਾਰਾਂ ਰਸਾਲਿਆਂ ਵਿਚ ਲੇਖ ਲਿਖੇ,ਜਿਵੇਂ ;

ਰਸਾਲਾ ਗ੍ਰੰਥ ਫੋਬੀਆ ; ਮੁਜ਼ਾਹਬ ਹਿੰਦ (ਗੋਬਿੰਦ ਸਿੰਘੀਓਂ ਕਾ ਹਾਲ );ਖਾਲਸਾ ਪੰਥ ਕੀ ਹਕੀਕਤ ; ਨਾਥ ਚੱਕ੍ਰ ; ਇਲਾਜ ਵਹਮਾਤ ਦਿੱਤ ਸਿੰਘ;ਕੱਛਾ ਵਾਲਿਆਂ ਦੀ ਕਰਤੂਤ;

---

11. ਸ਼ੇਰ ਸਿੰਘ ਗਿਆਨੀ,ਕੁਪਟ ਬਿਨਾਸ਼ੁ ਅਰਥਾਤ ਸਾਡੇ ਗੁਰੂ ਸਾਹਿਬ ਤੇ ਵੇਦ(ਸਿਖ ਬੁਕ - ਏਜੰਸੀ ਪਸ਼ਾਵਰ),ਪਹਿਲੀ ਵਾਰ,ਸਫਾ 11. .

12. 1. ਦਯਾਨੰਦ ਮਤ ਦਰਪਣ ਅਰਥਾਤ ਦਯਾਨੰਦ ਦੀ ਤਹਰੀਰ ਦਾ ਨਮੂਨਾ ਤੇ ਮਤ ਪ੍ਰਤਿ ਸਿਖਯਾ ਕ੍ਰਿਤ ਪੰਡਤ ਜਗਨ ਨਾਥ ਦਾਸ (ਭਾਈ ਮੋਹਨ ਸਿੰਘ ਵੈਦ ਨੇ ਨਾਗਰੀ ਤੋਂ ਗੁਰਮੁਖੀ ਵਿਚ ਤਿਆਰ ਕੀਤਾ ।)

    2. ਦਯਾ ਨੰਦੀ ਧਰਮ ਦਾ ਨਮੂਨਾ ,ਕ੍ਰਿਤ ਪੰਡਤ ਜਗਨ ਨਾਥ ਦਾਸ (ਭਾਈ ਮੋਹਨ ਸਿੰਘ- ਵੈਦ ਨੇ ਉਰਦੂ ਤੋਂ ਪੰਜਾਬੀ ਵਿਚ ਤਿਆਰ ਕੀਤਾ ।)

ਨਵੀਨ ਸਿੰਘ ਸਿਖਿਆ ; ਹਾਇ ਹਾਇ ਯੇਹ ਕੈਸਾ ਅਨੰਦ;ਖਾਲਸਾ ਮਤ ਪ੍ਰਕਾਸ਼ (ਗ੍ਰੰਥ ਸਾਹਿਬ-ਈਸ਼ਵਰੋਕਤ ਨਹੀਂ ਹੈ ) ; ਖਾਲਸਾ ਤਤਵ ਪ੍ਰਕਾਸ਼ (ਪਾਖੰਡ ਦਾ ਖੰਡਨ) ; ਪੰਜ ਕੱਕੇ (ਖਾਲਸਾ-ਤਤਵ-ਪ੍ਰਕਾਸ਼ ਹਿਸਾ 2);ਗੁਰੂ ਘਰ ਮੇਂ ਕੁਰਮਾ ਪੂਜਨ,ਆਨੰਦ ਬਿਵਾਹ ਪਰ ਵਿਚਾਰ,ਆਨੰਦ ਖੰਡਨ- ਬਿਵਾਹ ਮੰਡਨ,ਆਨੰਦ ਨਿਰਣਯ,ਖਾਲਸਾ ਅਨੰਦ ਬਿਬੇਕ,ਬਾਬਾ ਨਾਨਕ ਸਾਹਿਬ ਔਰ ਸਵਾਮੀ ਦਯਾਨੰਦ- ਜੀ,ਬਾਬਾ ਨਾਨਕ ਸਾਹਿਬ ਔਰ ਵੇਦ,ਖਾਲਸਾ ਧਰਮ ਔਰ ਵੇਦ ਅਨੁਸਾਰੀ ਹੈ,ਕਿਆ ਗੁਰੂ ਸਾਹਿਬ ਸੰਸਕ੍ਰਿਤ ਕੇ ਵਿਦਵਾਨ ਥੇ ? ਗੁਰੂ ਸਾਹਿਬ ਕੀ ਤਾਲੀਮ, ਵੇਦ ਭਗਵਾਨ ਔਰ ਗੁਰੂ ਸਾਹਿਬ,ਗੁਰੂ ਸਾਹਿਬ ਵੇਦੋਂ ਕੇ ਸੱਚੇ ਭਗਤ ਥੇ,ਗੁਰੂ ਘਰ ਮੇਂ ਯਗਯੋਪਵੀਤ,ਗੁਰਮਰਯਾਦਾ (ਗੁਰੂਓਂ ਕੀ ਸ਼ਾਦੀਆਂ),ਸਿੱਖ ਹਿੰਦੂ ਹੈਂ,ਸਿੱਖ ਹਿੰਦੂ ਹੈਂ (ਸਿੱਖ ਯਾ ਖਾਲਸਾ ਪੰਥ ਹਿੰਦੂ ਕੌਮ ਕਾ ਹੀ ਏਕ ਜੁਜ਼ਵ ਹੈ ) ਭਾਈ ਗਯਾਨ ਸਿੰਘ ਕੀ ਅਗਯਾਨਤਾ ਕਾ ਫੋਟੋ,ਤੱਤ ਖਾਲਸਾ ਭਾਈ ਕਰਤਾਰ ਸਿੰਘ ਕੀ ਗਲਤ ਬਯਾਨੀਆਂ,ਗੁਰਮਤ ਪ੍ਰਕਾਸ਼ ਤਿੰਨ ਹਿੱਸੇ, ਸਿੱਖੋਂ ਕੀ ਵਾਜਬੁਲਅਰਜ਼,ਸਿਖੋਂ ਕੀ ਅਰਦਾਸ,ਤੱਤ ਖਾਲਸਾ,ਮਤ ਪ੍ਰੀਖਯਾ,ਦਿੱਤ ਸਿੰਘ ਦਾ ਘੁਗੂ ਘੂੰ,ਤੱਤ ਖਾਲਸਾ ਕਾ ਪੋਲ,ਜੇਹੀ ਰੂਹ ਤੇਹੇ ਫਰੇਸ਼ਤੇ,ਖਾਲਸਾ ਹਿੰਦੂ ਔਰ ਮੂਰਤੀ ਪੂਜਕ ਹੈ, ਪੋਪ ਸਿੱਖੀ,ਗੁਰੂ ਘਰ ਮੇਂ ਦਾਨ ਵਿਧੀ,ਸਿੱਖ ਚਰਾਮਜ਼ਾਦੇ ਹਨ,ਅਸਲੀ ਹਰਾਮਜ਼ਾਦੋਂ ਕਾ ਨਮੂਨਾ, ਗੁਰਮਤ ਨਿਰਣਯ ਸਾਗਰ,ਕਿਆ ਗੁਰੂ ਸਾਹਿਬ ਜੜ੍ਹ ਪੂਜਕ ਨਹੀਂ ਥੇਂ ?,ਪੁਰਾਣ ਔਰ ਗ੍ਰੰਥ ਸਾਹਿਬ, ਖਾਲਸਾ ਕੁਰੀਤੀ ਨਿਵਾਰਣ,ਤੁਮ ਹਿੰਦੋ ਹੋ ਯਾ ਆਰੀਆ,ਗੁਰਮਤ ਸਾਮਾਨਯ ਸੰਸਕਾਰ ਵਿਧੀ, ਸੱਤ-ਪ੍ਰਕਾਸ਼,ਤਾਰੀਖ਼ ਮੁਕਦਮਾ ਖਾਲਸਾ ਪੰਥ ਕੀ ਹਕੀਕਤ,ਸੱਚਾ ਦਰਸ਼ਨ,ਇਕ ਜੱਟ(ਹੀਰਾ ਸਿੰਘ-ਦੇ ਸਾਥੀ ) ਦੀ ਹੱਡ ਬੀਤੀ, ਕਿੱਸਾ ਕਾਮੀ ਪਿੰਡ,ਹਮਾਰੇ ਗੁਰੂ ਸਾਹਿਬ ਵੇਦੋਂ ਕੇ ਪੈਰੋਕਾਰ ਥੇ,ਗੁਰੂ ਮਤ ਦਿਵਾਕਰ, ਮੁਕੱਦਮਾ ਸਤ ਧਰਮ ਪ੍ਰਚਾਰਕ ਦੀ ਪੁਸਤਕ ,ਸਿੱਖ ਮਤ ਬਬੇਕ, ਕੇਸ ਮੰਡਨ,ਕੁਲੀਆਤ ਆਰੀਆ ਮੁਸਾਫਰ ਵਿਚ,ਗੁਰੂ ਗ੍ਰੰਥ ਸਾਹਿਬ ਕੀ ਤਾਲੀਮ ਯਾ ਮਦਾਰੀ ਕਾ ਥੈਲਾ ( ਸਤ ਧਰਮ ਪ੍ਰਚਾਰਕ ਵਿਚ),ਖਾਲਸਾ ਹਿੰਦੂ ਹੂਏ ਜਾਤੇ ਹੈਂ (ਸਤ ਧਰਮ ਪ੍ਰਚਾਰਕ ਵਿਚ);ਆਰਯਾ ਗਜ਼ਟ,ਪ੍ਰਕਾਸ਼,ਆਰਯਾ ਅਮਰਤ,ਫਿਲੌਸਫਰ,ਬਿਜਲੀ,ਆਰੀਆ ਮੁਸਾਫਰ, ਭਾਰਤੀ ਮੁਸਾਫਰ ,ਫੈਮਲੀ ਡਾਕਟਰ, ਸੁਧੀ ਦਰਪਨ, ਪੰਜਾਬੀ ਸੂਰਮਾ ਆਦਿ

ਪੱਤਰਾਂ ਵਿਚ ਲੇਖ ।

ਜਿਹਾ ਕਿ ਨਾਵਾਂ ਤੋਂ ਜ਼ਾਹਰ ਹੈ,ਕਈ ਇਕ ਕਿਤਾਬਾਂ ਤੇ ਲੇਖ ਉਰਦੂ ,ਹਿੰਦੀ ਵਿਚ ਛਪਦੇ ਰਹੇ ਪਰ ਇਨ੍ਹਾਂ ਵਿਚੋਂ ਕਈਆਂ ਦਾ ਮਾਧਿਅਮ ਪਹਿਲਾਂ ਹੀ ਪੰਜਾਬੀ ਸੀ ਤੇ ਕੁਝ ਕੁ ਨੂੰ ਬਾਦ ਵਿਚ ਪੰਜਾਬੀ ਰੂਪ ਦਿਤਾ ਗਿਆ ।

ਇਹਦਾ ਟਾਕਰਾ ਕਰਨ ਲਈ ਸਿੰਘ ਸਭਾ ਲਹਿਰ ਦੇ ਅਸਰ ਹੇਠ ਢੇਰਾਂ ਦਾ ਢੇਰ ਸਾਹਿਤ ਰਚਿਆ ਗਿਆ ।ਅਜਿਹੇ ਸਾਹਿਤ ਦਾ ਮਾਧਿਅਮ ਵਧੇਰੇ ਕਰਕੇ ਪੰਜਾਬੀ ਸੀ ਪਰ ਕੁਝ ਪੁਸਤਕਾਂ ਹਿੰਦੀ ਤੇ ਉਰਦੂ ਵਿਚ ਛਾਪੀਆਂ ਗਈਆਂ ਜਿਨ੍ਹਾਂ ਵਿਚੋਂ ਕਈਆਂ ਨੂੰ ਪੰਜਾਬੀ ਵਿਚ ਵੀ ਢਾਲਿਆ ਗਿਆ। 5 ਅੱਸੂ ਦੇ ਪ੍ਰਕਾਸ਼ ਅਖਬਾਰ ਵਿਚ 58 ਕਿਤਾਬਾਂ ਦੀ ਲਿਸਟ ਛਾਪੀ ਗਈ ਜਿਹੜੀਆਂ ਸਿੱਖਾਂ ਨੇ ਦਯਾ-ਨੰਦੀਆਂ ,ਆਰੀਆ ਸਮਾਜੀਆਂ ਦੇ ਖਿਲਾਫ ਲਿਖੀਆਂ[13] । ਕੁਝ ਕੁ ਚੋਣਵੀਆਂ ਕਿਤਾਬਾਂ ਤੇ ਪੱਤਰਾਂ ਦੇ ਨਾਂ ਹਨ :-

ਨੁਸਖਾਏ ਖਬਤੇ ਦਯਾਨੰਦੀਆਂ (ਇਲਾਜੇ ਵਹਿਮਾਤੇ ਦਿਤ ਸਿੰਘੀਆ ਦਾ ਜਵਾਬ), ਸਾਹਿਬ ਦਿਆਲ ਕੇ ਪਰਾਗੰਦਾ ਖਿਆਲੋਂ ਕੀ ਪਰਤਾਨ (ਇਲਾਜ਼ੇ ਵਹਿਮਾਤੇ ਦਿੱਤ ਸਿੰਘ ਦਾ ਜਵਾਬ), ਇਨਕਸ਼ਾਫੇ ਹਕੀਕਤ (ਦਯਾ ਨੰਦੀ ਤਹਿਜ਼ੀਬ ਵ ਸਿਖ ਮਜ਼ਹਬ), ਤਾਲੀਮੇ ਸਤਿਆਰਥ ਪ੍ਰਕਾਸ਼ ਕਾ ਅਸਲੀ ਫੋਟੋ,ਦਯਾਨੰਦੀ ਫਿਰਕਾ ਕੀ ਮੁਕਰਮਾਨਾ ਕਾਰਵਾਈਆਂ,ਆਰੀਆ ਸਮਾਜ ਔਰ ਉਸਕੇ ਬਾਨੀ ਕੀ ਤਰਫ ਸੇ ਦੁਨੀਆਂ ਕੇ ਮੁਖਤਲਿਫ ਹਾਦੀਆਨੇ ਮਜ਼ਾਹਬ ਕੀ ਬੇਇਜ਼ਤੀ,ਆਰੀਯਾ ਨਿਯੋਗ,ਦਯਾਨੰਦ ਅਰ ਸੁਖ ਲਾਲ ਮਤ ਖੰਡਨ,ਗੁਰਮਤ ਮੰਡਨ,ਰੱਦੇ ਬੁਤਲਾਨ ਅਲਮਾਰੂਫ ਤਰਯਾਕੇ ਸਰਸਵਤੀ ਫੋਬੀਆ,ਆਰੀਆਂ ਦੇ ਢੋਲ ਦਾ ਪੋਲ,ਦਯਾਨੰਦ ਮਤ ਦਰਪਨ,ਆਰੀਆਂ ਦੇ ਸਿਖਾਂ ਤੇ ਬੇਜਾ ਹਮਲਿਆਂ ਦੇ ਉੱਤਰ,ਗੁਰਮਤ ਵਿਰੋਧ ਵਿਨਾਸ਼,ਗੁਰਮਤ ਗੌਰਵਤਾ,ਖੜਗ ਖਾਲਸਾ ਕੀ ਸਿਖ ਬੁਤ ਪ੍ਰਸਤ ਹਨ,ਕਪਟ ਬਿਨਾਸ਼,ਪੰਡਤ ਗੁਰੂ ਦਤ ਜੀ ਕਾ ਭਾਗਨਾ,ਜਨੇਊ ਫਲੋਸਫ਼ੀ,ਵੇਦਾਂ ਦਾ ਪੋਲ ,ਕਯਾ ਵੇਦ ਇਲਹਾਮੀ ਹੈਂ ? ਹਮ ਹਿੰਦੂ ਨਹੀਂ, ਦਯਾਨੰਦ ਮਤ ਦਰਪਨ,ਦਯਾ ਨੰਦੀ ਧਰਮ ਦਾ ਨਮੂਨਾ,ਨਿਯੋਗ ਦਰਪਨ,ਹਿੰਦੂ ਸਿੱਖਾਂ ਦਾ ਨਬੇੜਾ,ਨਾਭੇ ਦੇ ਇਸ਼ਤਿਹਾਰ ਦਾ ਉੱਤਰ,ਧੋਤੇ ਮੂੰਹ ਚਪੇੜ,ਸਿੱਖ ਮਤ ਬਬੇਕ ਦਾ ਗੁਰਮਤ ਅਨੁਸਾਰ ਖੰਡਨ,ਦੁਰਗਾ ਪ੍ਰਬੋਧ,ਦੰਭ ਵਿਦਾਰਨ, ਪੰਡਤ ਦਯਾਨੰਦ ਨਾਲ ਮੇਰਾ ਸੰਬਾਦ,ਬਾਵਾ ਦਯਾਨੰਦ ਦੀ ਜੀਵਨ ਕਥਾ,ਨਯੋਗ, ਗੋ ਰਖਸ਼ਾ,ਹਵਨ ਫਿਲੋਸਫੀ,ਸਰਾਧ ਫਿਲੋਸਫ਼ੀ ਵੇਦਾਂ ਵਿਚੋਂ ਮਾਸ ਫਿਲੋਸਫ਼ੀ,ਖਾਲਸਾ ਅਖਬਾਰ,ਖਾਲਸਾ-ਸਮਾਚਾਰ,ਪੰਜਾਬ ਦਰਪਨ,ਬੀਰ,ਗੁੰਥੀ,ਪੰਜਾਬ,ਦਿੱਤ ਸਿੰਘ ਮੈਗਜ਼ੀਨ,ਸੁਧੀ ਪਤ੍ਰ,ਖਾਲਸਾ ਯੰਗ ਮੈਨਜ਼ ਮੈਗਜ਼ੀਨ,ਪੰਥ ਹਿਤਕਾਰੀ,ਖਾਲਸਾ ਸੇਵਕ,ਦੁਖ ਨਿਵਾਰਨ,ਗੁਰਬੀ ਆਦਿ ਪੱਤਰਾਂ ਵਿਚ ਛਪੇ ਲੇਖ ।

---

13. ਭਾਈ ਮੋਹਨ ਸਿੰਘ ਵੈਦ,ਆਰੀਆਂ ਦੇ ਢੋਲ ਦਾ ਪੋਲ,ਦੂਜੀਵਾਰ ਜਨਵਰੀ 1915,ਸਫਾ 12.

19ਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਹਿੰਦੂ ਸਿਖ ਧਾਰਮਿਕ ਵਾਦ ਵਿਵਾਦ ਵਿਚ ਵੀ ਜੁੱਟੇ ਰਹੇ ਪਰ ਕਈਆਂ ਮਾਮਲਿਆਂ ਵਿਚ ਇਕ ਦੂਜੇ ਦਾ ਸਾਥ ਵੀ ਦਿੰਦੇ ਰਹੇ, ਖਾਸ ਤੌਰ ਤੇ ਸ਼ੁੱਧੀ ਦੇ ਮਾਮਲੇ ਵਿਚ; ਜੇ ਕਰ ਆਰੀਆ ਸਮਾਜ ਦੇ ਗਰਮ ਧੜੇ ਨੇ ਸਿੱਖ ਧਰਮ ਤੇ ਹਮਲੇ ਕਰਕੇ ਉਨ੍ਹਾਂ ਨੂੰ ਨਾਰਾਜ਼ ਕੀਤਾ ਤਾਂ ਦੂਜੇ ਪਾਸੇ ਨਰਮ ਧੜੇ ਦੇ ਆਰੀਆ ਸਮਾਜੀਆਂ ਨੇ ਇਸ ਹਮਲੇ ਨੂੰ ਨਿੰਦ ਕੇ ਸਿਖਾਂ ਨਾਲ ਹਮਦਰਦੀ ਜ਼ਾਹਰ ਕੀਤੀ । ਪਰ 1897 ਈ: ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ 'ਹਮ ਹਿੰਦੂ-ਨਹੀਂ " ਲਿਖ ਕੇ ਹਿੰਦੂ ਸਿੱਖ ਦੇ ਦੁਫੇੜ ਤੇ ਮੋਹਰ ਲਾ ਦਿਤੀ । 1900 ਈ: ਵਿਚ ਮਜ਼ਹਬੀ ਸਿੱਖਾਂ ਨੂੰ ਹਿੰਦੂ ਬਣਾਉਣ ਦੇ ਮਾਮਲੇ ਤੇ ਪਿੰਡਾਂ ਵਿਚ ਖਿਚਾਅ ਦੀ ਹਾਲਤ ਪੈਦਾ ਹੋ ਗਈ ।1904 ਵਿਚ ਨਰਮ ਧੜੇ ਨੇ ਵੀ ਸਿਖ ਧਰਮ ਤੇ ਹਮਲੇ ਸ਼ੁਰੂ ਕਰ ਦਿਤੇ ਤੇ ਬਿੱਲੀ ਥੈਲੇ ਚੋਂ ਬਾਹਰ ਆ ਗਈ ।1905 ਈ: ਵਿਚ ਜਦੋਂ ਦਰਬਾਰ ਸਾਹਿਬ ਦੀ ਹੱਦ ਚੋਂ ਬੁੱਤ ਹਟਾ ਦਿਤੇ ਤਾਂ ਆਰੀਆ (ਜਿਹੜੇ ਕਿ ਬੁੱਤ ਪੂਜਾ ਦੇ ਖਿਲਾਫ਼ ਸਨ) ਤੇ ਸਨਾਤਨੀ ਦੋਵੇਂ ਹੀ ਸਿੱਖਾਂ ਦੇ ਅਜਿਹੇ ਖਿਲਾਫ ਹੋਏ ਕਿ ਇਸ ਤੋਂ ਪਿਛੋਂ ਇਨ੍ਹਾਂ ਦੋਨਾਂ ਫਿਰਕਿਆਂ ਦਾ ਪਾੜਾ ਵਧਦਾ ਹੀ ਗਿਆ[14] ।

" ਚਾਹੇ ਵਿਚਾਰਵਾਨ ਸਿੱਖ, ਧਰਮ ਗ੍ਰੰਥਾਂ ਅਨੁਸਾਰ ਸਿੱਖ ਕੌਮ ਨੂੰ ਨਿਰਾਲਾ ਮੰਨਦੇ ਸਨ, ਪਰ ' ਹਮ ਹਿੰਦੂ ਨਹੀਂ ' ਕਹਿਣ ਅਰ ਲਿਖਣ ਦੀ ਤਦ ਲੋੜ ਪਈ, ਜਦ ਸਿੱਖਾਂ ਨੇ ਨਿਸ਼ਚਯ ਕਰ ਲਿਆ ਕਿ ਸਾਡੀ ਹਸਤੀ ਦੇ ਮਿਟਾਵਣ ਦਾ ਪੂਰਾ ਯਤਨ ਕੀਤਾ ਜਾ ਰਹਿਆ ਹੈ, ਅਰ ਅਮਲੀ ਤੌਰ ਤੇ ਵੱਖ ਹੋਏ ਬਿਨਾ ਸਾਡਾ ਜੀਵਨ ਨਹੀਂ[15] ।" " ਸਿੰਘ ਸਭਾ ਲਹਿਰ ਨੇ 'ਪੰਥ' ਦੇ ਵਖਰੇ ਵਜੂਦ ਅਤੇ ਆਪਣੀ ਕੌਮੀ ਹਸਤੀ ਤੇ ਵਿਕਾਸ ਲਈ ਜੋ ਕੁਝ ਕੀਤਾ, ਇਸ ਪੁਸਤਕ ਦਾ ਉਸ ਵਿਚਾਰ-ਪ੍ਰਵਾਹ ਵਿਚ ਬੁਨਿਆਦੀ ਇੱਟਾਂ ਵਾਲਾ ਯੋਗਦਾਨ ਹੈ[16] ।" " ਰਾਜਸੀ ਮੈਦਾਨ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਨਾਲੋ ਨਾਲ ਸਿੱਖ ਹੱਕਾਂ ਦੀ ਅਲਹਿਦਗੀ ਦਾ ਇਸ ਪੁਸਤਕ ਨੇ ਮੁੱਢ ਬੰਨ੍ਹਿਆਂ[17] ।"

" ਕਿਸੀ ਦੂਸਰੇ ਮਤ ਦੇ ਵਿਰੁਧ ਕਹਿਣਾ, ਸੁਣਨਾ ਅਥਵਾ ਲਿਖਣਾ ਸ੍ਰੀ ਗੁਰੂ ਸਿੰਘ ਸਭਾ ਦਾ ਕੰਮ ਨਹੀਂ[18] " ਤੇ " ਹਮ ਹਿੰਦੂ ਨਹੀਂ " ਦੀ ਭੂਮਿਕਾ ਵਿਚ ਭਾਈ ਕਾਨ੍ਹ ਸਿੰਘ ਨੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਕਿ ਇਸ ਦਾ ਮੰਤਵ ਹਿੰਦੂ ਧਰਮ ਦਾ ਖੰਡਨ ਨਹੀਂ ਅਤੇ " ਜੋ ਸਤ ਗੁਰੂ ਦੇ ਪੂਰੇ ਵਿਸ਼ਵਾਸੀ ਗੁਰਬਾਣੀ ਅਨੁਸਾਰ ਚਲਦੇ ਹਨ ਔਰ ਖਾਲਸਾ ਧਰਮ ਦੇ ਨਿਯਮਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ,

---

14. ਕੈਨੇਥ ਡਬਲਯੂ ਜੋਨਜ਼, ਆਰੀਆ-ਸਿੱਖ ਸੰਬੰਧ, ਸਿੰਘ ਸਭਾ ਪਤ੍ਰਿਕਾ, 4 ਜਨਵਰੀ, 1974 ਸਫੇ 92-97.
15. ਕਾਨ੍ਹ ਸਿੰਘ ਨਾਭਾ, ਹਮ ਹਿੰਦੂ ਨਹੀਂ, ਛੀਵੀਂ ਐਡੀਸ਼ਨ, ਸਫਾ 30 .
16. ਗੁਰਦਿਤ ਸਿੰਘ ਗਿਆਨੀ, ਅਰੰਭਕ ਬੇਨਤੀ (ਕਾਨ੍ਹ ਸਿੰਘ ਨਾਭਾ, ਹਮ ਹਿੰਦੂ ਨਹੀਂ, ਸਿੰਘ ਸਭਾ ਸ਼ਤਾਬਦੀ ਕਮੇਟੀ, ਪਹਿਲੀ ਵਾਰ), ਸਫ਼ਾ ਕ.
17. ਸ਼ਮਸ਼ੇਰ ਸਿੰਘ ਅਸ਼ੋਕ, ਭਾਈ ਕਾਨ੍ਹ ਸਿੰਘ ਨਾਭਾ, ਪਹਿਲੀ ਵੇਰ, ਨਵੰਬਰ 1966 ਈ; ਸਫਾ 48.
18. ਡਾ. ਜਗਜੀਤ ਸਿੰਘ, ਸਿੰਘ ਸਭਾ ਲਹਿਰ, ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ (ਪੰਜਾਬੀ) ਸਫਾ 125.

ਉਨ੍ਹਾਂ ਨੂੰ ਸਮਝਾਉਣ ਲਈ ਮੈਂ ਏਹ ਪੁਸਤਕ ਨਹੀਂ ਲਿਖਿਆ, ਏਹ ਗ੍ਰੰਥ ਉਨ੍ਹਾਂ ਭਾਈਆਂ ਦੇ ਉਪਦੇਸ਼ ਦੇਣ ਲਈ ਹੈ"[19] ਜਿਹੜੇ ਗੁਰੂ ਗੋਬਿੰਦ ਸਿੰਘ ਦੇ ਉਪਦੇਸ਼ ਨੂੰ ਭੁਲਾ ਕੇ ਪਵਿੱਤਰ ਖਾਲਸਾ ਧਰਮ ਤਿਆਗ ਕੇ ਉਨ੍ਹਾਂ ਜਾਤਾਂ ਵਿਚ ਹੀ ਜਾ ਵੜੇ ਹਨ ਜਿਨ੍ਹਾਂ ਤੋਂ ਉਨ੍ਹਾਂ ਨੂੰ ਕਢਿਆ ਗਿਆ ਸੀ ।

ਲੇਖਕ ਨੇ ਸਿਖ ਧਰਮ ਨੂੰ ਹਿੰਦੂ ਧਰਮ ਤੋਂ ਵਖਰਾ ਸਾਬਤ ਕਰਨ ਲਈ ਹਿੰਦੂ ਧਰਮ ਦੇ ਮੁਢਲੇ ਅਸੂਲਾਂ ਦਾ ਸਿਖ ਧਰਮ ਨਾਲ ਮਤਭੇਦ ਦੱਸਣ ਲਈ ਗੁਰਬਾਣੀ, ਰਹਿਤਨਾਮਿਆਂ, ਇਤਿਹਾਸ, ਵੇਦਾਂ, ਸ਼ਾਸਤਰਾਂ ਦੇ ਹਵਾਲੇ ਥਾਂ ਪਰ ਥਾਂ ਛਿੜੇ ਹਨ, ਉਹ ਮੁਢਲੇ ਅਸੂਲ ਹਨ । ਵੇਦ ਸਿਮ੍ਰਤੀ ਪੁਰਾਣ, ਜਾਤੀ-ਵੌਰਣ, ਅਵਤਾਰਵਾਦ, ਮੂਰਤੀ ਪੂਜਾ, ਸੂਤਕ ਪਾਤਕ, ਮਹੂਰਤ ਤਿਥਿ ਵਾਰ ਸ਼ਗਨ, ਪ੍ਰੇਤ ਕ੍ਰਿਆ ਸ਼੍ਰਾਧ ਤੀਰਥ, ਯੋਗ ਹੋਮ, ਮੰਤ੍ਰ ਯੰਤ੍ਰ ਗ੍ਰਹਿ, ਚੌਕਾ ਕਾਰ, ਸੰਧਯਾ ਤਰਪਣ, ਬ੍ਰਤ, ਯੱਗ ਹੋਮ, ਆਦਿ ਵਿਚ ਨਿਸਚਾ ।

ਸਿੱਖਾਂ ਵਲੋਂ ਆਪਣਾ ਪੱਖ ਪੇਸ਼ ਕਰਨ ਵਾਲੀਆਂ ਤੇ 'ਸਿੱਖ ਧਰਮ ਹਿੰਦੂ, ਮੁਸਲਮਾਨ ਆਦਿਕ ਮਤਾਂ ਤੋਂ ਭਿੰਨ ਖਾਲਿਸ ਅਕਾਲੀ ਧਰਮ"[20] ਸਾਬਤ ਕਰਨ ਵਾਲੀਆਂ ਕਿਤਾਬਾਂ ਚੋਂ 'ਹਮ ਹਿੰਦੂ ਨਹੀਂ ' ਸਭ ਤੋਂ ਉਤਮ ਹੈ ।" ਪੁਰਾਣੇ 'ਖਾਲਸਾ ਅਖਬਾਰ" ਲਾਹੌਰ ਤੋਂ ਪਤਾ ਚਲਦਾ ਹੈ ਕਿ ਪਹਿਲਾਂ ਇਹ ਪੁਸਤਕ ਛੋਟੇ ਅਕਾਰ ਦੀ ਸੀ ।ਹਰ ਨਵੀਂ ਐਡੀਸ਼ਨ ਵੇਲੇ ਵਧਦੀ ਗਈ ਅਤੇ ਜੋ ਨਵੇਂ ਪ੍ਰਸ਼ਨ ਉਠਦੇ ਰਹੇ, ਉਨ੍ਹਾਂ ਨੂੰ ਸਾਹਮਣੇ ਰੱਖ ਕੇ, ਸਭਨਾਂ ਪ੍ਰਸ਼ਨਾਂ ਦੇ ਉਤਰਾਂ ਦੇ ਰੂਪ ਵਿਚ ਇਸ ਗ੍ਰੰਥ ਦਾ ਅਕਾਰ ਵੱਡਾ ਹੁੰਦਾ ਗਿਆ"[21] । ਇਸ ਲਈ ਇਹ ਜ਼ਰੂਰੀ ਹੈ ਕਿ ਇਨ੍ਹਾਂ ਮੁਢਲੇ ਅਸੂਲਾਂ ਚੋਂ ਥੀਸਿਸ ਦੀ ਲੰਬਾਈ ਤੋਂ ਡਰਦਿਆਂ ਕੁਝ ਇਕ ਬਾਰੇ ਹੀ ਕਾਨ੍ਹ ਸਿੰਘ ਨਾਭਾ ਦੇ ਉਕਤੀਆਂ ਯੁਕਤੀਆਂ ਸਮੇਤ ਪਰ ਚੋਣਵੇਂ ਵਿਚਾਰ ਪੇਸ਼ ਕੀਤੇ ਜਾਣ ।

## ਵੇਦ ਸਿਮ੍ਰਤੀ ਪੁਰਾਣ

ਆਪ ਵੇਦਾਂ ਨੂੰ ਈਸ਼ਵਰ ਦੇ ਸਵਾਸ ਨਿਤਯ ਔਰ ਸਿਮ੍ਰਤੀ ਪੁਰਾਣ ਆਦਿਕ ਪੁਸਤਕਾਂ ਨੂੰ ਆਪਣੇ ਧਰਮ ਦਾ ਅਧਾਰ ਮੰਨਦੇ ਹੋ ਪਰ ਅਸੀਂ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਧਰਮ ਪੁਸਤਕ ਜਾਣਦੇ ਹਾਂ, ਔਰ ਉਸਦੇ ਆਸ਼ਯ ਅਨੁਸਾਰ ਜੋ ਸਾਖੀਆਂ ਆਦਿਕ ਧਰਮ ਪੁਸਤਕ ਹਨ ਉਨ੍ਹਾਂ ਨੂੰ ਮੰਨਦੇ ਹਾਂ ਗੁਰਸਿੱਖਾਂ ਲਈ ਸਤਗੁਰਾਂ ਦਾ ਏਹ ਹੁਕਮ ਹੈ :-

---

19. ਕਾਨ੍ਹ ਸਿੰਘ ਨਾਭਾ, ਹਮ ਹਿੰਦੂ ਨਹੀਂ, ਛੇਵੀਂ ਐਡੀਸ਼ਨ, ਭੂਮਿਕਾ ;

20. ਉਹੀ, ਸਰਵਰਕ ;

21. ਉਕਤ ਨੰਬਰ 6, ਸਫਾ ਹ .

(ੳ) ਸਤਿਗੁਰੂ ਬਿਨਾ ਹੋਰ ਕੱਚੀ ਹੈ ਬਾਣੀ,
ਕਹਿਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ।
(ਅਨੰਦ ਮ: 3)

(ੲ) ਸਭਸੈ ਊਪਰ ਗੁਰੁ ਸਬਦ ਵਿਚਾਰ,
ਹੋਰ ਕਥਨੀ ਬਦਉ ਨ, ਸਗਲੀ ਛਾਰ । (ਰਾਮਕਲੀ ਅਸਟਪਦੀ ਮ:4)

(ਚ) ਬਾਣੀ ਗੁਰੂ ਗੁਰੂ ਹੈ ਬਾਣੀ, ਵਿਚ ਬਾਣੀ ਅਮ੍ਰਿਤ ਸਾਰੇ,
ਗੁਰ ਬਾਣੀ ਕਹੈ ਸੇਵਕ ਜਨਮਾਨੈ, ਪਰਤਖ਼ ਗੁਰੂ ਨਿਸਤਾਰੇ ।
(ਨਟ ਮ: 4)

ਪਯਾਰੇ ਹਿੰਦੂ ਭਾਈ ! ਵੇਦ ਸ਼ਾਸ੍ਤ੍ਰ ਆਦਿਕ ਆਪਦੇ ਧਰਮ ਪੁਸਤਕਾਂ ਪਰ ਜੋ ਸਤਗੁਰਾਂ ਦੀ ਰਾਯ ਹੈ ਆਪਨੂੰ ਉਹ ਭੀ ਸੁਣਾਉਨੇ ਹਾਂ :-

(ਅ) ਪੰਡਤ ਮੈਲ ਨ ਚੁਕਈ ਜੇ ਵੇਦ ਪੜ੍ਹੈ ਜੁਗ ਚਾਰ । (ਸੋਰਠ ਮ: 3)

(ਛ) ਵੇਦ ਪੜਹਿ, ਹਰਨਾਮ ਨ ਬੂਝਹਿ,
ਮਾਇਆ ਕਾਰਣ ਪੜ ਪੜ ਲੂਝਹਿ । (ਮਾਰੂ ਮ: 3)

(ਝ) ਪੜ੍ਹ ਪੜ੍ਹ ਪੰਡਿਤ ਮੋਨੀ ਥਕੇ ਵੇਦਾਂ ਕਾ ਅਭਿਆਸ ।
ਹਰਨਾਮ ਚਿਤ ਨ ਆਵਈ, ਨਹਿ ਨਿਜ ਘਰ ਹੋਵੈ ਬਾਸ । (ਮਲਾਰ ਮ:3)

(ਟ) ਸਿਮ੍ਰਿਤਿ ਸਾਸਤ੍ਰ ਬੇਦ ਸਬੈ,
ਬਹੁ ਭੇਦ ਕਹੈਂ ਹਮ ਏਕ ਨਾ ਜਾਨਯੋ ।

<u>ਅਵਤਾਰ</u>

ਆਪ ਅਵਤਾਰਾਂ ਨੂੰ ਈਸ਼ੁਵਰ ਦਾ ਰੂਪ ਮੰਨਦੇ, ਔਰ ਉਨ੍ਹਾਂ ਦੀ ਉਪਾਸ਼ਨਾ ਕਰਦੇ ਹੋ, ਪਰ ਸਿੱਖ ਧਰਮ ਵਿਚ ਏਹ ਕਥਨ ਕੀਤਾ ਗਯਾ ਹੈ :-

ਅਵਤਾਰ ਨ ਜਾਨਹਿ ਅੰਤ, ਪਰਮੇਸਰ ਪਾਰਬ੍ਰਹਮ ਬੇਅੰਤ । (ਰਾਮਕਲੀ ਮ:5)

ਜੁਗਹਿ ਜੁਗਹਿ ਕੇ ਰਾਜੇ ਕੀਏ ਗਾਵਹਿ ਕਰ ਅਵਤਾਰੀ,
ਤਿਨ ਭੀ ਅੰਤ ਨ ਪਾਇਆ ਤਾਂਕਾ, ਕਿਆ ਕਰ ਆਖ ਵੀਚਾਰੀ ? (ਆਸਾ ਮ: 3)

ਬਿਨ ਕਰਤਾਰ ਨ ਕਿਰਤਮ ਮਾਨੋ,
ਆਦਿ ਅਜੋਨਿ ਅਜੈ ਅਬਿਨਾਸ਼ੀ ਤਿਹ ਪਰਮੇਸ਼ੁਵਰ ਜਾਨੋ ।

ਹਿੰਦੂ - ਗੁਰੂ ਗ੍ਰੰਥ ਸਾਹਿਬ ਵਿਚ ਇਕ ਅਸਤੋਤ੍ਰ ਹੈ ਜਿਸ ਵਿਚ ਸਭ ਅਵਤਾਰਾਂ ਦੇ ਨਾਮ ਅਰਾਧਨ ਕਰਣੇ ਦਸੇ ਹਨ : ਯਥਾ :-

" ਮਧੁਸੂਦਨ ਦਾਮੋਦਰ ਸੁਆਮੀ,
ਰਿਖੀ ਕੇਸ ਗੋਵਰਧਨਧਾਰੀ ਮੁਰਲੀ ਮਨੋਹਰ ਹਰ ਰੰਗਾ ।
ਮੋਹਨ ਮਾਧਵ ਕਿਸਨ ਮੁਰਾਰੇ,
ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ।
ਧਰਣੀਧਰ ਈਸ ਨਰਸਿੰਘ ਨਰਾਇਣ,
ਦਾੜਾ ਅਗ੍ਰੇ ਪ੍ਰਿਥਮਿ ਧਰਾਇਣ
ਬਾਵਨ ਰੂਪ ਕੀਆ ਤੁਧ ਕਰਤੇ " (ਇਤਆਦਿਕ )

ਸਿੱਖ - ਪਯਾਰੇ ਹਿੰਦੂ ਭਾਈ । ਗੁਰੂ ਅਰਜਨ ਸਾਹਿਬ ਨੇ ਇਸੇ ਸ਼ਬਦ ਦੇ ਅੰਤ ਵਿਚ (ਜਿਸ ਨੂੰ ਆਪ ਅਵਤਾਰਾਂ ਦਾ ਅਸਤੋਤ੍ਰ ਦਸਦੇ ਹੋ ।ਆਪਣਾ ਮਤ ਪ੍ਰਗਟ ਕਰ ਦਿਤਾ ਹੈ ਕਿ -

" ਕਿਰਤਮ ਨਾਮ ਕਥੇ ਤੇਰੇ ਜਿਹਬਾ ,
ਸਤਿਨਾਮੁ ਤੇਰਾ ਪਰਾ ਪੂਰਬਲਾ " ।

ਮਹਾਰਾਜ ਕਥਨ ਕਰਦੇ ਹਨ ਕਿ ਹੇ ਅਕਾਲ ।ਉਪੱਰ ਲਿਖੇ ਤੇਰੇ (ਕ੍ਰਿਤਿਮ)ਅਨੰਤ ਨਾਮ ਕਲਪ ਕੇ ਲੋਕ ਅਪਣੀ ਬੁੱਧੀ ਔਰ ਨਿਸ਼ਚਯ ਅਨੁਸਾਰ ਕਥਨ ਕਰਦੇ ਹਨ;ਪਰ ਏਹ ਅਸਲ ਨਾਮ ਨਹੀਂ, ਤੇਰਾ ਆਦਿ ਔਰ ਸ਼੍ਰੋਮਨੀ ਨਾਮ 'ਸਤਯ' ਹੈ ਜਿਸਦਾ ਅਰਥ ਹੈ ਕਿ ਚਾਰ ਕਾਲਾਂ ਵਿਚ ਇਕ ਰਸ ਹੋਣ ਵਾਲਾ,ਜਿਸ ਦੀ ਵਯਾਖਯਾ ਗੁਰੂ ਨਾਨਕ ਸਾਹਿਬ ਕਰਦੇ ਹਨ :-

" ਆਦਿ ਸਚੁ,ਜੁਗਾਦਿ ਸਚੁ,
ਹੈਭੀ ਸਚੁ ਨਾਨਕ । ਹੋਸੀ ਭੀ ਸਚੁ ।"

ਦੇਵੀ ਦੇਵਤਾ

ਆਪ ਦੇਵੀ ਔਰ ਦੇਵਤਿਆਂ ਨੂੰ ਬਰਦਾਯਕ ਮੰਨਕੇ ਉਨ੍ਹਾਂ ਦੀ ਉਪਾਸ਼ਨਾ ਕਰਦੇ ਹੋ ਔਰ ਉਨ੍ਹਾਂ ਦੇ ਇਤਨੇ ਭੇਦ ਕਲਪੇ ਹੋਏ ਹਨ ਕਿ ਕੋਈ ਵਿਦਵਾਨ ਹਿੰਦੂ ਭੀ ਪੂਰੀ ਗਿਣਤੀ ਕਰਕੇ ਨਹੀਂ ਦੱਸ ਸਕਦਾ ਕਿ ਕਿਤਨੇ ਦੇਵੀ ਦੇਵਤਾ ਹਨ,ਪਰ ਸਿੱਖ ਧਰਮ ਦੀ ਦੇਵੀ ਦੇਵਤਾ ਆਦਿਕ ਦੇ ਵਿਸ਼ਯ ਏਹ ਰਾਯ ਹੈ :-

ਮਾਇਆ ਮੋਹੇ ਸਭ ਦੇਵੀ ਦੇਵਾ (ਗਉੜੀ ਮ: 3)

ਭਰਮੇ ਸੁਰ ਨਰ ਦੇਵੀ ਦੇਵਾ (ਗਉੜੀ ਮ: 5)

ਬ੍ਰਹਮਾ ਬਿਸਨ ਮਹਾਂਦੇਉ ਮੋਹਿਆ,
ਗੁਰਮੁਖਿ ਨਾਮ ਲਗੇ ਸੇ ਮੋਹਿਆ । (ਆਸਾ ਮ: 5)

ਬ੍ਰਹਮੇ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ।
ਮਹਾਦੇਉ ਗਿਆਨੀ ਵਰਤੈ ਘਰ ਆਪਣੈ ਤਾਮਸ ਬਹੁਤ ਅਹੰਕਾਰਾ , (ਵਡਹੰਸ ਮ:3)

ਦੇਵੀ ਦੇਵਾ ਪੂਜੀਐ ਭਾਈ । ਕਿਆ ਮਾਗਉ ਕਿਆ ਦੇਇ ? ( ਸੋਰਠ ਮ: 5 )

ਸਿਖ ਧਰਮ ਵਿਚ ਕੇਵਲ ਵਾਹਿਗੁਰੂ ਹੀ ਇਸ਼ਟ ਹੈ ਔਰ ਉਸੇ ਦੀ ਉਪਾਸ਼ਨਾ ਦਾ ਉਪਦੇਸ਼ ਹੈ :-

ੴ ਸਤਿਨਾਮੁ ਕਰਤਾ ਪੁਰਖੁ,ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥
ਆਦਿ ਸਚੁ,ਜੁਗਾਦਿ ਸਚੁ,ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।

<u>ਹਿੰਦੂ-</u> ਆਪ ਦੇਵੀ ਦੇਵਤਿਆਂ ਦੇ ਪੂਜਨ ਦਾ ਗੁਰਮਤ ਵਿਚ ਨਿਸ਼ੇਧ ਆਖਦੇ ਹੋ,ਪਰ ਦਸਵੇਂ ਗੁਰੂ ਜੀ ਨੇ ਖੁਦ ਦੇਵੀ ਪੂਜੀ ਹੈ,ਜੇਹਾ ਕਿ ਵਿਚਿਤ੍ਰ ਨਾਟਕ ਦੇ ਇਸ ਬਚਨ ਤੋਂ ;

" ਮਹਾਕਾਲ ਕਾਲਿਕਾ ਅਰਾਧੀ "

ਪ੍ਰਤੀਤ ਹੁੰਦਾ ਹੈ ਅਰ ਉਨ੍ਹਾਂ ਨੇ ਦੁਰਗਾ ਦੀ ਮਹਿਮਾ ਵਿਚ 'ਚੰਡੀ ਚਰਿਤ੍ਰ' ਲਿਖਿਆ ਹੈ ਔਰ ਉਸ ਦੇ ਪਾਠ ਦਾ ਮਹਾਤਮ ਦਸਿਆ ਹੈ ; ਯਥਾ :-

ਜਾਂਹਿ ਨਮਿੱਤ ਪੜ੍ਹੈ ਸੁਨ ਹੈ ਨਰ,
ਸੋ ਨਿਸਚੈ ਕਰ ਤਾਂਹਿ ਦਈ ਹੈ ।

ਫੇਰ ਨ ਜੂਨੀ ਆਇਆ ਜਿਨ ਏਹ ਗਾਇਆ ।

<u>ਸਿੱਖ-</u> ਪਯਾਰੇ ਹਿੰਦੂ ਭਾਈ । ਗੁਰੂ ਸਾਹਿਬ ਨੇ ਅਕਾਲ ਤ੍ਰਿਲਿੰਗ ਰੂਪ ਵਰਣਨ ਕੀਤਾ ਹੈ ਯਥਾ:-

" ਨਮੋ ਪਰਮ ਗਯਾਤਾ,ਨਮੋ ਲੋਕ ਮਾਤਾ " ਆਦਿਕ

ਇਸ ਥਾਂ "ਕਾਲਿਕਾ" ਪਦ ਦਾ ਅਰਥ ਅਕਾਲ ਤੋਂ ਭਿੰਨ ਕੋਈ ਦੇਵੀ ਨਹੀਂ ਹੈ ।ਜੇ ਦੇਵੀ ਦੀ ਉਪਾਸ਼ਨਾ ਹੁੰਦੀ ਤਦ ਅਗੇ " ਦੁਇ ਤੇ ਏਕ ਰੂਪ ਹਵੈ ਗਯੋ " ਦੀ ਥਾਂ

" ਤ੍ਰੈ ਤੇ ਏਕ ਰੂਪ ਹਵੈ ਗਯੋ " ਪਾਠ ਹੁੰਦਾ ਅਰ " ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ ਦੀ ਥਾਂ - " ਅਕਾਲ ਅਰ ਕਾਲਿਕਾ ਵਾਚ " ਹੁੰਦਾ । ਆਪ ਨੂੰ ਨਿਰਸੰਦੇਹ ਕਰਨ ਲਈ ਅਸੀਂ ਪ੍ਰਬਲ ਪੰਜ ਯੁਕਤੀਆਂ ਨਾਲ ਦੇਵੀ ਦੇ ਪੂਜਨ ਦਾ ਖੰਡਨ ਦਿਖਾਉਂਦੇ ਹਾਂ :-

(ੳ) ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿਖਾਂ ਨੂੰ ਹੁਕਮ ਦਿਤਾ ਹੈ ਕਿ :-

ਬਿਨ ਕਰਤਾਰ ਨ ਕਿਰਤਮ ਮਾਨੋ ।

ਅਰਥਾਤ, ਕਰੀ ਹੋਈ ਵਸਤੂ ਨੂੰ ਨਾ ਪੂਜੋ,ਕਰਤਾਰ (ਕਰਣ ਵਾਲੇ ) ਦੀ ਉਪਾਸ਼ਨਾ ਕਰੋ। ਔਰ ਚੰਡੀ ਦੀ ਵਾਰ ਵਿਚ ਜ਼ਿਕਰ ਹੈ :-

ਤੈਂ ਹੀ ਦੁਰਗਾ ਸਾਜ ਕੈ ਦੈਤਾਂ ਦਾ ਨਾਸ ਕਰਾਇਆ ।

ਇਸ ਤੋਂ ਸਿਧ ਹੈ ਕਿ ਦੁਰਗਾ ਸਾਜਣ ਵਾਲਾ ਕਰਤਾਰ ਹੋਰ ਹੈ ਔਰ ਦੁਰਗਾ ਉਸਦੀ ਰਚੀ ਹੋਈ ਹੈ ।ਕੀ ਏਹ ਹੋ ਸਕਦਾ ਹੈ ਕਿ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਕੁਛ ਦੇਣ ਔਰ ਆਪ ਉਸਦੇ ਵਿਰੁੱਧ ਅਮਲ ਕੁਛ ਹੋਰ ਕਰਨ ? ਅਰਥਾਤ - ਸਿੱਖਾਂ ਨੂੰ ਕਰਤਾਰ ਪੂਜਣਾ ਦੱਸਣ ਤੇ ਆਪ ਕਰੀ ਹੋਈ ਵਸਤੂ ਦੇ ਉਪਾਸ਼ਕ ਬਣਨ ?

(ਅ) ਗੁਰੂ ਸਾਹਿਬ ਪ੍ਰਤਗਯਾ ਕਰਦੇ ਹਨ :-

ਤੁਮਹਿ ਛਾਡ ਕੋਈ ਅਵਰ ਨ ਧਯਾਊਂ ,
ਜੋ ਵਰ ਚਾਹੂੰ ਸੋ ਤੁਮ ਤੇ ਪਾਊਂ ........

ਇਕ ਬਿਨ ਦੂਸਰ ਸੋਂ ਨ ਚਿਨਾਰ
ਭਜੋਂ ਸੁ ਏਕ ਨਾਮਯੰ,ਜੁ ਕਾਮ ਸਰਬ ਠਾਮਯੰ ।
ਨ ਧਯਾਨ ਆਨ ਕੋ ਧਰੋਂ,ਨ ਨਾਮ ਆਨ ਉੱਚਰੋਂ ।

ਕੀ ਐਸਾ ਹੋ ਸਕਦਾ ਹੈ ਕਿ ਗੁਰੂ ਸਾਹਿਬ ਅਪਣੀ ਪ੍ਰਤਗਯਾ ਵਿਰੁੱਧ ਦੇਵੀ ਪੂਜਾ ਕਰਨ ? *

" ਹਮ ਹਿੰਦੂ ਨਹੀਂ ' ਪੁਸਤਕ ਤੇ ਹਿੰਦੂਆਂ ਨੇ ਸਿੰਘਾਂ ਨੂੰ ਬਹੁਤ ਤੰਗ ਕਰਨਾ ਸ਼ੁਰੂ ਕੀਤਾ ਹੋਇਆ ਹੈ,ਕਈ ਦਿਨਾਂ ਤੋਂ ਰਾਤ ਨੂੰ ਸਿੰਘਾਂ ਦੇ ਮਗਰ ਤੌੜੀਆਂ ਵਜਦੀਆਂ ਹਨ 'ਓਏ ਓਏ' ਦੇ ਅਵਾਜ਼ੇ ਆਉਂਦੇ ਹਨ।ਜੇਕਰ ਕੋਈ ਸਿੰਘ ਗੁਰਮਤ ਦੀ ਬਾਤ ਕਰਦਾ ਹੋਵੇ ਯਾ ਗਰੰਥ ਪੜ੍ਹਦਾ ਹੋਵੇ ਉਸ ਨੂੰ ਦੁਸ਼ਟ

* ਕਾਨ੍ਹ ਸਿੰਘ ਨਾਭਾ,ਹਮ ਹਿੰਦੂ ਨਹੀਂ,ਸਿੰਘ ਸਭਾ ਸ਼ਤਾਬਦੀ ਕਮੇਟੀ,ਪਹਿਲੀ ਵਾਰ,ਦਸੰਬਰ, 1973 ਸਫੇ 43-93.

ਦਾ ਖਤਾਬ ਦਿਤਾ ਜਾਂਦਾ ਹੈ ਅਰ ਆਖਦੇ ਹਨ ਦੇਖੋ ਯਾਰੋ ਨਾਈ ਤੇ ਛੀਬੇ ਤੇ ਕੁਮਿਆਰ ਸਿੰਘ ਬਣ ਕੇ ਸਾਡੇ ਨਾਲ ਆਕੜਦੇ ਹਨ ਤੇ ਆਖਦੇ ਹਨ ਕਿ ਅਸੀਂ ਹਿੰਦੂ ਨਹੀਂ ।ਇਨ੍ਹਾਂ ਦੇ ਗੁਰੂ ਜਿਹੜੇ ਉਚੀਆਂ ਜਾਤਾਂ ਦੇ ਸਨ ਉਹ ਆਪਣੇ ਆਪ ਨੂੰ ਹਿੰਦੂ ਕਹਿੰਦੇ ਰਹੇ ਤੇ ਇਹ ਨਵੇਂ ਜੰਮ ਪਏ ਹਨ ਤੇ ਇਹ ਭੀ ਆਖਦੇ ਹਨ ਕਿ ਮੰਦਰ ਨਾਲ ਭੀ ਸਿੰਘਾਂ ਦਾ ਕੀ ਵਾਸਤਾ ਹੈ,ਇਹ ਹਿੰਦੂਆਂ ਦਾ ਮੰਦਰ ਹੈ,ਅਕਾਲ ਬੁੰਗਾ ਸਿੰਘਾ ਦਾ ਹੈ ਦਰਬਾਰ ਸਾਹਿਬ ਨਾਲ ਸਿੰਘਾਂ ਦਾ ਵਾਸਤਾ ਨਹੀਂ ਇਸ ਜਗ੍ਹਾ ਜਿਤਨਾ ਰੁਪਯਾ ਲਗਾ ਹੋਇਆ ਹੈ ਹਿੰਦੂਆਂ ਦਾ ਹੀ ਹੈ ਇਨ੍ਹਾਂ ਦੁਸ਼ਟਾਂ ਦਾ ਨਹੀਂ [22] ।"

" ਹਮ ਹਿੰਦੂ ਨਹੀਂ " ਦੇ ਜਵਾਬ ਵਿਚ ਲਾਲਾ ਠਾਕਰ ਦਾਸ ਵਕੀਲ ਨੇ " ਸਿੱਖ ਹਿੰਦੂ ਹੈਂ" ਨਾਂ ਦੀ ਪੁਸਤਕ ਜਨਵਰੀ 1899 ਈ: ਵਿਚ ਪਹਿਲੀ ਵਾਰ ਛਪਵਾਈ ।ਕਿਉਂਕਿ ਇਹ ਉਰਦੂ ਵਿਚ ਹੈ,ਇਸ ਤੇ ਵਿਚਾਰ ਕਰਨੀ ਜ਼ਰੂਰੀ ਨਹੀਂ ਪਰ ਇਸ ਵਿਚ ਬਾਬਾ ਖੇਮ ਸਿੰਘ ਬੇਦੀ ਤੇ ਮਹਾਰਾਜਾ ਪਟਿਆਲਾ ਦੇ ਅਖਬਾਰਾਂ ਵਿਚ ਛਪੇ ਵਿਚਾਰ ਸ਼ਾਮਲ ਹਨ ਜਿਹੜੇ ਕਿ ਇਥੇ ਦਰਜ ਕਰਨੇ ਦਿਲਚਸਪੀ ਤੋਂ ਖਾਲੀ ਨਹੀਂ :-

" ਹਿੰਦੂਓਂ ਡਰੋ ਮਤ ਜਿਨ ਸਿਖੋਂ ਕੋ ਤੁਮ ਸੱਚਾ ਸਿੱਖ ਸਮਝਤੇ ਹੋ ਵੋ ਝੂਠੇ ਬਾਬੂ ਸਿਖ ਹੈਂ। ਵੋ ਨਈ ਰੋਸ਼ਨੀ ਕੇ ਚਮਗੀਦੜ ਹੈਂ।ਵੈਸੇ ਲੋਗ ਸਭ ਸਮਾਜੋਂ ਮੇਂ ਪੈਦਾ ਹੋ ਗਏ ਹੈ,ਸਿੱਖੋਂ ਮੇਂ ਹੀ ਕਿਉਂ ਨਾ ਹੋ ।ਉਨਕੀ ਬਾਤ ਕਾ ਬੁਰਾ ਨਾ ਮਾਨੋ ।ਸੱਚਾ ਸਿੱਖ ਔਰ ਹਿੰਦੂ ਦੋਨੋਂ ਏਕ ਪ੍ਰਾਣ ਔਰ ਦੋ ਦਿਹ ਹੈਂ । ਅਬ ਸੇ ਹਿੰਦੂ ਹਿਰਦਾ ਬੇਧਨੇ ਵਾਲੇ ਸਿੱਖ ਕੋ ਜਾਤੀ ਦੰਡ ਦੀਆ ਜਾਇਗਾ ।

(ਬਾਬਾ ਖੇਮ ਸਿੰਘ ਬੇਦੀ) ਯੰਗ ਬਾਜੀ ਅਖਬਾਰ,30 ਜਨਵਰੀ 99 ਈ:

" ਮੈਂ ਦੇਖਤਾ ਹੂੰ ਕਿ ਕੁਛ ਅਰਸਾ ਸੇ ਬਾਅਜ਼ ਨਵਾਹ ਮੇਂ ਯੇ ਦਿਖਲਾਨੇ ਕੀ ਕੋਸ਼ਿਸ਼ ਕੀ ਗਈ ਹੈ ਕਿ ਸਿੱਖ ਹਿੰਦੂ ਨਹੀਂ ਹੈਂ ।ਲੇਕਿਨ ਯੇ ਗਲਤੀ ਹੈ,ਸਿੱਖੋਂ ਨੇ ਬਹਸੀਅਤੇ ਮਜ਼ਮੂਈ ਕਭੀ ਆਪਣੇ ਤਈਂ ਹਿੰਦੂਓਂ ਸੇ ਜੁਦਾ ਖਿਆਲ ਨਹੀਂ ਕੀਆ ਹੈ,ਔਰ ਨਾ ਹੀ ਵੋ ਐਸਾ ਖ਼ਿਆਲ ਕਰ ਸਕਤੇ ਹੈਂ।ਸਿਖ ਲੋਗ ਖੁਦ ਹਿੰਦੂਓਂ ਕੀ ਨਿਸਬਤ ਕਮਤਰ ਹਿੰਦੂ ਨਹੀਂ ਹੈਂ ।ਦੋਨੋਂ ਕਾ ਮਕਸਦ ਏਕ ਹੈ ।ਦੋਨੋਂ ਕੋ ਬਾਹਮ ਮਿਲਕਰ ਰਹਿਣਾ ਚਾਹੀਏ ਔਰ ਵਫਾਦਾਰੀ ਕੇ ਸਾਥ ਆਪਣੇ ਏਕ ਹੀ ਬਾਦਸ਼ਾਹ ਔਰ ਏਕ ਹੀ ਮੁਲਕ ਕੀ ਖਿਦਮਤ ਕਰਨੀ ਚਾਹੀਏ ।"

(ਮਹਾਰਾਜਾ ਪਟਿਆਲਾ ) ਅਖਬਾਰੇ ਆਮ 16 ਨਵੰਬਰ 98 ਈ:" [23]

---

22. ਖਾਲਸਾ ਅਖਬਾਰ,ਲਾਹੌਰ,14 ਅਕਤੂਬਰ,1898 .

23. ਲਾਲਾ ਠਾਕਰ ਦਾਸ ਵਕੀਲ,ਸਿੱਖ ਹਿੰਦੂ ਹੈਂ (ਉਰਦੂ)ਪਹਿਲੀ ਵਾਰ,1 ਜਨਵਰੀ 1899 ਈ: ਸਫਾ 80.

" ਹੰਮ ਹਿੰਦੂ ਨਹੀਂ " ਦੇ ਜਵਾਬ ਵਿਚ ਪਹਿਲੀ ਕਿਤਾਬ ਜਿਹੜੀ ਪੰਜਾਬੀ ਵਿਚ ਲਿਖੀ ਗਈ ਉਹ ਵੀ ਇਕ ਵਕੀਲ ਪਰ ਸਿੱਖ, ਬਾਵਾ ਨਰੈਣ ਸਿੰਘ ਵਲੋਂ ਸੀ ਜਿਹੜੀ ਕਿ 1899 ਈ. ਵਿਚ ਛਪੀ। ਇਸ ਵਿਚ ਬਾਵਾ ਜੀ ਨੇ ਲਿਖਿਆ ਕਿ ਗੁਰੂ ਨਾਨਕ ਦੀ ਬਾਣੀ ਰਾਹੀਂ ਵੇਦ ਸ਼ਾਸਤਰਾਂ ਦਾ ਮਤ ਹੀ ਸੰਸਕ੍ਰਿਤ ਦੀ ਥਾਂ ਭਾਖਾ ਵਿਚ ਬਿਆਨ ਕੀਤਾ ਗਿਆ ਹੈ; ਗੁਰੂ ਮਹਾਰਾਜ ਨੇ ਤੀਰਥਾਂ ਤੇ ਬਰਤ ਨੇਮ ਤੇ ਹੋਰਨਾਂ ਬਾਤਾਂ ਦਾ ਖੰਡਨ ਨਹੀਂ ਕੀਤਾ, ਸਿੱਖ ਗੁਰੂਆਂ ਨੇ ਵੇਦ ਦੇ ਮੰਨਣ ਤੇ ਚਲਣ ਦਾ ਹੁਕਮ ਦਿੱਤਾ ਹੈ ਤੇ ਉਨ੍ਹਾਂ ਵੇਦ ਪਾਠ ਦਾ ਮਹਾਤਮ ਦਸਿਆ ਹੈ; ਗੁਰੂ ਗ੍ਰੰਥ ਸਾਹਿਬ ਵਿਚ ਤੀਰਥਾਂ ਦੇ ਮੰਨਣ, ਬ੍ਰਾਹਮਣਾਂ ਦੇ ਮੰਨਣ ਦੇ ਪੂਜਨ, ਅਵਤਾਰਾਂ ਦੇ ਮੰਨਣ, ਦੁਰਗਾ ਦੀ ਪੂਜਾ ਤੇ ਮੰਨਣ, ਸੰਧਯਾ ਗਾਯਤ੍ਰੀ ਦੇ ਕਰਨ ਤੇ ਮੰਨਣ, ਜਾਤਾਂ ਦੇ ਰੱਖਣ ਦੇ ਕਈ ਪ੍ਰਮਾਣ ਹਨ। ਬਾਬਾ ਖੇਮ ਸਿੰਘ ਬੇਦੀ ਤੇ ਮਹਾਰਾਜਾ ਪਟਿਆਲਾ, ਸਿੱਖਾਂ ਦੇ ਪੀਰ ਤੇ ਮੀਰ, ਦੇ ਬਿਆਨਾਂ ਦੇ ਆਧਾਰ ਤੇ ਵੀ ਸਿੱਖਾਂ ਨੂੰ ਹਿੰਦੂ ਹੀ ਸਾਬਤ ਕੀਤਾ ਹੈ। ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਜਨਮਸਾਖੀਆਂ, ਗੁਰਬਿਲਾਸ ਵਿਚੋਂ ਜਿਹੜੀਆਂ ਟੂਕਾਂ ਦਿਤੀਆਂ ਹਨ ਉਹ ਲਗ ਭਗ ਉਹੀ ਹਨ ਜਿਹੜੀਆਂ ਕਾਨ੍ਹ ਸਿੰਘ ਨਾਭਾ ਨੇ 'ਹਮ ਹਿੰਦੂ ਨਹੀਂ ' ਵਿਚ ਰੱਦ ਕੀਤੀਆਂ ਹੋਈਆਂ ਹਨ। ਪਰ ਇਸ ਵਿਚ ਦੋ ਗੱਲਾਂ ਵਿਸ਼ੇਸ਼ ਤੌਰ ਤੇ ਨੋਟ ਕਰਨ ਵਾਲੀਆਂ ਹਨ। ਇਕ ਤਾਂ ਆਪ ਬਾਵਾ ਹੋਣ ਕਰਕੇ ਗੁਰੂ ਅੰਸ ਦੇ ਮੰਨਣ ਤੇ ਪੂਜਨ ਤੇ ਜ਼ੋਰ ਦਿਤਾ ਹੈ :-

" ਮੁਖ ਵਾਕ ਪਾਦਸ਼ਾਹੀ 10 ਨਸੀਹਤਨਾਮਾ

ਗੁਰ ਨਾਨਕ ਅੰਗਦ ਕੀ ਅੰਸ ।

ਅਮਰ ਦਾਸ ਭਲੇ ਕਾ ਬੰਸ ।

ਇਨ ਕੀ ਪੂਜਨ ਜੋ ਨਰ ਕਰ ਹੈ ।

ਸੋ ਮੇਰੇ ਹਿਰਦੇ ਮੇ ਪਰ ਹੈ । "[24]

ਦੂਜੀ ਇਹ ਕਿ ਜਿਹੜੇ ਸ਼ੂਦਰ ਸਿੱਖ ਬਣ ਗਏ ਹਨ ਉਹ ਹੋਰਨਾਂ ਸਿੱਖਾਂ ਨੂੰ ਹਿੰਦੂਆਂ ਤੋਂ ਅਲੱਗ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਹਿੰਦੂ ਇਨ੍ਹਾਂ ਸਿੱਖ ਬਣੇ ਸ਼ੂਦਰਾਂ ਦਾ ਪਰਦਾ ਫਾਸ਼ ਨਾ ਕਰ ਦੇਣ :-

" ਬਾਜੇ ਸਿਖਾਂ ਨੇ ਇਸ ਹਿੰਦੂ ਨਾ ਬਨਨ ਦੀ ਏਹ ਵਜਾ ਹੈ ਜੋ ਸਿਖਾਂ ਵਿਚ ਬਾਜੇ ਸ਼ੂਦ੍ਰ ਹੈਨ ਜਿਨ੍ਹਾਂ ਨੂੰ ਦੁਜ ਜਾਤੀ ਦੇ ਬਰਾਬਰ ਅਧਕਾਰ ਦੇਖੇ ਜਾਂਦੇ ਹੈਨ ਤੇ ਓਹ ਬ੍ਰਹਮਮਾ ਖੱਤ੍ਰੀਆਂ ਨਾਲ ਦੁਜ ਜਾਤੀ ਵਾਂਗੂੰ ਵਰਤਦੇ ਹਨ ਤੇ ਦੁਜ ਜਾਤੀ ਦੇ ਸਿਖ ਵਿਰੋਧ ਪੈਨ ਕਰਕੇ ਸੰਕਾਨ ਹੀ ਕਰਦੇ ਹੈਨ ਤੇ ਹਿੰਦੂਆਂ ਵਿਚ ਓਨਾਂ ਨੂੰ ਸੂਦ੍ਰਾਂ ਵਾਂਗ ਪਰੇ ਪਰੇ ਕੀਤਾ ਜਾਂਦਾ ਹੈ ਇਸ ਵਾਸਤੇ ਐਸੇ ਸਿਖਾਂ ਨੇ ਏਹ

24. ਬਾਵਾ ਨਰੈਣ ਸਿੰਘ ਵਕੀਲ, ਸਿਖ ਹਿੰਦੂ ਹੈਨ, ਪੱਥਰ ਛਾਪਾ, ਸੰਨ 1899 ਸਫਾ 23.

ਏਹ ਗਲ ਚੁਕੀ ਹੈ ਜੋ ਅਸੀਂ ਕਿਸੇ ਤਰ੍ਹਾਂ ਹਿੰਦੂਆਂ ਤੋਂ ਸਬਨਾਂ ਸਿੱਖਾਂ ਨੂੰ ਅਲਗ ਕਰੀਏ ਤਾਂ ਕਿ ਸਾਡੀ ਇਜ਼ਤ ਰਹੇ ਤੇ ਸਾਡਾ ਪੋਲ ਨਾ ਨਿਕਲੇ ........... "[25]

ਵੈਸੇ ਤਾਂ 'ਹਮ ਹਿੰਦੂ ਨਹੀਂ ' ਦੇ ਜਵਾਬ ਵਿਚ ਕਾਫੀ ਸਾਹਿਤ ਰਚਿਆ ਗਿਆ ਪਰ ਇਸ ਖੇਤਰ ਵਿਚ ਪੰਡਤ ਮੁਨਸ਼ੀ ਰਾਮ ਸ਼ੁਰਮਾ ਲਾਸਾਨੀ ਗ੍ਰੰਥ ਦਾ 'ਗੁਰੂ ਮਤ ਦਿਵਾਕਰ' ਭਾਗ ਪਹਿਲਾ ਤੇ ਦੂਜਾ ਕਾਫੀ ਵਿਸ਼ੇਸ਼ਤਾ ਰਖਦਾ ਹੈ । ਲੇਖਕ ਨੇ ਗੁਰੂ ਦਿਵਾਕਰ ਦੇ ਪਹਿਲੇ ਭਾਗ ਵਿਚ "ਦਸ ਗੁਰੂ - ਸਾਹਿਬਾਨ ਦਾ ਵੇਦ, ਸ਼ਾਸਤ੍ਰ ਔਰ ਪੌਰਾਣਾਂ ਦਾ ਮੰਨਣਾ, ਜਗਯੋ ਪਵੀਤ ਦਾ ਧਾਰਨ ਕਰਨਾ, ਗੁਰੂ ਸਾਹਿਬਾਨ ਔਰ ਓਨਾਂ ਦੀ ਸੰਤਾਨ ਔਰ ਓਨਾਂ ਦੇ ਸਿਖਾਂ ਦੇ ਵਿਵਾਹ ਵੈਦਿਕ ਹਿੰਦੂ ਰੀਤੀ ਅਨੁਸਾਰ ਹੋਣੇ ਔਰ ਨਵੀਨ ਸਿੰਘਾਂ ਦੀ ਮਨ ਘੜੰਤ ਰੀਤੀ ਆਨੰਦ ਵਿਵਾਹ ਪਰ ਖ਼ੂਬ ਰੋਸ਼ਨੀ "[26] ਪਾਈ । ਗੁਰੂ ਮਤ ਦਿਵਾਕਰ ਦੇ ਦੂਸਰੇ ਭਾਗ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿਕ ਪੁਸਤਕਾਂ ਦੇ ਪ੍ਰਮਾਣਾਂ ਔਰ ਸਿਖਾਂ ਦੇ ਗੁਣੀ ਗਯਾਨੀਆਂ ਗ੍ਰੰਥੀਆਂ ਦੇ ਜ਼ੁਬਰਦਸਤ ਹਵਾਲਿਆਂ ਨਾਲ ਸਿੱਧ ਕੀਤਾ ਹੈ ਕਿ ਦਸੇ ਗੁਰੂ ਸਾਹਿਬ ਸਨਾਤਨ ਧਰਮੀ ਹਿੰਦੂ ਸਨ ।"[27]

ਸ. ਗੁਰਬਖਸ਼ ਸਿੰਘ ਦੇ ਟ੍ਰੈਕਟ ' ਗੁਰੂ ਕੌਣ ਹੈ ' ਦਾ ਹਵਾਲਾ ਦੇ ਕੇ ਇਹ ਸਾਬਤ ਕੀਤਾ ਹੈ ਕਿ ਸਿਖ ਗੁਰੂ ਗ੍ਰੰਥ ਸਾਹਿਬ ਨੂੰ ਵੀ ਮੂਰਤੀਆਂ ਵਾਂਗ ਪੂਜਦੇ ਹਨ ਤੇ ਇਸ ਤੋਂ ਨਤੀਜਾ ਕਢਿਆ ਕਿ ". . . . . . ਜਦੋਂ ਤੀਕ ਨਵੀਨ ਸਿੰਘ ਗੁਰੂ ਗ੍ਰੰਥ ਸਾਹਿਬ ਔਰ ਗੁਰੂਆਂ ਨੂੰ ਮੰਨਦੇ ਰਹਿਨਗੇ ਤਦੋਂ ਤੀਕ ਮੂਰਤੀ ਪੂਜਾ ਦੇ ਵਿਰੁਧ ਚੂੰ ਚਰਾਂ ਨਹੀਂ ਕਰ ਸਕਦੇ "[28] । ਫਿਰ ਗੁਰੂ ਗ੍ਰੰਥ ਸਾਹਿਬ (ਟੀਕਾ ਪੰਡਿਤ - ਤਾਰਾ ਸਿੰਘ ), ਗੁਰਬਿਲਾਸ ਪਾਤਸ਼ਾਹੀ 6, ਵਾਰਾਂ ਭਾਈ ਗੁਰਦਾਸ, ਤਵਾਰੀਖ ਗੁਰੂ ਖਾਲਸਾ, ਪੰਥ ਪ੍ਰਕਾਸ਼, ਖਾਲਸਾ ਸੁਧਾਰ ਤਰੂ (ਭਾਈ ਅਵਤਾਰ ਸਿੰਘ ਵਹੀਰੀਆ) ਵਿਚੋਂ ਮਿਸਾਲਾਂ ਦੇਕੇ ਇਹ ਸਿੱਧ ਕੀਤਾ ਹੈ ਕਿ ਮੂਰਤੀ ਪੂਜਾ ਉੱਤਮ ਹੈ, ਈਸ਼ੁਵਰ ਅਵਤਾਰ ਧਾਰਦਾ ਹੈ, ਗੁਰੂਮਤ ਤੀਰਥ ਯਾਤਰਾ ਦੁਰਗਾ ਪੂਜਾ, ਯੱਗ ਕਰਨ, ਬ੍ਰਾਹਮਣਾਂ ਨੂੰ ਦਾਨ ਦੇਣ, ਮ੍ਰਿਤਕ ਕ੍ਰਿਆ ਸ੍ਰਾਧ, ਆਦਿ ਕਰਨ ਦੇ ਹੱਕ ਵਿਚ ਹੈ, ਵਿਰੋਧੀ ਨਹੀਂ, ਮਿਸਾਲ ਵਜੋਂ :-

<u>( ਸ਼ੰਕਾ ਸਮਾਂਧਾਨ )</u>

ਗੁਰੂ ਮੱਤ ਵਿੱਚ ਈਸ਼ੁਵਰ ਦਾ ਅਵਤਾਰ ਹੋਨਾਂ ਗੁਰੂਆਂ ਦੇ ਕਥਨ ਤੋਂ ਭਲੀ ਪ੍ਰਕਾਰ ਸਿੱਧ ਹੁੰਦਾ ਹੈ ਪਰ ਨਵੀਨ ਰੋਸ਼ਨੀ ਦੇ ਮੌਜੂਦਾ ਖਾਲਸਾ ਈਸ਼ੁਵਰ ਦੇ ਅਵਤਾਰ ਹੋਨੇ ਦੇ ਵਿਰੋਧੀ ਹੈਂ ਔਰ ਜੋ <u>ਆਦਿ ਗ੍ਰੰਥ ਸਾਹਿਬ ਦੇ ਹਰ ਇਕ ਸਫੇ ਪਰ ਰਾਮ ਨਾਮ ਦੀ ਮੈਹਿਮਾ ਲਿਖੀ ਹੈ ਉਸਨੂੰ ਮਰਯਾਦਾ</u>

25. ਬਾਵਾ ਨਰੈਣ ਸਿੰਘ ਵਕੀਲ, ਸਿਖ ਹਿੰਦੂ ਹੈਨ, ਪੱਥਰ ਛਾਪਾ, ਸੰਨ 1899 ਈ. ਸਫਾ 9.
26. ਪੰਡਿਤ ਮੁਨਸ਼ੀ ਰਾਮ ਸ਼ੁਰਮਾ, ਗੁਰੂਮਤ ਦਿਵਾਕਰ, ਪਹਿਲੀ ਵਾਰ, ਸਿਤੰਬਰ 1922 ਈ, ਸੰਖਿਪਤ ਭੂਮਿਕਾ.
27. ਉਹੀ, ਸਰਵਰਕ,
28. ਉਹੀ ਸਫਾ 3.

ਪੁਰਸ਼ੋਤਮ ਸ੍ਰੀ ਰਾਮ ਚੰਦ੍ਰ ਜੀ ਤੋਂ ਭਿੰਨ ਵਾਹਿਗੁਰੂ ਨੂੰ ਰਾਮ ਮੰਨਦੇ ਹਨ। ਜੈਸਾ ਕਿ ਭਾਈ ਕਾਨ੍ਹ ਸਿੰਘ ਹਮ ਹਿੰਦੂ ਨਹੀਂ ਦੇ ਸਫਾ 114 ਪਰ ਲਿਖਦਾ ਹੈ ।

" ਗੁਰੂ ਬਾਣੀ ਵਿਚ ਅਨੇਕ ਨਾਮ ਐਸੇ ਹਨ ਜੋ ਖਾਸ ਕਰ ਅਵਤਾਰ ਔਰ ਦੇਵਤਿਓਂ ਸੇ ਸਬੰਧ ਰਖਦੇ ਹਨ ਪਰੰਤੂ ਵੋਹੀ ਨਾਂਮ ਅਨੇਕ ਸਥਾਨੋਂ ਮੇਂ ਗੁਰੂ ਸਾਹਿਬ ਨੇਂ ਵਾਹਿਗੁਰੂ ਦੇ ਅਰਥ ਵਰਤੇ ਹਨ । ਇਸ ਗੱਲ ਨੂੰ ਯਥਾਰਥ ਸਮਝੇ ਬਿਨਾਂ ਬਹੁਤ ਲੋਗ ਧੋਖੇ ਵਿੱਚ ਪੈ ਜਾਂਦੇ ਹਨ ।"

ਅਸੀਂ ਪ੍ਰਿਥਮ ਭਾਗ ਵਿੱਚ ਏਹ ਭਲੀ ਪ੍ਰਕਾਰ ਸਿੱਧ ਕਰ ਚੁਕੇ ਹਾਂ ਕਿ 'ਵਾਹਿਗੁਰੂ' ਨਾਮ ਹਿੰਦੂ ਦੇਵਤਿਆਂ ਔਰ ਖਾਸ ਕਰ ਭਗਵਾਂਨ ਕ੍ਰਿਸ਼ਨ ਦੀ ਵਾਚਕ ਹੈ ਵਾਹਿਗੁਰੂ ਔਰ ਅਕਾਲ ਪੁਰਖ ਨੂੰ ਭਗਵਾਨ ਰਾਮ ਔਰ ਕ੍ਰਿਸ਼ਨ ਤੋਂ ਅਲਗ ਮੰਨਨਾਂ ਅਗਿਆਨਤਾ ਹੈ। ਸਮੂਹ ਗੁਰੂ ਬਾਣੀ ਵਿਚ ਭਗਵਾਂਨ ਰਾਮ ਚੰਦ੍ਰ ਜੀ ਮਹਾਂਰਾਜ ਦਸਰਥ ਜੀ ਦੇ ਪੁੱਤ੍ਰ ਦੇ ਹੀ ਨਾਂਮ ਜਪਨ ਦੀ ਮਹਿਮਾਂ ਵਰਨਨ ਕੀਤੀ ਗਈ ਹੈ ਜੈਸਾ ਕਿ ਦੇਖੋ ਆਦਿ ਗ੍ਰੰਥ ਸਾਹਿਬ ਰਾਗ ਰਾਮਕਲੀ ਬਾਣੀ ਨਾਮਦੇਵ ਸ਼ਬਦ 4 :-

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ, ਅਗਨਿ ਦਹੈ ਕਾਇਆ ਕਲਪ ਕੀਜੈ ।
ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦ੍ਰ, ਪ੍ਰਣਵੈ ਤਤੁ ਰਸ਼ ਅੰਮ੍ਰਿਤ ਪੀਜੈ ।

ਟੀਕਾ ਪੰਡਿਤ ਤਾਰਾ ਸਿੰਘ ਸਫਾ 209 ਰਾਹੀਂ ਆਪਣੇ ਕਥਨ ਦੀ ਪੁਸ਼ਟੀ ਕੀਤੀ ਹੈ ।

ਨੋਟ- ਕਿਉਂ ਭਾਈ ਕਾਨ ਸਿੰਘ! ਜਦੋਂ ਗੁਰੂ ਬਾਣੀ ਨਾਮ ਜਪਨੇ ਦੀ ਮਹਿਮਾਂ ਵਰਨਨ ਕਰਦੀ ਹੁਈ ਸਬ ਕਰਮਾਂ ਤੋਂ ਉਤਮ ਭਗਵਾਨ ਰਾਮ ਚੰਦ੍ਰ ਜੀ ਦੇ ਨਾਮ ਜਪਨ ਦੀ ਸ਼੍ਰੇਸਟਤਾ ਵਰਨਨ ਕਰਦੀ ਹੈ ਤਾਂ ਫਿਰ ਤੁਸੀਂ ਕਿਉਂ ਭਗਵਾਨ ਰਾਮ ਦਾ ਨਾਂਮ ਨਾ ਜਪ ਕਰ ਉਲਟੀ ਨਿੰਦਾ ਕਰ ਯਮ ਦੰਡ ਸਹਿਨ ਦੀਆਂ ਤਿਆਰੀਆਂ ਕਰ ਰਹੇ ਹੋਂ ਦੇਖੋ ਦਸਮ ਗ੍ਰੰਥ ਸਾਹਿਬ ਰਾਮਾ ਅਵਤਾਰ ਦੇ ਪ੍ਰਸੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਰਾਮਾਂ ਅਵਤਾਰ ਹੋਨੇ ਦੀ ਕਾਰਨ ਔਰ ਓਨਾਂ ਦੇ ਚਰਿਤ੍ਰਾਂ ਦੇ ਕਹਿਨ ਸੁਨਨ ਦਾ ਕੀ ਫਲ ਦੱਸਦੇ ਹਨ ।

ਅਬ ਮੈਂ ਕਹੌਂ ਰਾਮ ਅਵਤਾਰਾ, ਜੈਸ ਜਗਤ ਮੋ ਕਰਾ ਪਾਸਾਰਾ ।
ਇਸਦੀ ਪੁਸ਼ਟੀ ਦੇ ਲਈ ਦੇਖੋ ਵਾਰ ਭਾਈ ਗੁਰਦਾਸ ਵਾਰ 31 ਪੌੜੀ 20
ਰਾਮ ਚੰਦ੍ਰ ਕਾਰਣ ਕਰੁਣ ਕਾਰਣ ਵਸ ਹੋਯਾ ਦੇਹ ਧਾਰੀ ।
- - - - - - - - - - - - - - - - - - - - - - -
ਰਾਮਾਯਨ ਵਰਤਾਯਾ ਰਾਮ ਰਾਜ ਕਰ ਸ੍ਰਿਸ਼ਟ ਉਧਾਰੀ ।"[29]

---

29. ਪੰਡਿਤ ਮੁਨਸ਼ੀ ਰਾਮ ਸ਼ਰਮਾ, ਗੁਰੂਮਤ ਦਿਵਾਕਰ, ਪਹਿਲੀ ਵਾਰ, ਸਿਤੰਬਰ 1922 ਈ. ਸੰਖਿਪਤ ਭੂਮਿਕਾ ।

" ਭਾਈ ਜਗਤ ਸਿੰਘ ਜੀ ਆਰੀਆ ਉਪਦੇਸ਼ਕ ਨੇ ਬਾਹਰਲੇ ਆਰੀਆ ਸਮਾਜ ਦੇ ਸਾਲਾਨੇ ਜਲਸੇ ਪੁਰ 28-11- 1903 ਨੂੰ ਕਈ ਇਕ ਅਯੋਗ ਹਮਲੇ ਸਿੰਘਾਂ ਪੁਰ ਕੀਤੇ ।"[30] ਇਸ ਦੇ "ਉਤ੍ਰ ਭਾਈ ਮੋਹਨ ਸਿੰਘ ਜੀ ਵੈਦ ਤਰਨਤਾਰਨ ਨੇ ਤਿਆਰ ਕਰਕੇ ਵਖਯਾਨ ਦਵਾਰਾ ਸ੍ਰੀ ਗੁਰੂ ਸਿੰਘ ਸਭਾ ਸ਼ਾਹਾਲਮੀ ਦਰਵਾਜ਼ਾ ਲਾਹੌਰ ਦੇ ਦੀਵਾਨ ਵਿਚ ਸੁਣਾਏ[31] "(27-12-1903),ਜੋ ਬਾਦ ਵਿਚ ਮਨਮਤ ਪ੍ਰਹਾਰ ਨੰ: 4 ਵਿਚ ਛਾਪੇ ਗਏ ।ਇਹ ਹਮਲਾ ਵੀ ਪੁਰਾਣੀ ਕਿਸਮ ਦਾ ਹੀ ਸੀ ,ਇਸ ਵਿਚ ਕੋਈ ਨਵੀਨਤਾ ਨਹੀਂ ਸੀ ।ਉਹੋ ਪੁਰਾਣੀਆਂ ਗੱਲਾਂ ਦੁਹਰਾਈਆਂ ਗਈਆਂ ਸਨ ਕਿ ਖਾਲਸਾ ਹਿੰਦੂ ਹੈ,ਗੁਰੂਆਂ ਦਾ ਮਿਸ਼ਨ ਵੇਦ ਮਤ ਪ੍ਰਚਾਰ ਸੀ,ਉਨ੍ਹਾਂ ਨੇ ਆਪਣੇ ਸੰਸਕਾਰ ਵੇਦ ਅਨੁਸਾਰ ਕੀਤੇ,ਉਹ ਵੇਦਾਂ ਨੂੰ ਇਲਹਾਮੀ ਮੰਨਦੇ ਸਨ," ਪੰਡਿਤ ਦਯਾਨੰਦ ਜੀ ਪੂਰੇ ਪੰਡਿਤ ਸਨ,ਐਸੇ ਪੰਡਿਤ ਜੀ ਨੂੰ ਗੁਰੂ ਜੀ ਨੇ ਨਮਸਕਾਰ ਕੀਤੀ ਹੈ," ਵਿਆਹ ਦੀਆਂ ਲਾਵਾਂ ਯਾ ਅਨੰਦ ਪੜ੍ਹਨਾ ਜਾਇਜ਼ ਨਹੀਂ,ਆਦਿ[32] ।" ਇਸੇ ਹਮਲੇ ਨੂੰ ਭਾਈ ਜਗਤ ਸਿੰਘ ਉਪਦੇਸ਼ਕ ਨੇ "ਗੁਰੂਮਤ ਪ੍ਰਕਾਸ਼," ਦੂਜਾ ਭਾਗ,ਸੰਮਤ 1961 ਬਿ: ਵਿਚ 'ਹਮ ਹਿੰਦੂ ਨਹੀਂ ' ਦੀਆਂ ਲੀਹਾਂ ਤੇ ਚਲਦਿਆਂ ਨਵੀਨ ਸਿੰਘ ਤੇ ਪ੍ਰਾਚੀਨ ਸਿੰਘ ਦੇ ਸੁਆਲਾਂ ਜੁਆਬਾਂ ਰਾਹੀਂ ਦੁਹਰਾਂਦਿਆਂ ਲਿਖਿਆ ਕਿ ਗੁਰੂ ਮਹਾਰਾਜ ਨੇ ਵੀ ਵਿਆਹ ਪੁਰਾਣੀ ਰੀਤੀ ਅਨੁਸਾਰ ਹੀ ਕੀਤੇ ਤੇ ਸੂਰਜ ਪ੍ਰਕਾਸ਼ ਦੀ ਮਿਸਾਲ ਦੇ ਕੇ ਦਸਿਆ ਕਿ ਲਾਵਾਂ ਵਿਚ ਪ੍ਰਭੂ ਭਗਤੀ ਹੈ,ਇਸਤਰੀ ਪੁਰਖ ਦਾ ਵਿਆਹ ਸਬੰਧ ਨਹੀਂ, ਇਹ ਛਪੀ ਗੁਰਮੁਖੀ ਅਖਰਾਂ ਵਿਚ ਹੈ ਪਰ ਇਸ ਦੀ ਬੋਲੀ ਹਿੰਦੀ ਹੈ,ਇਸ ਲਈ ਪੰਜਾਬੀ ਵਾਰਤਕ ਦੀ ਸ਼ੈਲੀ ਤੇ ਪੰਜਾਬੀ ਬੋਲੀ ਦਾ ਵਿਕਾਸ ਦੇਖਣ ਲਈ ਇਦ੍ਹੀਆਂ ਟੂਕਾਂ ਦੇਣੀਆਂ ਜ਼ਰੂਰੀ ਨਹੀਂ ।ਪਰ ਇਹ ਦਸ ਦੇਣਾ ਜ਼ਰੂਰੀ ਹੈ ਕਿ ਭਾਈ ਜਗਤ ਸਿੰਘ ਨੇ ਕਿਹਾ ਕਿ ਸੰਸਕ੍ਰਿਤ ਨੂੰ ਮੁਰਦਾ ਦਸਣ ਵਾਲੇ ਆਪ ਮੁਰਦਾ ਹਨ,ਸੰਸਕ੍ਰਿਤ ਪੰਜਾਬੀ ਨਾਲੋਂ ਪਵਿੱਤਰ ਹੈ,ਇਸ ਤੋਂ ਸਿੰਘ ਸਭੀਆਂ ਦਾ ਪੰਜਾਬੀ ਪਿਆਰ ਤੇ ਪੰਜਾਬੀਆਂ ਦਾ ਜ਼ੁਬਾਨ ਨੂੰ ਧਰਮ ਨਾਲ ਜੋੜਨ ਬਾਰੇ ਸੰਕੇਤ ਮਿਲਦਾ ਹੈ। 'ਮਨਮਤ ਪ੍ਰਹਾਰ ਨੰ: 4' ਵਿਚ ਦਿਤੀਆਂ ਦਲੀਲਾਂ ਵਿਚ ਵੀ ਕੋਈ ਨਵੀਨਤਾ ਨਹੀਂ,'ਹਮ ਹਿੰਦੂ ਨਹੀਂ ' ਵਾਲੀਆਂ ਦਲੀਲਾਂ ਵਧੇਰੇ ਦਹੁਰਾਈਆਂ ਹੀ ਗਈਆਂ ਹਨ ਪਰ ਇਕ ਗੱਲ ਤੇ ਬੜਾ ਮਾਨ ਪਰਗਟ ਕੀਤਾ ਹੈ ਕਿ "....... ਆਪ ਭਾਵੇਂ ਹਿੰਦੂ ਰਹੋ ਭਾਵੇਂ ਆਰੀਆ ਪਰ ਸਰਹੱਦੀ ਪਠਾਣਾਂ ਦੀ ਖ਼ੁਰਾਕ ਹੋ,ਇਸ ਵਾਸਤੇ ਮੁਰਦੇ ਹੋ ਕਿਉਂਕਿ ਆਪਣਾ ਬਚਾਉ ਆਪ ਨਹੀਂ ਕਰ ਸਕਦੇ ,ਪ੍ਰੰਤੂ ਅਸੀਂ (ਖਾਲਸਾ ਭਾਈ ) ਆਪ ਦੇ ਸਮਾਨ ਮੁਰਦੇ ਨਹੀਂ ਹਾਂ ਕਿੰਤੂ ਸਾਡੀ ਪਲਟਨ ਨੇ 45 ਪੈਤਾਲੀ ਕੋਹ ਦਾ ਧਾਵਾ ਕਰਕੇ ਦੁਸ਼ਮਨ ਨਾਲ ਦੋ ਹਥ ਕੀਤੇ । ਜਿਸ ਵਿਚ ਸੈਂਕੜੇ ਮਾਰੇ ਅਰ ਹਜ਼ਾਰਾਂ ਭਜਾਏ । । ਅਰ ਤਿੰਨ ਘੰਟੇ ਦੇ ਅੰਦਰ ਅੰਦਰ ਚਿਤ੍ਰਾਲ ਨੂੰ ਫਤਹ ਕੀਤਾ ਸੀ ।।।[33]

---

30. ਭਾਈ ਮੋਹਨ ਸਿੰਘ ਵੈਦ,ਮਨਮਤ ਪ੍ਰਹਾਰ ਨੰ: 4(ਪਹਿਲੀ ਵਾਰ ਸਫਾ 6.)
31. ਉਹੀ,ਸਰਵਰਕ ;
32. ਉਹੀ,ਸਫਾ 7.
33. ਉਹੀ,ਸਫਾ 58.

ਬੀ. ਨਿਹਾਲ ਸਿੰਘ ਨੇ ਇਸੇ ਗਲ-ਬਾਤੀ ਢੰਗ ਨੂੰ ਅਪਣਾਉਂਦਿਆਂ 1905 ਈ. ਵਿਚ 'ਹਿੰਦੂ-ਸਿਖਾਂ ਦਾ ਨਬੇੜਾ ' ਨਾਂ ਦੀ ਪੁਸਤਕ ਛਾਪੀ ।ਇਹ ਪੁਸਤਕ ਵੀ 'ਹਮ ਹਿੰਦੂ ਨਹੀਂ ' ਦਿਆਂ ਪੂਰਨਿਆਂ ਤੇ ਲਿਖੀ ਗਈ ਹੈ ।ਹਿੰਦੂ ਸਿੱਖਾਂ ਨੂੰ ਹਿੰਦੂ ਸਾਬਤ ਕਰਦਾ ਹੈ ਤੇ ਸਿੱਖ ਉਨ੍ਹਾਂ ਤੋਂ ਵਖਰੇ ।ਇਸ ਵਿਚ ਵੀ ਦਲੀਲਾਂ ਤੇ ਟੂਕਾਂ ਲਗ ਭਗ ਭਾਈ ਕਾਨ੍ਹ ਸਿੰਘ ਨਾਭਾ ਵਾਲੀਆਂ ਹੀ ਵਰਤੀਆਂ ਹਨ ।ਜਿਵੇਂ :-

ਹਿੰਦੂ - ਪਿਆਰੇ ਸਜਨ ਜੀ ! ਏਹ ਤੁਸੀਂ ਕੀ ਲਿਖਨ ਦਾ ਉਪਰਾਲਾ ਕਰਨ ਲਗੇ ਹੋ ਸਿਖ ਤਾਂ ਨਿਰਸੰਦੇਹ ਹੀ ਹਿੰਦੂ ਹਨ ।ਜਦ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਹਿੰਦੂ,ਕਾਲੂ ਖਤ੍ਰੀ ਹਿੰਦੂ ਦੇ ਹੀ ਬੇਟੇ ਹੋਏ ਹਨ ਤਾਂ ਫੇਰ ਏਹ ਕੈਹਣਾ ਕਿ ਸਿਖ ਹਿੰਦੂ ਨਹੀਂ ਏਹ ਭਾਰੀ ਮੂਰਖਤਾਈ ਨਹੀਂ ਤਾਂ ਹੋਰ ਕੀ ਹੈ ?

ਸਿਖ- ਪਿਆਰੇ ਮਿਤ੍ਰ ਜੀ ! ਜੇਕਰ ਸਿਖ ਨਿਰੇ ਇਸੇ ਗਲ ਤੋਂ ਹੀ ਹਿੰਦੂ ਹਨ ਤਾਂ ਮੁਸਲਮਾਨਾਂ ਦੀ ਸੰਪ੍ਰਦਾਯ ਭੀ ਹਿੰਦੂ ਰਿਸ਼ੀਆਂ ਤੋਂ ਹੀ ਚਲੀ ਹੈ ਇਸ ਲਈ ਮੁਸਲਮਾਨ ਭੀ ਹਿੰਦੂ ਹੀ ਹੋਏ ।

(ਦੇਖੋ ਹਿਸਟ੍ਰੀਆਂ ਅਤੇ ਮਹਾਭਾਰਤਾਦਿ ਗ੍ਰੰਥ )

(2) ਅਜ 30 ਬਰਸ ਹੋਏ ਹਨ ਜੋ ਇਕ ਹਿੰਦੂ ਮੁਸਲਮਾਨ ਹੋ ਗਿਆ ਸੀ ਜਿਸ ਦੇ ਪੁਤ੍ਰ ਪੋਤ੍ਰੇ ਅਜ ਬਜ਼ਾਰਾਂ ਵਿਚ ਫਿਰਦੇ ਹਨ ਉਨ੍ਹਾਂ ਨੂੰ ਤੁਸੀਂ ਕੀ ਆਖਦੇ ਹੋ ?

ਹਿੰਦੂ- ਮੁਸਲਮਾਨ !

ਸਿਖ- ਜਦ ਉਸ ਤੀਸ ਬਰਸ ਦੇ ਮੁਸਲਮਾਨ ਹੋਏ ਨੂੰ ਮੁਸਲਮਾਨ ਕਹੋਗੇ ਤਦ ਸਿਖਾਂ ਨੂੰ ਹਿੰਦੂਆਂ ਪਾਸੋਂ ਵਖਰੇ ਹੋਇਆਂ ਨੂੰ 437 ਸਾਲ ਬੀਤ ਗਏ ਹਨ ਫੇਰ ਤੁਸੀਂ ਸਿਖਾਂ ਨੂੰ ਕਿਉਂ ਹਿੰਦੂ ਆਖਦੇ ਹੋ ?"[34]

" ਹਮ ਹਿੰਦੂ ਨਹੀਂ ' ਨਾਲੋਂ ਇਸ ਵਿਚ ਇਕ ਵਾਧਾ ਕੀਤਾ ਗਿਆ ਹੈ ਤੇ ਉਹ ਇਹ ਹੈ ਕਿ ਇਸ ਵਿਚ 'ਅਨਮਤ ਅਤੇ ਖਾਲਸਾ ਧਰਮ ਦੇ ਨਿਰਨੇ ਦਾ ਨਕਸ਼ਾ' ਦਿਤਾ ਗਿਆ ਹੈ,ਜਿਸ ਵਿਚ 'ਹਿੰਦੂ-ਆਰਯਾ,ਮੁਸਲਮਾਨ,ਸਿਖ ਖਾਲਸਾ' ਦੇ ਅੱਡੋ ਅੱਡ ਮੰਤ੍ਰ,ਮੰਗਲ,ਮਿਲਨੇ ਦੇ ਸਮੇ,ਧਰਮ ਵਿਦਯਾ, ਧਰਮ ਦੇ ਪੁਸਤਕ,ਤੀਰਥ,ਉਪਾਸ਼ਨਾ,ਪੂਜਾ,ਮੰਦਰ,ਦਿਸ਼ਾ ਸੰਧਯਾ,ਸੰਸਕਾਰ,ਚਿੰਨ੍ਹ,ਪੂਜਨੀਕ,ਵਡੇ ਦਿਨ, ਭੇਟ,ਭੇਸ ਆਦਿ ਦਸ ਕੇ ਇਹ ਸਾਬਤ ਕੀਤਾ ਹੈ ਕਿ ਖਾਲਸਾ ਨਾ ਹਿੰਦੂ ਨਾ ਮੁਸਲਮਾਨ ਹੈ,ਸਗੋਂ ਦੋਹਾਂ ਤੋਂ ਨਿਆਰਾ ਹੈ,ਭਾਵੇਂ 'ਅਨਯਮਤ ਤੇ ਗੁਰਮਤ ਦਾ ਨਿਰਣਾ' 'ਹਮ ਹਿੰਦੂ ਨਹੀਂ ' ਵਿਚ ਵੀ ਦਿਤਾ ਜਾ ਚੁਕਾ ਸੀ ।

---

34. ਬੀ. ਨਿਹਾਲ ਸਿੰਘ,ਹਿੰਦੂ ਸਿਖਾਂ ਦਾ ਨਬੇੜਾ,ਪਹਿਲੀ ਵਾਰ,ਅਗਸਤ 1905 ਸਫੇ 1-2.

1905 ਈ. ਵਿਚ ਹੀ ਦੁਰਗਾ ਪ੍ਰੈਸ ਰਿਆਸਤ ਨਾਭਾ ਵਿਚ ਭਾਈ ਪ੍ਰੇਮ ਸਿੰਘ ਮਾਲਕ ਪ੍ਰੈਸ ਦੇ ਅਧਿਕਾਰ ਨਾਲ 'ਸਿੱਖ ਮਤ ਬਬੇਕ' ਨਾਂ ਦੀ ਕਤਾਬੜੀ ਛਪੀ ।ਜਿਸ ਨੂੰ ਲੇਖਕ ਇਸ਼ਤਿਹਾਰ ਦਾ ਨਾਂ ਦਿੰਦਾ ਹੈ।ਇਹਦੀ ਜ਼ੁਬਾਨ ਹਿੰਦੀ ਤੇ ਲਿਪੀ ਗੁਰਮੁਖੀ ਹੈ ।ਇਸ ਵਿਚ ਸਿੱਖਾਂ ਦੀਆਂ ਦੋ ਕਿਸਮਾਂ ਦਸੀਆਂ ਹਨ;ਇਕ ਹਿੰਦੂ ਖਾਲਸਾ ਜਿਹੜਾ ਗੁਰਬਾਣੀ,ਗੁਰ ਬਿਲਾਸ,ਗੁਰਪਰਤਾਪ ਸੂਰਜ ਨੂੰ ਮੰਨਦਾ ਹੈ,ਦੂਜਾ ਤੱਤ-ਖਾਲਸਾ(ਮਲੀਨ ਖਾਲਸਾ) ਜਿਹੜਾ ਸ਼ਰਾਬੀ,ਕਬਾਬੀ,ਜ਼ਨਾਹੀ ਹੈ :-

" ਆਜ ਕਲ ਕੇ ਮਲੀਨ ਖਾਲਸਾ ਕੋ ਇਸਤ੍ਰੀ ਖਵਾਹ ਮੱਟੀ ਕੀ ਮਿਲ ਜਾਵੇ ਲੇਕਨ ਕਾਮ ਵਸ ਹੋਕਰ ਉਸਕੇ ਆਗੇ ਦਾਂਤ ਕਾਡਨੇ ਲਗ ਜਾਤੇ ਹੈਂ,ਲਾਲਚੀ ਐਸੇ ਹੈਂ ਕਿ ਰੁਪਯਾ ਦੇ ਕਰ ਜਿਸਕੀ ਚਾਹੋ ਨਿੰਦਾ ਉਸਤਤੀ ਕਰਾਦੋ ।ਸ਼ਰਾਬ,ਮਾਸ ਆਦਿ ਇਸਤ੍ਰੀ ਦੇ ਕਰ ਬੁਰਾ ਭਲਾ ਕੁਛ ਕਾਮ ਲੇ ਜੋ ਧਰਮ ਅਧਰਮ ਕਾ ਵੀਚਾਰ ਕਭੀ ਨਹੀਂ ਕਰੇਗੇ ॥"[35]

ਇਸ ਦੇ ਜਵਾਬ ਵਿਚ ਸਰਦਾਰ ਮਹਿਤਾਬ ਸਿੰਘ ਬੈਰਿਸਟਰ ਨੇ ਸਤੰਬਰ 1905 ਵਿਚ ਹੀ 'ਸਿੱਖ ਮਤ ਬਿਬੇਕ (ਜੋ ਅਸਲ ਵਿਚ ਸਿੱਖ ਮਤ ਅਵਿਵੇਕ ਹੈ ) ਦਾ ਗੁਰਮਤ ਅਨੁਸਾਰ ਖੰਡਨ' ਨਾਂ ਦੀ ਕਿਤਾਬ ਛਾਪੀ ।ਇਸ ਵਿਚ ਉਨ੍ਹੇ 'ਸਿੱਖ ਮਤ ਬਿਬੇਕ' ਦੇ ਬਾਈਆਂ ਨੁਕਤਿਆਂ ਦਾ ਵਾਰੀ ਜਵਾਬ ਦਿਤਾ ਹੈ । ਗੁਰੂ ਗੋਬਿੰਦ ਸਿੰਘ ਜੀ ਵਲੋਂ ਕੀਤੀ ਗਈ ਦੁਰਗਾ ਉਪਾਸ਼ਨਾ ਦਾ ਇਉਂ ਜਵਾਬ ਦਿਤਾ ਹੈ :

" ਅੱਗੇ ਤਾਂ ਲੋਕ ਕਹਿੰਦੇ ਸਨ,ਕਿ ਦਸਮ ਗੁਰੂ ਜੀ ਨੇ ਦੇਵੀ ਪ੍ਰਗਟ ਕੀਤੀ ਹੈ,ਅਰ ਇਸ ਵਿਚ ਇਤਨੀ ਵਡਿਆਈ ਦੀ ਗੁੰਜਾਇਸ਼ ਸੀ,ਕਿ ਮਹਾਰਾਜ ਨੇ ਕੰਮ ਲੈਣ ਲਈ ਗੁਰੂ ਘਰ ਦੀ ਟਹਿਲ ਵਾਲੀ ਦੇਵੀ ਨੂੰ,ਜੋ ਗੁਰੂ ਨਾਨਕ ਦੇਵ ਜੀ ਦੇ ਦਵਾਰੇ ਝਾੜੂ ਦਿੰਦੀ ਸੀ,ਸੱਦ ਲਿਆ ।ਪਰ ਇਹ ਨਵੀਂ ਗੱਲ ਸੁਣੀ ਹੈ ,ਕਿ ਗੁਰੂ ਜੀ ਦੇਵੀ ਦੇ ਉਪਾਸ਼ਕ ਸੇ ।ਦੇਖੋ ਆਪਣੇ ਉਪਾਸ਼ਯ ਬਾਬਤ ਗੁਰੂ ਜੀ ਆਪ ਕੀ ਕਹਿੰਦੇ ਹਨ,

" ਆਦਿ ਅੰਤ ਏਕੈ ਅਵਤਾਰਾ ।ਸੋਈ ਗੁਰੂ ਸਮਝੀਯੋ ਹਮਾਰਾ '  
ਨ ਧਿਆਨ ਆਨ ਕੋ ਧਰਉ ।ਨ ਨਾਮ ਆਨ ਉੱਚਰੋਂ ॥

ਐਸੇ ਅਨੇਕਾਂ ਪ੍ਰਮਾਣ ਹਨ,ਕਿ ਉਨ੍ਹਾਂ ਦਾ ਉਪਾਸ਼ਯ ਦੇਵੀ ਨਹੀਂ ਸੀ ।ਪ੍ਰਗਟ ਕਰਨ ਦੀ ਬਾਤ ਪਰ 'ਦੁਰਗਾ ਪ੍ਰਬੋਧ' ਨਾਮੇ ਇਕ ਗ੍ਰੰਥ ਮੌਜੂਦ ਹੈ,ਜਿਸ ਵਿਚ ਇਸ ਸਵਾਲ ਪਰ ਹਰ ਪਹਿਲੂ ਤੋਂ ਬਹਿਸ ਕੀਤੀ ਗਈ ਹੈ,ਮਹਾਤਮਾ ਜੀ ਅਗਰ ਵਿਦਵਾਨ ਹਨ,ਤਦ ਇਸ ਦਾ ਖੰਡਨ ਲਿਖ ਦੇਨ।ਸਭ ਬੁਧੀਮਾਨ ਉਨ੍ਹਾਂ ਦੀ ਯੁਕਤੀ ਨੂੰ ਅਗਰ ਯੋਗ ਸਮਝਨਗੇ ਤਾਂ ਮੰਨ ਲੈਣਗੇ । ਖਾਲਸਾ ਜੀ ਆਪ ਵਾਂਗ 'ਗੱਪਾਂ ਨਹੀਂ ਹਾਂਕਦੇ ।ਵਿਦਯਾ ਦਾ ਸਮਾ ਹੈ,ਸੋ ਹਰ ਮਾਮਲੇ ਪਰ ਵਿਦਯਕ ਬਹਿਸ ਯੁਕਤੀ ਪ੍ਰਮਾਨ ਨਾਲ ਕਰਦੇ ਹਨ,

---

35. ਸਿੱਖ ਮੱਤ ਬਬੇਕ,1905 ,ਸਫਾ 9.

ਆਪ ਭੀ ਜੇ ਵਿਦਯ ਹੋ,ਤਾਂ ਵਿਦਯਾ ਮੰਡਲ ਵਿੱਚ ਆਓ। ਅਰ ਚਰਚਾ ਕਰੋ । ਏਵੇਂ ਗਾਲਾਂ ਦੇਣੀਆਂ ਕੁਝ ਅਰਥ ਨਹੀਂ ਰਖਦੀਆਂ ,ਆਪਣੇ ਆਪ ਨੂੰ ਹੋਛਿਆਂ ਪਰਗਟ ਕਰਨਾ ਹੈ ॥..........[36]"

" ਸਿੱਖ ਮਤ ਬਿਬੇਕ' ਦੇ ਜਵਾਬ ਵਿਚ ਬਚਨ ਸਿੰਘ ਪਲੀਡਰ ਨੇ ਵੀ 'ਨਾਭੇ ਦੇ ਇਸ਼ਤਿਹਾਰ ਦਾ ਉਤੱਰ ਅਤੇ ਖੰਡਨ' ਨਾਂ ਦੀ ਇਕ ਕਿਤਾਬ ਛਾਪੀ ।ਇਸ ਵਿਚ ਵੀ ਉਹਨੇ 'ਸਿੱਖ ਮਤ ਬਿਬੇਕ' ਵਿਚ ਉਠਾਏ ਗਏ ਸਾਰੇ ਨੁਕਤਿਆਂ ਦਾ ਬੜਾ ਤਰਕ ਭਰਪੂਰ ਉਤੱਰ ਦਿਤਾ ।

ਭਾਈ ਮੋਹਨ ਸਿੰਘ ਵੈਦ ਨੇ 'ਅਨੰਦ ਬਿਵਾਹ ਪਰ ਵਿਚਾਰ'ਨਾਂ ਦੀ ਪੁਸਤਕ ਦਾ ਉਤੱਰ ਸਤਰ ਬ ਸਤਰ ਦਿਤਾ ਤੇ ਭਾਈ ਮੋਹਨ ਸਿੰਘ ਵੈਦ ਦੇ ਉਤੱਰ ਦਾ ਉਤੱਰ ਪੰਡਤ ਸੁਖ ਲਾਲ ਨੇ'ਅਨੰਦ-ਖੰਡਨ' ਲਿਖ ਕੇ ਦਿਤਾ ।ਇਸ ਪੁਸਤਕ ਦੀ ਲਿਪੀ ਤਾਂ ਗੁਰਮੁਖੀ ਹੈ ਪਰ ਜ਼ੁਬਾਨ ਹਿੰਦੀ।ਪਰ ਅਨੰਦ ਵਿਆਹ ਦੇ ਹੱਕ ਵਿਚ ਤੇ ਉਸ ਦੇ ਵਿਰੁਧ ਸਿਖ ਹਿੰਦੂ ਦਲੀਲਾਂ ਬਾਜ਼ੀ ਵੇਖਣ ਲਈ ਨਮੂਨਾ ਪੇਸ਼ ਹੈ:-

ਵੈਦ ਸਫਾ 44 ਸਵਰ 7 ਸੇ 12 ਤਕ ॥ ਭਾਈ ਜੀ ਦੇ ਦਿਲ ਨੂੰ ਖਾਧਾ ਕਿ ਅਰਥ ਗਲਤ ਹੈ ਤਦ ਦੋ ਅਰਥ ਹੋਰ ਕਰਦੇ ਹੋਏ' ਜਿਸ ਬਿਵਾਹ ਮੇਂ ਅਨੰਦ ਅਰਥਾਤ ਰਸ ਬਨਾ ਰਹੇ ਵੋਹ ਆਨੰਦ ਬਿਵਾਹ ਹੈ ਤੀਸਰੇ ਯੇਹ ਹੈ ਕਿ ਜਿਸ ਬਿਵਾਹ ਮੇਂ ਲੜਕੇ ਲੜਕੀ ਕਾ ਆਪਸ ਮੇਂ ਅਨੰਦ ਔਰ ਰਸ ਬਨਾ ਰਹੇ ਵੋਹ ਅਨੰਦ ਬਿਵਾਹ ਹੈ ।"

ਉਕ੍ਤ ਵੈਦ ਜੀ' ਅਨੰਦ ਬਿਵਾਹ ਪਰ ਵਿਚਾਰ' ਕਾ ਲੇਖਕ ਬੜਾ ਬੁਧੀਵਾਨ ਹੈ ਜੋ ਅਨੰਦ ਸ਼ਬਦ ਕੇ ਸ਼ਬਦਾਰਥ ਮੇਂ ਤੀਨ ਅਰਥ ਕਰਕੇ ਬਤਲਾਤਾ ਹੈ ਜੈਸੇ ਪਰਾਚੀਨ ਕੋਸ਼ ਰਚਤਾਓਂ ਨੇ ਏਕ ਏਕ ਸ਼ਬਦ ਕੇ ਅਨੇਕ ਅਰਥ ਕੀਏ ਹੈਂ।ਔਰ ਵੈਦ ਜੀ ਆਨੰਦ ਬਿਵਾਹ ਇਸੀ ਕਾਰਣ ਠੀਕ ਨਹੀਂ ਹੋ ਸਕਦਾ ॥ਯਥਾ ॥ ਏਕ ਲੜਕੀ ਜਿਸ ਕਾ ਅਨੰਦ ਹੈ ਸੌ ਪੁਰਸ਼ੋਂ ਕੀ ਬਰਾਤ ਜੁ ਸਾਰੇ ਕੇ ਸਾਰੇ ਹੀ ਅਨੰਦ ਹੂਏ ।ਲੜਕਾ ਲੜਕੀ ਕੋ ਲੇਕਰ ਅਨੰਦ ।ਲੜਕੇ ਕਾ ਪਿਤਾ ਦਾਤ ਬਰਾਤ ਔਰ ਪੁਤ੍ਰ ਬਹੂ ਕੀ ਜੋੜੀ ਜੁੜੇ ਸੇ ਅਨੰਦ ।ਬਰਾਤੀ ਅਛੇ ਅਛੇ ਪਰਵਾਨ ਭੋਜਨੋਂ ਸੇ ਅਨੰਦ।ਲਾਗੀ ਲਾਗ(ਧਨ)ਲੇਕਰ ਅਨੰਦ।ਬਤਲਾਓ ਏਕ ਲੜਕੀ ਕੇ ਅਨੰਦ ਸੇ ਸਾਰੇ ਅਨੰਦ ।ਕਿਸਕੇ ਸਾਥ ਅਨੰਦ ਸਮਝਾ ਜਾਏ।ਇਸ ਵਾਸਤੇ ਆਪਸ ਕੀ ਪ੍ਰਤੱਗਯਾ(ਇਕਰਾਰ ਨਾਮੇ)ਵਾਲਾ ਹਿੰਦੂ ਰੀਤੀ ਕਾ ਬਿਵਾਹ ਠੀਕ ਹੈ,[37]।

' ਅਨੰਦ ਖੰਡਨ' ਤੇ 'ਸਤਿਆਰਥ ਪ੍ਰਕਾਸ਼' ਦੇ ਜਵਾਬ ਵਿਚ ਭਾਈ ਜਗਤ ਸਿੰਘ ਨੇ 1909 ਈ. ਵਿਚ'ਦਯਾਨੰਦ ਅਰ ਸੁਖ ਲਾਲ ਮਤ ਖੰਡਨ' ਨਾਂ ਦੀ ਕਿਤਾਬ ਲਿਖੀ ।ਇਸ ਵਿਚ ਪੰਡਤ ਸੁਖ ਲਾਲ ਦੀ ਅਨੰਦ ਵਿਆਹ ਵਿਰੋਧੀ ਹਰ ਦਲੀਲ ਦਾ ਖੰਡਨ ਕੀਤਾ ਗਿਆ ਹੈ।ਜਿਸ ਤਰ੍ਹਾਂ ਦੇ ਜ਼ਾਤੀ ਹਮਲੇ ਪੰਡਤ ਸੁਖ ਲਾਲ ਨੇ ਕੀਤੇ ਸਨ,ਉਸੇ ਲਹਿਜੇ ਵਿਚ ਉਨ੍ਹਾਂ ਦਾ ਜਵਾਬ ਦਿਤਾ ਗਿਆ ਹੈ :-

---

36. ਸ. ਮਹਿਤਾਬ ਸਿੰਘ ਬੈਰਿਸਟਰ ਦਾ ਸਿੱਖ ਮਤ ਬਿਬੇਕ ਦਾ ਗੁਰਮਤ ਅਨੁਸਾਰ'ਖੰਡਨ, ਪਹਿਲੀ ਵਾਰ,30 ਸਤੰਬਰ,1905 ਸਫਾ 28 ;

37. ਪੰਡਤ ਸੁਖ ਲਾਲ,ਅਨੰਦ ਖੰਡਨ,ਸਫਾ 44 ।

" ਅਨੰਦ ਖੰਡਨ ਸਫਾ 39- ਅੰਮ੍ਰਿਤ ਛਕ ਕੇ ਭੈਣ ਭਾਈ ਹੋ ਜਾਤੇ ਹੈਂ,ਕੁੜੀ ਮੁੰਡਾ,ਏਸ ਕਰਕੇ ਖਾਲਸੇ ਵਿਚ ਭੈਣ ਭਰਾ ਦਾ ਵਿਆਹ ਹੋ ਜਾਂਦਾ ਹੈ[38]।"

ਭਾਈ ਜਗਤ ਸਿੰਘ ਨੇ ਪਹਿਲਾਂ ਭਾਗਵਤ ਚੋਂ ਮਿਸਾਲਾਂ ਦੇ ਕੇ ਦਸਿਆ ਕਿ ਹਿੰਦੂ ਧਰਮ ਵਿਚ ਭੈਣਾਂ ਭਰਾਵਾਂ ਦੇ ਵਿਆਹ ਹੁੰਦੇ ਆਏ ਹਨ,ਫਿਰ ਉਸੇ ਦਲੀਲ ਨਾਲ ਕਟਦਿਆਂ ਲਿਖਿਆ ਕਿ 'ਇਕ ਹੋਰ ਬਾਤ ਬੁਣੇ ਦੇਵੀ ਨੂੰ ਹਿੰਦੂ ਮਤ ਵਿਚ ਮਰਦ ਔਰਤਾਂ,ਕੁੜੀਆਂ ਮੁੰਡੇ ਮਾਤਾ ਆਖਦੇ ਹਨ ।ਏਸ ਬਚਨ ਅਨੁਸਾਰ ਦੇਵੀ ਦੇ ਪੁਤ ਧੀਆਂ ਹੋਏ ।ਤਾਂ ਫੇਰ ਜਦ ਦੇਵੀ ਦੇ ਭਗਤ ਆਪਸ ਵਿਚ ਵਿਵਾਹ ਕਰਦੇ ਕਰਾਉਂਦੇ ਹਨ ਦਸੋ ਯੇਹ ਵਿਵਾਹ ਭੈਣ ਭਾਈਆਂ ਦਾ ਹੈ ਯਾ ਕੁਝ ਹੋਰ ਹੈ[39]।"

ਮਹਾਸ਼ੇ ਅਰਜਨ ਸਿੰਘ (ਭਗਤ ਸਿੰਘ ਸ਼ਹੀਦ ਦੇ ਦਾਦਾ) ਦੀਆਂ ਲਿਖਤਾਂ 'ਹਮਾਰੇ ਗੁਰੂ ਸਾਹਿਬ ਵੇਦੋਂ ਕੇ ਪੈਰੋ ਥੇ ', 'ਗੁਰੂ ਸਾਹਿਬ ਵੇਦੋਂ ਕੇ ਸਚੇ ਭਗਤ ਥੇ' ਦਾ ਉਤਰ 1911 ਈ. ਵਿਚ ਸ਼ੇਰ ਸਿੰਘ ਗਯਾਨੀ ਤੇ ਪ੍ਰੋ: ਜੋਧ ਸਿੰਘ ਐਮ. ਏ. ਨੇ 'ਕਪਟ ਬਿਨਾਸ਼ ਅਰਥਾਤ ਸਾਡੇ ਗੁਰੂ ਸਾਹਿਬ ਤੇ ਵੇਦ' ਅਤੇ 'ਗੁਰੂ ਸਾਹਿਬ ਅਤੇ ਵੇਦ' ਕ੍ਰਮਵਾਰ ਲਿਖਕੇ ਦਿਤਾ ।ਮਹਾਸ਼ੇ ਅਰਜਨ ਸਿੰਘ ਜੀ ਜ਼ੁਬਾਨ ਹਿੰਦੀ ਹੈ ਪਰ ਇਨ੍ਹਾਂ ਦੋਨਾਂ ਦੇ ਪੰਜਾਬੀ (ਗੁਰਮੁਖੀ ਲਿਪੀ) ਵਿਚ ਉੱਤਰ ਦਿਤੇ ਹਨ ।ਮਹਾਸ਼ੇ ਅਰਜਨ ਸਿੰਘ ਨੇ 127 ਸ਼ਬਦ ਦੇ ਕੇ ਤੇ ਉਨ੍ਹਾਂ ਦੇ ਅਰਥ ਕਰਕੇ ਆਪਣਾ ਮੱਤ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ।ਲਹਿਜਾ ਦੇਖਣ ਵਾਲਾ ਹੈ :-

" ਦਸੋ ਗੁਰੂ ਮਹਾਰਾਜ ਵੇਦੋਂ ਕੇ ਸੱਚੇ ਭਗਤ ਥੇ,ਜਿਸ ਤਰਹ ਹਿੰਦੂਓਂ ਕੇ ਤਮਾਮ ਰਿਸ਼ੀ ਮੁਨੀ ਵੇਦੋਂ ਕੋ ਮੁਖ ਰਖ -ਕਰ ਉਪਦੇਸ਼ ਕਰਤੇ ਰਹੇ,ਸਿਮ੍ਰਤੀਏ ਬਨਾਤੇ ਰਹੇ,ਉਸੀ ਤਰ੍ਹਾਂ ਇਨ ਧਰਮ ਅਵਤਾਰੋਂ ਨੇ ਵੇਦ ਕੋ ਮੁਖ ਰਖ ਕਰ ਇਨ ਕੇ ਅਨਕੂਲ ਧਰਮ ਕਾ ਰਸ਼ਤਾ ਮੂਰਖ ਲੋਗੋਂ ਕੋ ਦਿਖਾਯਾ,ਕਿਆ ਯੇਹ ਖੁਦਗਰਜ਼ੀ ਨਹੀਂ ਕਿ ਅਪਨੀ ਖਾਹਸ਼ੋਂ ਕੋ ਪੂਰਾ ਕਰਨੇ ਕੇ ਲੀਏ ਗ੍ਰੰਥ ਸਾਹਿਬ ਕੋ ਅਪਨੇ ਧੋਖਾ ਕੀ ਟਟੀ ਬਨਾ ਕਰ ਵੇਦੋਂ ਕੋ ਬਦਨਾਮ ਕੀਆ ਜਾਏ[40] ........."

ਸ਼ੇਰ ਸਿੰਘ ਗਯਾਨੀ ਨੇ 127 ਦੇ 127 ਸ਼ਬਦਾਂ ਤੇ ਵਿਚਾਰ ਕੀਤੀ ਹੈ ਤੇ ਅਰਜਨ ਸਿੰਘ ਦੇ ਕੀਤੇ ਹੋਏ ਸਾਰੇ ਦੇ ਸਾਰੇ ਸ਼ਬਦਾਂ ਦੇ ਅਰਥ ਗਲਤ ਸਾਬਤ ਕੀਤੇ ਹਨ।ਵੇਦਾਂ ਬਾਰੇ ਗੁਰੂ ਗ੍ਰੰਥ ਸਾਹਿਬ ਚੋਂ ਤੁਕਾਂ ਦੇ ਕੇ ਇਹ ਨਤੀਜਾ ਕਢਿਆ ਹੈ ਕਿ ਗੁਰੂ ਸਾਹਿਬਾਨ ਵੇਦ ਭਗਤ ਨਹੀਂ ਸਨ ਤੇ ਉਹ ਵੇਦਾਂ ਨੂੰ ਅਨਾਦੀ ਨਹੀਂ ਸਨ ਮੰਨਦੇ ।ਵੇਦਕ ਮਤ ਤੇ ਗੁਰਮਤ ਦੇ ਮੋਟੇ ਮੋਟੇ 6 ਫਰਕ ਦਸ ਕੇ ਅਖੀਰ ਤੇ ਲਿਖਿਆ ਹੈ ਕਿ ' ਇਸੀ ਤਰਾਂ ਹੋਰ ਬਹੁਤ ਸਾਰੀਆਂ ਗਲਾਂ ਪਰ ਵਿਚਾਰ ਕਰਨ ਤੋਂ ਸਿਧ ਹੁੰਦਾ ਹੈ ਕਿ

---

38. ਭਾਈ ਜਗਤ ਸਿੰਘ,ਦਯਾਨੰਦ ਅਰ ਸੁਖ ਲਾਲ ਮਤ ਖੰਡਨ,ਪਹਿਲੀ ਵਾਰ,ਜੂਨ 1909,ਸਫਾ 12.
39. ਉਹੀ,ਸਫਾ 13.
40. ਸ਼ੇਰ ਸਿੰਘ ਗਿਆਨੀ,ਕਪਟ ਬਿਨਾਟ ਅਰਥਾਤ ਸਾਡੇ ਗੁਰੂ ਸਾਹਿਬ ਤੇ ਵੇਦ,ਪਹਿਲੀ ਵਾਰ,ਸਫਾ 54

ਵੇਦਕ ਧਰਮ ਤੇ ਗੁਰਮਤ ਦਾ ਜ਼ਮੀਨ ਅਸਮਾਨ ਦਾ ਫਰਕ ਹੈ ਜੇ ਅਜੇ ਭੀ ਮਹਾਸ਼ੇ ਗੁਰੂ ਸਾਹਿਬਾਨ ਨੂੰ ਵੇਦ ਭਗਤ ਕਹਨ ਤਾਂ ਉਨ੍ਹਾਂ ਦੀ ਢੀਠਤਾ ਸਮਝੋ ।-

"(ਗ) ਪੁਸਤਕ ਖਤਮ ਕਰਨ ਤੋਂ ਪਹਲੋਂ ਯੋਗ ਭਾਸਦਾ ਹੈ ਕਿ ਉਨ੍ਹਾਂ ਮੁਨਸਫ਼ਾਂ ਦੀਆਂ ਜਿਨ੍ਹਾਂ ਨੇ ਖਾਲਸਾ ਧਰਮ ਪੁਰ ਵੀਚਾਰ ਕੀਤੀ ਹੈ- ਕੁਛਕੁ ਰਾਵਾਂ ਕੇਵਲ ਇਸ ਵਿਸ਼ੇ ਪਰ, ਕਿ ਸਿਖ ਵੇਦ ਸ਼ਾਸ਼ਤ੍ਰ ਦੇ ਮੰਨਣ ਵਾਲੇ ਹਨ ਕਿ ਨਹੀਂ, ਲਿਖੀਆਂ ਜਾਨ, ਇਸ ਤੋਂ ਪਤਾ ਲਗੇਗਾ ਕਿ ਗੁਰੂ ਸਾਹਿਬ ਨੂੰ ਵੇਦ ਭਗਤ ਕੈਂਹਣਾ ਤੇ ਸਿੱਖਾਂ ਦੇ ਗਲ ਵੇਦਕ ਜੰਜਾਲ ਪਾਉਣਾ ਮਹਾਸ਼ਿਆਂ ਦੀ ਕੋਰੀ ਧੋਖੇ ਬਾਜ਼ੀ ਹੈ ।"[41]

ਇਸ ਤੋਂ ਬਾਦ " ਤਾਰੀਖ ਪੰਜਾਬ ਮੰਨਜ਼ੂਮ ਸਯਦ ਸ਼ਾਹ ਭੀਖਾ," 'ਸਿਖਾਂ ਦੇ ਰਾਜ ਦੀ ਵਿਥਿਆ,' ' ਦਬਿਸਤਾਨ ਮਜ਼ਾਹਿਬ', 'ਤਵਾਰੀਖ ਮੁਨਸ਼ੀ ਗੁਲਾਮ ਮਹਈਯੁਦ ਰਪੋਟ ਖੁਫੀਆ' 'ਗਜਾਸ ਆਫ ਦੀ ਪੰਜਾਬ' ਆਦਿ ਚੋਂ ਇਸੇ ਵਿਸ਼ੇ ਬਾਰੇ ਟੂਕਾਂ ਦਿਤੀਆਂ ਹਨ ।

ਇਸੇ ਤਰ੍ਹਾਂ ਹੀ ਪ੍ਰੋ: ਜੋਧ ਸਿੰਘ ਨੇ ਅਰਜਨ ਸਿੰਘ ਦੇ ਕੀਤੇ ਸ਼ਬਦਾਂ ਦੇ ਅਰਥਾਂ ਨੂੰ ਵਾਰੀ ਵਾਰੀ ਲੈ ਕੇ ਗਲਤ ਸਾਬਤ ਕੀਤਾ ਹੈ ਤੇ ਉਨ੍ਹਾਂ ਦੀ ਥਾਂ ਠੀਕ ਅਰਥ ਦਿਤੇ ਹਨ ਤੇ ਸਿੱਧ ਕੀਤਾ ਹੈ ਕਿ ਗੁਰੂ ਸਾਹਿਬਾਨ ਵੇਦ ਭਗਤ ਨਹੀਂ ਸਨ :-

"(12) ਬੇਦ ਪੁਰਾਨ ਜਾਸ ਗੁਨ ਗਾਵਤ
ਤਾਕੋ ਨਾਮ ਹੀਐ ਮੋ ਧਰੁ ਰੇ । (ਗਉੜੀ ਮ: 9)

ਭਾਈ ਜੀ ! ' 'ਜਾਸ' ਦਾ ਅਰਥ ਤਾਂ ਕੇਵਲ ਜਿਸਦਾ ਹੈ ।'ਵੇਦ ਦੀ ਬਤਾਈ ਹੋਈ ਵਿਧੀ' ਕੀਹਦਾ ਅਰਥ ਜੇ ? ਗੁਰੂ ਜੀ ਨਾਮ ਦੀ ਮਹੱਤਤਾ ਲਈ ਵੇਦਾਂ ਦੇ ਅੰਤਲੇ ਵਿਚਾਰ ਤੇ ਪੁਰਾਣਾਂ ਦੀਆਂ ਸਾਖੀਆਂ ਵੱਲ ਸੈਨਤ ਕਰਦੇ ਹਨ ਕਿ ਜਿਸ ਦਾ ਉਹ ਗੁਣ ਗਾ ਰਹੇ ਹਨ ਉਹਦਾ ਨਾਮ ਤੂੰ ਦਿਲ ਵਿਚ ਧਾਰਨ ਕਰ ।ਵੇਦ ਦੇ ਦੱਸੇ ਹੋਏ ਕਰਮ ਕਰ, ਇਹ ਖਬਰ ਨਹੀਂ ਤੁਸਾਂ ਕਿੱਥੋਂ ਅਰਥ ਕਢਿਆ ਹੈ?"[42]

ਮਹਾਸ਼ਯ ਬਿਸ਼ੰਭਰ ਦੱਤ ਨੇ 1911 ਈ. ਵਿਚ 'ਖਾਲਸਾ ਮਤ ਪ੍ਰਕਾਸ਼' ਛਾਪੀ ਜਿਸ ਵਿਚ ਖਾਲਸਾ ਧਰਮ ਦੇ ਪ੍ਰਮਾਣਿਕ ਪੁਸਤਕਾਂ ਦੁਆਰਾ ਇਹ ਸਿਧ ਕੀਤਾ ਗਿਆ ਹੈ ਕਿ ਵੇਦ ਹੀ ਈਸ਼ਵਰੋਕਤ ਹਨ ਗ੍ਰੰਥ ਸਾਹਿਬ ਨਹੀਂ ।" ਇਸ ਦੇ ਕੁੱਲ ਪੰਜ ਅੰਗ ਹਨ :-

ਪਹਿਲਾ ਅੰਗ- ਈਸ਼ਵਰੀਯ ਗਿਆਨ ਜਾਂ ਇਲਹਾਮ ਕਿਸ ਨੂੰ ਆਖਦੇ ਹਨ ਅਤੇ ਉਸ ਦੇ ਵਾਸਤੇ ਕੀ ਕੀ ਸ਼ਰਤਾਂ ਹੋਣੀਆਂ ਚਾਹੀਦੀਆਂ ਹਨ ?

---

41. ਸ਼ੇਰ ਸਿੰਘ ਗਯਾਨੀ, ਕਪਟ ਬਿਨਾਟ ਅਰਥਾਤ ਸਾਡੇ ਗੁਰੂ ਸਾਹਿਬ ਤੇ ਵੇਦ, ਪਹਿਲੀ ਵਾਰ, ਸਫਾ 189, 190.

42. ਪ੍ਰੋ: ਜੋਧ ਸਿੰਘ, ਗੁਰੂ ਸਾਹਿਬ ਅਤੇ ਵੇਦ, ਪਹਿਲੀ ਵਾਰ, 6 ਜੂਨ 1911, ਸਫਾ 54.

ਦੂਜਾ ਅੰਗ- ਗੁਰੂ ਗ੍ਰੰਥ ਸਾਹਿਬ ਤੇ ਹੋਰ ਪ੍ਰਮਾਣੀਕ ਪੁਸਤਕਾਂ ਦੇ ਪ੍ਰਮਾਣ ਦੇਕੇ ਸਿਧ ਕੀਤਾ ਹੈ ਕਿ ਵੇਦ ਹੀ ਈਸ਼ਵਰੀ ਬਾਣੀ ਹੈ ।

ਤੀਜਾ ਅੰਗ- ਗੁਰੂਆਂ ਦਾ ਇਤਿਹਾਸ ਵੀ ਵੇਦਾਂ ਨੂੰ ਮੰਨਣਾ ਸਾਬਤ ਕਰਦਾ ਹੈ ।

ਚੌਥਾ ਅੰਗ- ਪ੍ਰਾਚੀਨ ਰਿਸ਼ੀਆਂ ਮੁਨੀਆਂ,ਤੇ ਯੂਰਪੀਨਾਂ ਦੀ ਰਾਇ ਵੇਦ ਹੀ ਸਭ ਤੋਂ ਪੁਰਾਣੀ ਤੇ ਇਲਹਾਮੀ ਪੁਸਤਕ ਹਨ ;

ਪੰਜਵਾਂ ਅੰਗ- ਗੁਰੂ ਗ੍ਰੰਥ ਸਾਹਿਬ ਨੂੰ ਇਲਹਾਮੀ ਮੰਨਣ ਵਾਲਿਆਂ ਉਤੇ ਸਵਾਲ ;

ਇਹਨੇ ਵੀ ਆਪਣਾ ਪੱਖ ਪੇਸ਼ ਕਰਦਿਆਂ ਗੁਰਬਾਣੀ,ਭਾਈ ਗੁਰਦਾਸ,ਸਰਬ ਲੋਹ,ਗ੍ਰੰਥ ਪਾਤਸ਼ਾਹੀ 10,ਸੂਰਜ ਪ੍ਰਕਾਸ਼,ਟੀਕਾ ਪੰਡਿਤ ਤਾਰਾ ਸਿੰਘ,ਟੀਕਾ ਫਰੀਦਕੋਟ ਆਦਿ ਚੋਂ 108 ਟੂਕਾਂ ਦਿਤੀਆਂ ਹਨ ।

ਇਸ ਵਾਦ ਵਿਵਾਦ ਨੂੰ ਜਾਰੀ ਰਖਣ ਲਈ ਮਹਾਸ਼ਯ ਬਿਸ਼ੰਭਰ ਦੱਤ ਨੇ ਪੰਜਵੇਂ ਅੰਗ ਵਿਚ ਖਾਲਸਾ ਭਾਈਆਂ ਨੂੰ ਦਸ ਸੁਆਲ ਕਰਕੇ ਉਨ੍ਹਾਂ ਤੋਂ ਜੁਆਬ ਮੰਗਿਆ ਹੈ :-

" ਗ੍ਰੰਥ ਸਾਹਿਬ ਦੇ ਇਲਹਾਮੀ ਹੋਣੇ ਦੀ ਸੂਰਤ ਪਰ ਇਸ ਪੰਜਵੇਂ ਅੰਗ ਵਿਚ ਅਸੀਂ ਅਪਨੇ ਖਾਲਸਾ ਭਾਈਆਂ ਪ੍ਰਤੀ ਕੁਛ ਪ੍ਰਸ਼ਨ ਲਿਖਦੇ ਹਾਂ ।ਸਾਨੂੰ ਆਸ਼ਾ ਹੈ ਕਿ ਸਾਡੇ ਖਾਲਸਾ ਭਾਈ ਸੋਚ ਵਿਚਾਰ ਕਰ ਇਨ੍ਹਾਂ ਪ੍ਰਸ਼ਨਾਂ ਦਾ ਉਤੱਰ ਲਿਖਣਗੇ ।।

(1) ਗ੍ਰੰਥ ਸਾਹਿਬ ਦਾ ਇਲਹਾਮ ਕਿਤਨੇ ਪੁਰਸ਼ਾਂ ਦੇ ਹਿਰਦੇ ਵਿਚ ਹੋਇਆ ਅਰ ਕਿਸ ਸਮੇਂ ਤੋਂ ਅਰੰਭ ਹੋਕੇ ਕਿਸ ਸਮੇਂ ਤਕ ਖਤਮ ਹੋਇਆ ।

(2) ਆਦਿ ਗ੍ਰੰਥ ਸਾਹਿਬ ਤਿੰਨਾ ਬੀੜਾ (ਜਿਲਦਾਂ) ਦੇ ਨਾਮ ਤੋਂ ਮਸ਼ਹੂਰ ਹੈ,ਮਿੱਠੀ ਬੀੜ, ਖਾਰੀ ਬੀੜ,ਦਮਦਮੇ ਸਾਹਿਬ ਦੀ ਬੀੜ,ਮਿੱਠੀ ਬੀੜ ਵਿਚ 44 ਪੁਰਸ਼ਾਂ ਦੀ ਬਾਣੀ ਹੈ,ਖਾਰੀ ਬੀੜ ਵਿਚ 45 ਪੁਰਸ਼ਾਂ ਦੀ ਬਾਣੀ ਹੈ,ਦਮਦਮੇ ਸਾਹਿਬ ਦੀ ਬੀੜ ਵਿਚ 48 ਪੁਰਸ਼ਾਂ ਦੀ ਬਾਣੀ ਹੈ,ਕਿਆ ਤਿੰਨੋ ਕਿਸਮ ਦੇ ਗ੍ਰੰਥ ਸਾਹਿਬ ਇਲਹਾਮੀ ਹੀ ਮੰਨੇ ਜਾਣਗੇ ।

(3) ਕਿਆ ਦਸਮ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਭੀ ਇਲਹਾਮੀ ਹੈ ।ਯਦੀ ਕਹੋ ਕਿ ਏਹ ਬਾਣੀ ਭੀ ਇਲਹਾਮੀ ਹੈ ਤਾਂ ਦਸਮ ਗ੍ਰੰਥ ਸਾਹਿਬ ਵਿਚ ਜੋ ਚੌਬੀਸ ਅਵਤਾਰਾਂ ਦੀ ਕਥਾ ਅਰ ਚੰਡੀ ਚਰਿਤ੍ਰ ਆਦਿਕ ਗ੍ਰੰਥ ਹਨ ਆਪ ਨੂੰ ਪ੍ਰਮਾਣਿਕ ਅਰਈਸ਼ਵਰੀ ਬਾਣੀ ਮੰਨਨੇ ਪੈਣਗੇ ਜਿਨਾਂ ਦੇ ਮੰਨਣ ਤੋਂ ਤੁਸੀ ਹਿੰਦੂ ਸਿੱਧ ਹੋਗੇ ।ਯਦੀ ਕਹੋ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਉਨਾਂ ਦੀ ਸਵਰਚਿਤ ਹੈ ਤਾਂ ਆਦਿ ਗ੍ਰੰਥ ਸਾਹਿਬ ਦੀ ਬਾਣੀ ਭੀ ਸਵਰਚਿਚ ਸਿਧ ਹੋਵੇਗੀ ਕਿਉਂਕਿ ਇਸ ਵਿਚ ਭੀ ਦਸਮ ਗੁਰੂ ਦਾ ਇਕ ਦੋਹਰਾ ਲਿਖਿਆ ਹੈ ਜੋ ਕਿ ਗੁਰੂ ਤੇਗ ਬਹਾਦਰ ਜੀ ਦੇ ਦੋਹਰੇ ਦਾ ਉਤਰ

ਹੈ ,ਅਰ ਗੋਬਿੰਦ ਸਿੰਘ ਦਾ ਇਹ ਵਾਕ ਭੀ ਝੂਠਾ ਸਿੱਧ ਹੋਵੇਗਾ ਯਥਾ ਦੇਖੋ ਦਸਮ ਗ੍ਰੰਥ ਬਚਿੱਤ੍ਰ ਨਾਟਕ ਅਧਿਆਇ 6 ਅੰਕ 59 ;

' ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿ ਹੌਂ ਜਗ ਮਾਂਹਿ '

(4) ਆਦੀ ਸ੍ਰਿਸ਼ਟੀਵਿਚ ਜੀਵਾਂ ਦੇ ਉਪਦੇਸ਼ ਵਾਸਤੇ ਪਰਮੇਸ਼ੁਵਰ ਵਲੋਂ ਕੋਈ ਪੁਸਤਕ ਪ੍ਰਕਾਸ਼ਿਤ ਹੋਈ ਸੀ ਯਾ ਕਿ ਨਹੀਂ ਯਦੀ ਕਹੋ ਹੋਈ ਸੀ ਤਾਂ ਦਸੋ ਓਹ ਕੇਹੜੀ ਪੁਸਤਕ ਹੈ ਅਰ ਉਸ ਵਿਚ ਪਰਮੇਸ਼ੁਵਰ ਨੇ ਕੇਹੜੀ ਕਮੀ ਰਖੀ ਸੀ ਜਿਸ ਕਰਕੇ ਦੁਬਾਰਾ ਗ੍ਰੰਥ ਸਾਹਿਬ ਦੇ ਇਲਹਾਮ ਦੀ ਜ਼ਰੂਰਤ ਹੋਈ ।ਯਦੀ ਕਹੋ ਕਿ ਆਦੀ ਸ੍ਰਿਸ਼ਟੀ ਵਿਚ ਕੋਈ ਪੁਸਤਕ ਇਲਹਾਮੀ ਨਹੀਂ ਸੀ ਤਾਂ ਪਰਮੇਸ਼ੁਵਰ ਨਿਆਇਕਾਰੀ ਨਾ ਹੋਇਆ ?

(5) ਸਿਖ ~~ਪੰਥੀ~~ ਪੰਥੀ ਕਿਹਾ ਕਰਦੇ ਹਨ ਕਿ ਆਦ ਗ੍ਰੰਥ ਸਾਹਿਬ ਗੁਰੂ ਬਾਣੀ ਹੈ,ਕੀ ਇਸ ਵਿਚ ਜੋ ਸੱਤਾ,ਬਲਵੰਤ,ਭਿੱਖਾ ਆਦਿ ਭੱਟਾਂ ਡੂਮਾਂ ਦੀ ਬਾਣੀ ਹੈ ਓਹ ਭੀ ਗੁਰੂ ਬਾਣੀ ਹੈ।ਯਦੀ ਕਹੋ ਕਿ ਓਹ ਗੁਰੂ ਬਾਣੀ ਹੈ ਤਾਂ ਗ੍ਰੰਥ ਸਾਹਿਬ ਵਿਚ ਗੁਰੂ ਅਰਜਣ ਦੇਵ ਜੀ ਨੇ ਉਨ੍ਹਾਂ ਨੂੰ ਡੂਮ ਆਦੀ ਦੀ ਪਦਵੀ ਕਿਉਂ ਦਿਤੀ ਉਨ੍ਹਾਂ ਦੀ ਬਾਣੀ ਗੁਰ ਬਾਣੀ ਹੋਣ ਕਰਕੇ ਉਨ੍ਹਾਂ ਨੂੰ ਗੁਰੂ ਪਦਵੀ ਮਿਲਨੀ ਚਾਹੀਦੀ ਸੀ ।ਯਦੀ ਕਹੋ ਕਿ ਉਨ੍ਹਾਂ ਦੀ ਬਾਣੀ ਇਲਹਾਮੀ ਨਹੀਂ ਹੈ ਤਾਂ ਗ੍ਰੰਥ ਸਾਹਿਬ ਇਲਹਾਮੀ ਨਹੀਂ ਹੋ ਸਕਦਾ ।

(6) ਗ੍ਰੰਥ ਸਾਹਿਬ ਤੋਂ ਬਾਹਰ ਜੋ ਨਾਨਕ ਦੇਵ ਅਰ ਕਬੀਰ ਭਗਤ ਦੀ ਬਾਣੀ ਹੈ( ਜਿਹਾ ਕਿ ਪ੍ਰਾਣ ਸੰਗਲੀ ਅਰ ਕਬੀਰ ਸਾਗਰ ) ਓਹ ਆਪਦੇ ਲਈ ਗ੍ਰੰਥ ਸਾਹਿਬ ਦੀ ਤਰਾਂ ਪ੍ਰਮਾਣਿਕ ਹੈ ਯਾ ਕਿ ਨਹੀਂ ।ਯਦੀ ਕਹੋ ਪ੍ਰਮਾਣਿਕ ਹੈ ਤਾਂ ਗੁਰੂ ਅਰਜਣ ਦੇਵ ਜੀ ਨੇ ਓਹ ਬਾਣੀ ਗ੍ਰੰਥ ਸਾਹਿਬ ਵਿਚ ਕਿਉਂ ਨਾ ਚੜ੍ਹਾਈ ।ਯਦੀ ਕਹੋ ਪ੍ਰਮਾਣਿਕ ਨਹੀਂ ਤਾਂ ਇਸਦਾ ਕਾਰਣ ਕੀ ਹੈ ?

(7) ਜੇਹੜੇ ਸਿਖ ਗ੍ਰੰਥ ਸਾਹਿਬ ਨੂੰ ਗੁਰੂਆਂ ਕੀ ਸਵ ਰਚਤ ਬਾਣੀ ਮੰਨਦੇ ਹਨ ਓਹ ਸੱਚੇ ਹਨ ਯਾ ਝੂਠੇ ?

(8) ਯਦੀ ਗ੍ਰੰਥ ਸਾਹਿਬ ਇਲਹਾਮੀ ਪੁਸਤਕ ਹੈ ਤਾਂ ਗੁਰੂ ਅਰਜਣ ਦੇਵ ਜੀ ਨੇ ਭਾਈ ਬੰਨੋ ਵਾਲੀ ਖਾਰੀ ਬੀੜ ਦਾ ਮਹਾਤਮ ਆਦਰ ਸਤਕਾਰ ਮਿੱਠੀ ਬੀੜ ਦੇ ਬਰਾਬਰ ਕਿਉਂ ਰਖਿਆ ਕਿਉਂਕਿ ਖਾਰੀ ਬੀੜ ਵਿਚ ਭਾਈ ਬੰਨੋ ਨੇ ਅਪਣੀ ਵੱਲੋਂ ਕੁਝ ਬਾਣੀ ਪਾ ਦਿਤੀ ਸੀ ।ਦੇਖੋ ਤਵਾਰੀਖ ਗੁਰੂ ਖਾਲਸਾ ਹਿਸਾ 1 ਨੰਬ੍ਰ 2 ਸਫਾ 481 ;

(9) ਯਦੀ ਗ੍ਰੰਥ ਸਾਹਿਬ ਇਲਹਾਮੀ ਪੁਸਤਕ ਹੈ ਤਾਂ ਦਸਮ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਸੋਢੀਆਂ ਦੇ ਗ੍ਰੰਥ ਸਾਹਿਬ ਨਾ ਦੇਨੇ ਪਰ ਹੋਰ ਗ੍ਰੰਥ ਸਾਹਿਬ ਰਚਿਆ ਜੋ ਹੁਣ ਕਾਬਲ ਵਿਚ ਵੱਡੀ ਧਰਮਸਾਲਾ ਵਿਖੇ ਹੈ ਉਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਜਾਣ ਬੁਝ ਕਰ ਪੰਜ ਸਤ ਜਗਾ ਅਖਰਾਂ ਦਾ ਤੇ ਪਾਠ ਦਾ ਫਰਕ ਕਿਉਂ ਪਾ ਦਿਤਾ ।ਕ੍ਰਿਆ ਪਰਮੇਸ਼ੁਵਰ ਦੀ ਦਾਤ ਵਿਚ ਗੋਬਿੰਦ ਸਿੰਘ ਜੀ ਨੇ ਭੁੱਲ

ਕੱਢੀ ਸੀ ।ਦੇਖੋ ਤਵਾਰੀਖ ਗੁਰੂ ਖਾਲਸਾ ਹਿਸਾ 1 ਨੰਬ੍ਰ 3 ਸਫਾ 1365 ।

(10) ਯਦੀ ਗ੍ਰੰਥ ਸਾਹਿਬ ਇਲਹਾਮੀ ਪੁਸਤਕ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਨੰਦ ਚੰਦ ਵਾਲੇ ਗ੍ਰੰਥ ਸਾਹਿਬ ਕੋ ਏਹ ਸਰਾਪ ਕਿਉਂ ਦਿਤਾ ਕਿ ਜੋ ਇਸਕੋ ਪੜੇਗਾ ਸੋ ਅੰਧਾ ਹੋ ਜਾਏਗਾ ਦੇਖੋ ਤਵਾਰੀਖ ਗੁਰੂ ਖਾਲਸਾ ਹਿਸਾ 1 ਨੰਬ੍ਰ 3 ਸਫਾ 1114 ।

(ਨੋਟ) ਪਿਆਰੇ ਪਾਠਕੋ ਇਨ੍ਹਾਂ ਉਕਤ ਦਸ ਪ੍ਰਸ਼ਨਾਂ ਤੋਂ ਹੀ ਆਪਨੂੰ ਮਲੂਮ ਹੋ ਗਿਆ ਹੋਵੇਗਾ ਕਿ ਗ੍ਰੰਥ ਸਾਹਿਬ ਇਲਹਾਮੀ ਪੁਸਤਕ ਨਹੀਂ ।ਯਦੀ ਸਾਡੇ ਖਾਲਸਾ ਭਾਈਆਂ ਨੂੰ ਗ੍ਰੰਥ ਸਾਹਿਬ ਦੇ ਇਲਹਾਮੀ ਸਿੱਧ ਕਰਨ ਦਾ ਹੌਸਲਾ ਹੈ ਤਾਂ ਮੇਰੇ ਇਨ੍ਹਾਂ ਉਕਤ ਦਸ ਪ੍ਰਸ਼ਨਾਂ ਦਾ ਉਤਰ ਸੋਚ ਵਿਚਾਰ ਨਾਲ ਲਿਖ ਦੇਣ ॥ ਇਤਿ ॥[43]"

" ਖਾਲਸਾ ਮਤ ਪ੍ਰਕਾਸ਼ ' ਦਾ ਜਵਾਬ ਭਾਈ ਕਰਤਾਰ ਸਿੰਘ ਦਾਖਾ ਨੇ 1913 ਈ. ਵਿਚ 'ਖੜਗ ਖਾਲਸਾ' ਲਿਖ ਕੇ ਦਿਤਾ ।ਉਨ੍ਹੇ ਇਸ ਦੀ ਭੂਮਿਕਾ ਵਿਚ ਦਸਿਆ ਕਿ ਈਸਾਈ, ਮੁਸਲਮਾਨ ਤੇ ਆਰੀਆ ਸਮਾਜੀ ਸਾਰੇ ਹੀ ਗੁਰੂ ਨਾਨਕ ਨੂੰ ਆਪਣਾ ਕਹਿ ਰਹੇ ਹਨ ਤਾਂ ਜੋ ਸਿੱਖਾਂ ਨੂੰ ਆਪਣੇ ਧਰਮ ਵਿਚ ਹੜਪ ਕਰ ਲਿਆ ਜਾਏ ।

" ਕਈ ਕੁ ਈਸਾਈ ,ਮੁਸਲਮਾਨ,ਸਨਾਤਨੀ ਅਤੇ ਆਰਯਾ ਸਮਾਜੀ ਹਿੰਦੂ ਗੁਰਬਾਣੀ ਦਾ ਪਾਠ ਅਤੇ ਅਰਥ ਅਸ਼ੁੱਧ ਕਰਕੇ ਸਿੱਖਾਂ ਨੂੰ ਆਪਣੇ ਮੂੰਹ ਦੇ ਖਾਤੇ ਵਿਚ ਸਿੱਟ ਕੇ ਹੜੱਪ ਕਰਨ ਲਈ 'ਸਤਿਗੁਰੂ ਨਾਨਕ ਦੇਵ ਜੀ ਨੂੰ ' ਆਪੋ ਆਪਣਾ ਕਹੀ ਜਾ ਰਹੇ ਹਨ।ਜੈਸੇ ਈਸਾਈ ' ਜਹਿ ਪ੍ਰਸਾਦਿ ਬਾਗ ਮਿਲਖ ਧਨਾ' ਨੂੰ ਲੈ ਕੇ ਇਸ ਵਿਚਲੇ 'ਬਾਗ' ਦੇ ਗੱਗੇ ਨੂੰ ਰਾਰਾਂ' ਬਣਾਕੇ ਇਹ ਅਰਥ ਕਰਦੇ ਹਨ ਕਿ ' ਜਿਸ (ਈਸਾ) ਨੇ ਬਾਰਾਂ ਨਾਲ ਮਿਲਕੇ ਖਾਣਾ ਖਾਧਾ," ਇਸ ਲਈ ਗੁਰੂ ਸਾਹਿਬ ਵੀ ਈਸਾਈ ਸੇ ।ਮਗਰ ' ਖਧਨਾ' ਕ੍ਰਿਯਾ ਦਾ ਅਰਥ 'ਖਾਧਾ' ਕਿਸੇ ਤਰਾਂ ਭੀ ਨਹੀਂ ਲਗ ਸਕਦਾ ਤੇ ਬਾਗ ਦਾ ਬਾਰਾਂ ਨਹੀਂ ਬਨ ਸਕਦਾ ।'ਰੋਜ਼ਿਕ ਪੌਦਾ ਕਿਉਂ ਰਹੇ ਜਾ ਚਿਤ ਨ ਹੋਇ ਰਸੂਲ " ਆਦੀ ਤੁਕਾਂ ਨੂੰ ਲੈ ਕੇ ਮੁਸਲਮਾਨ ਇਸ ਵਿਚੋਂ ਰਸੂਲ ਨੂੰ ਮੰਨਣ ਦਾ ਗਲਤ ਭਾਵ ਕਢਦੇ ਹਨ।ਹਾਲਾਂ ਕਿ ਪਹਿਲੀ ਤੁਕ ਵਿਚ ਸੂਲ ਪਦ ਪਿਆ ਹੈ,ਤੇ ਪ੍ਰਸੰਗ ਹੋਰ ਚਲ ਰਿਹਾ ਹੈ।ਪੌਰਾਣਿਕ ਹਿੰਦੂ ਪਰਮਤਾਨੁਵਾਦ ਆਦੀ ਦੇ ਭੇਦ ਨੂੰ ਨਾਂ ਜਾਣਦੇ ਹੋਏ ਗੁਰਬਾਣੀ ਵਿਚਲੀਆਂ ਪੌਰਾਣਿਕ ਸਾਖੀਆਂ ਨੂੰ ਅਤੇ 'ਹਿੰਦੂ ਸਾਲਾਹੀ - ਸਾਲਾਹਨ' ਆਦੀ ਪਰਕਿਰਤੀ ਵਾਕਯਾਂ ਨੂੰ ਗੁਰੂ ਸਾਹਿਬ ਵੱਲੋਂ ਸਮਝ ਕੇ ਉਨ੍ਹਾਂ ਨੂੰ ਹਿੰਦੂ ਹਿੰਦੂ ਕਹਿਣ ਲੱਗੇ ਹੋਏ ਹਨ ।

---

43. ਮਹਾਸ਼ਯ ਬਿਸ਼ੰਭਰ ਦੱਤ,ਖਾਲਸਾ ਮਤ ਪ੍ਰਕਾਸ਼,ਪਹਿਲੀ ਵਾਰ,ਸੰ:1968:ਸਫੇ 110-113.

ਏਵੇਂ ਹੀ ਆਰਯ ਸਮਾਜੀ " ਸਿੰਮ੍ਰਤ ਵੇਦ ਪੁਰਾਣ ਪੁਕਾਰਣ ਪੋਥੀਆਂ ।ਨਾਮ ਬਿਨਾ ਸਭ ਕੂੜ ਗਾਲੀ ਹੋਛੀਆਂ' ਆਦੀ ਵੇਦ ਵਿਰੋਧੀ ਪ੍ਰਮਾਣਾਂ ਨੂੰ ਹੀ ਲੈ ਕੇ ਅੰਨ੍ਹੇ ਵਾਹ ਕਹੀ ਜਾਂਦੇ ਹਨ ਕਿ ਗੁਰੂ ਸਾਹਿਬ ਵੇਦਾਂ ਨੂੰ ਮੰਨਣ ਵਾਲੇ ਸੀ ।ਇਨ੍ਹਾਂ ਨਿਰੱਖਰ ਭੱਟਾਚਾਰਯਾਂ ਨੂੰ ਇਤਨਾ ਭੀ ਪਤਾ ਨਹੀਂ ਕਿ ਜਦ ਵੇਦਾਂ ਦੇ ਅਰਥ ਸਮਝਣ ਲਈ ਉਨ੍ਹਾਂ ਦੇ ਅੰਗੋਪਾਗਾਂ ਦੀ ਜ਼ਰੂਰਤ ਹੈ ਤਾਂ ' ਸਿੱਖ ਸੰਪ੍ਰਦਾਯ ' ਪਾਸੋਂ ਗੁਰਬਾਣੀ ਦੇ ਸਾਹਿਤਯ ਆਦੀ ਅੰਗ ਪੜ੍ਹੇ ਬਿਨਾਂ ਸਾਡੀ ਕੀ ਮਜਾਲ ਹੈ ਕਿ ਆਪਣੇ ਕਪੋਲ ਕਲਪਿਤ ਅਤੇ ਮਨਘੜਤ ਅਰਥ ਕਰ ਸਕੀਏ ?"[44]

ਲੇਖਕ ਨੇ ਇਸ ਪੁਸਤਕ ਨੂੰ ਪੰਜਾਂ ਝਟਕਾਂ ਵਿਚ ਵੰਡ ਕੇ 'ਖਾਲਸਾ ਮਤ ਪ੍ਰਕਾਸ਼' ਦੇ ਹਰ ਅੰਗ ਦਾ ਖੋਹਲ ਕੇ ਉੱਤਰ ਦਿਤਾ ਹੈ ।ਬਿਸ਼ੰਭਰ ਦੱਤ ਨੇ ਵੇਦਾਂ ਨੂੰ ਇਲਹਾਮੀ ਸਿਧ ਕਰਨ ਲਈ ਪ੍ਰਾਚੀਨ ਰਿਸ਼ੀਆਂ ਮੁਨੀਆਂ ਤੇ ਯੂਰਪੀਨਾਂ ਦੀਆਂ ਲਿਖਤਾਂ ਵਿਚੋਂ ਹਵਾਲੇ ਦਿਤੇ ਹਨ ਤੇ ਇਸੇ ਤਰ੍ਹਾਂ ਹੀ ਕਰਤਾਰ ਸਿੰਘ ਦਾਖਾ ਨੇ ਦੇਸੀ ਤੇ ਬਦੇਸੀ ਵਿਦਵਾਨਾਂ ਦੀਆਂ ਲਿਖਤਾਂ ਦੇ ਆਧਾਰ ਤੇ ਵੇਦਾਂ ਨੂੰ ਮਨੁਖੀ ਕਿਰਤ ਸਾਬਤ ਕੀਤਾ ਹੈ ।ਇਲਹਾਮ ਤੇ ਵਿਚਾਰ ਕਰਦਿਆਂ 'ਖੜਗ ਖਾਲਸਾ' ਵਿਚ ਲਿਖਿਆ :-

" ਸ੍ਰਿਸ਼ਟੀ ਕੇਵਲ ਮਨੁੱਖਾਂ ਦਾ ਨਾਮ ਹੀ ਹੈਂਯਾਂ ਪਸ਼ੂ,ਪੰਖੀ ਆਦਿਕਾਂ ਦਾ ਭੀ ? ਜੇ ਕਹੋ ਕੇਵਲ ਮਨੁੱਖਾਂ ਦਾ ਹੀ ਨਾਮ ਸ੍ਰਿਸ਼ਟੀ ਹੈ,ਤਾਂ ਬਿਲਕੁਲ ਝੂਠ,ਜੇ ਕਹੋ ਪਸ਼ੂ ਆਦੀ ਭੀ ਸ੍ਰਿਸ਼ਟੀ ਹਨ,ਤਾਂ ਵਿਕਲਪ ਹੋਇਆ ਕਿ ਇਨ੍ਹਾਂ ਨੂੰ ਭੀ ਮਨੁੱਖਾਂ ਦੀ ਤਰ੍ਹਾਂ ਕੋਈ ਈਸ਼ੁਵਰੀ ਗਿਆਨ ਮਿਲਿਆ ਕਿ ਨਾਂ ? ਜੇ ਮਿਲਿਆ ਤਾਂ ਦੱਸੋ ਬਏ ਅਤੇ ਸ਼ਹਿਤ ਦੀਆਂ ਮੱਖੀਆਂ ਕੋਲ ਕੇਹੜੀ ਈਸ਼ੁਵਰੀ ਕਿਤਾਬ ਹੈ ਜਿਸ ਨਾਲ ਉਹ ਆਲ੍ਹਣੇ ਬਣੌਨੇ ਅਤੇ ਆਪਣੇ ਲਈ ਭਲੇ ਬੁਰੇ ਦੀ ਵਿਚਾਰ ਕਰਦੇ ਹਨ ? ਜੇ ਕਹੋ ਉਨ੍ਹਾਂ ਨੂੰ ਈਸ਼ੁਵਰ ਨੇ ਗਯਾਨ ਨਹੀਂ ਦਿੱਤਾ,ਤਾਂ ਉਨ੍ਹਾਂ ਨਾਲ ਇਹ ਕੁਨਿਆਉਂ ਕਿਉਂ ਹੋਇਆ,ਜਦ ਕਿ ਉਹ ਭੀ ਉਸਦੇ ਹੀ ਪੈਦਾ ਕੀਤੇ ਹੋਏ ਸਨ? ਜੇ ਕਹੋ ਉਨ੍ਹਾਂ ਨੂੰ ਆਪਣੇ ਆਪ ਹੀ ਕੰਮ ਸਾਰਨਾ ਆ ਗਿਆ,ਤਾਂ ਮਨੁੱਖਾਂ ਨੂੰ ਆਪਣੇ ਆਪ ਕਿਉਂ ਨਹੀਂ ਸਭ ਕੁਝ ਔਣਾ ਚਾਹੀਦਾ ? ਕੀ ਮਨੁੱਖ ਪਸ਼ੂਆਂ ਨਾਲੋਂ ਭੀ ਡੁਬ ਗਏ ਸੀ ? ਜੇ ਕਹੋ ਕਿ ਪਸ਼ੂਆਂ ਨਾਲੋਂ ਮਨੁੱਖਾਂ ਵਿਚ ਸੱਤ ਅਸੱਤ ਨਿਸ਼ਚਯ ਰੂਪ ਬੱਧੀ ਦੀ ਵਿਸ਼ੇਸ਼ਤਾ ਕਰਕੇ ਪ੍ਰਮਾਤਮਾਂ ਨੇ ਉਨ੍ਹਾਂ ਨੂੰ ਗਿਆਨ ਦਿੱਤਾ,ਤਾਂ ਇਹ ਝੂਠ ਹੈ,ਕਿਉਂਕਿ ਜਦ ਸਾਰੀ ਸ੍ਰਿਸ਼ਟੀ ਹੀ ਅਗਿਆਨੀ ਸੀ ਤਾਂ ਪੁਰਖਾਂ ਕੋਲ ਸੱਤ ਅਸੱਤ ਦੇ ਨਿਸ਼ਚਯ ਵਾਲਾ ਸਾਧਨ ਕਹਿਣਾ ਦੋਸ਼ ਹੈ ,ਜੇ ਭਲਾ ਮੰਨ ਭੀ ਲਈਏ ਤਾਂ ਦੱਸੋ ਉਹ ਬੁੱਧੀ ਕੇਹੜੇ ਵੇਲੇ ਲਈ ਰੱਖੀ ਹੋਈ ਸੀ ਕਿ ਜਿਸਦੇ ਹੁੰਦਿਆਂ ਪ੍ਰਮੇਸ਼ੁਰ ਨੂੰ ਫੇਰ ਅੱਡ ਆਪਣਾ ਗਿਆਨ ਦੇਣ ਦੀ ਲੋੜ ਪਈ ?"[45]

---

44. ਭਾਈ ਕਰਤਾਰ ਸਿੰਘ ਦਾਖਾ, 'ਖੜਗ ਖਾਲਸਾ,' ਪਹਿਲੀ ਵਾਰ 9 ਨਵੰਬਰ 1913,ਈ. ਭੂਮਿਕਾ,ਸ- ਹ.

45. ਉਹੀ ,ਸਫਾ 1-2.

ਭਾਈ ਕਰਤਾਰ ਸਿੰਘ ਨੇ ਮਹਾਸ਼ਯ ਬਿਸ਼ੰਭਰ ਦੱਤ ਵਲੋਂ ਦਿਤੇ ਸਾਰੇ ਹਵਾਲੇ ਰੱਦ ਕਰਕੇ ਸੁਆਮੀ ਦਯਾਨੰਦ ਦੀ ਵਿਦਵਤਾ ਆਦਿ ਦਾ ਖੰਡਨ ਕਰਕੇ ਆਰੀਆ ਸਮਾਜ ਨੂੰ ਨਿਰਮੂਲ ਸਾਬਤ ਕੀਤਾ। ਉਨ੍ਹੇ ਬਿਸ਼ੰਭਰ ਦੱਤ ਵਲੋਂ ਕੀਤੇ ਗਏ 10 ਸੁਆਲਾਂ ਦੇ ਸੰਖੇਪ ਉਤਰ ਇਸ ਪਰਕਾਰ ਦਿਤੇ :- (ਕਿਉਂਕਿ ਸੁਆਲ ਪਿਛੇ ਆ ਚੁਕੇ ਹਨ, ਇਸ ਲਈ ਉਹ ਦੁਬਾਰਾ ਨਹੀਂ ਦਿਤੇ ਜਾਣਗੇ )

ਉਤ੍ਰ- ਅਸੀਂ ਉਪੱਰ ਕਹਿ ਆਏ ਹਾਂ ਕਿ ਸਾਡੇ ਅਤੇ ਮਹਾਸ਼ਯ ਦੇ ਇਲਹਾਮ ਦੇ ਸਵਰੂਪ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੋਣ ਕਰਕੇ ਇਹ ਪ੍ਰਸ਼ਨ ਕਰਨਾ ਹੀ ਫ਼ਜ਼ੂਲ ਹੈ , ਮਗਰ ਅਗਲਿਆਂ ਪ੍ਰਸ਼ਨਾਂ ਦੇ ਉਤ੍ਰਾਂ ਦੀ ਦਰੁਸਤੀ ਅਤੇ ਮਹਾਸ਼ਯ ਨੂੰ ਇਲਹਾਮ ਦਾ ਸਵਰੂਪ ਦੱਸਣ ਲਈ ਅਸੀਂ ਇਲਹਾਮ ਦੀ ਵਯਵਸਥਾ ਇਉਂ ਲਾਉਂਦੇ ਹਾਂ :-

ਪ੍ਰਮੇਸ਼ਵਰ ਦੇ ਯਥਾਰਥ ਸਵਰੂਪ ਦਾ ਬੋਧਕ ਅਤੇ ਉਸਦੀ ਵਿਸ਼ੇਸ਼ ਵਡਿਆਈ ਦਾ ਪੁੰਜ ਗਿਆਨ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਅਤੇ ਏਕਾਂਤ ਅੰਤਹ ਕਰਣ ਵਿਚ ਸਵੰ ਹੀ ਫੁਰਿਆ ਜੋ ਤਦਾਨੁਕੂਲ ਉਤਪਤੀ ਸੋ (ਈਸ਼ਵਰ ਦੀ ਪਰਾਪਤੀ ਦਾ ਅਸਲ ਸਾਧਨ ਹੋਣ ਕਰਕੇ ) ਈਸ਼ਵਰ ਯਾ ਇਲਹਾਮੀ ਹੈ ।

ਭਾਵ ਇਹ ਕਿ ਗੁਰੂ ਸਾਹਿਬ ਨੇ ਹੋਰਨਾਂ ਵਾਂਗ ਆਪਣੀ ਬਾਣੀ ਦਾ ਲੋਕਾਂ ਨੂੰ ਭਰੋਸਾ ਦਿਲਾਉਣ ਲਈ ਅੱਖਰ, ਪਦ, ਮੰਤ੍ਰ, ਯਾ ਆਯਤ ਆਦੀ ਸਾਵੇਂ ਹੀ ਪ੍ਰਮਾਤਮਾ ਵਲੋਂ ਆਏ ਹੋਏ ਨਹੀਂ ਮੰਨੇ, ਕਿੰਤੂ ਆਪਣੀ ਬਾਣੀ ਦੇ ਸਿਧਾਂਤ ਦੀ ਪਵਿਤ੍ਰਤਾ ਅਤੇ ਸਚਾਈ ਦੇ ਦਾਣ ਲੋਕਾਂ ਨੂੰ ਆਖਿਆ ਕਿ ' ਜਬ ਲਗ ਨ ਦੇਖਹੁ ਅਪਨੀ ਨੈਣੀ । ਤਬ ਲਗ ਨ ਪਤੀਜੋ ਗੁਰ ਕੀ ਬੈਣੀ ।' ਉਹ ਕੀ :" ਭਗਤਿ ਖਜਾਨਾ ਬਖਸਿਆ ਗੁਰ ਨਾਨਕ ਕੀਆ ਪਸਾਉ ਜੀਉ ।" ਤਾਂ ਤੇ 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ ।" ਇਤਿਆਦੀ ਵਾਕਯ ਰਚਨਾ ਯਾ ਕਰਤੱਵਯ ਮਾਤ੍ਰ ਦੇ ਸਿਧਾਂਤ ਨੂੰ ਈਸ਼ਵਰੀ ਜਣਾਯਾ । ਸੋ ਗੁਰੂ ਜੀ ਦਾ ਕਥਨ ਅਤੇ ਕਰਤਵਯ ਕਹਿਣ ਮਾਤ੍ਰ ਇਲਹਾਮੀ ਨਹੀਂ ਸਗੋਂ ਇਲਹਾਮ ਪੁਣੇ ਵਿਸ਼ਿਸ਼ਟ ਹੋਣ ਕਰਕੇ ਇਲਹਾਮੀ ਹੈ । ਜੋ ਰਚਨਾਂ ਗੁਰਬਾਣੀ ਵਿਚ ਭਗਤਾਂ ਦੇ ਨਾਮ ਉਤੇ ਹੈ ਉਹ ਭਗਤਾਂ ਦੇ ਪ੍ਰੇਮਾ ਭਗਤੀ ਆਦੀ ਉੱਤਮ ਆਸ਼ਯ ਨਾਲ ਸੰਮਤੀ ਜਣੌਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦੀ ~~ਉਸ ਦਾ ਕਾਰਣ ਹੈ । ਸਤਿ ਕਾ ਕਬੀ ਨਾਸ ਨਹੀਂ ਹੋਗਾ ।"~~ ਕੀਤੀ ਹੋਈ ਹੈ, ਯਾਂਤੇ ਇਸ ਬਾਣੀ ਨੂੰ ਸੱਚੀ ਮੰਨ ਕੇ ਇਹਦੇ ਉਤੇ ਬਲਹਾਰ ਜਾਣ ਅਤੇ ਲੋਕਾਂ ਨੂੰ ਇਹਦੀ ਪ੍ਰਮਾਣਤਾ ਨਿਸਚਯ ਕਰਾਉਣ ਆਦੀ ਪ੍ਰਯੋਜਨਾਂ ਕਰਕੇ ਜੋ ਬਾਣੀ ਭੱਟਾਂ ਅਤੇ ਸੱਤੇ ਬਲਵੰਡ ਆਦਿਕਾਂ ਨੇ ਗੁਰੂ ਜੀ ਦੇ ਪ੍ਰਤਾਪ ਨਾਲ ਉਚਾਰਣ ਕੀਤੀ ਉਹਦਾ ਆਸ਼ਯ ਗੁਰਬਾਣੀ ਦੀ ਸਚਾਈ ਦਾ ਬੋਧਕ ਹੋਣ ਕਰਕੇ ਗੁਰੂ ਸਾਹਿਬ ਦਵਾਰਾ ਓਸਾ ਹੀ ਪ੍ਰਮਾਣੀਕ ਮੰਨਿਆ ਗਿਆ ਹੈ, ਜੈਸਾ ਕਿ ਦੂਜੀ ਬਾਣੀ ਦਾ । ਤਾਂਤੇ ਸਿੱਧ ਹੋਇਆ ਕਿ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਸਾਂ ਰੂਪਾਂ ਦੇ ਕਥਨ ਅਤੇ ਕਰਤੱਵਯ ਦਾ ਅਭਿਪ੍ਰਾਯ ਅਤੇ ਉਸ ਅਭਿਪ੍ਰਾਯ ਦੇ ਸਦਕੇ ਜਾਣ ਵਾਲਾ ਗਿਆਨ ਹੈ ਸੋ ਇਲਹਾਮੀ

ਹੈ, ਭਾਵੇਂ ਕਰੋੜਾਂ ਪੁਰਸ਼ਾਂ ਦਾ ਕਿਉਂ ਨਾਂ ਹੋਵੇ ।

ਉਤ੍ਰ- ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਨੇ ਜੋ ਬੀੜ ਦਮਦਮੇ ਸਾਹਿਬ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨਾਲ ਰਲਾਕੇ ਸੰਪੂਰਨ ਕੀਤੀ ਅਤੇ ਪੰਥ ਵਿਚ ਪ੍ਰਚੱਲਤ ਹੈ ਉਹ ਇਲਹਾਮੀ ਅਤੇ ਸਵਤੇ ਪ੍ਰਮਾਣ ਹੈ, ਦੂਜੀਆਂ ਬੀੜਾਂ ਵਿਚ ਅਤੇ ਹੋਰ ਥਾਂ ਭੀ ਜਿਥੇ 'ਇਹ' ਬਾਣੀ ਹੈ ਓਥੇ ਹੀ ਆਪਣੀ ਇਲਹਾਮ ਦੀ ਉਪਮਾਂ ਸਹਿਤ ਹੈ ।

ਉਤ੍ਰ- ਅਸੀਂ ਇਹ ਗੱਲ ਮੰਨਦੇ ਹਾਂ ਕਿ ਦਸਮ ਗ੍ਰੰਥ ਵਿਚ ਜੋ ਸ੍ਰੀ ਮੁਖ ਵਾਕ ਬਾਣੀ ਹੈ ਓਹ ਦਸਮ ਗੁਰੂ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੀ ਹੋਈ ਹੈ ਅਤੇ ਆਦਿ ਗੁਰੂ ਗ੍ਰੰਥ ਸਾਹਿਬ ਨਾਲ ਸੰਮਤੀ ਰਖਣ ਕਰਕੇ ਓਸੀ ਹੀ ਪ੍ਰਮਾਣੀਕ ਹੈ ਜੈਸੀ ਕਿ ਆਦ ਗੁਰੂ ਬਾਣੀ, ਅਤੇ ਇਹ ਪਹਿਲੀ ਕਹੀ ਹੋਈ ਰੀਤੀ ਅਨੁਸਾਰ ਇਲਹਾਮੀ ਹੈ, ਅਰ ਅਵਤਾਰਾਂ ਦੀ ਕਥਾ ਆਦੀ ਜੋ ਬਾਣੀਆਂ ਹਨ ਓਹ ਜਿੰਨੀ ਅੰਸ਼ ਵਿਚ ਪਰਮਤਾਨੁਵਾਦ ਰੂਪ ਹਨ ਉਤਨੀ ਅਪ੍ਰਮਾਣੀਕ । ਅਤੇ ਜੋ ਉਨ੍ਹਾਂ ਉਤੇ ਅੰਤਮ ਨੋਟ ਚਾਹੜੇ ਗਏ ਹਨ ਓਹ ਗੁਰੂ ਸਾਹਿਬ ਦੀ ਵਿਧੀ ਮੁਖਯਤਾ ਕਰਕੇ ਪ੍ਰਮਾਣੀਕ ਹਨ, ਜੈਸੇ ' ਮੈ ਨ ਗਣੇਸਹਿ ਪ੍ਰਥਮ ਮਨਾਊਂ । ਕਿਸ਼ਨ ਬਿਸ਼ਨ ਕਬਹੂ ਨ ਧਿਆਊਂ ।" ਸੋ ਜੈਸੇ ਕੋਈ ਹਾਕਮ ਗਵਾਹਾਂ ਆਦਿਕਾਂ ਦੇ ਬਿਆਨਾਂ ਨੂੰ ਆਪਣੇ ਫੈਸਲੇ ਵਿਚ ਲਿਖਕੇ ਫੇਰ ਉਹਨੂੰ ਰੱਦ ਕਰਕੇ ਅਪਨਾ ਹੁਕਮ ਰੂਪੀ ਸਿੱਧਾਂਤ ਕੱਢਦਾ ਹੈ, ਤੈਸੇ ਹੀ ਇਨ੍ਹਾਂ ਕਥਾਂ ਉਤੇ ਗੁਰੂ ਸਾਹਿਬ ਜੀ ਦੇ ਜੋ ਇਉਂ ਅੰਤਮ ਸਿੱਧਾਂਤ ਕੱਢੇ ਹੋਏ ਹਨ ਓਹ ਹੋਰ ਬਾਣੀ ਵਰਗੇ ਹੀ ਪ੍ਰਮਾਣੀਕ ਹੋਣ ਕਰਕੇ ਇਲਹਾਮੀ ਹਨ ।

ਉਤ੍ਰ - ਆਦੀ ਸ੍ਰਿਸ਼ਟੀ ਵਿਚ ਪ੍ਰਮਾਤਮਾਂ ਵਲੋਂ ਜੀਵਾਂ ਲਈ ਕੋਈ ਕਿਤਾਬ ਪ੍ਰਕਾਸ਼ ਨਹੀਂ ਹੋਈ । ਇਸ ਪੁਰ ਵਿਸ਼ੇਸ਼ ਬਹਸ ਪਹਿਲੇ ਹਿੱਸੇ ਵਿਚ ਕੀਤੀ ਗਈ ਹੈ, ਓਥੇ ਦੇਖੋ ।

ਉਤ੍ਰ- ਅਸੀਂ ਅਗੇ ਕਹਿ ਆਏ ਹਾਂ ਕਿ ਸੱਤੇ ਬਲਵੰਡ ਦੀ ਬਾਣੀ ਹੋਰ ਗੁਰਬਾਣੀ ਦੀ ਵਡਿਆਈ ਕਰਨ ਨਾਲ ਆਪਣੇ ਸਿੱਧਾਂਤ ਦਾ ਉਸ ਵਿਚ ਹੀ ਪਰਯਵਸਾਨ ਰੱਖਣ ਕਰਕੇ ਸਿੱਧਾਂਤ ਅੰਸ ਵਿਚ ਗੁਰਬਾਣੀ ਹੈ ।

ਜੈਸੇ ਗੁਰਬਾਣੀ ਕਹਿੰਦੀ ਹੈ ਕਿ ' ਗੁਰ ਲਾਗਾ ਚੇਲੇ ਕੀ ਪਾਈ' ਇਸ ਵਿਚ ਗੁਰੂ ਦਾ ਚੇਲੇ ਨੂੰ ਆਪਣੇ ਸਮਾਨ ਬਣਾਕੇ ਜਗਤ ਵਿਚ ਮਰਯਾਦਾ ਸਥਾਪਨ ਕਰਨ ਲਈ ਆਪ ਓਹਦੇ ਚਰਨੀਂ ਲੱਗਨ ਦਾ ਅਚੰਭਾ ਵਰਨਣ ਹੈ, ਤੈਸੇ 'ਹੋਰਿਓ ਗੰਗ ਵਹਾਇਓਨ ਦੁਨਿਆਈ ਆਖੈ ਕਿਕਿਓਨ" ਵਿੱਚ ਸੱਤੇ ਬਲਵੰਡ ਨੇ ਭੀ ਇਹ ਦੱਸਿਆ ਹੈ ਕਿ ਗੁਰੂ ਜੀ ਨੇ ਅਚੰਭਾ ਵਰਤਾਇਆ ਹੈ, ਤਾਂ ਕੀ ਇਹ ਗੁਰਬਾਣੀ ਨਹੀਂ ਜੋ ਉਸ ਨਾਲ ਸਾਮਾਨਾਧਿਕਰਣ ਰਖਦੀ ਹੈ ? ਜਿਕੂੰ ਤਮੱਸਕ ਉਤੇ ਇਕਰਾਰ ਕਰਨ

ਵਾਲੇ ਦੇ ਸਿਵਾਇ ਉਗਾਹੀਆਂ ਆਦੀ ਭੀ ਤਮੱਸਕ ਦੇ ਭਾਵ ਦੀ ਸਚਾਈ ਵਿੱਚ ਸਾਂਝੀ ਵਾਲ ਹੋਣ ਕਰਕੇ ਤਮੱਸਕ ਤੋਂ ਅੱਡ ਨਹੀਂ, ਤਿਵੇਂ ਹੀ ਇਹ ਬਾਣੀ ਭੀ ਗੁਰਬਾਣੀ ਰੂਪ ਹੀ ਹੈ, ਮਗਰ ਗੁਰਬਾਣੀ ਦੇ ਪਿਛੋਂ ਚਲਨ ਵਾਲੀ ਅਤੇ ਸਤੋਤਰ ਰੂਪ ਹੋਣ ਕਰਕੇ ਸਿੱਖ ਸੇਵਕਾਂ ਦਵਾਰਾ ਪ੍ਰਕਾਸ਼ਤ ਹੋਈ ਬਾਣੀ ਸਵਾਮੀ ਦੀ ਨਹੀਂ, ਯਾਂਤੇ ਉਨ੍ਹਾਂ ਦੇ ਕਰਤਿਆਂ ਨੂੰ ਕੇਵਲ 'ਗੁਰੂ ਪਦਵੀ' ਦਾ ਅਧਿਕਾਰ ਨਹੀਂ ਦਿੱਤਾ ਗਿਆ ।

ਉਤ੍ਰ- ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਨਾਂ ਹੋਰ ਹੈ ਹੀ ਨਹੀਂ, ਅਤੇ ਕਬੀਰ ਸਾਹਿਬ ਦੀ ਬਾਣੀ ਦਾ ਜੋ ਭਾਵ ਗੁਰਬਾਣੀ ਨਾਲ ਮਿਲਦਾ ਸੀ ਉਹ ਗੁਰੂ ਸਾਹਿਬ ਨੇ ਅੰਗੀਕਾਰ ਕੀਤਾ ਬਾਕੀ ਅਨੰਗੀਕਾਰ ਸਮਝਕੇ ਛੱਡ ਦਿਤਾ ।

ਉਤ੍ਰ- ਇਹ ਪ੍ਰਸ਼ਨ ਪਿਛਲੇ ਪ੍ਰਸ਼ਨਾਂ ਵਿਚ ਹੀ ਆ ਜਾਣ ਕਰਕੇ ਫੇਰ ਕਰਨਾ ਫਜ਼ੂਲ ਹੈ, ਕਿਉਂਕਿ ਇਸਦਾ ਉਤ੍ਰ ਇਹੋ ਹੈ ਕਿ ਇਲਹਾਮ ਦੀ ਵਯਵਸਥਾ ਹੋਰਨਾਂ ਵਾਂਗ ਨਾ ਮੰਨਕੇ ਗੁਰੂ ਬਾਣੀ ਨੂੰ ਗੁਰੂ ਦੀ ਬਣਾਈ ਹੋਈ ਇਲਹਾਮੀ ਮੰਨਣ ਵਾਲੇ ਸਿੱਖ ਸੱਚੇ ਹਨ ।

ਉਤ੍ਰ- ਆਪਣੀ ਤਰਫੋਂ ਕਿਸੇ ਦੀ ਮਿਲਾਈ ਹੋਈ ਬਾਣੀ ਨੂੰ ਛੱਡ ਕੇ ਹੋਰ ਸਾਰੀ ਬਾਣੀ ਪ੍ਰਮਾਣੀਕ ਹੋਣ ਕਰਕੇ ਉਸੇ ਸਤਿਕਾਰ ਅਤੇ ਮਹਾਤਮ ਦੇ ਰੱਖਣ ਵਾਲੀ ਹੈ ।

ਉਤ੍ਰ- ਸ੍ਰੀ ਗੁਰੂ ਜੀ ਨੇ ਕਿਵੇਂ ਭੀ ਕੋਈ ਫਰਕ ਨਹੀਂ ਪਾਇਆ ਫਰਕ ਪਾਇਆ ਮੰਨਣ ਵਾਲਿਆਂ ਦੀ ਆਪਣੀ ਭੁਲ ਹੈ ।

ਉਤ੍ਰ- ਕੋਈ ਸ੍ਰਾਪ ਨਹੀਂ ਦਿੱਤਾ ਗਿਆ ।

ਨੋਟ- ਭਾਵੇਂ ਇਨ੍ਹਾਂ ਪ੍ਰਸ਼ਨਾਂ ਦੇ ਉਤ੍ਰ ਸੰਖੇਪ ਕਰਕੇ ਇਸੇ ਕਿਤਾਬ ਦੇ ਹੋਰ ਅੰਗਾਂ ਦੇ ਅੰਤਰਿਗਤ ਆ ਜਾਣ ਕਰਕੇ ਦੁਬਾਰਾ ਕਰਨੇ ਫਜ਼ੂਲ ਸਨ, ਮਗਰ ਫੇਰ ਭੀ ਇਹ ਕੁਝ ਜ਼ੋਰ ਨਹੀਂ ਸਹਾਰ ਸਕੇ, ਯਾਂਤੇ ਮਹਾਸ਼ੁਯ ਦਾ ਇਨ੍ਹਾਂ ਪ੍ਰਸ਼ਨਾਂ ਤੋਂ ਆਪਣੇ ਆਪ ਗਲਤ ਫਲਤ ਉਤੱਰ ਲੈ ਲੈਣਾਂ ਨਿਆਯ ਤੋਂ ਉਲਟ ਹੋਣ ਕਰਕੇ ਸਵੀਕਾਰ ਕਰਨਾ ਉਚਿਤ ਨਹੀਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਲਹਾਮੀ ਮੰਨਣਾ ਸਭ ਪ੍ਰਾਣੀ ਮਾਤ੍ਰ ਦਾ ਧਰਮ ਹੈ ।"[46]

ਸਿੱਖ ਜੇ ਕਰ ਕੇਸ ਰਖਦੇ ਹਨ ਤਾਂ ਕੋਈ ਨਵੀਂ ਗੱਲ ਨਹੀਂ, ਕਿਉਂਕਿ ਵਿਸ਼ਨੂੰ, ਬ੍ਰਹਮਾ, ਸ਼ਿਵ, ਇੰਦ੍ਰ, ਧਰਣ, ਕੁਬੇਰ, ਬਾਵਨ, ਨਰਸਿੰਘ, ਵਸ਼ਿਸ਼ਟ, ਬਿਸਵਾਮਿਤ੍ਰ, ਬਾਲਮੀਕ, ਗੌਤਮ, ਸਭਨਾਂ ਦੇ ਕੇਸ ਸਨ। ਮੁੰਡਨ ਕਰਨਾ ਤਾਂ ਰਾਜਾ ਨੰਦ ਦੇ ਸਮੇਂ ਸ਼ੁਰੂ ਹੋਇਆ ਸੀ ।" ਐਸੇ ਹੀ ਕੱਛ, ਕੜਾ, ਕੰਘਾ, ਕ੍ਰਿਪਾਨ

46. ਉਹੀ ਸਫੇ 140-144 .

ਪਾਂਚ ਕੱਕਾਰ ਆਦਿ ਸਿੰਘੋਂ ਕੇ ਚਿੰਨ ਔਰ ਅਮੂਲ ਸਭ ਪ੍ਰਾਚੀਨ ਸਨਾਤਨ ਹੈਂ ........ ਔਰ ਜੋ ਨਵੀਨ ਸਿੰਘ ਖਾਲਸੇ ਕੋ ਨਇਆ ਪੰਥ ਮਾਨਤੇ ਹੈਂ ਐਹ ਉਨ ਕੀ ਭੂਲ ਹੈ । ਖਾਲਸਾ ਨਵੀਨ ਧਰਮ ਨਹੀਂ ਬਲਕਿ ਸਨਾਤਨ ਹੈ । ਗੁਰੂ ਸਾਹਿਬ ਨੇ ਕੋਈ ਨਇਆ ਪੰਥ ਨਹੀਂ ਰਚਾ ਬਲਕਿ ਸਨਾਤਨ ਧਰਮ ਕੀ ਰੀਤੀ ਬਿਗੜੀ ਹੂਈ ਕੋ ਕਾਯਮ ਕਰ ਦੀਆ ਹੈ। ਜੋ ਖਾਸ ਗੁਰੂ ਸਾਹਿਬ ਕੇ ਮੁਖਾਰਬਿੰਦ ਸੇ ਉਚਰੇ ਹੂਏ ਵਾਕੋਂ ਸੇ ਸਾਬਤ ਹੋਤਾ ਹੈ ।"[47] ਇਸ ਤਰ੍ਹਾਂ ਭਾਈ ਪ੍ਰੇਮ ਸਿੰਘ ਨੇ 'ਕੇਸ ਮੰਡਨ' ਲਿਖ ਕੇ ਕੇਸਾਧਾਰੀ ਤੇ ਕੱਕਿਆਂ ਦੀ ਰਹਿਤ ਰੱਖਣ ਵਾਲੇ ਸਮੂਹ ਖਾਲਸਾ ਨੂੰ ਸਨਾਤਨ ਧਰਮੀ ਹਿੰਦੂ ਬਣਾਉਣ ਦੀ ਕੋਸ਼ਿਸ਼ ਕੀਤੀ ।

ਸਿੱਖਾਂ ਨੇ 'ਵੇਦਾਂ ਦਾ ਪੋਲ' (ਭਾਈ ਬੁਢਾ ਸਿੰਘ ) ਤੇ 'ਕਯਾ ਵੇਦ ਇਲਹਾਮੀ ਹੈ?" (ਦੇਸ਼ ਹਿਤਕਾਰੀ) ਰਚਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਵੇਦ ਇਲਹਾਮੀ ਨਹੀਂ । ਇਸ ਤਰ੍ਹਾਂ ਆਰੀਆ ਧਰਮ ਨੂੰ ਛੁਟਿਆ ਕੇ ਸਿਖਾਂ ਨੂੰ ਆਰੀਆ ਬਣਨੋਂ ਰੋਕਣ ਦਾ ਯਤਨ ਕੀਤਾ ।

ਪੰਡਤ ਕਾਲੀ ਦਾਸ ਨੇ 'ਜਨੇਊ ਫਲੌਸਫੀ' ਲਿਖ ਕੇ ਦਸਿਆ ਕਿ ਜੰਞੂ ਬਣਾਉਣ ਲਈ ਜੀਵ-ਹਤਿਆ ਕਰਨੀ ਪੈਂਦੀ ਹੈ, ਜੰਞੂ ਭੇਖ ਤੇ ਸਵਾਂਗ ਹੈ ਅਤੇ ਗੁਰੂ ਸਾਹਿਬ ਨੇ ਜੰਞੂ ਪਾਉਣ ਦੀ ਮਨਾਹੀ ਕੀਤੀ ਹੈ। ਅਖੀਰ ਵਿਚ ਗੁਰੂ ਤੇਗ ਬਹਾਦਰ ਦੇ ਤਿਲਕ ਤੇ ਜੰਞੂ ਦੀ ਰਾਖੀ ਕਰਨ ਦਾ ਜ਼ਿਕਰ ਕਰਕੇ ਲਿਖਿਆ ਹੈ ਕਿ " ਇਸ ਉਪਕਾਰ ਦਾ ਬਦਲਾ ਹੁਣ ਅਕ੍ਰਿਤਘਣ ਹਿੰਦੂਆਂ ਵਲੋਂ ਏਹ ਹੋ ਰਹਿਆ ਹੈ ਕਿ ਜਿਥੋਂ ਤੋੜੀ ਹੋ ਸਕਦਾ ਹੈ ਸਿਖਾਂ ਦੇ ਕੇਸ ਆਦਿਕ ਚਿੰਨ੍ਹ ਮਿਟਾਉਣ ਵਿਚ ਪੂਰਾ ਯਤਨ ਕੀਤਾ ਜਾਂਦਾ ਹੈ ......... ।"[48]

ਵੈਸੇ ਤਾਂ ਇਕ ਦੋ ਪੁਸਤਕਾਂ ਛੱਡ ਕੇ ਸਾਰੇ ਵਾਦ ਵਿਵਾਦੀ ਸਾਹਿਤ ਦਾ ਲਹਿਜਾ ਬੜਾ ਸਖ਼ਤ ਹੈ ਪਰ ਕਿਤੇ ਕਿਤੇ ਤਾਂ ਸ਼ੁਰਾਫਤ ਦੀਆਂ ਹੱਦਾਂ ਪਾਰ ਕਰ ਕੇ ਚਿੱਕੜ ਸੁੱਟਣ ਤੇ ਗਾਲ੍ਹਾਂ ਕੱਢਣ ਤਕ ਜਾ ਪਹੁੰਚੇ ਹਨ। ਪੰਡਤ ਰਾਮ ਭਜ ਦੱਤ ਨੇ ਗੁਜਰਾਂਵਾਲਾ ਆਰੀਆ ਸਮਾਜ ਵਿਚ ਲੈਕਚਰ ਦਿੰਦਿਆਂ ਸਿੱਖਾਂ ਦੀ ਮੌਜੂਦਾ ਔਲਾਦ ਨੂੰ ਹਰਾਮਜ਼ਾਦੀ ਆਖਿਆ ਕਿਉਂਕਿ ਸਿੱਖ ਆਪਣਾ ਵਿਆਹ ਵੇਦ ਮੰਤ੍ਰਾਂ ਨਾਲ ਨਹੀਂ ਕਰਦੇ ਸਗੋਂ ਗ੍ਰੰਥ ਸਾਹਿਬ ਰਖ ਕੇ ਫੇਰੇ ਲੈਂਦੇ ਹਨ।[49] ਇਸ ਦਾ ਜਵਾਬ ਵਜ਼ੀਰ ਸਿੰਘ

---

47. ਭਾਈ ਪ੍ਰੇਮ ਸਿੰਘ, ਕੇਸ ਮੰਡਨ, ਦੂਜੀ ਵਾਰ 1908, ਸਫਾ 19.

48. ਪੰਡਤ ਕਾਲੀ ਦਾਸ, ਜਨੇਊ ਫਿਲੌਸਫ਼ੀ, ਸਫਾ 16 .

49. ਸਤਯ ਧਰਮ ਪ੍ਰਚਾਰਕ ਨੰ: 19 ਜਿਲਦ 15 ਮੁਵਰਖਾ 14 ਅਗੱਸਤ, 1903, ਸਫਾ 9 ਕਾਲਮ 3.

ਰਾਹੀਂ ,ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ,ਨੌਸ਼ਹਿਰਾ ਛਾਉਣੀ ਤੇ 33 ਸਫੇ ਦਾ ਇਕ ਪੈਂਫਲਟ 15-10-1904 ਨੂੰ ਛਪਵਾ ਕੇ ਦਿਤਾ ।ਉਸ ਵਿਚ ਬੜੇ ਭੱਦੇ ਲਹਿਜੇ ਵਿਚ ਸੁਆਮੀ ਦਯਾਨੰਦ ਸਮੇਤ ਸਾਰੇ ਹਿੰਦੂਆਂ ਨੂੰ ਹਰਾਮਜ਼ਾਦੇ ਆਖਿਆ ਕਿਉਂ ਜੋ ਉਨ੍ਹਾਂ ਦੇ ਪਿਤਾਵਾਂ ਦੇ ਵਿਆਹ ਵੇਦਾਂ ਦੀ ਰੀਤੀ ਅਨੁਸਾਰ ਨਹੀਂ ਹੋਏ ।ਫਿਰ ਹਿੰਦੂਆਂ ਨੂੰ ਮਿਹਣੇ ਦੇ ਤੌਰ ਤੇ ਕਿਹਾ ਕਿ ਸਿਖ ਉਹ ਹਰਾਮਜ਼ਾਦੇ ਹਨ ਜਿਨ੍ਹਾਂ ਨੇ ਤੁਹਾਡੇ ਲਈ ਕੁਰਬਾਨੀਆਂ ਕੀਤੀਆਂ,ਜਿਨ੍ਹਾਂ ਦੇ ਸਿਰਾਂ ਦਾ ਤੁਸਾਂ 80,80 ਰੁਪਏ ਮੁੱਲ ਵੱਟਿਆ ਤੇ ਜਿਨ੍ਹਾਂ ਨੇ ਤੁਹਾਡੀਆਂ 1824 ਵਿਚ 15000 ਇਸਤ੍ਰੀਆਂ ਅਬਦਾਲੀ ਤੋਂ ਛੁਡਾਈਆਂ ਅਤੇ ਇਹ ਹਸਾਨ ਜਤਲਾਇਆ ਕਿ ਜੇ ਸਿੱਖ ਨਾ ਹੁੰਦੇ ਤਾਂ ਅਜ ਕੋਈ ਹਿੰਦੂ ਨਜ਼ਰ ਨਾ ਆਉਂਦਾ[50] । 1910 ਈ. ਵਿਚ ਆਰੀਆ ਮੁਸਾਫਰ ਵਿਚ ਸਿੱਖਾਂ ਵਿਰੁਧ ਇਕ ਲੇਖ ਛਪਿਆ ਜਿਸ ਵਿਚ ਗੁਰੂ ਸਾਹਿਬਾਨ ਦੀ ਜ਼ਾਤ ਤੇ ਹਮਲੇ ਕੀਤੇ ਗਏ ਤੇ ਸਿੱਖਾਂ ਦੇ ਕੀਤੇ ਹਸਾਨਾਂ ਦਾ ਮਖੌਲ ਉਡਾਇਆ ।

" ਗੁਰੂ ਹਰਿਗੋਬਿੰਦ ਜੀ ਨੇ ਕਾਜ਼ੀ ਰੁਸਤਮ ਖਾਂ ਦੇ ਘੋੜੇ ਦਾ ਮੁਲਕਬ ਲਿਆ ਜਿਸ ਕਰਕੇ ਕਾਜ਼ੀ ਬਾਬੇ ਬੁਢੇ ਨਾਲ ਗਾਲ ਮਗਾਲੀ ਹੋ ਪਿਆ ਏਹ ਭੀ ਹਿੰਦੂਆਂ ਤੇ ਉਪਕਾਰ,ਕਾਜ਼ੀ ਦੀ ਧੀ ਕੋਲਾਂ ਨੂੰ ਲਾਹੌਰੋਂ ਅੰਮ੍ਰਿਤਸਰ ਲੈ ਗਏ ਏਹ ਭੀ ਹਿੰਦੂਆਂ ਤੇ ਉਪਕਾਰ( ਸੀ)ਹਰਿ ਗੋਬਿੰਦ ਸਾਹਿਬ ਨੇ ਬਿਧੀ ਚੰਦ ਦੀ ਰਾਹੀਂ ਸ਼ਾਹੀ ਤਬੇਲੇ ਵਿਚੋਂ ਘੋੜੇ ਕਢਵਾਏ ਏਹ ਭੀ ਹਿੰਦੂਆਂ ਉਤੇ ਹਸਾਨ,..... ਗੋਬਿੰਦ ਸਿੰਘ ਸਾਹਿਬ ਦੇ ਚੇਲਿਆਂ ਨੇ ਮਾਰ ਧਾੜ ਕਰਕੇ ਦੇਸ ਦਾ ਸੱਤਯਾਨਾਸ ਕਰ ਦਿਤਾ ਏਹ ਭੀ ਹਿੰਦੂਆਂ ਤੇ ਉਪਕਾਰ .....[51]" ਇਸ ਦੇ ਜਵਾਬ ਵਿਚ ਭਾਈ ਸੇਵਾ ਸਿੰਘ ਨੇ 'ਧੋਤੇ ਮੂੰਹ ਚਪੇੜ' ਲਿਖ ਕੇ ਪਹਿਲਾਂ ਤਾਂ ਇਨ੍ਹਾਂ ਗੱਲਾਂ ਦੇ ਉਤੱਰ ਦਿਤੇ ਤੇ ਬਾਦ ਵਿਚ ਉਸੇ ਲਹਿਜੇ ਵਿਚ ਸੁਆਮੀ ਦਯਾਨੰਦ ਤੇ ਜ਼ਾਤੀ ਹਮਲਾ ਕੀਤਾ ।ਉਹਦੇ ਜੀਵਨ ਵਿਚੋਂ ਘਟਨਾਵਾਂ ਦੇ ਕੇ ਕਿਹਾ ਗਿਆ ਕਿ ਇਹ ਭੀ ਭਾਰਤ ਤੇ ਉਪਕਾਰ ।

---

50. ਵਜ਼ੀਰ ਸਿੰਘ ਰਾਹੀ,ਹਰਾਮਜ਼ਾਦੇ ਕੌਣ ਹਨ? 1904 ;

51. ਭਾਈ ਸੇਵਾ ਸਿੰਘ,'ਧੋਤੇ ਮੂੰਹ ਚੁਪੇੜ',ਪਹਿਲੀ ਵਾਰ ਸਫ਼ੇ 4,9 .

ਆਰੀਆ ਸਮਾਜੀਆਂ ਵਲੋਂ ਸਿੱਖਾਂ ਤੇ ਇਹ ਹਮਲਾ ਵੀ ਹੁੰਦਾ ਸੀ ਕਿ ਉਹ ਮੂਰਤੀ ਪੂਜਕ ਹਨ ਕਿਉਂਕਿ ਉਹ ਨਾ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਪੂਜਦੇ ਹਨ ਸਗੋਂ ਦਸਾਂ ਗੁਰੂਆਂ ਦੇ " ਖੜਾ ਸਾਹਿਬ, ਕਿਆਰਾ ਸਾਹਿਬ, ਮਾਲ ਸਾਹਿਬ, ਤੰਬੂ ਸਾਹਿਬ, ਹਟੀ ਸਾਹਿਬ, ਬੇਰ ਸਾਹਿਬ, ਕੋਠਾ ਸਾਹਿਬ, ਬਰਛਾ ਸਾਹਿਬ, ਪੰਜਾ ਸਾਹਿਬ, ਦੁਬਾਰਾ ਸਾਹਿਬ, ਮੰਜੀ ਸਾਹਿਬ, ਦੁਬੱਚਾ ਸਾਹਿਬ, ਕੂਆ ਸਾਹਿਬ, ਥੰਮ ਸਾਹਿਬ, ਤਖਤ ਸਾਹਿਬ, ਦਰਵਾਜ਼ਾ ਸਾਹਿਬ, ਹਵੇਲੀ ਸਾਹਿਬ, ਆਦਕ ਤਿੰਨ ਸੌ ਤੋਂ ਉਪਰ ਗੁਰੂ ਸਥਾਨ ਹਨ, ਜਿਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਭਿੰਨ ਨਿਸ਼ਾਂਨ ਆਦਕ ਗੁਰੂਆਂ ਦੀ ਅੰਨਯ ਵਸਤੂਆਂ ਦੀ ਭੀ ਪੂਜਾ[52] " ਕਰਦੇ ਹਨ । ਸੰਤ ਸੰਪੂਰਣ ਸਿੰਘ ਨੇ 'ਕੀਹ ਸਿੱਖ ਬੁੱਤ ਪ੍ਰਸਤ ਹਨ?" ਲਿਖ ਕੇ ਇਸ ਪੂਜਾ ਨੂੰ ਦੂਸਰਿਆਂ ਧਰਮਾਂ ਨਾਲ ਟਕਰਾ ਕੇ ਤੇ ਇਹਨੂੰ ਵਿਗਿਆਨਕ ਰੰਗਣ ਦੇ ਕੇ ਜਾਇਜ਼ ਕਰਾਰ ਦੇਣ ਦੀ ਕੋਸ਼ਿਸ਼ ਕੀਤੀ ।

> " ...... ਬਹੁਤ ਵਿਸਤਾਰ ਵੱਲ ਨਾਂ ਜਾਂਦਾ ਹੋਇਆ ਹੁਣ ਇਤਨਾਂ ਮਾਤਰ ਹੀ ਦੱਸਦਾ ਹਾਂ ਕਿ ਆਪਣੇ ਅੰਦਰ ਝਾਤੀ ਪਾ ਕੇ ਸਭ ਨੂੰ ਤੱਕਨਾ ਚਾਹੀਦਾ ਹੈ ਕਿ ਇਨ੍ਹਾਂ ਬਾਹਰੀ ਤੇ ਅੰਤਰੀਵੀ ਪ੍ਰਸ਼ਤਸ਼ ਤੋਂ ਕਿੰਨਾ ਕੂ ਸਾਰੇ ਜਣੇ ਬਚੇ ਹੋਏ ਹਨ :- ਕਯਾ ਮੱਕੇ ਸ਼ਰੀਫ਼ ਦੀ ਤਸਵੀਰ ਅਥਵਾ ਹੋਰਸ ਕਿਸੇ ਪੈਗੰਬਰ ਵਲੀ ਵਗੈਰਾ ਦੀ ਮੂਰਤ ਤਕ ਕੇ ਮੁਸਲਮਾਨ ਭਾਈ ਉਸਦਾ ਆਦਰ ਕਰਦੇ ਹਨ ਕਿ ਨਹੀਂ, ਅਥਵਾ ਐਸੀਆਂ ਮੂਰਤਾਂ ਦਾ ਅਸਤਕਾਰ ਉਹ ਕਿਸੇ ਦੂਜੇ ਨੂੰ ਕਰਨ ਦੇ ਸਕਦੇ ਹਨ ? ......... ਅਤੇ ਏਸੇ ਤਰਾਂ ਬੁੱਤ ਪੂਜਾਂ ਵਿਚੋਂ ਸੁਧਰਯਾ ਟੋਲਾ ਜੋ ਆਪਣੇ ਆਪ ਨੂੰ ਮੂਰਤੀ ਪੂਜਾ ਦਾ ਹਾਮੀ ਨਹੀਂ ਮੰਨਦਾ, ਸ੍ਵਾਮੀ ਦਯਾਨੰਦ ਜੀ ਦੀ ਬੁੱਤ (ਮੂਰਤੀ) ਦੀ ਕਦਰ ਨਹੀਂ ਕਰਦਾ ਯਾ ਅਸਤਕਾਰ ਹੁੰਦਾ ਤੱਕਣ ਲਈ ਤਿਆਰ ਹੈ ? ਕਦਾਚਿਤ ਨਹੀਂ । ਬਸ ਜੇ ਸਭ ਦਾ ਹੀ ਇਹ ਹਾਲ ਹੈ ਤਾਂ ਸਿਰਜਨ ਹਾਰ ਦੀ ਸ੍ਰਿਸ਼ਟੀ ਦਾ ਐਹੋ ਜੇਹਾ ਹੀ ਇਕ ਅੰਗ ਸਿੱਖ ਪੰਥ ਭੀ ਆਪਣਿਆਂ ਗੁਰੂਆਂ ਯਾ ਗੁਰੂ ਕਿਆਂ ਪਿਆਰਿਆਂ ਆਦਿ ਦੀਆਂ ਮੂਰਤਾਂ ਦਾ ਆਦਰ ਕਰਦਾ ਤੇ ਨਿਰਾਦਰ ਨਹੀਂ ਸਹਾਰ ਸਕਦਾ ।"

> " ਹਾਂ ਇਕ ਗੱਲ ਮੁਸਲਮਾਨਾਂ ਈਸਾਈਆਂ ਤੇ ਆਰੀਆਂ ਵਿਚ ਨਹੀਂ ਦਿਖਾਈ ਦਿੰਦੀ ; ਪਰ ਜੀ ਕੂੰ ਸਨਾਤਨ ਹਿੰਦੂ ਮੰਦਰਾਂ ਦੀਆਂ ਫੇਰੀਆਂ ਲਿਆ ਕਰਦੇ ਹਨ ਤੀਕੂੰ ਹੀ ਸਿੱਖ ਭੀ ਆਪਣੇ ਗੁਰਦੁਰਿਆਂ ਦੀਆਂ ਪ੍ਰਕਰਮਾਂ ਲੈਣੀਆਂ ਜ਼ਰੂਰੀ ਸਮਝਦੇ ਹਨ ......... "

---

52. ਪੰਡਤ ਮੁਨਸ਼ੀ ਰਾਮ, 'ਗੁਰੂਮਤ ਦਿਵਾਕ' (ਦੂਸਰਾ ਭਾਗ), ਪਹਿਲੀਵਾਰ ਸਫ਼ਾ 2.

" ਹੁਣ ਰਹੀ ਦੂਸਰੀ ਬਾਤ ਮੰਦਰਾਂ ਦੀ । ਪ੍ਰਕਰਮਾਂ ਬਾਬਤ ਸੋ ਅਰੰਭ ਵਿਚ ਹੀ " ਜਿਥੈ ਜਾਇ ਬਹੇ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ" ਤੁਕ ਨੂੰ ਦ੍ਰਿਸ਼ਟੀ ਸਾਮਨੇ ਲਿਆਵੋ ਕਿ " ਸੋ ਥਾਨ ਸੁਹਾਵਾ " ਕਿਉਂ ਸੋ ਥਾਨ ਸੁਹਾਵਾ ?............. ਤੇ ਐਸੇ ਕਰਕੇ ਹੀ ਓਨਾਂ ਦੇ ਦਰਬਾਰ ਵਿਚ ' ਦਿਨ ਦਿਨ ਚੜ੍ਹੈ ਸਵਾਇਆ ਨਾਨਕ ਹੋਤ ਨ ਘਾਟ" ਵਾਲੀਆਂ ਕਲਾਂ ਵਿਚ ਨਿਤ ਹੀ ਬਰਕਤਾਂ ਦੀ ਬਰਖਾ ਹੁੰਦੀ ਰਹਿੰਦੀ ਹੈ ਤੇ ਵਰੋਸਾਉਣ ਦੇ ਅਭਿਲਾਖੀ ਸਦੀਵਕਾਲ ਹੁੰਮ ਹੁੰਮਾ ਕੇ ਆਪਣੇ ਆਪ ਨੂੰ ਨਯੋਛਾਵਰ ( ਬਲਿਹਾਰ ਜਾਂਦੇ-ਵਾਰਣੇ ) ਕਰਣ ਔਂਦੇ ਰਹਿੰਦੇ ਹਨ ।

" ............. ਅਗਿਆਨ ਰੋਗ ਗ੍ਰਸਤ ਦੇਸ ( ਸੰਸਾਰ) ਨੂੰ ਗੁਰੂ ਮਹਾਰਾਜ ਜੀ ਨੇ ਅਵਿਦਯਾ ਰੂਪੀ ਮਹਾਮਾਰੀ ਤੋਂ ਮੁਕਤ ਕਰਣ ਲਈ ਆਪਣੇ ਸਤਯ ਸੰਕਲਪ ਦਵਾਰੇ ਆਤਮਕ ਪ੍ਰਭਾਵ ਨੂੰ ਇਨ੍ਹਾਂ ਝੰਡਿਆਂ ਦੇ ਫੈਰਿਆਂ ਵਿਚ ਪ੍ਰਵਿਸ਼ਟ ਕਰਕੇ ਆਪਣੇ ਦਰਬਾਰਾਂ ਔਂਗੇ ਖੜਾ ਕੀਤਾ ਜੋ ਕਈਆਂ ਕਈਆਂ ਕੋਹਾਂ ਤਕ ਇਨ੍ਹਾਂ ਦੇ ਰਾਹੀਂ ਪ੍ਰਭਾਵਵਾਨ ਤਰੰਗਾਂ ਨਿਕਲ ਨਿਕਲ ਕੇ ਅਕਾਸ਼ ਮਾਰਗ ਥਾਨੀਂ ਪੁਰਖਾਂ ਦੇ ਹ੍ਰਿਦਿਆਂ ਵਿਚ ਪਹੁੰਚ ਸਕਣ ਤੇ ਉਥੋਂ ਅਵਿਦਯਾ ਰੂਪ ਮਹਾ ਅਰੀਦਿਆਂ ਕ੍ਰਿਮਾ (ਜਰਮਜ਼) ਨੂੰ ਨਾਸ ਕਰਕੇ ਸ਼ਾਂਤੀ ਵਾਰਤਾ ਸਰਨ, ਐਸਾ ਹੀ ਪੂਰਬ ਸਮੇਂ ਚੋਬਾਂ ਨੂੰ ਔਖਦੀਆਂ ਲਗਾ ਕੇ ਢੋਲ ਵਜਾਨ ਨਾਲ ਭੀ ਝੰਡਿਆਂ ਵਾਲੇ ਅਸਰ ਨੂੰ ਕਈ ਗੁਣਾਂ ਵਧਕੇ ਅਸਰ ਪੁਚਾਨ ਦਾ ਅਭਿਪ੍ਰਾਇ ਹੁੰਦਾ ਸੀ ਕਿਉਂਕਿ **ਸਬਦ** ਧੁਨੀ ਵਿਚ ਤਰੰਗ ਪ੍ਰਗਟ ਹੋਣ ਕਰਕੇ ਅਕਾਸ਼ ( ਈਥਰ)ਮਾਰਗ ਥਾਣੀ ਅਸਰ ਬੜੀ ਛੇਤੀ ਪਹੁੰਚ ਸਕਦਾ ਹੈ ਜਿਸ ਕਰਕੇ ਹੀ ਗੁਰ ਮੰਦਰਾਂ ਤਥਾ ਐਸੇ ਤਥਾ ਐਸੇ ਸਥਾਨਾਂ ਔਂਗੇ ਨੌਬਤੀ ਧੌਂਸਿਆਂ ਨੂੰ ਚੋਟਾਂ ਲਗੀਆਂ ਕਰਦੀਆਂ ਹਨ। ਬੱਸੇ ਏਹ ਕਾਰਨ ਹੈ ਜਿਸ ਕਰਕੇ ਅਸੀਂ ਲੋਕ ਝੰਡਿਆਂ ਨੂੰ ਕਦਰ ਤੇ ਇਜ਼ਤ ਦੀ ਨਿਘਾ ਨਾਲ ਤਕਦੇ ਹਾਂ, ਇਨ੍ਹਾਂ ਝੰਡਿਆਂ ਵਰਗਾ ਅਵਿਦਯਾ ਨੂੰ ਮਾਰ ਭਗੌਣ ਵਾਲਾ (ਜਰਮੀ - ਸਾਇਡ) ਹਿਫਜ਼ ਮਾਤ ਕਦਮ (ਸਵਸਥਤਾ ਦਾ ਰਾਖਾ) ਕੋਈ ਵਿਰਲਾ ਹੀ ਸਾਧਨ ਹੋਊ .......... "

" ......... ਕਿ ਤੀਰ ਤਲਵਾਰ ਨੂੰ ਅਸੀਂ ਏਸ ਵਾਸਤੇ ਪੂਜਦੇ ਹਾਂ ਕਿ ਅਸਾਡਾ ਸਤਿਗੁਰੂ ਸਾਨੂੰ ਏਸ ਖਾਲਸਈ ਰੂਪ ਵਿਚ ਪ੍ਰਗਟ ਕਰਣੋਂ ਪਹਿਲੇ ਹੱਥ ਵਿਚ ਨੰਗੀ ਤਲਵਾਰ ਲੈ ਕੇ ਸਾਡੀ ਪਰਖ ਲਈ ਸਿਰ ਮੰਗਦਾ ਆਯਾ ਸੀ ਤੇ ਸਾਡੇ ਬਜ਼ੁਰਗਾਂ ਇਸ ਦੀ ਧਾਰ ਦਾ ਨਿਸ਼ਾਨਾਂ ਬਣਨ ਲਈ ਇਸ ਵਿਦਯੁਤ ਲਾਟ ਦਾ ਆਪਨੇ ਆਪ ਨੂੰ ਪਰਵਾਨਾਂ ਬਣਾਕੇ

ੳ-



ਖਾਲਸਈ ਪਦ ਪ੍ਰਾਪਤ ਕਰਦਿਆਂ ਹੋਇਆਂ ਸਤਿਗੁਰਾਂ ਦੇ ਇਸ ਬਚਨ ਨੂੰ ਸਫਲ ਕਰਕੇ ਦਿਖਾਇਆ ਸੀ ਕਿ " ਮਗਨ ਭਇਓ ਪ੍ਰਿਆ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ। ਪ੍ਰਗਟ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ ।"[53] ਭਾਵੇਂ ਇਸ ਤੋਂ ਪਹਿਲਾਂ ਸਰਦਾਰ ਗੁਰਬਖਸ਼ ਸਿੰਘ 'ਗੁਰੂ ਕੌਣ ਹੈ " ਵਿਚ ਅਜਿਹੀ ਮੂਰਤੀ ਪੂਜਾ ਦਾ ਵਿਰੋਧ ਕਰ ਚੁਕੇ ਸਨ :-

" ਕੀ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਨਮਾਂਨ ਕਰਦੇ ਹਾਂ ? ਭਾਈਓ ਕਦੀ ਨਹੀਂ ਸਨਮਾਂਨ ਬਾਣੀ ਦਾ ਕਰਨਾਂ ਹੈ ਨਾਂ ਕਿ ਕਾਗਜ਼,ਸਿਆਹੀ,ਗੱਤਾ,ਮੰਜੀ ਆਦਕ ਕ੍ਰਿਤਮ ਵਸਤੂਆਂ ਦਾ ।ਇਸ ਲਈ ਜੇ ਆਪ ਸੱਚ ਮੁੱਚ ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਕਰਦੇ ਹੋ ਤਾਂ ਗੁਰੂ ਬਾਣੀ ਉਤੇ ਅਮਲ ਕਰੋ ।ਗੁਰੂ ਬਾਣੀ ਉਤੇ ਅਮਲ ਕਰਨਾ ਹੀ ਗੁਰੂ ਗ੍ਰੰਥ ਸਾਹਿਬ ਦਾ ਅਸਲੀ ਸਨਮਾਂਨ ਹੈ ,ਏਹ ਸਨਮਾਂਨ ਕਦੀ ਨਹੀਂ ਹੋ ਸਕਦਾ ਕਿ ਲੋਗਾਂ ਵਿੱਚ ਅਪਨੇ ਆਪ ਨੂੰ ਵੱਡਾ ਪ੍ਰੇਮੀ ਸਿੱਧ ਕਰਨ ਲਈ ਨੱਕ ਰਗੜ ਰਗੜ ਕੇ ਮੱਥਾ ਟੇਕਿਆ ਜਾਵੇ,ਪਿਆਰੇ ਖਾਲਸਾ ਜੀ ਆਪ ਜਹੇ ਗੁਰੂ ਗ੍ਰੰਥ ਸਾਹਿਬ ਨੂੰ ਰਾਤ ਦਿਨ ਮੱਥਾ ਟੇਕਦੇ ਰਹੋ ਮਗਰ ਆਪ ਨੂੰ ਕਦੀ ਕੁਝ ਲਾਭ ਪ੍ਰਾਪਤ ਨਹੀਂ ਹੋਗਾ,ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਦਾ ਯੋਗ ਸਨਮਾਂਨ ਕਰਨਾ ਭੀ ਸਾਡਾ ਸਭਸੇ ਜ਼ਰੂਰੀ ਔਰ ਵੱਡਾ ਫਰਜ਼ ਹੈ ਪਰੰਤੂ ਸਾਖਯਾਤ ਸਤਿਗੁਰੂ ਜਾਣ ਕੇ ਮੂਰਤੀ ਪੂਜਕਾਂ ਦੀ ਤਰਹਿ ਉਸਦੀ ਪੂਜਾ ਕਰਨੀ ਘੜੀ ਘੜੀ ਮੱਥਾ ਟੇਕਣਾਂ,ਕੜਾਹ ਪ੍ਰਸ਼ਾਦ ਦਾ ਭੋਗ ਲਗਾਨਾਂ ਧੂਮ ਦੇਨਾਂ ਆਰਤੀ ਆਦਕ ਕਰਨੀ ਪਾਖੰਡ ਕਰਮ ਨਿੰਦਤ ........[54] "

ਹਿੰਦੂਆਂ ਵਲੋਂ ਛਾਪੀਆਂ ਗਈਆਂ ਵਾਦ ਵਿਵਾਦੀ ਕਿਤਾਬਾਂ ਬਾਰੇ ਭਾਈ ਕਰਤਾਰ ਸਿੰਘ ਦਾਖਾ ਨੇ ਲਿਖਿਆ ਹੈ ਕਿ " ਕੁਝ ਤਾਂ ਉਨ੍ਹਾਂ ਵਿਚੋਂ ਗਾਲੀ ਗਲੋਚ ਦੇ ਸਿਵਾਇ ਚੰਗੀ ਗਲ ਜਾਣਦੀਆਂ ਹੀ ਨਹੀਂ;ਬਹੁਤੀਆਂ ਅਵਿਦੱਕ ਲੋਕਾਂ ਵਲੋਂ ਹੋਣ ਕਰਕੇ ਪਾਠ ਅਤੇ ਹਵਾਲੇ ਗਲਤ ਅਰ ਸੁਣੀਆਂ ਸੁਣਾਈਆਂ ਗੱਲਾਂ ਨਾਲ ਭਰੀਆਂ ਪਈਆਂ ਹਨ;ਬਹੁਤੀਆਂ ਦੀ ਲੇਖਣੀ ਨਿਕੰਮੀ ਅਤੇ ਯੁਕਤੀ ਪ੍ਰਮਾਣ ਦਾ ਇਹ ਹਾਲ ਹੈ ਕਿ ਜੇਹੜੀ ਯੁਕਤੀ ਕਿਸੇ ਵਲੋਂ ਇਕ ਵਾਰ ਦਿਤੀ ਗਈ ਸਭ ਨੇ ਪਿਛੋਂ ਓਹੋ ਹੀ ਯਾ ਦੂਸਰੇ

53. ਸੰਤ ਸੰਪੂਰਣ ਸਿੰਘ, 'ਕੀ ਸਿੱਖ ਬੁਤ ਪ੍ਰਸਤ ਹਨ?' ਪਹਿਲੀ ਵਾਰ ਸਤੰਬਰ,1919 ਸਫੇ 11-25.

54. ਸਰਦਾਰ ਗੁਰਬਖਸ਼ ਸਿੰਘ,'ਗੁਰੂ ਕੌਣ ਹੈ ' ਨਵੰਬਰ 1913 ਈ. ਸਫੇ 32,33

ਲਫ਼ਜ਼ਾਂ ਵਿਚ ਓਹੀ ਵਰਤੀ, ਆਪਣੀ ਵਲੋਂ ਕੁਝ ਨਹੀਂ ਕਿਹਾ ....... ; ਇਕੋ ਵਿਸ਼ਯ ਦੀਆਂ ਬਹੁਤੀਆਂ ਕਿਤਾਬਾਂ ਦਾ ਉਤੂੰ ਬਾਰ ਬਾਰ ਦਿਤੇ ਜਾਣ ਕਰਕੇ 'ਬਹੁ ਬੀਰ ਬਾਰ ਬਹੁ ਬੀਰ ਬਾਰ' ਦੀ ਤਰ੍ਹਾਂ ਇਕ ਸਿਲਸਿਲਾ ਮੁਕਣੇ[55] ਵਿਚ ਹੀ ਨਹੀਂ ਆਉਂਦਾ ਤੇ ਇਹੋ ਗੱਲ ਸਿੱਖਾਂ ਵਲੋਂ ਛਾਪੀਆਂ ਗਈਆਂ ਅਜਿਹੀ ਕਿਤਾਬਾਂ ਬਾਰੇ ਕਹੀ ਜਾ ਸਕਦੀ ਹੈ ।

## ਸਿੱਖ -ਮੁਸਲਮਾਨ ਵਾਦ ਵਿਵਾਦੀ ਸਾਹਿਤ

ਸਿੱਖ ਗੁਰੂਆਂ ਨੂੰ ਸਨਾਤਨ ਧਰਮੀ ਵੇਦ ਭਗਤ ਸਿਧ ਕਰਕੇ ਜੇ ਕਰ ਇਕ ਪਾਸੇ ਹਿੰਦੂ ਸਿੱਖਾਂ ਨੂੰ ਹਿੰਦੂ ਬਣਾਈ ਰਖਣਾ ਚਾਹੁੰਦੇ ਸਨ ਤਾਂ ਦੂਜੇ ਪਾਸੇ ਕਾਦੀਆਨੀ ਮੁਸਲਮਾਨ ਵੀ ਗੁਰੂ ਨਾਨਕ ਨੂੰ ਮੁਸਲਮਾਨ ਸਾਬਤ ਕਰਕੇ ਉਨ੍ਹਾਂ ਨੂੰ ਇਸਲਾਮੀ ਦਾਇਰੇ ਵਿਚ ਲਿਆਉਣ ਦੇ ਚਾਹਵਾਨ ਸਨ ।ਵੈਸੇ ਤਾਂ ਮਿਰਜ਼ਾ ਗੁਲਾਮ ਅਹਿਮਦ (1835-1908 ਈ.) ਨੇ ਸਾਰੇ ਸੰਸਾਰ ਦੇ ਧਾਰਮਿਕ ਆਗੂਆਂ ਦੇ ਸਤਿਕਾਰ ਦਾ ਉਪਦੇਸ਼ ਦਿਤਾ ਪਰ ਗੁਰੂ ਨਾਨਕ ਨੂੰ ਵਿਸ਼ੇਸ਼ ਤੌਰ ਤੇ ਸਤਿਕਾਰਨ ਤੇ ਪਿਆਰਨ ਦੀ ਸਿਖਿਆ ਦਿਤੀ । ਉਹਨੇ ਗੁਰੂ ਨਾਨਕ ਬਾਰੇ ਕਿਹਾ ਹੈ :-

" ਬੂਦ ਨਾਨਕ ਆਰਫਿ ਮਰਦਿ ਖੁਦਾ
ਗਜ਼ੁਹਾਇ ਮਾਰਫਤ ਰਾ ਰਾਹ-ਕੁਸ਼ਾ (ਸਤਿ ਬਚਨ, 2)
ਅਤੇ
ਯਕੀਂ ਹੈ ਕਿ ਨਾਨਕ ਥਾ ਮੁਲਹਮ ਜ਼ਰੂਰ ( ਸਤਿ ਬਚਨ, 43)"

ਮਿਰਜ਼ਾ ਕਾਦੀਆਨੀ ਨੇ ਸੱਤ ਬਚਨ (30 ਨਵੰਬਰ 1895 ਈ: ) ਵਿਚ ਦਯਾਨੰਦ ਵਲੋਂ ਗੁਰੂ ਨਾਨਕ ਤੇ ਕੀਤੇ ਗਏ ਹਮਲੇ ਦਾ ਬੜੇ ਸਖਤ ਸ਼ਬਦਾਂ ਵਿਚ ਜਵਾਬ ਦਿਤਾ ।ਇਸੇ ਤਰ੍ਹਾਂ ਈਸਾਈਆਂ ਦੇ ਇਕ ਕਹਿਣ ਦਾ ਵੀ ਖੰਡਨ ਕੀਤਾ ਕਿ ਸਿੱਖ ਮਸੀਹ ਨੂੰ ਮੰਨਣ, ਗੁਰੂ ਨਾਨਕ ਮੁਸਲਮਾਨ ਹੋ ਗਏ ਸਨ ਤੇ " ਉਨ੍ਹਾਂ ਲਈ ਅਸਮਾਨ ਤੋਂ ਇਕ ਚੋਲਾ ਉਤਰਿਆ ਸੀ ਜਿਸ ਤੇ ਕੁਰਾਨ ਸ਼ਰੀਫ਼ ਲਿਖਿਆ ਹੈ ।ਇਹ ਚੋਲਾ ਕੁਦਰਤ ਦੇ ਹੱਥੋਂ ਲਿਖਿਆ ਗਿਆ, ਕੁਦਰਤ ਦੇ ਹਥੋਂ ਸੀਤਾ

55- ਭਾਈ ਕਰਤਾਰ ਸਿੰਘ ਦਾਖਾ, ਖੜਗ ਖਾਲਸਾ, ਭੂਮਿਕਾ ਹ- ਕ.

56. ਮਿਰਜ਼ਾ ਵਸੀਮ ਅਹਿਮਦ, ਜਮਾਇਤਿ ਅਹਿਮਦੀਆਂ, ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ- (ਪੰਜਾਬ), ਸਫਾ 169.

ਗਿਆ ਤੇ ਕੁਦਰਤ ਦੇ ਹਥੋਂ ਬਾਵਾ ਸਾਹਿਬ (ਗੁਰੂ ਨਾਨਕ) ਨੂੰ ਪੁਆਇਆ ਗਿਆ ਸੀ ।ਚਿਸ਼ਤੀਆਂ ਖਾਨਦਾਨ ਵਿਚ ਬਾਵਾ ਜੀ ਦੇ ਉਹ ਸ਼ਿਅਰ ਜ਼ੁਬਾਨ ਤੇ ਆਮ ਹਨ ਜਿਹੜੇ ਇਸਲਾਮ ਤੇ ਨਬੀ ਦੀ ਸਿਫਤ ਕਰਦੇ ਹਨ ।...... ਉਹ ਗੁਰੂ ਗ੍ਰੰਥ ਸਾਹਿਬ ਦੇ ਸ਼ਿਅਰਾਂ ਨਾਲੋਂ ਵਧੇਰੇ ਮੰਨਣ ਯੋਗ ਹਨ ਜਿਵੇਂ ਕਲਮਾ ਕਹੂੰ ਤੇ ਕਲ ਪੜ੍ਹੇ,ਬਿਨ ਕਲਮਾ ਕਲਨਾ .........." 57

' ਸਤਬਚਨ' ਦੇ ਇਨ੍ਹਾਂ ਕਥਣਾਂ ਦਾ ਸਿੱਖਾਂ ਨੇ ਬੁਰਾ ਮਣਾਇਆ ਤੇ 'ਖਾਲਸਾ - ਬਹਾਦਰ' ਦੇ ਪਰਚੇ ਵਿਚ ਇਹ ਸਪਸ਼ਟ ਕੀਤਾ ਕਿ ਗੁਰੂ ਨਾਨਕ ਨਾ ਹਿੰਦੂ ਨਾ ਮੁਸਲਮਾਨ ਸਨ। ' ਸੱਤ ਪ੍ਰਕਾਸ਼' ਨੇ ਫਿਰ ਗੁਰੂ ਨਾਨਕ ਨੂੰ ਮੁਸਲਮਾਨ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਤੇ ਸਬੂਤ ਵਜੋਂ ਦਸਿਆ ਕਿ ਇਹ ਚੋਲਾ ਡੇਰਾ ਬਾਬਾ ਨਾਨਕ ਵਿਚ ਕਾਬਲੀ ਮਲ ਦੀ ਉਲਾਦ ਦੇ ਕੋਲ ਹੈ ਤੇ ਇਸ ਚੋਲੇ ਤੇ ਰਾਜਾ ਸਾਹਿਬ ਸਿੰਘ,ਰਾਜਾ ਭੂਪ ਸਿੰਘ,ਨਿਰਵਾਨ ਪ੍ਰੀਤਮ ਦਾਸ,ਰਾਜਾ ਧੈਨਾ ਸਿੰਘ ਰਾਜਾ ਟੀਲਾ,ਹਰੀ ਸਿੰਘ ਨਲਵਾ,ਅਜਬ ਸਿੰਘ,ਦੀਵਾਨ ਮੋਤੀ ਰਾਮ,ਰਾਜਾ ਸਾਹਿਬ ਪਟਿਆਲਾ,ਸ. ਨਿਹਾਲ ਸਿੰਘ ਛਾਛੀ ਆਦਿ ਨੇ ਰੁਮਾਲ ਚੜ੍ਹਾਏ ਹਨ ।ਇਸ ਦਾ ਜਵਾਬ ਰਾਜਇੰਦਰ ਸਿੰਘ ਨੇ ' ਖਬਤੇ ਕਾਦੀਆਨੀ ਦਾ ਇਲਾਜ ' (1897 ਈ.) ਲਿਖ ਕੇ ਦਿਤਾ । ਇਕ ਸਿੱਖੋਂ ਨਵੇਂ ਬਣੇ ਮੁਸਲਮਾਨ ਨੇ 'ਇਜ਼ੁਹਾਰੇ ਹੱਕ ' ਨਾਂ ਦੀ ਕਿਤਾਬ ਸੰਨ 1909 ਈ. ਵਿਚ ਲਿਖਕੇ ਫਿਰ ਉਹੋ ਗੱਲ ਦੁਹਰਾਈ,ਇਹਨੇ ਗੁਰਬਾਣੀ ਵਿਚੋਂ ਅਨੇਕਾਂ ਟੂਕਾਂ ਦੇ ਕੇ ਦਸਿਆ ਕਿ ਗੁਰੂ ਨਾਨਕ ਵੇਦਾਂ ਸਿਮ੍ਰਤੀਆਂ ਪੁਰਾਣਾਂ,ਛੂਤ ਛਾਤ,ਜ਼ਾਤ ਪਾਤ,ਤੀਰਥ,ਸਰਾਧ,ਸੂਤਕ ਪਾਤਕ,ਜਨੇਊ ਆਦਿ ਦੇ ਖਿਲਾਫ਼ ਸਨ,ਉਨ੍ਹਾਂ ਮੁਲਤਾਨ ਵਿਚ ਸ਼ਮਸ ਤਬਰੇਜ਼ ਦੇ ਰੋਜ਼ੇ ਤੇ ਚਾਲੀ ਦਿਨ ਚਿਲਾ ਕੀਤਾ, ਉਹ ਮੁਸਲਮਾਨ ਸਨ ਤੇ ਉਨ੍ਹਾਂ ਨੂੰ ਖੁਦਾ ਵਲੋਂ ਚੋਲਾ ਆਇਆ ।ਉਨ੍ਹਾਂ ਦੇ ਚੇਲਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਮੁਸਲਮਾਨ ਹੋ ਜਾਣ [58] । ਭਾਈ ਸੇਵਾ ਸਿੰਘ ( ਕਰਤਾ ਧੋਤੇ ਮੂੰਹ ਚੁਪੇੜ,ਹਾਇ ਉਲਾਦ,ਦਯਾਨੰਦ - ਚਰਿੱਤ੍ਰ ਆਦਿ ) ਨੇ ' ਗੁਰੂ ਨਾਨਕ ਸਾਹਿਬ ਔਰ ਇਸਲਾਮ' ਨਾਂ ਦਾ ਪੈਂਫਲਟ ਲਿਖ ਕੇ ਅਹਿਮਦੀਆਂ ਦੇ ਇਸ ਮੱਤ ਦਾ ਖੰਡਨ ਕੀਤਾ ਕਿ ਗੁਰੂ ਨਾਨਕ ਮੁਸਲਮਾਨ ਸਨ ।

" ਸੱਤ ਬਚਨ,' ' ਸੱਤ ਪ੍ਰਕਾਸ਼','ਖਬਤੇ ਕਾਦੀਆਨੀ ਕਾ ਇਲਾਜ',ਇਜ਼ੁਹਾਰੇ ਹੱਕ', 'ਗੁਰੂ ਨਾਨਕ ਸਾਹਿਬ ਔਰ ਇਸਲਾਮ' ਆਦਿ ਸਭ ਉਰਦੂ ਜ਼ੁਬਾਨ ਤੇ ਫਾਰਸੀ ਲਿਪੀ ਵਿਚ ਹਨ, ਵੈਸੇ ਤਾਂ ਮੁਗਲਾਂ ਵਲੋਂ ਹੋਏ ਸਿੱਖਾਂ ਤੇ ਜ਼ੁਲਮਾਂ ਨੂੰ ਦਰਸ਼ਾਉਣ ਵਾਲਾ ਉਸ ਸਮੇਂ ਛਪਿਆ ਸਾਹਿਤ,

57. ਮਿਰਜ਼ਾ ਗੁਲਾਮ ਅਹਿਮਦ,ਸੱਤ ਬਚਨ,30 ਨਵੰਬਰ 1895 ਈ. ਸਫੇ 32,54.

58. ਸ਼ੇਖ ਮੁਹੰਮਦ ਯੂਸਫ਼ (ਨੌ ਮੁਸਲਿਮ) ਸਾਬਕ ਸਵਰਨ ਸਿੰਘ,ਇਜ਼ੁਹਾਰੇ ਹੱਕ,ਪਹਿਲੀ-ਵਾਰ- 1909 ਈ. .

ਅਹਿਮਦੀਆਂ ਦੇ ਪਰਚਾਰ ਨੂੰ ਕਾਟ ਕਰਦਾ ਹੈ ਪਰ ਉਸ ਨੂੰ ਅਸੀਂ ਵਾਦ ਵਿਵਾਦੀ ਸਾਹਿਤ ਦੀ ਫਹਿਰਿਸਤ ਵਿਚ ਦਰਜ ਨਹੀਂ ਕਰ ਸਕਦੇ ।ਮੇਰੀ ਨਜ਼ਰ ਵਿਚ ਪੰਜਾਬੀ ਵਿਚ ਅਹਿਮਦੀਆਂ ਦੇ ਖਿਲਾਫ ਲਿਖੀ ਹੋਈ ਇਕ ਕਿਤਾਬ ਹੀ ਆਈ ਹੈ ਤੇ ਉਹ ਹੈ 'ਕਾਇਰ ਸੁਧਾਰ,ਅਰਥਾਤ ਇਖਤਯਾਰੁਲ ਇਸਲਾਮ ਯਾ ਮੈਂ ਮੁਸਲਮਾਨ ਹੋ ਗਿਆ ਦਾ ਉੱਤਰ ਤੇ ਖੰਡਨ' ਰਚਿਤ ਭਾਈ ਪ੍ਰੀਤਮ-ਸਿੰਘ ।ਇਸ ਵਿਚ ਪਹਿਲੇ ਕਵਿਤਾ ਹੈ ਤੇ 20 ਸਫੇ ਤੋਂ ਵਾਰਤਕ ਸੁਰੂ ਹੁੰਦੀ ਹੈ ।ਲਿਖਤ ਵਿਚ ਤਰਕ ਤੇ ਵਿਅੰਗ ਦਾ ਜ਼ੋਰ ਹੈ :-

" ਅਜ ਕਲ ਇਕ ਕਾਦਿਆਨੀ ਮੁੱਲਾਂ ।
ਅਪਨਾ ਵਖ ਬਨਾਏ ਚੁੱਲ੍ਹਾ ।
ਉਸਨੇ ਅਤੀ ਅੰਧੇਰ ਮਚਾਇਆ ।
ਜਗ ਵਿਚ ਝੂਠ ਤੁਫਾਨ ਉਡਾਇਆ ।
ਕਦੀ ਆਖੇ ਮੈਂ ਆਪ ਮਸੀਹ ।
ਮੈਂ ਤੇ ਆਵੇ ਈਸ਼ੁਰੀ ਵਹੀ ।
ਕਦੀ ਉਹ ਬਨ ਇਸਲਾਮੀ ਬਹਿੰਦਾ ।
ਜੋ ਮੂੰਹ ਆਵੇ ਸੋਈ ਕਹਿੰਦਾ ।
ਹੁਣ ਆਖੇ ਮੈਂ ਕਿਸ਼ਨ ਮਹਾਰਾਜ ।
ਮੈਂ ਹੀ ਹਾਂ ਦੁਨੀਆਂ ਦਾ ਸਾਜ ।
ਦਿਨ ਵਿਚ ਲੱਖਾਂ ਰੂਪ ਵਟਾਂਦਾ ।
ਕੋਈ ਨ ਸੱਚੀ ਬਾਤ ਅਲਾਂਦਾ ।

" ਗੁਰ ਨਾਨਕ ਸੀ ਮੁਸਲਮਾਨ,
ਕਲਮੇ ਪਰ ਉਨ ਕਾ ਈਮਾਨ ।
ਤੂੰ ਹੈ ਸਿਖ ਗੁਰੂ ਕਾ ਪਯਾਰਾ ।
ਸਭ ਸਿਖਨ ਕਾ ਤੂੰ ਸਰਦਾਰਾ ।
ਡੇਹਰੇ ਨਾਨਕ ਜੋ ਗੁਰ ਚੋਲਾ ।
ਉਸ ਪਰ ਲਿਖਿਆ ਆਪੇ ਮੌਲਾ ।
ਸੱਚਾ ਧਰਮ ਖੁਦਾ ਕਾ ਪਿਆਰਾ ।
ਉਹ ਹੈ ਇਹ ਇਸਲਾਮ ਹਮਾਰਾ ।

" ਵ਼ਾਹ ਪੀਰ ਜੀ ਖ਼ੂਬ ਸੁਣਾਈ ।
ਮੌਲਾ ਦੀ ਕਰਤੂਤ ਬਤਾਈ ।
ਮੌਲਾ ਕਢਦਾ ਚੋਲੇ ਭਾਰੀ ।
ਜ਼ਰੀ ਬਾਦਲੇ ਅਰ ਫੁਲਕਾਰੀ ।
ਕੰਮ ਸੂਈ ਦਾ ਜਾਣੇ ਸਾਰਾ
ਹੈ ਓਹ ਕਾਰੀਗਰ ਵਡ ਭਾਰਾ ।
ਸੁਨ ਤੈਨੂੰ ਸ਼ਰਾ ਸ਼ਰੀਫ ਸੁਣਾਵਾਂ ।
ਗੁਰੂ ਗ੍ਰੰਥ ਵਿਚੋਂ ਬਤਲਾਵਾਂ ।
ਜੰਮਣ ਮਰਣ ਵਿਆਹ ਕੁੜਮਾਈ ।
ਸਭ ਰੀਤੀ ਹੈ ਉਸ ਮੇਂ ਭਾਈ ।[59]

ਸਿੱਖਾਂ ਨੇ ਇਸ ਮਸਲੇ ਬਾਰੇ ਮੇਕਾਲਫ ਦੀ ਰਾਇ ਵੀ ਲਈ ਹੈ ਤੇ ਉਨ੍ਹੇ ਲਿਖਿਆ :-

TO THE EDITOR

KHALSA BAHADUR

SIR,

I reply to your query whether Baba Nanak was a Musalman, I beg to express my numble opinion from a

---

59. ਭਾਈ ਪ੍ਰੀਤਮ ਸਿੰਘ 'ਕਾਇਰ ਸੁਧਾਰ', ਪਹਿਲੀ ਵਾਰ ਸੰਮਤ ਨਾ:436 ਸਫੇ 5-8 ।

acquaintance with the Sikh sacred writings, that Baba Nanak was not a Musalman. He was the great founder of the Sikh ~~li~~ religion, imbued with a thorough contempt for idolatry, superstitition, and backsliding of every description. He fully accepted the Hindu doctrines of Karma, transmigrations and the immanence of God in creation; and he taught with the oldest Hindu writings that repeating God's name and remembering Him were more meritorious, than all other religious ceremonies. There is no Muhammadanism in this. At the same time, of course, it must be admitted that Baba Nanak, being a Vedantist, had certain ideas which closely resemble those of Muhammadan sufis, but those ideas were principally obtained from his study of the writings of Hindu Saints. It is also true, that Baba Nanak in sabds found in the oldest life of him extant put into shape Muhammadan doctrines based on the Kuran, but they could never have been meant as his own ideas, and were simply intended to win over the Musalmans to pure and holy lives, and to remind them of the best tenets of their own religion. It would appear that Baba Nanak would have been pleased to accept both Hindus and Musalmans as his followers in the hope of their discarding the external and outward ceremonies of religion, and embracing a pure and heart-felt worship uncontaminated by the superstitions and hypocrisy of the time.

It is well known that Baba Nanak visited Makka, but that was as if a Christian should visit Hardwar to see what the ~~who~~ worship there was like. There is, however, nothing to show that Baba Nanak accepted the Muhammadan religion, or ever prayed in Muhammadan fashion. At Makka he lay down with his feet turned towards the Kaaba, and no Muhammadan would have done that. After his return to India, he continued his former peregrinations to Hindu sacred places.

These are a few things that occur to me at the moment. Any one with more time than I have at present could easily select from Baba Nanak's composition much fuller arguments to show that Baba ~~Naka~~ Nanak was certainly not a Muhammadan.

I am very faithfully yours,
M. MACAULIFFE.

ਭਾਵੇਂ ਅਮਲੀ ਮੈਦਾਨ ਵਿਚ ਸਿੱਖਾਂ ਮੁਸਲਮਾਨਾਂ ਦੀ ਇਕ ਦੂਜੇ ਨੂੰ ਸੁੱਧੀ ਤੇ ਤਬਲੀਗ ਦੇ ਨਾਂ ਹੇਠ ਆਪੋ ਆਪਣੇ ਧਰਮ ਵਿਚ ਲਿਆਉਣ ਦੇ ਜਤਨਾਂ ਤੇ ਕਈ ਇਕ ਹੋਰ ਕਾਰਨਾਂ ਕਰਕੇ ਖਿਚੋਤਾਣ ਜਾਰੀ ਰਹੀ, ਪਰ ਸਾਹਿਤਕ ਖੇਤਰ ਵਿਚ ਇਹ ਲੜਾਈ ਇੰਨੀ ਨਫਰਤ ਤੇ ਗੁੱਸੇ ਨਾਲ ਨਾ ਲੜੀ ਗਈ ਜਿੰਨੀ ਕਿ ਅਹਿਮਦੀਆਂ ਤੇ ਆਰੀਆਂ ਵਿਚਕਾਰ। ਅਹਿਮਦੀਆਂ ਨੇ ਆਰੀਆਂ ਤੇ ਹਮਲੇ ਵਜੋਂ 'ਸੁਰਮਾਏ ਚਸ਼ਮੇ ਆਰੀਆ,' 'ਰੱਦੇ ਨਿਯੋਗ,' ਆਦਿ ਬੜੇ ਸਖਤ ਤੇ ਤੁਰਸ਼ ਲਹਿਜੇ ਵਿਚ

---

60. ਹਵਾਲਾ ਦਿਤਾ ਰਾਜਇੰਦਰ ਸਿੰਘ, =ਖਬਤੇ ਕਾਦੀਆਨ ਕਾ ਇਲਾਜ' ਪਹਿਲੀ ਵਾਰ ਸੰਨ 1899 ਈ.

ਪੁਸਤਕਾਂ ਲਿਖੀਆਂ ਤੇ ਅਗੋਂ ਆਰੀਆਂ ਨੇ ਇੱਟ ਦਾ ਜਵਾਬ ਪੱਥਰ ਦਿੰਦਿਆਂ 'ਰਸਾਲਾਏ ਜਹਾਦ ਯਾਨੀ ਦੀਨੇ ਮੁਹੰਮਦ ਕੀ ਬੁਨਿਆਦ', 'ਤਕਜ਼ੀਬੇ ਬਰਾਹੀਨ' ਆਦਿ ਲਿਖ ਕੇ ਫਿਰਕੂ ਵਾਤਾਵਰਣ ਅਜਿਹਾ ਖਰਾਬ ਕੀਤਾ ਕਿ 1883-91 ਦੇ ਵਿਚਕਾਰ ਗਾਂ ਰਖਿਆ ਤੇ ਮਸੀਤਾਂ ਅਗੇ ਵਾਜੇ ਵਜਾਉਣ ਦੇ ਕਾਰਨਾਂ ਕਰਕੇ 15 ਫਿਰਕੂ ਫਸਾਦ ਹੋਏ ।1897 ਵਿਚ 'ਤਕਜ਼ੀਬੇ ਬਰਾਹੀਨ' ਦਾ ਲੇਖਕ ਲੇਖਰਾਮ ਵੀ ਕਤਲ ਕਰ ਦਿਤਾ ਗਿਆ[61] ।

## ਸਿੱਖ -ਈਸਾਈ ਵਾਦ-ਵਿਵਾਦੀ ਸਾਹਿਤ

ਈਸਾਈ ਮਿਸ਼ਨਰੀਆਂ ਦਾ ਇਹ ਵਿਚਾਰ ਸੀ ਕਿ ਪੰਜਾਬ ਦੇ ਸਿੱਖ, ਹਿੰਦੂਆਂ ਤੇ ਮੁਸਲਮਾਨਾਂ ਨਾਲੋਂ ਜਲਦੀ ਈਸਾਈ ਧਰਮ ਦੇ ਅਸਰ ਹੇਠ ਆ ਜਾਣਗੇ ।ਇਸ ਲਈ ਉਨ੍ਹਾਂ ਨੇ ਪੰਜਾਬ ਤੇ ਕਬਜ਼ੇ ਤੋਂ ਕਾਫੀ ਚਿਰ ਪਹਿਲਾਂ ਹੀ ਅੰਜੀਲ ਦਾ ਤਰਜਮਾ ਪੰਜਾਬੀ ਵਿਚ ਕੀਤਾ ਤੇ ਲੁਧਿਆਣੇ ਤੋਂ ਹੋਰ ਵੀ ਈਸਾਈ ਪਰਚਾਰ ਦਾ ਸਾਹਿਤ ਪੰਜਾਬੀ ਵਿਚ ਛਾਪਿਆ।ਅੰਜੀਲ ਨੂੰ ਪੰਜਾਬੀ ਵਿਚ ਛਾਪਣਾ ਤੇ ਉਸ ਦਾ ਪਰਚਾਰ ਕਰਨਾ, ਹੋਰ ਕਈਆਂ ਢੰਗਾਂ ਨਾਲ ਇਥੋਂ ਦੇ ਲੋਕਾਂ ਨੂੰ ਈਸਾਈ ਬਣਨ ਲਈ ਪ੍ਰੇਰਨਾ- ਇਨ੍ਹਾਂ ਗੱਲਾਂ ਨੇ ਸਿੱਖਾਂ ਨੂੰ ਦੁਖੀ ਕੀਤਾ ਤੇ ਇਸ ਤੋਂ ਬਚਾਉ ਸਿੰਘ ਸਭਾ ਅੰਮ੍ਰਿਤਸਰ ਦੇ ਬਣਨ ਦੇ ਕਾਰਨਾਂ ਵਿਚੋਂ ਇਕ ਬਣਿਆ ।

ਸਾਰੀ ਦੀ ਸਾਰੀ ਕੌਮ ਨੂੰ ਈਸਾਈ ਬਣਾ ਲੈਣ ਦੀ ਕੋਸ਼ਿਸ਼ ਵਿਚ ਮਿਸ਼ਨਰੀਆਂ ਨੇ ਵੀ ਆਰੀਆਂ ਤੇ ਅਹਿਮਦੀਆਂ ਵਾਂਗ ਗੁਰੂ ਸਾਹਿਬ ਨੂੰ ਆਪਣੇ ਧਰਮ ਦੇ ਅਨੁਸਾਰ ਹੀ ਦਸਿਆ, ਆਰੀਆਂ ਵਾਂਗ ਹੀ ਉਨ੍ਹਾਂ ਦੀ ਜ਼ਾਤ ਤੇ ਹਮਲੇ ਵੀ ਕੀਤੇ, ਤੇ ਗੁਰਬਾਣੀ ਦੀਆਂ ਤੁਕਾਂ ਨੂੰ ਲੈ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਯਸੂਹ ਮਸੀਹ ਦੀ ਸਿਫਤ ਵਿਚ ਹਨ ।

---

61. Spancer Levan; Communalism in the Punjab, Punjab Past and Present Oct.,1971, Vol.V-II.

" ਬਿਚਾਰ ਪ੍ਰਕਾਸ਼ ਅਰਥਾਤ ਸਿੱਖਾਂ ਦੇ ਲਈ ਗੁਟਕਾ' ਜਿਹੜਾ ਕਿ ਪਹਿਲੀ ਵਾਰ 1900 ਈ. ਵਿਚ 'ਪੰਜਾਬ ਰੇਲੀਜਸ ਬੁਕ ਸੁਸਾਇਟੀ, ਅਨਾਰਕਲੀ ਲਾਹੌਰ 'ਵਲੋਂ ਛਾਪਿਆ ਗਿਆ ਦੇ ਲਿਖਨ ਦਾ ਕਾਰਨ ਉਸ ਦੀ ਭੂਮਿਕਾ ਵਿਚ ਇਉਂ ਦਿਤਾ ਹੈ :-

> " ਪ੍ਰਗਟ ਹੋ ਕਿ ਇਸ ਗੁਟਕੇ ਦੇ ਲਿਖਣ ਦਾ ਕਾਰਨ ਇਹ ਹੈ ਕਿ ਸਾਡੇ ਮਨ ਵਿਖੇ ਸੁਤੇ ਹੀ ਇਹ ਫੁਰਿਆ ਕਿ ਹਿੰਦੂਆਂ ਤੇ ਮੁਸਲਮਾਨਾਂ ਦੇ ਲਈ ਤਾਂ ਬਹੁਤ ਕੁਛ ਲਿਖਿਆ ਗਯਾ ਹੈ ਪਰੰਤੂ ਪਿਆਰੇ ਸਿਖਾਂ ਤੇ ਸਿੰਘਾਂ ਦੇ ਲਈ ਹੁਣ ਤੀਕ ਕੁਛ ਨਹੀਂ ਲਿਖਿਆ ਗਿਆ ਹੈ ਇਸ ਵਾਸਤੇ ਇਹ ਬਹੁਤ ਹੀ ਮੁਨਾਸਬ ਔਰ ਜ਼ਰੂਰੀ ਸਮਝਾ ਗਿਆ ਕਿ ਸਿੱਖਾਂ ਤੇ ਸਿੰਘਾਂ ਦੇ ਵਾਸਤੇ ਭੀ ਕੁਝ ਅਵਸ਼੍ਯ ਤੇ ਜ਼ਰੂਰ ਹੀ ਲਿਖਨਾ ਚਾਹੀਦਾ ਹੈ ਬਸ ਪਰਮੇਸ਼ੁਵਰ ਦੀ ਸਹਾਇਤਾ ਨਾਲ ਪਖ ਬਾਦ ਨੂੰ ਤਯਾਗ ਕੇ ਵਡੇ ਪ੍ਰੇਮ ਤੇ ਪ੍ਰੀਤ ਦੇ ਸਾਥ ਇਹ ਗੁਟਕਾ ਲਿਖਿਆ ਗਿਆ ਹੈ ਹੁਣ ਪਿਆਰੇ ਸਿੱਖਾਂ ਤੇ ਸਿੰਘਾਂ ਨੂੰ ਚਾਹੀਦਾ ਹੈ ਕਿ ਪਖਬਾਦ ਤੇ ਬੈਰ ਵਿਰੋਧ ਨੂੰ ਛੱਡ ਕੇ ਇਸ ਗੁਟਕੇ ਨੂੰ ਵਡੇ ਧਿਆਨ ਤੇ ਨਿਆਉਂ ਅਰ ਇਨਸਾਫ਼ ਨਾਲ ਪੜ੍ਹਨ ਔਰ ਭਲੀ ਪ੍ਰਕਾਰ ਸੋਚ ਬਿਚਾਰ ਕਰ ਕੇ ਸਤਯ ਪੰਥ ਨੂੰ ਗਰਹਿਨ ਤੇ ਅੰਗੀਕਾਰ ਕਰਨ ਤਾਂ ਕਿ ਲੋਕ ਸੁਖੀ ਪ੍ਰਲੋਕ ਸੁਹੇਲੇ ਹੋ ਜਾਣ ਕਿਉਂਕਿ ਪ੍ਰਤਖਯ ਮੈਂ ਪ੍ਰਮਾਨ ਨਹੀਂ ਕਿ ਮਾਤਾ ਪਿਤਾ ਤੋਂ ਜਨਮ ਪ੍ਰਾਪਤ ਹੁੰਦਾ ਹੈ ਧਰਮ ਕਰਮ ਪ੍ਰਾਪਤਿ ਨਹੀਂ ਹੁੰਦਾ ਇਸ ਲਈ ਹਰ ਮਨੁਖ ਨੂੰ ਚਾਹੀਦਾ ਹੈ ਕਿ ਆਪ ਹੀ ਖੂਬ ਸੋਚ ਬਿਚਾਰ ਕੇ ਔਰ ਸਤਯ ਤੇ ਅਸਤਯ ਦਾ ਨਿਰਣਾ ਕਰਕੇ ਈਸ਼ੁਵਰੀ ਸਤਯ ਧਰਮ ਕਰਮ ਨੂੰ ਅੰਗੀਕਾਰ ਤੇ ਗਰਹਿਣ ਕਰੇ ਨਹੀਂ ਤਾਂ ਅੰਤਿ ਨੂੰ ਪਛੋਤਾਵੇਗਾ ਫੇਰ ਕੁਛ ਹਥ ਨਾ ਆਵੇਗਾ । ਗ੍ਰੰਥ ਵਾਕਿ
>
> ਆਵਨ ਆਏ ਸਰਿਸ਼ਟ ਮਹਿ ਬਿਨ ਬੂਝੇ ਪਸ ਢੋਰ ।
> ਨਾਨਕ ਗੁਰਮੁਖਿ ਸੋ ਬੁਝੈ ਜਾਂ ਕੈ ਭਾਗ ਮਥੋਰ ॥" 62

ਇਸ ਕਿਤਾਬ ਦੇ 'ਸਤ ਪ੍ਰਸੰਗ ' ਹਨ । ਹਰ ਪ੍ਰਸੰਗ ਵਿਚ ਗੁਰਮਤ ਦੇ ਕਿਸੇ ਇਕ ਅਸੂਲ ਦਾ ਖੰਡਨ ਕੀਤਾ ਹੈ ਤੇ ਯਸੂਹ ਮਸੀਹ ਦੀ ਵਡਿਆਈ ਜ਼ਾਹਰ ਕੀਤੀ ਹੈ । ਪਹਿਲੇ ਪ੍ਰਸੰਗ ਬਾਰੇ ਤਤਕਰੇ ਵਿਚ ਲਿਖਿਆ ਹੈ ਕਿ :-

---

62. ਬਿਚਾਰ ਪ੍ਰਕਾਸ਼, ਪਹਿਲੀ ਵਾਰ, 1900 ਈ. ਭੂਮਕਾ ਸਫੇ 5-6 .

" ਇਸ ਪ੍ਰਸੰਗ ਵਿਖੇ ਗੁਰੂ ਗੋਬਿੰਦ ਸਿੰਘ ਦੇ ਮੁਖ ਵਾਕਿ ਥੋਂ ਗੁਰੂ ਨਾਨਕ ਤੇ ਦੂਜੇ ਅੱਠ ਗੁਰੂਆਂ ਦਾ ਦੇਵੀ ਨੂੰ ਸਿਮਰ ਕੇ ਧਿਆਉਂਣਾ ਤੇ ਉਸ ਤੋਂ ਸਹਾਇਤਾ ਪਾਉਣਾ ਪ੍ਰਗਟ ਕੀਤਾ ਜਾਇਗਾ ਮਗਰੋਂ ਗੁਰੂ ਗੋਬਿੰਦ ਸਿੰਘ ਦਾ ਨਿਜ ਪ੍ਰਕਾਰ ਤੋਂ ਦੇਵੀ ਦੇ ਅੱਗੇ ਹਮਨ ਕਰਵਾਉਣਾ ਅਤੇ ਉਸ ਦੀ ਪੂਜਾ ਤੇ ਉਸਤਤਿ ਕਰਨੀ ਭਲੀ ਪ੍ਰਕਾਰ ਪ੍ਰਗਟ ਕੀਤੀ ਜਾਵੇਗੀ ।"[63]

ਇਸੇ ਪਹਿਲੇ ਪ੍ਰਸੰਗ ਵਿਚ ਲੇਖਕ ਲਿਖਦਾ ਹੈ ਕਿ ਗੁਰੂ ਜੀ ਨੇ ਦੇਵੀ ਪਰਗਟ ਕੀਤੀ ਤੇ ਅਜਿਹਾ ਕਰਨ ਤੇ ਲੱਖ ਰੁਪਿਆ ਖਰਚ ਆਇਆ ।ਦੇਵੀ ਨੇ ਖੰਡਾ ਤੇ ਪੰਥ ਸਾਜਨ ਦਾ ਵਰ ਦਿਤਾ ।ਪਰ ਦੇਵੀ ਨੇ ਧੋਖਾ ਦਿਤਾ ।ਮੁਗਲ ਨਾਸ ਨਾ ਹੋਏ ਸਗੋਂ ਗੁਰੂ ਜੀ ਦੇ ਚਾਰ ਪੁੱਤਰ ਸ਼ਹੀਦ ਹੋ ਗਏ ।" ਜੇ ਕਹੋ ਕਿ ਦੇਵੀ ਕਲਪਿਤ ਇਸ਼ਟ ਹੈ ਤਾਂ ਕਲਪਿਤ ਇਸ਼ਟ ਨੇ ਕੀ ਮਦਦ ਕਰਨੀ ਸੀ ।ਗੁਰੂ ਨੇ ਕਿਉਂ ਇਸ ਵਾਕ ਦੇ ਵਿਰੁਧ ਅਮਲ ਕੀਤਾ ।

ਭੈਰਉ ਮ: 5 ਰਹਾਉ

ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨ ਮੁਖ ਅੰਧ ਅਗਿਆਨ ।

" ਬਸ ਐਸਾ ਗੁਰੂ ਆਪਨੇ ਸਿਖਾਂ ਸਿੰਘਾਂ ਦੇ ਅਗਯਾਨ ਰੂਪੀ ਘੋਰ ਅੰਧਕਾਰ ਨੂੰ ਕਿਉਂਕਰ ਨਵਿਰਤ ਕਰਕੇ ਉਨ੍ਹਾਂ ਨੂੰ ਸਤਯ ਗਿਆਨ ਰੂਪੀ ਪ੍ਰਕਾਸ਼ ਥੋਂ ਪ੍ਰਕਾਸ਼ਮਾਨ ਕਰ ਸਕਦਾ ਹੈ ।ਹੁਣ ਤੁਸੀਂ ਉਸ ਸਤਯ ਤੇ ਤੱਤੁ ਗਯਾਨ ਨੂੰ ਭਲੀ ਪਰਕਾਰ ਥੋ ਸੋਚ ਬਿਚਾਰ ਕੇ ਪ੍ਰੀਤ ਨਾਲ ਪੜੋ ਤੇ ਸੁਣੋ ਜੋ ਗੁਰ ਦੇਵ ਯਿਸੂ ਮਸੀਹ ਸਿਖਾਉਂਦਾ ਤੇ ਫੁਰਮਾਂਉਂਦਾ ਹੈ ਔਰ ਉਹ ਇਹ ਹੈ ॥ ਔਰ ਅੰਕਤਿ ਜੀਵਨ ਇਹ ਹੈ ਕਿ ਉਹ (ਅਰਥਾਤ ਮੇਰੇ ਸਿਖ) ਤੈਨੂੰ ਅਕੇਲਾ ਸਤਯ ਪਰਮੇਸ਼ਵਰ ਅਰ ਤੇਰੇ ਭੇਜੇ ਹੋਏ ਯਿਸੂ ਮਸੀਹ ਨੂੰ ਜਾਨਣ"॥

ਅਗਮ ਗਯਾਨੀ ਯੂਹੰਨਾ ਸਿਖ ਦੀ ਇੰਜੀਲ ਦਾ 17 ਕਾਂਡ 3 ਤੁਕ ॥* 64.

ਆਪਣਾ ਮੱਤ ਸਥਾਪਤ ਕਰਨ ਲਈ ਲੇਖਕ ਨੇ ਚਾਲਾਕੀ ਭਰਪੂਰ ਤਰਕ ਤੋਂ ਕੰਮ ਲਿਆ ਹੈ ।ਪਹਿਲਾਂ ਆਪ ਹੀ ਇਹ ਫੈਸਲਾ ਦੇ ਦਿਤਾ ਹੈ ਕਿ ਗੁਰੂ ਜੀ ਨੇ ਦੇਵੀ ਪੂਜੀ ਤੇ ਪਰਗਟ ਕੀਤੀ

63. ਉਹੀ ਤਤਕਰਾ ਸਫਾ 2.

64. ਉਹੀ ਸਫਾ 30 .

ਸੀ । ਫਿਰ ਉਹ ਤੁਕਾਂ ਦਿਤੀਆਂ ਹਨ ਜਿਹੜੀਆਂ ਦੇਵੀ ਪੂਜਣ ਦਾ ਵਿਰੋਧ ਕਰਦੀਆਂ ਹਨ। ਇਸ ਤਰ੍ਹਾਂ ਉਨ੍ਹਾਂ ਦੀ ਕਰਣੀ ਤੇ ਕਥਣੀ ਦਾ ਫਰਕ ਦਰਸਾ ਕੇ ਉਨ੍ਹਾਂ ਨੂੰ ਝੂਠਾ ਸਾਬਤ ਕੀਤਾ ਹੈ ;

ਤਤਕਰੇ ਵਿਚ ਛੇਵੇਂ ਪ੍ਰਸੰਗ ਬਾਰੇ ਲਿਖਿਆ ਹੈ ਕਿ ਇਸ ਵਿਚ ਗ੍ਰੰਥਾਂ ਚੋਂ ਵਖਾਇਆ ਜਾਇਗਾ ਕਿ ਕੱਚੇ ਗੁਰੂ ਬਹੁਤ ਹਨ ਜਿਨ੍ਹਾਂ ਤੋਂ ਮੁਕਤੀ ਪਰਾਪਤ ਨਹੀਂ ਹੋ ਸਕਦੀ । ਸੱਚਾ ਗੁਰੂ ਸੂਰਜ ਸਮਾਨ ਇਕ ਹੈ ਤੇ ਉਹ ਯਿਸੂ ਮਸੀਹ ਹੈ । ਤੇ ਇਸ ਪ੍ਰਸੰਗ ਬਾਰੇ ਆਖੀ ਗੱਲ ਨੂੰ ਉਹ ਇਸ ਤਰ੍ਹਾਂ ਸਾਬਤ ਕਰਦਾ ਹੈ :-

" ਦਸਮ ਗ੍ਰੰਥ ਚੌਪਈ

ਆਦਿ ਅੰਤਿ ਏਕੈ ਅਵਤਾਰਾ ।
ਸੋਈ ਗੁਰੂ ਸਮਝੀਅਹੁ ਹਮਾਰਾ ॥੧੧॥
ਨਮਸਕਾਰ ਤਿਸ ਹੀ ਕੋ ਹਮਾਰੀ ।
ਸਕਲ ਪ੍ਰਜਾ ਜਿਨ ਆਪ ਸਵਾਰੀ ॥

ਪ੍ਰਗਟ ਹੈ ਕਿ ਇਹ ਆਦਿ ਅੰਤਿ ਅਵਤਾਰ ਭੀ ਨਿਸੰਦੇਹ ਕੇਵਲ ਗੁਰ ਦੇਵ ਯਿਸੂ ਮਸੀਹ ਹੈ । ਜੈਸਾ ਕਿ ਇੰਜੀਲ ਗ੍ਰੰਥ ਵਿਚ ਪ੍ਰਕਾਸ਼ ਨਾਮਿਕ ਗੁਟਕੇ ਦੇ ਪਹਿਲੇ ਕਾਂਡ ਦੀ ਤੁਕ ਮੇਂ ਗੁਰ ਦੇਵ ਯਿਸੂ ਮਸੀਹ ਦੀ ਬਾਬਤ ਲਿਖਿਆ ਹੈ ਪ੍ਰਭ ਐਉਂ ਫੁਰਮਾਉਂਦਾ ਹੈ ਕਿ ਮੈਂ ਅਲਫਾ ਤੇ ਉਮੇਗਾ ਆਦਿ ਔਰ ਅੰਤਿ ਹਾਂ ਜੋ ਹੈ ਔਰ ਥਾਂ ਔਰ ਆਨੇ ਵਾਲਾ ਹੈ ॥

ਜੁਨਾਨੀ (ਯੂਨਾਨੀ) ਅੱਖਰਾਂ ਵਿਖੇ ਆਦਿ ਦੇ ਅੱਖਰ ਦਾ ਨਾਮ ਅਲਫਾ ਹੈ ਔਰ ਅੰਤਿ ਦੇ ਅੱਖਰ ਦਾ ਨਾਮ ਉਮੇਗਾ ਹੈ ਅਰਥ ਇਸ ਦਾ ਇਹ ਹੈ ਕਿ ਗੁਰਦੇਵ ਯਿਸੂ ਮਸੀਹ ਫੁਰਮਾਉਂਦਾ ਤੇ ਸਮਝਾਉਂਦਾ ਹੈ ਕਿ ਜਗਤ ਦੇ ਆਦਿ ਵਿਚ ਭੀ ਮੈਂ ਸੀ ਔਰ ਜਗਤ ਦੇ ਅੰਤਿ ਵਿਖੇ ਵਿਖੇ ਭੀ ਮੈਂ ਹਾਂ ਅਰਥਾਤ ਜਗਤ ਦਾ ਸਿਰਜਨ ਹਾਰਾ ਔਰ ਅੰਤਿ ਕਰਨ ਵਾਲਾ ਮੈਂ ਹੀ ਹਾਂ । ਅਰ ਨਿਸੰਦੇਹ ਧਰਮ ਤ੍ਰਾਈ ਦਾ ਭੇਤ ਵੱਡਾ ਹੈ ਅਰਥਾਤ ਪਰਮੇਸ਼ੁਰ ਦੇਹ ਵਿਚ ਪਰਗਟ ਹੋਇਆ ॥"

ਤਿਮਤਾਊਸ ਭਗਤ ਦੀ ਪਹਿਲੀ ਪਤ੍ਰੀ 3 ਕਾਂਡ 16" [65]

65- ਉਹੀ ਸਫ਼ੇ 81-82.

" ਆਸਾ ਦੀ ਵਾਰ ਮ: 2 ॥

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜ਼ਾਰ ।
ਏਤੇ ਚਾਨਣ ਹੋਂਦਿਆਂ ਗੁਰ ਬਿਨ ਘੋਰ ਅੰਧਾਰ ॥

ਆਦਿਕ । ਹੁਣ ਸੋਚ ਬਿਚਾਰ ਕੇ ਨੇਤ੍ਰ ਖੋਲ ਕੇ ਵੇਖ ਲਓ ਕਿ ਆਤਮਿਕ ਰੂਪੀ ਨੇਤ੍ਰ ਦੇਣ ਵਾਲਾ ਔਰ ਸਤਯ ਗਯਾਨ ਥੋਂ ਅੰਤਹਿ ਕਰਣ ਕੋ ਪ੍ਰਕਾਸ਼ਮਾਨ ਕਰਨ ਵਾਲਾ ਸਤਯ ਗੁਰ ਕੇਵਲ ਗੁਰ ਦੇਵ ਯਿਸੂ ਮਸੀਹ ਹੈ ਜੈਸਾ ਕਿ ਉਹ ਫੁਰਮਾਉਂਦਾ ਹੈ । ਕਿ ਜਗਤ ਦਾ ਪ੍ਰਕਾਸ਼ (ਅਰਥਾਤ ਆਤਮਿਕ ਰੂਪੀ ਪ੍ਰਕਾਸ਼ ) ਮੈਂ ਹਾਂ ਜੋ ਮੇਰੇ ਮਗਰ ਚਲਦਾ ਹੈ ਅਨੇਰੇ ਵਿਚ (ਅਗਯਾਨ ਰੂਪੀ ਅਨੇਰੇ ਵਿਚ) ਨਾ ਚੱਲੇਗਾ ਸਗੋਂ ਜੀਵਨ ਦਾ (ਆਤਮਿਕ ਜੀਵਨ ਦਾ) ਪ੍ਰਕਾਸ਼ ਪਾਵੇਗਾ ॥

ਯੂਹੰਨਾ ਸਿਖ ਦੀ ਇੰਜੀਲ 8 ਕਾਂਡ 12 ਤੁਕ

ਬਸ ਹੁਣ ਗੁਰਦੇਵ ਮਸੀਹ ਦਾ ਸੱਚਾ ਸਿਖ ਸਤਯ ਗਯਾਨ ਰੂਪੀ ਨੇਤ੍ਰ ਪ੍ਰਾਪਤਿ ਕਰਕੇ ਔਰ ਅਤਿ ਅਨੰਦ ਨਾਲ ਪ੍ਰਸੰਨ ਹੋ ਕੇ ਐਉਂ ਆਖਦਾ ਹੈ ।

ਗਿਆਨ ਅੰਜਨ ਗੁਰ ਦੀਆ ਅਗਿਆਨ ਅੰਧੇਰ ਬਿਨਾਸ ॥
ਹਰਿ ਕ੍ਰਿਪਾ ਤੇ ਸੰਤ ਭੇਟਿਆ ਨਾਨਕ ਮਨ ਪ੍ਰਗਾਸ ॥

ਗੁਰੂ ਪਦ ਦੇ ਅਰਥ ਭੀ ਇਹੀ ਹੈਨ । ਗੋ । ਅਰਥ ਅੰਧੇਰਾ ਓਂ ਰੂ । ਅਰਥ ਪ੍ਰਕਾਸ਼ । ਬਸ ਜੋ ਅੰਤਹਿ ਕ੍ਰਣ ਦੇ ਅਗਿਆਨ ਰੂਪੀ ਅੰਧੇਰੇ ਨੂੰ ਗਿਆਨ ਰੂਪੀ ਪ੍ਰਕਾਸ਼ ਤੋਂ ਪ੍ਰਕਾਸ਼ਮਾਨ ਕਰੇ ਉਹ ਹੈ ਗੁਰੂ ॥
ਅਰ ਉਤੇ ਵਾਲੇ ਗ੍ਰੰਥ ਵਾਕਿ ਦਾ ਇਹੀ ਅਰਥ ਪ੍ਰਸਿਧ ਹੈ ॥"[66]

ਲੇਖਕ ਨੇ ਖਾਲਸਾ ਸ਼ਬਦ ਦੇ ਅਰਥ ਵੀ ਆਪਣੇ ਆਸ਼ੇ ਅਨੁਸਾਰ ਤਰੋੜ ਮਰੋੜ ਕੇ ਪੇਸ਼ ਕੀਤੇ ਹਨ ਤੇ ਯਸੂਹ ਮਸੀਹ ਦੇ ਮੰਨਣ ਵਾਲਿਆਂ ਨੂੰ ਹੀ ਖਾਲਸਾ ਨਾਂ ਦਾ ਅਧਿਕਾਰੀ ਦਸਿਆ ਹੈ ਤੇ ਅਖੀਰ ਤੇ ਸਿਖਾਂ ਸਿੰਘਾਂ ਨੂੰ ਯਸੂਹ ਮਸੀਹ ਤੇ ਈਮਾਨ ਲਿਆਉਣ ਦੀ ਅਪੀਲ ਕੀਤੀ ਹੈ ।:-

---

66. ਉਹੀ ਸਫੇ 86-88 .

੭-



" ਖਾਲਿਸਹ ਪਦ ਦਾ ਅਰਥ ਖਾਲਸ ਸਰਕਾਰੀ ਜ਼ਮੀਨ .

ਉਹ ਮੁਖ ਈਸ਼ੁਵਰੀ ਸੰਗਤ ਜਿਸ ਦੇ ਮਨ ਵਿਖੇ ਕਿਸੇ ਦੂਜੇ ਦੇਵੀ ਆਦਿਕ ਇਸ਼ਟ ਆਦਿਕ ਦੀ ਮਨੌਤ ਰੂਪੀ ਜਾਗੀਰ ਨਾ ਹੋ ਕੇਵਲ ਉਹ ਈਸ਼ੁਵਰੀ ਸਰਕਾਰ ਦੀ ਖਾਲਿਸ ਪ੍ਰਜਾ ਹੈ ।

ਗੁਰੂ ਗੋਬਿੰਦ ਸਿੰਘ ਦੇ ਮਨ ਵਿਚ ਦੇਵੀ ਆਦਿਕ ਮਨੌਤ ਰੂਪੀ ਜਾਗੀਰ ਸੀ ਇਸ ਲਈ ਗੁਰੂ ਮ ਸਿ ਦਾ ਪੰਥ ਖਾਲਸਾ ਪੰਥ ਨਹੀਂ ਹੋ ਸਕਦਾ ।

............

ਬਸ ਗੁਰੂ ਗੋਬਿੰਦ ਸਿੰਘ ਦੇ ਪੰਥ ਦਾ ਨਾਮ ਖਾਲਿਸਹ ਪੰਥ ਰਖਣਾ ਤੇ ਆਖਣਾ ਵਡਾ ਹੀ ਅਯੋਗਯ ਔਰ ਅਨਰਥ ਹੈ ।

ਬਸ ਇਸੀ ਵਾਸਤੇ ਇਹ ਗੁਰਦੇਵ ਯਿਸੂ ਮਸੀਹ ਦੀ ਸੰਗਤ ਅਸਲੀ ਖਾਲਿਸਹ ਪਦਵੀ ਰਖਦੀ ਹੈ ਬਸ ਇਸ ਨੂੰ ਖਾਲਿਸਹ ਜੀ ਆਖਣਾ ਬਹੁਤ ਹੀ ਯੋਗਯ ਔਰ ਯਥਾਰਥ ਹੈ॥ ਆਦਿਕ

ਬਸ ਹੁਣ ਇਸ ਦਾਸ ਦੀ ਇਹੀ ਪ੍ਰਾਰਥਨਾ ਔਰ ਬੇਨਤੀ ਹੈ ਕਿ ਪਰਮੇਸ਼ੁਵਰ ਜਗਤ ਉਧਾਰਿਕ ਪਿਆਰੇ ਸਿਖਾਂ ਤੇ ਸਿੰਘਾਂ ਉਤੇ ਅਜੇਹੀ ਕ੍ਰਿਪਾ ਕਰੇ ਕਿ ਉਹ ਨਿਰਪਖ ਔਰ ਸਰਲ ਮਨ ਹੋ ਕੇ ਇਸ ਬਿਚਾਰ ਪ੍ਰਕਾਸ਼ੁ ਗੁਟਕੇ ਨੂੰ ਭਲੀ ਪ੍ਰਕਾਰ ਥੋਂ ਪੜ੍ਹਨ ਔਰ ਆਪਨੇ ਅੰਤ੍ਰ ਬਿਣੇਨ ਦੀ ਜੋਤਿ ਨਾਲ ਸਤਯ ਪੰਥ ਨੂੰ ਪਛਾਣ ਕੇ ਅੰਗੀਕਾਰ ਤੇ ਗਰਹਿਨ ਕਰਨ ਔਰ ਮੰਨਣ ॥ " 67

ਆਪਣੇ ਧਰਮ ਨੂੰ ਈਸਾਈ ਹਮਲੇ ਤੋਂ ਬਚਾਉਣ ਲਈ ਸਿੰਘ ਸਭਾ ਲਹਿਰ ਦੇ ਅਸਰ ਹੇਠ ਜਿਥੇ ਸਿਖ ਕੌਮ ਨੇ ਆਪਣੇ ਵਿਦਿਅਕ ਆਸ਼੍ਰਮ ਖੋਲ੍ਹੇ, ਅਖੌਤੀ ਨੀਵੀਆਂ ਜਾਤਾਂ ਵਾਲਿਆਂ ਨਾਲ ਚੰਗਾ ਸਲੂਕ ਕਰਨਾ ਸ਼ੁਰੂ ਕੀਤਾ, ਉਥੇ ਸਾਹਿਤਕ ਪਿੜ ਵਿਚ ਵੀ ਕੁਝ ਇਕ ਪ੍ਰਕਾਸ਼ਨਾਂ ਕੀਤੀਆਂ ।

---

67. ਉਹੀ ਸਫੇ 140- 143.

ਰੰਗਾ ਸਿੰਘ ਉਪਦੇਸ਼ਕ ਸਿੰਘ ਸਭਾ ਸ਼ਿਮਲਾ ਨੇ 'ਈਸਾਈ ਪ੍ਰਬੋਧ' ਉਰਦੂ ਜ਼ਬਾਨ ਪਰ ਗੁਰਮੁਖੀ ਲਿਪੀ ਵਿਚ ਛਾਪਿਆ ।ਇਸ ਵਿਚ ਇਕ ਸਿਖ ਤੇ ਮਿਸ਼ਨਰੀ ਦੀ ਆਪਸੀ ਗੱਲ ਬਾਤ ਰਾਹੀਂ ਈਸਾਈਆਂ ਦੇ ਗੁਰਬਾਣੀ ਦੇ ਅਰਥਾਂ ਦੇ ਅਨਰਥ ਕਰਨ ਤੋਂ ਚੰਗੀ ਤਰ੍ਹਾਂ ਪਰਦਾ ਲਾਹਿਆ ਹੈ :-

ਇਸਾਈ- ਕਿਆ ਤੁਮਾਰੇ ਯਹਾਂ ਨਹੀਂ ਲਿਖਾ " ਪੁਨ ਰਾਛਸ ਕਾ ਕਾਟਾ ਸੀਸਾ।
ਸ੍ਰੀ ਅਸਕੇਤ ਜਗਤ ਕੇ ਈਸਾ ॥"

ਸਿਖ- ਕੁਰਬਾਨ ਹੈਂ ਤੁਮਾਰੀ ਇਸ ਡਬਲ ਚਾਲਾਕੀ ਪਰ ਭਲਾ ਕਹਾਂ ਯੇ ਪ੍ਰਸੰਗ ਕਹਾਂ ਹਜ਼ਰਤ ਈਸਾ । ਭਲਾ ਪਾਦ੍ਰੀ ਸਾਹਿਬ ਜੋ ਯੇਹ ਨਾਮ ਅਪਨੇ ਈਸਾ ਕਾ ਮਾਨਤੇ ਹੋ ਤੋ ਬਤਾਓ ਤੋ ਸਹੀ ਤੁਮਾਰੇ ਈਸਾ ਨੇ ਕੈਕ ਹਜ਼ਾਰ ਰਾਛਸੋਂ ਕੇ ਸਿਰ ਕਾਟੇ ਹੈਂ ਕਿਉਂ ਕੇ ਇਸ ਛੰਦ ਕੀ ਪੈਹਲੀ ਤੁਕ ਮੈ ਹੀ ਲਿਖਾ ਹੈ ਕੇ ਵੋਹ ਈਸਾ ਜਿਸ ਨੇ ਪੁਨ ਰਾਛਸ ਕਾ ਕਾਟਾ ਸੀਸਾ (ਯਾਨੀ ਤਮਾਮ ਖਭਸ ਯਾ (ਦੁਸ਼ਮਨ ) ਮੁਖਾਲਿਫੋਂ ਕਾ ਸਿਰ ਕਾਟ ਦੀਯਾ ) ਈਸਾ ਨੇ ਤੋ ਕਿਸੀ ਕਾ ਭੀ ਸਿਰ ਨਹੀਂ ਕਾਟਾ ਬਲਕੇ ਅਪਨੀ ਜ਼ਿੰਦਗੀ ਮੈਂ ਹਜ਼ਰਤ ਈਸਾ ਨੇ ਤੋ ਕੋਈ ਚੂਈ ਕਾ ਬਚਾ ਭੀ ਨਹੀਂ ਮਾਰਾ ।ਔਰ ਖੁਦ ਦੁਸ਼ਮਨੋਂ ਕੇ ਹਾਥ ਸੇ ਹਲਾਕ ਹੋਨਾ ਪੜਾ ।ਕਹੋ ਯੇ ਬਾਤ ਠੀਕ ਹੈ ਯਾ ਕੁਛ ਸ਼ੱਕ ਹੈ ?

............

ਸਿਖ ....... ਔਰ ਐਸੇ ਹੀ ਵਕਤ ਕੀ ਤਾਰੀਖ ਜੈਸਾ ਕੇ ਚਮਕੌਰ ਯਾ ਤੁਰਕੋਂ ਸੇ ਗੁਰੂ ਸਾਹਿਬ ਕਾ ਜੰਗ ਵਗੈਰਾ ਵਗੈਰਾ ਇਨ ਮੈ ਏਕ ਏਹ ਭੀ 404 ਚਰਿਤ੍ਰ ਜੋ ਪੁਰਾਨੇ ਉਤਾਰ ਕੀ ਹੂਈ ਕਹਾਨੀਯੋ ਕਾ ਨਜ਼ਮ ਯਾ ਛੰਦਾ ਬੰਦੀ ਕੀ ਗਈ ਹੈ ਪੈਹਲੇ ਪ੍ਰਸੰਗ ਕੇ ਮੁਤਾਬਕ ਹੀ ਤੁਕਬੰਦੀ ਕੀ ਹੈ ਜੈਸਾ ਕੇ ਸੀਸ ਕੀ ਜਗਾ ਸੀਸਾ ਈਸ ਕੀ ਜਗੈ ਈਸਾ ..............." 68

" ਲੇਖਕ ਨੇ ਇਸ ਗੱਲ ਦਾ ਵੀ ਮਖੌਲ ਉਡਾਇਆ ਕਿ ਈਸਾ ਤੇ ਈਮਾਨ ਲਿਆਉਣ ਵਾਲੇ ਵਿਚ ਕਈ ਸ਼ੁਕਤੀਆਂ ਆ ਜਾਂਦੀਆਂ ਹਨ ਤੇ ਅੰਜੀਲ ਦੇ ਹਵਾਲੇ ਦੇ ਦੇ ਕੇ ਸਾਬਤ ਕਰਨ ਦੀ

---

68. ਰੰਗਾ ਸਿੰਘ, ਈਸਾਈ ਪ੍ਰਬੋਧ, ਸਫੇ 2-3.

ਕੋਸ਼ਿਸ਼ ਕੀਤੀ ਕਿ ਈਸਾਈਆਂ ਦੇ ਪੀਰ-ਪੈਗੰਬਰ ਸਭ ਕੁਕਰਮੀ ਸਨ :-

" ਹਮਾਰੀ ਆਦਿਲ ਗਵਰਨਮਿੰਟ ਨੇ ਕਿਰਪਾ ਕਰਕੇ ਸੈਂਕੜੇ ਹਸਪਤਾਲ ਔਰ ਹਜ਼ਾਰੋਂ ਡਾਕਟਰ ਰਖੇ ਹੂਏ ਹੈਂ ਫਿਰ ਕਿਆ ਜ਼ਰੂਰਤ ਹੈ ਜੋ ਸ੍ਰਕਾਰ ਕਾ ਲਾਖੋਂ ਰੁਪੱਯਾ ਖਰਾਬ ਕਰਾ ਰਹੇ ਹੋ ਕਿਉਂ ਨਹੀਂ ਐਸਾ ਕਰਤੇ ? ਹਰੇਕ ਸੈਹਰ ਗਾਉ ਮੇਂ ਏਕ ਏਕ ਈਸਾਈ ਕਾਫੀ ਹੈ ਜੋ ਬੀਅਰ ਆਯਾ ਕਰੈ ਉਸ ਕੋ ਹਾਥ ਫੇਰ ਕਰ ਤੁਰਤ ਹੀ ਈਸਾਈ ਪਾਦਰੀ ਚੰਗਾ ਕਰ ਦੀਆਂ ਕਰੇ ਬਮੂਜਬ ਹੁਕਮ ਖੁਦਾ ਕੇ," 69.

" ਸਿਖ- ਦੂਸਰੇ ਨੂਹ ਨੇ ਅਪਨੇ ਰਿਸਤੇਦਾਰੋਂ ਕੋ ਕਿਸਤੀ ਪਰ ਚੜ੍ਹਨੇ ਦੀਆ ਬਾਕੀ ਸਭ ਕੋ ਮਰਵਾ ਦੀਆ ਔਰ ਸਰਾਬ ਪੀ ਕਰ ਨੰਗਾ ਹੋ ਜਾਤਾ ਰਹਾ ਹੈ ਦੇਖੋ ਪੈਦਾਇਸ਼ ਬਾਬ 9-21 3 ਅਬ੍ਰਹਾਮ ਨਬੀ ਨੇ ਅਪਨੀ ਬੈਹਨ ਸੇ ਸ਼ਾਦੀ ਕੀ ਔਰ ਔਰਤ ਕੋ ਬਰਾਬਰ ਬੈਹਨ ਕੈਹਤਾ ਰਹਾ ।ਬਾਬ 2-2 - 4 ਲੂਤ ਨਬੀ ਨੇ ਸਰਾਬ ਪੀ ਕਰ ਅਪਨੀ ਦੋਨੋਂ ਬੇਟੀਯੋਂ ਸੇ ਜ਼ਨਾ ਕਰਾ ਔਰ ਜਨਾਕੇ ਲੀਯੇ ਬੇਟੀਯੋਂ ਕੋ ਔਰੋਂ ਕੋ ਭੀ ਦੀਆ ਕਰਤਾ ਥਾ ਦੇਖੋ ਬਾਬ 19-5 ਵੇਂ ਅਸਹਾਕ ਨਬੀ ਨੇ ਜੋਰੂ ਕੋ ਬੈਹਨ ਕਹਾ ਪੈਦਾਇਸ ਬਾਬ 31-6 ਯਾਕੂਬ ਨਬੀ ਨੇ ਅਪਨੇ ਬਾਪ ਕੋ ਧੋਕਾ ਦੇ ਕਰ ਪੈਗੰਬਰੀ ਹਾਸਿਲ ਕੀ ਔਰ ਅਪਨੀ ਲੌਂਡੀਯੋਂ ਸੇ ਜ਼ਨਾ ਕਰਾ ਔਰ ਖੁਦਾਕੇ ਸਾਥ ਕੁਸ਼ਤੀ ਲੜਾ ਔਰ ਖੁਦਾ ਕੋ ਹਰਾ ਕਰ ਬਨੀ ਇਸਰਾਈਲ ਕਾ ਖਿਤਾਬ ਹਾਸਿਲ ਕੀਯਾ ।ਵਾਹਜੀ ਵਾਹ ਧੰਨ ਖੁਦਾ ਈਸਾਯੋਂ ਕਾ ਔਰ ਧੰਨ ਪੈਗੰਬਰ ਜੋ ਖੁਦਾ ਸੇ ਕੁਸ਼ਤੀ ਲੜ ਕਰ ਪੈਗੰਬਰੀ ਛੀਨਤੇ ਹੈਂ ਜੇ ਐਸੇ ਹੀ ਨਬੀ ਯਾ ਕੂਬ ਨੇ ਕੀਯਾ ਤੋ ਖੁਦਾ ਨੇ ਜ਼ਰੂਰ ਕਿਸੀ ਅਦਾਲਤ ਮੇ ਦਾਵਾ ਕੀਯਾ ਹੋਗਾ ਕਿਉਂਕੇ ਯਾਕੂਬ ਨੇ ਜਬਰ ਦਸਤੀ ਜੋ ਕੀ ਆਜ ਕਲ ਤੋਂ ਆਦਿਲ ਗਵਰਮਿੰਟ ਐਸਾ ਕਰਨੇ ਵਾਲੇ ਕੋ 7 ਬਰਸ ਕਾ ਜੇਲਖਾਨਾ ਕਰਤੀ ਹੈ ਯਾਕੂਬ ਕੇ ਲੀਯੇ ਨਹੀਂ ਮਲੂਮ ਕਿਯਾ ਹੂਆ ਯੇ ਹੀ 4 ਬਰਸ ਏਕ ਔਰਤ ਕੇ ਇਸ਼ਕ ਮੇਂ ਫਿਰਤਾ ਰਹਾ ਥਾ ਦੇਖੋ ਐਜਨ ਬਾਬ 35 ।

8 ਵੇਂ ਯਹੂਦਾ ਨੇ ਆਪਨੇ ਬੇਟੇ ਕੀ ਜੋਰੂ ਸੇ ਜ਼ਨਾ ਕੀਯਾ ਜਿਸਕਾ ਨਾਮ ਤਮਰ ਥਾ ਦੇਖੋ ਪੈਦਾਇਸ਼ ਬਾਬ 38।

---

69. ਉਹੀ ਸਫਾ 11.

52-



10ਵੇਂ ਮੂਸਾ ਵਹਾਰੂੰ ਨੇ ਏਕ ਬੇਗੁਨਾਹ ਮਿਸਰੀ ਔਰਤ ਕੋ ਮਾਰ ਡਾਲਾ ਔਰ ਯੇਹ ਬੜੇ ਬੜੇ ਖ਼ੂਨ ਕਰਤਾ ਰਹਾ ਹੈ ਮੁਸਾਇਲ ਬਾਬ ੧੧.

੧੧ਵੇਂ ਅਬਤੂ ਸਾਹਿਬ ਨੇ ਅਪਨੀ ਬੈਹਨ ਸੇ ਜ਼ਨਾ ਕੀਯਾ ।

12ਵੇਂ ਸੁਲੇਮਾਨ ਨੇ ਖ਼ੁਦਾ ਕੀ ਹੁਕਮ ਅਦੂਲੀ ਕੀ ।

13ਵੇਂ ਹਜ਼ਰਤ ਈਸਾ ਇਨਕੀ ਮਾਂ ਮਰੀਯਮ ਕੀ ਯੂਸਫ ਕੇ ਸਾਥ ਮੰਗਨੀ ਹੋ ਗਈ ਥੀ ਮਗਰ ਬਿਯਾਹ ਹੋਨੇ ਭੀ ਨਹੀਂ ਪਾਯਾ ਪੈਹਲੇ ਹੀ ਹਾਮਲਾ ਹੋ ਗਈ ।ਇਨੋਂ ਨੇ ਝੂਠ ਭੀ ਬੋਲਾ ਕਹਾ ਤਕ ਬਤਾਏਂ ਜਬ ਔਰ ਸੇ ਦੇਖਤੇ ਹੈਂ ਤੁਮਾਰੇ ਬਜ਼ੁਰਗੋਂ ਕੇ ਸਾਰੇ ਕਰਤਬ ਮਲੂਮ ਹੋ ਜਾਤੇ ਹੈਂ ਅਬ ਆਪ ਉਨ ਦੋਨੋਂ ਬਾਤੋਂ ਕੋ ਦੇਖਲੋ ਜੋ ਪੀਛੇ ਕਹੀਂ ਥੀਂ ਧਰਮ ਪੁਸਤਕ ਔਰ ਬਜ਼ੁਰਗਾਂ ਕੇ ਚਾਲ ਚਲਨ ।

ਇਸਾਈ- ਜੋ ਆਪਨੇ ਕਹਾ ਬੇਸ਼ੁਕ ਠੀਕ ਹੈ ਹਮਾਰੀ ਬਾਇਬਲ ਮੇਂ ਐਸਾ ਹੀ ਲਿਖਾ ਹੈ ਪਰ ਨਬੀਯੋਂ ਨੇ ਜੋ ਕੁਛ ਕੀਆ ਖ਼ੁਦਾ ਕੇ ਹੁਕਮ ਸੇ ਕੀਯਾ ਆਪਨੇ ਆਪ ਨਹੀਂ ।

ਸਿਖ- ਤੋ ਤੁਮਾਰਾ ਖ਼ੁਦਾ ਜ਼ਨਾਕਾਰੀ ਕਰਾਤਾ ਹੈ ਠੀਕ ਜਬੀ ਤੁਮ ਲੋਗ ਇਸ ਕੁਕਰਮ ਕਰਨੇ ਸੇ ਬਾਜ਼ ਨਹੀਂ ਆਤੇ ਮਾਲੂਮ ਹੋਤਾ ਹੈ ਤੁਮਾਰਾ ਖ਼ੁਦਾ ਤੁਮਸੇ ਦਿਲਮੇਂ ਬੜਾ ਭਾਰੀ ਰੰਜ ਰਖਤਾ ਹੈ ਕਿਉਂਕੇ ਪੈਹਲੇ ਹੀ ਉਸਨੇ ਆਦਮ ਕੋ ਮਨਾ ਕੀਯਾ ਥਾ ਨੇਕੀ ਔਰ ਬਦੀ ਕੇ ਫਲ ਨ ਖਾਈਯੋ ਜਿਸ ਸੇ ਅਛੇ ਬੁਰੇ ਕੀ ਪੈਹਚਾਨ ਨ ਹੋ ਔਰ ਵੈਸੇ ਹੀ ਨੰਗੇ ਜਾਨਵਰੋਂ ਕੀ ਤਰਾਂ ਫਿਰਤੇ ਰਹੇ ਜਬ ਸ਼ਾਂਪ ਕੇ ਕੈਹਨੇ ਸੇ ਵੋਹ ਫਲ ਆਦਮ ਔਰ ਹਵਾ ਨੇ ਖਾਯਾ ਤੋ ਅਛੇ ਬੁਰੇ ਕੀ ਪੈਚਾਨ ਹੁਈ ਔਰ ਕਪੜੇ ਵਗੈਰਾ ਪੈਹਰਨ ਕਾ ਕਸਦ ਕੀਆ ਜਬ ਖ਼ੁਦਾ ਨੇ ਯੇਹ ਹਾਲ ਦੇਖਾ ਕੇ ਯੇਹ ਤੋਂ ਅਬ ਆਦਮੀ ਬਿਨਨੇ ਲਗੇ ਔਰ ਤਰਾਂ ਤਰਾਂ ਕੀ ਅਕਲ ਨਿਕਾਲੇਂਗੇ ਬਸ ਫੌਰਨ ਬਾਗ ਅਦਨ ਸੇ ਬਾਹਰ ਫੈਂਕ ਮਾਰਾ ।............ [70] "

---

70. ਉਹੀ ,ਸਫੇ 21,22.

ਖਾਲਸਾ ਟ੍ਰੈਕਟ ਸੁਸਾਇਟੀ,ਅੰਮ੍ਰਿਤਸਰ ਵਲੋਂ 'ਇਕ ਕੰਨਿਆਂ ਦੇ ਦੁਖੜੇ ','ਹਾਇ - ਹਾਇ ਬੱਚੀ ਤੂੰ ਕਿਥੋਂ,' ' ਜੋ ਪੱਟੀ ਸੁਆਦੋਂ ਪੱਟੀ', 'ਧੋਖੇ ਤੋਂ ਬੱਚੋ,' ਅਨਰਥ', 'ਸੱਚਾ ਗੁਰੂ' ਆਦਿ ਟ੍ਰੈਕਟਾਂ ਰਾਹੀਂ ਈਸਾਈ ਧਰਮ ਵਲੋਂ ਕੀਤੇ ਗਏ ਹਮਲਿਆਂ ਦਾ ਜਵਾਬ ਦਿਤਾ ਗਿਆ ਅਤੇ ਈਸਾਈ ਧਰਮ ਤੋਂ ਪਰਦਾ ਲਾਹ ਕੇ ਉਹਦੇ ਵਿਰੁਧ ਨਫਰਤ ਪੈਦਾ ਕੀਤੀ ਗਈ ।

' ਇਕ ਕੰਨਿਆਂ ਦੇ ਦੁਖੜੇ' ਵਿਚ ਮਿਸ਼ਨ ਸਕੂਲਾਂ ਵਿਚ ਈਸਾਈ ਧਰਮ ਦੀ ਸਿਖਿਆ ਰਾਹੀਂ ਵਿਦਿਆਰਥੀਆਂ ਨੂੰ ਈਸਾਈ ਬਣਾਉਣ ਦਾ ਜ਼ਿਕਰ ਹੈ ਤੇ ਈਸਾਈਆਂ ਦੇ ਬਹੁਤ ਸਾਰੇ ਧਾਰਮਿਕ ਵਿਸ਼ਵਾਸ਼ਾਂ ਦਾ ਖੰਡਨ ਕੀਤਾ ਹੈ।' ਹਾਇ ਹਾਇ ਬੱਚੀ ਤੂੰ ਕਿਥੋਂ ' ਵਿਚ ਗੋਰੀਆਂ ਮੇਮਾਂ ਦੇ ਵਹੇ ਚੜ੍ਹੀ ਕਲਪਿਤ ਮਿਸਰ ਦੀ ਵਿਧਵਾ ਧੀ ਤਾਰਾਮਤੀ ਦੀ ਦੁਖ ਭਰੀ ਕਹਾਣੀ ਹੈ ਜਿਹੜੀ ਈਸਾਈ ਧਰਮ ਕਬੂਲ ਕਰਨ ਪਿਛੋਂ ਭੈੜਪੁਰ ਇਕ ਸਾਹਿਬ ਦੀ ਬਾਲ-ਖਿਡਾਵੀ ਲਾ ਦਿਤੀ ਜਾਂਦੀ ਹੈ।ਫਿਰ ਉਹਦਾ ਵਿਆਹ ਇਕ ਈਸਾਈ ਬਣੇ ਕਾਲੇ ਚੂਹੜੇ ਨਾਲ ਕਰ ਦਿਤਾ ਜਾਂਦਾ ਹੈ ਜਿਸਨੂੰ ਉਹ ਨਫਰਤ ਕਰਦੀ ਹੈ ਪਰ ਉਹ ਵੀ ਉਹਨੂੰ ਛੱਡ ਜਾਂਦਾ ਹੈ।ਫਿਰ ਪਾਦਰੀ ਦੀ ਖਿਡਾਵੀ ਬਣ ਕੇ ਪਹਾੜ ਤੇ ਜਾਂਦੀ ਹੈ ਜਿਥੇ ਉਹ ਬੀਮਾਰ ਹੋ ਜਾਂਦੀ ਹੈ।ਹਸਪਤਾਲ ਵਿਚ ਉਹਦੇ ਵਲ ਨੌਕਰ ਉਨ੍ਹਾਂ ਚਿਰ ਹੀ ਧਿਆਨ ਦਿੰਦੇ ਰਹੇ ਜਿੰਨਾ ਚਿਰ ਉਹਦੇ ਕੋਲ ਪੈਸੇ ਸਨ,ਬਾਦ ਵਿਚ ਉਹਦੀ ਕੁੱਤੇ ਦੀ ਬਾਬ ਕਰਦੇ ਰਹੇ ।ਕੁਝ ਰਾਜ਼ੀ ਹੋਣ ਬਾਦ ਮਾਂ ਕੋਲ ਆਉਂਦੀ ਹੈ ਜਿਹੜੀ ਉਹਨੂੰ ਕਬੂਲਦੀ ਨਹੀਂ । ਅਖੀਰ ਅੰਮ੍ਰਿਤ ਛੱਕ ਕੇ ਸਿੱਖ ਧਰਮ ਧਾਰਨ ਕਰ ਲੈਂਦੀ ਹੈ ਤੇ ਜਦੋਂ ਇਲਾਜ ਦੇ ਬਾਵਜੂਦ ਵੀ ਠੀਕ ਨਹੀਂ ਹੁੰਦੀ ਤਾਂ ਮਰਨ ਸਮੇਂ ਆਪਣੀ ਮਾਂ ਨੂੰ ਬੁਲਾ ਕੇ ਕਹਿੰਦੀ ਹੈ,""" .................. ਛੋਟੀ ਅਵਸਥਾ ਵਿਚ ਕਰਾਨੀਆਂ ਦੇ ਧਰਮ ਦੀਆਂ ਗੱਲਾਂ ਸੁਣ ਕੇ ਮੈਂ ਗੁਰੂਆਂ ਦੀ ਅਵਗਿਆ ਕੀਤੀ । ਮੈਨੂੰ ਆਪਣੇ ਧਰਮ ਦੀ ਕੋਈ ਖਬਰ ਨਹੀਂ ਸੀ ।ਉਨ੍ਹਾਂ ਦੀਆਂ ਗੱਲਾਂ ਤੇ ਪਰੇਰਨਾ ਵਿਚ ਆ ਕੇ ਜੋ ਮੇਰਾ ਹਾਲ ਹੋਇਆ ਤੈਨੂੰ ਪਿਆ ਦਿਸਦਾ ਹੈ ।ਹੁਣ ਮੈਂ ਬੜੀ ਆਨੰਦ ਨਾਲ ਮਰਦੀ ਹਾਂ ।ਜੋ ਅੰਤ ਸਮੇਂ ਮੇਰਾ ਧਿਆਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾ ਵਿਖੇ ਹੈ,ਪਰ ਤੂੰ ਇਤਨੀ ਗਲ ਕਰੀਂ । ਜੋ ਮੇਰਾ ਹਾਲ ਸਾਰੀਆਂ ਮਾਈਆਂ ਬੀਬੀਆਂ ਦਾਨੀਆਂ ਪਰਧਾਨੀਆਂ ਤੇ ਕੁੜੀਆਂ ਚਿੜੀਆਂ ਨੂੰ ਭੌਂ ਕੇ ਦਸੀਂ ਤੇ ਆਖੀਂ ਜੋ ਕਰਾਨੀਆਂ ਦੇ ਪੁਸਤਕਾਂ ਦੀ ਥਾਂ ਉਹ ਗੁਰੂ ਨਾਨਕ ਜੀ ਦੀ ਪਵਿਤ੍ਰ ਬਾਣੀ ਪੜ੍ਹਿਆ ਕਰਨ।ਗੁਰੂ ਗਰੰਥ ਸਾਹਿਬ ਜੀ ਦੇ ਪਾਠ ਕਰਿਆ ਕਰਨ ਤੇ ਮਿੱਠੇ ਮਿੱਠੇ ਗੀਤਾਂ ਤੇ ਮੁਖਤ ਦੀਆਂ ਪੋਥੀਆਂ ਤੇ ਛੋਟੇ ਛੋਟੇ ਪਟੋਲੇ ਸੋਹਣੀਆਂ ਸੋਹਣੀਆਂ ਚਿਟੇ ਸੋਹਣੇ ਕਪੜੇ ਤੇ ਸਾਫ ਸੁੰਦਰ ਕਮਰੇ ਦੇਖ ਕੇ ਨਾਂ ਭੁਲਣ ।ਮੈਂ ਭੁਲ ਡਿਠਾ ਤੇ ਦੁਖ ਪਾ ਡਿਠਾ ਹੈ ..........." 71.

---

71. ਖਾਲਸਾ ਟ੍ਰੈਕਟਰ ਸੁਸਾਇਟੀ,ਅੰਮ੍ਰਿਤਸਰ, 'ਹਾਇ ਹਾਇ ਬੱਚੀ ਤੂੰ ਕਿਥੋਂ 'ਟ੍ਰੈਕਟ ਨੰ. 17.

ਈਸਾਈਆਂ ਦੀ ਧਰਮ ਪੁਸਤਕ ਦੀ ਨਿੰਦਾ ਕਰਵਾਉਂਦਿਆਂ ਲੇਖਕ ਤਾਰਾਂਮਤੀ ਦੇ ਮੂੰਹੋਂ ਅਖਵਾਉਂਦਾ ਹੈ,

" ਮੇਰਾ ਜੀ ਓਨਾਂ ਤੋਂ ਸੜ ਗਿਆ ਹੈ । ਓਨਾ ਦੀ ਧਰਮ ਪੁਸਤਕ ਭੀ ਇਕ ਕਹਾਣੀਆਂ ਦੀ ਪੋਥੀ ਹੈ ਜਿਸ ਤੋਂ ਸ਼ਾਂਤ ਨਹੀਂ ਹੁੰਦੀ । ਪੁਰਾਣੇ ਹਿਸੇ ਵਿਚ ਤਾਂ ਕਈ ਗੰਦੀਆਂ ਕਹਾਣੀਆਂ ਬੀ ਹਨ। ਤੇ ਪਰਤੱਖ ਹੈ ਕਿ ਜਦ ਇਨ੍ਹਾਂ ਦਾ ਏਸ ਜੁਗ ਵਿਚ ਇਹ ਧਰਮ ਗ੍ਰਹਿਣ ਕੀਤਿਆਂ ਇਹ ਮੰਦਾ ਹਾਲ ਹੁੰਦਾ ਹੈ ਤਾਂ ਅਗਲੇ ਲੋਕ ਵਿਚ ਖਵਰੇ ਕੀ ਹੋਊ।"[72]

' ਜੋ ਪੱਟੀ ਸੁਆਦੋਂ ਪੱਟੀ' ਵਿਚ ਇਸ ਗੱਲ ਦਾ ਜ਼ਿਕਰ ਹੈ ਕਿ 'ਸਾਰਾ ਘਾਟਾ ਤਦੇ ਪੈ ਰਿਹਾ ਹੈ ਜੋ ਅਸੀਂ ਆਪਣੇ ਧਰਮ ਨੂੰ ਨਹੀਂ ਧਾਰਨ ਕਰਦੇ[73] ।" ਈਸਾਈ ਧਰਮ ਦੇ ਵਾਧੇ ਦੇ ਜਿਮੇਵਾਰ ਸ਼ਹਿਰੀਆਂ ਨੂੰ ਠਹਿਰਾਂਦਿਆਂ ਲਿਖਿਆ ਹੈ :-

" ਸ਼ਹਿਰਾਂ ਦੇ ਆਦਮੀਆਂ ਨੂੰ ਤਾਂ ਜ਼ਰਾ ਸ਼ਰਮ ਨਹੀਂ ਆਉਂਦੀ ਕਿ ਸਾਡੀਆਂ ਵਿਧਵਾ ਤ੍ਰੀਮਤਾਂ ਚਰਖਾ ਕੱਤਨ ਦੇ ਬਹਾਨੇ ਲਾਲਚ ਵਿੱਚ ਆਕੇ ਜੋ ਕਰਾਨੀ ਧਰਮ ਸਿੱਖ ਰਹੀਆਂ ਹਨ, ਅਸੀਂ ਉਨ੍ਹਾਂ ਦਾ ਕਿਉਂ ਨਹੀਂ ਕੁਝ ਉਪਾਹ ਗੁਜ਼ਾਰੇ ਦਾ ਕਰਦੇ, ਫੇਰ ਸਾਡੀਆਂ ਤ੍ਰੀਮਤਾਂ ਜੋ ਦਵਾਈ ਲੈਣ ਦੇ ਬਹਾਨੇ ਕਰਾਨੀਆਂ ਦੇ ਹਸਪਤਾਲ ਵਿੱਚ ਜਾਕੇ ਉਨ੍ਹਾਂ ਦਾ ਧਰਮ ਸਿੱਖਦੀਆਂ ਹਨ, ਅਸੀਂ ਕਿਉਂ ਆਪਣੇ ਹਸਪਤਾਲ ਨਹੀਂ ਖੋਲ੍ਹਦੇ ,ਇਸੇ ਤਰ੍ਹਾਂ ਸਾਡੀਆਂ ਕੁੜੀਆਂ ਜੋ ਪੈਸੇ, ਕੱਪੜੇ ਆਦ ਚੀਜ਼ਾਂ ਦੇ ਲਾਲਚ ਕਰਾਨੀਆਂ ਦੇ ਮਦਰੱਸਿਆਂ ਵਿਚ ਜਾਕੇ ਈਸਾ ਦੇ ਭਜਨ ਗਾਉਂਦੀਆਂ ਹਨ, ਅਸੀਂ ਕਿਉਂ ਆਪਣੇ ਮਦਰੱਸਿਆਂ ਵਿੱਚ ਇਨ੍ਹਾਂ ਨੂੰ ਨਹੀਂ ਭੇਜਦੇ, ਜੇ ਉਨ੍ਹਾਂ ਨੂੰ ਕੁਝ ਸ਼ਰਮ ਹੁੰਦੀ ਤਾਂ ਕੁਝ ਸੋਚਕੇ ਬੰਦੋਬਸਤ ਚਾ ਕਰਦੇ ? ਪਰ ਸ਼ਹਿਰੀਏ ਤਾਂ ਆਪਣੀ ਸੁਖ ਦੀ ਨੀਂਦ ਸੁਤੇ ਪਏ ਹਨ, ਇਸੇ ਤਰ੍ਹਾਂ ਇਨ੍ਹਾਂ ਆਗੂਆਂ ਦੇ ਸੌਣ ਕਰਕੇ ਕੌਮ ਨਾਸ ਹੁੰਦੀ ਜਾਂਦੀ ਹੈ। ਖਾਲਸਾ ਭਾਵੇਂ ਦੁਨੀਯਾ ਦੇ ਕੰਮਾਂ ਵਿੱਚ ਬਹਾਦਰ ਹੈ ਪਰ ਧਰਮ ਵਿੱਚ ਤਾਂ ਬਿੱਲੀ ਭੀ ਨਹੀਂ ਰਿਹਾ, ਖਾਲਸੇ ਨੂੰ ਸ਼ਰਮ ਬੀ ਨਹੀਂ ਆਉਂਦੀ ਕਿ ਜਦ ਧਰਮ ਹੀ ਨਹੀਂ ਰਿਹਾ ਤਾਂ ਦੁਨੀਯਾਂ ਵਿਚ ਕਿਹੜੇ ਕੰਮ ? "[74]

---

72. ਉਹੀ , ਸਫਾ 4.

73. ਖਾਲਸਾ ਟ੍ਰੈਕਟਰ ਸੁਸਾਇਟੀ ਅੰਮ੍ਰਿਤਸਰ, ' ਜੋ ਪੱਟੀ ਸੁਆਦੋਂ ਪੱਟੀ, ' ਟ੍ਰੈਕਟ ਨੰਬਰ 47, ਸਫਾ 38.

74. ਉਹੀ, ਸਫਾ 41-43.

5-



ਇਸੇ ਤਰ੍ਹਾਂ 'ਧੋਖੇ ਤੋਂ ਬਚੋ ' 'ਅਨਰਥ' ਤੇ 'ਸੱਚਾ ਗੁਰੂ ' ਟ੍ਰੈਕਟਾਂ ਰਾਹੀਂ ਈਸਾਈਆਂ ਦੇ ਝੂਠੇ ਪਰਚਾਰ ,ਗੁਰਬਾਣੀ ਦੇ ਅਰਥਾਂ ਦੇ ਅਨਰਥ ਕਰਨ ਦਾ ਪਖੰਡ ਜ਼ਾਹਰ ਕੀਤਾ ਹੈ ਤੇ ਇਸ ਗੱਲ ਤੇ ਜ਼ੋਰ ਦਿਤਾ ਹੈ ਕਿ ਸੱਚਾ ਗੁਰੂ ਈਸਾ ਨਹੀਂ, ਸਗੋਂ ਗੁਰੂ ਨਾਨਕ ਹੈ :-

> " ......... ਗੁਰੂ ਨਾਨਕ ਦੇਵ ਸਚਾ ਗੁਰੂ ਹੈ ।ਗੁਰੂ ਨਾਨਕ ਦੇਵ ਵਰਗਾ ਸੱਜਣ ਅਰ ਮਹਾਤਮਾ, ਸੱਚਾ ਨਿਸ਼ਕਪਟ, ਸਹਾਯਕ ਅਰ ਰਖਯਕ ਹੋਰ ਕੋਈ ਨਹੀਂ ।ਈਸਾ ਵਰਗੇ ਅਨੇਕਾਂ ਚੇਲੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਸਿਖਯਾ ਪ੍ਰਾਪਤ ਕਰਦੇ ਰਹੇ ਹਨ[75]।.."

ਸਿੰਘ ਸਭਾ ਲਹਿਰ ਦਾ ਅਸਰ ਇਸ ਈਸਾਈ ਧਰਮ ਵਿਰੁਧ ਪੈਦਾ ਹੋਏ ਸਾਹਿਤ ਚੋਂ ਸਾਫ ਨਜ਼ਰ ਆਉਂਦਾ ਹੈ।ਸਿੰਘ ਸਭਾ ਦੇ ਉਦੇਸ਼ਾਂ ਚੋਂ ਇਕ ਸਰਕਾਰ ਅੰਗਰੇਜ਼ੀ ਦੀ ਖੈਰਖਾਹੀ ਸੀ ਤੇ ਇਹ ਖੈਰਖਾਹੀ ਈਸਾਈ ਮਿਸ਼ਨਰੀਆਂ ਨਾਲ ਧਾਰਮਿਕ ਲੜਾਈ ਲੜਦਿਆਂ ਵੀ ਸਾਫ ਨਜ਼ਰ ਆ ਰਹੀ ਹੈ।ਈਸਾਈ ਧਰਮ ਦਾ ਵਿਰੋਧ ਕਰਦਿਆਂ ਵੀ ਬਰਤਾਨਵੀ ਸਰਕਾਰ ਦੀਆਂ ਸਿਫ਼ਤਾਂ ਕਰਨਾ, ਇਹ ਸਿੰਘ ਸਭਾ ਲਹਿਰ ਦੀ ਹੀ ਦੇਣ ਹੈ :-

> " ........ ਤੂੰ ਇਹ ਨਾ ਸਮਝੀਂ ਕਿ ਤਲਬ ਦੇ ਵਾਸਤੇ ਤੂੰ ਲੜਿਆਂ ਹੈਂ, ਨਹੀਂ ਨਹੀਂ ਇਹ ਕੰਮ ਅਸੀਂ ਜੋ ਸਿੱਖ ਕਰ ਰਹੇ ਹਾਂ ਸੋ ਕੇਵਲ ਨਿਆਇ ਦੇ ਫੈਲਾਉਣ ਵਾਸਤੇ ਤੇ ਜ਼ੁਲਮ ਦੇ ਰੋਕਣ ਵਾਸਤੇ । ਭਾਵੇਂ ਸਰਕਾਰ ਨੇ ਸਾਡਾ ਆਪਣਾ ਰਾਜ ਬੀ ਲੈ ਲਿਆ ਪਰ ਤਾਂ ਬੀ ਅਸੀਂ ਸਨ ਸਤਾਵਨ ਤੇ ਲੈਕੇ ਅੱਜ ਤਕ ਹਰ ਇੱਕ ਮਾਰਕੇ, ਘਮਸਾਨ ਵਿੱਚ ਸਰਕਾਰ ਦੀ ਸੇਵਾ ਕਰਦੇ ਹਾਂ, ਕਦੀ ਅਫਸੋਸ ਨਹੀਂ ਕਰਦੇ ਕਿ ਸਾਡਾ ਰਾਜ ਕਿਉਂ ਦੂਰ ਹੋ ਗਿਆ, ਕਾਰਨ ਕੀ ਹੈ ? ਕਾਰਨ ਇਹ ਹੈ ਕਿ ਅਸਾਂ ਰਾਜ ਦੇ ਕੰਮ ਕਾਜ ਪਹਾੜੀਆਂ ਪਰ ਸੁੱਟੇ ਸਨ ਜਿਨ੍ਹਾਂ ਨੇ ਸਾਨੂੰ ਆਪਸ ਵਿੱਚ ਲੜਾ ਮਰਾਇਆ , ਜਿਸਤੇ ਸਾਬਤ ਹੋ ਗਿਆ ਕਿ ਅਸੀਂ ਅਵਿੱਦਯਾ ਦੇ ਕਾਰਨ ਰਾਜ ਕਰਨ ਦੇ ਲਾਇਕ ਨਹੀਂ ਸਾਂ, ਤੇ ਅਨੀਤੀਆਂ ਕਰਨ ਲਗ ਪਏ ਸਾਂ ।ਜਿਨ੍ਹਾਂ ਦੇ ਕਾਰਣ ਅਪਨੇ ਧਰਮ ਦੇ ਵਿਰੁਧ ਹੋ ਗਏ ਸਾਂ ।

---

75. ਖਾਲਸਾ ਟ੍ਰੈਕਟਰ ਸੁਸਾਇਟੀ, ਅੰਮ੍ਰਿਤਸਰ, 'ਸੱਚਾ ਗੁਰੂ', ਟ੍ਰੈਕਟ ਨੰਬਰ 96 .

" .......... ਤੇ ਇਹ ਜੋ ਤੂੰ ਆਖਦਾ ਹੈਂ ਕਿ ਸਾਡੀ ਸਰਕਾਰ ਹਨ ਸੋ ਬੀ ਠੀਕ ਨਹੀਂ ,ਓਹ ਸਾਡੀ ਸਰਕਾਰ ਨਹੀਂ ਹਨ,ਕੋਈ ਓਹ ਮਹਾਰਾਣੀ ਵਿਕਟੋਰੀਆ ਸਾਡੇ ਸਪਾਹੀਆਂ ਦੀ ਮਾਤਾ ਵਲੋਂ ਸਾਨੂੰ ਕਰਾਨੀ ਕਰਨ ਵਾਸਤੇ ਨੌਕਰ ਹੋਕੇ ਨਹੀਂ ਆਉਂਦੀਆਂ। ਸਗੋਂ ਮਹਾਰਾਨੀ ਨੇ ਸਖਤ ਹੁਕਮ ਦੇ ਛਡਿਆ ਹੈ ਕਿ ਕੋਈ ਹਾਕਮ ਕਿਸੇ ਦੇ ਧਰਮ ਵਿੱਚ ਹੱਥ ਨਾ ਪਾਵੇ ।ਫੇਰ ਓਹ ਸਾਡੀ ਸਰਕਾਰ ਕਿਸ ਤਰ੍ਹਾਂ ਹਨ ,..........

ਉਸ ਨੂੰ ਕਦੀ ਬੀ ਮਲਕਾ ਨੇ ਨਹੀਂ ਸੀ ਆਖਿਆ ਕਿ ਤੂੰ ਕਰਾਨੀ ਹੋ ਜਾ,ਫੇਰ ਅਨੇਕ ਹੋਰ ਹਿੰਦੁਸਤਾਨੀ ਮਲਕਾ ਮਹਾਰਾਨੀ ਪਾਸ ਜਾਂਦੇ ਹਨ ਕਿਸੇ ਨੂੰ ਬੀ ਇਹ ਹੁਕਮ ਨਹੀਂ ਹੁੰਦਾ ਕਿ ਤੁਸੀਂ ਕਿਰਾਨੀ ਹੋ ਜਾਉ । ਇਹ ਗੋਰੀਆਂ ਮਿੱਸਾਂ ਤੇ ਮੇਮਾਂ ਜੋ ਸਾਨੂੰ ਕਰਾਨੀ ਕਰਦੀਆਂ ਫਿਰਦੀਆਂ ਹਨ ਇਹ ਤਾਂ ਵਿਲਾਇਤ ਵਿੱਚ ਧਰਮ ਅਰਥ ਚੰਦੇ ਕੱਠੇ ਹੁੰਦੇ ਹਨ " 76.

---

76. ਖਾਲਸਾ ਟ੍ਰੈਕਟ ਸੁਸਾਇਟੀ,ਅੰਮ੍ਰਿਤਸਰ,' ਜੋ ਪੱਟੀ ਸੁਆਦੋਂ ਪੱਟੀ',ਟ੍ਰੈਕਟਰ ਨੰਬਰ 47, ਸਫ਼ੇ 25,39,40 .

## ਬ੍ਰਹਮੋ ਸਮਾਜ/ਦੇਵ ਸਮਾਜ- ਸਿੱਖ ਵਾਦ-ਵਿਵਾਦੀ ਸਾਹਿਤ

" ਬ੍ਰਹਮ ਸਮਾਜ ਇਕ ਧਾਰਮਕ ਅਤੇ ਸਮਾਜ-ਸੁਧਾਰਕ ਲਹਿਰ ਸੀ ਜੋ ਬੰਗਾਲ ਤੋਂ ਉਨ੍ਹੀਂਵੀ ਸਦੀ ਦੇ ਚੋਥੇ ਦਹਾਕੇ ਵਿਚ ਉਠੀ । ਇਸ ਦੇ ਮੋਢੀ ਸਨ ਰਾਜਾ ਮੋਹਨ ਰਾਏ । ਇਸ ਦਾ ਆਰੰਭ ਮੂਰਤੀ-ਪੂਜਾ ਦੇ ਵਿਰੋਧ ਤੋਂ ਹੋਇਆ ਅਤੇ ਇਹ ਇਕ ਸਰਬ ਸਾਂਝੇ ਧਰਮ ਦੇ ਰੂਪ ਵਿਚ ਹਿੰਦੁਸਤਾਨ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਪਸਰ ਗਈ ।"[77] ਬਾਬੂ ਕੇਸ਼ਬ ਚੰਦਰ ਚੰਦਰ ਸੈਨ ਨੇ ਬ੍ਰਹਮੋ ਸਮਾਜ ਦਾ ਆਚਾਰਯ ਬਣ ਕੇ ਇਸ ਨੂੰ ਹਿੰਦੂ ਧਰਮ ਤੇ ਬੰਗਾਲ ਦੇ ਇਹਾਤੇ ਤੋਂ ਬਾਹਰ ਕਢਣ ਦੇ ਜਤਨ ਕੀਤੇ । 1866-67 ਈ: ਵਿਚ ਇਹਨੇ " ਪੰਜਾਬ ਵਿਚ ਪਰਚਾਰ ਲਈ ਦੌਰੇ ਕੀਤੇ ਅਤੇ ਦਿੱਲੀ, ਅੰਮ੍ਰਿਤਸਰ ਅਤੇ ਲਾਹੌਰ ਵਿਚ ਵਿਆਖਿਆਨ ਦਿੱਤੇ, ਪ੍ਰਾਰਥਨਾ ਅਤੇ ਕੀਰਤਨ ਸੰਮੇਲਨ ਕੀਤੇ ਅਤੇ ਸਮਾਜ ਦੀਆਂ ਸ਼ਾਖਾਂ ਸਥਾਪਤ ਕੀਤੀਆਂ ।"[78] ਪੰਜਾਬ ਵਿਚ ਬ੍ਰਹਮੋ ਸਮਾਜ ਨੇ ਪੜ੍ਹੇ ਲਿਖੇ ਆਜ਼ਾਦ ਖਿਆਲਾਂ ਦੇ ਲੋਕਾਂ ਨੂੰ ਆਪਣੇ ਵਲ ਖਿਚਿਆ ਤੇ ਬਹੁਤ ਸਾਰੇ ਹਿੰਦੂ ਤੇ ਸਿੱਖ ਇਸ ਦੇ ਅਸਰ ਹੇਠ ਆਏ, ਬ੍ਰਹਮੋ ਸਮਾਜੀ ਬਣੇ ਸਿਖਾਂ ਵਿਚੋਂ ਸਰਦਾਰ ਦਿਆਲ ਸਿੰਘ ਮਜੀਠੀਏ ਦਾ ਨਾਂ ਵਰਣਨ ਯੋਗ ਹੈ ।

ਭਾਵੇਂ ਕਈ ਸਿੱਖ ਬ੍ਰਹਮੋ ਸਮਾਜੀ ਬਣੇ ਪਰ ਸਿੰਘ ਸਭਾ ਤੇ ਬ੍ਰਹਮੋ ਸਮਾਜੀਆਂ ਵਿਚ ਕੋਈ ਝਗੜਾ ਖੜਾ ਨਾ ਹੋਇਆ ਤੇ ਨਾ ਹੀ ਇਹਦੇ ਨਤੀਜੇ ਵਜੋਂ ਵਾਦ ਵਿਵਾਦੀ ਸਾਹਿਤ ਰਚਿਆ ਗਿਆ ਭਾਵੇਂ ਕਿਤੇ ਕਿਤੇ ਸਿੱਖਾਂ ਵਲੋਂ ਆਰੀਆਂ, ਈਸਾਈਆਂ ਦੇ ਨਾਲ ਨਾਲ ਬ੍ਰਹਮੋ ਸਮਾਜੀਆਂ ਤੋ ਵੀ ਖਤਰੇ ਦਾ ਸੰਕੇਤ ਕੀਤਾ ਹੈ, ਜਿਵੇਂ :-

" ਬ੍ਰਹਮ ਸਮਾਜ ਵਿੱਚ ਜਾ ਕੋਈ ਲੱਗਾ ਢੂੰਡਨ ਮੁਕਤੀ ।
ਅਪਨੇ ਮਨ ਦੀ ਖੋਲ੍ਹ ਸੁਨਾਵੇ ਲੋਕਾਂ ਅੰਦਰ ਯੁਕਤੀ ।
ਸਕਲ ਪੋਥੀਆਂ ਵਿੱਚ ਅਸ਼ੁਧੀ ਅਰ ਸਭ ਮਹਿ ਸਚਿਆਈ ।
ਜਿੱਥੇ ਮਿਲੇ ਸੱਤ ਉਸ ਥਾਓਂ ਚੁਗ ਲੈ ਮੇਰੇ ਭਾਈ ।
ਵੇਦ ਅੰਜੀਲ ਕੁਰਾਨ ਗ੍ਰੰਥ ਸਭ ਇਕੋ ਪਦਵੀ ਰੱਖਨ
ਸਭਨਾਂ ਵਿਚੋਂ ਕੱਢ ਲਇਯੋ ਤੁਮ ਵਾਂਗ ਦੁੱਧ ਦੇ ਮੱਖਨ
ਗਲਤੀ ਤਜਕੇ ਲਵੋ ਸਚਾਈ ਜੇ ਮੁਕਤੀ ਕੋ ਲੋੜੇ ।
ਪਰਮਾਤਮ ਦੇ ਨਾਲ ਆਪਨੇ ਆਤਮ ਨੂੰ ਚਾ ਜੋੜੇ ।"[79]

77. ਰੀਡਾ ਸਿੰਘ, ਬ੍ਰਹਮ ਸਮਾਜ, ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ (ਪੰਜਾਬ,)ਸਫਾ 141.
78. ਓਹੀ, ਸਫਾ 145. ਅੰਮ੍ਰਿਤਸਰ, ਫਰਵਰੀ, 1974,
79. 'ਗਿਆਨੀ ~~ਸਿੰਘ~~ਦਿੱਤ ਸਿੰਘ, 'ਨਕਲੀ ਸਿਖ ਪ੍ਰਬੋਧ, ਸ੍ਰੀ ਗੁਰ ਸਿੰਘ ਸਭਾ ਸ਼ਤਾਬਦੀ ਕਮੇਟੀ/ਸ:1

ਸਿੰਘ ਸਭਾ ਲਹਿਰ ਨੇ ਬ੍ਰਹਮੋ ਸਮਾਜ ਦੀਆਂ ਧਾਰਮਿਕ ਪਰਚਾਰ ਤੇ ਸਮਾਜ ਸੁਧਾਰ ਨਾਲ ਸੰਬੰਧਤ ਕਈ ਗੱਲਾਂ ਅਪਣਾਈਆਂ ਜਾਪਦੀਆਂ ਹਨ ਜਿਵੇਂ " ਸਭ ਬ੍ਰਹਮ ਸਮਾਜਾਂ ਨੂੰ ਇਕ ਲੜੀ ਵਿਚ ਪਰੋਣਾ, ਇਸਤਰੀ ਉਧੱਾਰ ਲਈ ਛੋਟੀਆਂ ਛੋਟੀਆਂ ਪੁਸਤਕਾਂ ਛਾਪਣੀਆਂ, ਬ੍ਰਹਮੋ ਸਕੂਲ ਖੋਲ੍ਹਣੇ, ਲੈਕਚਰਾਂ ਅਤੇ ਅਧਿਐਨ-ਕੇਂਦਰਾਂ ਦਾ ਪਰਬੰਧ ਕਰਨਾ, ਛੋਟੇ ਛੋਟੇ ਦਵਾਖਾਨੇ ਜਾਰੀ ਕਰਨੇ ਅਤੇ ਬ੍ਰਹਮ ਧਰਮ ਸੰਬੰਧੀ ਸਾਹਿੱਤ ਪਰਕਾਸ਼ਤ ਕਰਨਾ ।

> " ਕਈ ਵਿਚਾਰਵਾਨਾਂ ਦਾ ਖਿਆਲ ਹੈ ਕਿ ਜੇ ਪੰਜਾਬ ਵਿਚ ਆਰੀਆ ਸਮਾਜ ਦੀ ਥਾਂ ਬ੍ਰਹਮ ਸਮਾਜ ਪੱਕੇ ਪੈਰ ਜਮਾ ਲੈਂਦੀ ਤਾਂ ਅੱਜ ਹਿੰਦੁਸਤਾਨ ਦਾ ਨਕਸ਼ਾ ਬਿਲਕੁਲ ਵਖਰਾ ਹੀ ਹੁੰਦਾ । ਨਾ ਦੁਖਾਵੀਂ ਨੁਕਤਾਚੀਨੀ ਦੇ ਬੋਲ ਕੁਬੋਲ ਸ਼ੁਰੂ ਹੁੰਦੇ, ਨਾ ਸ਼ਾਸਤਰਾਰਥਾਂ ਦੇ ਦੰਗਲ ਲਗਦੇ, ਨਾ ਅਖਬਾਰਾਂ, ਇਸ਼ਤਿਹਾਰਾਂ ਅਤੇ ਕਿਤਾਬਾਂ ਰਾਹੀਂ ਇਕ ਦੂਸਰੇ ਦੇ ਧਰਮਾਂ ਅਤੇ ਬਜ਼ੁਰਗਾਂ ਵਿਰੁੱਧ ਦੂਖਣ ਲਾਏ ਜਾਂਦੇ, ਨਾ ਕਤਲਾਂ ਤਕ ਨੌਬਤ ਪਹੁੰਚਦੀ, ਨਾ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿਚ ਦੁਫੇੜ ਪੈਂਦੇ, ਨਾ ਦੋ ਕੌਮਾਂ ਦੇ ਸਿਧਾਂਤ ਦੀ ਕਲਪਣਾ ਹੁੰਦੀ ਅਤੇ ਨਾ ਹੀ ਇਸ ਦੇ ਅਧਾਰ ਤੇ ਦੇਸ ਵੰਡਿਆ ਜਾਂਦਾ ।"[80]

ਪੰਡਤ ਸ਼ਿਵ ਨਾਰਾਇਣ ਅਗਨੀ ਹੋਤਰੀ ਨੇ ਜਿਹੜਾ ਕਿ ਪਹਿਲਾਂ ਬ੍ਰਹਮੋ ਸਮਾਜੀ ਸੀ 1887 ਈ: ਵਿਚ ਦੇਵ ਸਮਾਜ ਦੀ ਨੀਂਹ ਰਖੀ । ਇਹ ਵੀ ਇਕ ਧਾਰਮਿਕ ਤੇ ਸਮਾਜ-ਸੁਧਾਰਕ ਧਰਮ ਹੈ। ਪੰਡਤ ਅਗਨੀ ਹੋਤਰੀ ਨੇ ਇਕ ਬੰਗਾਲਣ ਵਿਧਵਾ ਨਾਲ ਆਪਣੀ ਦੂਜੀ ਸ਼ਾਦੀ ਕਰਕੇ ਅਵਿਧਵਾ ਅੰਤਰ-ਜਾਤੀ ਤੇ ਅੰਤਰ-ਰਾਜ ਵਿਆਹ ਦੀ ਅਜਿਹੀ ਮਿਸਾਲ ਕਾਇਮ ਕੀਤੀ ਕਿ ਦੇਵ ਸਮਾਜੀਆਂ ਵਿਚ ਸਭ ਤੋਂ ਵਧੀਕ ਅੰਤਰ-ਜਾਤੀ ਵਿਆਹ ਹੁੰਦੇ ਹਨ। ਇਸੇ ਤਰ੍ਹਾਂ ਇਨ੍ਹਾਂ ਵਿਚ ਸੌ ਫੀ ਸਦੀ ਪੜ੍ਹਤਾ ਹੈ ।

ਇਨ੍ਹਾਂ ਨੇ ਵੀ ਕਈਆਂ ਸਿੱਖਾਂ ਨੂੰ ਦੇਵ ਸਮਾਜੀ ਬਣਾਇਆ । ਸਿੰਘ ਸਭੀਆਂ ਨਾਲ ਇਨ੍ਹਾਂ ਦਾ ਖੁਲ੍ਹਾ ਝਗੜਾ ਨਾ ਹੋਇਆ ਜਿਸ ਕਰਕੇ ਵਾਦਵਿਵਾਦੀ ਸਾਹਿਤ ਵੀ ਨਾ ਲਿਖਿਆ ਗਿਆ ਪਰ ਕਿਤੇ ਕਿਤੇ ਇਨ੍ਹਾਂ ਦੀ ਨਿੰਦਾ ਕੀਤੀ ਜ਼ਰੂਰ ਮਿਲਦੀ ਹੈ ਜਿਵੇਂ :-

---

80 ਉਹੀ ਉਕਤ ਨੰਬਰ 77, ਸਫਾ 145-146 ;

" ਦੇਵ ਧਰਮ ਇੱਕ ਨਵੇਂ ਨਾਮ ਦਾ ਟੋਲਾ ਵਿਚ ਲਾਹੌਰੇ ।
ਉਸ ਦੇ ਫੰਧੇ ਫਸ ਗਏ ਕੇਤੇ ਬਾਲਕ ਬੁੱਧੀ ਬੌਰੇ ।
ਤਾਲਬ ਇਲਮ ਸਕੂਲਾਂ ਵਿਚੋਂ ਸੁਣ ਗੱਲਾਂ ਫਸ ਜਾਂਦੇ ।
ਆਇ ਗੁਰੂ ਦੇ ਬਨੇ ਚਾਟੜੇ ਘਰ ਘਰ ਘਾਟ ਗਵਾਂਦੇ ।
ਆਖਣ ਸਾਨੂੰ ਪਾਪ ਪਿਸਾਚੋਂ ਦੇਵ ਧਰਮ ਰਖ ਲੀਆ ।
ਰੂਹਾਨੀ ਸ਼ੁਕਤੀ ਨੇ ਦੇਖੋ ਭੇਸ ਫਕੀਰੀ ਕੀਆ ।
ਨਾਰਾਂ ਦੇ ਸੁਨ ਭਜਨ ਸੁਹਾਵੇ ਬੀਨ ਸਾਂਪ ਜਿਉਂ ਬੋਲੇ ।
ਮਾਇ ਬਾਪ ਘਰ ਰੋਵਨ ਧਾਹੀਂ ਪੁੱਤ ਬਣੇ ਜਾ ਚੇਲੇ ।
ਜਿਉਂ ਇੱਕ ਊਠਾਂ ਵਾਲਾ ਕੋਈ ਇੱਕ ਕਤਾਰ ਬਨਾਵੇ ।
ਫਾੜ ਫਾੜ ਕਰ ਨੱਕ ਤਿਨ੍ਹਾਂ ਦੇ ਤੁਰਤ ਨਕੇਲਾਂ ਪਾਵੇ ।
ਲੱਦੇ ਭਾਰ ਫੜੇ ਹੱਥ ਡੋਰੀ ਮਾਰਗ ਪੈਰ ਟਿਕਾਏ ।
ਜੰਗਲ ਦੇ ਵਿਚ ਚਾਰਾ ਚਾਰੇ ਅਪਨਾ ਲਾਭ ਉਠਾਏ ।
ਤੈਸੇ ਇਨ ਕੇ ਗੁਰੂ ਪਿਆਰੇ ਮੀਠੇ ਬਚਨਾਂ ਡੋਰੀ ।
ਮਨ ਦੇ ਨੱਕਾਂ ਅੰਦਰ ਪਾਈ ਕਰ ਜਮਾਤ ਇੱਕ ਤੋਰੀ ।
ਉਹ ਮੁਕਤੀ ਦੇ ਲਾਲਚ ਪਿੱਛੇ ਦੁਖ ਸਹਿ ਸੇਵ ਕਮਾਵਨ ।
ਤਿਨ ਕੀ ਕਰੀ ਕਮਾਈ ਨੂੰ ਫਿਰ ਬੈਠ ਗੁਰੂ ਜੀ ਖਾਵਨ ।" 81

ਨਾਸਤਕ ਧਰਮ ਹੋਣ ਕਰਕੇ ਇਹ ਸਿੰਘ ਸਭੀਆਂ ਨੂੰ ਬਹੁਤ ਰੜਕਦਾ ਸੀ ਜਿਸ ਲਈ ਇਨ੍ਹਾਂ ਨੇ ਦੇਵ ਸਮਾਜੀਆਂ ਦਾ ਅਸਰ ਘਟਾਉਣ ਲਈ ਮੋਗੇ ਤੇ ਫਿਰੋਜ਼ਪੁਰ ਵਿਚ ਮੁਕਾਬਲੇ ਤੇ ਸਕੂਲ ਖੋਹਲੇ ਤੇ ਅਜਿਹਾ ਕਰਦਿਆਂ ਸਿੰਘ ਸਭਾ ਲਹਿਰ ਦਾ ਸਿੱਖ ਧਰਮ ਨੂੰ ਬਚਾਉਣ ਦਾ ਸੁਚੇਤ ਤੇ ਵਿਦਿਆ ਫੈਲਾਉਣ ਦਾ ਅਚੇਤ ਤੌਰ ਤੇ ਉਦੇਸ਼ ਪੂਰਾ ਕੀਤਾ ।

---

81. ਉਹੀ ਉਕਤ ਨੰਬਰ 79, ਸਫਾ 128-129 ;

ਸਨਾਤਨੀ ~~ਧਰਮੀ~~ ਸਿਖ-ਤੱਤ ਖਾਲਸਾ ਵਾਦ ਵਿਵਾਦੀ ਸਾਹਿਤ

ਸਿੱਖ ਧਰਮ ਨੂੰ ਜਿਥੇ ਈਸਾਈ,ਆਰੀਏ,ਅਹਿਮਦੀਏ ਆਦਿ ਬਾਹਰੋਂ ਢਾਹ ਲਾ ਰਹੇ ਸਨ,ਉਥੇ ਕਈ ਤਰ੍ਹਾਂ ਦੇ ਦਿਹ ਧਾਰੀ ਗੁਰੂ ਇਹਨੂੰ ਅੰਦਰੋਂ ਅੰਦਰੀ ਖਾਈ ਜਾ ਰਹੇ ਸਨ। ਸਿੰਘ ਸਭਾ ਲਹਿਰ ਸਿਖ ਧਰਮ ਤੇ ਸਮਾਜ ਵਿਚ ਆਪਣੀਆਂ ਕੁਰੀਤੀਆਂ ਨੂੰ ਦੂਰ ਕਰਕੇ ਇਹਦੀ ਅਸਲੀ ਮਰਯਾਦਾ ਨੂੰ ਕਾਇਮ ਕਰਨ ਦਾ ਉਦੇਸ਼ ਵੀ ਰਖਦੀ ਸੀ ਤੇ ਇਨ੍ਹਾਂ ਕੁਰੀਤੀਆਂ ਚੋਂ ਇਕ ਇਹ ਸੀ ਕਿ ਸੋਢੀ,ਬੇਦੀ ਆਦਿ ਬਾਵੇ ਆਪਣੇ ਆਪ ਨੂੰ ਗੁਰੂ-ਅੰਸ਼ ਦੱਸਕੇ ਲੋਕਾਂ ਤੋਂ ਗੁਰੂ-ਭਾਵ ਨਾਲ ਆਪਣੇ ਪੈਰ ਪੁਜਾਉਂਦੇ ਸਨ। ਇਨ੍ਹਾਂ ਦੇ ਹਿੰਦੂ ਤੇ ਸਿੱਖ ਸ਼ਰਧਾਲੂ ਇਨ੍ਹਾਂ ਨੂੰ ਅਵਤਾਰ ਜਾਣਕੇ ਪੂਜਦੇ ਤੇ ਚੜ੍ਹਾਵੇ ਚੜ੍ਹਾਉਂਦੇ ਸਨ ।

ਬਾਵਾ ਖੇਮ ਸਿੰਘ ਬੇਦੀ ਜਿਹੜਾ ਕਿ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸੀ, ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦਾ ਰੂਪ ਹੀ ਜ਼ਾਹਰ ਕਰਨ ਦੀ ਕੋਸ਼ਿਸ਼ ਕਰਦਾ ਸੀ ਤੇ ਉਨ੍ਹਾਂ ਵਾਂਗ ਘੋੜੇ ਤੇ ਸੁਆਰ ਹੋ,ਹਥ ਤੇ ਬਾਜ਼ ਬਿਠਾ ਕੇ ਸ਼ਿਕਾਰ ਨੂੰ ਜਾਇਆ ਕਰਦਾ ਸੀ ਤੇ ਇਸੇ ਤਰ੍ਹਾਂ ਹੀ ਹਥ ਤੇ ਬਾਜ਼ ਬਿਠਾਈ ਧਾਰਮਿਕ ਦੀਵਾਨ ਵਿਚ ਸਜਿਆ ਕਰਦਾ ਸੀ[82] । ਆਪਣੇ ਪਿਤਾ ਬਾਬਾ ਸਾਹਿਬ ਸਿੰਘ ਬੇਦੀ ਬਾਰੇ ਤਾਂ ਇਹ ਮਸ਼ਹੂਰ ਕਰਾਇਆ ਹੀ ਹੋਇਆ ਸੀ ਕਿ ਉਨ੍ਹੈ ਜਾਮੇ ਵਿਚ ਗੁਰੂ ਗੋਬਿੰਦ ਸਿੰਘ ਨੇ ਜਨਮ ਲਿਆ ਹੋਇਆ ਹੈ ।ਉਹਦੀ 'ਸਿਖੀ ਸੇਵਕੀ ਪੋਠੋਹਾਰ,ਮਾਝਾ ਤੇ ਫੀਰੋਜ਼ਪੁਰ ਲੰਘ ਕੇ ਫਰੀਦਕੋਟ ਤਕ ਫੈਲੀ ਹੋਈ ਸੀ ।ਰਾਜਾ ਬਿਕ੍ਰਮ ਸਿੰਘ ਜੀ ਫਰੀਦਕੋਟ ਵਾਲੇ ਉਨ੍ਹਾਂ ਦੇ ਪੱਕੇ ਸ਼ਰਧਾਲੂ ਸਨ ।"[83]

ਉਹ ਇਹ ਨਹੀਂ ਸੀ ਚਾਹੁੰਦਾ ਕਿ ਸਿੱਖ ਦੇਹ ਧਾਰੀ ਗੁਰੂ ਨੂੰ ਮੰਨਣਾ ਛੱਡ ਦੇਣ ਤੇ ਨਾਲ ਹੀ ਇਹ ਗੱਲ ਵੀ ਉਸ ਦੇ ਜ਼ਾਤੀ ਤੇ ਜਮਾਤੀ ਹਿੱਤਾਂ ਦੇ ਵਿਰੁਧ ਸੀ ਕਿ ਸਿੱਖਾਂ ਤੇ ਹਿੰਦੂਆਂ ਨੂੰ ਧਰਮ ਵਜੋਂ ਵਖ ਵਖ ਕਰ ਦਿਤਾ ਜਾਏ ।ਅਜਿਹਾ ~~ਕੀਤੀਆਂ~~ ਕੀਤਿਆਂ ਉਸ ਦੀ ਸਿਖੀ ਸੇਵਕੀ ਦਾ ਦਾਇਰਾ ਘਟਦਾ ਸੀ ਜਿਦ੍ਹੇ ਨਾਲ ਉਹਨੂੰ ਮਾਲੀ ਘਾਟਾ ਵੀ ਪੈਂਦਾ ਸੀ,ਅਜਿਹਾ ਹੀ ਹਿੱਤ ਪੁਜਾਰੀਆਂ ਦਾ ਸੀ ਜਿਹੜੇ ਕਿ ਅੰਮ੍ਰਿਤਸਰੀ ਧੜੇ ਨਾਲ ਸਬੰਧਤ ਸਨ। ਉਹ ਵੀ ਜ਼ਾਤ

---

82. Bhagat Lakshman Singh, Autobiography, page.15.

83. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ,ਮਾਰਚ,1974;ਸਫਾ 107 ;

ਪਾਤ ਦੇ ਬੰਧਨ ਤੋੜ ਕੇ,ਨੀਵੀਆਂ ਜਾਤਾਂ ਲਈ ਗੁਰਧਾਮਾਂ ਦੇ ਦਰਵਾਜ਼ੇ ਹਰ ਸਮੇਂ ਖੁਲ੍ਹੇ ਰਖ ਕੇ ਤੇ ਉਨ੍ਹਾਂ ਦੇ ਅਰਦਾਸੇ ਕਰਕੇ ਹਿੰਦੂਆਂ ਦੀ ਨਾਰਾਜ਼ਗੀ ਮੁੱਲ ਲੈ ਕੇ ਆਪਣਾ ਮਾਲੀ ਨੁਕਸਾਨ ਨਹੀਂ ਸਨ ਕਰਨਾ ਚਾਹੁੰਦੇ ,ਦੂਜੇ ਪਾਸੇ ਲਾਹੌਰੀ ਧੜਾ ਵਧੇਰੇ ਜਮਹੂਰੀ ਤੇ ਸੁਧਾਰ ਦੀ ਲਗਣ ਵਾਲਾ ਸੀ ,ਗੁਰੂ ਡਮ ਤੇ ਨੀਵੀਆਂ ਜਾਤਾਂ ਨਾਲ ਵਿਤਕਰੇ ਤੇ ਅਪਮਾਨ ਜਨਕ ਸਲੂਕ ਦੇ ਵਿਰੁਧ ਸੀ। ਇਸ ਅਸੂਲੀ ਲੜਾਈ ਨੇ ਖੁਰਸ਼ੀਦ ਖਾਲਸਾ ਦੇ ਲੇਖਕ ਬਾਵਾ ਨਿਹਾਲ ਸਿੰਘ ਤੇ ਭਾਈ ਗੁਰਮੁਖ-ਸਿੰਘ ਨੂੰ ਇਕ ਦੂਜੇ ਧੜੇ ਤੋਂ ਪੰਥ ਚੋਂ ਖਾਰਜ ਕਰਵਾਇਆ ।

ਬਾਬਾ ਖੇਮ ਸਿੰਘ ਬੇਦੀ ਆਪ ਤਾਂ ਪੜ੍ਹਿਆ ਹੋਇਆ ਨਹੀਂ ਸੀ,ਇਸ ਲਈ ਉਹਨੇ ਆਪਣੇ ਸੇਵਕ ਭਾਈ ਅਵਤਾਰ ਸਿੰਘ ਵਹੀਰੀਆ ਨੂੰ ਇਸ ਕੰਮ ਲਈ ਤਿਆਰ ਕੀਤਾ ਕਿ " ਗੁਰਮਤਿ ਰੂਪੀ ਮੂਰਤੀ ਉਪਰੋਂ ਦੁਰਮੱਤ ਰੂਪੀ ਉਲੀ (ਜੰਗਾਲ) ਨੂੰ ਦੂਰ ਕਰਕੇ ਚਮਕ ਦਮਕ ਤੇ ਉਸਦੀ ਅਮੁਲਤਾ ਪ੍ਰਗਟ ਕਰਨ ......... ਲਈ ਗੁਰਮਤ ਦੇ ਲੇਖ ਪ੍ਰਗਟ ਕੀਤੇ ਜਾਣ,ਤੇ ਦੁਰਮਤ ਦਾ ਖੰਡਨ ਕੀਤਾ ਜਾਇ । ਤੇ ਜੋ ਕੋਈ ਗੁਰਮਤਿ ਰੂਪੀ ਮੂਰਤੀ ਨੂੰ ਤੋੜ ਮਰੋੜ ਕੇ ਨਵੇਂ ਢੰਗ ਦੀ ਬਨਾਣਾਂ ਚਾਹੇ.... ਲੇਖਾਂ ਦਵਾਰੇ ਉਸ ਦੀ ਕਰਤੂਤ ਦਾ ਪਾਜ ਖੋਹਲਿਆ ਜਾਏ ।"[84] ਪਰ ਜਿਸ ਨੂੰ ਉਹ ਗੁਰਮਤ ਦਾ ਨਾਂ ਦਿੰਦਾ ਸੀ ਉਹ ਬ੍ਰਾਹਮਣਵਾਦ ਦੇ ਚਿੱਕੜ ਵਿਚ ਫਸਿਆ ਸਿੱਖ ਧਰਮ ਸੀ ਤੇ ਉਹ ਇਸ ਨੂੰ ਇਸੇ ਚਿੱਕੜ ਵਿਚ ਹੋਰ ਡੂੰਘਾ ਧਸਾਉਣ ਲਈ ਭਾਈ ਅਵਤਾਰ ਸਿੰਘ ਵਹੀਰੀਆ ਨੂੰ ਵਰਤਣਾ ਚਾਹੁੰਦਾ ਸੀ ,ਉਹ ਭਾਈ ਅਵਤਾਰ ਸਿੰਘ ਵਹੀਰੀਆ ਜਿਸ ਨੇ "ਪੰਜਾਹ ਵਰ੍ਹੇ ਤਕ ਘਰ ਦੀ ਜ਼ਿੰਦਗੀ ਪੂਰੀ ਕਰਨ ਦੇ ਮਗਰੋਂ ਸੰਮਤ 1955 ਹਾੜ ਪ੍ਰਵਿਸ਼ਟੇ 1 ਤੋਂ ਆਪਣਾ ਜੀਵਨ ਖਾਲਸਾ ਪੰਥ ਦੀ ਸੇਵਾ ਲਈ ਸਮਰਪਣ ਕਰ ਛਡਿਆ"[85] ਸੀ।

ਭਾਈ ਅਵਤਾਰ ਸਿੰਘ ਵਹੀਰੀਆ ਨੇ ਬਾਬਾ ਖੇਮ ਸਿੰਘ ਦੇ ਵਿਚਾਰਾਂ ਦਾ ਪ੍ਰਚਾਰ ਕਰਨ ਤੇ ਸਿੰਘ ਸਭੀਆਂ ਦੇ ਸੁਧਾਰਕ ਵਿਚਾਰਾਂ ਦੇ ਖੰਡਨ ਵਿਚ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ, ਜਿਵੇਂ 'ਖਾਲਸਾ ਧਰਮ ਸ਼ਾਸਤ੍ਰ ਸੰਸਕਾਰ ਭਾਗ' (1894 ਈ.), 'ਸਿਖ ਖਾਲਸਾ ਧਰਮ ਸਿਧਾਂਤ ਦੇ ਦੇਖਨ ਵਾਸਤੇ ਪ੍ਰਕਾਸ਼ਮਾਨ ਲਾਲਟੈਨ' (1903 ਈ), 'ਗੁਰਦਰਸ਼ਨ ਸ਼ਾਸਤ੍ਰ (1916 ਈ.)

84. ਗਿਆਨੀ ਈਸ਼ਰ ਸਿੰਘ ਨਾਰਾ,ਪੰਜਾਬ ਦਾ ਰਤਨ ਬਾਬਾ ਖੇਮ ਸਿੰਘ ਬੇਦੀ,ਪਹਿਲੀ-ਵਾਰ,ਅਪ੍ਰੈਲ,1972; ਸਫ਼ਾ 299

85. ਭਾਈ ਅਵਤਾਰ ਸਿੰਘ,ਸੂਚਨਾ,ਖਾਲਸਾ ਸੁਧਾਰ ਤਰੂ ਦੀ ਪਹਿਲੀ ਸੰਚੀ ਪ੍ਰਿਥਮ ਵਾਰ

'ਖਾਲਸਾ ਧਰਮ ਦਰਪਨ', 'ਖਾਲਸਾ ਸੁਧਾਰ ਤਰੂ'(ਅੱਠ ਸੈਂਚੀਆਂ), 'ਖਾਲਸਾ ਧਰਮ ਤੱਤ ਦਰਸ਼ਨ', 'ਖਾਲਸਾ ਧਰਮ ਸ਼ਾਸਤ੍ਰ, 'ਚਿਹਰਾ ਦੇਖਨ ਦਾ ਸ਼ੀਸ਼ਾ' ਆਦਿ ।

ਉਹਦੀਆਂ ਲਿਖਤਾਂ ਵਿਚ ਮੋਟੀ ਗੱਲ ਇਹ ਹੈ ਕਿ ਹਿੰਦੂ ਧਰਮ ਤੇ ਖਾਲਸਾ ਪੰਥ ਵਿਚ ਕੋਈ ਫਰਕ ਨਹੀਂ ਤੇ ਖਾਲਸਾ ਪੰਥ ਨੂੰ ਦੇਹ ਧਾਰੀ ਗੁਰੂ ਦੀ ਲੋੜ ਹੈ। ਆਪਣਾ ਮਤ ਪੇਸ਼ ਕਰਨ ਲਈ ਉਨ੍ਹੇ ਦੋ ਤਰੀਕੇ ਵਰਤੇ ਹਨ, ਇਕ ਸਿੱਧਾ ਤੇ ਦੂਜਾ ਗੱਲ ਬਾਤੀ ਢੰਗ । ਜਿਵੇਂ ਭਾਈ ਦਿੱਤ ਸਿੰਘ ਨੇ ਸਿੱਖੀ ਪਰਚਾਰ ਲਈ ਅਸਲੀ ਸਿਖ ਤੇ ਨਕਲੀ ਸਿੰਘ, ਅਸਲੀ ਸਿੰਘ ਤੇ ਮਿਲਗੋਭਾ ਸਿੰਘ ਵਿਚਕਾਰ ਗੱਲਬਾਤੀ ਢੰਗ ਵਰਤਿਆ ਹੈ, ਇਸੇ ਤਰ੍ਹਾਂ ਹੀ ਭਾਈ ਅਵਤਾਰ ਸਿੰਘ ਨੇ ਭੋਲਾ ਸਿੰਘ ਤੇ ਬਿਬੇਕਾ ਸਿੰਘ ਦੀ ਆਪਸੀ ਵਾਰਤਾਲਾਪ ਰਾਹੀਂ ਆਪਣੇ ਵਿਚਾਰਾਂ ਦਾ ਪਰਚਾਰ ਕੀਤਾ ਹੈ ।

ਜਿਵੇਂ ਸਨਾਤਨੀ ਹਿੰਦੂ ਆਰੀਆ ਸਮਾਜੀਆਂ ਦੇ ਧਾਰਮਿਕ ਤੇ ਸਮਾਜਕ ਸੁਧਾਰਾਂ ਦੀ ਨਿੰਦਾ ਕਰਦੇ ਇਸ ਤਰ੍ਹਾਂ ਹੀ ਸਨਾਤਨੀ ਸਿਖ ਸਿੰਘ ਸਭੀਆਂ ਨੂੰ ਭੇੜਾ ਕਹਿੰਦੇ ਸਨ। ਭਾਈ ਅਵਤਾਰ ਸਿੰਘ "ਸੋਢੀ ਬੇਦੀਆਂ ਦੇ ਹੀ ਇਕ ਪਰਵਰਦਾ ਸਨਾਤਨੀ ਸਿਖੀ ਦੇ ਪ੍ਰਚਾਰ ਦੇ ਦਾਹਵੇਦਾਰ"[86] ਲਈ ਸਿੰਘ ਸਭੀਆਂ ਤੇ ਆਰੀਆ ਸਮਾਜੀਆਂ ਵਿਚ ਕੋਈ ਫਰਕ ਨਹੀਂ ਸੀ :-

" <u>ਬਿਬੇਕਾ ਸਿੰਘ</u>

" ਵਿਰੋਧ ਦੀ ਕੀ ਗਲ ਹੈ ਏਹ ਤਾਂ ਜ਼ਾਹਿਰ ਵਿਚ ਆਰਯਾ ਸਮਾਜੀਏ ਅਤੇ ਸਿੰਘ ਖਾਲਸਾ ਹੈਨ ਪਰ ਅੰਦਰੋਂ ਫਰਕ ਥੋੜਾ ਹੈ। ਆਰਯਾਸਮਾਜੀਆਂ ਦੀਆਂ ਅਪਣੀਆਂ ਖਾਸ ਜੋ ਦੋ ਪਾਰਟੀਆਂ ਹੈਨ ਘਾਸ ਖੋਰੇ ਤੇ ਮਾਸ ਖੋਰਿਆਂ ਦੀਆਂ ਉਨ੍ਹਾਂ ਵਿਚ ਕਿਤਨਾ ਵਿਰੋਧ ਹੈ ਤੇ ਇਕ ਦੂਜੇ ਦੇ ਸਿਰ ਕੁਟਨ ਨੂੰ ਤਿਯਾਰ ਰਹੇ ਹੈਨ । ਸੋ ਇਸੀ ਪ੍ਰਕਾਰ ਬਾਜੇ ਬਾਜੇ ਖਿਯਾਲਾਂ ਵਿਚ ਵਿਰੋਧ ਹੋ ਜਾਂਦਾ ਹੈ ਜਿਸ ਕਰਕੇ ਆਪੋ ਵਿਚ ਖਟ ਪਟ ਲਗ ਪੈਂਦੀ ਹੈ । ਸੋ ਇਸੀ ਪ੍ਰਕਾਰ ਥੋੜੀਆਂ ਗਲਾਂ ਦਾ ਆਰਯਾ ਸਮਾਜੀਆਂ ਅਰ ਸਿੰਘ ਸਭੀਆਂ ਦਾ ਫਰਕ ਹੈ ॥

---

86. ਉਹੀ ਉਕਤ ਨੰਬਰ ਸਫਾ 291 ।

(1) ਏਹ ਕੇਸ ਰਖਣੇ ਜ਼ਰੂਰੀ ਸੰਮਝਦੇ ਹੈਨ ।ਓਹ ਜ਼ਰੂਰੀ ਨਹੀਂ ਸੰਮਝਦੇ ।

(2) ਏਹ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ।ਉਹ ਵੇਦਾਂ ਨੂੰ ।

(3) ਏਹ ਗੁਰ ਮੁਖੀ ਵਿਦਿਆ ਨੂੰ ।ਓਹ ਸੰਸਕ੍ਰਿਤ ਨੂੰ ।

(4) ਏਹ ਦਸ ਪਾਤਸ਼ਾਹੀ ਗੁਰੂਆਂ ਨੂੰ ।ਇਨ੍ਹਾਂ ਵਿਚੋਂ ਭੀ ਦਸਵੀਂ ਪਾਤਸ਼ਾਹੀ ਨੂੰ ਮੰਨਦੇ। ਉਹ ਸਵਾਮੀ ਦਯਾ ਨੰਦ ਨੂੰ ।

(5) ਏਹ ਕਛ ਕ੍ਰਿਪਾਣ ਦਾ ਜਨੇਊ ਧਾਰਦੇ ।ਓਹ ਸੂਤ੍ਰ ਦੀਆਂ ਤਾਰਾਂ ਦਾ ।

(6) ਏਹ ਗੁਰਬਾਣੀ ਦਾ ਪਾਠ ਤੇ ਓਹ ਵੇਦ ਬਾਣੀ ਦਾ ।

(7) ਏਹ ਅੰਮ੍ਰਿਤ ਛਕਣਾ ਮੁਖ ਸੰਮਝਦੇ ।ਉਨਾਂ ਵਿਚ ਉਪਨੈਨ ਸੰਸਕਾਰ ।

(8) ਇਨਾਂ ਦੀਆਂ ਮਜਲਸਾਂ ਦਾ ਨਾਉਂ ਸਿੰਘ ਸਭਾ ।ਉਨ੍ਹਾਂ ਦੀਆਂ ਮਜਲਸਾਂ ਦਾ ਆਰਯਾ ਸਮਾਜ ।

ਇਨਾਂ ਥੋੜੀਆਂ ਗਲਾਂ ਵਿਰੋਧ ਵਾਲੀਆਂ ਨੂੰ ਛਡਕੇ ਹੋਰ ਗਲਾਂ ਅਸੂਲਾਂ ਖਿਯਾਲਾਂ ਕਾਰਰਵਾਈਆਂ ਦੀਆਂ ਵਰਤਣਾ ਬੋਲ ਚਾਲ ਢੰਗ ਲਗ ਪਗ ਸਾਰੇ ਦੇ ਸਾਰੇ ਹੀ ਇਨਾਂ ਦੇ ਆਰਯਾ ਸਮਾਜੀਆਂ ਦੇ ਹੈਨ ।ਮਾਨੋ ਆਰਯਾ ਸਮਾਜੀਆਂ ਦੇ ਖਿਯਾਲਾਂ ਦੇ ਭੂਤਾਂ ਦਾ ਲਸ਼ਕਰ ਇਨਾਂ ਨੌਜਵਾਨ ਖਾਲਸਿਆਂ ਦੇ ਸਿਰ ਕੁਦ ਰਹਿਆ ਹੈ ।ਬਲਕੇ ਏਹ ਜਾਨਣਾ ਚਾਹੀਦਾ ਹੈ ਕਿ ਜੋ ਕੁਛ ਏਹ ਕੰਮ ਕਰ ਰਹੇ ਹੈਨ ਆਰਯਾ ਸਮਾਜ ਲਈ ਹੀ ਟੋਏ ਭਰਕੇ ਟਿਬੇ ਲਾਹ ਕੇ ਮੈਦਾਨ ਸਾਫ ਕਰ ਰਹੇ ਹੈਨ । ਇਨ੍ਹਾਂ ਨੂੰ ਖਾਲਸਾ ਮੁਖੀ ਆਰਯਾ ਸਮਾਜੀਏ ਸੰਮਝਨਾ ਚਾਹੀਏ । ਜੋ ਕੁਛ ਏਹ ਕਰ ਰਹੇ ਹੈਨ ਇਨ੍ਹਾਂ ਨੂੰ ਆਪ ਹੀ ਇਸ ਗਲਦਾ ਬੋਹ ਨਹੀਂ ਆਇਆ ਕਿ ਅਸੀਂ ਕਿਧਰ ਨੂੰ ਜਾ ਰਹੇ ਹਾਂ ।ਖਾਲਸਾ ਧਰਮ ਦਾ ਕੰਮ ਕਰ ਰਹੇ ਹਾਂ ਅਥਵਾ ਆਰਯਾ ਸਮਾਜ ਦਾ ।ਅਰਥਾਤ ਖਾਲਸਾ ਧਰਮ ਦੀ ਤਾਲੀਮ ਫੈਲਾਇ ਰਹੇ ਹਾਂ ਅਥਵਾ ਆਰਯਾ ਸਮਾਜ ਦੀ।"[87]

ਭਾਈ ਅਵਤਾਰ ਸਿੰਘ ਵਹੀਰੀਆ ਤੇ ਪੁਜਾਰੀਆਂ ਨੂੰ ਸਿੰਘ ਸਭਾ ਦੇ ਕੰਮਾਂ ਵਿਰੁਧ ਕਿੰਨੀ ਨਫਰਤ ਸੀ ਉਹ ਹੇਠ ਲਿਖੇ ਵਾਕਾਂ ਤੋਂ ਜ਼ਾਹਰ ਹੈ ।

---

87. ਭਾਈ ਅਵਤਾਰ ਸਿੰਘ ਵਹੀਰੀਆ, 'ਸੁਧਾਰ ਤਰੂ' ਮੂਲ ਪ੍ਰਕਰਣ, ਸਫੇ 11-12

" ਅਜ ਕਲ ਜੋ ਅਸਲ ਕੰਮ ਕਰਨ ਵਾਲੇ ਛਡ ਕੇ ਸਿੰਘ ਸਭਾ ਦੇ ਵਿਚ ਅਰ ਸਿੰਘ ਸਭਾ ਦੇ ਕਾਰਣ ਖਾਲਸਾ ਪੰਥ ਦੇ ਵਿਚ ਇਨ੍ਹਾਂ ਗਲਾਂ ਪਰ ਰੌਲਾ ਪੈ ਰਿਹਾ ਹੈ ਕਿ ਖਾਲਸਾ ਹਿੰਦੂ ਨਹੀਂ ।ਦਸਮ ਪਾਤਸ਼ਾਹ ਜੀ ਮਹਾਰਾਜ ਨੇ ਦੇਵੀ ਪ੍ਰਗਟ ਨਹੀਂ ਕੀਤੀ,ਗੁਰੂ ਗ੍ਰੰਥ ਸਾਹਿਬ ਜੀ ਦੀ ਦੀਪਕ ਜਗਾ ਕੇ ਆਰਤੀ ਨਹੀਂ ਕਰਨੀ ਚਾਹੀਏ ।ਅੰਮ੍ਰਿਤ ਛਕਾ ਕੇ ਮੁਸਲਮਾਨਾਂ ਨੂੰ ਖਾਨਪੀਨ ਵਿਚ ਨਾਲ ਮਿਲਾ ਲੈਣਾ ਚਾਹੀਏ। ...... ਪੰਥ ਦੇ ਮੁਖੀਏ ਗੁਣੀ ਗਿਆਨੀ ਧਰਮ ਪੰਥ ਦੀ ਰੀਤੀ ਮ੍ਰਿਜਾਦਾ ਅਰ ਅਸੂਲਾਂ ਨੂੰ ਜਾਣਨ ਵਾਲੇ ਸਿੰਘ ਸਭਾ ਨੂੰ ਮੂਰਖਾਂ ਦਾ ਟੋਲਾ ਜਾਣਕੇ ਇਨਾਂ ਸਭਾ ਪਰ ਨਫਰਤ ਕਰਕੇ ਕਿਨਾਰਾਕਸ਼ੀ ਕਰੀ ਜਾਂਦੇ ਹਨ ।

" ਜਿਨਾਂ ਰੌਲੇ ਗ਼੍ਰਾਹੀ ਖਿਆਲਾਂ ਦੀ ਪ੍ਰੀਖਿਆ ਇਸ ਪੁਸਤਕ ਵਿਚ ਕਰਨੀ ਹੈ ।ਸੋ ਓਨਾਂ ਖਿਆਲਾਂ ਦਾ ਬਿਗਾੜ ਅਕਸਰ ਸਿੰਘ ਸਭੀਆਂ ਲੋਕਾਂ ਵਿਚ ਹੈ ।ਅਸਲ ਇਨਾਂ ਨੇ ਗੁਰੂ ਮਤ ਖਾਲਸਾ ਧਰਮ ਦੇ ਖੂਹੇ ਵਿਚੋਂ ਬਿਲੀ ਕਢਨੀ ਸੀ;ਪਰ ਬਿਲੀ ਕਢਕੇ ਨੂੰ ਹਾਥੀ ਖੂਹ ਵਿਚ ਸੁਟ ਦਿਤਾ ।" [88]

" ਪਹਿਲੇ ਜੋ ਆਪ ਨੇ ਬਾਬਤ ਮੁਸਲਮਾਨ ਸਿੰਘ ਸਜਾਉਨੇ ਵਾ ਆਰਤੀ ਜਗਾਉਨੇ ਕੇ ਲੀਏ ਪੂਛਾ ਹੈ ਅਰ ਸਿੰਘ ਸਭਾ ਵਾਲੇ ਜੈਸੇ ਕਿ ਅਜ ਕਲ ਕਰ ਰਹੇ ਹੈਂ ਵੁਹ ਸਭ ਦਿੱਤ ਸਿੰਘ ਰਾਮਦਾਸੀਏ ਕੇ ਗੁਟਕੇ ਪੜ੍ਹਨੇ ਸੇ ਹਿਲਜੁਲ ਮਚ ਗਈ ਹੈ ਯਾਨੇ ਮੁਸਲਮਾਨ ਸਿੰਘ ਸਜੌਨਾ ਅਰ ਆਰਤੀ ਕੀ ਬਤੀ ਨਾ ਜਗਾਉਨਾ ਯੇ ਸਭ ਮਨਮਤ ਹੈ " [89]

ਭਾਈ ਅਵਤਾਰ ਸਿੰਘ ਨੇ ਆਪਣੀਆਂ ਲਿਖਤਾਂ ਰਾਹੀਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਸਨਾਤਨ ਹਿੰਦੂ ਧਰਮ ਦੀਆਂ ਉਤਮਤਾਈਆਂ ਖਾਲਸਾ ਪੰਥ ਵਿਚ ਹਨ। " ਅਰ ਜੋ 2 ਖਾਲਸਾ ਪੰਥ ਵਿਚ ਇਸ਼ਟ ਉਪਾਸ਼ਨਾ ਅਰ ਵਰਤਣਾ ਗੁਰੂ ਜੀ ਨੇ ਰਖਾਈਆਂ

---

88. ਭਾਈ ਅਵਤਾਰ ਸਿੰਘ ਵਹੀਰੀਆ,±ਖਾਲਸਾ ਸੁਧਾਰ ਤਰੂ' (ਪਹਿਲੀ ਸੈਂਚੀ),ਭੂਮਿਕਾ ਸਫਾ ਉ,ਅ ।

89. ਡਾ. ਜਗਜੀਤ ਸਿੰਘ,ਸਿੰਘ ਸਭਾ ਲਹਿਰ,ਸਫਾ 47 ;

ਹਨ ਓਹੀ ਇਸ਼ਟ ਉਪਾਸ਼ਨਾ ਅਤੇ ਵਰਤਣਾ ਹਿੰਦੂ ਧਰਮ ਦੇ ਗ੍ਰੰਥਾਂ ਸ਼ਾਸ਼ਤ੍ਰਾਂ ਵਿਚ ਸਰਬੋਤਮ ਮੰਨੀਆਂ ਗਈਆਂ ਹਨ ਜੋ ਅਸੀਂ ਵੇਰਵੇ ਨਾਲ ਦਸਦੇ ਹਾਂ ।।

(1) " ਏਹ ਤਾਂ ਉਪਰ ਕਥਨ ਹੋ ਚੁਕਾ ਹੈ ਕਿ ਸਨਾਤਨ ਹਿੰਦ ਸਕੇਸ ਸਾਬਤ ਸੂਰਤ ਹੁੰਦੇ ਸੇ ਅਰ ਅਪ੍ਰਾਧੀ ਦੇ ਦੰਡ ਵਿਚ ਕੇਸ ਕਟੇ ਜਾਂਦੇ ਸੇ ।ਸੋਈ ਪ੍ਰਮੇਸਰ ਜੀ ਦੀ ਮ੍ਰਜੀ ਅਨਸਾਰ ਕੁਦ੍ਰਤੀ ਸਾਬਤ ਸੂਰਤ ਚੇਹਰਾ ਰਖਣਾ ਖਾਲਸੇ ਦਾ ਪਰਮ ਧਰਮ ਹੈ ਅਰ ਅਜ ਕਲ ਦੀ ਹਿੰਦੂਆਂ ਦੀ ਬੋਦੀ ਕੇਸਾਂ ਦਾ ਮਹਾਤਮ ਹੀ ਜਿਣਾ ਰਹੀ ਹੈ ।

(2) ਸਨਾਤਨ ਧਰਮ ਵਿਚ ਗੁਰੂ ਕੁਲ ਵਿਚ ਦਾਖਲ ਹੋ ਦੁਜਨਮਾ ਹੋਕੇ ਉਤਮ ਅਧਿਕਾਰ ਪ੍ਰਾਪਤ ਕਰਨਾ ਹੋਂਦਾ ਸੀ ਸੋਈ ਰੀਤੀ ਖਾਲਸੇ ਵਿਚ ਅੰਮ੍ਰਿਤ ਛਕ ਗੁਰੂ ਕੁਲ ਸੋਢਬੰਸ ਵਿਚ ਦੂਜਾ ਜਨਮ ਲੈ ਦੂਜਾ ਜਨਮ ਹੋਨ ਦੀ ਉਤਮ ਰੀਤੀ ਹੈ ।

(3) ਸਨਾਤਨ ਹਿੰਦੂਆਂ ਵਿਚ ਦੁਜਨਮਾ ਹੋਨ ਵੇਲੇ ਜਨੇ ਊ ਧਾਰਨ ਦੀ ਰੀਤੀ ਹੈ ਸੋਈ ਕਛ ਕ੍ਰਿਪਾਣ ਆਦਿਕ ਦੀ ਰਹਤ ਦਾ ਜਨੇਊ ਧਾਰਨਾ ਖਾਲਸਾ ਜੀ ਦਾ ਧਰਮ ਹੈ।

(4) ਸਨਾਤਨ ਹਿੰਦੂ ਹੁਕਾ ਤਮਾਕੂ ਨਹੀਂ ਵਰਤਦੇ ਸੇ ਅਰ ਜਿਥੇ ਸ਼ਿਵ ਪੂਜਾ ਵਿਚ ਅਕ ਧਤੂਰਾ ਆਦਿਕ ਹੋਰ ਅਮਲ ਵਾਲੀਆਂ ਚੀਜ਼ਾਂ ਅਜ ਕਲ ਭੀ ਚੜਦੀਆਂ ਹੈਨ ਪਰ ਏਹ ਖੋਟੀ ਵਸਤੂ ਨਹੀਂ ਚੜਦੀ ਸੋ ਖਾਲਸਾ ਜੀ ਵਿਚ ਭੀ ਇਸ ਬੁਰੀ ਵਸਤ ਜਗਤ ਜੂਠ ਦਾ ਪ੍ਰਮ ਤਿਯਾਗ ਹੈ ।

(5) ਅਸਲ ਹਿੰਦੂਆਂ ਦੇ ਵਿਚ ਬ੍ਰਾਹਮਣ ਛਤ੍ਰੀ ਵੈਸ਼ ਅਤੇ ਸੂਦ੍ਰ ਏਹ ਚਾਰ ਬਰਣ ਹੈਨ ਸੋ ਚਹੁੰਆਂ ਵਿਚੋਂ ਛਤ੍ਰੀ ਬਰਣ ਹੀ ਉਤਮ ਹੈ ਛਤ੍ਰੀ ਬਰਣ ਦੀ ਹੀ ਪੂਜਾ ਉਪਾਸ਼ਨਾ ਹਿੰਦੂ ਮੰਦ੍ਰਾਂ ਵਿਚ ਹੋ ਰਹੀ ਹੈ ।ਛਤ੍ਰੀਆਂ ਦੇ ਹੀ ਚਰਣ ਧੋਇ ਕਰ ਚਾਰੇ ਬਰਨਾਂ ਦੇ ਲੋਕ ਚਰਨਾਂਮ੍ਰਿਤ ਲੈਂਦੇ ਅਤੇ ਭੋਗ ਲਗਾ ਕੇ ਸੀਤ ਖਾਂਦੇ ਅਰ ਧਿਯਾਨ ਧਾਰਦੇ ਹੈਨ।ਸੋਈ ਛਤ੍ਰੀ ਬਰਣ ਖਾਲਸਾ ਜੀ ਦਾ ਹੈ ।ਅਜ ਕਲ ਬਾਕਾਇਦਾ ਅਰ ਜਾਬਤੇ ਮੂਜਬ ਜੇ ਕੋਈ ਛਤ੍ਰੀ ਹੈ ਤਾਂ ਖਾਲਸਾ ਹੀ ਛਤ੍ਰੀ ਹੈ ।

(6) ਹੋਰ ਦੇਵਤਿਆਂ ਅਤੇ ਦੇਵਤਿਆਂ ਦੀਆਂ ਦੇਵੀਆਂ ਨਵਾਂ ਗ੍ਰੈਹਾਂ ਆਦਿਕ ਦੀਆਂ ਪੂਜਾ ਅਰ ਹੋਰ ਸ੍ਰਬ ਪ੍ਰਕਾਰ ਦੇ ਧਰਮਾਂ ਦਾ ਆਸ੍ਰਾ ਤਿਯਾਗ ਕਰਕੇ ਕੇਵਲ ਭਗਵਤੀ ਦੀ ਸਰਣ ਹੋਣਾ ਗੀਤਾ ਭਾਗਵਤ ਆਦਿਕਾਂ ਵਿਚ ਉਤਮ ਮੰਨਿਆ ਹੈ।ਸੋਈ ਸਰਣਾਗਤ

ਅਤੇ ਅਨੰਨਿ ਧਰਮ ਖਾਲਸਾ ਜੀਦਾ ਹੈ।ਕਿਉਂ ਕਿ ਪਤਿਆਂ ਪਰ ਪਾਣੀ ਸਿੰਚਣਾ ਲਾਭ ਕਾਰੀ ਨਹੀ ਬ੍ਰਿਛ ਦੇ ਮੁਢ ਨੂੰ ਪਾਣੀ ਦੇਣਾ ਲਾਭਦਾਇਕ ਹੈ ।

(7) ਹਿੰਦੂਆਂ ਦੇ ਸਾਰੇ ਮਤ ਮਤ੍ਾਂਤ੍ਾਂ ਦੇ ਵਿਚ ਗੁਰੂ ਧਾਰਨਾ ਜ਼ਰੂਰੀ ਹੈ ਗੁਰੂ ਬਿਨਾ ਗਤੀ ਕਿਸੀ ਨੇ ਭੀ ਨਹੀਂ ਮੰਨੀ ਅਰ ਗੁਰੂ ਨੇਸ਼੍ਟਾ ਸਭਨਾਂ ਨੇਸ਼੍ਟਾਂ ਨਾਲੋਂ ਉਤਮ ਮੰਨੀ ਹੈ ਅਰ ਸਭਨਾਂ ਮਤ ਮਤਾਂਤ੍ਾਂ ਰੂਪੀ ਮਣਕਿਆਂ ਦੀ ਮਾਲਾ ਵਿਚ ਗੁਰ ਮਤ ਗੁਰ ਉਪਦੇਸ ਨੂੰ ਸੂਤ੍ਰ ਰੂਪ ਮੰਨਿਆਂ ਹੈ ਸੋ ਉਹੀ ਸਬ ਮਤ ਮਤਾਂਤ੍ਾਂ ਦਾ ਆਸ੍ਾ ਰੂਪ ਗੁਰੂ ਨੇਸ਼੍ਟਾ ਵਾਲਾ ਧਰਮ ਸਮੁੱਚੇ ਦਾ ਸਮੁਚਾ ਖਾਲਸਾ ਜੀ ਦਾ ਹੈ ।

(8) ਅਜ ਕਲ ਦੇ ਹਿੰਦੂ ਜਿਸ ਪੂਰਬ ਮਿਮਾਸਾਂ ਸ਼ਾਸਤ੍ਰ ਨੂੰ ਹੀ ਆਪਣਾ ਮੁਖਿ ਧਰਮ ਮੰਨਦੇ ਹਨ ਇਸ ਨੂੰ ਸਨਾਤਨ ਰਿਖੀ ਲੋਕਾਂ ਨੇ ਜਨਮ ਮਰਨ ਦਾ ਦਾਤਾ ਹਰਟ ਦੀਆਂ ਟਿੰਡਾਂ ਵਾਂਗ ਕਦੀ ਸੁਰਗ ਕਦੀ ਨਰਕ ਵਿਚ ਲੈ ਜਾਣ ਵਾਲਾ ਜਾਣਕੇ ਸਤਿ ਸ਼ਾਸ਼ਤ੍ਾਂ ਵਿਚ ਮੰਨਿਆ ਹੀ ਨਹੀਂ ।ਕੇਵਲ ਸ਼੍ਰੇਸਟ ਆਚਾਰ ਲਈ ਸਵੀਕਾਰ ਹੈ ਸੋ ਇਨਸਨਾਨ ਦਾਨ ਅਰ ਸਾਧ ਸੰਗਤ ਦੀ ਤੇ ਗੁਰੂ ਦੀ ਸੇਵਾ ਜੋ ਨਾਮ ਦੇ ਨਾਲ ਰਖੀ ਹੈ ਏਹ ਅਸਲ ਪੂਰਬ ਮਿਮਾਂਸਾ ਦੀ ਤੱਤ ਸਾਰ ਸੁਖਦਾਈ ਰੀਤੀ ਭੀ ਖਾਲਸਾ ਜੀ ਵਿਚ ਜ਼ਰੂਰੀ ਹੈ।ਅਰ ਗੀਤਾ ਵਿਚ ਦੋਇ ਉਪਾਉ ਮੋਖ ਦੇ ਕਹੇ ਹਨ ਇਕ ਸਾਂਖ ਦੂਜਾ ਜੋਗ ।ਸੋਈ ਉਤਮ ਉਪਾਵਾਂ ਦਾ ਅਵਲੰਭੀ ਖਾਲਸਾ ਪੰਥ ਹੈ।ਬਾਣੀ ਦਾ ਪਾਠ ਜਾਪ ਕੀਰਤਨ ਆਦਿਕ ਸਾਂਖ ਹੈ ਅਰ ਗੁਰੂ ਸਬਦ ਮੰਤ੍ਰ ਵਿਖੇ ਬ੍ਰਿਤੀ ਜੋੜ ਕਰ ਅਭਿਆਸ ਕਰਨਾ ਜੋਗ ਹੈ।ਕਥਾ ਗਿਆਨ ਵਿਚਾਰ ਕਰਨਾ ਏਹ ਉਤ੍ਰ ਮਿਮਾਂਸਾ ਭੀ ਹੈ ਅਤੇ ਵਿਦਾਂਤ ਦੇ ਜੋ ਵਿਧ ਅਤੇ ਨਿਖੇਧ ਦੇ ਪੱਖ ਹਨ ਇਨਾਂ ਵਿਚੋਂ ਅਹੰਗ੍ਰੀ ਵਿਘਨ ਹਨ ਏਹ ਤਾਂ ਖਾਲਸਾ ਧਰਮ ਵਿਚ ਪ੍ਰਵਾਨ ਨਹੀਂ ਪਰ ਵਿਧ ਪੱਖ ਪਰ ਭਗਤੀ ਦੇ ਪ੍ਰਤਿਪਾਦਨ ਕਰਨ ਵਾਲੇ ਜੋ ਧਰਮ ਦੇ ਕਰਮ ਹਨ ਸੁੰਨਾ ਦੇ ਰੂਪ ਹੋਕੇ ਨਾਮ ਦੇ ਅੰਕ ਨਾਲ ਲਗ ਕੇ ਸਫਲ ਹੋਂਦੇ ਹੈਨ ਅਰ ਨਾਮ ਨੂੰ ਵਧਾਉਣ ਵਾਲੇ ਹੈਨ। ਸੋ ਸਰਬ ਬ੍ਰਹਮ ਦੇ ਨਿਸਚੇ ਵਾਲਾ ਅਦੂਖਣ ਖਾਲਸਾ ਧਰਮ ਦਾ ਨਿਸਚਾ ਹੈ ।

(9) ਹਿੰਦੂ ਧਰਮ ਦੇ ਪ੍ਰਤਿ ਪਾਦਨ ਕਰਨ ਵਾਲੇ ਵੇਦ ਉਪਵੇਦ ਸ਼ਾਸਤ੍ਰ ਸਿੰਮ੍ਰਤੀਆਂ ਪੌਰਾਣ ਤੇ ਹੋਰ ਕਈ ਅੰਗ ਉਪੰਗ ਦੇ ਬੇ ਸੁਮਾਰ ਗ੍ਰੰਥ ਪੁਸਤਕਾਂ ਦਾ ਵਡਾ ਭਾਰਾ ਘਮਸਾਨ ਹੈ ਅਜ ਕਲ ਦੇ ਸਮੇਂ ਜਦ ਸੰਸਕ੍ਰਿਤ ਦੇਸ ਭਾਸ਼ਾ ਨਹੀਂ ਰਹੀ ਤਾਂ ਖੋਜ ਕੇ ਇਕ ਸਿਧਾਂਤ ਵਾਲਾ ਤੱਤਸਾਰ ਰੂਪੀ ਮਖਣ ਕਢਣਾ ਅਸੰਭਵ ਹੋ ਗਇਆ ਸੀ ।ਪਰ ਗੁਰੂ

ਸਾਹਿਬ ਜੀ ਨੇ ਕਲਜੁਗ ਦੇ ਅਧੀਨ ਸੂਬ ਪ੍ਰਕਾਰ ਕਰਕੇ ਹੀਨ ਜੀਵਾਂ ਦੀ ਕਲਿਯਾਨ ਹਿਤ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਜੇਹੀ ਖਾਲਸੇ ਨੂੰ ਬਖਸ਼ੀ ਹੈ ਕਿ ਮਾਨੋ ਉਸ ਘਮਸਾਨ ਦਾ ਸਾਰ ਤੱਤ ਮਖਣ ਹੈ। ਜਿਸਦਾ ਕੋਈ ਖੰਡਨ ਨਹੀਂ ਕਰ ਸਕਦਾ। ਅਰ ਸਭਨਾਂ ਨੂੰ ਪਿਯਾਰੀ ਲਗਣ ਵਾਲੀ ਹੈ। ਜਦ ਮਖਣ ਕਢਿਆ ਹੋਇਆ ਮਜੂਦ ਹੋਵੇ ਤਾਂ ਮਖਣ ਲਈ ਰੇੜਕਾ ਪਾਉਣੋਂ ਛੁਟ ਜਾਈਦਾ ਹੈ। ਸੋ ਸੰਸਕ੍ਰਿਤ ਦੇ ਰੇੜਕੇ ਤੋਂ ਖਾਲਸਾ ਜੀ ਨੂੰ ਗੁਰੂ ਸਾਹਿਬ ਜੀ ਦਾ ਅਵਤਾਰ ਧਾਰ ਕੇ ਅਕਾਲ ਪੁਰਖ ਨੇ ਛਡਾਇ ਲਇਆ ਹੈ। ਲੋਕ ਪ੍ਰਲੋਕ ਦੇ ਸਾਰੇ ਕਾਰਜ ਗੁਰ ਬਾਣੀ ਨਾਲ ਹੀ ਸਿਧ ਹੋ ਜਾਂਦੇ ਹਨ। ਹਿੰਦੂ ਧਰਮ ਵਿਚ ਸਰਬ ਮੰਗਲਾਂ ਦਾ ਮੰਗਲ ਸਰਬ ਪਾਪਾਂ ਤੇ ਵਿਘਨਾਂ ਨੂੰ ਵਿਨਾਸ਼ ਕਰਨੇ ਹਾਰਾ ਸਰਬ ਸਿਧਾਂ ਦੀ ਸਿਧ ਕਲਯਾਣ ਕ੍ਰਿਤ ਨਾਰਾਇਣ ਜੀ ਦਾ ਨਾਮ ਮੰਨਿਆ ਹੈ। ਸੋ ਉਸੀ ਦਾ ਪੰਥ ਨੂੰ ਆਸਰਾ ਹੈ। ਜਨਮ ਹੋਵੇ ਵਿਵਾਹ ਹੋਵੇ ਮ੍ਰਿਤ ਹੋਵੇ ਅਗੈ ਪਿਛੈ ਹਰ ਵੇਲੇ ਪੰਥ ਨੂੰ ਸਹਾਈ ਹੈ। ਇਸੀ ਕਰਕੇ ਜੋ ਮਤਲਬ ਸੰਸਕ੍ਰਿਤ ਸਲੋਕਾਂ ਅਰ ਨਵ ਗ੍ਰਹ ਆਦਿਕ ਦੇਵਤਿਆਂ ਦੀ ਪੂਜਾ ਵਿਚੋਂ ਹਿੰਦੂ ਪ੍ਰਾਪਤ ਕਰਦੇ ਹਨ ਸੋਈ ਲਾਭ ਖਾਲਸਾ ਜੀ ਨਾਮ ਮਈ ਗੁਰ ਬਾਣੀ ਵਿਚੋਂ ਪ੍ਰਾਪਤ ਕਰ ਲੈਂਦਾ ਹੈ। ਨਾਲ ਹੀ ਪੁਨ ਨਾਲ ਹੀ ਫਲੀਆਂ ਅਥਵਾ ਇਕ ਪੰਥ ਦੋ ਕਾਜ ਵਾਲੀ ਖਾਲਸਾ ਜੀ ਦੀ ਰੀਤੀ ਹੈ। ਜੋ ਸ਼ਾਸਤ੍ਰੋਕਤ ਹੈ ਵੇਦ ਸ਼ਾਸਤ੍ਰਾਂ ਦੇ ਮਤ ਦਾ ਅਰ ਗੁਰੂ ਕੇ ਮਤ ਦਾ ਏਹ ਫਰਕ ਸੰਮਝਨਾ ਜੀਕੁਰ ਪੁਰਾਣੇ ਪਾਦਸ਼ਾਹੀ ਰਸਤੇ ਉਪਰ ਹੀ ਰੇਲ ਲੰਘੀ ਹੈ ਜਿਥੋਂ ਬ੍ਰਾਬਰੀ ਆਈ ਉਥੋਂ ਰਸਤੇ ਉਪਰ ਗਈ ਤੇ ਜਿਥੋਂ ਰਸਤਾ ਵਿੰਗਾ ਸੀ ਉਥੋਂ ਪਰੇ ਰਹਿਆ । ਪਾਤਸ਼ਾਹੀ ਰਸਤਾ ਵਿੰਗਾ ਵਲ ਖਾ ਖਾਕੇ ਜਾਂਦਾ ਸੀ। ਤੇ ਰੇਲ ਸਿਧੀ ਨਿਕਲੀ ਹੈ। ਪਰ ਅਸਲ ਵਿਚ ਪਸ਼ੌਰ ਤੋਂ ਲਾਹੌਰ ਜਾਣ ਦਾ ਰਸਤਾ ਅਟਕ ਰਾਵਲਪਿੰਡੀ ਜੇਹਲਮ ਗੁਜਰਾਤ ਵਜੀਰਾਬਾਦ ਗੁਜਰਾਂਵਾਲੇ ਤੋਂ ਹੀ ਲੰਘਦਾ ਸੀ ਤੇ ਰੇਲ ਭੀ ਇਨਾਂ ਹੀ ਨਗ੍ਰਾਂ ਦੀ ਰਾਂਹੀ ਹੀ ਗਈ ਹੈ। ਏਹ ਅਲੰਕਾਰ ਇਥੇ ਵੀ ਘਟਦਾ ਹੈ। ਪਾਦਸ਼ਾਹੀ ਰਸਤਾ ਵੇਦ ਸ਼ਾਸਤ੍ਰਾਂ ਦਾ ਮਤ ਹੈ । ਤੇ ਰੇਲ ਗੁਰੂ ਕਾ ਮਤ । ਕਿਧਰੂੰ ਮਿਲ ਜਾਂਦਾ ਹੈ ਕਿਧਰੂ ਬਿਛੋੜਾ ਹੋ ਜਾਂਦਾ ਹੈ ਪਰ ਅਸਲ ਵਿਚ ਸੇਹਦ ਵੇਦਾਂ ਸ਼ਾਸਤ੍ਰਾਂ ਦੇ ਮਤ ਦੀ ਹੀ ਹੈ ਹੋਰ ਵਖਰੀ ਸੇਹਦ ਨਵੀਂ ਨਹੀ ਰਖੀ ਤੇ ਨਾਹੀ ਮਹੰਮਦੀਆਂ ਅਥਵਾ ਈਸਾਈਆਂ ਦੇ ਧਰਮ ਗ੍ਰੰਥਾਂ ਦੀ ਲਈ ਹੈ ।

(10) ਬ੍ਰਾਹਮਣਾਂ ਪਾਸ ਸੰਸਕ੍ਰਿਤ ਦਾ ਗੁਝਾ ਖਜਾਨਾ ਸੀ ਉਸ ਦੀ ਕੁੰਜੀ ਬ੍ਰਾਹਮਣਾਂ ਦੇ ਹਥ

ਸੀ ਜਰਾ ਜਰਾ ਗਲ ਲਈ ਬ੍ਰਾਹਮਣਾਂ ਦੇ ਅਧੀਨ ਹੋਣਾ ਪੈਂਦਾ ਸੀ ਸੋ ਬ੍ਰਾਹਮਣ ਭੀ ਉਪਕਾਰ ਲਈ ਸਾਰੀ ਉਮਰ ਵੇਦਾਂ ਸ਼ਾਸ਼ਤ੍ਰਾਂ ਦੇ ਗ੍ਰੰਥਾਂ ਦੀ ਖੋਜ ਕਰਕੇ ਪਦਾਰਥ ਚੁਣ ਚੁਣ ਕਰ ਇਕਤ੍ਰ ਕਰਨੇ ਵਿਚ ਹੀ ਬਿਤੀਤ ਕਰਦੇ ਸੇ ਇਸ ਕਰਕੇ ਬ੍ਰਾਹਮਣਾਂ ਪੰਡਤਾਂ ਦੀ ਵਿਸ਼ੇਸ਼ ਪੂਜਾ ਰਹੀ ਹੈ ਪਰ ਖਾਲਸਾ ਧਰਮ ਵਿਚੋਂ ਗੁਰੂ ਜੀ ਨੇ ਇਨਾਂ ਨੂੰ ਵੇਹਲੇ ਕਰ ਛਡਿਆ ਹੈ ਇਨਾਂ ਦੇਵਤਿਆਂ ਨੂੰ ਖੇਚਲ ਦੇਨ ਵਾਲਾ ਕੰਮ ਬਾਕੀ ਨਹੀਂ ਛਡਿਆ ।ਜੋ ਜੋ ਪਦਾਰਥ ਵਡੇ ਵਡੇ ਪੰਡਤਾਂ ਪਾਸੋਂ ਬ੍ਰਹਮ ਵਿਦਿਆ ਦੇ ਬਹੁਤ ਹੀ ਔਖਿਆਈ ਅਰ ਯਤਨ ਕਰਕੇ ਪ੍ਰਾਪਤ ਹੋਂਦੇ ਸਨ ਹੁਣ ਗੁਰੂ ਸਾਹਿਬ ਜੀ ਦੀ ਕ੍ਰਿਪਾ ਕਰਕੇ ਇਕ ਬਾਲਕ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਸੁਣਾਉਂਦਾ ਹੈ ਤਾਂ ਸਾਰੀ ਸੰਗਤ ਆਪਣੇ ਆਪ ਸੰਮਝ ਕੇ ਧਾਰਨ ਕਰ ਲੈਂਦੀ ਹੈ ।ਈਕੁਰ ਹੋਰ ਕਾਰਜ ਭੀ ।

(11) ਵਡੇ ਤੋਂ ਵਡਾ ਹਿੰਦੂਆਂ ਦਾ ਅਸੂਲ ਆਵਾ ਗੌਨ ਦਾ ਹੈ।ਆਵਾ ਗੌਨ ਹੀ ਬੰਧ ਹੈ ਤੇ ਇਸਤੋਂ ਛੁਟਨਾ ਮੋਖ ਹੈ ਸੋ ਏਹੁ ਹੀ ਅਸੂਲ ਖਾਲਸਾ ਧਰਮ ਦਾ ਹੈ ।

(12) ਗੋ ਮਾਸ ਹਿੰਦੂਆਂ ਵਿਚ ਭੀ ਅਖਾਜ ਹੈ ਸੋਈ ਖਾਲਸਾ ਪੰਥ ਨੂੰ ਭੀ ਅਖਾਜ ਹੈ ।

(13) ਪ੍ਰਮੇਸਰ ਜੀ ਦਾ ਨਾਮ ਖਾਲਸੇ ਦਾ ਇਸ਼ਟ ਹੈ ਸੋ ਇਸ ਨਾਮ ਦੇ ਪ੍ਰਤਾਪ ਕਰਕੇ ਜਿਤਨੇ ਤੀਰਥ ਥਾਪਨ ਹੋਇ ਹਨ ਗੰਗਾ ਆਦਿਕ ਸਬ ਪਵਿਤ੍ਰ ਮੰਨੇ ਗਏ ਹਨ ਗੁਰੂ ਜੀ ਭੀ ਤੀਰਥਾਂ ਪਰ ਜਾਕੇ ਇਸ਼ਨਾਨ ਦਾਨ ਕਰਦੇ ਰਹੇ ਖਾਲਸਾ ਜੀ ਨੂੰ ਜਾਣਾ ਪ੍ਰਵਾਨ ਹੈ ।

ਸੋ ਤਾਤ ਪ੍ਰਜ ਏਹ ਕਿ ਜੋ ਜੋ ਅਸੂਲ ਅਥਵਾ ਵਰਤਣਾ ਖਾਲਸਾ ਜੀ ਦੀਆਂ ਹੈਨ ਸੋ ਸਾਰੀਆਂ ਦੀਆਂ ਸਾਰੀਆਂ ਹੀ ਹਿੰਦੂ ਧਰਮ ਦੇ ਗ੍ਰੰਥਾਂ ਪੁਸਤਕਾਂ ਤੋਂ ਕੋਈ ਭੀ ਵਿਰੁਧ ਨਹੀਂ ਸਭਨਾ ਦੀ ਤਾਈਦ ਅਤੇ ਉਪਮਾ ਹੀ ਮਿਲਦੀ ਹੈ ।ਸੋ ਇਸ ਲਈ ਖਾਲਸਾ ਅਸਲੀ ਸਨਾਤਨ ਹਿੰਦੂਆਂ ਦਾ ਨੰਮੂਨਾ ਹੈ ।" [90]

---

90. ਭਾਈ ਅਵਤਾਰ ਸਿੰਘ ਵਹੀਰੀਆ ,'ਖਾਲਸਾ ਸੁਧਾਰ ਤਰੂ' ਪਹਿਲਾ ਕਾਂਡ ਸਫੇ 40-46 ;

ਭਾਈ ਅਵਤਾਰ ਸਿੰਘ ਵਹੀਰੀਆ ਦੀ ਸੰਪਾਦਿਤ 'ਖਾਲਸਾ ਧਰਮ ਸ਼ਾਸਤ੍ਰ ਸੰਸਕਾਰ ਭਾਗ' ਪੁਸਤਕ ਵਿਚ " ਗੁਰੂ ਕੇ ਸਿਖਾਂ ਲਈ ਗੁਰਮਤ ਅਨੁਸਾਰ ਜਨਮ ਤੋਂ ਲੈਕੇ ਅੰਤ ਪ੍ਰਯੰਤ ਦੇ ਸੰਸਕਾਰਾਂ ਦੀ ਬਿਧਿ " ਦਿਤੀ ਹੈ ਪਰ ਇਹ ਮਰਯਾਦਾ ਵੀ ਖਾਲਸਈ ਮਿਲਾਵਟ ਵਾਲੀ ਸਨਾਤਨ ਹਿੰਦੂਆਂ ਵਾਲੀ ਹੀ ਹੈ। ਕਿਉਂਕਿ ਬਾਬਾ ਖੇਮ ਸਿੰਘ ਬੇਦੀ ਆਪ ਗੁਰੂ ਅਖਵਾਉਂਦਾ ਸੀ, ਇਸ ਲਈ ਉਹਦੇ ਚਰਣਸਿਖਿਤ ਭਾਈ ਅਵਤਾਰ ਸਿੰਘ ਵਹੀਰੀਆ ਨੇ ਇਸ ਪੁਸਤਕ ਵਿਚ ਦੀਖਿਤ ਸੰਸਕਾਰ ਤੇ ਬਹੁਤ ਜ਼ੋਰ ਦਿਤਾ ਹੈ ਜਿਹੜਾ ਸੰਸਕਾਰ ਦਾ 'ਸਿੱਖ ਰਹਿਤ ਮਰਯਾਦਾ' (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀਅੰਮ੍ਰਿਤਸਰ) ਅਤੇ 'ਖਾਲਸਾ ਸੰਸਕਾਰ ਵਿਧੀ' (ਪੰਚ-ਖਾਲਸਾ ਦੀਵਾਨ) ਵਿਚ ਕੋਈ ਜ਼ਿਕਰ ਨਹੀਂ, ਕਿਉਂਕਿ ਸਿਖ ਧਰਮ ਗੁਰੂ ਗ੍ਰੰਥ ਤੋਂ ਬਿਨਾਂ ਕਿਸੇ ਹੋਰ ਦੇ ਧਾਰੀ ਗੁਰੂ ਨੂੰ ਨਹੀਂ ਮੰਨਦਾ । ਦੀਖਿਤ ਸੰਸਕਾਰ ਬਾਰੇ " ਖਾਲਸਾ ਧਰਮ ਸ਼ਾਸਤ੍ਰ ਸੰਸਕਾਰ ਭਾਗ' ਵਿਚ ਲਿਖਿਆ ਹੈ :-

(1) ਏਹ ਉਹ ਸੰਸਕਾਰ ਹੈ ਜੋ ਮਾਲਾਂ ਤੇ ਕੰਠੀ ਦੇ ਮਣਕਿਆਂ ਰੂਪੀ ਸਰਬ ਆਸਤਿਕ ਮਤਾਂ ਵਿਖੇ ਸੂਤ੍ਰ ਰੂਪ ਹੋ ਵਰਤ ਰਹਿਆ ਹੈ। ਅਰਥਾਤ ਏਹ ਸੰਸਕਾਰ ਸਭਨਾਂ ਪੰਥਾਂ ਦੇ ਵਿਚ ਮੰਨਿਆ ਗਇਆ ਹੈ। ਇਸ ਦੇ ਬਿਨਾ ਗਯਾਨ ਦੀ ਪ੍ਰਾਪਤੀ ਨਹੀਂ ਹੋ ਸਕਦੀ ਜੈਸੇ ਬਚਨ ਹੈ ।

ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥

ਅਰ ਗਿਆਨ ਬਿਗੈਰ ਮੁਕਤੀ ਤਾਂ ਹੋਂਦੀ ਹੀ ਨਹੀਂ ਪ੍ਰੰਤੂ ਹੋਰਨਾਂ ਪੰਥਾਂ ਵਿਚ ਹੋਰਨਾਂ ਬਹੁਤੀਆਂ ਅਫਰੋਈ ਗਲਾਂ ਨੇ ਜੋਰ ਪਾਕੇ ਰਲਾਮਿਲਾ ਛਡਿਆ ਹੈ। ਪਰ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਅਫਰੋਈ ਗਲਾਂ ਦੇ ਬਿਖੇੜਿਆਂ ਅਤੇ ਧੰਦਿਆਂ ਨੂੰ ਹਟਾਇਕੇ ਏਹੁ ਸੰਸਕਾਰ ਨਿਰੋਲ ਕਰ ਦਿਤਾ ਜੋ ਗੁਰਮਤ ਰੂਪੀ ਬ੍ਰਿੱਛ ਦਾ ਮੂਲ ਹੈ। ਇਸੀ ਕਰਕੇ ਹੋਰਨਾਂ ਪੰਥਾਂ ਦੇ ਧਰਮਾਂ ਨਾਲੋਂ ਗੁਰਮਤ ਧਰਮ ਵਿਸ਼ੇਸ਼ ਹੈ ਜਿਸ ਪਰ ਕੋਈ ਬੁਧੀਮਾਨ ਸ਼ੰਕਾ ਨਹੀਂ ਕਰ ਸਕਦਾ । ਏਹ ਦੀਖਿਤ ਸੰਸਕਾਰ ਹੀ ਅਗੋਕਤਿ ਬਚਨਾ ਨੂੰ ਸੁਫਲਾ ਕਰਦਾ ਹੈ। ਅਰਥਾਤ ਇਸੀ ਸੰਸਕਾਰ ਤੋਂ ਉਤਪੰਨ ਹੋਈ ਵਸਤੂ ਪਰ ਇਨਾਂ ਬਚਨਾਂ ਦਾ ਕਥਨ ਹੈ ॥

ਮਤਿ ਵਿਚ ਰਤਨ ਜੁਵਾਹਰ ਮਾਣਕ ਜੇ ਇਕ ਗੁਰ ਕੀ ਸਿਖ ਸੁਣੀ ।

ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣ ਝਾਖ ॥

ਏਕ ਚਿੱਤ ਜਿਨ ਇਕ ਛਿੰਨ ਧਿਆਇਓ ।
ਕਾਲਫਾਸ ਕੇ ਬੀਚ ਨ ਆਇਓ ॥

(3) " ਜਿਕੁਰ ਸ੍ਰੀ ਅੰਮ੍ਰਿਤ ਸਰ ਜੀ ਤਥਾ ਹੋਰਨਾਂ ਗੁਰਦੁਵਾਰਿਆਂ ਵਿਚ ਜਿਥੇ ਗੁਰਦੁਵਾਰੇ ਦਾ ਨਾਮ ਦਰਬਾਰ ਸਾਹਿਬ ਹੈ ਉਥੇ ਅਕਾਲ ਬੁੰਗਾ ਭੀ ਨਾਲ ਹੈ ॥ ਅਰ ਅਕਾਲ ਬੁੰਗੇ ਸਾਹਿਬ ਜੀ ਦੇ ਹਜ਼ੂਰ ਹਾਜ਼ੂਰ ਹੋਏ ਬਿਗੈਰ ਦਰਬਾਰ ਸਾਹਿਬ ਦੀ ਹਾਜ਼ੁਰੀ ਦੀ ਯਾਤ੍ਰਾ ਪੂਰੀ ਸੁਫਲਤਾ ਨੂੰ ਨਹੀਂ ਪ੍ਰਾਪਤ ਹੋਂਦੀ ।ਅਰ ਯਾਤ੍ਰੀ ਅਕਾਲ ਬੁੰਗੇ ਸਾਹਿਬ ਦੀ ਯਾਤ੍ਰਾ ਨੂੰ ਹੀ ਦਰਬਾਰ ਸਾਹਿਬ ਜੀ ਦੀ ਯਾਤ੍ਰਾ ਮੰਨ ਕੇ ਮੁੜ ਜਾਇ ਤਾਂ ਉਸ ਦੀ ਸੁਘੜਤਾ ਨਹੀਂ ਮੂਹੜਤਾ ਹੈ।ਇਕੁਰ ਹੀ ਦਰਬਾਰ ਸਾਹਿਬ ਵਤ ਦੀਖਿਤ ਸੰਸਕਾਰ ਹੈ ਅਤੇ ਅਕਾਲ ਬੁੰਗੇ ਸਾਹਿਬ ਵਤ ਅੰਮ੍ਰਿਤ ਸੰਸਕਾਰ। ਅਰ ਯਾਤ੍ਰੀ ਮਾਨੁਖਾ ਜਨਮ ॥ਦੀਖਿਤ ਸੰਸਕਾਰ ਦਾ ਸੰਬੰਧ ਦਰਬਾਰ ਸਾਹਿਬ ਜੀ ਨਾਲ ਅਤੇ ਅੰਮ੍ਰਿਤ ਸੰਸਕਾਰ ਦਾ ਸੰਬੰਧ ਅਕਾਲ ਬੁੰਗੇ ਸਾਹਬ ਜੀ ਦੇ ਨਾਲ ਹੈ। ਜਿਤਨੀ ਕਿਸੇ ਦੀ ਦੀਖਿਤ ਸੰਸਕਾਰ ਨਾਲ ਦ੍ਰਿੜਤਾ ਹੋਂਦੀ ਜਾਂਦੀ ਹੈ ਇਤਨਾ ਹੀ ਉਸ ਦਾ ਹਿਤ ਸ੍ਰੀ ਦਰਬਾਰ ਸਾਹਿਬ ਨਾਲ ਵਧਦਾ ਜਾਂਦਾ ਹੈ।ਅਰ ਜਿਤਨੀ ਦ੍ਰਿੜਤਾ ਅੰਮ੍ਰਿਤ ਸੰਸਕਾਰ ਨਾਲ ਹੋਂਦੀ ਜਾਂਦੀ ਹੈ।ਉਤਨਾ ਹੀ ਅਕਾਲ ਬੁੰਗੇ ਸਾਹਿਬ ਜੀ ਨਾਲ ਹਿਤ ਵਧਦਾ ਜਾਂਦਾ ਹੈ।ਜੋ ਗੁਰ ਦੀਖਿਤ ਸੰਸਕਾਰ ਕਰਾਕੇ ਗੁਰੂ ਗ੍ਰੰਥ ਸਾਹਿਬ ਅਤੇ ਦਰਬਾਰ ਸਾਹਿਬ ਨਾਲ ਪ੍ਰੇਮ ਨਾ ਵਧਾਏ ਉਸਦਾ ਅਪਨੇ ਆਪ ਨੂੰ ਗੁਰਮੁਖ ਮੰਨਣਾ ਬਿਅਰਥ ਹੈ ।

ਇਸੀ ਪ੍ਰਕਾਰ ਅੰਮ੍ਰਿਤ ਸੰਸਕਾਰ ਕਰਾਕੇ ਅਕਾਲ ਬੁੰਗੇ ਸਾਹਿਬ ਨਾਲ ਪ੍ਰੇਮ ਨਾ ਵਧਾਏ ਉਸਦਾ ਅਪਣੇ ਆਪ ਨੂੰ ਖਾਲਸਾ ਸਿੰਘ ਮੰਨਣਾ ਬਿਅਰਜਥ ਹੈ ॥

(4) ਜਿਕੁਰ ਅਕਾਲ ਬੁੰਗਾ ਸਾਹਿਬ ਗੁਰੂ ਘਰ ਦਾ ਫੌਜੀ (ਮਲਿਟਰੀ) ਮਹਿਕਮਾ ਹੈ ।ਅਤੇ ਖੰਡੇ ਦਾ ਅੰਮ੍ਰਿਤ ਸੰਸਕਾਰ ਗੁਰੂ ਘਰ ਦੇ ਫੌਜੀ ਮਹਿਕਮੇ ਵਿਚੀ ਦਾਖਲੇ ਦਾ ਸਾਰਟੀਫਿਕਿਟ ਹੈ ।ਤੇ ਇਸ ਸਾਰਟੀਫਿਕਿਟ ਦੀ ਪ੍ਰਾਪਤੀ ਦੇ ਨਾਲ ਹੀ ਸਿੰਘ ਪੱਦ ਦਾ ਲਕਬ ਪ੍ਰਾਪਤ ਹੋਂਦਾ ਹੈ।ਇਕੁਰ ਹੀ ਦਰਬਾਰ ਸਾਹਿਬ ਸਿਵਲ( ਭਗਤੀ-ਭਜਨ ਗਿਆਨ ) ਦਾ ਮਹਿਕਮਾ ਹੈ ਅਰ ਦੀਖਿਤ ਸੰਸਕਾਰ ਗੁਰੂ ਘਰ ਦੇ ਸਿਵਲ

ਦੇ ਮਹਿਕਮੇ ਵਿਚ ਦਾਖਲ ਹੋਣ ਦਾ ਸਾਰਟੀਫਿਕਟ ਹੈ ।ਪਦਵੀ ਗੁਰ ਮੁਖਤਾ ਦੀ ਪ੍ਰਾਪਤ ਹੋਂਦੀ ਹੈ ਤੇ ਗੁਰੂ ਘਰਦਾ ਸਿਖ ਬਣਦਾ ਹੈ ॥

(5) ਜਿਕੁਰ ਬਾਹਿਰ ਦੇ ਵੈਰੀਆਂ ਨੂੰ ਜੀਤਣ ਲਈ ਅੰਮ੍ਰਿਤ ਸੰਸਕਾਰ ਹੈ ਇਕੁਰ ਹੀ ਕਾਮ ਕ੍ਰੋਧ ਆਦਿਕ ਅੰਦਰ ਦੇ ਵੈਰੀਆਂ ਨੂੰ ਜੀਤਨ ਲਈ ਏਹ ਦੀਖਿਤ ਸੰਸਕਾਰ ਹੈ[91] ॥"

ਸਿੱਖਾਂ ਨਾਲੋਂ ਹਿੰਦੂ ਵਖ ਹੋ ਜਾਣ ਤਾਂ ਬਾਬਾ ਖੇਮ ਸਿੰਘ ਬੇਦੀ ਨੂੰ ਮਾਲੀ ਨੁਕਸਾਨ ਤਾਂ ਹੁੰਦਾ ਸੀ ਪਰ ਜੇ ਕਰ ਸਿੱਖ ਉਹਦੇ ਗੁਰੂਪੁਣੇ ਦਾ ਹੀ ਅੰਤ ਕਰ ਦੇਣ ਤਾਂ ਉਹਦੇ ਨੁਕਸਾਨ ਦਾ ਅੰਤ ਹੀ ਕੋਈ ਨਹੀਂ ਸੀ,ਇਸ ਲਈ ~~ਉਹਦੇ~~ ਉਹਦੇ ਲਈ ਇਸ ਗੁਰੂਡਮ ਨੂੰ ਕਾਇਮ ਰਖਣਾ ਬਹੁਤ ਹੀ ਜ਼ਰੂਰੀ ਸੀ । ਉਹ ਹਿੰਦੂਆਂ ਸਿੱਖਾਂ ਨੂੰ 'ਇਕ' ਦੀ ਆਪਣੀ ਸਿਖੀ ਸੇਵਕੀ ਦੇ ਨਜ਼ਰੀਏ ਤੋਂ ਵੇਖਦਿਆਂ ਹੀ ਰਖਣਾ ਚਾਹੁੰਦਾ ਸੀ ਜਿਥੇ ਵੀ ਕਿਤੇ ਉਹਨੂੰ ਮੌਕਾ ਮਿਲਿਆ ਉਨ੍ਹੇ ਇਹ ਗੱਲ ਆਖੀ ਕਿ ਸਿੱਖ ਧਰਮ ਹਿੰਦੂ ਧਰਮ ਦੀ ਸ਼ਾਖ ਹੈ,ਟਾਊਨ ਹਾਲ ਲਾਹੌਰ ਵਿਚ ਡਾਇਮੰਡ ਜੁਬਲੀ ਮਨਾਉਣ ਦੇ ਮੌਕੇ ਤੇ ਇਹ ਮਤਾ ਪੇਸ਼ ਹੋਇਆ ਕਿ ਸਿੱਖ ਹਿੰਦੂਆਂ ਦਾ ਹਿੱਸਾ ਹਨ ਤੇ ਉਨ੍ਹਾਂ ਨੂੰ ਵਖ ਕਰਨ ਦੀ ਕੋਈ ਕੋਸ਼ਿਸ਼ ਸਫਲ ਨਹੀਂ ਹੋ ਸਕਦੀ,ਬੇਦੀ ਨੇ ਇਸ ਮਤੇ ਦੀ ਪਰੋੜ੍ਹਤਾ ਕੀਤੀ ਤੇ ਕਿਹਾ ਕਿ ਦਸਵੇਂ ਗੁਰੂ ਦਾ ਖਾਲਸਾ ਸਾਜਨ ਦਾ ਮੰਤਵ ਸਿਰਫ ਸਿਖ ਧਰਮ ਚੋਂ ਘਾਟੇ ਦੂਰ ਕਰਨੇ ਸਨ[92] । ਪਰ ਆਪਣੀ ਗੁਰੂ ਪਦਵੀ ਨੂੰ ਕਾਇਮ ਰਖਣ ਲਈ ਉਨ੍ਹੇ ਤੇ ਉਹਦੇ ਚਰਣ ਸੇਵਕ ਅਵਤਾਰ ਸਿੰਘ ਵਹੀਰੀਆ ਨੇ ਬੇਹਦ ਕੋਸ਼ਿਸ਼ ਕੀਤੀ ।ਉਨ੍ਹੇ ਕਿਤੇ ਸਿਧਾ ਤੇ ਕਿਤੇ ਵਲ ਪਾ ਕੇ ਨੱਕ ਨੂੰ ਹੱਥ ਲਾਉਂਦਿਆਂ ਆਪਣੇ ਆਪ ਨੂੰ ਗੁਰੂ ਕਿਹਾ :-

(1) " ਸੋ ਬਚਨ ਇਹ ਹੈ - ਕਿ ਜੋ ਕੁਝ ਤੈਨੂੰ ਦੀਖਿਆ ਦਿਤੀ ਹੈ ਤੇ ਸਭ ਤਰ੍ਹਾਂ ਦੇ ਭੇਦ ਤੇ ਆਸ਼ੇ ਗੁਰੂ ਮਤ ਦੇ ਸਮਝਾਏ ਗਏ ਹਨ ਸੋ ਇਹ ਸਭ ਕੁਝ ਗੁਰੂ ਨਾਨਕ ਜੀ ਮਹਾਰਾਜ ਦਾ ਰਿਦਾ ਹੈ,ਜੋ ਉਨ੍ਹਾਂ ਨੂੰ ਵਾਹਿਗੁਰੂ ਅਕਾਲ ਪੁਰਖ ਜੀ ਪਾਸੋਂ ਬੀਜ ਰੂਪ ਹੋ ਕੇ ਪ੍ਰਾਪਤਿ ਹੋਇਆ, 'ਅਸੀਂ ਗੁਰੂ ਨਹੀਂ ਹਾਂ ।ਗੁਰੂ ਜੋ ਹੈ ਗੁਰੂ

91. ਭਾਈ ਅਵਤਾਰ ਸਿੰਘ ਵਹੀਰੀਆ ਸੰਪਾਦਿਤ'ਖਾਲਸਾ ਧਰਮ ਸ਼ਾਸਤ੍ਰ ਸੰਸਕਾਰ ਭਾਗ' ਸਫ਼ੇ 51-56 ;

92. ਗਿਆਨੀ ਈਸ਼ਰ ਸਿੰਘ ਨਾਰਾ'ਪੰਜਾਬ ਦਾ ਰਤਨ ਬਾਬਾ ਖੇਮ ਸਿੰਘ ਬੇਦੀ'ਸਫਾ 294 ;

ਨਾਨਕ ਸਾਹਿਬ ਜੀ ਹੈਨ ਤੇ ਉਨ੍ਹਾਂ ਦਾ ਰੂਪ ਦੱਸ ਪਾਤਸ਼ਾਹੀਆਂ ।ਤੇ ਉਨ੍ਹਾਂ ਦਾ ਰੂਪ ਹੁਣ ਗੁਰੂ ਗ੍ਰੰਥ ਸਾਹਿਬ ਜੀ । ਤੇ ਜਿਤਨੀ ਗੁਰੂ ਘਰ ਦੀ ਸਿਖੀ ਹੈ ਇਹ ਸਾਰਾ ਗੁਰੂ ਨਾਨਕ ਸਾਹਿਬ ਦਾ ਵੱਗ ਹੈ । ਮਾਲਕ ਇਸ ਵੱਗ ਦੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਹੈਨ ਜੋ ਅਸੀਂ ਵੱਗ ਛੇੜੂ ਹਾਂ ਗੁਰੂ ਨਾਨਕ ਜੀ ਆਦਿਕ ਦਸ ਪਾਤਸਾਹੀਆਂ ਅਤੇ ਉਨ੍ਹਾਂ ਦਾ ਰੂਪ ਗੁਰੂ ਗ੍ਰੰਥ ਸਾਹਿਬ ਜੀ ਨਾਲ ਸਾਡਾ ਗੁਲਾਮੀ ਦਾ ਤੇ ਸਿਖੀ ਦਾ ਦਾਹਵਾ ਹੈ ।ਅਥਵਾ ਸ੍ਰੀ ਸਤਿ ਗੁਰੂ ਨਾਨਕ ਜੀ ਦਾ ਸਬਦਾ ਦਾ ਲੰਗਰ ਚਲ ਰਿਹਾ ਹੈ ।ਯਥਾ ਗੁਰੂ ਗ੍ਰੰਥ ਜੀ ਦਾ ਬਚਨ ਹੈ ।

" ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥
ਖਰਚੇ ਦਿਤਿ ਖਸਮ ਦੀ ਆਪ ਖਹਿਦੀ ਖੈਰਿਟ ਬਟੀਐ ॥"

ਜੋ ਮਹਾਰਾਜ ਜੀ ਦੇ ਇਸ ਲੰਗਰ ਦੇ ਅਸੀਂ ਵਰਤਊਏ ਹਾਂ, ਖਸਮ ਜੋ ਗੁਰੂ ਨਾਨਕ ਜੀ ਹੈਨ ਉਨ੍ਹਾਂ ਦੀ ਸਿਲਸਲੇ ਵਾਰ ਬਖਸ਼ੀ ਹੋਈ ਦਿਤ ਨੂੰ ਅਸੀਂ ਖਰਚਦੇ ਅਰਥਾਤ ਵੰਡਦੇ ਹਾਂ ।"[93]

ਭੋਲਾ ਸਿੰਘ

ਕਿਸ ਪ੍ਰਕਾਰ ਸਿਧ ਹੋਵੇ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਗੁਰੂ ਦੀ ਲੋੜ ਦਸੀ ਹੈ ਦੇਹ ਧਾਰੀ ਗੁਰੂ ਦੀ ਹੈ ।

ਬਿਬੇਕਾ ਸਿੰਘ

ਜਗਯਾਸੂ ਅੰਧੇ ਹੈਨ ਗੁਰੂ ਗ੍ਰੰਥ ਸਾਹਿਬ ਰਸਤਾ ਦਸ ਰਹਿਆ ਹੈ ਦੇਹ ਧਾਰੀ ਗੁਰੂ ਉਂਗਲ ਫੜਕੇ ਰਸਤੇ ਪਰ ਪਾਉਣ ਵਾਲੇ ਹੈਨ ।ਨਾਮ ਮੰਤ੍ਰ ਦਾ ਬਖਸ਼ਣਾ (ਦਾਨਕਰਨਾ) ਨਾਮ ਦ੍ਰਿੜਾਉਣਾ ਕੰਨ ਵਿਚ ਮੰਤ੍ਰ ਦੇਣਾ ਰੋਮ ਰੋਮ ਦਵਾਰਾ ਭਜਨ ਹੋਣ ਵਾਲੀ ਜੁਗਤੀ ਸਿਖਲਾਣੀ ਏਹ ਸਬ ਵਾਕ ਇੰਦ੍ਰੇ ਅਰਥਾਤ ਜਿਹਬਾ ਦਵਾਰਾ ਕਰਨ ਵਾਲੇ ਕੰਮ ਤਾਂ ਦੇਹ ਧਾਰੀ ਗੁਰੂ ਨੇ ਹੀ ਕਰਨੇ ਹੈਨ ।

---

93. The Tribune, Lahore, 17.2.1897.

ਭੋਲਾ ਸਿੰਘ

ਦੇਹਧਾਰੀ ਗੁਰੂ ਦੀ ਸਰਣ ਜਾਕੇ ਨਾਮ ਸਬਦ ਮੰਤ੍ਰ ਲੈਣ ਵਿਚ ਕੋਈ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਪ੍ਰਮਾਣ ਦੇਓ ॥

ਬਿਬੇਕਾ ਸਿੰਘ

ਸੁਣੋ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਇਤਿ ਆਦਿਕ ਸੈਂਕੜੇ ਤੇ ਹਜ਼ਾਰਾਂ ਹੈਨ॥

ਜਿਸ ਵਖਰ ਕੋ ਲੈਣ ਤੂੰ ਆਇਆ ॥
ਰਾਮ ਨਾਮ ਸੰਤਨ ਘਰ ਪਾਇਆ ।
ਤਜ ਅਭਿਮਾਨ ਲੈਹੁ ਮਨ ਮੋਲ ।
ਰਾਮ ਨਾਮ ਹਿਰਦੇ ਮਹਿ ਤੋਲ ।

ਹੋਰ- ਸਾਧੂ ਕੀ ਮਨ ਓਹ ਗਹੁ ਉਕਤਿ ਸਿਆਨਪ ਤਿਆਗ ।
ਗੁਰ ਦੀਖਿਆ ਜਹਿ ਮਨ ਬਸੈ ਨਾਨਕ ਮਸਤਕ ਭਾਗ ।

ਹੋਰ- ਸੋ ਸਤਿ ਗੁਰ ਸੇਵਿਹੁ ਸਾਧ ਜਨੁ ਜਿਨ ਹਰਿ ਹਰਿ ਨਾਮ ਦ੍ਰਿੜ੍ਹਾਇਆ ॥

ਹੋਰ- ਸਤਿਗੁਰ ਮਹਾ ਪੁਰਖ ਹੈ ਪਾਰਸੁ ਜੋ ਲਾਗੈ ਸੋ ਫਲ ਪਾਵੈਗੋ ॥

ਹੋਰ- ਮੰਤਹਿ ਚਰਨ ਮੋਰਲੋ ਮਾਥਾ ।ਹਮਰੇ ਮਸਤਕ ਸੰਤ ਧਰੇ ਹਾਥਾ ॥
ਸਾਧਹਿ ਮੰਤ੍ਰ ਮੋਰਲੋ ਮਨੂਆਂ ।ਤਾਂਤੇ ਗਤਿ ਹੋਏ ਤ੍ਰੈ ਗੁਨੀਆਂ ॥

ਹੋਰ- ਛੋਡ ਸਿਆਨਪ ਬਹੁ ਚਤੁਰਾਈ ਸਾਧੂ ਸਰਣੀ ਜਾਇ ਪਾਇ ॥

ਹੋਰ- ਤਜ ਅਭਿਮਾਨੁ ਸਰਨ ਸੰਤਨ ਗਹੁ ਮੁਕਤਿ ਹੋਇ ਖਿਨ " 94

ਭੋਲਾ ਸਿੰਘ

ਤਖਤਾਂ ਗੁਰਦੁਵਾਰਿਆਂ ਬਾਬਤ ਜੋ ਆਪਨੇ ਸਮਝਾਇਆ ਸੋ ਸਮਝਿਆ ਅਰ ਮੰਨਿਆ ਪਰ ਏਹ ਦਸੋ ਕਿ ਬੇਦੀ ਆਦਿਕ ਗੁਰ ਅੰਸ ਦੇ ਤੇ ਹੋਰ ਗੱਦੀਆਂ ਵਾਲੇ ਜੋ ਅਪਣੇ ਆਪ ਨੂੰ ਗੁਰੂ ਕਹਾਉਂਦੇ ਅਤੇ ਪੰਥ ਦੇ ਲੋਕਾਂ ਪਰ ਅਪਣੀਆਂ ਹਕੂਮਤਾਂ ਜਮਾਈ ਬੈਠੇ ਹੈਨ ਖਾਲਸੇ ਨੂੰ ਅਪਣਾ ਗੁਲਾਮ ਬਣਾਕੇ ਲੁਟ ਲੁਟ ਕੇ ਪਏ ਖਾਂਦੇ ਹੈਨ।ਸੋ ਕਿਆ ਏਹ ਗਲ ਠੀਕ ਹੈ ?

94- ਭਾਈ ਅਵਤਾਰ ਸਿੰਘ ਵਹੀਰੀਆ, 'ਖਾਲਸਾ ਸੁਧਾਰ ਤਰ੍ਹਾਛੀਵਾਂ ਕਾਂਡ ਸਫੇ 13-14;

ਬਿਬੇਕਾ ਸਿੰਘ

ਗੁਰੂ ਦੀ ਲੋੜ ਬਾਰੇ ਇਕ ਲੰਮੀ ਸਾਰੀ ਸਾਖੀ ਸੁਣਾ ਕੇ ।

ਸੋ ਏਹ ਗਲ ਅਜ ਕਲ ਦੇ ਬਾਜੇ ਨੌ ਜੁਵਾਨ ਖਾਲਸਾ ਦੀ ਹੈ। ਜੋ ਕੈਂਹਦੇ ਹੈਨ ਕਿ ਗੱਦੀਆਂ ਵਾਲੇ ਗੁਰੂ ਬਣ ਕੇ ਲੁਟ ਲੁਟ ਕੇ ਪਏ ਖਾਂਦੇ ਹੈਨ ਅਰ ਹਕੂਮਤਾਂ ਕਰਦੇ ਹੈਨ ਪਰ ਏਹ ਨਹੀਂ ਜਾਣਦੇ ਜਿ ਗੱਦੀਆਂ ਵਾਲਿਆਂ ਗੁਰੂਆਂ ਦੇ ਤੁਫੈਲ ਸਿਖਾਂ ਪਰ ਹੀ ਗੁਰੂ ਕੀ ਸਿਖੀ ਦਾ ਉਪਕਾਰ ਹੋ ਰਹਿਆ ਹੈ ।ਏਹ ਜਾਣਨਾ ਚਾਹੀਦਾ ਹੈ ਕਿ ਖਾਲਸਾ ਪੰਥ ਮਾਨੋਂ ਇਕ ਬੜਾ ਮੰਦਰ (ਮਕਾਨ) ਹੈ ਤਖਤ ਗੁਰਦਵਾਰੇ ਇਸ ਮੰਦ੍ਰ ਦੀਆਂ ਨੀਆਂ ਹੈਨ ।ਗੁਰੂਆਂ ਦੀਆਂ ਗੱਦੀਆਂ ਇਸ ਮੰਦਰ ਦੇ ਥੰਮ ਹੈਨ ਅਤੇ ਹੋਰ ਗੁਣੀ ਗਿਆਨੀ ਵਿਚਾਰ ਸੀਲ ਲੋਕ ਇਸ ਮੰਦਰ ਦੇ ਵੱਲੇ ਹੈਨ ।ਤੇ ਆਮ ਸਿਖ ਸੰਗਤ ਖਾਲਸਾ ਜੀ ਉਪਰ ਦਾ ਤੇ ਹੋਰ ਸਾਰਾ ਸਾਮਾਨ ਹੈ।ਸੋ ਮਕਾਨ ਦੀ ਛਤ ਦੀਆਂ ਨੀਆਂ ਖੋਤ੍ਰ ਸਿਟੀਏ ਅਥਵਾ ਥੰਮ ਕਢ ਦੇਈਏ ਵੱਲੇ ਖਿਚ ਕਢੀਏ ਤੇ ਫਿਰ ਉਸ ਮਕਾਨ ਦੇ ਕਾਇਮ ਰਹਿਣ ਦੀ ਜੀਕੁਰ ਆਸਾ ਰਖੀਏ ਈਕੁਰ ਹੀ ਤਖਤਾਂ ਗੁਰਦੁਵਾਰਿਆਂ ਅਤੇ ਗੁਣੀਆਂ ਗਿਆਨੀਆਂ ਤੋਂ ਬਗੈਰ ਖਾਲਸਾ ਪੰਥ ਦੇ ਕਾਇਮ ਰਖਣ ਦੀ ਆਸਾ ਕਰਨ ਦੀ ਗਲ ਹੈ ।ਸੋ ਤਖਤਾਂ ਗੁਰਦੁਵਾਰਿਆਂ ਗਦੀਆਂ ਵਾਲਿਆਂ ਗੁਰੂਆਂ ਅਰ ਗੁਣੀਆਂ ਗਿਆਨੀਆਂ ਦਾ ਪੰਥ ਦੇ ਸਿਰਪ੍ਰਸਤ ਹੋਣ ਪਰ ਵਿਕਲਪ ਕਰਨਾ ਮਾਨੋ ਖਾਲਸਾ ਪੰਥ ਰੂਪੀ ਬ੍ਰਿਛ ਦੀਆਂ ਜੜ੍ਹਾਂ ਵਿਚ ਪਾਣੀ ਦੇਣ ਦੀ ਥਾਂ ਤੇਲ ਦੇਣ ਦੀ ਬਦਨੀਤੀ ਪ੍ਰਗਟ ਕਰਨਾ ਅਥਵਾ ਅਪਣੇ ਪੈਰ ਆਪ ਕੁਲਹਾੜੀ ਮਾਰਨਾ ਹੈ ।।"[95]

ਬਾਬਾ ਖੇਮ ਸਿੰਘ ਬੇਦੀ ਦੀ ਮੌਤ ਨਾਲ ਇਹ ਗੁਰੂ ਡਮ ਖਤਮ ਨਹੀਂ ਹੋਈ, ਜਿਵੇਂ ਕਿ ਕਈਆਂ ਨੇ ਲਿਖਿਆ ਹੈ, ਸਗੋਂ ਉਨ੍ਹਾਂ ਦੀ ਉਲਾਦ ਵਿਚ ਉਸੇ ਤਰ੍ਹਾਂ ਚਲ ਰਹੀ ਹੈ। ਬਾਬਾ ਖੇਮ ਸਿੰਘ ਬੇਦੀ ਦੀ ਗੁਰਿਆਈ ਦੀ ਹਮਾਇਤ ਕਰਦਿਆਂ ਭਾਈ ਅਵਤਾਰ ਸਿੰਘ ਵਹੀਰੀਆ ਨੇ ਲਿਖਿਆ ਕਿ :-

---

95. ਭਾਈ ਅਵਤਾਰ ਸਿੰਘ ਵਹੀਰੀਆ 'ਖਾਲਸਾ ਸੁਧਾਰ ਤਰੂ'ਸਤਵਾਂ ਕਾਂਡ, ਸਫੇ 240-44 ;

" ਬਾਬਾ ਗੁਰਬਖਸ਼ ਸਿੰਘ ਜੀ ਵਤ ਅਨੇਕ ਗੁਰੂ ਪੰਥ ਵਿਚ ਹਨ ਜੋ ਅਪਣੇ ਅਪਣੇ ਅਲਾਕਿਆਂ ਦੇ ਮੌਲ ਹਨ ।ਸਾਰਿਆਂ ਅਲਾਕਿਆਂ ਦੀ ਸਿਖੀ ਰੂਪੀ ਬਾਗ ਦੇ ਮਾਲਕ ਦਸ ਜਾਮੇ ਧਾਰੀ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਹਨ।ਅਤੇ ਬਾਬੇ ਗੁਰਬਖਸ਼ ਸਿੰਘ ਜੀ ਵਰਗੇ ਉਸ ਬਗੀਚੇ ਦੀ ਅਪਣੀ ਅਪਣੀ ਵਾੜੀ ਦੇ ਮਾਲੀ ਹਨ । ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਗੁਰਿਆਈ ਮਾਲਕੀ ਦੀ ਹੈ ਅਤੇ ਇਨਾਂ ਦੀ ਗੁਰਿਆਈ ਬਾਗਬਾਨੀ (ਮਾਲੀ) ਦੀ ।ਦੋਵੇਂ ਗੁਰਿਆਈਆਂ ਆਪੋ ਆਪਣੀ ਹੈਸੀਅਤ ਰਖਦੀਆਂ ਹਨ ਅਰ ਏਨਾਂ ਦੇ ਆਪੋ ਆਪਣੇ ਫਰਾਇਜ਼ ਹਨ ।

" ਤਾਤ ਪ੍ਰਯ ਏਹ ਕਿ ਬਾਬਾ ਗੁਰਬਖਸ਼ ਸਿੰਘ ਸਾਹਿਬ ਸਹੀ ਤੌਰ ਪੁਰ ਸਿਖਾਂ ਦੇ ਗੁਰੂ ਹਨ।ਜੋ ਛੋਕਰੇ ਇਨ੍ਹਾਂ ਦੀ ਗੁਰਿਆਈ ਤੋਂ ਇਨਕਾਰੀ ਹਨ ਓਹ ਅਪਣੇ ਮਾਪਿਆਂ ਤੋਂ ਪੁਛਨ ਕੇ ਬਾਬਾ ਜੀ ਦੇ ਵਡੇ ਵਡੇਰਿਆਂ ਨੂੰ ਤੁਸੀਂ ਅਤੇ ਤੁਹਾਡੇ ਵੱਡੇ ਵਡੇਰੇ ਗੁਰੂ ਮੰਨਦੇ ਆਏ ਹੋ ਕਿ ਨਹੀਂ ।"[96]

ਖਾਲਸਾ ਪੰਥ ਦੀ ਸਾਜਨਾ ਬਾਰੇ ਵੀ ਭਾਈ ਅਵਤਾਰ ਸਿੰਘ ਨੇ ਬੜੇ ਹੀ ਅਨੋਖੇ ਵਿਚਾਰ ਪੇਸ਼ ਕੀਤੇ ਹਨ :-

ਪ੍ਰਸ਼ਨ- " ਅਸੀਂ ਤਾਂ ਇਹ ਸੁਨਦੇ ਸਾਂ ਕਿ ਖਾਲਸਾ ਪੰਥ ਗੁਰੂ ਜੀ ਨੇ ਸਾਜਿਆ ਅਰ ਇਸਦੇ ਕਰਤਾ ਗੁਰੂ ਜੀ ਹਨ ਕੇਵਲ 200 ਬਰਸ ਦੇ ਅੰਦਰ ਅੰਦਰ ਹੀ ਚਿਰ ਹੋਯਾ ਹੈ ਪ੍ਰੰਤੂ ਆਪ ਇਸਦੀ ਹੋਰ ਹੀ ਸ਼ਕਲ ਦਸਦੇ ਹੋ ।

ਉਤ੍ਰ- <u>ਖਾਲਸਾ ਧਰਮ ਗੁਰੂ ਜੀ ਦਾ ਸਾਜਯਾ ਹੋਯਾ ਨਹੀਂ ਹੈ</u>

ਕਿੰਤੂ ਸਰਬ ਸ਼ਕਤੀ ਵਾਨ ਵਾਹਿਗੁਰੂ ਨੇ ਜਿਸ ਹਿਕਮਤ ਅਤੇ ਕਾਰੀਗਰੀ ਦੇ ਨਾਲ ਸਾਰੀ ਸ੍ਰਿਸ਼ਟੀ ਦੇ ਨਿਵਾਸੀਆਂ ਦਾ ਪ੍ਰਕਾਸ਼ ਕੀਤਾ ਹੈ ਉਥੇ ਹਿਕਮਤ ਅਤੇ ਕਾਰੀਗਰੀ ਨਾਲ ਹੀ ਖਾਲਸਾ ਪੰਥ ਪ੍ਰਕਾਸ਼ਤ ਹੋਯਾ ਹੈ ਅਤੇ ਕੇਵਲ 200 ਵਰਸ ਤੋਂ ਹੀ ਏਹ ਪ੍ਰਕਾਸ਼ਮਾਨ ਨਹੀਂ ਹੋਯਾ ਕਿੰਤੂ ਜਦ ਤੋਂ ਸ੍ਰਿਸ਼ਟੀ ਹੋਈ ਹੈ ਤਦ ਤੋਂ ਹੀ ਵਾਹਗੁਰੂ

---

96. ਭਾਈ ਅਵਤਾਰ ਸਿੰਘ ਵਹੀਰੀਆ, ' ਚਿਹਰਾ ਦੇਖਨ ਦਾ ਸ਼ੀਸ਼ਾ ' ਸਫੇ 65-66 ;

ਸਰਬ ਸ਼ਕਤੀਮਾਨ ਆਪਨੇ ਸਾਰਿਆਂ ਪੁਰਖਾਂ ਨੂੰ ਸਾਬਤ ਸੂਰਤ ਵਿਖੇ ਉਤਪਨ ਕਰਦਾ ਰਿਹਾ ਹੈ ਕਿੰਤੂ ਬਹੁਤਾ ਮਹਾ ਭਾਰਤ ਦੇ ਪਿਛੋਂ ਅਤੇ ਖਾਸ ਕਰਕੇ ਹੁਨ ਦੇ ਸਮੇਂ ਤੋਂ ਹੀ 200 ਬਰਸ ਤੋਂ ਪਹਲਾ ਦੇ ਜ਼ਮਾਨੇ ਪਿਛੋਂ ਜੇਹੜੇ 22 ਅਚਾਰਯ ਅਥਵਾ ਧਰਮਾਂ ਦੇ ਬਾਨੀ ਹੋਏ ਹਨ ਓਨ੍ਹਾਂ ਆਪਣੀ 2 ਗਰਜ਼ਾਂ ਨੂੰ ਪੂਰਾ ਕਰਨ ਹਿਤ ਖਾਲਸਾ ਜੀ ਦੀ ਸੂਰਤ ਉਤੇ ਬਨਾਵਟੀ ਨਸ਼ਾਨ ਲਾਕੇ ਗੁੰਮ ਕਰ ਦਿਤਾ[97] ।"

(16) "ਖਾਲਸਾ ਪੰਥ ਗੁਰੂ ਨਾਨਕ ਜੀ ਦਾ ਅਥਵਾ ਗੁਰੂ ਗੋਬਿੰਦ ਸਿੰਘ ਜੀ ਦਾ ਹੈ ਅਥਵਾ ਕਿਸਦਾ ਹੈ ?

ਖਾਲਸਾ ਪੰਥ ਇਕ ਵਾਹਗੁਰੂ ਜੀ ਦਾ ਖਾਲਸਾ ਅਰਥਾਤ ਸ਼ਾਹੀ ਪੰਥ ਹੈ, ਗੁਰੂ ਨਾਨਕ ਜੀ ਮਹਾਰਾਜ ਤੋਂ ਲੈ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਇਸ ਦੇ ਪ੍ਰਗਟ ਕਰਨ ਵਾਲੇ ਅਤੇ ਸਿਖਿਆ ਦੇਨ ਵਾਲੇ ਇਸਦੇ ਗੁਰੂ (ਉਸਤਾਦ) ਹੈਨ । ਇਸ ਲਈ ਏਹ ਵਾਹਗੁਰੂ ਜੀ ਦਾ ਖਾਲਸਾ ਹੈ[98] ।"

ਮਰਨ ਸੰਸਕਾਰ ਬਾਰੇ ਵੀ ਇਸ ਦਾ ਮਿਲਗੋਭਾ ਜਿਹਾ ਮਤ ਹੈ ਜਿਵੇਂ,

" ............ ਸੋ ਫੁਲ ਪਾਤਾਲ ਪੁਰੀ ਵਿਖੇ ਕੀਰਤਪੁਰ ਅਥਵਾ ਗੰਗਾ ਜੀ ਵਿਖੇ ਹੀ ਜੋ ਸਦੀਵ ਪੈਂਦੇ ਆਇ ਹੈਨ ਪਾਉਣੇ ਲਾਭ ਹੀ ਹੈ " ............[99] ।"

(27) " ਜੇ ਸਤਾਰਵੇਂ ਨੂੰ ਭੀ ਕੁਛ ਕਰਨਾ ਹੋਵੇ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਜੋੜ ਮੇਲ ਕਰੇ, ਅਰਦਾਸਾ ਸੁਧਾਇ ਯਥਾ ਸ਼ਕਤਿ ਸਿਖਾਂ ਸੰਤਾਂ ਅਭਯਾਗਤਾਂ ਨੂੰ ਭੋਜਨ ਛਕਾਏ, ਬੱਸਤ੍ਰ ਦੇਨ ਦੀ ਸਮਰਥਾ ਹੋਵੇ ਦੇਵੇ[100] ॥"

(28) ਸ਼ਰਾਧ ਖਿਯਾਹ ਜੋ ਕਰੇ ਸਬ ਉਤਲੀ ਅੰਕ 27 ਦੀ ਮਰਜਾਦਾ ਨਾਲ ਕਰੇ[101] ॥"

---

97. ਭਾਈ ਅਵਤਾਰ ਸਿੰਘ ਵਹੀਰਿਆ, 'ਖਾਲਸਾ ਧਰਮ ਦਰਪਨ' ਸਫਾ 38-39 ;

98. ਭਾਈ ਅਵਤਾਰ ਸਿੰਘ ਵਹੀਰਿਆ, 'ਖਾਲਸਾ ਧਰਮ ਤੱਤ ਦਰਸ਼ਨ' ਸਫਾ 43;

99. ਉਹੀ ਸਫਾ 124;

100. ਉਹੀ ਸਫਾ 127

101 ਉਹੀ ਸਫਾ 127 ;

ਇਸ ਦੇ ਟਾਕਰੇ ਦੇ ਗੁਰਮਤ ਅਨੁਸਾਰ ਸਿਖ ਰਹਿਤ ਮਰਯਾਦਾ ਵੀ ਵੇਖ ਲੈਣੀ ਜ਼ਰੂਰੀ ਹੈ :-

"(ਕ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸ਼ਰਾਧ, ਬੁਢਾ ਮਰਨਾ ਆਦਿ ਕਰਨਾ ਮਨਮਤ ਹੈ ।ਅੰਗੀਠੇ ਵਿਚੋਂ ਫੁਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾਕੇ ਪਾਣੇ ਮਨਮਤ ਹੈ " (ਸਿੱਖ ਰਹਿਤ ਮਰਯਾਦਾ, ਸ਼੍ਰ. ਗੁ. ਪ੍ਰ. ਕ. ਅੰਮ੍ਰਿਤਸਰ)

" (4) ਮ੍ਰਿਤਕ ਦੇਹ ਦੀ ਬਿਭੂਤੀ (ਰਾਖ, ਮਲਵਾ) ਠੰਡੀ ਹੋਣੇ ਪਰ ਦੇਸ ਕਾਲ ਅਨੁਸਾਰ ਹਡੀਆਂ ਸਮੇਤ ਇਕੱਠੀ ਕਰਕੇ ਜਲ ਪ੍ਰਵਾਹ ਕਰ ਦਿਓ ਤਥਾ ਨੇੜੇ ਦੇ ਨਹਿਰ ਨਦੀ ਛੰਭ ਆਦਿ ਵਿਚ ਸੁਟੋ ਜਾਂ ਕਿਸੀ ਥਾਂ ਯੋਗ ਪ੍ਰਬੰਧ ਕਰੋ ।ਪਰੰਤੂ ਗੰਗਾ ਆਦਿ ਹਡੀਆਂ ਚੁਕੀ ਫਿਰਨਾ ਜਾਂ ਧਰਤੀ ਵਿੱਚ ਗੱਡ ਕੇ ਉਸ ਪਰ ਸਮਾਧਾਂ, ਅੰਗੀਠੇ ਆਦਿ ਬਣੌਣੇ ਭਾਰੀ ਮਨਮਤ ਹੈ ਅਰ ਮੜ੍ਹੀਆਂ ਪੂਜਣਾ ਪੱਤਤ ਕਰਮ ਹੈ।" (ਖਾਲਸਾ ਸੰਸਕਾਰ ਵਿਧੀ, ਪੰਚ ਖਾਲਸਾ ਦੀਵਾਨ )

ਭਾਈ ਅਵਤਾਰ ਸਿੰਘ ਵਹੀਰੀਆ ਨੇ ਰਵਾਇਤਾਂ, ਗ੍ਰੰਥ, ਪੁਸਤਕਾਂ, ਤੀਰਥਾਂ, ਅਵਤਾਰ ਅਤੇ ਤਿਓਹਾਰਾਂ ਦੀ ਸਾਂਝ ਦਸਕੇ ਆਪਣੇ ਮਤ ਦੀ ਪਰੋੜਤਾ ਕੀਤੀ ਕਿ ਸਿਖ ਹਿੰਦੂ ਹਨ, ਅਵਤਾਰਾਂ ਦੀ ਹੋਂਦ ਵੀ ਉਹਨੇ ਗੁਰਮਤ ਅਨੁਸਾਰ ਹੀ ਦੱਸੀ :-

" <u>ਅਵਤਾਰਾਂ</u> ਦਾ ਹੋਣਾ ਭੀ ਸਿਖ ਧਰਮ ਵਿਚ ਮੰਨਿਆ ਹੈ। ਸ੍ਰੀ ਗੁਰੂ ਨਾਨਕ ਜੀ ਮਹਾਰਾਜ ਆਦਿਕ ਦਸ ਅਵਤਾਰ ਆਪਣੇ ਹਨ ਅਰ ਚਵੀਆਂ ਵਿਚੋਂ ਹਿੰਦੂਆਂ ਦੇ ਦਸਾਂ ਅਵਤਾਰਾਂ ਨੂੰ ਭੀ ਗੁਰਮਤ ਵਿਚ ਮੰਨਿਆ ਹੈ ਯਥਾ ਬਚਨ "ਇਨ ਮੈਂ ਸ੍ਰੇਸ਼ਟ ਸੁ ਦਸ ਅਵਤਾਰਾ ।ਜਿਨ ਮੈਂ ਰਮਿਆ ਰਾਮ ਹਮਾਰਾ " ਅਵਤਾਰਾਂ ਤੋਂ ਇੰਨਕਾਰ ਕਰਨਾ ਪ੍ਰਮੇਸ਼ਰ ਜੀ ਦੇ ਗੁਰੂ ਅਵਤਾਰਾਂ ਤੇ ਇਨਕਾਰ ਹੈ," ਜੋਤ ਰੂਪ ਹਰਿ ਆਪ ਗੁਰੂ ਨਾਨਕ ਕਹਾਇਓ " ਜਦ ਏਹ ਅਵਤਾਰ ਹਨ ਤਾਂ ਰਾਮ ਕ੍ਰਿਸ਼ਨ ਭੀ ਸਹੀ ਅਵਤਾਰ ਹਨ ।" [102]

---

102. ਭਾਈ ਅਵਤਾਰ ਸਿੰਘ ਵਹੀਰੀਆ, 'ਸਿੱਖਾਂ ਦੇਖਨ ਦਾ ਸ਼ੀਸ਼ਾ', ਸਫਾ 41;

ਭਾਈ ਅਵਤਾਰ ਸਿੰਘ ਵਹੀਰੀਆ ਦੀ ਸਾਰੀ ਲੇਖਣੀ ਦਾ ਤਾਤ ਪਰਜ ਇਹ ਹੈ ਕਿ 'ਖਾਲਸਾ ਕੌਮ ਕਰਕੇ ਸਨਾਤਨ ਤ੍ਰੀਕੇ ਦਾ ਅਸਲ ਹਿੰਦੂ ਹੈ,ਮਜ਼ਬ ਕਰਕੇ ਸਿੱਖ ਹੈ ਬਾਣੇ ਕਰਕੇ ਖਾਲਸਾ ਸਿੰਘ ਹੈ ।ਜੇ ਕਰ ਹਿੰਦੂਆਂ ਦੀ ਕੌਮ ਇਕ ਫੁਲਵਾੜੀ ਹੈ ਤਾਂ ਫੁਲ ਖਾਲਸਾ ਹੈ,ਹਿੰਦੂਆਂ ਦੀ ਕੌਮ ਬਗੀਚਾ ਹੈ ਤਾਂ ਫਲ ਖਾਲਸਾ ਹੈ,ਹਿੰਦੂ ਮਾਲਾ ਹੈ ਤਾਂ ਖਾਲਸਾ ਮੇਰੂ ਹੈ ।ਹਿੰਦੂ ਦੇਹ ਹੈ ਤਾਂ ਖਾਲਸਾ ਨੱਕ ਹੈ।ਹਿੰਦੂ ਕੌਮ ਰਾਜਾ ਹੈ ਤਾਂ ਖਾਲਸਾ ਮੁਕਟ ਮਵੀ ਅਰਥਾਤ ਸਿਰਤਾਜ ਹੈ ।ਜੇ ਹਿੰਦੂ ਕੌਮ ਛਤ੍ਰ ਪਤੀ ਹੈ ਤਾਂ ਖਾਲਸਾ ਛਤ੍ਰ ਹੈ ।ਹਿੰਦੂ ਬਸਤ੍ਰ ਹੈ ਤਾਂ ਖਾਲਸਾ ਕਿਨਾਰੀ ਹੈ।ਹਿੰਦੂ ਕੌਮ ਮੰਦਰ ਹੈ ਤਾਂ ਖਾਲਸਾ ਕਲਸ ਹੈ।ਹਿੰਦੂ ਕੌਮ ਮੁੰਦ੍ਰੀ ਹੈ ਤਾਂ ਖਾਲਸਾ ਨਗੀਨਾ ਹੈ[103] ।"

ਧਾਰਮਿਕ ਵਾਦ-ਵਿਵਾਦ ਵਾਰਤਕ ਰਾਹੀਂ ਹੀ ਲੜਿਆ ਜਾ ਸਕਦਾ ਸੀ ਕਿਉਂਕਿ ਇਸ ਵਿਚ ਦੂਜੇ ਦੀ ਦਲੀਲ ਕੱਟ ਕੇ ਆਪਣੀ ਨੂੰ ਮਨਵਾਉਣਾ ਹੁੰਦਾ ਹੈ,ਇਸ ਲਈ ਇਸ ਕਲਮੀ ਲੜਾਈ ਨੇ ਜਿਥੇ ਵਿਰੋਧੀ ਧੜਿਆਂ ਦੇ ਵਿਦਵਾਨਾਂ ਨੂੰ ਵਧ ਤੋਂ ਵਧ ਗਿਆਨ ਹਾਸਲ ਕਰਨ ਵਾਲੇ ਰਾਹ ਪਾਇਆ ਉਥੇ ਪੰਜਾਬੀ ਵਾਰਤਕ ਦੀ ਇੰਨੀ ਤੇਜ਼ੀ ਨਾਲ ਤਰੱਕੀ ਕੀਤੀ ਕਿ ਕੁਝ ਸਾਲਾਂ ਵਿਚ ਹੀ ਇਹ ਆਪਣਾ ਪਿਛਲਾ ਖਪਾ ਪੂਰਾ ਕਰਕੇ ਦੂਜੀਆਂ ਆਧੁਨਿਕ ਬੋਲੀਆਂ ਦੇ ਬਰਾਬਰ ਆ ਖੜੀ ਹੋਈ ਤੇ ਵਾਦ-ਵਿਵਾਦ ਦੀ ਇਹ ਪੰਜਾਬੀ ਸਾਹਿਤ ਨੂੰ ਸਭ ਤੋ ਵੱਡੀ ਦੇਣ ਹੈ ।ਇਹਦਾ ਵਿਕਾਸ ਵੇਖਣ ਲਈ ਕੁਝ ਚੋਣਵੀਆਂ ਮਿਸਾਲਾਂ ਦਿਤੀਆਂ ਜਾਂ ਦੀਆਂ ਹਨ:-

## ਸਿਖਾਂ ਦਾ ਸੁਕਰਾਤ

'ਮੈਂ' ਹਾਂ ਔਰ ਬਸ' ਮੈਂ' ਹੀ ਹਾਂ ।ਜਗਤ ਦੇ ਵਿਚ ਮੇਰਾ ਮੁਕਾਬਲਾ ਕਰਨ ਵਾਲਾ ਕੌਣ ਹੈ ? ਕੌਣ ਹੈ,ਜੋ ਮੇਰਾ ਸਾਹਮਣਾ ਕਰੇ ।ਸਿਆਣਪ ਦਾ ਅਕਲ ਦਿਮਾਗ਼,ਚਾਤੁਰਤਾ ਤੇ ਸਿਆਣਪ ਦਾ ਗੁਪਤ ਖਜ਼ਾਨਾ ਮੇਰੇ ਪੁਰ ਹੀ ਖੁਲ੍ਹਿਆ ਹੈ।ਪੰਥ ਦੀਆਂ ਬੀਮਾਰੀਆਂ ,ਉਨ੍ਹਾਂ ਦੀ ਪ੍ਰੀਖਤਾ (ਤਸ਼ਖ਼ੀਸ਼) ਅਰ ਇਲਾਜ ਦੇ ਨੁਸਖੇ ਮੈਥੋਂ ਛੁਟ ਕੌਣ ਜਾਣ ਸਕਦਾ ਹੈ ?ਡਾਕਟਰ

---

103. ਭਾਈ ਅਵਤਾਰ ਸਿੰਘ ਵਹੀਰੀਆ' ਖਾਲਸਾ ਸੁਧਾਰ ਤਰੂ'ਪਹਿਲੀ ਸੈਂਚੀ,ਸਫਾ 74 ।

ਕਹੋ,ਮੈਂ ਹਾਂ ਪਰ ਖਾਲਸਾ ਕੌਮ ਦਾ ।ਗੂੜ੍ਹਾ ਭੇਤੀ ਕਹੋ,ਮੈਂ ਹਾਂ,ਖਾਲਸਾ ਧਰਮ ਦੇ ਗੁਝੇ ਅਸੂਲਾਂ ਦਾ ।ਕਿਉਂ ? ਪੰਜਾਹ ਵਰੇ ਤੋਂ ਮਗਰਲੀ ਅਠ ਸਾਲ ਦੇ ਲਗ ਭਗ ਦੀ ਉਮਰ ਮੈਂ ਸਿਖ ਪੰਥ ਦੀ ਸੇਵਾ ਵਿਚ ਬਿਤਾਈ,ਅਰ ਹੁਣ ਤਕ ਬਿਤਾ ਰਿਹਾ ਹਾਂ,ਪਹਲੇ ਪੰਜਾਹ ਸਾਲ ਵੀ ਕੋਈ ਤੂੜੀ ਨਹੀਂ ਵੇਚਦਾ ਰਿਹਾ,ਖਾਲਸਾ ਧਰਮ ਦੇ ਪੁਸਤਕ ' ਮੁਤਾਲਿਆ ਕੀਤੇ ' (ਵਿਚਾਰੇ), ਵਹੀਰ ਮੈਂ ਹੀ ਬਣਾ ਕੇ ਕਵੀ,ਪਰ ਚਲਦੀ ।ਸੰਤ ਹਾਂ,ਤਾਂ 'ਮੈਂ ਹਾਂ',ਗੁਰ ਦੀਖ੍ਯਤ ਹਾਂ, ਤਾਂ 'ਮੈਂ ਹਾਂ ' ਸਿਖ ਹਾਂ ਤਾਂ 'ਮੈਂ ਹਾਂ' ਗੁਰੂ ਬਰਕਤ ਦਾ ਪ੍ਰਾਪਤ ਕਰਨ ਵਾਲਾ ਹਾਂ ਤਾਂ 'ਮੈਂ ਹਾਂ' ਗਲ ਕੀ ਜੋ ਕੁਛ ਹਾਂ,ਬਸ ਮੈਂ ਹਾਂ,ਅਰ ਕੇਵਲ 'ਮੈਂ ਹਾਂ ' ।ਭਾਈ ਮਨੀ ਸਿੰਘ ਜੀ ਅਰ ਭਾਈ ਗੁਰਦਾਸ ਜੀ ਵਰਗੀ ਬੁਧੀ ਦੇ ਚਮਤਕਾਰੇ ਮੈਨੂੰ ਹੋਏ ਹਨ ।..........।"

(ਅਵਤਾਰ ਸਿੰਘ ਵਹੀਰੀਆ ਬਾਰੇ )

ਸ੍ਰੀਮਾਂਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅੰਮ੍ਰਿਤਸਰ ਪੰਜਾਬੀ ਦੇ ਉਚ ਵਿਦ ਵਾਂਨ ,ਕਾਵ,ਤੇ ਕੋਮਲ ਭਾਵਾਂ ਦੇ ਬੜੇ ਸੁੰਦ੍ਰ ਚਿਤਰਕਾਰ ਹਨ ਜਿਨ੍ਹਾਂ ਦੀ ਵਿਦਿਆ ਦਾ ਸਾਡੇ ਚਿੱਤਾਂ ਵਿੱਚ ਖਾਸ ਮਾਣ ਹੈ,ਪ੍ਰੰਤੂ ਇਤਨੀ ਵਿਦਿਆ ਦੇ ਹੁੰਦਿਆਂ ਹੋਇਆ ਭਾਈ ਸਾਹਿਬ ਜੀ ਜਿਥੇ ਇਕ ਉਚ ਵਿਦਵਾਨ ਹਨ ਉਥੇ ਨਾਲ ਲਗਦੇ ਬੜੇ ਉਚ ਈਰਖਾਲੂ ਬੀ ਹਨ।ਇਨ੍ਹਾਂ ਦੀ ਖਾਹਿਸ਼ ਸਦਾ ਇਹੋ ਰਹਿੰਦੀ ਹੈ ਕਿ ਸਾਡੇ ਨਾਲੋਂ ਵਧ ਮਾਨ ਪ੍ਰਤਿਸ਼ਟਾ ਪੰਥ ਵਿਚ ਹੋਰ ਕਿਸੇ ਦੀ ਨਾ ਹੋਵੇ ਤੇ ਕੌਮ ਦਾ ਦਿਲ ਤੇ ਦਿਮਾਗ ਸਦਾ ਇਨ੍ਹਾਂ ਦਾ ਹੀ ਮੁਹਤਾਜ ਰਹੇ ਪਰੰਤੂ ਇਹ ਕੁਦਰਤੀ ਹੈ ਕਿ ਜੋ ਇਕ ਵਿਦਵਾਨ ਆਪ ਨਾਲੋਂ ਵਿਦਿਆ ਵਿਚ ਉਚ ਵਿਦਵਾਨ ਹੈ ਉਸਦੀ ਇਜ਼ਤ ਵਡਿਆਈ ਆਪ ਨਾਲੋਂ ਪੰਥ ਵਿਚ ਵਧ ਜਾਣੀ ਸਧਾਰਨ ਗਲ ਹੈ, ਪਰ ਇਹ ਇਤਨੀ ਗਲ ਬਰਦਾਸ਼ਤ ਨਾ ਕਰਦੇ ਹੋਏ ਅਪਨੇ ਪੁਰਾਨੇ ਈਰਖਾਲੂ ਸੁਭਾਵਾਂ ਪਰ ਉਤਰ ਔਂਦੇ ਹਨ ਤੇ ਉਸ ਨੂੰ ਹਰ ਇਕ ਢੰਗਾਂ ਦੇ ਅਨੁਸਾਰ ਜਿਥੋਂ ਤਕ ਭੀ ਇਨਾ ਦਾ ਵਸ ਲਗੇ ਦੂਸਰੇ ਦੀ ਮਾਂਨ ਪ੍ਰਤਿਸ਼ਟਾ ਦੇ ਘਟੌਣ ਲਈ ਹਰ ਇਕ ਤਰੀਕਾ ਵਰਤਦੇ ਹਨ ਤੇ ਢੰਗ ਉਹ ਵਰਤਦੇ ਹਨ ਜਿਸਤੋਂ ਕਿ ਆਪ ਜਾਹਰਾ ਤੌਰ ਤੇ ਪਬਲਕ ਵਿੱਚ ਜਾਹਰ ਨਾਂ ਹੋਣ ਤੇ ਇਸੇ ਇਰਾਦੇ ਨਾਲ ਹੀ ਇਹ ਗੁਰਪਾਲ ਸਿੰਘ ਅਗੇ ਕੀਤਾ ਗਿਆ ਹੈ ਸੋ ਮੈਂ ਹੁਣ ਗੁਰਪਾਲ ਸਿੰਘ ਨੂੰ ਹੀ ਸਿਧਾ ਉਸਦੇ ਕੀਤੇ ਹੋਏ ਵਾਰਾਂ ਦਾ ਕਰਮ ਵਾਰ ਭਾਂਡਾ ਭੰਨਕੇ ਪਾਠਕਾਂ ਦੀ ਦਰਿਸ਼ਟੀ ਗੋਚਰ ਕਰਾਂਗਾ ।

ਕਾਂਡ- ਚੌਥਾ

# ਗਿਆਨਮਈ ਸਾਹਿਤ

- ਧਰਮ ਸੁਧਾਰ
- ਸਿਖ ਇਤਿਹਾਸ
- ਟੀਕੇ
- ਸਮਾਜ-ਸੁਧਾਰ
- ਪਤਰ, ਟ੍ਰੈਕਟ, ਪੈਂਫਲਟ ਆਦਿ

## ਗਿਆਨਮਈ ਸਾਹਿਤ

ਪੈਰਾ ਸ਼ੁਰੂ

ਸਿੰਘ ਸਭਾ ਲਹਿਰ ਦਾ ਮੁਖ ਮੰਤਵ ਸਿੱਖਾਂ ਦੀ ਵਖਰੀ ਹਸਤੀ ਮਨਵਾਉਣਾ ਤੇ ਉਹਨੂੰ ਕਾਇਮ ਰਖਣਾ ਸੀ । ਇਹਦੇ ਲਈ ਜ਼ਰੂਰੀ ਸੀ ਕਿ ਸਿੱਖ ਧਰਮ ਤੋਂ ਬ੍ਰਾਹਮਣਵਾਦ ਦੀ ਛੱਟ ਲਾਹੀ ਜਾਏ । ਇਹਦੇ ਵਿਚੋਂ ਉਹ ਰੀਤਾਂ ਰਸਮਾਂ ਕਢੀਆਂ ਜਾਣ ਜਿਹੜੀਆਂ ਗੁਰਮਤ ਦੇ ਵਿਰੁਧ ਸਨ ਤੇ ਇਸ ਚੋਂ ਮੁਲੰਮਾ ਕਢ ਕੇ ਸ਼ੁਧ ਅਕਾਲੀ ਧਰਮ ਬਣਾਇਆ ਜਾਏ । ਸਿੱਖਾਂ ਨੂੰ ਆਪਣੇ ਖਾਲਸ ਧਰਮ ਵਿਚ ਪੱਕਿਆਂ ਕਰਨ ਨਾਲ ਹੀ ਗੱਲ ਮੁੱਕ ਨਹੀਂ ਸੀ ਜਾਂਦੀ ਸਗੋਂ ਇਸ ਵਖਰੀ ਹਸਤੀ ਨੂੰ ਕਾਇਮ ਰਖਣਾ ਤੇ ਇਹਦੀ ਤਰੱਕੀ ਲਈ ਰਾਹ ਸਾਫ਼ ਕਰਨਾ ਬਹੁਤ ਜ਼ਰੂਰੀ ਸੀ । ਉਹ ਅੰਗਰੇਜ਼ਾਂ ਦੇ ਗੁਲਾਮ ਹੋਕੇ ਤੇ ਇਸ ਗੁਲਾਮੀ ਦੇ 'ਭਾਣੇ' ਨੂੰ ਮੰਨ ਕੇ ਹਥਿਆਰ ਨਾਲ ਦੂਜੇ ਨੂੰ ਅਧੀਨ ਕਰ ਲੈਣ ਦੀ ਤਾਂ ਸੰਭਾਵਨਾ ਹੀ ਗੁਆ ਬੈਠੇ ਸਨ । ਹੁਣ ਹਿੰਦੂਆਂ ਮੁਸਲਮਾਨਾਂ ਤੇ ਰਾਜ ਕਰਨਾ ਤਾਂ ਇਕ ਪਾਸੇ ਰਿਹਾ ਜੇ ਉਹ ਆਪਣੇ ਆਪ ਨੂੰ ਉਨ੍ਹਾਂ ਤੋਂ ਬਚਾ ਸਕਦੇ ਸਨ ਤਾਂ ਸਿਰਫ਼ ਗਿਆਨ ਹੀ ਅਜਿਹਾ ਹਥਿਆਰ ਸੀ ਜਿਹੜਾ ਉਨ੍ਹਾਂ ਦੇ ਕੰਮ ਆ ਸਕਦਾ ਸੀ । ਗਿਆਨ ਨਾਲ ਹੀ ਉਹ ਆਪਣੇ ਧਰਮ ਚੋਂ ਬ੍ਰਾਹਮਣੀ ਖੋਟ ਨੂੰ ਕਢ ਸਕਦੇ ਸਨ, ਇਹਦੇ ਨਾਲ ਹੀ ਉਹ ਦੂਜਿਆਂ ਧਰਮਾਂ ਵਲੋਂ ਹੋਏ ਹਮਲਿਆਂ ਨੂੰ ਪਛਾੜ ਸਕਦੇ ਸਨ, ਇਹਦੇ ਨਾਲ ਹੀ ਉਹ ਹਮ- ਮਜ਼ਹਬਾਂ ਦਾ ਆਪਣੇ ਧਰਮ ਵਿਚ ਵਿਸ਼ਵਾਸ ਪੱਕਾ ਕਰ ਸਕਦੇ ਸਨ, ਇਹਦੇ ਨਾਲ ਹੀ ਨੌਕਰੀਆਂ ਦੀ ਬਾਂਦਰ-ਵੰਡ ਚੋਂ ਆਪਣੇ ਲਈ ਵਧ ਤੋਂ ਵਧ ਹਿੱਸਾ ਲੈ ਕੇ ਆਪਣੇ ਧਰਮ-ਭਰਾਵਾਂ ਦੀ ਵਧ ਤੋਂ ਵਧ ਸਹਾਇਤਾ ਕਰਕੇ ਸਰਕਾਰੇ ਦਰਬਾਰੇ ਤੇ ਸਮਾਜ ਵਿਚ ਸਿੱਖਾਂ ਨੂੰ ਮਾਨ ਭਰਪੂਰ ਥਾਂ ਦੁਆ ਸਕਦੇ ਸਨ। ਇਸ ਲਈ ਇਸ ਉਦੇਸ਼ ਦੀ ਪੂਰਤੀ ਲਈ ਸਿੰਘ ਸਭਾ ਲਹਿਰ ਦੇ ਅਸਰ ਹੇਠ ਬਹੁਤ ਸਾਰਾ ਤੇ ਕਈ ਕਿਸਮਾਂ ਦਾ ਸਾਹਿਤ ਰਚਿਆ ਗਿਆ ।

ਜਿਥੇ ਵਖ ਵਖ ਵਿਸ਼ਿਆਂ ਤੇ ਪੁਸਤਕਾਂ ਲਿਖੀਆਂ ਗਈਆਂ ਉਥੇ ਈਸਾਈਆਂ, ਬ੍ਰਹਮੋ ਸਮਾਜੀਆਂ, ਮੁਸਲਮਾਨਾਂ, ਆਰੀਆ ਸਮਾਜੀਆਂ ਵਾਂਗ ਹੀ ਇਸ ਮੈਦਾਨ ਵਿਚ ਪੱਤਰਕਾਰੀ ਨੂੰ ਵੀ ਵਰਤਿਆ ਗਿਆ । ਅਸਲ ਵਿਚ ਪੰਜਾਬੀ ਪੱਤ੍ਰਕਾਰੀ ਦਾ ਮੁੱਢ ਬੱਝਾ ਹੀ ਸਿੰਘ ਸਭਾ ਲਹਿਰ ਦੇ ਅਸਰ ਹੇਠ ਸੀ ਤੇ ਮੋਢੀ ਪੱਤ੍ਰਕਾਰ ਭਾਈ ਗੁਰਮੁਖ ਸਿੰਘ ਹੀ ਸਨ ਜਿਹੜੇ ਕਿ ਸਿੰਘ ਸਭਾ ਦੇ

ਅਣਥੱਕ ਮੋਢੀਆਂ ਵਿਚੋਂ ਇਕ ਸਨ ਤੇ ਜਿਨ੍ਹਾਂ ਨੇ ਨਵੰਬਰ 1880 ਈ: ਵਿਚ ਸਪਤਾਹਕ 'ਗੁਰਮੁਖੀ ਅਖਬਾਰ' ਜਾਰੀ ਕੀਤਾ ਜਿਸਦੇ ਉਹ ਆਪ ਹੀ ਮਾਲਕ ਤੇ ਐਡੀਟਰ ਸਨ। ਭਾਵੇਂ ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ'(1867), ਸੁਕਵਿ ਸੰਬੋਧਨੀ (1875) ਅਖਬਾਰ ਕਾਵਯ ਚੰਦ੍ਰੋਦਯ (1876) ਤੇ ਅਕਾਲ ਪ੍ਰਕਾਸ਼ (1876), ਜਾਰੀ ਹੋ ਚੁਕੇ ਸਨ। ਇਹ ਅਖਬਾਰ ਭਾਵੇਂ ਛਪਦੇ ਪੰਜਾਬੀ ਵਿਚ ਸਨ ਪਰ ਇਨ੍ਹਾਂ ਦੀ ਬੋਲੀ ਹਿੰਦੀ ਸੀ, ਜਿਵੇਂ,

> " ਸਰਬ ਪ੍ਰੇਮੀ ਗੁਰ ਸਿਖੋਂ, ਰਸਿਕ ਜਨੋਂ, ਪਰ ਪ੍ਰਗਟ ਹੋ ਕਿ ਗੁਰਮੁਖੀ ਤਥਾ ਦੇਵਨਾਗਰੀ ਦੋਨੋਂ ਭਾਖਾਂ ਮੇਂ ਯਹ ਸੁਕਬਿ ਸੰਬੋਧਨੀ ਨਾਮ ਮਾਸਕ ਪਤ੍ਰਿਕਾ ਪ੍ਰਤਿ ਮਾਸ ਛਪਣੀ ਆਰੰਭ ਹੁਈ ਹੈ। ਇਸ ਮੇਂ ਭਗਵਤ ਭਕਤੀ ਕੀ ਮਹਿਮਾਂ, ਸ੍ਰੀ ਸਿੰਘ ਮਤ ਕੇ ਪ੍ਰਮਾਣੀਕ ਪਵਿਤ੍ਰ ਪੁਸਤਕ ਔਰ ਸਤਿਗੁਰ ਸਾਖੀ ਤਥਾ ਉਪਮਾ ਕੇ ਗ੍ਰੰਥ, ਕਾਵਯ ਸ਼ਾਸ਼ਤ੍ਰ ਔਰ ਮਾਨਸੀ ਵਿਦਯਾ ਔਰ ਇਸਤ੍ਰੀ ਸਿਖਯਾ ਕੇ ਪ੍ਰਬੰਧ ਕਭੀ ਕਭੀ ਦੇਸ਼ ਤਥਾ ਵਰਤਮਾਨ ਰਾਜਯ ਕੇ ਵਿਸ਼ਯੋਂ ਕਾ ਵਰਣਨ, ਇਤਯਾਦਿ ਸਭੇ ਕ੍ਰਮ ਕ੍ਰਮ ਸੇ ਪ੍ਰਕਾਸ਼ਤ ਹੋਤਾ ਰਹੇਗਾ। ਦਾਮ 3) ਸਾਲੀਆਨਾ ਅਗਾਊਂ।"[1]

ਇਸੇ ਤਰ੍ਹਾਂ ਹੀ 'ਅਖਬਾਰ ਸ੍ਰੀ ਦਰਬਾਰ ਸਾਹਿਬ'(1867 ਈ.) ਦੀ ਬੋਲੀ ਵੀ ਪੰਜਾਬੀ ਨਾਲੋਂ ਹਿੰਦੀ ਦੇ ਵਧੇਰੇ ਨੇੜੇ ਸੀ ਤੇ ਇਹਦੇ ਐਡੀਟਰ ਤੇ ਪਰਬੰਧਕ ਇਸ ਰਾਹੀਂ ਹਿੰਦੂ ਧਰਮ ਦਾ ਪਰਚਾਰ ਕਰਦੇ ਸਨ। ਪਰ 'ਪੰਜਾਬੀ ਪੱਤਰ ਕਲਾ ਦੇ ਮੈਦਾਨ ਵਿਚ ਸ਼ੁਧ ਪੰਜਾਬੀ ਦਾ ਇਹ (ਗੁਰਮੁਖੀ ਅਖਬਾਰ) ਪਹਿਲਾ ਪਰਚਾ ਸੀ।"[2] ਸਿੰਘ ਸਭਾ ਲਹਿਰ ਦੇ ਪਰਚਾਰ ਲਈ ਹੋਰ ਵੀ ਕਈ ਪੱਤਰ ਨਿਕਲੇ ਜਿਵੇਂ, ਵਿਦਿਆਰਕ ਪੰਜਾਬ, ਸੁਧਾਰਾਰਕ, ਖਾਲਸਾ ਅਖਬਾਰ, ਖਾਲਸਾ ਸਮਾਚਾਰ ਆਦਿ।

ਸਿੰਘ ਸਭਾ ਦੇ ਆਸ਼ਿਆਂ ਦੀ ਪੂਰਤੀ ਲਈ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ (1894 ਈ.) ਸਵਦੇਸ਼ ਭਾਸ਼ਾ ਪ੍ਰਚਾਰਕ ਲੜੀ ਤਰਨਤਾਰਨ, ਮਨਮਤ ਪ੍ਰਹਾਰ ਲੜੀ ਰਾਹੀਂ ਵਖ ਵਖ ਕਿਸਮਾਂ ਦੇ ਟ੍ਰੈਕਟ ਛਪਦੇ ਰਹੇ।

---

1. ਡਾ. ਬਲਬੀਰ ਸਿੰਘ, ' ਸ੍ਰੀ ਚਰਣ ਹਰਿ' ਵਿਸਥਾਰ, ' ਪਹਿਲੀ ਵਾਰ, ਦਸੰਬਰ 1957 ਸਫਾ 75;
2. ਪੰਜਾਬੀ ਪੱਤਰ ਕਲਾ, ਮਹਿਕਮਾ ਪੰਜਾਬੀ, ਪਟਿਆਲਾ ਪਹਿਲੀ ਵਾਰ 1953 ਸਫਾ 18;

ਸੋ ਸਿੰਘ ਸਭਾ ਲਹਿਰ ਦੇ ਨਿਸ਼ਾਨਿਆਂ ਨੂੰ ਸਾਹਮਣੇ ਰਖ ਕੇ ਪੁਸਤਕਾਂ, ਪੱਤਰਾਂ, ਟੈਕਟਾਂ ਆਦਿ ਰਾਹੀਂ ਗਿਆਨ ਸਾਹਿਤ ਦੀ ਸਿਰਜਣਾ ਹੋਈ ।

ਸਿਖਾਂ ਨੇ ਆਪਣੇ ਧਰਮ ਨੂੰ ਪਾਕ ਸਾਫ ਕਰਨ ਲਈ ਇਸ ਵਿਚ ਆ ਰਲੀਆਂ ਬ੍ਰਾਹਮਣੀ ਰਸਮਾਂ ਨੂੰ ਇਸ ਵਿਚੋਂ ਕਢਣਾ ਸੀ ।ਇਹ ਬ੍ਰਾਹਮਣੀ ਅਸਰ ਇਥੋਂ ਤਕ ਆ ਚੁਕਿਆ ਸੀ ਕਿ ਸਿੱਖ ਗੁਰਬਾਣੀ ਦੇ ਵਖ ਵਖ ਸ਼ਬਦਾਂ ਤੋਂ ਵਖ ਵਖ ਕਿਸਮ ਦੇ ਮਨ ਦੇ ਮਨੋਰਥ ਪੂਰੇ ਕਰਨ ਲਗ ਪਏ ਸਨ।ਅਜਿਹੇ ਕਰਨ ਨੂੰ ਸਿਖ ਧਰਮ ਤੇ ਗੁਰਮਤ ਅਨੁਸਾਰ ਬਣਾਉਣ ਲਈ ਇਹੋ ਜਹੀਆਂ ਸਾਖੀਆਂ ਘੜ ਲਈਆਂ ਹੋਈਆਂ ਸਨ :-

> " ਇਕ ਸਮੇਂ ਭਾਈ ਮਨੀ ਸਿੰਘ ਜੀ ਪਾਸ ਸਿਖਾਂ ਅਰਦਾਸ ਕੀਤੀ ਜੋ ਵੇਦਾਂ ਸ਼ਾਸ਼ਤ੍ਰਾਂ ਅਰ ਮੁਸਲਮਾਨੀ ਪੁਸਤਕਾਂ ਵਿਚ ਆਪਣੇ ਅਰਥ ਸਿਧੀ ਲਈ ਜੰਤ੍ਰ ਮੰਤ੍ਰ ਅਰ ਕਲਾਮਾਂ ਲਿਖੀਆਂ ਹਨ, ਅਸਾਂ ਨੂੰ ਭੀ ਰੀਸ ਆਂਵਦੀ ਹੈ ਸੋ ਅਸੀਂ ਭੀ ਜਾਣੀਏ ਜੁ ਗੁਰਸਿਖਾਂ ਲਈ ਗੁਰਬਾਣੀ ਦੇ ਸ਼ਬਦ ਲੋੜ ਅਨੁਸਾਰ ਕਿਸ ਪ੍ਰਕਾਰ ਪਾਠ ਕਰਕੇ ਆਪਣੀ ਸ਼ਰਧਾ ਅਰ ਮਨ ਦੇ ਮਨੋਰਥ ਨੂੰ ਪੂਰਨ ਕਰ ਲਵੀਏ।ਸੰਗਤ ਦੀ ਅਰਦਾਸ ਸੁਣ ਕਰਕੇ ਭਾਈ ਮਨੀ ਸਿੰਘ ਜੀ ਹੁਰਾਂ ਬਚਨ ਕੀਤਾ ਜੋ ਤੁਸਾਂ ਭਲੀ ਪ੍ਰਕਾਰ ਦਾ ਪ੍ਰਸ਼ਨ ਕੀਤਾ ਹੈ ।ਇਸ ਸਮੇਂ ਸਾਹਿਬ ਦਸਮੇਂ ਪਾਤਸ਼ਾਹ ਸ੍ਰੀ ਕਲਗੀਧਰ ਜੀ ਦੀਵਾਨ ਵਿਚ ਬਿਰਾਜਮਾਨ ਸਨ, ਉਸ ਸਮੇਂ ਭਾਈ ਦਇਆ ਸਿੰਘ ਜੀ, ਭਾਈ ਨੰਦ ਲਾਲ ਜੀ, ਅਸੀਂ ਭੀ ਤੇ ਹੋਰ ਬਹੁਤ ਮੁਖੀ ਮੁਖੀ ਵਿਦਵਾਨ ਬੈਠੇ ਸਨ ਤਾਂ ਭਾਈ ਦਇਆ ਸਿੰਘ ਜੀ ਨੇ ਭੀ ਸਾਹਿਬਾਂ ਪਾਸ ਇਹੋ ਬੇਨਤੀ ਕੀਤੀ ਸੀ ।ਗੁਰੂ ਮਹਾਰਾਜ ਜੀ ਨੇ ਕਿਰਪਾ ਕਰਕੇ ਜੋ ਬਚਨ ਕੀਤਾ ਸੀ ਉਹ ਅਸੀਂ ਤੁਹਾਨੂੰ ਕਹਿੰਦੇ ਹਾਂ।ਤੁਸਾਂ ਰਿਦਾ ਦੇਕਰ ਸੁਨਣਾ ਤੇ ਐਸੇ ਹੀ ਲੋੜ ਅਨੁਸਾਰ ਵਰਤਨ ਕਰਨੀ, ਵਾਹਿਗੁਰੂ ਦੀ ਕ੍ਰਿਪਾ ਨਾਲ ਤੁਹਾਡੇ ਮਨ ਦੇ ਸਭ ਮਨੋਰਥ ਪੂਰੇ ਹੋਣਗੇ ।ਜਿਵੇਂ ਮੈਂ ਨੇ ਸਾਹਿਬ ਦਸਵੇਂ ਪਾਤਿਸ਼ਾਹ ਜੀ ਦੀ ਖਾਸ ਰਸਨਾ ਥੀਂ ਸੁਣਿਆ ਹੈ ਤਿਵੇਂ ਮੈਂ ਤੁਹਾਨੂੰ ਵਿਆਖਿਆਨ ਕਰ ਕਹਿੰਦਾ ਹਾਂ ।"[3]

---

3. ਜੋਤਸ਼ੀ ਪ੍ਰਤਾਪ ਸਿੰਘ ਜੀ ਗਿਆਨੀ, ਸੰਗ੍ਰਹਿ ਕਰਤਾ 'ਭਾਈ ਮਨੀ ਸਿੰਘ ਵਾਲਾ ਸਰਧਾ ਪੂਰਨ,' ਅੰਮ੍ਰਿਤਸਰ, ਉਥਾਨਕਾ ਸਫਾ 7 ;

ਤੇ ਇਸ ਤਰ੍ਹਾਂ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਦੇ ਨੁਸਖੇ ਘੜ ਲਏ ਸਨ :-

" ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥ ਪ੍ਰਭ ਕਉ ਸਿਮਰਿਹ ਸੇ ਪਤਿਵੰਤੇ ॥
ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥
ਪ੍ਰਭ ਕਉ ਸਿਮਰਹਿ ਸੇ ਬੇ ਮੁਹਤਾਜੇ ॥ ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥
ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥
ਸਿਮਰਨ ਤੇ ਲਾਗੇ ਜਿਨ ਆਪ ਦਇਆਲਾ ॥ ਨਾਨਕ ਜਨ ਕੀ ਮੰਗੈ ਰਵਾਲਾ॥5॥

ਵਿਧੀ- ਏਸ ਸ਼ਬਦ ਦਾ ਪਾਠ ਕੁਲ ਢਾਈ ਲਖ ਵਾਰੀ ਕਰੇ ਇਕ ਸੌ ਦਿਨ ਦੇ ਅੰਦਰ, ਤਾਂ ਬੇਅੰਤ ਦੌਲਤ ਜਮਾ ਹੋਵੇ ਰਈਸ ਹੋ ਜਾਵੇ, ਸਰਬ ਕਾਰਜ ਉਸਦੇ ਪੂਰੇ ਹੁੰਦੇ ਰਹਿਣ[4] ।"

" ਜਾ ਕਉ ਰਾਖੈ ਰਾਖਣਹਾਰੁ ॥ ਤਿ ਕਾ ਅੰਗੁ ਕਰੇ ਨਿਰੰਕਾਰੁ ॥੧॥
ਰਹਾਉ ॥ ਮਾਤ ਗਰਭ ਮਹਿ ਅਗਨਿ ਨ ਜੋਹੈ॥ ਕਾਮ ਕ੍ਰੋਧੁ ਲੋਭੁ ਮੋਹੁ ਨ ਪੋਹੈ ॥
ਸਾਧ ਸੰਗਿ ਜਪੈ ਨਿਰੰਕਾਰੁ॥ ਨਿੰਦਕ ਕੈ ਮੁਹਿ ਲਾਗੈ ਛਾਰੁ ॥ ੧॥
ਰਾਮ ਕਵਚੁ ਦਾਸ ਕਾ ਸੰਨਾਹੁ॥ ਦੂਤ ਦੁਸਟ ਤਿਸੁ ਪੋਹਤ ਨਾਹਿ ॥
ਜੋ ਜੋ ਗਰਬੁ ਕਰੇ ਸੋ ਜਾਇ ॥ ਗਰੀਬ ਦਾਸ ਕੀ ਪ੍ਰਭੁ ਸਰਣਾਇ ॥2॥
ਜੋ ਸੋ ਸਰਣਿ ਪਇਆ ਹਰਿ ਰਾਇ॥ ਸੋ ਦਾਸੁ ਰਖਿਆ ਅਪਨੈ ਕੰਠਿ ਲਾਇ॥
ਜੇ ਕੋ ਬਹੁਤੁ ਕਰੈ ਅਹੰਕਾਰੁ॥ ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ ॥3॥
ਹੈ ਭੀ ਸਾਚਾ ਹੋਵਣਹਾਰੁ ॥ ਸਦਾ ਸਦਾ ਜਾਈ ਬਲਿਹਾਰ ॥
ਅਪਣੇ ਦਾਸ ਰਖੇ ਕਿਰਪਾ ਧਾਰਿ॥ ਨਾਨਕ ਪ੍ਰਭ ਪ੍ਰਾਣ ਅਧਾਰ ॥4 ॥

ਵਿਧੀ- ਇਸ ਸ਼ਬਦ ਦਾ ਪਾਠ ਦਸ ਵਾਰੀ ਰੋਜ ਗਰਭਵਤੀ ਕਰੇ ਤਾਂ ਗਰਭ ਦੀ ਰਖਿਆ ਹੋਵੇ, ਮੁਕਦਮੇ ਵਾਲਾ ਕਰੇ ਕਾਰਜ ਸਿਧ ਹੋ ਜਾਵੇ ਅਤੇ ਸਭ ਪਰਕਾਰ ਦੀ ਰਖਿਆ ਅਕਾਲ ਪੁਰਖ ਦੀ ਦਇਆ ਨਾਲ ਹੋਵੇ । ਦੁਸ਼ਮਨ ਉਸਦੇ ਦੂਰ ਹੋਵਣ[5] ।"

---

4. ਉਹੀ ਸਫਾ 1;

5. ਉਹੀ ਸਫ਼ਾ

ਭਾਈ ਤਾਰਾ ਸਿੰਘ ਦਾ ਲਿਖਿਆ ਹੋਇਆ 'ਅਥ ਉਸਤਤਿ ਗ੍ਰੰਥ ਸਾਹਿਬ ਲਿਖਯਤੇ' ਅਸਤੋਤ੍ਰ ਵੀ ਗੁਰੂ ਗ੍ਰੰਥ ਦੇ ਰਾਗਾਂ ਦੇ ਪਾਠ ਦੇ ਅਜਿਹੇ ਕਈ ਮਹਾਤਮ ਦਸਦਾ ਹੈ :-

" ਓੜਕ ਸਵਾ ਲੱਖ ਹੈ ਜਾਪ । ਧਨ ਪੁੱਤਰ ਹੋਇ ਮਿਟਹਿ ਸੰਤਾਪ ॥12॥
ਸੋਰਠ ਪੜ੍ਹੈ ਉਚੀ ਕਰ ਧੁੰਨ ।ਉਸ ਨਰ ਅਸਮੇਧੋ ਕਾ ਪੁੰਨ ॥23॥
ਹਿਤ ਚਿਤ ਲਾਇ ਪੜ੍ਹੈ ਜੋ ਮਲਹਾਰ ॥ ਅਸਮੇਧ ਜੱਗ ਰਾਜਸੂ ਫਲ ਚਾਰ ॥
ਪੜ੍ਹੈ ਪ੍ਰੀਤ ਕਰ ਜੋ ਕੋਈ ਟੋਡੀ । ਤਿਸਕੋ ਵਿਸ਼ਨੂ ਬੈਠਾਵੈ ਗੋਡੀ ॥24॥
ਜੋ ਕੋਈ ਪੜ੍ਹੈ ਰਾਗ ਕਲਿਆਨ । ਲੱਛਮੀ ਸਹਿਤ ਵਿਸ਼ਨੂ ਕਰੈ ਮਾਨ ।
ਹਿਤ ਚਿਤ ਲਾਇ ਪੜਹਿ ਚਉਬੋਲੇ । ਤਿਸਕੋ ਆਦਰ ਦੇਹ ਸਿਵ ਭੋਲੇ ।
ਜੋ ਕੋਈ ਪੜ੍ਹੈ ਰਾਗ ਤਿਲੰਗ । ਤਿਸਕੋ ਆ ਪਰਸੈ ਸੌ ਰੰਗ ॥ 25 ॥
ਪ੍ਰੀਤ ਲਾਇ ਭੈਰਉ ਪੜ੍ਹਿਆ ਜਿਸ । ਜਾਨੋ ਅਠਸਠ ਤੀਰਥ ਕਰੇ ਤਿਸ ॥31॥"[6]

ਨਾ ਸਿਰਫ ਗੁਰੂ ਗ੍ਰੰਥ ਦੇ ਰਾਗ ਪੜ੍ਹਨ ਦਾ ਹੀ ਮਹਾਤਮ ਹੈ ਸਗੋਂ ਭਾਈ ਤਾਰਾ ਸਿੰਘ ਦੇ ਲਿਖੇ'ਅਸਤੋਤ੍ਰ ਗ੍ਰੰਥ ਸਾਹਿਬ ਕੀ ਉਸਤਤਿ' ਦੇ ਪੜ੍ਹਨ ਦਾ ਵੀ ਮਹਾਤਮ ਹੈ :-

" ਗ੍ਰੰਥ ਸਾਹਿਬ ਦੀ ਉਸਤਤ,ਪੜ੍ਹੈ ਜੋ ਨਰ ਔਰ ਨਾਰ ।
ਅਸੁਮੇਧ ਜੱਗ ਫਲ ਹੋਇ ਹੈ,ਚਾਰ ਚਾਰ ਫੁਨ ਚਾਰ ॥ 81॥"[7]

" ......... ਪਰ ਸਭ ਤੋਂ ਦਿਲਚਸਪ ਚੀਜ਼ ਜੋ ਹੈ ਉਹ ਹੋਰ ਹੀ ਹੈ।ਬਹੁਤ ਸਾਰੇ ਪਾਠਕਾਂ ਨੇ ਧਿਆਨ ਵਿਚ ਇਹ ਗਲ ਹੋਈ ਹੈ ਕਿ ਭਾਈ ਬੰਨੋ ਦੀ ਬੀੜ ਦੇ ਅਖੀਰ ਵਿਚ ਸਿਆਹੀ ਦੀ ਬਿਧਿ ਲਿਖੀ ਹੈ।ਇਹ ਉਹ ਸਿਆਹੀ ਦਾ ਨੁਸਖਾ ਹੈ ਜਿਸ ਨਾਲ ਉਸ ਸਮੇਂ ਬੀੜ ਲਿਖੀ ਜਾਂਦੀ ਸੀ ।ਭਾਈ ਤਾਰਾ ਸਿੰਘ ਨੇ ਸਭ ਤੋਂ ਵੱਡਾ ਮਹਾਤਮ ਇਸ ਸਿਆਹੀ ਦੀ ਬਿਧਿ ਦੇ ਪਾਠ ਦਾ ਲਿਖਿਆ ਹੈ,ਇਸ ਨਾਲ ਮੁਕਤਿ ਅਤੇ ਭੁਗਤਿ ਦੋਨੋਂ ਪ੍ਰਾਪਤ ਹੁੰਦੀਆਂ ਹਨ।ਜਿਸ ਦਾ ਮਤਲਬ ਹੈ ਕਿ ਇਸ ਦੇ ਪਾਠ

6. ਉਕਤ ਨੰਬਰ 1 ਸਫਾ 20 ;
7. ਉਹੀ ਉਕਤ ਨੰਬਰ 1 ਸਫਾ 20 ।

ਕਰਨ ਵਾਲੇ ਨੂੰ ਇਸ ਲੋਕ ਵਿਚ ਸਾਰੇ ਭੋਗਾਂ ਦੇ ਸੁਖ ਅਤੇ ਪ੍ਰਲੋਕ ਵਿਚ ਮੁਕਤਿ ਮਿਲ ਜਾਂਦੀ ਹੈ; ਬਸ਼ਰਤੇ ਕਿ ਇਹ ਪਾਠ ਹਿਤ ਚਿਤ ਲਾਕੇ ਕੀਤਾ ਜਾਵੇ "।[8]

" ਹਿਤ ਚਿਤ ਲਾਇ ਪੜ੍ਹੈ ਸਿਆਹੀ ਬਿਧਿ॥
ਮੁਕਤਿ ਭੁਗਤਿ ਪਾਇ ਤਿਸ ਨਉ ਨਿਧਿ ॥ 5 ॥ "[9]

ਸੰਨ 1843 ਈ. ਵਿਚ ਬਾਵਾ ਅਮੀਰ ਦਾਸ ਨੇ ਇਕ ਪੁਸਤਕ 'ਗੁਰਬੰਸ ਸਸੀ' ਨਾਂ ਦੀ ਲਿਖੀ ।ਉਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਤੇ ਪੂਜਾ ਦੀ 'ਵਿਧਿ ਹਰ ਰੁਤ ਵਿਚ ਵਖੋ ਵੱਖ ਲਿਖੀ ਹੈ। ਪਰ ਸਭ ਵਿਚ ਇਕ ਚਾਲ ਚੱਲ ਰਹੀ ਹੈ: ਸੋਨਾ, ਚਾਂਦੀ, ਰਤਨ, ਬਾਗ, ਖੂਹ, ਬਾਉਲੀਆਂ, ਅਤਰ, ਅੰਬੀਰ, ਸੰਦਲ ਆਦਿਕ।"[10] ਜਿਵੇਂ :-

" ਸਵਰਨ ਕਾ ਸਿੰਘਾਸਨ ਰਤਨਾ ਕਰ ਜੜਾਏ । ਅਥਵਾ ਕੇਵਲ ਸਵਰਨ ਕਾ ਹੋਇ। ਅਥਵਾ ਕੇਵਲ ਰੁੱਪੇ ਕਾ ਹੋਇ । ਯਥਾ ਸ਼ਕਤ ਹੋਇ ।ਸ਼੍ਰੁਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਿਸਪੈ ਬਿਰਾਜਮਾਨ ਕਰੈ, ਸੁੰਦਰ ਬਿਤਾਨ ਔਰ ਸੁੰਦਰ ਬਸਤ੍ਰ ਚੌਰੀ ਔਰ ਆਰਤੀ, ਦੋ ਦੀਪਕ, ਏਕ ਗੰਗਾ ਸਾਗਰ, ਏਕ ਥਾਲ, ਦੋਇ ਕਲਸ, ਪੰਚ ਪੋਸ਼ਾਕਾਂ ਦੇ ਗੁਰਭਗਤ ਕੋ ਅਰਦਾਸ ਕਰਾਵੈ। ਤਿਸਕੇ ਧਨ ਔਰ ਸੰਤਾਨ ਕੀ ਬ੍ਰਿਧੀ ਹੋਤੀ ਹੈ। ਔ ਸੰਪੂਰਨ ਅਗਰਬਲਾ ਮੈਂ ਰੋਗ ਕੋਈ ਨਹੀਂ ਹੋਤਾ ।ਔਰ ਤਾਂ ਕੇ ਅਕਾਲ ਮ੍ਰਿਤੂ ਨਹੀਂ ਹੋਤੀ । ਅਨੇਕ ਤਰਹ ਕੇ ਪਾਪ ਦੂਰ ਹੋਤੇ ਹੈਂ ।................." 11

" ਇਹ ਹੌਲਾਂ ਵਡਿਆਂ ਵਡਿਆਂ ਘਰਾਣਿਆਂ ਵਿਚ ਪ੍ਰਚਲਤ ਰਿਵਾਜ ਦੀਆਂ ਪਤਾਕਾਰਕ ਹਨ, ਫੇਰ ਬ੍ਰਾਹਮਣ, ਸਿਖ, ਸੰਤ, ਗੁਰਦਵਾਰੇ, ਦੇਵ ਮੰਦਰ, ਤੀਰਥ ਆਦਿਕ ਇਕ ਪੱਧਰ ਉਪਰ ਲੈ ਆਂਦੇ ਹਨ। ਨਿਸ਼ਕਾਮ ਮੋਕਸ਼ ਦੀ ਪ੍ਰਾਪਤੀ, ਕਰਮ ਕਾਂਡੀ ਫਲ ਅਤੇ ਮਹਾਤਮ ਇਕੱਠੇ ਕਰ ਦਿਤੇ ਹਨ।"[12]

---

8. ਉਹੀ ਉਕਤ ਨੰਬਰ 1 ਸਫਾ 20 ;
9. ਉਹੀ " " " " ;
10. ਉਕਤ ਨੰਬਰ 1, ਸਫਾ 24;
11. ਉਹੀ ਉਕਤ ਨੰਬਰ ਸਫਾ 23;
12. ਉਹੀ ਸਫਾ 24;

ਗੁਰਦੁਆਰਿਆਂ ਦਾ ਇਹ ਹਾਲ ਸੀ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅੰਦਰ ਮੂਰਤੀ ਪੂਜਾ ਹੁੰਦੀ ਦੀਵਿਆਂ ਦੀ ਆਰਤੀ ਕੀਤੀ ਜਾਂਦੀ, ਜੋਤ ਜਗਦੀ, ਨੀਵੀਆਂ ਜਾਤਾਂ ਦੇ ਅਰਦਾਸੇ ਨਾ ਹੁੰਦੇ, ਪੁਜਾਰੀ ਵੀ ਮਰਨੇ ਪਰਨੇ ਦੀਆਂ ਸਾਰੀਆਂ ਰੀਤਾਂ ਹਿੰਦੂਆਂ ਵਾਲੀਆਂ ਕਰਦੇ। ਅਕਾਲ ਤਖਤ ਦੇ ਸਾਹਮਣੇ ਹਵਨ ਹੁੰਦੇ, ਹੋਲੀਆਂ ਖੇਡੀਆਂ ਜਾਂਦੀਆਂ, ਦੇਵੀ ਲਈ ਬਕਰੇ ਝਟਕਾਏ ਜਾਂਦੇ ਤੇ ਕੀ ਕੁਝ ਨਾ ਹੁੰਦਾ ।

ਇਸੇ ਤਰ੍ਹਾਂ ਅਮੀਰਾਂ ਗਰੀਬਾਂ ਦੇ ਘਰਾਂ ਵਿਚ ਵੀ ਸਾਰੀ ਮਰਯਾਦਾ ਹਿੰਦੂ ਧਰਮ ਵਾਲੀ ਹੀ ਹੁੰਦੀ ਇਥੋਂ ਤਕ ਕਿ ਸਿੰਘ ਸਭਾ ਦਾ ਮੋਢੀ ਬਾਬਾ ਖੇਮ ਸਿੰਘ ਬੇਦੀ ਸਾਰੀ ਉਮਰ ਜਨੇਊ ਪਾਂਦਾ ਰਿਹਾ ਤੇ ਵਿਆਹ ਸ਼ਾਦੀ ਤੇ ਮਿਰਤਕ ਸੰਸਕਾਰ ਸਾਰੇ ਹੀ ਹਿੰਦੂਆਂ ਵਾਲੇ ਕਰਦਾ ਰਿਹਾ ।

ਦੇਵੀ ਦੇਵਤਿਆਂ ਦੀ ਪੂਜਾ ਇਕ ਤਾਂ ਗੁਰਦੁਆਰਿਆਂ ਵਿਚ ਹੁੰਦੀ ਸੀ ਜਿਵੇਂ ਕਿ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਘਟੋ ਘਟ ਪੰਜਾਹ ਥਾਵਾਂ ਤੇ ਦੇਵੀ ਦੇਵਤਿਆਂ ਦੇ ਬੁੱਤ ਪਏ ਸਨ[13] ਤੇ ਪਰਕਰਮਾਂ ਵਿਚ ਗੁਰੂ ਗੋਬਿੰਦ ਸਿੰਘ ਦੀ ਦੇਵੀ ਪੂਜਦਿਆਂ ਦੀ ਤਸਵੀਰ ਬਣੀ ਹੋਈ ਸੀ, ਦੂਜੇ ਸਿੱਖ ਇਤਿਹਾਸਕਾਰਾਂ ਭਾਈ ਸੰਤੋਖ ਸਿੰਘ, ਤੇ ਗਿਆਨੀ ਗਿਆਨ ਸਿੰਘ ਆਦਿ ਨੇ ਸਿੱਖ ਗੁਰੂਆਂ ਦੇ ਜੀਵਨ ਦੇ ਨਾਲ ਨਾਲ ਇਤਿਹਾਸਕ ਗ੍ਰੰਥਾਂ ਵਿਚ ਪੌਰਾਣਕ ਕਥਾਵਾਂ ਦੀ ਭਰਮਾਰ ਕਰ ਦਿਤੀ ਅਤੇ ਉਹੋ ਜਹੀ ਪੌਰਾਣਕ ਵਾਰਤਾਵਾਂ ਆਪ ਘੜ ਕੇ ਗੁਰੂ ਸਾਹਿਬਾਨ ਦੇ ਜੀਵਨ ਨਾਲ ਜੋੜ ਦਿਤੀਆਂ ।" ਗੁਰੂ ਸਾਹਿਬਾਨ ਜੀ ਦੇ ਵਿਆਹ-ਸ਼ਾਦੀਆਂ ਸਮੇਂ ਦੇ ਕਥਤ ਰਾਜਸੀ ਅਡੰਬਰ ਤੇ ਠਾਠ, ਬ੍ਰਹਿਮਣੀ ਰੀਤਾਂ- ਰਿਵਾਜਾਂ ਅਨੁਸਾਰ ਗੁਰੂ ਪ੍ਰਵਾਰਾਂ ਦੇ ਸੰਸਕਾਰ ਕਈ ਭਾਂਤ ਸੁਭਾਂਤੀਆਂ ਅਤਿ-ਕਥਨੀਆਂ, ਗੁਰੂ ਗੋਬਿੰਦ ਸਿੰਘ ਵਲੋਂ 'ਦੁਰਗਾ ਪੂਜਣ' ਦਾ ਪ੍ਰਸੰਗ ਇੰਨਾ ਵਧਾ ਚੜ੍ਹਾ ਕੇ ਲਿਖਿਆ ਮਿਲਦਾ ਹੈ, ਜਿਵੇਂ ਦਸਮੇਸ਼ ਜੀ ਆਪਣੇ ਵਡੇਰਿਆਂ ਤੇ 'ਨਾਨਕ-ਪੰਥ' ਦੇ ਸਮਰਥੱਕ ਹੋਣ ਦੀ ਥਾਂ ਕਿਸੇ ਹੋਰ ਮਤ ਦੇ ਹੀ ਧਾਰਨੀ ਹੋਣ[14] ।" ਜਿਵੇਂ :-

---

13. ਖਾਲਸਾ ਅਖਬਾਰ, ਲਾਹੌਰ, 18-3-1998 ;

14. ਗਿ: ਗੁਰਦਿਤ ਸਿੰਘ, ਸਿੰਘ ਸਭਾ ਲਹਿਰ ਦੀ ਦੇਣ, ਸਿੰਘ ਸਭਾ ਪਤ੍ਰਿਕਾ, ਅਪ੍ਰੈਲ, 1974; ਸਦਾ 29 ।

ਹਵਨ ਕਰਯੋ ਤਬ ਗੁਰੂ ਅਕੇਲੇ ਪਹਿਰ ਤ੍ਰੈ ਦਸ ਇਕਰਸ ।
ਧਯਾਨ ਅਕਾਲ ਪੁਰਖ ਮੈਂ ਧਾਰੋ ਦਿਸ ਇੰਦ੍ਰੈ ਮਨ ਕਰ ਵਸ ।
ਪ੍ਰਗਟੀ ਜੋਤਿ ਅਕਾਲ ਤਬੈ ਦਿਬ ਧਯਾਨ ਧਰਤ ਨਿਤ ਜਾਹੂੰ ।
ਪੇਖ ਮਸਤ ਖੁਸ਼ਿ ਥੀਏ ਅਤਿ ਸੈਂ ਬਰ ਗੁਰ ਚਹਯੋ ਨ ਕਾਹੂੰ ।
ਤੌਭੀ ਉਸੀ ਜੋਤ ਤੇ ਬਾਨੀ ਸਤਗੁਰੂ ਇਹੁ ਸੁਨ ਪਾਈ ।
ਪੰਥ ਤੁਮਾਰਾ ਚਲੈ ਬੀਰ ਬਡ ਧਰ ਪਰ ਸਦਾ ਰਹਾਈ ॥6॥ [15]

" ਸੂਰਜ ਪ੍ਰਕਾਸ਼ ਦੀਆਂ ਟੂਕਾਂ ਜੋ ਭਾਈ ਵੀਰ ਸਿੰਘ ਜੀ ਨੇ ਸੰਪਾਦਤ ਕਰਕੇ ਲਾਈਆਂ, ਤੋਂ ਪਤਾ ਚਲਦਾ ਹੈ ਕਿ ਸੀਤਲਾ ਪੂਜਣੀ, ਸੁੱਖਾ ਛੱਕਣਾ, ਅਫੀਮ ਖਾਣੀ, ਦੇਵੀ ਪੂਜਣੀ ਆਦਿ ਕੁਰੀਤੀਆਂ ਇਸ ਵਿਚੋਂ ਪੜ੍ਹ ਸਿੱਖਾਂ ਦੇ ਮਨਾਂ ਵਿਚ ਪਕੀਆਂ ਹੋ ਗਈਆਂ"[16] ਕਿਉਂ ਜੋ ਇਨ੍ਹਾਂ ਗ੍ਰੰਥਾਂ ਦੀ ਕਥਾ ਸਵੇਰੇ ਸ਼ਾਮ ਹੋਇਆ ਕਰਦੀ ਸੀ ।

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਪਹਿਲੀ ਗੱਲ ਇਹ ਕੀਤੀ ਕਿ ਸਿੱਖਾਂ ਨੂੰ ਇਸ ਗੱਲ ਦਾ ਨਿਸਚਾ ਕਰਾਇਆ ਕਿ ਇਕ ਸਿੱਖ ਲਈ ਗੁਰੂ ਗ੍ਰੰਥ ਦੀ ਸਿਖਿਆ ਤੇ ਚਲਣਾ ਸਭ ਤੋਂ ਜ਼ਰੂਰੀ ਹੈ। ਇਸ ਗੱਲ ਦੀ ਪੁਸ਼ਟੀ ਲਈ ਉਨ੍ਹਾਂ ਹਿੰਦੂ ਧਰਮ, ਇਸਲਾਮ ਤੇ ਈਸਾਈ ਮਤ ਦੀਆਂ ਮਿਸਾਲਾਂ ਪੇਸ਼ ਕੀਤੀਆਂ ਕਿ ਉਹ ਆਪਣੇ ਧਰਮ ਦੀਆਂ ਪੁਸਤਕਾਂ ਦੀ ਕਿੰਨੀ ਕੁ ਕਦਰ ਕਰਦੇ ਹਨ :-

" ਹਿੰਦੂ ਧਰਮ ਉਪਦੇਸ਼ ਦਿੰਦਾ ਹੈ ਕਿ 'ਧਰਮ ਜਾਨਣ ਦੀ ਇਛਿਆ ਵਾਲੇ ਨੂੰ ਵੇਦ ਦਾ ਪ੍ਰਮਾਣ ਸਭ ਤੋਂ ਉੱਤਮ ਹੈ ।" (ਮਨੁ ਅਧਯਾਯ 2, ਸ਼ਲੋਕ 13)

" ਇਸਲਾਮ ਦੀ ਤਾਲੀਮ ਹੈ ਕਿ 'ਕੁਰਾਨ ਪਿਛੋਂ ਅਜੇਹੀ ਕੇਹੜੀ ਕਿਤਾਬ ਹੈ, ਜਿਸ ਉਪੱਰ ਲੋਕ ਨਿਸ਼ਚਾ ਕਰਣਗੇ ?" (ਕੁਰਾਨ, ਸੂਰਤ 76, ਆਯਤ 50 )

---

15. ਭਾਈ ਗਯਾਨ ਸਿੰਘ ਜੀ ਗਯਾਨੀ, 'ਪੰਥ ਪ੍ਰਕਾਸ਼' ਭਾਸ਼ਾ ਵਿਭਾਗ, ਪੰਜਾਬ, 1970 ਸਫਾ 213;
16. ਡਾ: ਜਗਜੀਤ ਸਿੰਘ, 'ਦੂਖ ਨਿਵਾਰਨ' ਅਕਤੂਬਰ 1973 ਸਫਾ 32;

" ਈਸਾਈਮਤ ਦਸਦਾ ਹੈ ਕਿ ' ਜੋ ਕੋਈ ਈਸਾ ਦੀ ਸਿੱਖਯਾ ਨੂੰ ਉਲੰਘਦਾ ਹੈ ਪਰਮੇਸ਼੍ਵਰ ਉਸ ਦਾ ਨਹੀਂ, ਜੇ ਕੋਈ ਥੁਆਡੇ ਪਾਸ ਆਵੇ ਅਤੇ ਈਸਾ ਦੀ ਸਿੱਖਯਾ ਨਾਲ ਨਾ ਲਿਆਵੇ ਤਾਂ ਉਸ ਨੂੰ ਘਰ ਨਾ ਵੜਨ ਦੇਓ ਅਤੇ ਉਸ ਨੂੰ ਸਲਾਮ ਨਾ ਕਰੋ'[17] (ਅੰਜੀਲ ਯੂਹੰਨਾ ਦੀ ਚਿੱਠੀ 2 ਅੰਕ 6-10-11 )

ਤੇ ਨਾਲ ਹੀ ਇਹ ਦਸਿਆ ਕਿ ਗੁਰੂ ਸਾਹਿਬਾਨ ਨੇ ਗੁਰਬਾਣੀ ਬਾਰੇ ਕੀ ਹੁਕਮ ਦਿਤਾ ਹੈ ਕਿ:-

" ਸਭਸੈ ਊਪਰ ਗੁਰ ਸਬਦ ਵਿਚਾਰ,
ਹੋਰ ਕਥਨੀ ਬਦਉ ਨ, ਸਗਲੀ ਛਾਰ। ( ਰਾਮਕਲੀ ਅਸਟਪਦੀ 5 )

" ਆਵਹੁ ਸਿਖ ਸਤਗੁਰੂ ਕੇ ਪਿਆਰੇ ਹੋ, ਗਾਵਹੁ ਸਚੀ ਬਾਣੀ,
ਬਾਣੀ ਤ ਗਾਵਹੁ ਗੁਰੂ ਕੇਰੀ, ਬਾਣੀਆਂ ਸਿਰ ਬਾਣੀ । 18

ਤੇ ਜਦੋਂ ਇਹ ਮਤ ਸਥਾਪਤ ਕਰ ਲਿਆ ਕਿ ਜੋ ਕੁਝ ਗੁਰਬਾਣੀ ਕਹਿੰਦੀ ਹੈ ਸਿਖ ਲਈ ਉਹ ਸੱਚ ਤੇ ਬਾਕੀ ਸਭ ਕੂੜ ਹੈ ਤਾਂ ਸਿਖ ਧਰਮ ਵਿਚ ਆਈਆਂ ਬ੍ਰਾਹਮਣੀ ਮਤ ਦੀਆਂ ਰੀਤਾਂ ਰਸਮਾਂ ਨੂੰ ਗੁਰਬਾਣੀ ਦੀ ਕਸੌਟੀ ਤੇ ਲਾ ਕੇ ਪਰਖਿਆ ਤੇ ਮੁਲੰਮਾ ਕਹਿ ਕੇ ਆਪਣੇ ਖਜ਼ਾਨੇ ਚੋਂ ਬਾਹਰ ਵਗਾਹ ਮਾਰਨ ਦਾ ਸੰਦੇਸ਼ ਦਿਤਾ ।

" ਬੁਤ ਪੂਜਾ, ਦੇਵੀ ਪੂਜਣ, ਵੇਦ ਸਿਮ੍ਰਤੀ ਪੁਰਾਣ, ਜਾਤੀ ਵਰਣ, ਅਵਤਾਰ, ਸੰਧਯਾ ਤਰਪਣ, ਸੂਤਕ ਪਾਤਕ, ਚੌਕਾਂ ਕਾਰ, ਬ੍ਰਤ, ਮਹੂਰਤ ਤਿਥਿ ਵਾਰ ਸਗਨ, ਪ੍ਰੇਤ ਕ੍ਰਿਯਾ ਸ਼੍ਰਾਧ ਤੀਰਥ, ਮੰਤ੍ਰ ਜੰਤ੍ਰ ਗ੍ਰਹਿ, ਯੱਗ ਹੋਮ, ਸੰਸਕਾਰ ਔਰ ਹਿੰਦੂ"[18] ਬਾਰੇ ਗੁਰਬਾਣੀ ਦਾ ਫੈਸਲਾ ਦਿਤਾ ਕਿ ਸਿੱਖ ਧਰਮ ਵਿਚ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਮੰਨਣਾ ਮਨਮਤ ਹੈ । ਇਸ ਵਿਸ਼ੇ ਤੇ ਸਨਾਤਨ ਹਿੰਦੂ ਤੇ ਸਿੱਖਾਂ ਅਤੇ ਆਰੀਆ ਸਮਾਜੀਆਂ ਵਲੋਂ ਕਈ ਕਿਤਾਬਾਂ ਲਿਖੀਆਂ ਹਨ ਜਿਨ੍ਹਾਂ ਦਾ ਜ਼ਿਕਰ ਵਾਦ-ਵਿਵਾਦੀ ਸਾਹਿਤ ਦੇ ਸਿਰਲੇਖ ਹੇਠ ਕੀਤਾ ਜਾ ਚੁਕਾ ਹੈ। ਸਿੱਖਾਂ ਵਲੋਂ 'ਦੁਰਗਾ ਪ੍ਰਬੋਧ' (ਗਿਆਨੀ - ਦਿੱਤ ਸਿੰਘ), 'ਹਮ ਹਿੰਦੂ ਨਹੀਂ', 'ਗੁਰਮਤ ਪ੍ਰਭਾਕਰ', ਗੁਰਮਤ ਸੁਧਾਕਰ'

---

17. ਭਾਈ ਕਾਨ੍ਹ ਸਿੰਘ, ਨਾਭਾ, 'ਗੁਰਮਤ ਸੁਧਾਕਰ' ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਚੌਥਾ ਐਡੀਸ਼ਨ, ਭੂਮਿਕਾ, ਸਫੇ ਅ-ਸ ।

18. ਭਾਈ ਕਾਨ੍ਹ ਸਿੰਘ ਨਾਭਾ 'ਹਮ ਹਿੰਦੂ ਨਹੀਂ', ਤਤਕਰਾ ।

(ਭਾਈ ਕਾਨ੍ਹ ਸਿੰਘ ਨਾਭਾ),'ਕੀ ਸਿਖ ਬੁਤ ਪ੍ਰਸਤ ਹਨ'(ਮਿਹਰ ਸਿੰਘ ਚਾਵਲਾ), ਸਿੱਖੀ ਇਹ ਹੈ (ਲਾਲ ਸਿੰਘ ਗਿਆਨੀ)ਆਦਿ ਪੁਸਤਕਾਂ ਲਿਖੀਆਂ ਗਈਆਂ ਤੇ ਸਿਖਾਂ ਨੂੰ ਹਿੰਦੂਆਂ ਨਾਲੋਂ ਵਖਰੀ ਕੌਮ ਸਥਾਪਤ ਕਰਨ ਦਾ ਜਤਨ ਹੋਇਆ।ਇਨ੍ਹਾਂ ਪੁਸਤਕਾਂ ਰਾਹੀਂ ਸਿਖਾਂ ਵਲੋਂ ਰਚੇ ਗਏ ਅਜਿਹੇ ਪੁਰਾਤਨ ਰਹਿਤਨਾਮਿਆਂ,ਟੀਕਿਆਂ, ਕਾਵਿ ਤੇ ਇਤਿਹਾਸ ਗ੍ਰੰਥਾਂ ਦੇ ਉਨ੍ਹਾਂ ਵਿਚਾਰਾਂ ਦਾ ਖੰਡਨ ਵੀ ਕੀਤਾ ਗਿਆ ਜਿਹੜੇ ਗੁਰਬਾਣੀ ਦੇ ਆਸ਼ੇ ਦੇ ਵਿਰੁਧ ਸਨ:-

" (3) ਜੇ ਕਿਸੇ ਅਗਯਾਨੀ ਅਤੇ ਪ੍ਰਪੰਚੀ ਸਿੱਖ ਨੇ ਏਹ ਲਿਖਿਆ ਹੈ ਕਿ ਗੁਰੂ ਅਮਰਦਾਸ ਸਾਹਿਬ ਨੇ ਇਸ ਵਾਰ ਨੂੰ ਕੇਸੀ ਸਨਾਨ ਕਰਨਾ ਸ਼ੁਭ,ਅਤੇ ਉਸ ਨੂੰ ਅਸ਼ੁਭ ਆਖਿਆ ਹੈ,ਅਰ ਏਹ ਤਿਥਿ ਘਰ ਦੀ ਨਿਉਂ ਰੱਖਣ ਲਈ ਅੱਛੀ ਅਤੇ ਦੂਜੀ ਮਾੜੀ ਹੈ,ਤਥਾ ਕਿਸੇ ਖ਼ਾਸ ਦਿਸ਼ਾ ਵੱਲ ਜਾਣ ਲਈ ਇਨ੍ਹਾਂ ਦਿਣਾਂ ਵਿੱਚ ਦਿਸ਼ਾਸ਼ੂਲ ਹੁੰਦਾ ਹੈ,ਤਾਂ ਏਹ ਵਚਨ ਕਦੇ ਭੀ ਨਹੀਂ ਮੰਨੇ ਜਾ ਸਕਦੇ,ਕਯੋਂਕਿ ਤੀਜੇ ਸਤਗੁਰੂ ਸ੍ਰੀ ਮੁਖਵਾਕ ਸ਼ਬਦ ਦੀ ਚਪੇੜ ਇਸ ਲੇਖਕ ਦੇ ਮੂਹ ਮਾਰਕੇ ਚੁੱਪ ਕਰਾਉਂਦੇ ਹਨ:-

" ਸਤਗੁਰ ਬਾਝਹੁ ਅੰਧ ਗੁਬਾਰ,
ਥਿਤੀ ਵਾਰ ਸੇਵਹਿ ਮੁਗਧ ਗਵਾਰ", (ਬਿਲਾਵਲ ਵਾਰ 7 ਪਦ 10)[19]

"(279) ਤੁਮਹਿ ਛਾਡ,ਕੋ ਅਵਰ ਨ ਧਯਾਊਂ,
ਜੋ ਬਰ ਚਾਹੋਂ ਸੋ ਤੁਮ ਤੇ ਪਾਊਂ
ਸੇਵਕ ਸਿੱਖ ਹਮਾਰੇ ਤਾਰਿਅਹਿ,
ਚੁਨ ਚੁਨ ਸ਼ਤਰੁ ਹਮਾਰੇ ਮਾਰਿਅਹਿ . 380 ।

" 7. ਇਸ ਦੀ ਪੁਸ਼ਟੀ ਵਾਸਤੇ ਦੇਖੋ ਅੰਗ 138 ਤੋਂ 144 ਤਾਂਈਂ ਸਾਨੂੰ ਸ਼ੋਕ ਹੈ ਉਨ੍ਹਾਂ ਭੇਖੀ ਸਿੱਖਾਂ ਉਤੇ,ਜੋ ਏਹ ਆਖਦੇ ਅਤੇ ਲਿਖਦੇ ਲੱਜਾ ਨਹੀਂ ਕਰਦੇ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪੰਥ ਸਾਜਣ ਲਈ ਦੇਵੀ ਤੋਂ ਵਰਦਾਨ ਲਯਾ ਇੱਕ ਰੀਤੀ ਨਾਲ ਐਸੇ ਪੁਰਖ ਸਿੱਖ ਧਰਮ ਦੇ ਨਿੰਦਕ ਹੈਨ,ਕਯੋਂਕਿ ਓਹ ਏਹ ਸਿੱਧ ਕਰਦੇ ਹਨ ਕਿ ਗੁਰੂ ਸਾਹਿਬ ਕਹਿੰਦੇ ਕੁਛ,ਅਤੇ ਕਮਾਉਂਦੇ ਹੋਰ ਸੇ.ਔਰ ਸਤਗੁਰਾਂ ਨੂੰ ਅਕਾਲ ਨੇ ਸਤਯਧਰਮ ਦੇ ਪ੍ਰਚਾਰ ਲਈ ਨਹੀਂ ਭੇਜਿਆ ਸੀ,ਸਗੋਂ ਬ੍ਰਾਹਮਣਾ ਦੀ ਦਯਾ ਕਰਕੇ ਦੇਵੀ ਤੋਂ ਕਰਦ ਅਤੇ ਹਨੂਮਾਨ ਤੋਂ ਕਛਨੀ ਮਿਲਣ

~~6666~~

19 ਭਾਈ ਕਾਨ੍ਹ ਸਿੰਘ ਨਾਭਾ , ਨੰਬਰ 17 ਅੰਕ ੨

ਪਰ ਓਹ ਖਾਲਸਾ ਪੰਥ ਸਾਜ ਸਕੇ "[20]

" ਤੀਰਥ ਲਖ ਕਰੋੜ ਪੁਰਬੀ ਨ੍ਹਾਵਣਾ
ਦੇਵੀ ਦੇਵ ਸਥਾਨ ਸੇਵ ਕਰਾਵਣਾ ।
.................................... ॥15॥ (ਵਾਰ 21 ਪਉੜੀ 15 )

ਲਖਾਂ ਕਰੋੜਾਂ ਤੀਰਥਾਂ ਪੁਰ ਪੁਰਬੀ ਦੇ ਵੇਲੇ ਇਸ਼ਨਾਨ ਕਰਨਾ ਦੇਵੀ ਦੇਵਤਿਆਂ ਦੀ ਪੂਜਾ ਕਰਨੀ ਜਪ ਤਪ ਸੰਜਮ ਹੋਮ ਜੱਗ ਕਈ ਵੇਦ ਕਰਕੇ ਭੋਗ ਲਗਾਉਣੇ ਵਰਤ ਨੇਮ ਦਾਨ ਆਦੀ ਕਰਨੇ ਏਹ ਸਾਰੇ ਹੀ ਪਖੰਡ ਹਨ ਕਰਤਾਰ ਦੀ ਦਰਗਾਹ ਵਿਚ ਇਨ੍ਹਾਂ ਦੀ ਕੋਈ ਪੁਛ ਨਹੀਂ ਹੋਵੇਗੀ ਜੋ ਗੁਰੂ ਸੇਵਾ ਛਡਕੇ ਅਰ ਭਾਈ ਗੁਰਦਾਸ ਜੀ ਦੇ ਬਚਨਾ ਨੂੰ ਨਹੀਂ ਮੰਨਦੇ ਓਹ ਏਥੇ ਓਥੇ ਸਦਾ ਹੀ ਝੂਠੇ ਹਨ।"[21]

" ਜੱਲਨ ਇਕ ਧਰਮਾਤਮਾ ਜੋ ਸੀ ਸੱਚਾ ਜੱਟ ।
ਉਸਨੇ ਤੇਰੇ ਗ੍ਰਿਹਾਂ ਨੂੰ ਕੀਤਾ ਚੌੜ ਚੁਪੱਟ ॥
ਯਥਾ "ਮੁੱਲਾਂ ਦੇ ਘਰ ਪਿੱਟਣਾਂ ਪਾਂਧੇ ਦੇ ਘਰ ਰੰਡ ।
ਚਲ ਜਲ੍ਹਨ ਘਰ ਆਪਨੇ ਸਾਹਾ ਦੇਹ ਨਸੰਗ ' ॥ "[22]

ਸਿੱਖ ਬ੍ਰਾਹਮਣੀ ਅਸਰ ਹੇਠ ਹੀ ਨਾ ਸਿਰਫ ਗੁਰੂਆਂ ਨਾਲ ਸੰਬੰਧਤ ਸ਼ਹਿਰ ਹੀ ਸਗੋਂ ਮਥਰਾ,ਹਰਦਵਾਰ,ਬਨਾਰਸ,ਬਿੰਦਰਾਬਨ ਆਦਿ ਨੂੰ ਵੀ ਪੂਜਦੇ ਸਨ'ਗੁਰੂ ਨਾਨਕ ਨੇ ਦੀਵਿਆਂ ਨਾਲ ਹੁੰਦੀ ਆਰਤੀ ਦੀ ਨਿਖੇਧੀ ਕੀਤੀ ਸੀ ਇਹ ਸ਼ਬਦ ਉਚਾਰ ਕੇ 'ਗਗਨ ਮੈਹਿ ਥਾਲਿ ਰਵਿ ਚੰਦ ਦੀਪਕ ਬਨੇ ......." ਪਰ ਗੁਰਦੁਆਰਿਆਂ ਵਿਚ ਇਹ ਦੀਵਿਆਂ ਵਾਲੀ ਆਰਤੀ ਹੋਇਆ ਕਰਦੀ ਸੀ ।ਭਾਈ ਦਿੱਤ ਸਿੰਘ ਨੇ 'ਆਰਤੀ ਪ੍ਰਬੋਧ'ਲਿਖ ਕੇ ਇਸ ਦਾ ਖੰਡਨ ਕੀਤਾ । ਉਹਨੇ ਇਸ ਦਾ ਕਾਰਨ ਸਿੱਖਾਂ ਦੀ ਅਗਿਆਨਤਾ ਦਸਿਆ ਜਿਸ ਕਰਕੇ ਉਹ ਗੁਰਮਤ ਨੂੰ ਭੁਲਾ ਕੇ ਅਜਿਹੇ ਕਰਮ ਕਰਦੇ ਹਨ :-

20. ਉਹੀ ਸਫਾ 80 ;
21. ਭਾਈ ਲਾਲ ਸਿੰਘ ਗਿਆਨੀ,ਸਿੱਖੀ ਇਹ ਹੈ,ਪਹਿਲੀ ਵਾਰ ਨਾ:444 ਸਫਾ 61;
22. ਗਿਆਨੀ ਦਿਤ ਸਿੰਘ,ਨਕਲੀ ਸਿਖ ਪ੍ਰਬੋਧ,ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ, ਅੰਮ੍ਰਿਤਸਰ ਪਹਿਲੀ ਵਾਰ,1974,ਸਫਾ 101 ;

" ਹੇ ਅਗਯਾਨ ਬਹਾਦ੍ਰ ਭਾਰੇ ।
ਤੈਂ ਹਿੰਦੂ ਹੀ ਨਾਹੀਂ ਮਾਰੇ ॥
ਕਰੇ ਸਿਖ ਭੀ ਪਕੜ ਸ਼ੁਕਾਰ ।
ਵਗ ਗਈ ਬੌਹਰਿਆਂ ਨੂੰ ਮਾਰ ।

- - - - - - - - - - - -

" ਫਿਰ ਇੱਕ ਹੋਰ ਅੰਧੇਰ ਮਚਾਉਨ ।
ਦੀਵੇ ਥਾਲੀ ਵਿਚ ਜਲਾਊਨ ॥
ਪਕੜ ਹੱਥ ਵਿਚ ਫੇਰਨ ਐਸੇ ।
ਅੰਨਮਤੀ ਹਨ ਕਰਦੇ ਜੈਸੇ ॥
ਦੇਖੋ ਬਹੁਤਿਆਂ ਵੱਗੀ ਵਾਉ ।
ਕਰਨ ਆਰਤੀ ਉਸ ਦਾ ਨਾਉ ॥ 4 ॥"[23]

ਇਸ ਤੋਂ ਪਿਛੋਂ ਨਿਰਮਲੇ ~~ਸਿੰਘ~~ ਸੰਤਾਂ ਦੀ ਅੱਗਨੀ ਨੂੰ ਇਸ਼ਨਾਨ ਕਰਾਉਣ ਵਾਲੀ ਆਰਤੀ ਮਖੌਲ ਉਡਾਇਆ ਹੈ, ਉਹ ਨਿਰਮਲੇ ਸੰਤ ਜੋ ਆਪਣੇ ਆਪ ਨੂੰ ਬਹੁਤ ਸਿਆਣੇ ਕਹਿੰਦੇ ਹਨ ਪਰ ਅਸਲ ਵਿਚ ਅਗਿਆਨੀ ਹਨ ।

" ਜੋ ਲੱਛਣ ਅਗਯਾਨੀ ਕੇਰੇ । ਸੰਧਯਾ ਸਮਯ ਉਨ੍ਹਾਂ ਵਿਚ ਹੇਰੇ ॥
ਤਦ ਉਹ ਅਗਨੀ ਚੁੱਕ ਜਗਾਉਨ । ਚੰਦਨ ਘੀਉ ਓਸ ਵਿਚ ਪਾਉਨ ॥
~~ਜੋ ਲੱਛਣ ਅਗਯਾਨੀ ਕੇਰੇ~~
ਲਟ ਲਟ ਜਦ ਜਗੀ ਜੁਆਲਾ । ਤਦ ਏ ਸਾਧ ਹੋਨ ਆ ਦੁਆਲਾ ॥
ਇਕ ਲੈ ਹੱਥ ਆਪਨੇ ਪਰਨਾ । ਦੂਜਾ ਗੜਵਾ ਪਾਣੀ ਭਰਨਾ ॥
ਇਕ ਸਾਫ਼ਾ ਅੱਗੇ ਕਰ ਲੈਂਦਾ । ਦੂਜਾ ਪਾਣੀ ਉਸਨੂੰ ਦੇਂਦਾ ॥
ਤਦ ਉਹ ਅਗਨੀ ਪਰ ਹੱਥ ਮਾਰੇ । ਐਧਰ ਓਧਰ ਬਾਂਹ ਪਸਾਰੇ ॥
ਅਰ ਫਿਰ ਹਥ ਨੀਰ ਵਿਚ ਪਾਵੇ । ਮਗਰੋਂ ਅਗਨੀ ਵਿੱਚ ਫਿਰਾਵੇ ॥
ਫਿਰੇ ਭੁੜਕਦਾ ਇਰਦੇ ਗਿਰਦੇ । ਜਿਉਂ ਮੁੰਡੇ ਲੋੜ੍ਹੀ ਨੂੰ ਫਿਰਦੇ ॥

---

23. ਗਿਆਨੀ ਦਿਤ ਸਿੰਘ, ਗੁਰਮਤਿ ਆਰਤੀ ਪ੍ਰਬੋਧ, ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ, ਸਫਾ 50 ;

ਟੱਪੇ ਅਤੇ ਟਪੂਸੀ ਮਾਰੇ ।
ਹੱਥ ਅਗਨ ਵਿਚ ਪਿਆ ਪਸਾਰੇ ॥
ਫਿਰ ਲੈਕਰ ਓਹ ਗਿੱਲਾ ਸਾਫਾ। ਕਰਦਾ ਜਿੱਕੁਰ ਹੋਇ ਲਫਾਫਾ ॥
ਪਾਣੀਨਾਲ ਭਗੋਕੇ ਚੰਗਾ । ਫੇਰੇ ਅਗਨੀ ਪਰ ਹੋ ਨੰਗਾ ॥
ਜਦ ਇਹ ਹਾਲ ਦੇਖਯਾ ਐਸਾ ।ਐਂਹੋ ਕਦੀ ਨ ਦੇਖਯਾ ਜੈਸਾ ॥
ਤਦ ਸਾਧਾਂ ਤੇ ਪੁੱਛਿਆ ਜਾਇ। ਇਹ ਕੀ ਸੰਤੋ ਹਈ ਬਲਾਇ ॥
ਗੁਰੂ ਗ੍ਰੰਥ ਦੇ ਸਨਮੁਖ ਬਹਕੇ ।ਕਰਦੇ ਕੰਮ ਕਹੋ ਕਯਾ ਕਹਕੇ ॥6॥

ਦੋਹਿਰਾ

ਸੁਨਕੇ ਤੇ ਇੱਕ ਸਾਨ ਨੇ ਕਹੀ ਆਰਤੀ ਏਹੁ ।
ਨਿਤ ਅਖਾੜੇ ਵਿੱਚ ਹੈ ਹੁੰਦੀ ਲੈਹਾ ਦੇਹੁ ।7।

" ਅਰ ਜੋ ਤਖਤ ਖਾਲਸਾ ਚਾਰੇ ।ਵਡੇ ਵਡੇ ਜੋਈ ਗੁਰਦੁਆਰੇ ॥
ਵਿਚ ਉਨ੍ਹਾਂ ਦੇ ਹੁੰਦੀ ਦੇਖੀ। ਫਿਰ ਤੇਰੀ ਕਿਆ ਕਰਦੀ ਸੇਖੀ ॥
ਅੰਮ੍ਰਿਤਸਰ ਜੀ ਦੇ ਦਰਬਾਰ ।" 24॥

' ਮਿਲਗੋਭਾ ਸਿੰਘ 'ਕਹਿੰਦਾ ਹੈ ਕਿ ਹਿੰਦੂ ਠਾਕੁਰ ਦੁਆਰੇ ਜਾਕੇ ਦੀਵਿਆਂ ਦੀ ਆਰਤੀ ਕਰਦੇ ਹਨ,ਕੀ ਅਸੀਂ ਉਨ੍ਹਾਂ ਤੋਂ ਘਟ ਹਾਂ ।'ਖਾਲਸਾ'ਜੁਆਬ ਦਿੰਦਾ ਹੈ ਕਿ ਗੁਰੂ ਜੀ ਮਤ ਹਿੰਦੂ ਨਹੀਂ ।ਹਿੰਦੂ ਮੁੰਡਨ ਕਰਦੇ,ਜਨੇਊ ਪਹਿਣਦੇ,ਮਰਕੇ ਤੇ ਭੱਦਨ ਕਰਦੇ,ਪਿੰਡ ਭਰਾਂਦੇ ਤੇ ਹੁੱਕੇ ਪਾਣੀ ਦੀ ਸਾਂਝ ਰਖਦੇ ਹਨ ਪਰ ਸਿੱਖ ਇਨ੍ਹਾਂ ਵਿਚੋਂ ਕੋਈ ਗੱਲ ਵੀ ਨਹੀਂ ਕਰਦੇ ਤਾਂ ਉਹ ਆਰਤੀ ਵਿਚ ਹਿੰਦੂਆਂ ਦੀ ਨਕਲ ਕਿਉਂ ਕਰਦੇ ਹਨ।ਫਿਰ ਆਰਤੀ ਸ਼ਬਦ ਦੇ ਅਰਥ ਦਸ ਕੇ 'ਖਾਲਸਾ' ਕਹਿੰਦਾ ਹੈ ਕਿ ਆਰਤੀ (ਬੇਨਤੀ ਕਰਨੀ) ਨਾਲ ਦੀਵੇ ਜਗਾਣ ਦਾ ਕੋਈ ਸਬੰਧ ਨਹੀਂ

" ਭਾਈ ਮਿਲਗੋਭਾ ਸਿੰਘ ਜੀ ਸਾਡਾ ਸਭ ਦਾ ਸੱਚਾ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਜੀ ਹੈ ਜਿਸ ਤੇ ਜਿਤਨੇ ਧਾਰਮਕ ਫੈਸਲੇ ਹਨ ਸੋ ਸਭ ਇਸੇ ਮਹਾਰਾਜਾ-ਧਿਰਾਜ ਦੀ ਆਗਿਆ ਅਨੁਸਾਰ ਹੋਣੇ ਚਾਹੀਦੇ ਹਨ,ਕਿਉਂਕਿ ਪੰਥ ਵੱਲੋਂ ਗੁਰੂ ਜੀ ਦੀ ਆਗਿਆਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਪਰ ਹੀ ਧਾਰਮਕ ਪਾਤਸ਼ਾਹ ਹੋਣੇ ਦੇ

---

24. ਉਹੀ ਸਫੇ 51-52 ।

ਕਾਰਨ ਚੌਰ ਝੁਲ ਰਿਹਾ ਹੈ,ਤਾਂਤੇ ਹੁਣ ਉਸਦੀ ਆਗਿਆ ਇਸ ਆਰਤੀ ਪਰ ਕਿਆ ਹੈ? ਉਸ ਦਾ ਨਿਰਨਾ ਮੈਂ ਤੁਹਾਨੂੰ ਕਰਕੇ ਦੱਸਦਾ ਹਾਂ ।"[25]

'ਖਾਲਸਾ=' ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ......' ਦੇ ਅਰਥ ਕਰਦੇ ਦਸਦਾ ਹੈ ਕਿ ਪ੍ਰਮਾਤਮਾ ਦੀ ਆਰਤੀ ਤਾਂ ਸਾਰੀ ਕੁਦਰਤ ਕਰ ਰਹੀ ਹੈ ।ਦੀਵਿਆਂ ਦੇ ਪਾਖੰਡ ਦੀ ਕੀ ਲੋੜ ਹੈ।'ਮਿਲਗੋਭਾ ਸਿੰਘ' ਭਗਤ ਸੈਣ ਦੀ ਬਾਣੀ 'ਧੂਮ ਦੀਪ ਘ੍ਰਿਤ ਸਾਜ ਆਰਤੀ।.. ਦਾ ਹਵਾਲਾ ਆਪਣੇ ਪੱਖ ਵਜੋਂ ਪੇਸ਼ ਕਰਦਾ ਹੈ ਪਰ 'ਖਾਲਸਾ' ਇਸ ਦੇ ਸਹੀ ਅਰਥ ਕਰਕੇ ਇਸ ਨੂੰ ਹੀ ਆਰਤੀ ਦੇ ਖੰਡਨ ਵਜੋਂ ਉਚਾਰੀ ਗਈ ਸਾਬਤ ਕਰਦਾ ਹੈ ।ਉਹ ਭਗਤ ਕਬੀਰ ਪੀਪਾ ਭਗਤ,ਧੰਨਾ ਭਗਤ ਆਦਿ ਦੀ ਬਾਣੀ ਦਾ ਹਵਾਲਾ ਦੇ ਕੇ ਆਰਤੀ ਦਾ ਵਿਰੋਧ ਕਰਦਾ ਹੈ ਤੇ ਇਹ ਵੀ ਦਸਦਾ ਹੈ ਕਿ ਗਿਆਨੀ ਸੰਤ ਸਿੰਘ ਜਦ ਪੂਰਬ ਵਲ ਤੀਰਥਾਂ ਦੇ ਦਰਸ਼ਨ ਕਰਨ ਗਏ ਉਥੇ ਆਰਤੀ ਹੁੰਦੀ ਦੇਖ ਕੇ ਆਏ ਤਾਂ ਉਨ੍ਹਾਂ ਵੀ ਆਕੇ ਇਹ ਦਰਬਾਰ ਸਾਹਿਬ ਵਿਚ ਸ਼ੁਰੂ ਕਰ ਦਿਤੀ ਤੇ ਹੌਲੀ ਹੌਲੀ ਇਹ ਵਧਦੀ ਗਈ ।ਅਖੀਰ ਤੇ

" ਅਬ ਮਿਲਗੋਭਾ ਸਿੰਘ ਜੀ ਹੋਏ ਸਿੰਘ ਸੁਜਾਨ ।
ਸੁਖੀ ਭਏ ਤਤਕਾਲ ਹੀ ਪਾਕਰ ਗੁਰਮਤ ਗਯਾਨ ।"[26]

" ਅਸੀਂ ਹੈਰਾਨ ਹਾਂ ਉਨ੍ਹਾਂ ਭਾਈਆਂ ਦੀ ਬੁੱਧਿ ਪਰ ਜੋ ਮੂੰਹੋਂ ਦੀਵਿਆਂ ਦੀ ਆਰਤੀ ਦੇ ਖੰਡਨਰੂਪ ਸ਼ਬਦ ਪੜ੍ਹਦੇ ਹਨ ਅਤੇ ਹੱਥਾਂ ਵਿਚ ਦੀਵੇ ਫੜਕੇ ਭੁਆਉਂਦੇ ਹਨ।ਅਸਲ ਵਿੱਚ ਉਨ੍ਹਾਂ ਦਾ ਸ਼ਬਦ ਪੜ੍ਹਨਾ ਉਸ ਸਿੱਖ ਜੇਹਾ ਹੈ ਜੋ ਇਕ ਅਯਾਲੀ ਦਾ ਬੱਕਰਾ ਚੁਰਾਕੇ ਖੱਲ ਰਿਹਾ ਸੀ ਅਤੇ ਮੂੰਹੋਂ ਆਨੰਦ ਦੀਆਂ ਏਹ ਤੁਕਾਂ ਪੜ੍ਹ ਰਹਿਆ ਸੀ :' ਏ ਸਰੀਰਾ ਮੇਰਿਆ। ਇਸ ਜਗ ਮਹਿ ਆਇਕੈ ਕਿਆ ਤੁਧ ਕਰਮ ਕਮਾਇਆ ? ਕਿ ਕਰਮ ਕਮਾਇਆ ਤੁਧ ਸਰੀਰਾ,ਜਾ ਤੂੰ ਜਗ ਮਹਿ ਆਇਆ?" ਮੌਕੇ ਉਤੇ ਪਹੁੰਚ ਕੇ ਅਯਾਲੀ ਨੇ ਉਸਦੀ ਕਹਿਣੀ ਤੋਂ ਉਲਟ ਕਰਨੀ ਦੇਖਕੇ ਜੋ ਉਸ ਵੇਲੇ ਆਖਿਆ,ਉਸ ਦਾ ਏਹ ਪੰਜਾਬੀ ਅਖਾਣ ਬਣ ਗਯਾ :-

'ਵਾਹ ਭਾਈ। ਵਾਹ ।।
ਪੜ੍ਹੇ ਗੁਰਬਾਣੀ,ਅਤੇ ਕੰਮ ਕਰੇਂ ਆਹ ।। "

---

25. ਉਹੀ ਸਫਾ 56;
26. ਉਹੀ ਸਫਾ 74 ;

ਆਰਤੀਏ ਸਿੱਖ ਕੇਵਲ ਗੁਰਬਾਣੀ ਦੇ ਵਿਰੁੱਧ ਕਰਣੀ ਕਰਣ ਦੇ ਹੀ ਦੋਸ਼ੀ ਨਹੀਂ, ਸਗੋਂ ਮੰਦਿਰਾਂ ਦੀ ਸ਼ੋਭਾ ਅਤੇ ਨਿਰਮਲਤਾ ਦੇ ਭਾਰੀ ਵਿਰੋਧੀ ਹੈਨ. ਪ੍ਰੇਮੀ ਸਿੱਖਾਂ ਦੇ ਭੇਟਾ ਕੀਤੇ ਰੁਮਾਲ, ਚਾਂਦਨੀ, ਚੌਰ, ਚੰਦੋਏ ਅਤੇ ਛਤਾਂ ਦੇ ਸੁੰਦਰ ਸੁਨਹਿਰੀ ਕੰਮਾਂ ਦਾ ਬਹੁਤ ਛੇਤੀ ਓਹ ਸਰੂਪ ਬਣ ਜਾਂਦਾ ਹੈ , ਜੇਹਾ ਗੁਰਬਾਣੀ ਤੋਂ ਉਲਟ ਚੱਲਣ ਵਾਲਿਆਂ ਦਾ ਗੁਰੁਦਰਬਾਰ ਵਿੱਚ ਹੋਣਾ ਹੈ"[27]

" ਗੁਰਮਤ ਪ੍ਰਭਾਕਰ" (ਭਾਈ ਕਾਨ੍ਹ ਸਿੰਘ ਨਾਭਾ), ' ਗੁਰਮਤ ਪ੍ਰਕਾਸ਼ ਭਾਗ ਸੰਸਕਾਰ '(ਚੀਫ ਖਾਲਸਾ ਦੀਵਾਨ)ਆਦਿ ਰਾਹੀਂ ਵੀ ਇਸ ਆਰਤੀ ਦਾ ਖੰਡਨ ਕੀਤਾ ਗਿਆ।

ਹਰ ਧਰਮ ਦੀ ਆਤਮਾ ਉਸ ਦੀਆਂ ਰਹੁ-ਰੀਤਾਂ ਤੇ ਰਸਮਾਂ ਰਵਾਜਾਂ ਰਾਹੀਂ ਪਰਗਟ ਹੁੰਦੀ ਹੈ, ਸਿਖ ਧਰਮ ਨੂੰ ਅਡੰਬਰੀ ਰਹੁ ਰੀਤਾਂ ਚੋਂ ਕਢਕੇ ਉਹਨੂੰ ਸਿਧੇ ਤੇ ਸਾਦੇ ਗਾਡੀਰਾਹ ਤੇ ਪਾਇਆ ਪਰ ਫਿਰ ਬ੍ਰਾਹਮਣੀ ਅਸਰ ਨੇ ਇਸ ਨੂੰ ਇਸ ਰਾਹ ਤੋਂ ਲਾਹ ਕੇ ਔਝੜੀਂ ਪਾ ਦਿਤਾ ।ਸਿਖ ਰਾਜੇ ਮਹਾਰਾਜੇ, ਸਰਦਾਰ ਸਭ ਗੁਰਮਤ ਦਾ ਰਾਹ ਛੱਡ ਸਨਾਤਨੀ ਰਸਮਾਂ ਦੇ ਝਮੇਲੇ ਵਿਚ ਅਜਿਹੇ ਫਸੇ ਕਿ ਸਿੰਘ ਸਭਾ ਲਹਿਰ ਤੋਂ ਪਹਿਲਾਂ ਹੀ ਇਹ ਜਤਨ ਹੋਣ ਲਗ ਪਏ ਕਿ ਇਨ੍ਹਾਂ ਝਮੇਲਿਆਂ ਨੂੰ ਦੂਰ ਕੀਤਾ ਜਾਏ ।

" ਅਨੰਦ ਕਾਰਜ ਦੀ ਰਸਮ, ਜਿਸ ਦੇ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਪਿੰਡ ਝਬਾਲ ਵਿੱਚ ਆਪਣੀ ਧੀ ਬੀਬੀ ਵੀਰੋ ਦੇ ਅਨੰਦ ਕਰਨ ਦੇ ਪ੍ਰਮਾਣ ਇਤਿਹਾਸ ਤੋਂ ਮਿਲਦੇ ਹਨ, ਸਿੰਘ ਸਭਾ ਲਹਿਰ ਤੋਂ ਪਹਿਲਾਂ ਸਮੇਂ ਇਹ ਇਕ ਦਮ ਅਨਖੀ ਹੋ ਗਈ ਸੀ ।"[28] ਨਿਰੰਕਾਰੀ ਲਹਿਰ ਦੇ ਮੋਢੀਆਂ ਨੇ ਸਭ ਤੋਂ ਪਹਿਲਾਂ ਅਨੰਦ ਵਿਆਹ ਦੀ ਰਸਮ ਨੂੰ ਮੁੜ ਸੁਰਜੀਤ ਕੀਤਾ ।ਇਸ ਦਾ ਵਿਰੋਧ ਆਰੀਆਂ ਨਾਲੋਂ ਵੀ ਪਹਿਲਾਂ ਸਨਾਤਨੀ ਸਿਖਾਂ ਤੇ ਪੁਜਾਰੀਆਂ ਵਲੋਂ ਕੀਤਾ ਗਿਆ ।ਪੁਜਾਰੀਆਂ ਵਲੋਂ ਇਸਦੇ ਵਿਰੋਧ ਦੀਆਂ ਕਈ ਬੜੀਆਂ ਹੀ ਦਿਲਚਸਪ ਤੇ ਹੈਰਾਨੀ-ਜਨਕ ਮਿਸਾਲਾਂ ਹਨ :-

---

27. ਉਕਤ ਨੰਬਰ 17, ਸਫਾ 225 ;
28. ਉਕਤ ਨੰਬਰ 14, ਸਫਾ 30 ;

" 1918 ਬਿਕ੍ਰਮੀ ਦੀ ਵਿਸਾਖੀ ਨੂੰ ਆਪ (ਦਰਬਾਰਾ ਸਿੰਘ) ਅੰਮ੍ਰਿਤਸਰ ਪੁਜੇ ਅਤੇ ਜਤਨ ਕੀਤਾ ਕਿ ਗੁਰ ਮਰਯਾਦਾ ਅਨੁਸਾਰ ਇਕ ਵਿਆਹ ਦੀ ਰਸਮ ਸ੍ਰੀ ਅਕਾਲ ਤਖਤ ਦੇ ਸਾਹਮਣੇ ਕਰਨ, ਪਰ ਪੁਜਾਰੀਆਂ ਨੇ ਵਿਰੋਧ ਕੀਤਾ, ਇਸ ਲਈ ਆਪ ਨੂੰ ਇਹ ਵਿਆਹ ਮਹੰਤ ਦਿਆਲ ਸਿੰਘ ਦੇ ਗੁਰਦੁਆਰੇ ਕਰਨਾ ਪਿਆ[29]।"

" ਜਾਤਪਾਤ ਦੇ ਖਿਆਲਾਂ ਨੂੰ ਇਕ ਪਾਸੇ ਰਖ ਕੇ ਹੀ ਆਪ(ਗਿਆਨੀ ਦਿਤ ਸਿੰਘ) ਨੇ ਆਪਣੇ ਇਕਲੌਤੇ ਸਪੁਤ੍ਰ ਭਗਵੰਤ ਸਿੰਘ (ਹਰਿ) ਜੀ ਦੀ ਸ਼ਾਦੀ ਅੰਮ੍ਰਿਤਸਰ ਕੀਤੀ ਸੀ ਤੇ ਜਦ ਇਸੇ ਕਾਰਣ ਅੰਮ੍ਰਿਤਸਰ ਦੇ ਪੁਜਾਰੀਆਂ ਨੇ ਸ੍ਰੀ ਅਕਾਲ ਤਖਤ ਮੱਥਾ ਟੇਕਣ ਗਏ ਆਪ ਦੇ ਪੁਤ੍ਰ ਤੇ ਨੂੰਹ ਦਾ ਅਰਦਾਸਾ ਨਾ ਕੀਤਾ ਤਾਂ ਆਪ ਘਬਰਾਏ ਨਹੀਂ, ਸਗੋਂ ਪੁਜਾਰੀਆਂ ਦੇ ਸੁਧਾਰ ਲਈ ਪੂਰੀ ਤਰ੍ਹਾਂ ਡਟ ਗਏ ਸਨ[30]।"

" ਤੇ ਜਦੋਂ ਸ੍ਰੀ ਮਾਨ ਸ੍ਰ: ਸੁੰਦਰ ਸਿੰਘ ਜੀ ਮਜੀਠੀਏ ਦੇ ਵਡੇ ਪੁਤਰ ਕ੍ਰਿਪਾਲ-ਸਿੰਘ ਦਾ ਵਿਵਾਹ ਕੀਤਾ, ਤੇ ਨੂੰਹ ਪੁਤਰ ਨੂੰ ਨਾਲ ਲੈਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਪ੍ਰਸ਼ਾਦਿ ਅਤੇ 101 ਰੁਪਈਆਂ ਭੇਟਾ ਕੀਤਾ ਤਾਂ ਇਨ੍ਹਾਂ ਮਾਨ ਮਤਿਆਂ ਨੇ ਆਖਿਆ, ਤੁਸੀਂ ਪੁਤਰ ਦਾ ਵਿਵਾਹ ਗੁਰਮਤ ਅਨੁਸਾਰ ਕੀਤਾ ਹੈ ਇਸ ਲਈ ਅਸੀਂ ਤੁਹਾਡੀ ਅਰਦਾਸ ਨਹੀਂ ਕਰਦੇ, ਇਹ ਆਖ ਕੇ ਉਨ੍ਹਾਂ ਨੂੰ ਮੋੜ ਦਿਤਾ[31]।"

ਅਨੰਦ ਵਿਆਹ ਦੀ ਰਸਮ ਨੂੰ ਚਾਲੂ ਕਰਨ ਲਈ ਸਿੰਘ ਸਭੀਆਂ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਆਪਣੇ ਤੇ ਆਪਣੇ ਬਚਿਆਂ ਦੇ ਵਿਆਹ ਇਸ ਰੀਤੀ ਅਨੁਸਾਰ ਹੀ ਕੀਤੇ ਭਾਵੇਂ ਉਨ੍ਹਾਂ ਦੀ ਉਲਾਦ ਬਾਰੇ ਅਦਾਲਤੀ ਫੈਸਲੇ ਵੀ ਹੋਏ ਕਿ ਉਹ ਹਰਾਮ-ਜ਼ਾਦੀ ਹੈ। ਸਨਾਤਨੀ ਹਿੰਦੂਆਂ ਤੇ ਸਿੱਖਾਂ ਅਤੇ ਆਰੀਆ ਸਮਾਜੀਆਂ ਵਲੋਂ ਜਿਹੜਾ ਸਾਹਿਤ ਇਸ ਮਨੋਰਥ ਨੂੰ ਸਿਧ ਕਰਨ ਲਈ ਛਪਿਆ ਕਿ ਸਿਖ ਹਿੰਦੂ ਹਨ, ਉਸ ਵਿਚ ਅਨੰਦ ਵਿਆਹ ਦਾ ਖੰਡਨ ਵੀ ਕੀਤਾ ਗਿਆ। ਸਿਖਾਂ ਵਲੋਂ ਇਸ ਵਿਆਹ ਨੂੰ ਜਾਇਜ਼ ਤੇ ਗੁਰਮਤ ਅਨੁਸਾਰ ਸਿਧ ਕਰਨ ਲਈ ਵੀ ਗਿਆਨ ਮਈ ਸਾਹਿਤ ਰਚਿਆ ਗਿਆ ਜਿਸ ਦੇ ਰਚਣ ਵਿਚ ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਦਿੱਤ ਸਿੰਘ, ਭਾਈ ਮੋਹਨ ਸਿੰਘ ਵੈਦ ਨੇ ਹਿੱਸਾ ਪਾਇਆ।

---

29. ਡਾ. ਗੰਡਾ ਸਿੰਘ, ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ(ਪੰਜਾਬ) ਸਫਾ 93;
30. ਸ਼ਮਸ਼ੇਰ ਸਿੰਘ ਅਸ਼ੋਕ, ਭ. ਕਾਨ੍ਹ ਸਿੰਘ ਨਾਭਾ, ਸਫਾ 108;
31. ਅਕਾਲੀ ਮੋਰਚੇ ਤੇ ਬੱਬਰ, ਸਫਾ 91 ;

ਭਾਈ ਕਾਨ੍ਹ ਸਿੰਘ ਨਾਭਾ ਨੇ ' 'ਹਮ ਹਿੰਦੂ ਨਹੀਂ ' ਤੇ 'ਗੁਰਮਤ ਸੁਧਾਕਰ ਵਿਚ ਗੁਰਬਾਣੀ ਦੀਆਂ ਟੂਕਾਂ ਦੇ ਕੇ ਇਸ ਬਾਰੇ ਗੁਰੂ ਸਾਹਿਬਾਨ ਦਾ ਹੁਕਮ ਦਸਿਆ ਤੇ ਇਹਦੇ ਨਾਲ ਹੀ ਉਨ੍ਹਾਂ ਸਾਰੀਆਂ ਗੱਲਾਂ ਦਾ ਖੰਡਨ ਕੀਤਾ ਜਿਹੜੀਆਂ ਪੁਰਾਣੇ ਗ੍ਰੰਥਾਂ ਵਿਚ ਗੁਰ-ਆਸ਼ੇ ਦੇ ਖਿਲਾਫ਼ ਲਿਖੀਆਂ ਹਨ। ਭਾਈ ਮੋਹਨ ਸਿੰਘ ਵੈਦ ਨੇ ਇਸ ਵਿਸ਼ੇ ਵਲ ਉਚੇਚਾ ਧਿਆਨ ਦਿਤਾ ਤੇ ਹਰ ਪਰਕਾਰ ਦੀ ਉਕਤੀਆਂ ਯੁਕਤੀਆਂ ਨਾਲ ਸਿਧ ਕੀਤਾ ਤੇ ਸਿਖਾਂ ਨੂੰ ਸਮਝਾਇਆ ਕਿ ਅਨੰਦ ਵਿਆਹ ਹੀ ਗੁਰਮਤ ਅਨੁਸਾਰੀ ਹੈ। 'ਗੁਰਮਤ ਗੌਰਵਤਾ' ਦੇ ਪਹਿਲੇ ਭਾਗ ਵਿਚ ਗੁਰਮਤ ਅਨੁਸਾਰ ਵਿਆਹ ਸੰਸਕਾਰ ਦੇ ਮੋਟੇ ਮੋਟੇ ਛੇ ਲਾਭ ਦਸੇ ਹਨ। ਜਿਵੇਂ :-

> "(6) ਗੁਰ ਮ੍ਰਯਾਦਾ ਨਾਲ ਜਿਸ ਜੋੜੀ ਦੇ ਵਿਵਾਹ ਹੋਵੇ ਉਨ੍ਹਾਂ ਦੇ ਅਰਥ ਪ੍ਰਮਾਰਥ ਦੇ ਸਾਂਝ ਸੁਧਾਰ ਦੇ ਉਪਦੇਸ਼ਾਂ ਦਾ ਗ੍ਰਹਣ ਹੋਣ ਕਰਕੇ ਉਸ ਜੋੜੀ ਦਾ ਸੰਬੰਧ ਇਸ ਲੋਕ ਅਤੇ ਪਰਲੋਕ ਦੋਹਾਂ ਵਾਸਤੇ ਹੋ ਜਾਂਦਾ ਹੈ ਅਜੇਹੇ ਇਸਤ੍ਰੀ ਪੁਰਸ਼ ਦੇ ਸੰਬੰਧ ਨੂੰ ਹੀ :-
>
> ' ਏਕ ਜੋਤ ਦੁਇ ਮੂਰਤੀ ਧਨ ਪਿਰ ਕਹੀਐ ਸੋਇ '
> ਸੋ ਜਦ ਜੋਤ ਹੀ ਇਕ ਹੋ ਗਈ ਤਦ ਵਿਛੋੜਾ ਕਿਥੋਂ ? ਪੂਰਨ ਮੇਲ ਦੇ ਲੱਛਨ ਲਿਖੇ ਹਨ ਕਿ :-
>
> ' ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ ਪਹਿਰਾਨਾ ਖਹਿ ਖਟ ਜਾਂਕੇ ਮਿਲਤ ਹੈਂ ਸੋ ਮਿਲਿਆ ਪਹਚਾਨ' ॥

ਸੋ ਗੁਰਮਤ ਤੋਂ ਉਲਟ ਅਨਮਤ ਰੀਤੀ ਅਨੁਸਾਰ ਸੰਸਕਾਰ ਕਰਨ ਦੇ ਪਹਲੇ ਹੀ ਫੁੱਟ ਦਾ ਬੀਜ (ਖ਼ਿਆਲਾਂ ਦੀ ਵਿਪ੍ਰੀਤਤਾ ਦਾ ਅਸਰ) ਹੀ ਬੀਜਿਆ ਜਾਂਦਾ ਹੈ ਜਿਸਦਾ ਅੰਤ "ਡਾਂਗੋ ਡਾਂਗੀ" ਹੋਕੇ ਅਰਥ ਤੇ ਪਰਮਾਰਥ ਦੋਨੋਂ ਹੀ ਬਿਗੜ ਜਾਂਦੇ ਹਨ।"[32]

ਗਿਆਨੀ ਦਿੱਤ ਸਿੰਘ ਨੇ 'ਨਕਲੀ ਸਿੱਖ ਪ੍ਰਬੋਧ ' ਵਿਚ ਇਸ ਭੁਲੇਖੇ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਕਿ ਲਾਵਾਂ ਵਿਚ ਕੇਵਲ ਪਰਮਾਰਥ ਹੈ । ਉਨ੍ਹੇ ਲਾਵਾਂ ਦੀ ਵਿਆਖਿਆ ਅਜਿਹੇ ਸੁਚੱਜੇ ਢੰਗ ਨਾਲ ਕੀਤੀ ਕਿ ਨਾ ਸਿਰਫ ਇਸ ਭੁਲੇਖੇ ਨੂੰ ਹੀ ਦੂਰ ਕੀਤਾ ਸਗੋਂ ਪੰਜਾਬੀ

32. ਭਾਈ ਮੋਹਨ ਸਿੰਘ ਵੈਦ, ਗੁਰਮਤ ਗੌਰਵਤਾ, ਸਫੇ 27-28;

ਬੋਲੀ ਦੇ ਵਿਆਖਿਆ ਸਾਹਿਤ ਨੂੰ ਵੀ ਵਿਕਸਿਤ ਕੀਤਾ :-

" ਇਸ ਪਹਿਲੀ ਲਾਵ ਵਿੱਚ ਇਸਤ੍ਰੀ ਪੁਰਖ ਨੂੰ ਪ੍ਰਵਿਰਤੀ ਦੀ ਮਰਯਾਦਾ ਦੱਸੀ ਗਈ ਹੈ ਜਿਸ ਤੇ ਪਰਮਾਤਮਾਂ ਦਾ ਗਯਾਨ ਬਾਣੀ ਦੁਵਾਰਾ ਜੋ ਧਰਮ ਹੈ ਦ੍ਰਿੜਾਕੇ ਦੁਰਾਚਾਰ,ਜੋ ਮਹਾਂ ਪਾਪ ਹੈ,ਤਿਆਗਨ ਕਰਾਇਆ ਗਿਆ ਹੈ;ਅਰਥਾਤ ਦਸਿਆ ਗਿਆ ਹੈ ਕਿ ਇਹ ਤੇਰਾ ਪਤੀ ਅਰ ਇਹ ਤੇਰੀ ਸੁਪਤਨੀ ਹੈ ਇਸਤੇ ਬਿਨਾਂ ਅੰਨ ਇਸਤ੍ਰੀ ਪੁਰਖ ਨਾਲ ਸਨੇਹ ਕਰਨਾ ਦੁਰਾਚਾਰ ਸਦਾਉਂਦਾ ਹੈ,ਤਾਂਤੇ ਤੁਸੀਂ ਇਸ ਧਰਮ ਨੂੰ ਦ੍ਰਿੜ ਕਰਕੇ ਅਕਾਲ ਪੁਰਖ ਦੇ ਨਾਮ ਦਾ ਅਰਾਧਨ ਕਰੋ ਜੋ ਪੁਰਾਣੇ ਮਹਾਤਮਾਂ ਭੀ ਦ੍ਰਿੜ੍ਹ ਕਰਦੇ ਆਏ ਹਨ।ਇਸ ਅਰਾਧਨ ਦੇ ਸਮਯ ਪਰ ਸਤਿਗੁਰੂ ਅਰਥਾਤ ਸਭ ਤੇ ਮਹਾਨ ਪਰਮਾਤਮਾ ਦਾ ਧਿਆਨ ਕਰਕੇ ਪਾਪਾਂ ਦਾ ਖੰਡਨ ਕਰੋ ਜਿਸਤੇ ਤੁਸੀਂ ਸੁਭਾਗੀ ਹੋ ਕੇ ਪਰਮਾਤਮਾਂ ਨੂੰ ਹੀ ਮਿੱਠਾ ਖਯਾਲ ਕਰੋ,ਅਰਥਾਤ ਨਿਰਾ ਵਿਖਯ ਸੁਖ ਨੂੰ ਹੀ ਮਿੱਠਾ ਨਾ ਜਾਨ ਲੈਣਾ ।

ਇਸ ਦੂਸਰੀ ਲਾਵ ਦਾ ਭਾਵ ਇਹ ਹੈ ਕਿ ਜਿਸ ਵਕਤ ਸਿਮਰਨ ਕਰੀਦਾ ਹੈ ਅਕਾਲ ਪੁਰਖ ਅਰਥਾਤ ਨਿਰਮਲ ਪ੍ਰਮਾਤਮਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਾਰੇ ਭੈ ਦੂਰ ਹੋ ਜਾਂਦੇ ਹਨ ।ਗੁਰੂ ਮਹਾਰਾਜ ਕੈਂਹਦੇ ਹਨ ਕਿ ਤੁਸੀਂ ਪਰਵਾਰ ਦੇ ਪਸਾਰੇ ਪਰ ਹੀ ਮਸਤ ਨਾ ਹੋ ਬੈਠਨਾ, ਕਿੰਤੂ ਸਰਬ ਦੇ ਸੁਆਮੀ ਪਰਮਾਤਮਾਂ ਦੇ ਸੰਸਾਰ ਰੂਪੀ ਪਸਾਰੇ ਦਾ ਸੈਰ ਕਰਨਾ,ਅਤੇ ਉਸਨੂੰ ਅਪਨੇ ਅੰਗ ਸੰਗ ਅਰ ਬਯਾਪਕ ਜਾਨਕੇ ਮਹਾਤਮਾਂ ਪੁਰਖਾਂ ਨਾਲ ਉਸਦਾ ਮੰਗਲਾਚਾਰ ਗਾਉਣਾ ।

ਤੀਜੀ ਲਾਵ ਦਾ ਭਾਵ ਏਹ ਹੈ ਕਿ ਤੁਸੀਂ ਨਿਰੇ ਪੁਰੇ ਅਪਨੇ ਬਾਲ ਬੱਚੇ ਨਾਲ ਹੀ ਮਸਤ ਨਾ ਰਹਿਨਾ ਕਿੰਤੂ ਮਹਾਤਮਾ ਪੁਰਖਾਂ ਦਾ ਮੇਲ ਜੋਲ ਕਰਕੇ ਵੱਡੇ ਭਾਗਾਂ ਵਾਲੇ ਹੋਣਾ ਅਤੇ ਓਨ੍ਹਾਂ ਨਾਲ ਹੀ ਮਿਲਕੇ ਹਰਿ ਦੀ ਕਥਾ ਵਾਰਤਾ ਕਰਨੀ ਅਰ ਹਿਰਦੇ ਵਿਚ ਉਸਦਾ ਪ੍ਰੇਮ ਪੈਦਾ ਕਰਨਾ ।

ਚੌਥੀ ਲਾਵ ਵਿੱਚ ਅੰਤ ਦਾ ਫਲ ਕਥਨ ਕੀਤਾ ਹੈ ਕਿ ਇਸ ਤਰ੍ਹਾਂ ਜੀਵਨ ਬਿਤੀਤ ਕਰਨੇ ਤੇ ਪਰਮਾਤਮਾਂ ਦੀ ਪ੍ਰਾਪਤੀ ਹੋ ਜਾਂਦੀ ਹੈ,ਅਰ ਅੱਛੇ ਪੁਰਖਾਂ ਦੇ ਨਾਲ ਅਚਾਰੋ ਬਿਹਾਰ ਰਖਨੇ ਕਰਕੇ ਅਪਨੇ ਮਨ ਅਤੇ ਤਨ ਨੂੰ ਉਸ ਮਿੱਠੇ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ,ਜਿਸ

ਤੇ ਮਨ ਦੀ ਇੱਛਾ ਵਾਲਾ ਹੀ ਫਲ ਪ੍ਰਾਪਤ ਹੋ ਜਾਂਦਾ ਹੈ। ਇਹ ਕਾਰਜ ਪ੍ਰਮਾਤਮਾਂ ਦੇ ਵਲੋਂ ਹੀ ਅਰਥਾਤ ਉਸਦੀ ਇੱਛਾ ਤੇ ਹੀ ਅਰੰਭ ਕੀਤਾ ਗਿਆ ਹੈ ਇਸਤੇ ਜਿਸ ਤਰ੍ਹਾਂ ਇਸ ਕੰਨਯਾ ਨੂੰ ਵਰ ਦੀ ਪ੍ਰਾਪਤੀ ਦਾ ਅਨੰਦ ਪ੍ਰਾਪਤ ਹੋਇਆ ਹੈ, ਇਸੀ ਪ੍ਰਕਾਰ ਤੁਸੀਂ ਓਸ ਅਬਿਨਾਸ਼ੀ ਪਦ ਨੂੰ ਪ੍ਰਾਪਤ ਹੋ ਕੇ ਆਨੰਦ ਹਾਸਿਲ ਕਰੋ[33]।"

ਸਿੰਘ ਸਭਾ ਦੇ ਸੇਵਕਾਂ ਦੇ ਵਿਆਖਿਆਨਾਂ, ਲਿਖਤਾਂ ਤੇ ਸਮੇਂ ਦੀ ਲੋੜ ਨੇ 22 ਅਕਤੂਬਰ 1909 ਈ. ਨੂੰ ਅਨੰਦ ਮੈਰਜ ਐਕਟ ਪਾਸ ਕਰਾਇਆ ਤੇ ਇਹਦੇ ਆਧਾਰ ਤੇ ਸਿਖ ਕਾਨੂੰਨ ਦੀਆਂ ਨਜ਼ਰਾਂ ਵਿਚ ਵੀ ਹਿੰਦੂਆਂ ਤੋਂ ਵਖਰੇ ਹੋ ਗਏ ।

ਸਿੱਖਾਂ ਦੇ ਦਿਲਾਂ ਵਿਚ ਇਹ ਖਿਆਲ ਪੱਕਾ ਕਰਨ ਲਈ ਕਿ ਹਿੰਦੂ ਨਹੀਂ ਤੇ ਉਨ੍ਹਾਂ ਦੀ ਆਪਣੀ ਵਖਰੀ ਧਾਰਮਿਕ ਕਿਰਿਆ ਹੋਣੀ ਚਾਹੀਦੀ ਹੈ ਉਨ੍ਹਾਂ ਲਈ ਗੁਰਮਤ ਅਨੁਸਾਰ ਜੰਮਨ ਤੋਂ ਮਰਨ ਤਕ ਦੀਆਂ ਰਸਮਾਂ ਨੂੰ ਛਾਪਿਆ ਗਿਆ । ਇਸ ਨਾਲ ਉਨ੍ਹਾਂ ਨੂੰ ਇਹ ਗਿਆਨ ਦਿਤਾ ਗਿਆ ਕਿ ਉਨ੍ਹਾਂ ਨੇ ਕਿਸ ਵੇਲੇ ਕੀ ਕਰਨਾ ਹੈ ਤੇ ਕੀ ਨਹੀਂ ਕਰਨਾ । ਚੀਫ਼ ਖਾਲਸਾ ਦੀਵਾਨ ਨੇ ਇਸ ਲੋੜ ਲਈ 'ਗੁਰਮਤ ਪ੍ਰਕਾਸ਼ ਭਾਗ ਸੰਸਕਾਰ', ਪੰਚ ਖਾਲਸਾ ਦੀਵਾਨ ਭਸੌੜ ਨੇ 'ਖਾਲਸਾ ਸੰਸਕਾਰ ਵਿਧੀ ਅਰਥਾਤ ਖਾਲਸਾ ਮਰਯਾਦਾ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਸਿੱਖ ਮਰਯਾਦਾ' ਪੁਸਤਕਾਂ ਛਾਪੀਆਂ । ਜਨਮ ਮਰਨ ਦੀਆਂ ਰਸਮਾਂ ਗੁਰਮਤ ਅਨੁਸਾਰ ਕਰਨ ਨਾਲ ਉਨ੍ਹਾਂ ਵਿਚ ਸਾਦਗੀ ਆਉਣ ਕਰਕੇ, ਉਨ੍ਹਾਂ ਉਤੇ ਘਟ ਖਰਚ ਹੁੰਦਾ ਸੀ ਪਰ ਇਹਦੇ ਨਾਲ ਪੰਡਤਾਂ ਪ੍ਰੋਹਤਾਂ ਦੀ ਆਮਦਨ ਤੇ ਸਿੱਧੀ ਸੱਟ ਵਜਦੀ ਸੀ । ਇਸ ਲਈ ਉਨ੍ਹਾਂ ਦਾ ਇਨ੍ਹਾਂ ਰਸਮਾਂ ਦਾ ਵਿਰੋਧ ਕਰਨਾ ਇਕ ਸੁਭਾਵਕ ਤੇ ਜਮਾਤੀ ਖਾਸਾ ਸੀ :-

" <u>ਗੁਰ ਰੀਤੀ ਅਨੁਸਾਰ ਚਲਾਣੇ</u>
<u>ਖੀਬਲੇ</u>

ਪਿਆਰੇ ਐਡੀਟਰ ਜੀ ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ ॥

---

33. ਉਕਤ ਨੰਬਰ 22 ਸਫੇ 38-40 ;

ਨਗਰ ਖੀਬਲੇ ਰਿਆਸਤ ਪਟਿਆਲਾ ਵਿਚ ਮੇਰੇ ਚਾਚਾ ਸਾਹਿਬ ਦਾ ਹੁਕਮ ਸਤਿ ਹੋ ਗਿਆ,ਉਨ੍ਹਾਂ ਦਾ ਕ੍ਰਿਯਾ ਕਰਮ ਸਭ ਗੁਰ ਮਰਯਾਦਾ ਨਾਲ ਕੀਤਾ ਗਿਆ ਪਿੰਡ ਦੇ ਜ਼ਿਮੀਦਾਰਾਂ ਔਰ ਸੈਨਸਾਰੀ ਪੰਮਿਆਂ ਨੇ ਬਹੁਤ ਜ਼ੋਰ ਲਾਯਾ,ਪਰ ਮੈਂ ਇੱਕ ਨਾ ਮੰਨੀਂ ਆਖਰ ਨੂੰ ਸਭ ਕਾਰਵਾਈ ਗੁਰਰੀਤੀ ਨਾਲ ਕਰਾਈ ਗਈ ॥

ਲੇਖਕ ਦਾਸ ਹੀਰਾ ਸਿੰਘ
ਪਟਿਆਲਾ । "[34]

## ਸਿਖ ਇਤਿਹਾਸ

" ਇਤਿਹਾਸ ਕੌਮਾਂ ਦੀ ਜਾਨ ਹੈ,ਇਹ ਰੂਹਾਂ ਫੂਕਦਾ ਤੇ ਨਵੇਂ ਜੋਸ਼ ਪੈਦਾ ਕਰਦਾ ਹੈ, ਇਹ ਸਿੱਖਯਾ ਦੇਂਦਾ ਤੇ ਸਿੱਧੇ ਰਸਤੇ ਟੋਰਦਾ ਹੈ।"[35] ਬੀਰਾਂ ਅਤੇ ਸ਼ਹੀਦਾਂ ਦਾ ਜੀਵਨ ਇਤਿਹਾਸ ਕੌਮਾਂ ਦੀ ਜਿੰਦ ਜਾਨ ਹੋਇਆ ਕਰਦਾ ਹੈ।ਇਤਿਹਾਸ ਦੇ ਭਾਸ ਨਾਲ ਪ੍ਰਭਾਵਿਤ ਹੋਕੇ ਕੌਮਾਂ ਦੇ ਭਵਿਖਯ ਸੌਰਿਆ ਕਰਦੇ ਹਨ ।ਸਫਲ ਜੀਵਨ ਦੀ ਪ੍ਰਾਪਤੀ ਲਈ ਆਪਣੇ ਬੀਰਾਂ ਦੇ ਇਤਿਹਾਸ ਅਤੇ ਉਨ੍ਹਾਂ ਦੀਆਂ ਯਾਦਗਾਰਾਂ ਨਾਲ ਦਿਮਾਗੀ,ਮਾਨਸਕ ਤੇ ਆਤਮਕ ਸੰਬੰਧ ਕਾਇਮ ਰੱਖਣਾ ਜੀਵੰਦੀਆਂ ਕੌਮਾਂ ਦਾ ਮੁਖ ਆਦਰਸ਼ ਹੁੰਦਾ ਹੈ ।"[36]

ਸਿੱਖਾਂ ਨੂੰ ਵਖਰੀ ਕੌਮ ਹੋਣ ਦਾ ਇਹਸਾਸ ਕਰਾਉਣ ਤੇ ਉਹਨੂੰ ਪੱਕਿਆਂ ਕਰਨ ਲਈ ਸਿੰਘ ਸਭਾ ਦੇ ਸੇਵਕਾਂ ਲਈ ਜ਼ਰੂਰੀ ਸੀ ਕਿ ਸਿੱਖਾਂ ਨੂੰ ਆਪਣੇ ਵਿਰਸੇ ਤੋਂ ਜਾਣੂ ਕਰਾਇਆ ਜਾਏ,ਉਹ ਵਿਰਸਾ ਜਿਹੜਾ ਸੱਚੇ ਤੇ ਸੁੱਚੇ ਆਚਰਣ,ਲੋਕ ਸੇਵਾ ਤੇ ਕੁਰਬਾਨੀਆਂ ਦੀਆਂ ਮਿਸਾਲਾਂ ਨਾਲ ਮਾਲਾ ਮਾਲ ਸੀ ।ਤੇ ਜਦੋਂ ਕਿਸੇ ਨੂੰ ਇਹ ਪਤਾ ਲਗ ਜਾਏ ਕਿ ਉਹ

---

34. ਖਾਲਸਾ ਅਖਬਾਰ ਲਾਹੌਰ,ਨੰਬਰ 1,ਜਿਲਦ 7,5.5.1899 ਈ.
35. ਭਾਈ ਵੀਰ ਸਿੰਘ ਮੁਖਬੰਦ 'ਸ.ਹਰੀ ਸਿੰਘ ਨਲੂਆ(ਬਾਬਾ ਪ੍ਰੇਮ ਸਿੰਘ ਹੋਤੀ) ਸਫਾ 8.
36. ਬਾਬਾ ਪ੍ਰੇਮ ਸਿੰਘ ਹੋਤੀ,ਸ. ਹਰੀ ਸਿੰਘ ਨਲੂਆ,ਭੂਮਿਕਾ ਸਫਾ 20 ;

ਇਕ ਅਮੀਰ ਤੇ ਸ਼ਾਨਦਾਰ ਵਿਰਸੇ ਦਾ ਮਾਲਕ ਹੈ ਤਾਂ ਉਹ ਉਹਨੂੰ ਸਤਿਕਾਰਦਾ ਪਿਆਰਦਾ ਤੇ ਆਪਣੇ ਆਪ ਨੂੰ ਉਹਦੇ ਨਾਲ ਜੋੜਦਾ ਹੈ। ਸਿੱਖ ਕੌਮ ਨੂੰ ਆਪਣੇ ਧਰਮ ਵਿਚ ਪੱਕਿਆਂ ਕਰਨਾ ਸਿੰਘ ਸਭਾ ਲਹਿਰ ਦਾ ਉਦੇਸ਼ ਸੀ ਤੇ ਇਸ ਦੀ ਪੂਰਤੀ ਲਈ ਉਹਨੇ ਸਿੱਖਾਂ ਸਾਹਮਣੇ ਆਪਣੇ ਸ਼ਾਨਦਾਰ ਇਤਿਹਾਸ ਦੇ ਵਰਕੇ ਖੋਹਲ ਦਿਤੇ ।ਪਰ ਨਿਰੇ ਵਰਕੇ ਖੋਹਲ ਦੇਣ ਨਾਲ ਹੀ ਸਿਖਾਂ ਦਾ ਆਪਣੇ ਧਰਮ ਤੇ ਆਪਣੇ ਵਿਰਸੇ ਨਾਲ ਪਿਆਰ ਪੱਕਾ ਨਹੀਂ ਸੀ ਹੋ ਸਕਦਾ ਕਿਉਂਕਿ ਪੁਰਾਣੇ ਇਤਿਹਾਸ ਜਿਹੜੇ ਕਿ ਅਨਮਤੀਆਂ ,ਨਿਰਮਲਿਆਂ ਉਦਾਸੀਆਂ,ਕੱਟੜ ਧਾਰਮਿਕ ਵਿਰੋਧੀਆਂ ਜਾਂ ਉਨ੍ਹਾਂ ਲੋਕਾਂ ਨੇ ਲਿਖੇ ਲਿਖਾਏ ਸਨ ਜਿਨ੍ਹਾਂ ਨੂੰ ਸਿੱਖ ਧਰਮ ਤੇ ਸਿੱਖ ਸਦਾਚਾਰ ਦਾ ਬਿਲਕੁਲ ਹੀ ਥਹੁ ਪਤਾ ਨਹੀਂ ਸੀ,ਇਸ ਹੱਦ ਤਕ ਤੋੜ ਮਰੋੜ ਕੇ ਲਿਖੇ ਹੋਏ ਸਨ ਕਿ ਪੜ੍ਹਨ ਵਾਲੇ ਨੂੰ ਆਪਣੇ ਵਿਰਸੇ ਨਾਲ ਨਫਰਤ ਹੋ ਜਾਣੀ ਸੁਭਾਵਕ ਸੀ।

ਕੁਝ ਕੁ ਨੂੰ ਛੱਡ ਕੇ ਅੰਗਰੇਜ਼ ਇਤਿਹਾਸਕਾਰਾਂ ਨੇ ਸਿਖ ਧਰਮ,ਸਿਖ ਗੁਰੂਆਂ ਤੇ ਸਿਖ ਸਦਾਚਾਰ ਬਾਰੇ ਬੜੀਆਂ ਹੀ ਗਲਤ ਤੇ ਘਟੀਆ ਗੱਲਾਂ ਕਹੀਆਂ ।ਇਸੇ ਤਰ੍ਹਾਂ ਹੀ ਪੰਜਾਬ ਦੀ ਤਾਰੀਖ ਲਿਖਦਿਆਂ ਮੁਹੰਮਦ ਲਤੀਫ ਜਿਹੇ ਕਟੜ ਤੇ ਪਖਪਾਤੀ ਇਤਿਹਾਸਕਾਰਾਂ ਨੇ ਸਿੱਖਾਂ ਨੂੰ ਬਹੁਤ ਹੀ ਗੂਹੜੇ ਕਾਲੇ ਰੰਗ ਵਿਚ ਰੰਗ ਕੇ ਪੇਸ਼ ਕੀਤਾ ।ਸ਼ਰਧਾ ਰਾਮ ਫਿਲੌਰੀ ਨੇ ਵੀ ਸਿਖਾਂ ਦੇ ਰਾਜ ਦੀ ਵਿਥਿਆ ਵਿਚ ਇਹੋ ਕੁਝ ਹੀ ਕੀਤਾ ।ਸਿੱਖਾਂ ਨੇ ਉਹਦੇ ਮੂੰਹੋਂ ਗੁਰੂ ਨਾਨਕ ਦੀ ਬੇਅਦਬੀ ਸੁਣਕੇ ਬੁਰਾ ਮਨਾਇਆ ਪਰ ਜੋ ਕੁਝ ਉਨੈ ਕਿਹਾ ਸੀ ਕੋਈ ਨਵੀਂ ਗੱਲ ਨਹੀਂ ਸੀ । ਉਹਦੇ ਤੋਂ ਪਹਿਲਾਂ ਮੈਗਰੈਗਾਰ,ਸਟੇਨਬਾਚ,ਬਿੰਗਲੇ ਆਦਿ ਅੰਗਰੇਜ਼ ਇਤਿਹਾਸਕਾਰ ਇਹੋ ਗੱਲਾਂ ਲਿਖ ਚੁਕੇ ਸਨ ਤੇ ਉਸ ਤੋਂ ਵੀ ਪਹਿਲਾਂ ਬਾਲੇ ਵਾਲੀ ਜਨਮ ਸਾਖੀ ਵਿਚ ਇਹ ਗੱਲਾਂ ਲਿਖੀਆਂ ਜਾ ਚੁਕੀਆਂ ਸਨ ਜਿਸ ਨੂੰ ਸਿਖ ਬੜੀ ਸ਼ਰਧਾ ਨਾਲ ਪੜ੍ਹਦੇ ਸਨ।ਸਿਖ ਇਤਿਹਾਸ ਵਿਚ ਇੰਨਾ ਰਲਾ ਪੈ ਚੁਕਾ ਸੀ ਕਿ ਅਜੇ ਤਕ ਇਹ ਵੀ ਪਤਾ ਨਹੀਂ ਸੀ ਕਿ ਸਿਖ ਧਰਮ ਦੇ ਬਾਨੀ ਦੀ ਜਨਮ ਤਾਰੀਖ ਕਿਹੜੇ ਮਹੀਨੇ ਵਿਚ ਹੈ ਕਤਕ ਜਾਂ ਵਿਸਾਖ ਵਿਚ," ਮੁਲਤਾਨ ਦੀ ਸਾਖੀ ਇਕ ਵਾਰ ਹੋਈ ਸੀ ਕਿ ' ਹੂ-ਬ-ਹੂ' ਦੋ ਵਾਰੀ, ਜੈਸਾ ਕਿ ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਵਿਚ ਲਿਖਿਆ ਹੈ ।

(2) ਭਾਈ ਮਰਦਾਨਾ ਖੁਰਮ ਸ਼ਹਿਰ ਵਿਚ ਚਲਾਣਾ ਕਰ ਚੁਕਾ ਸੀ (ਜੈਸਾ ਕਿ ਭਾਈ ਬਾਲੇ ਦੀ ਸਾਖੀ ਵਿਚ ਦਰਜ ਹੈ) ਕਿ ਮੁਲਤਾਨ ਦੀ ਜ਼ਯਾਰਤ ਵੇਲੇ ਗੁਰੂ ਜੀ ਦੇ

ਨਾਲ ਸੀ ?ਤਵਾਰੀਖ ਗੁਰੂ ਖਾਲਸਾ ਹਿਸਾ ੧,ਨੰਬਰ ੧,ਸਫਾ 487 ਤੇ ਗਿਆਨੀ ਗਿਆਨ ਸਿੰਘ ਜੀ ਭਾਈ ਮਰਦਾਨੇ ਦਾ ਚਲਾਣਾ 13 ਮੱਘਰ ਸੰ:1581 ਨੂੰ ਹੋਣਾ ਲਿਖਦੇ ਹਨ ।

(3) ਏਹ ਸਾਖੀ :-

(ੳ) ਭਾਦਰੋਂ ਸੰ:1572 ਬਿ: ਤੋਂ ਪਹਿਲੇ ਹੋਈ,ਕਿ -

(ਅ) ਫੱਗਣ ਸੰਮਤ 1579 ਤੋਂ ਪਿਛੋਂ ਹੋਈ,ਕਿ

(ੲ) 13 ਮੱਘਰ 1581 ਤੋਂ ਪਿਛੋਂ ਹੋਈ ?
(ਏਹ ਸੰਮਤ ਗਿਆਨੀ ਗਿਆਨ ਸਿੰਘ ਜੀ ਨੇ ਕਿਨ੍ਹਾਂ ਗ੍ਰੰਥਾਂ ਤੋਂ ਲੈਕੇ ਲਿਖੇ ਹਨ? ਕਿ ਮਨੋ ਕਲਪਤ ਹਨ?

(4) ਗੁਰੂ ਜੀ -

(ੳ) ਅਚਲ ਵਟਾਲੇ ਤੋਂ ਮੁਲਤਾਨ ਗਏ,ਕਿ -

(ਅ) 'ਉਚਾ' ਪਿੰਡ ਤੋਂ ਮੁਲਤਾਨ ਗਏ,ਕਿ -

(ੲ) ਪਾਕਪਟਨ ਤੋਂ ਮੁਲਤਾਨ ਗਏ, ਕਿ-

(ਸ) ਖੁਰਮੇ ਸ਼ਹਿਰ ਤੋਂ ਮੁਲਤਾਨ ਗਏ ।

(5) ਗੁਰੂ ਜੀ-

(ੳ) ਮੁਲਤਾਨ ਤੋਂ ਕਰਤਾਰਪੁਰ ਆਏ,ਕਿ-

(ਅ) ਮੁਲਤਾਨ ਤੋਂ ਉਚੇ ਪਿੰਡ ਆਏ,ਕਿ -

(ੲ) ਮੁਲਤਾਨ ਤੋਂ ਸੁਲਤਾਨਪੁਰ ਆਏ ।

(6) ਗੁਰੂ ਜੀ-

(ੳ) 'ਮੁਲਤਾਨ ਸਤਿਨਾਮ ਦਾ ਪ੍ਰਚਾਰ' ਕਰਨ ਗਏ ਸੀ,ਕਿ-

(ਅ) ਪ੍ਰਹਿਲਾਦ ਭਗਤ ਦਾ ਅਸਥਾਨ ਦੇਖਣ,ਜਾਂ

(ੲ) ਮੁਲਤਾਨੀ ਪੀਰਾਂ ਦਾ ਦੀਦਾਰ ਕਰਨ ।

(7) ਚੰਬੇਲੀ ਦਾ ਅਰਥ 'ਫੁਲ' ਹੈ ਕਿ 'ਪਤਾਸੇ' ?

(8) ਗੁਰੂ ਜੀ ਨੇ ਨਕੋਨਕ ਭਰੇ ਪਿਆਲੇ ਵਿਚ ਇਕ ਸ਼ੈ ਮਿਲਾਈ ਸੀ ਕਿ ਦੋ ਚੀਜ਼ਾਂ ?

(9) ਬਗਲ ਦਾ ਬਾ-ਮੁਹਾਵਰਾ ਅਰਥ ਪਾਸ(ਕੋਲ) ਹੈ, ਕਿ ਬਗਲੀ (ਝੋਲੀ)?[37]

ਸਿੰਘ ਸਭਾ ਲਹਿਰ ਤੋਂ ਪਹਿਲਾਂ ਸਿਖ ਇਤਿਹਾਸ ਰਤਨ ਸਿੰਘ ਭੰਗੂ ਤੇ ਭਾਈ ਸੰਤੋਖ ਸਿੰਘ ਦੇ ਲਿਖੇ ਮਿਲਦੇ ਹਨ। ਇਕ ਕੰਪਨੀ ਨੇ ਲਿਖਵਾਇਆ ਸੀ ਤੇ ਦੂਜਾ ਰਿਆਸਤ ਕੈਥਲ ਨੇ। ਇਹ ਦੋਵੇਂ ਲਗ ਭਗ ਇਕੋ ਸਮੇਂ ਮੁੱਕੇ, ਇਕ 1897 ਬਿ. ਤੇ ਦੂਜਾ 1900 ਬਿ. ਵਿਚ। ਪਰ ਇਨ੍ਹਾਂ ਦੋਨਾਂ ਵਿਚ ਹੀ ਬਹੁਤ ਸਾਰੀਆਂ ਗੱਲਾਂ ਸਿਖ ਧਰਮ ਤੇ ਮਰਯਾਦਾ ਦੇ ਖਿਲਾਫ਼ ਹਨ। ਗਿਆਨੀ ਗਿਆਨ ਸਿੰਘ ਦੇ 'ਪੰਥ ਪ੍ਰਕਾਸ਼' ਵਿਚ ਵੀ ਕਈ ਅਨਰਥ ਢਾਹੇ ਹਨ।

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਸਿਖ ਜਨਤਾ ਨੂੰ ਦੋ ਢੰਗਾਂ ਨਾਲ ਇਤਿਹਾਸਕ ਗਿਆਨ ਦਿਤਾ, ਇਕ ਤਾਂ ਆਪਣੇ ਅਸਲੀ ਇਤਿਹਾਸ ਨੂੰ ਲਿਖ ਕੇ ਤੇ ਦੂਜੇ ਆਪਣੇ ਲਿਖੇ ਇਤਿਹਾਸਾਂ ਵਿਚ ਪਏ ਰਲੇ ਨੂੰ ਕਢ ਕੇ। ਸਿੱਖ ਇਤਿਹਾਸ ਬਾਰੇ ਬਾਬਾ ਸੁਮੇਰ ਸਿੰਘ, ਭਾਨੂ ਦੱਤ ਪੰਡਿਤ, ਰਤਨ ਸਿੰਘ ਭੰਗੂ, ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਗਿਆਨੀ ਦਿੱਤ ਸਿੰਘ, ਗਿਆਨੀ ਖਜ਼ਾਨ ਸਿੰਘ, ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਬਾਬਾ ਪ੍ਰੇਮ ਸਿੰਘ ਹੋਤੀ, ਕਰਮ ਸਿੰਘ ਹਿਸਟੋਰੀਅਨ, ਸ. ਜੀ.ਬੀ. ਸਿੰਘ ਗਿਆਨੀ ਲਾਲ ਸਿੰਘ, ਪੰਡਤ ਜਵਾਲਾ ਸਿੰਘ, ਰੀਡਾ ਸਿੰਘ, ਭਾਈ ਠਾਕਰ ਸਿੰਘ ਸੂਦ, ਸੇਵਾ ਸਿੰਘ -ਕੁਝ ਨੇ ਸਿੰਘ ਸਭਾ ਲਹਿਰ ਤੋਂ ਪਹਿਲਾਂ ਤੇ ਬਾਕੀਆਂ ਨੇ ਇਸ ਤੋਂ ਪਿਛੋਂ ਤੇ ਇਸ ਦੇ ਅਸਰ ਹੇਠ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚੋਂ ਕੁਝ ਕਵਿਤਾ ਵਿਚ ਤੇ ਬਹੁਤੀਆਂ ਵਾਰਤਕ ਵਿਚ ਹਨ। ਬਹੁਤ ਸਾਰੇ ਗੁਰ-ਇਤਿਹਾਸ ਤਾਂ ਪੁਰਾਣੀਆਂ ਜਨਮ ਸਾਖੀਆਂ ਦੇ ਆਧਾਰ ਤੇ ਹੀ ਢਾਲੇ ਗਏ ਹਨ, ਉਹੋ ਅੰਧ-ਵਿਸ਼ਵਾਸ਼ ਉਹੋ ਅਵਿਗਿਆਨਕ ਪਹੁੰਚ ਤੇ ਉਹੋ ਸ਼ਰਧਾ ਭਾਵ :-

> " ਜਦ ਕਾਲੂ ਚੰਦ ਨੇ ਦੇਖਯਾ ਨਾਨਕ ਚੰਦ ਪੜ੍ਹਦਾ ਨਹੀਂ ਤਾਂ ਗਊਆਂ ਚਾਰਨ ਭੇਜ ਦਿੱਤਾ। ਗੁਰੂ ਜੀ ਸ੍ਰੀ ਕ੍ਰਿਸ਼ਨ ਦੀ ਤਰ੍ਹਾਂ ਜਦ ਗਊਆਂ ਚਾਰਨ ਗਏ ਤਾਂ ਦੂਸਰੇ ਪਾਲੀਆਂ ਨੂੰ ਰੱਬ ਦੇ ਭਜਨ ਵਿਚ ਜੋੜ ਕੇ ਆਪ ਭੀ ਤਾੜੀ ਲਾ ਬੈਠੇ,

---

37. ਪੰਡਤ ਜਵਾਲਾ ਸਿੰਘ ਨਾਰੰਗ, 'ਸਿੱਖ ਇਤਿਹਾਸ ਨਸ਼ਟ ਕਿਵੇਂ ਹੋਇਆ?' ਸਫੇ 17-18;

ਗਊਆਂ ਨੇ ਜ਼ਿਮੀਦਾਰਾਂ ਦੀ ਖੇਤੀ ਉਜਾੜ ਛੱਡੀ ਓਹ ਜੱਟ ਪਾਲੀਆਂ ਨੂੰ ਤੇ ਗਊਆਂ ਨੂੰ ਹਾਕਮ ਦੇ ਪਾਸ ਲੈ ਆਏ, ਤੇ ਫਰਿਆਦ ਕੀਤੀ, ਹਾਕਮ ਨੇ ਚੱਟੀ ਲਾਈ ਤਾਂ ਬਾਬੇ ਨੇ ਆਖਯਾ ਖੇਤ ਹਰਾ ਭਰਾ ਹੈ ਉਜੜਯਾ ਨਹੀਂ। ਜਦ ਹਾਕਮ ਨੇ ਖੇਤ ਦੇਖਯਾ ਤਾਂ ਹਰਾ ਭਰਾ ਨਜ਼ਰ ਆਯਾ।"[38]

" ਫੇਰ ਗੁਰੂ ਜੀ ਆਖਿਆ, ਜਿਸਨੇ ਨਾਲ ਚਲਣਾ ਹੈ, ਸੋ ਉਹ ਮੁਰਦਾਭੱਛਨ ਕਰੇ, ਇਹ ਸੁਣਕੇ ਬਹੁਤਿਆਂ ਦਾ ਮਨ ਡੋਲ ਗਿਆ। ਪਰ ਲਹਿਣਾ ਸਾਬਤ ਰਿਹਾ। ਹਥ ਜੋੜਕੇ ਪੁਛਿਆ ਜੋ ਪਹਿਲੇ ਸਿਰ ਵੱਲੋਂ ਖਾਵਾਂ ਕਿ ਪੈਰਾਂ ਵੱਲੋਂ ? ਗੁਰੂ ਜੀ ਕਿਹਾ ਵਿਚਕਾਰੋਂ ਤਾਂ ਲਹਿਣੇ ਇਹ ਜਾਣਕੇ ਕਿ ਗੁਰੂ ਜੀ ਪ੍ਰੀਖਿਆ ਲੈਂਦੇ ਹਨ, ਵਾਹਿਗੁਰੂ ਆਖਕੇ ਰੁਮਾਲ ਲਾਹਿਆ ਤਾਂ ਕੜਾਹ ਪ੍ਰਸ਼ਾਦ ਦਾ ਥਾਲ ਦ੍ਰਿਸ਼ਟੀ ਆਯਾ॥"[39]

" ਫੇਰ ਅੰਤ ਕੀ ਕਾਰਵਾਈ ਅਬਚਲਾ ਨੱਗਰ ਵਿੱਚ ਕਰਕੇ ਦਿਖ਼ਾ ਦਿੱਤੀ ਜੋ ਸਭ ਸ਼ਸਤ੍ਰਾਂ ਸਣੇ ਚਿਤਾ ਪਰ ਜਾ ਬਿਰਾਜੇ। ਨਾ ਕੋਈ ਪਿੰਡ, ਪੱਤਲ, ਦੀਵਾ ਅਤੇ ਸੱਥਰ ਹੀ ਕੀਤਾ ਨਾ ਕਰਨ ਦਾ ਹੁਕਮ ਦਿੱਤਾ, ਨਾ ਅਸਤ ਚੁਗਣੇ ਤੇ ਸ਼ਰਾਧ ਆਦਿਕ ਦੀ ਮਰਯਾਦਾ ਦੱਸੀ, ਪਰੰਤੂ ਇਤਨਾ ਉਪਦੇਸ਼ ਕੀਤਾ ਕਿ " ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ। ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ"॥[40]

" ਜਦ ਇਹ ਬਾਤ ਸੁਨੀ ਉਸ ਬਾਲਕ ਨੈਨ ਲਹੂ ਭਰ ਆਏ।
ਲਾਲ ਗੁਲਾਲ ਵਾਂਗ ਮੁਖ ਕਰਕੇ ਉਚੇ ਬਚਨ ਸੁਨਾਏ,
ਹੈ ਇਹ ਪਾਪਨ ਮਾਈ ਮੇਰੀ ਝੂਠ ਮੁਖੋਂ ਬਕਵਾਂਦੀ।
ਜਿਸ ਤੇ ਆਖੇ ਸਿੱਖ ਨਹੀਂ ਮੈਂ ਕਹਿਕੇ ਦੋਜ਼ਖ ਜਾਂਦੀ ॥ 69 ॥

---

38. ਗਿਆਨੀ ਗਿਆਨ ਸਿੰਘ, ਕ੍ਰਿਤ ਤਵਾਰੀਖ ਗੁਰੂ ਖਾਲਸਾ (ਗੁਰੂ ਨਾਨਕ ਜੀਵਨ) ਸੰਪਾਦਕ, ਗਿਆਨੀ ਕਿਰਪਾਲ ਸਿੰਘ, ਸਫਾ 130 ;
39. ਗਿਆਨੀ ~~ਸਿੰਘ~~ ਦਿੱਤ ਸਿੰਘ, ਜੀਵਨ ਕਥਾ ਗੁਰੂ ਅੰਗਦ ਸਾਹਿਬ ਜੀ, ਸਫਾ 19;
40. ਗਿਆਨੀ ਦਿੱਤ ਸਿੰਘ, ਨਕਲੀ ਸਿਖ ਪ੍ਰਬੋਧ, ਸਫਾ 73 ;

ਮੈਂ ਹਾਂ ਸਿਖ ਗੁਰੂ ਦਾ ਪੂਰਾ ਨਾ ਹਿੰਦੂ ਮੈਂ ਸ਼ਾਹਾ ।
ਇਸ ਝੂਠੀ ਦੇ ਬਚਨਾਂ ਉਪਰ ਕਿਉਂ ਸੰਗਲ ਗਲ ਲਾਹਾ ।
ਮੈਂ ਨਾ ਹਿੰਦੂ ਮੁਸਲਮਾਨ ਨਾ ਮੈਂ ਹਾਂ ਸਿੰਘ ਹਿਸੇ ਦਾ ।
ਪੰਥ ਖਾਲਸਾ ਜਗ ਦੇ ਅੰਦਰ ਸਾਜਿਆ ਰੂਪ ਜਿਸੇ ਦਾ" ॥70॥[41]

" ਕੌਣ ਖਾਲਸੇ ਦੀ ਤੇਗ ਝੱਲ ਸਕੇ
ਜਦੋਂ ਵਿਚ ਮੈਦਾਨ ਲਿਸ਼ਕਾਈਏ ਜੀ
ਕੌਣ ਠਹਿਰ ਸਕੇ ਭਲਾ ਸਿੰਘ ਅੱਗੇ
ਜਦੋਂ ਹਖ ਭਰੌਤੀ ਤੇ ਪਾਈਏ ਜੀ ।"[42]

" ਵਿਚ ਚਾਨਣੀ ਚੌਂਕ ਦੇ ਸ਼ਹਿਰ ਦਿੱਲੀ ਸਿੱਖ ਧਰਮ ਤੇ ਹੋਣ ਕੁਰਬਾਨ ਲੱਗੇ
ਗੁਰੂ ਨੌਮਜੀ ਦਾ ਜਿੱਥੇ ਹੈ ਡੇਹਰਾ ਓਹਦੇ ਪਾਸ ਹੀ ਜਿੰਦ ਘੁਮਾਨ ਲੱਗੇ
ਪਾਪੀ ਪਾਪ ਈ ਹੱਥ ਤਲਵਾਰ ਫੜ ਕੇ ਵਡੇ ਹੋ ਬੇਦਰਦ ਚਲਾਨ ਲੱਗੇ
ਏਸ ਦੇਹ ਨੂੰ ਜਾਣ ਕੇ ਸਿੱਖ ਝੂਠੀ ਨਾਲ ਖੁਸ਼ੀ ਦੇ ਜਾਨ ਵੰਞਾਨ ਲੱਗੇ
ਇਕ ਦੂਸਰੇ ਥੋਂ ਅੱਗੇ ਹੋ ਪਹਿਲਾਂ ਸਿਰ ਹੇਠ ਤਲਵਾਰਦੇ ਡਾਹਨ ਲੱਗੇ
ਭਾਂਡਾ ਗੰਦਗੀ ਦਾ ਮਲਮੂਤ ਭਰਿਆ ਸਿਰ ਤਰਕਦੇ ਭੰਨ ਚੜ੍ਹਾਨ ਲੱਗੇ।"[43]

ਅਸਲ ਵਿਚ ਵਿਗਿਆਨਕ ਢੰਗ ਤੇ ਸਿਖ ਇਤਿਹਾਸ ਲਿਖਣ ਦਾ ਸਿਹਰਾ ਕਰਮ ਸਿੰਘ ਹਿਸਟੋਰੀਅਨ ਦੇ ਸਿਰ ਹੀ ਹੈ। ਇਸ ਤੋਂ ਪਹਿਲਾਂ ਤੇ ਜੇ ਕਿਸੇ ਸਿਖ ਨੇ ਸਿਖ ਇਤਿਹਾਸ ਬਾਰੇ ਕੁਝ ਲਿਖਿਆ ਤਾਂ ਆਪਣੀ ਸ਼ਰਧਾ ਨੂੰ ਹੱਥੋਂ ਨਾ ਛਡਿਆ । ਪਰ ਕਰਮ ਸਿੰਘ ਹਿਸਟੋਰੀਅਨ ਨੇ ਗੁਰੂ ਨਾਨਕ ਦੇ ਜੀਵਨ ਨਾਲ ~~[illegible]~~ ਸਬੰਧਤ ਕਈਆਂ ਸਾਖੀਆਂ ਨੂੰ ਗਲਤ ਸਾਬਤ ਕੀਤਾ, ਭਾਈ ਬਾਲੇ ਦੀ ਹੋਂਦ ਤੋਂ ਇਨਕਾਰ ਕੀਤਾ, ਗੁਰੂ ਨਾਨਕ ਦਾ ਜਨਮ ਕਤਕ ਦੀ ਥਾਂ ਵਿਸਾਖ ਵਿਚ ਹੋਇਆ ਸਿਧ ਕੀਤਾ ਤੇ ਆਪਣਾ ਇਹ ਮਤ ਪੇਸ਼ ਕੀਤਾ ਕਿ ਭਾਈ ਬਾਲੇ ਵਾਲੀ ਜਨਮ ਸਾਖੀ

---

41. ਗਿਆਨੀ ਦਿੱਤ ਸਿੰਘ, ~~[illegible]~~ ਸਿਖ ~~[illegible]~~ ਬੱਚੇ ਦੀ ਸ਼ਹੀਦੀ ਸਫਾ 13;
42. ਕਰਤਾਰ ਸਿੰਘ ਕਲਾਸਵਾਲੀਆ, ਰਾਜ ਖਾਲਸਾ, ਸਫਾ 133;
43. ਕਰਤਾਰ ਸਿੰਘ ਕਲਾਸਵਾਲੀਆ, ਜੋਤਿ ਸਿਲਸਲਾ ਜੋਹਰਿ ਖਾਲਸਾ ਨੰਬਰ, ਸਫਾ 261;

ਗੁਰੂ ਅੰਗਦ ਦੀ ਹਜ਼ੂਰੀ ਵਿਚ ਭਾਈ ਬਾਲੇ ਨੇ ਨਹੀਂ ਸੀ ਲਿਖਵਾਈ ਸਗੋਂ ਇਹ ਤਾਂ ਬਹੁਤ ਹੀ ਦੇਰ ਬਾਦ ਵਿਚ ਲਿਖੀ ਗਈ ,ਪਰ ਅਜਿਹਾ ਸਾਬਤ ਕਰਨ ਲਈ ਉਹਨੇ ਅੰਧ ਵਿਸ਼ਵਾਸ਼ ਦੀ ਥਾਂ ਵਿਗਿਆਨ ਦਾ ਆਸਰਾ ਲਿਆ :-

" ਐਥੋਂ ਤੀਕ ਕਿ ਜਦੋਂ ਗੁਰੂ ਜੀ ਇਕ ਮਹੀਨੇ ਵਾਸਤੇ ਤਲਵੰਡੀ ਜਾਂਦੇ ਅਤੇ ਭਾਈ ਬਾਲੇ ਨੂੰ ਸੁਲਤਾਨਪੁਰ ਛਡਦੇ ਹਨ ਤਾਂ ਭਾਈ ਬਾਲਾ ਓਸ ਮਹੀਨੇ ਦਾ ਹਾਲ ਨਹੀਂ ਦਸ ਸਕਦਾ,ਹਾਲਾਂ ਕਿ ਇਹ ਜ਼ਰੂਰ ਹੈ ਕਿ ਗੁਰੂ ਨਾਨਕ ਜੀ ਨੇ ਤਲਵੰਡੀਓਂ ਆਕੇ ਭਾਈ ਬਾਲੇ ਨੂੰ ਆਪਣਾ ਹਾਲ ਜ਼ਰੂਰ ਦਸਿਆ ਹੋਵੇਗਾ ।ਪਰ ਚੂੰਕਿ ਭਾਈ ਬਾਲੇ ਨੇ ਆਪਣੀ ਅੱਖੀਂ ਨਹੀਂ ਡਿੱਠਾ ਇਸ ਵਾਸਤੇ ਲਿਖਵਾਇਆ ਨਹੀਂ ।

ਹੁਣ ਵੇਖਣਾ ਇਹ ਹੈ ਕਿ ਕੀ ਸਚ ਮੁੱਚ ਇਹ ਗੱਲ ਠੀਕ ਹੈ ਕਿ ਜੋ ਕੁਝ ਭਾਈ ਬਾਲੇ ਨੇ ਲਿਖਵਾਇਆ ਉਹ ਅੱਖੀਂ ਡਿੱਠਾ ਹੀ ਲਿਖਵਾਇਆ ਹੈ ? ਵਿਚਾਰ ਕੀਤਿਆਂ ਪਤਾ ਲੱਗਦਾ ਹੈ ਕਿ ਇਹ ਗੱਲ ਮੂਲੋਂ ਹੀ ਝੂਠ ਹੈ,ਅਤੇ ਇਹ ਕੇਵਲ ਆਪਣੇ ਅਯੋਗ ਸ਼ਬਦਾਂ ਤੇ ਪੋਚਾ ਪਾਣ ਦਾ ਇਕ ਬਹਾਨਾ ਹੈ ।ਭਾਈ ਬਾਲਾ ਆਪ ਮੰਨਦਾ ਹੈ ਕਿ 'ਗੁਰੂ ਨਾਨਕ ਜੀ ਮੈਥੋਂ ਤ੍ਰੈ ਵਰ੍ਹੇ ਵੱਡਾ ਸੀ ।" ਇਸ ਦਸ਼ਾ ਵਿੱਚ ਉਸਨੇ ਇਹ ਕੀਕੂੰ ਵੇਖ ਲਿਆ ਕਿ ਗੁਰੂ ਜੀ ਦੇ ਅਵਤਾਰ ਧਾਰਨ ਮਗਰੋਂ 'ਪੰਡਤ ਪੰਜ ਘੜੀਆਂ ਦਿਨ ਚੜ੍ਹੇ ਆਇਆ?" ਕਲਿਆਣ ਰਾਇ ਜੀ ਅਤੇ ਪੰਡਤ ਦੀ ਬਾਤ ਚੀਤ ਦਾ ਥਹੁ ਉਸਨੂੰ ਕੀਕੁਰ ਲੱਗਾ ? ਸਤਿਗੁਰੂ ਜੀ ਪੰਜਾਂ ਵਰ੍ਹਿਆਂ ਦੇ ਪੜ੍ਹਨੇ ਪੈਂਦੇ ਹਨ ਤੇ ਇਸ ਵੇਲੇ ਭਾਈ ਬਾਲਾ ਆਪਣੀ ਹੀ ਜ਼ਬਾਨੀ ਦੋ ਵਰ੍ਹਿਆਂ ਦਾ ਹੋਵੇਗਾ,ਇਸ ਲਈ ਪੰਡਤ ਨਾਲ ਗੁਰੂ ਜੀ ਦੀ ਚਰਚਾ ਦਾ ਇਸਨੂੰ ਕੀ ਪਤਾ ਹੋ ਸਕਦਾ ਹੈ? ਭਾਈ ਬਾਲਾ ਆਪ ਮੰਨਦਾ ਹੈ ਕਿ ਜਦੋਂ ਗੁਰੂ ਜੀ ਨੇ ਮੋਦੀ-ਖਾਨਾ ਛਡਿਆ ਅਤੇ ਨਵਾਬ ਨਾਲ ਮਸੀਤ ਵਿਚ ਗਏ ਤਾਂ 'ਮੈਂ ਖੁਸ਼ੀ ਲੀਤੀ,ਗੁਰੂ ਜੀ ਪਾਸੋਂ ਘਰਾਂ ਨੂੰ ਵਿਦਾ ਹੋਇਆ।" ਮਗਰੋਂ ਗੁਰੂ ਜੀ ਮਰਦਾਨੇ ਨੂੰ ਰਬਾਬ ਲੈਣ ਘੱਲਦੇ ਹਨ,ਉਹ ਖੱਜਲ ਹੋਕੇ ਮੁੜਨ ਭੀ ਕਰਦਾ ਹੈ ਕਿ ਫਿਰੰਦਾ ਆਪ ਹੀ ਆ ਮਿਲਦਾ ਹੈ ।ਦੋਵੇਂ ਗੁਰੂ ਜੀ ਪਾਸ ਆਉਂਦੇ ਹਨ।ਅੱਗੇ ਲਿਖਿਆ ਹੈ ਕਿ ਗੁਰੂ ਜੀ ਦੀ 'ਦੋਇ ਦਿਨ ਅੰਤੇ ਦੋਇ ਰਾਤੀਂ ਸਮਾਧ ਲੱਗੀ ਰਹੀ।"ਮਰਦਾਨਾ ਭੁੱਖ ਦਾ ਮਾਰਿਆ ਗੁਰੂ ਜੀ ਪਾਸੋਂ ਖੁਸ਼ੀ ਲੈਂਦਾ ਹੈ,ਬੇਬੇ ਨਾਨਕੀ ਰੋਂਦੀ ਹੈ ਤੇ ਭਾਈਆ ਜੈਰਾਮ ਦੇ ਆਖੇ ਮਰਦਾਨਾ ਮੰਨਦਾ ਹੈ ।ਸਣੇ ਮਰਦਾਨੇ ਗੁਰੂ ਜੀ 'ਸੁਲਤਾਨ ਪੁਰੋਂ ਚਲੇ,ਸੱਤਾਂ ਦਿਨਾਂ ਵਿਚ ਲਾਲੋ ਦੇ ਘਰ ਆਇ ਵੜੇ ।" ਭਾਈ ਲਾਲੋ ਨਾਲ ਅਨੇਕ ਪ੍ਰਕਾਰ ਦੀਆਂ ਗੱਲਾਂ ਹੋਈਆਂ,

ਮਰਦਾਨਾ ਤਲਵੰਡੀ ਨੂੰ ਆਇਆ, ਮਲਕ ਭਾਗੋ ਨੂੰ ਗੁਰੂ ਜੀ ਨੇ ਪਰੀਚਾ ਦਿੱਤਾ, ਇਤਿਆਦੀ ਕਈ ਗੱਲਾਂ ਦੱਸਕੇ ਭਾਈ ਬਾਲਾ ਲਿਖਵਾਉਂਦਾ ਹੈ- " ਇਥੇ ਤਾਂ ਇਹ ਵਰਤੀ, ਅਗੇ ਗੁਰੂ ਜੀ ਤਲਵੰਡੀ ਦੀ ਸੁਣੀਏਂ । ਅਗੇ ਤਲਵੰਡੀ ਮੈਂ ਗਿਆ ਆਹਾ।" ਅੱਗੇ ਚੱਲਕੇ ਭਾਈ ਬਾਲਾ ਫੇਰ ਦਸਦਾ ਹੈ-' ਤਾਂ ਗੁਰੂ ਜੀ ਮੈਂ ਵੀ ਅਤੇ ਮਰਦਾਨਾ ਦੋਵੇਂ ਏਮਨਾਬਾਦ ਆਏ ਲਾਲੋ ਦੇ ਘਰ ।"[44]

ਸ. ਕਰਮ ਸਿੰਘ ਹਿਸਟੋਰੀਅਨ ਨੇ 'ਬੰਦਾ ਬਹਾਦਰ ਕੌਣ ਸੀ;'ਗੁਰਪੁਰਬ ਨਿਰਣੈਯ', 'ਅਮਰ ਖਾਲਸਾ', 'ਬਾਬਾ ਆਲਾ ਸਿੰਘ' ਆਦਿ ਹੋਰ ਇਤਿਹਾਸਕ ਪੁਸਤਕਾਂ ਲਿਖੀਆਂ ਉਹਦੀ ਲੀਹ ਤੇ ਚਲਦਿਆਂ ਤੇ ਉਹਦੇ ਛੋਹੇ ਕੰਮ ਨੂੰ ਅਗੇ ਤੋਰਦਿਆਂ ਬਾਵਾ ਪ੍ਰੇਮ ਸਿੰਘ ਹੋਤੀ ਨੇ 'ਖਾਲਸਾ ਰਾਜ ਦੇ ਉਸਰਈਏ,' 'ਖਾਲਸਾ ਰਾਜ ਦੇ ਬਦੇਸ਼ੀ ਕਰਿੰਦੇ', 'ਮਹਾਰਾਜਾ ਰਣਜੀਤ ਸਿੰਘ,' ਮਹਾਰਾਜਾ ਸ਼ੇਰ ਸਿੰਘ, 'ਅਕਾਲੀ ਫੂਲਾ ਸਿੰਘ, 'ਕੰਵਰ ਨੌ ਨਿਹਾਲ ਸਿੰਘ', 'ਨਵਾਬ ਕਪੂਰ ਸਿੰਘ' ਆਦਿ ਪੁਸਤਕਾਂ ਲਿਖੀਆਂ । ਸ. ਕਰਮ ਸਿੰਘ ਨੇ ਤਾਂ ਵਧੇਰੇ ਕਰ ਕੇ ਗੁਰੂ ਘਰ ਦਾ ਇਤਿਹਾਸ ਲਿਖਿਆ ਪਰ ਬਾਵਾ ਪ੍ਰੇਮ ਸਿੰਘ ਹੋਤੀ ਨੇ ਸਿਖ ਰਾਜ ਘਰਾਣੇ ਦਾ ਇਤਿਹਾਸ ਵਲ ਆਪਣੀ ਪਹੁੰਚ ਬਾਰੇ ਉਹ ਆਪ ਹੀ ਲਿਖਦਾ ਹੈ :-

> " ਮੈਂ ਸਿਖ ਹਾਂ ਤੇ ਪੰਜਾਬੀ ਅਸਲੇ ਦਾ ਹਾਂ, ਪਰ ਮੈਂ ਕੋਸ਼ਸ਼ ਨਹੀਂ ਕੀਤੀ ਕਿ ਮਹਾਰਾਜੇ ਦੀ ਝੂਠੀ ਵਡਿਆਈ ਕਰਾਂ ਤੇ ਸੱਚ ਨੂੰ ਹੱਥੋਂ ਛੱਡਾਂ, ਪਰ ਮੈਂ ਪੰਜਾਬੀ ਤੇ ਸਿੱਖ ਹੋਣ ਕਰਕੇ ਅਰ ਇਤਿਹਾਸ ਦੀ ਕਲਮ ਫੜਕੇ ਇਹ ਬੀ ਨਹੀਂ ਸਹਿ ਸੱਕਿਆ ਕਿ ਇਸ ਵੇਲੇ ਆਪਣੀ ਰੱਖਿਆ ਨਾ ਕਰ ਸੱਕਨ ਦੀ ਹਾਲਤ ਵਿੱਚ ਪੁੱਜ ਚੁਕੇ, ਪੰਜਾਬ ਹਿੰਦ ਅਰ ਸੰਸਾਰ ਦੇ ਇਕ (Great man) ਮਹਾਂ ਪੁਰਖ ਦੇ ਨਾਮ ਨਾਲ ਉਹ ਉਲਾਂਭੇ ਲਗੇ ਰਹਿਨ ਜੋ ਅਸਲ ਵਿਚ ਨਹੀਂ ਹਨ ਅਰ ਜੋ ਬ੍ਰਿਥਾ ਉਨ੍ਹਾਂ ਨੂੰ ਦਿਤੇ ਜਾਂਦੇ ਹਨ, ਅਰ ਜੋ ਮੈਨੂੰ ਇਤਹਾਸਾਂ ਦੇ ਮੁਕਾਬਲੇ ਤੇ ਆਪਣੀ ਪੜਤਾਲ ਵਿਚ ਯਕੀਨੀ ਦਰਜੇ ਤੇ ਜਾ ਕੇ ਗਲਤ ਸਾਬਤ ਹੋਏ ਹਨ। ਯਾਂ ਉਨ੍ਹਾਂ ਭੁੱਲਾਂ ਕਰਕੇ ਜੋ ਆਦਮੀ ਵਿਚ ਆਦਮੀ ਹੋਣ ਕਰਕੇ ਹੁੰਦੀਆਂ ਹਨ, ਇਕ ਮਹਾਂ ਪੁਰਖ ਦਾ ਅਸਲੀ ਕਰੈਕਟਰ (ਆਚਰਣ) ਤੇ ਉਸ ਦੇ ਵਡੇ ਹੋਣ ਦਾ ਗੁਣ ਛਿਪ

---

44. ਸ. ਕਰਮ ਸਿੰਘ ਹਿਸਟੋਰੀਅਨ, 'ਕੱਤਕ ਕਿ ਵਿਸਾਖ?' ਸਫੇ 39-40 ;

ਜਾਏ ਕਿਨੀਆਂ ਨਿੱਕੀਆਂ ਨਿੱਕੀਆਂ ਉਕਾਈਆਂ ਤੇ ਭੁੱਲਾਂ ਜੋ ਜੀਵ ਦਾ ਖਾਸਾ ਹੈ,ਵਡੇ ਵਡੇ ਔਵਗੁਣ ਹੋਕੇ ਦਿਸ ਪੈਣ ।ਮੁਕਦੀ ਗਲ ਇਹ ਹੈ ਕਿ ਮੈਂ ਮਹਾਰਾਜਾ ਨੂੰ ਲੋਕ ਜਗਤ ਦਾ ਇਕ ਮਹਾਂ ਪੁਰਖ ਸੀ,ਉਸਦੇ ਹਾਲਾਤ ਤੇ ਕਾਰਨਾਮੇ ਸੱਚ ਦੀ ਰੌਸ਼ਨੀ ਵਿਚ ਜਿਨੀ ਸਾਈਂ ਨੇ ਬਖਸ਼ੀ ਹੈ-ਲਭੇ ਹਨ ਤੇ ਏਥੇ ਦਰਸਾਨ ਦਾ ਯਤਨ ਕੀਤਾ ਹੈ ......... ."[45]

' ਸਿਖਾਂ ਦਾ ਰਾਜ ਕਿਕੁਣ ਗਿਆ ? ' (ਸੇਵਾ ਸਿੰਘ), 'ਅੰਗ੍ਰੇਜ਼ਾਂ ਨੇ ਪੰਜਾਬ ਕਿਕੁਣ ਲੀਤਾ' (ਭਾਈ ਠਾਕਰ ਸਿੰਘ ਸੂਦ), 'ਸਿਖਾਂ ਨੇ ਰਾਜ ਕਿਵੇਂ ਲਿਆ? 'ਗਿਆਨੀ ਲਾਲ-ਸਿੰਘ) ਆਦਿ ਰਾਹੀਂ ਸਿਖ ਸਾਹਿਤ ਦੀ ਰਚਨਾ ਦੀ ਲੀਹ ਹੋਰ ਅਗੇ ਤੋਰੀ ਗਈ ਹੈ ਪਰ ਕਰਮ ਸਿੰਘ ਹਿਸਟੋਰੀਅਨ ਵਰਗੀ ਨਿਰਪਖਤਾ ਤੇ ਵਿਗਿਆਨਕ ਪਕੜ ਨਹੀਂ :-

" ਹਾਂ। ਹਾਂ। ਖਾਲਸਾ ਜੀ ਤੁਸੀਂ ਓਸ ਕੌਮ ਦੇ ਵਿੱਚੋਂ ਹੋ,ਜੋ ਇਸ ਗਈ ਗੁਜ਼ਰੀ ਹਾਲਤ ਵਿਚ ਵੀ ਆਪਣੇ ਵਿੱਚੋਂ ਭਾਈ ਲਛਮਣ ਸਿੰਘ,ਭਾ:ਦਲੀਪ ਸਿੰਘ,ਭਾ:ਟਹਿਲ ਸਿੰਘ ਤੇ ਉਹਨਾਂ ਦੇ ਸਾਥੀ ਨਨਕਾਣੇ ਸਾਹਿਬ ਵਿਚ ਗੁਰਦੁਵਾਰੇ ਦੀ ਪਵਿਤ੍ਰਤਾ ਕਾਇਮ ਰੱਖਣ ਦੀ ਖਾਤਰ 150 ਦੇ ਕਰੀਬ ਕੌਮ ਤੇ ਮਰ ਮਿਟਣ ਵਾਲੇ,ਸੁਖਨ ਦੇ ਪੂਰੇ ਤੇ ਕਰਨੀ ਦੇ ਸੂਰੇ ਸ਼ਹੀਦ ਵਿਖਾ ਸਕਦੀ ਹੈ,ਜੋ ਗੁਰ ਅਸਥਾਨਾਂ ਦੇ ਅਦਬ ਨੂੰ ਅੱਖਾਂ ਦੇ ਸਾਹਮਣੇ ਰੱਖਦੇ ਤੇ ਹੱਥ ਨਾ ਚੁੱਕਣ ਦੀ ਪ੍ਰਤੱਗਯਾ ਨੂੰ ਪੂਰਾ ਕਰਦੇ,ਮਿੱਟੀ ਦੇ ਤੇਲ ਨਾਲ ਸੜੀਂਦੇ ਤੇ ਭੱਠੀਆਂ ਵਿਚ ਜਲੀਂਦੇ 'ਸੀ' ਤੱਕ ਮੂੰਹ ਤੇ ਨਾ ਲਿਆ, ਸੰਸਾਰ ਨੂੰ ਚਕ੍ਰਿਤ ਕਰ ਦੇਂਦੇ ਹਨ ।"[46]

" ਸਿੱਖ ਇਤਹਾਸ ਇਸ ਗਲ ਨੂੰ ਕੂਕ ਕੂਕ ਕੇ ਦਸਦਾ ਹੈ ਕਿ ਸਿਖਾਂ ਉਪਰ ਵੈਰੀ ਬਣਕੇ ਕਿਸੇ ਨੇ ਜਿਤ ਨਹੀਂ ਪਾਈ ਜਦੋਂ ਸਿਖ ਮਾਰੇ ਗਏ ਆਪਣੇ ਸਜਣਾਂ,ਪਰ ਅੰਦਰੋਂ ਵੈਰੀਆਂ ਦੇ ਹਥੋਂ ਮਾਰੇ ਗਏ ।ਮੁਸਲਮਾਨੀ ਰਾਜ ਵਿਚ ਸਿਖਾਂ ਨੂੰ ਦੁਖੀ ਕਰਨ ਤੇ ਮਰਵਾਉਣ ਵਿਚ ਮੁਸਲਮਾਨ ਇਤਨੇ ਸੁਫਲ ਨਹੀਂ ਹੁੰਦੇ ਸਨ ਜਿਤਨੇ ਕਿ ਹਿੰਦੂ,ਜਿਨ੍ਹਾਂ ਦੀ ਉਹ ਸਹਾਇਤਾ ਕਰਦੇ ਤੇ ਜੇਹੜੇ ਉਪਰੋਂ ਉਨ੍ਹਾਂ ਸਜਣ ਬਣ ਕੇ ਮੁਸਲਮਾਨਾਂ ਦੇ ਸੂਹਿਆਂ ਦਾ ਕੰਮ ਕਰਦੇ ਸਨ ।"[47]

---

45. ਬਾਬਾ ਪ੍ਰੇਮ ਸਿੰਘ ਹੋਤੀ,ਮਹਾਰਾਜਾ ਰਣਜੀਤ ਸਿੰਘ,ਭੂਮਿਕਾ ਸਫਾ 9;
46. ਸੇਵਾ ਸਿੰਘ 'ਸਿਖਾਂ ਦਾ ਰਾਜ ਕਿਕੁਣ ਗਿਆ?' ਸਫਾ 119-20;
47. ਭਾਈ ਠਾਕਰ ਸਿੰਘ ਸੂਦ, 'ਅੰਗ੍ਰੇਜ਼ਾਂ ਨੇ ਪੰਜਾਬ ਕਿਕੁਣ ਲੀਤਾ' ਸਫਾ 7;

" ਸਿੱਖਾਂ ਨੇ ਰਾਜ ਤਲਵਾਰ ਨਾਲ ਲਿਆ, ਈਰਾਨੀਆਂ, ਦੁਰਾਨੀਆਂ(ਤੁਰਕਾਂ) ਲੁਟੇਰਿਆਂ ਪਾਸੋਂ ਖੋਹਿਆ, ਸਿਰਾਂ ਦੇ ਵਟੇ ਲਿਆ, ਬੇਅੰਤ ਤਸੀਹੇ ਕੱਟੇ; ਕੁਰਬਾਨੀਆਂ ਕੀਤੀਆਂ, ਆਪਣੇ ਘਰ ਬਾਰ ਤਬਾਹ ਕਰਾਏ ਘਰ ਬੈਠਿਆਂ ਜਾਂ ਗਲਾਂ ਬਾਤਾਂ ਨਾਲ ਰਾਜ ਨਹੀਂ ਲਿਆ। ਜੋ ਮੌਤ ਤੋਂ ਨਾ ਡਰੇ ਸੋਈ ਰਾਜਾ ਹੁੰਦਾ ਹੈ, ਕੁਰਬਾਨੀਆਂ ਕਰਨੇ ਵਾਲੇ ਆਪ ਸੁਖ ਨਹੀਂ ਭੋਗਿਆ ਕਰਦੇ, ਸੁੱਖ ਲੈਣ ਵਾਲੀ ਨਸਲਾਂ ਨੂੰ ਹੁੰਦਾ ਹੈ, ਜੋ ਆਪ ਸੁਖ ਚਾਹੁੰਦੇ ਹਨ ਖੁਦ ਗਰਜ਼ ਹੁੰਦੇ ਹਨ। ਰਾਜ ਲੈਣ ਵੇਲੇ ਸਿਖਾਂ ਦੀ ਧੁਨ ਈਹੋ ਸੀ, " ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ' ਜਿਸ ਨੂੰ ਇਹ ਖਿਆਲ ਹੋਵੇ, ਸਾਨੂੰ ਰਾਜ ਕਿਥੋਂ ? ਉਸ ਕਾਇਰ ਨੂੰ ਦਲਿੱਦ੍ਰ ਖਾਂਦਾ ਹੈ ਪਿਛਲੇ ਨੇ ਕਦੀ ਇਹ ਨਹੀਂ ਕਿਹਾ ਸੀ ਕਿ ਸਾਡਾ ਰਾਜ ਨਹੀਂ ਹੋ ਸਕਦਾ ਉਨ੍ਹਾਂ ਦੀ ਧੁਨ ਈਹੋ ਸੀ, ਰਾਜ ਸਾਡਾ ਹੈ, ਦੇਸ ਸਾਡਾ ਹੈ, ਧਨ ਦੌਲਤ ਸਭ ਦੇ ਮਾਲਕ ਹਾਂ। ਸਿੱਖਾਂ ਨੇ ਕਦੀ ਹੱਕ, ਹੌਸਲਾ, ਪ੍ਰਾਕਰਮ ਨਹੀਂ ਛਡਿਆ, ਹਾਂ ਸਿਖ ਦਾ ਮਾਇਆ ਜਾਂ ਨਿਜ ਸੁਖ ਦਾ ਰਾਜ਼ ਵੈਰੀ ਹੈ, ਧਰਮ ਛਡ ਕੇ ਸਿੱਖਾਂ ਨੇ ਕਦੀ ਕੁਛ ਨਹੀਂ ਲਿਆ ਜੇ ਲਿਆ ਤਾਂ ਫੌਰਨ ਮਾਰੇ ਗਏ।" ਇਸ ਕਰਕੇ ਸਿੱਖ ਸਪਿਰਟ ਰਾਜ ਜੋਗੀ ਹੈ ਅਸਲੋਂ ਸਿਖਾਂ ਧਰਮ ਹੀ ਰਾਜ ਬੂਟਾ ਹੈ ਧਰਮ ਹੀਣ ਹੋ ਕੇ ਰਾਜ ਕਰਨਾ ਪਾਪ ਅਤੇ ਨਖਿੱਧ ਕਰਮ ਹੈ ਸਿੱਖ ਜੇ ਵਧੇ ਤਾਂ ਧਰਮ ਨਾਲ ਜੇ ਘਟੇ ਤਾਂ ਧਰਮ ਹੀਣਤਾ ਵਿਚ, ਜੋ ਸਿਖ ਧਰਮ ਛਡ ਕੇ ਰਾਜ ਕਰਦਾ ਹੈ ਨਰਕ ਗਾਮੀ ਮਾਇਆ ਦਾ ਪੁਤ੍ਰ ਹੈ। ਮਾਇਆ ਦੇ ਅਤੇ ਅਧਰਮ ਵਿਚ ਪਰਵਿਰਤ ਹੁੰਦਾ ਹੈ। ਮਿਸਲਾਂ ਦੇ ਰਾਜ ਵਿਚ ਮਾਇਆ ਨੇ ਪੈਰ ਪਸਾਰੇ ਪਰ ਧਰਮੀ ਬੰਦੇ ਨਿਰਛਲ ਹੁੰਦੇ ਹੋਏ ਕੁਰਬਾਨੀਆਂ ਕਰਦੇ ਰਹੇ, ਤਾਂ ਹੀ ਸਿਖ ਦਰਬਾਰ ਕਾਇਮ ਹੋਇਆ।"[48]

ਸਿਖਾਂ ਵਿਚ ਗੁਰਬਾਣੀ ਦਾ ਪਰਚਾਰ ਵਧਣ ਕਰਕੇ ਬਹੁਤੇ ਲੋਕ ਆਪਣੇ ਮਾਲੀ ਤੇ ਹੋਰ ਹਿਤਾਂ ਨੂੰ ਸਾਹਮਣੇ ਰਖਕੇ ਗੁਰਬਾਣੀ ਨੂੰ ਛਾਪਦੇ ਸਨ ਪਰ ਇਹ ਛਪਾਈ ਅਸ਼ੁਧ ਤੇ ਵਪਾਰਕ ਖਿਆਲ ਨੂੰ ਮੁੱਖ ਰਖ ਕੇ ਹੀ ਕੀਤੀ ਜਾਂਦੀ ਸੀ। ਇਸ ਬੇਅਦਬੀ ਨੂੰ ਰੋਕਣ ਲਈ 'ਗੁਰਬਾਣੀ ਕਾਨੂੰਨ' ਪਾਸ ਕਰਵਾਉਣ ਦੀ ਕੋਸ਼ਿਸ਼ ਤਾਂ ਸਫਲ ਨਾ ਹੋਈ ਪਰ ਗੁਰਮਤ

48. ਗਿਆਨੀ ਲਾਲ ਸਿੰਘ, 'ਸਿਖਾਂ ਨੇ ਰਾਜ ਕਿਵੇਂ ਲਿਆ? ਸਫਾ 280-81 ;

ਗ੍ਰੰਥ ਪ੍ਰਚਾਰਕ ਸਭਾ ਤੇ ਗੁਰਮਤ ਗ੍ਰੰਥ ਸੁਧਾਰਕ ਕਮੇਟੀ ਨੇ ਇਸ ਪਾਸੇ ਕਾਫੀ ਚੰਗਾ ਕੰਮ ਕੀਤਾ। ਪ੍ਰਮਾਣੀਕ ਪੁਸਤਕਾਂ ਨਾਲ ਮੇਲ ਕੇ ਗੁਰੂ ਨਾਨਕ ਦੀ ਜਨਮ ਸਾਖੀ ਛਾਪੀ ਗਈ ਤੇ 32 ਕਿਸਮ ਦੇ ਦਸਮ ਗ੍ਰੰਥਾਂ ਨੂੰ ਮੇਲ ਕੇ ਇਹ ਨਿਰਣਾ ਕੀਤਾ ਕਿ ਕਿਹੜੀ ਬਾਣੀ ਗੁਰੂ ਗੋਬਿੰਦ ਸਿੰਘ ਦੀ ਹੈ ਤੇ ਕਿਹੜੀ ਨਹੀਂ ।ਇਨ੍ਹਾਂ ਨੇ ਹੀ ਗੁਰਬਿਲਾਸ ਪਾਤਸ਼ਾਹੀ 6,ਗੁਰਬਿਲਾਸ ਪਾਤਸ਼ਾਹੀ ਦਸ, ਦਸਮ ਗ੍ਰੰਥ ਦੀ ਸੁਧਾਈ ਦੀ ਰਿਪੋਰਟ,ਗੁਰਬਾਣੀ ਬਿਉਰਾ,ਗੁਰਪ੍ਰਣਾਲੀ ਆਦਿ ਪੁਸਤਕਾਂ ਛਾਪੀਆਂ, ਪੰਡਤ ਤਾਰਾ ਸਿੰਘ ਨਰੋਤਮ ਨੇ ਗੁਰਤੀਰਥ ਸੰਗ੍ਰਹਿ (1883),ਸ੍ਰੀ ਗੁਰੂ ਗ੍ਰੰਥ ਕੋਸ਼ (1889) ਤੇ ਗੁਰਮਤ ਨਿਰਣੈ ਸਾਗਰ ਛਾਪ ਕੇ ਸਿਖ ਧਰਮ ਬਾਰੇ ਗਿਆਨ ਦਿਤਾ ।ਗੁਰਮਤ ਗ੍ਰੰਥ ਸੁਧਾਰਕ ਕਮੇਟੀ ਨੇ ਪੁਰਾਤਨ ਜਨਮ ਸਾਖੀ ਦੀ ਫੋਟੋ ਕਾਪੀ ਸਰਕਾਰ ਤੋਂ ਲੈਕੇ ਛਾਪੀ ।ਭਾਈ ਗੁਰਮੁਖ ਸਿੰਘ ਨੇ 1885 ਈ. ਵਿਚ ਮੇਕਾਲਫ ਵਲੋਂ ਛਾਪੀ ਗਈ ਬਾਬੇ ਨਾਨਕ ਦੀ ਜਨਮ ਸਾਖੀ ਨੂੰ ਸੰਪਾਦਨ ਕਰਕੇ ਪੰਜਾਬੀ ਵਿਚ ਵਿਗਿਆਨਕ ਢੰਗ ਨਾਲ ਪੁਸਤਕਾਂ ਨੂੰ ਸੰਪਾਦਨ ਕਰਨ ਦਾ ਮੁੱਢ ਬੰਨ੍ਹਿਆਂ ।

".... ਅੱਜ ਤਕ ਸਾਡੇ ਵਿਚ ਗ੍ਰੰਥਾਂ ਦੇ ਲਿਖਨ ਦਾ ਜੋ ਤਰੀਕਾ ਹੈ,ਸੋ ਐਸਾ ਨਹੀਂ ਜਿਸ ਨੂੰ ਹਰ ਇਕ ਸ਼ੁਖਸ ਆਸਾਨੀ ਨਾਲ ਕਿਸੇ ਗ੍ਰੰਥ ਨੂੰ ਪੜ ਸਕੇ । ਕਯੋਂਕਿ ਅੱਖਰ ਇਕ ਦੂਸਰੇ ਨਾਲ ਮਿਲੇ ਹੁਏ ਹੁੰਦੇ ਹਨ ......... ਇਸ ਬਾਤ ਦੀ ਖਬਰ ਨਹੀਂ ਕਿ ਸਤਰ ਕਿਥੋਂ ਲਿਖਨੀ ਪ੍ਰਾਰੰਭ ਕਰਨੀ,ਅਤੇ ਕਿੱਥੇ ਛਡਨੀ ਹੈ;ਔਰ ਕਹਾਂ ਕਹਾਂ ਲਘੁ ਬਿਸਰਾਮ ਔਰ ਦੀਰਘ ਬਿਸਰਾਮ,ਤਥਾ ਪ੍ਰਸ਼ਨ,ਆਸਚਰਯ ਆਦਿਕ ਚਿੰਨ ਦੇਨੇ ਹੈਂ ...... ਇਸ ਜਨਮ ਸਾਖੀ ਨੂੰ ਨਵੀਂ ਰੀਤੀ ਸੇ ਲਿਖਾਕਰ ਛਪਵਾਯਾ ਹੈ ਇਸ ਦੇ ਪਢਨ ਵਿਚ ਜੋ ਸੁਗਮਤਾ ਹੈ,ਸੋ ਆਪੇ ਪਈ ਦਿਸਦੀ ਹੈ,ਜਹਾਂ ਜਹਾਂ ਸ਼ਬਦ ਆਏ ਹਨ,ਸੋ ਵਾਰਤਿਕ ਨਾਲੋਂ ਬਿਲਕੁਲ ਜੁਦੇ ਕੀਤੇ ਗਏ ਹਨ,ਅਤੇ ਐਸੀ ਰੀਤੀ ਸੇ ਲਿਖੇ ਹੈਂ,ਕਿ ਆਪ ਹੀ ਵੋਹ ਵਾਰਤਿਕ ਸੇਂ ਜੁਦੇ ਮਾਲੂਮ ਹੋਵੇਂ...

ਇਸ ਸਾਖੀ ਦੇ ਅੰਤ ਵਿਚ ਕੁਛ ਪੱਤ੍ਰੇ ਗਏ ਹੂਏ ਸੇ,ਸੋ ਸਮਯ ਨੇ ਵਲਾਇਤ ਵਾਲੀ ਸਾਖੀ ਵਿਚੋਂ ਲੈ ਕੇ ਪਾ ਦਿਤੇ ਹੈਂਨ,ਅਬ ਏਹ ਸਾਖੀ ਪੂਰਨ ਬਨਾਈ ਗਈ ਹੈ ਇਸ ਸਾਖੀ ਮੇਂ ਆਸਾ ਰਾਗ ਕੀ ਪੱਟੀ,ਜੁਮਾਵਲੀ,ਔਰ ਪ੍ਰਾਣ ਸੰਗਲੀ ਛੋਡੀ ਗਈ ਹੈ : ਪ੍ਰੇਮੀ ਪੁਰਸ਼ ਵਲਾਇਤ ਵਾਲੀ ਸਾਖੀ ਸੇ ਪਢ ਸਕਤੇ ਹੈ: ਔਰ ਰਾਹੀਂ ਏਕ ਦੋ ਸਬਦੋਂ ਕਾ ਜੋ ਤਰਜਮਾ ਇਸ ਸਾਖੀ ਮੇਂ ਦੀਆ ਹੁਆ ਥਾ, ਸੋ ਭੀ ਛੋਡ ਦੀਆ ਹੈ,ਕਯੋਂਕਿ ਵੋਹੁ ਲਫਜ਼ੀ ਤਰਜਮਾ ਨਹੀਂ ਥਾ ਔਰ ਇਸ ਸਾਖੀ

ਮੈਂ ਮਹੱਕਾਰ ਤਥਾ 5 ਦੇਖ ਕਰ ਕੋਈ ਆਸਚਰਯ ਨਾਂ ਕਰੇ,ਕਯੋਂਕਿ ਅਸਲ ਮੁਤਾਬਿਕ ਨਕਲ ਕਰੀ ਗਈ ਹੈ[49],"

ਗੁਰੂਆਂ ਦੇ ਜੀਵਨ ਚਰਿਤਰ ਸਿੱਖਾਂ ਤਕ ਪੁਚਾ ਕੇ ਉਨ੍ਹਾਂ ਦੇ ਦਿਲਾਂ ਵਿਚ ਸਿਖ ਧਰਮ ਨਾਲ ਪਿਆਰ ਪੈਦਾ ਕਰਨ ਦੇ ਉਦੇਸ਼ ਵਜੋਂ ਜਨਮ ਸਾਖੀ ਗੁਰੂ ਤੇਗ ਬਹਾਦਰ ਜੀ (ਭਾਈ ਨਾਰਾਇਣ ਸਿੰਘ);ਜਨਮ ਸਾਖੀ ਗੁਰੂ ਅੰਗਦ ਦੇਵ ਜੀ ਅਤੇ ਜਨਮ ਸਾਖੀ ਗੁਰੂ ਰਾਮ ਦਾਸ ਜੀ (ਭਾਈ ਸਰਦੂਲ ਸਿੰਘ); ਗੁਰੂ ਨਾਨਕ ਪ੍ਰਬੋਧ,ਜੀਵਨ ਕਥਾ ਗੁਰੂ ਅੰਗਦ ਸਾਹਿਬ ਜੀ,ਜੀਵਨ ਕਥਾ ਗੁਰੂ ਅਰਜਨ ਦੇਵ ਜੀ,ਜੀਵਨ ਕਥਾ ਗੁਰੂ ਹਰਿ ਰਾਏ ਸਾਹਿਬ ਜੀ, ਤੇ ਜੀਵਨ ਕਥਾ ਗੁਰੂ ਤੇਗ ਬਹਾਦਰ ਜੀ (ਗਿਆਨੀ ਦਿਤ ਸਿੰਘ); ਜੀਵਨ ਚਰਿਤਰ ਸ੍ਰੀ ਗੁਰੂ ਅਰਜਨ ਦੇਵ ਜੀ (ਭਾਈ ਲਹਿਣਾ ਸਿੰਘ) ਗੁਟਕਾ ਗੁਰਬੰਸ ਦਰਪਨ(ਪ੍ਰਤਾਪ ਸਿੰਘ), ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਬ੍ਰਿਤਾਂਤ(ਭਾਈ ਭਾਗ ਸਿੰਘ)ਆਦਿ ਪੁਸਤਕਾਂ ਛਾਪੀਆਂ ਗਈਆਂ ।ਇਨ੍ਹਾਂ ਵਿਚੋਂ ਬਹੁਤ ਸਾਰੀਆਂ ਦੀ ਪਹੁੰਚ ਵਿਗਿਆਨਕ ਹੋਣ ਦੀ ਥਾਂ ਸ਼ਰਧਾਲੂਆਂ ਵਾਲੀ ਹੈ ।

ਸਿੰਘ ਸਭਾ ਦੇ ਸੇਵਕਾਂ ਵਲੋਂ ਸਿਖ ਧਰਮ ਪਰਚਾਰ ਤੇ ਪਛਮੀ ਗਿਆਨ ਸਦਕਾ ਲੋਕਾਂ ਦੀ ਬਣ ਰਹੀ ਵਿਗਿਆਨਕ ਸੋਚ ਨੇ ਇਹ ਸਵਾਲ ਵੀ ਖੜਾ ਕੀਤਾ ਕਿ ਚੰਡੀ ਦੀ ਵਾਰ ਕਿਸ ਨੇ ਲਿਖੀ ਹੈ,ਇਹ ਗੁਰੂ ਗੋਬਿੰਦ ਸਿੰਘ ਦੀ ਰਚਨਾ ਹੈ ਜਾਂ ਨਹੀਂ ? ਇਸੇ ਤਰ੍ਹਾਂ ਰਾਗਮਾਲਾ ਦਾ ਸੁਆਲ ਉਠਿਆ,ਪੰਚ ਖਾਲਸਾ ਦੀਵਾਨ ਲਾਹੌਰ ਨੇ ਇਸ ਗਲ ਤੇ ਜ਼ੋਰ ਦਿਤਾ ਕਿ ਰਾਗ ਮਾਲਾ ਨੂੰ ਗੁਰੂ ਗ੍ਰੰਥ ਵਿਚੋਂ ਕਢ ਦਿਤਾ ਜਾਏ ਕਿਉਂਕਿ ਆਲਮ ਕਵੀ ਦੀ ਰਚਨਾ ਹੈ ਜਿਹੜੀ ਕਿ ਮਾਧਵਨਲ ਨਾਮੇ ਪੁਸਤਕ ਵਿਚ ਗੁਰੂ ਗ੍ਰੰਥ ਦੀ ਬੀੜ ਤਿਆਰ ਹੋਣ ਤੋਂ 21 ਸਾਲ ਪਹਿਲਾਂ ਬਣ ਚੁਕੀ ਸੀ।ਪਰ ਦੂਜੇ ਪਾਸੇ ਭਾਈ ਵੀਰ ਸਿੰਘ ਆਦਿ 'ਸਮਾਚਾਰੀਆਂ'ਨੇ ਇਸ ਦਾ ਵਿਰੋਧ ਕੀਤਾ।ਕਈ ਕਿਤਾਬਾਂ ਇਸ ਚਰਚਾ ਸਬੰਧੀ ਹੀ ਲਿਖੀਆਂ ਗਈਆਂ ਜਿਹਾ ਕਿ ਸੰਬੋਧ ਪੌੜ੍ਹ (ਸ੍ਰੀ ਗੁਰੂ ਸਿੰਘ ਸਭਾ ਭਸੌੜ),ਪੰਥ ਪੁਕਾਰ (ਸ. ਹੁਕਮ ਸਿੰਘ),[redacted]

---

49. ਭਾਈ ਗੁਰਮੁਖ ਸਿੰਘ 'ਜਨਮ ਸਾਖੀ ਬਾਬੇ ਨਾਨਕ ਜੀ ਕੀ'(ਮੈਕਾਲਫ)1885 ਈ. ਭੂਮਿਕਾ ਸਫੇ 7-9 ;

ਰਾਗ ਮਾਲਾ ਮੰਡਨ ਪ੍ਰਬੋਧ ਗ੍ਰੰਥ ( ਪੰਡਤ ਗੁਰਮੁਖ ਸਿੰਘ) ਆਦਿ । ਇਹ ਝਗੜਾ ਅਜੇ ਤਕ ਵੀ ਖਤਮ ਨਹੀਂ ਹੋਇਆ ਜਿਹਾ ਕਿ 'ਰਾਗ ਮਾਲਾ ਦਾ ਸਵਾਲ' (ਡਾਕਟਰ ਬਲਬੀਰ ਸਿੰਘ) ਨਾਂ ਦੀ ਪੁਸਤਕ ਤੋਂ ਜ਼ਾਹਰ ਹੈ ।ਭਸੌੜ ਦੀਵਾਨ ਵਾਲਿਆਂ ਦੀਆਂ ਦਲੀਲਾਂ ਵਧੇਰੇ ਵਿਗਿਆਨਕ ਹਨ ਪਰ 'ਸਮਾਚਾਰੀਈਆਂ' ਦੀ ਸੋਚ ਸੁਰਧਾ ਭਰਪੂਰ ਹੈ ।ਸ. ਹੁਕਮ ਸਿੰਘ ਨੇ 'ਪੰਥ ਪੁਕਾਰ' ਵਿਚ ਇਸ ਸੰਬੰਧੀ 132 ਆਦਮੀਆਂ ਦੀਆਂ ਰਾਵਾਂ ਛਾਪੀਆਂ ਜਿਹੜੇ ਕਿ ਰਾਗ ਮਾਲਾ ਨੂੰ ਗੁਰ-ਬਾਣੀ ਮੰਨਦੇ ਹਨ ।

## ਟੀਕੇ

ਸਿੱਖ ਧਰਮ ਨੂੰ ਜਾਣਨ ਲਈ ਅੰਗਰੇਜ਼ ਸਰਕਾਰ ਨੇ ਗੁਰੂ ਗ੍ਰੰਥ ਦਾ ਟੀਕਾ ਕਰਨ ਦਾ ਕੰਮ 1869 ਈ. ਵਿਚ ਇਕ ਜਰਮਨ ਮਿਸ਼ਨਰੀ ਡਾਕਟਰ ਟਰੰਪ ਜ਼ਿੰਮੇ ਲਾਇਆ।" ਉਸ ਨੇ ਸ੍ਰੀ ਰਾਗ ਤੇ ਰਾਗ ਮਾਝ ਦੀਆਂ ਬਾਣੀਆਂ ਅਤੇ ਕੁਝ ਕੁ ਚੋਣਵੀਂ ਬਾਣੀ ਤੇ ਭਗਤ ਬਾਣੀ ਦਾ ਅੰਗਰੇਜ਼ੀ ਤਰਜਮਾ 1877 ਈਸਵੀ ਵਿਚ ਪ੍ਰਕਾਸ਼ਿਤ ਕੀਤਾ [50] "। ਇਸ ਟੀਕੇ ਵਿਚ ਅਰਥਾਂ ਦੇ ਅਨਰਥ ਕੀਤੇ ਗਏ ਸਨ ਤੇ ਬਾਣੀ ਬਾਰੇ ਵੀ ਚੰਗੀ ਰਾਇ ਨਹੀਂ ਸੀ ਪਰਗਟ ਕੀਤੀ ਗਈ। ਗੁਰਬਾਣੀ ਦੀ ਬੋਲੀ ਤੇ ਸ਼ੈਲੀ ਵਿਚ ਵੀ ਕਈ ਨੁਕਸ ਕਢੇ ਗਏ ਸਨ ਤੇ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਸ਼ਾਖ ਹੀ ਦਸਿਆ ਗਿਆ ਸੀ ।ਸਿੱਖਾਂ ਨੇ ਇਸ ਦਾ ਬੁਰਾ ਮਨਾਇਆ ਤੇ ਲਾਹੌਰ ਦੀਵਾਨ ਨੇ ਮੈਕਾਲਫ ਨੂੰ ਟੀਕਾ ਕਰਨ ਲਈ ਪ੍ਰੇਰਿਆ ।ਇਸੇ ਸਬੰਧ ਵਿਚ ਰਾਜਾ ਬਿਕ੍ਰਮ ਸਿੰਘ ਫਰੀਦਕੋਟ ਵਾਲੇ ਨੇ ਗਿਆਨੀ ਬਚਨ ਸਿੰਘ ਤੋਂ ਗੁਰੂ ਗ੍ਰੰਥ ਦਾ ਟੀਕਾ ਕਰਾਇਆ। ਜਿਸ ਵੇਲੇ ਇਹਦੇ ਅਰਥ ਭਾਈ ਗੁਰਮੁਖ ਸਿੰਘ ਜਹੇ ਵਿਦਵਾਨਾਂ ਨੇ ਸੁਣੇ ਤਾਂ ਇਸ ਵਿਚ ਉਨ੍ਹਾਂ ਅਰਥਾਂ ਦੇ ਅਨਰਥ ਹੋਏ ਵੇਖੇ ਤਾਂ ਆਪਣੀ ਅਸੰਮਤੀ ਪਰਗਟ ਕੀਤੀ ।ਪੰਡਤ ਤਾਰਾ ਸਿੰਘ ਤੇ ਫਰੀਦਕੋਟੀ ਟੀਕੇ ਦੇ ਆਧਾਰ ਤੇ ਕਈ ਵਾਰੀ ਆਰੀਆ ਸਮਾਜੀਆਂ ਨੇ ਸਿੱਖਾਂ ਨੂੰ ਹਿੰਦੂਆਂ ਦੀ ਸ਼ਾਖ ਹੋਣ ਦੇ ਸਬੂਤ ਦਿਤੇ।ਗੁਰਬਾਣੀ ਦਾ ਜੋ ਹਾਲ ਇਨ੍ਹਾਂ ਟੀਕਾਕਾਰਾਂ ਨੇ ਕੀਤਾ ਉਹਦੀ ਨਿਕੀ ਜਹੀ ਮਿਸਾਲ ਪੇਸ਼ ਹੈ :-

---

50 ਫਰੀਦਕੋਟ ਵਾਲਾ ਟੀਕਾ, ਜਿਲਦ 1, ਭਾਸ਼ਾ ਵਿਭਾਗ, ਪੰਜਾਬ, ਦੋ ਸ਼ਬਦ(ਲਾਲ ਸਿੰਘ-ਡਾਇਰੈਕਟਰ)

" ਜਿਸ ਸਮੇਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੰਸਾਰੀ ਜੀਵੋਂ ਕੇ ਉਧਾਰ ਨਮਿਤ ਅਵਤਾਰ ਧਾਰਤੇ ਭਏ ਤਿਸ ਸਮੇ 28 ਸਾਲ 2 ਮਹੀਨੇ ਪ੍ਰਯੰਤ ਕਿਸੀ ਕੋ ਉਪਦੇਸ਼ ਨਹੀਂ ਕੀਆ ਜਿਸ ਕਾਲ ਸ੍ਰੀ ਗੁਰੂ ਦੇਵ ਜੀ ਮਹਾਰਾਜ ਮਹਾਂ ਬਿਸਨੂੰ ਭਗਵਾਨ ਕੇ ਸਮੀਪ ਪ੍ਰਾਪਤ ਭਏ ਤੋ ਉਨੋ ਨੇ ਸ੍ਰੀ ਗੁਰੂ ਜੀ ਕੋ ਕਹਾ ਕਿ ਆਪ ਨੇ ਜਿਸ ਨਮਿਤ ਅਵਤਾਰ ਧਾਰਨ ਕੀਆ ਥਾ ਉਸ ਕਾ ਆਪ ਨੇ ਇਸ ਕਾਲ ਪ੍ਰਯੰਤ ਪ੍ਰਾਰੰਭ ਨਹੀ ਕੀਆ ਤਬ ਸ੍ਰੀ ਗੁਰੂ ਜੀ ਕਹਿਤੇ ਭਏ ਕਿ ਆਪ ਮਰਯਾਦਾ ਅਨੁਕੂਲ ਗੁਰੂ ਸਿਖ ਕੀ ਰੀਤੀ ਦੁਆਰਾ ਉਪਦੇਸ਼ ਕਰੇਂ ਉਸੀ ਉਪਦੇਸ਼ ਕੋ ਉਸੀ ਰੀਤੀ ਸੇਂ ਹਮ ਸੰਸਾਰੀ ਜੀਵੋਂ ਕੇ ਉਧਾਰ ਨਮਿਤ ਪ੍ਰਵਿਰਤ ਕਰੇਂਗੇ ।ਤਿਸਤੇ ਮਨਿਤਰ ਮਹਾਂ ਬਿਸਨੂੰ ਭਗਵਾਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਕੋ ਇਸ ਮੂਲ ਮੰਤ੍ਰ ਮਾਲਾ ਕਾ ਉਪਦੇਸ਼ ਦੀਆ ।

"(ਪ੍ਰ:) ( ਗੁਰੂ ਸਾਹਿਬ)- ਇਸ ਜਗਤ ਕਾ ਕਰਤਾ ਕੌਨ ਹੈ ,

(ਉ: ) (ਮਹਾ ਬਿਸ਼ਨੂੰ ) ਨਾਮ ਰੂਪ ਜਗਤ ਕਾ ਕਰਤਾ ਮੈਂ ਪ੍ਰਮਾਤਮਾ ਹੂੰ ।

(ਪ੍ਰ:) ਜਗਤ ਕਰਤਾ ਤੋ ਆਪ ਹੂਏ ਜੀਵ ਕਿਆ ਵਸਤੂ ਹੈ ।

(ਉ:) ਮੈਂ ਹੀ ਪੁਰਖ ਹੂ ਅਰਥ ਸਰੀਰ ਰੂਪੀ ਪੁਰੀਓਂ ਮੈਂ ਪ੍ਰਕਾਸ਼ ਰੂਪ ਪੁਰਖ ਮੈਂ ਜੀਵ ਹੂੰ ।

(ਪ੍ਰ:) ਬ੍ਰਹਮਾਦਿਕਨ ਕਾ ਉਪਦੇਸ਼ ਕਰਤਾ ਗੁਰੂ ਕੌਣ ਹੈ ।

(ਉ:) ਮੈਂ ਹੀ ਮੁਕਤੀ ਉਪਦੇਸ਼ ਕਰਨੇ ਵਾਲਾ ਗੁਰੂ ਹੂੰ ," [51]

---

51. ਪੰਡਤ ਗੁਰਮੁਖ ਸਿੰਘ, ' ਸ੍ਰੀ ਗੁਰੂਨਾਨਕ ਸਿਧਾਂਤ ਦੀਪਕਾ ਯਾਨੇ ਜਪੁਜੀ ਸਾਹਿਬ ਸਟੀਕ' ਦੂਸਰੀ ਵਾਰ 10-11, ~~1989~~ 1898 ਸਫੇ 1,2,3,5 ।

ਇਸ ਤੋਂ ਪਿਛੋਂ ਗਿਆਨ ਗੁਰੂ ਨਾਨਕ ਗੁਰੂ ਅੰਗਦ ਨੂੰ ਉਨ੍ਹਾਂ ਦੀ ਪੁਛ ਦੇ ਉਤੱਰ ਵਜੋਂ ਦਿੰਦਾ ਹੈ :-

॥ ਪਉੜੀ ੧ ॥

॥ ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥
ਅਰਥ ਸਏਨਿਸ ਕਾਮ ਧਰਮ ਕੇ ਚਿੰਤਨ ਕਰਨੇ ਸੇਂ ਸੋਚ ਕਹੀਏ ਮਨ ਕੀ ਸੂਧੀ ਨਹੀਂ ਹੋਤੀ ਚਾਹੇ ਲਖ ਵੇਰ ਭੀ ਸੋਚ ਕਰੋ ਕਿ ਨਿਸਕਾਮ ਕਰਮ ਅਛਾ ਹੋਤਾ ਹੈ।ਤਾਤਪਰਜ ਯਹ ਕਿ ਨਿਸਕਾਮ ਕਰਮ ਕਰਨੇ ਸੇਂ ਹੀ ਅੰਤਸ਼ਕਰਨ ਕੀ ਸੂਧੀ ਹੋਤੀ ਹੈ ਚਿੰਤਨ ਕਰਨੇ ਸੇਂ ਨਹੀਂ ਹੋ ਸਕਤੀ ॥

ਪ੍ਰਸ਼ਨ) ਗੁਰੂ ਅੰਗਦ ਸਾਹਿਬ)(ਬਾਣੀ ਕੀ ਚੁਪਸੇਂ ਮਨ ਕੀ ਚੁਪ ਵੀ ਹੋ ਜਾਇਗੀ ਮਨ ਕੀ ਦਲੀਲ ਰੋਕਨੇ ਕੀ ਕੋਈ ਲੋੜ ਨਹੀਂ ।

ਉਤਰ) ( ਗੁਰੂ) ਸਾਹਿਬ- ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ ॥
ਅਰਥ ਬਾਣੀ ਕੇ ਮੋਨ ਧਾਰਨੇ ਸੇਂ ਮਨ ਕੇ ਸੰਕਲਪ ਵਿਕਲਪ ਨਹੀਂ ਰੁਕਤੇ ਚਾਹੇ ਬਿੱਲੀ ਕੇ ਸਦਰਸ਼ ਅਖੰਡ ਸਮਾਧੀ ਲਗਾ ਰਖੇ ਤਾਂਤੇ ਬਾਣੀ ਆਦਿਕਨ ਕੇ ਮੋਨ ਕੋ ਛੋੜ ਕਰ ਮਨ ਕੇ ਰੋਕਨੇ ਕਾ ਉਪਾਇ ਕਰਨਾ ਚਾਹੀਏ ।ਜਬ ਮਨ ਰੁਕ ਜਾਵੇ ਤਬ ਮੋਖ ਕੀ ਇੱਛਾ ਕਰੇ ॥"[52]

ਕਈਆਂ ਟੀਕਿਆਂ ਵਿਚ ਗੁਰਬਾਣੀ ਦੇ ਸੰਪ੍ਰਦਾਈ ਅਰਥ ਅਜਿਹੇ ਕੀਤੇ ਹੋਏ ਹਨ ਜੋ ਕਿ ਸਿਖ ਸਿਧਾਂਤਾਂ ਤੇ ਮਰਯਾਦਾ ਦੇ ਬਿਲਕੁਲ ਉਲਟ ਹਨ ਪਰ ਕਿਤੇ ਕਿਤੇ ਸੰਪ੍ਰਦਾਈ ਅਰਥ ਵੀ ਮਿਹਨਤ ਆਪ ਵਿਚ ਨਹੀਂ ਮਿਲਦੇ ।ਜਿਵੇਂ :-

ਧੂਪ ਦੀਪ ਘ੍ਰਿਤ ਸਾਜ ਆਰਤੀ
ਵਾਰਨੇ ਜਾਉ ਕਮਲਾਪਤੀ ॥੧॥ (ਧਨਾਸਰੀ ਸ੍ਰੀ ਸੈਣ )

---

52. ਉਹੀ ਸਫੇ 11,12 ;

ਪੂਰਬ ਰਾਮ ਦਾਸ ਕੇ ਸ਼ਬਦ ਮੈਂ ਨਾਮ ਕੇ ਪੂਜਾ ਕੀ ਆਰਤੀ ਆਦਿ ਸਭ ਪ੍ਰਕਾਰ ਮਾਨਨੇ ਵਤ ਈਹਾਂ ਭੀ ਵਹੀ ਜਾਨ ਲੈਨੇ ਯਾਂਤੇ ਸੈਣ ਭਗਤ ਕਹੇ ਹੈਂ,ਹੇ ਪਰਮੇਸ਼ੁਵਰ ਆਪ ਕਾ ਨਾਮ ਹੀ ਧੂਪ,ਪੁਨਾ ਵਹੀ ਦੀਪ ਪੁਨਾ ਤਾਂਹੀ ਘ੍ਰਿਤ ਕੀ ਸਾਜ,ਬਨਾਇ ਕੇ ਆਰਤੀ,ਮੈਂ ਆਪ ਕੇ ਵਾਰਨੇ ਬਲਹਾਰ ਜਾਤਾ ਹੂੰ[53] ॥"

" ਸ੍ਰੀ ਸੈਣ ਭਗਤ ਮਹਾਰਾਜ ਭਗਵਾਨ ਕੀ ਆਰਤੀ ਉਚਾਰਤੇ ਹੈਂ ਧੂਪ ਧੁਖਾਨਾ, ਦੀਪ ਜਗਾਨਾ,ਘ੍ਰਿਤ ਕਾ,ਇਹੀ ਆਰਤੀ ਲੋਗ ਕਰਤੇ ਹੈਂ। ਭਗਤੋਂ ਕੀ ਇਹ ਆਰਤੀ ਹੈ,ਧੂਪ ਪ੍ਰਮੇਸ਼ੁਵਰ ਕਾ ਜਸ ਕਰਨਾ,ਦੀਪ ਗਯਾਨ ਰੂਪੀ ਦੀਵਾ,ਘ੍ਰਿਤ ਪ੍ਰੇਮ ਕਾ ਪੂਜਨ ਕਾ ਸਾਜ ਹੈ,ਬਲਹਾਰ ਜਾਉਂ ਕਮਲਾ ਲਛਮੀ ਕੇ ਸਵਾਮੀ ਉਤੋਂ[54] ।"

ਸਿੰਘ ਸਭਾ ਲਹਿਰ ਦੇ ਅਸਰ ਹੇਠ ਵੀ ਕਈ ਟੀਕੇ ਕੀਤੇ ਗਏ ਜਿਹਾ ਕਿ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਟੀਕਾ' (ਲੱਧਾ ਸਿੰਘ); 'ਗੁਰਬਾਣੀ ਦੇ ਟੀਕੇ;(ਗਿਆਨੀ ਸਰਦੂਲ ਸਿੰਘ);'ਗੁਰੂ ਗ੍ਰੰਥ ਕੋਸ਼ '(ਗਿ: ਹਜ਼ਾਰਾ ਸਿੰਘ); 'ਪੰਜ ਗ੍ਰੰਥੀ ਸਟੀਕ',ਸਿਖਾਂ ਦੀ ਭਗਤ ਮਾਲਾ,ਗੁਰੂ ਗ੍ਰੰਥ ਕੋਸ਼,ਟੀਕਾ ਕਬਿਤ ਭਾਈ ਗੁਰਦਾਸ,ਟੀਕਾ ਭਾਈ ਗੁਰਦਾਸ ਸਕੰਧ-2 (ਭਾਈ ਵੀਰ ਸਿੰਘ),ਇਹ ਟੀਕੇ ਸੰਪ੍ਰਦਾਈ ਅਰਥਾਂ ਵਾਲੇ ਟੀਕਿਆਂ ਨਾਲੋਂ ਵਧੇਰੇ ਸ਼ੁਧ ਸਨ ਤੇ ਇਸੇ ਲੀਹ ਤੇ ਚਲਦਿਆਂ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ'(ਪ੍ਰਿ:ਤੇਜਾ-ਸਿੰਘ),'ਬਾਈ ਵਾਰਾਂ ਸਟੀਕ(ਭਾਈ ਬਿਸ਼ਨ ਸਿੰਘ ਗਿਆਨੀ),ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,' 10 ਪੋਥੀਆਂ (ਪ੍ਰੋ: ਸਾਹਿਬ ਸਿੰਘ) ਆਦਿ ਟੀਕੇ ਵਧੇਰੇ ਵਿਗਿਆਨਕ ਢੰਗ ਨਾਲ ਤਿਆਰ ਕੀਤੇ ਗਏ ਹਨ। 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ' (ਕਾਨ੍ਹ ਸਿੰਘ ਨਾਭਾ ) ਸਿੰਘ ਸਭਾ ਲਹਿਰ ਦੀ ਇਕ ਮਹਾਨ ਸਾਹਿਤਕ ਦੇਣ ਹੈ ।

---

53. ਪੰਡਿਤ ਤਾਰਾ ਸਿੰਘ,'ਭਗਤ ਬਾਣੀ ਸਟੀਕ', ਸਫਾ 72

54. ਭਾਈ ਭਗਵਾਨ ਸਿੰਘ ਗਯਾਨੀ,'ਭਗਤਾਂ ਦੀ ਬਾਣੀ ਸੰਪ੍ਰਦਾਯ ਸੰਗ੍ਰਹਿ ਟੀਕਾ' ਸਫਾ 90 ;

ਉਸ ਸਮੇਂ ਧਰਮ ਦੇ ਪਰਚਾਰ ਲਈ ਵਿਦਵਾਨਾਂ ਨੇ ਦੌਰੇ ਕੀਤੇ ਤੇ ਥਾਂ ਥਾਂ ਵਿਆਖਿਆਨ ਦਿਤੇ ।ਬਾਦ ਵਿਚ ਕਈਆਂ ਦੇ ਵਿਆਖਿਆਨਾਂ ਦੇ ਸੰਗ੍ਰਹਿ ਛਾਪੇ ਗਏ ।ਇਸ ਤਰ੍ਹਾਂ ਸਿੰਘ ਸਭਾ ਲਹਿਰ ਦੇ ਅਸਰ ਹੇਠ ਹੋਏ ਤੇ ਬਾਦ ਵਿਚ ਛਪੇ ਵਿਆਖਿਆਨਾਂ ਨੇ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਹਿੱਸਾ ਪਾਇਆ ।ਇਹ ਵਿਆਖਿਆਨ ਧਰਮ ਦੇ ਵਖ ਵਖ ਪੱਖਾਂ ਤੇ ਵੀ ਹੁੰਦੇ ਸਨ ਤੇ ਸਿਖ ਗੁਰੂਆਂ ਦੇ ਜੀਵਨ ਚਰਿਤਰਾਂ ਵਿਚ ਪਏ ਭੁਲੇਖਿਆਂ ਬਾਰੇ ਵੀ, ਜਿਵੇਂ 'ਖਾਲਸਾ ਧਰਮ ਦਾ ਉਪਦੇਸ਼' ਵਿਚ ਓਹ ਲਿਖੇ ਹਨ ਜੋ ਵਯਾਖਯਾਨ ਭਾਈ ਗੁਰਮੁਖ ਸਿੰਘ ਸਕੱਤ੍ਰ ਸਿੰਘ ਸਭਾ ਲਾਹੌਰ ਨੇ ਉਪਦੇਸ਼ਕ ਦੌਰੇ ਵਿਚ ਫਿਰਦਿਆਂ ਸੁਨਾਏ ਸੇ ਸੋ ਸਿੰਘਾਂ ਅਤੇ ਸਿੱਖਾਂ ਦੇ ਲਾਭ ਹਿਤ ਛਾਪਕੇ ਪ੍ਰਗਟ ਕੀਤੇ ਗਏ ਹਨ।' ਪੱਥਰ ਛਾਪੇ ਦੀ ਇਸ 80 ਸਫੇ ਦੀ ਪੁਸਤਕ ਵਿਚ ਇਕ ਵਿਆਖਿਆਨ ਗੁਰੂ ਨਾਨਕ ਦੀ ਜਨਮ ਤਾਰੀਖ ਬਾਰੇ ਵੀ ਛਪਿਆ ਹੈ। ਉਸ ਵਿਚ ਭਾਈ ਗੁਰਮੁਖ ਸਿੰਘ ਨੇ ਵਿਗਿਆਨਕ ਢੰਗ ਤੇ ਦਲੀਲਾਂ ਨਾਲ ਇਹ ਸਾਬਤ ਕੀਤਾ ਹੈ ਕਿ ਗੁਰੂ ਨਾਨਕ ਦਾ ਜਨਮ ਕਤਕ ਦਾ ਨਹੀਂ ਵਿਸਾਖ ਦਾ ਸੀ ।ਉਨ੍ਹੇ ਬਾਲੀ ਦੇ ਹੋਣ ਬਾਰੇ ਸ਼ੰਕੇ ਦੀ ਬੁਨਿਆਦ ਵੀ ਇਨ੍ਹਾਂ ਵਿਆਖਿਆਨਾਂ ਵਿਚ ਹੀ ਰਖੀ ।ਜਿਵੇਂ ਪਹਿਲਾਂ ਜਨਮ ਸਾਖੀ ਚੋਂ ਬਾਲੇ ਦੇ ਪੌੜ੍ਹੀ ਲੈਣ ਆਉਣ ਦੀਆਂ ਟੂਕਾਂ ਦਿਤੀਆਂ ਹਨ ਤੇ ਫਿਰ ਕਿਹਾ ਹੈ" . . . . . ਹੁਨ ਏਸ ਵਿਰਤਾਂਤ ਨੂੰ ਵਿਚਾਰਨਾ ਚਾਹੀਯੇ ।ਗੁਰੂ ਅੰਗਦ ਜੀ ਨੂ ਬਾਲਾ ਮਿਲਨ ਆਉਂਦਾ ਹੈ ਪਰ ਬਾਲੇ ਨੂੰ ਪਹਿਲੇ ਖਬਰ ਨਹੀਂ ਕੇ ਗੁਰੂ ਨਾਨਕ ਜੀ ਨੇ ਕਿਸ ਨੂੰ ਥਾਪਿਆ ਹੈ।ਗੁਰੂ ਅੰਗਦ ਜੀ ਪੁਛਦੇ ਹਨ- ਤੂੰ ਕੌਣ ਹੈ- ਕਿਸ ਦਾ ਸਿਖ ਹੈ ਤੈਨੂੰ ਕੌਣ ਮਿਲਿਆ ਸੀ - ਬਾਲਾ ਆਖਦਾ ਹੈ ਮੈਂ ਬਾਲਾ ਜਟ ਹਾਂ- ਗੁਰੂ ਨਾਨਕ ਦਾ ਸਿਖ ਹਾਂ - ਮੈਨੂੰ ਗੁਰੂ ਨਾਨਕ ਬੇਦੀ ਕਾਲੂ ਦਾ ਪੁਤ੍ਰ ਮਿਲਿਆ ਸੀ - ਫੇਰ ਗੁਰੂ ਅੰਗਦ ਪੁੱਛਿਆ ਤੈ ਗੁਰੂ ਨਾਨਕ ਡਿਠਾ ਸੀ - ਓਸ ਉਤ੍ਰ ਦਿਤਾ ਮੈਥੋ ਤ੍ਰੈ ਵਰੇ ਵਡਾ ਸੀ ਮੈ ਗੁਰੂ ਨਾਨਕ ਦੇ ਪਿਛੇ ਲਗਾ ਫਿਰਿਆ ਪਰ ਤਦ ਤਕ ਸਾਨੂੰ ਏਹ ਸਮਝ ਨਹੀਂ ਸੀ ਜੋ ਏਹਿ ਵਡਾ ਗੁਰੂ ਹੈ।। ਪਹਿਲੇ ਤਾਂ ਇਸ ਵਿਚ ਏਹਿ ਬਾਤ ਹੈ ਕੇ ਬਾਲਾ ਗੁਰੂ ਜੀ ਦੇ ਅੰਤ ਸਮੇਂ ਪਾਸ ਨਹੀਂ ਸੀ ................[55] ।"

ਜਿਵੇਂ ਉਹ ਪੰਜਾਬੀ ਪੱਤਰਕਾਰੀ ਦਾ ਮੋਢੀ ਸੀ ਇਸੇ ਤਰ੍ਹਾਂ ਧਾਰਮਿਕ ਜੀਵਨੀਆਂ ਬਾਰੇ ਵਿਗਿਆਨਕ ਖੋਜ ਦਾ ਸਿਹਰਾ ਵੀ ਉਹਦੇ ਸਿਰ ਹੀ ਬਝਦਾ ਹੈ ।ਸ. ਕਰਮ ਸਿੰਘ

---

55. ਭਾਈ ਗੁਰਮੁਖ ਸਿੰਘ, 'ਖਾਲਸਾ ਧਰਮ ਦਾ ਉਪਦੇਸ' ਪੱਥਰ ਛਾਪਾ, ਸੰਨ 1884 ਈ. ਸਫਾ 80 ;

ਹਿਸਟੋਰੀਅਨ ਜਿਸ ਨੇ 'ਕੱਤਕ ਕਿ ਵਿਸਾਖ' ਨਾ ਦੀ ਇਤਿਹਾਸਕ ਖੋਜ ਦੀ ਪੁਸਤਕ ਲਿਖੀ 1884 ਈ. ਨੂੰ ਛਪਾਲ ਵਿਚ ਪੈਦਾ ਹੀ ਹੋਇਆ ਸੀ ।ਜ਼ਰੂਰੀ ਹੈ ਕਿ ਉਹਨੇ ਇਸ ਖੋਜ ਦੀ ਪ੍ਰੇਰਨਾ ਭਾਈ ਗੁਰਮੁਖ ਸਿੰਘ ਤੋਂ ਹੀ ਲਈ ਹੋਵੇਗੀ ।ਇਥੋਂ ਭਾਈ ਗੁਰਮੁਖ ਸਿੰਘ ਦੀ ਸਿਖ ਧਰਮ ਨੂੰ ਵਿਗਿਆਨਕ ਢੰਗ ਨਾਲ ਵਿਚਾਰਨ ਤੇ ਆਪਣੇ ਮਤ ਨੂੰ ਦਲੇਰੀ ਨਾਲ ਪੇਸ਼ ਕਰਨ ਦੀ ਰੁਚੀ ਦਾ ਸਬੂਤ ਮਿਲਦਾ ਹੈ ।

ਇਸੇ ਤਰ੍ਹਾਂ ਦੇ 'ਗੁਰਮਤ ਸੰਬੰਧੀ ਵਯਾਖਯਾਨ' ਗਿਆਨੀ ਸਰਦੂਲ ਸਿੰਘ ਦੇ ਵੀ ਸੰਗ੍ਰਹਿ ਹੋਏ ਮਿਲਦੇ ਹਨ ।ਇਸ ਪੁਸਤਕ ਵਿਚ ਵਖ ਵਖ ਵਿਸ਼ਿਆਂ ਤੇ ਕੀਤੇ 50 ਲੈਕਚਰ ਕਲਮ ਬੰਦ ਕੀਤੇ ਗਏ ਹਨ;ਜਿਨ੍ਹਾਂ ਵਿਚੋਂ 7 ਗੁਰੂ ਨਾਨਕ ,2 ਗੁਰੂ ਅੰਗਦ,2 ਗੁਰੂ ਅਮਰ ਦੇਵ,2 ਗੁਰੂ ਰਾਮ ਦਾਸ,2 ਗੁਰੂ ਅਰਜਨ,2 ਗੁਰੂ ਹਰਿ ਗੋਬਿੰਦ,2 ਗੁਰੂ ਹਰਿ ਰਾਇ, 2 ਗੁਰੂ ਹਰਿ ਕ੍ਰਿਸ਼ਨ, ਦੋ ਗੁਰੂ ਤੇਗ ਬਹਾਦਰ,4 ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸਬੰਧਤ ਹਨ ।ਬਾਕੀ ਦੇ ਲੈਕਚਰ ਗੁਰੂ ਗ੍ਰੰਥ ਸਾਹਿਬ ਦੇ ਪਰਗਟ ਹੋਣ,ਅੰਮ੍ਰਿਤ ਸੰਸਕਾਰ,ਗੁਰੂ ਨਾ ਬਣੋ, ਨਿਤਯ ਕਰਮ,ਭਾਣਾ ਮੰਨਣਾ,ਗੁਰਪੁਰਬ ਕਰਨ ਦੀ ਵਿਧੀ ਆਦਿ ਬਾਰੇ ਹਨ।'ਸਿਖੀ ਭਾਵਨਾ ਰਖੋ ਗੁਰੂ ਨਾ ਬਣੋ ' ਵਿਚ ਗੁਰੂ ਡਮ ਤੇ ਚੋਟ ਲਾਈ ਹੈ,ਗੁਰੂ ਡਮ ਜਿਹੜੀ ਕਿ ਸਿਖ ਧਰਮ ਦੇ ਵਿਰੁਧ ਹੈ ਤੇ ਜਿਸ ਨੂੰ ਖਤਮ ਕਰਨਾ ਸਿੰਘ ਸਭਾ ਲਹਿਰ ਦਾ ਉਦੇਸ਼ ਸੀ।ਜਿਵੇਂ :-

ਮਹਾਸ਼ਯ ਗਣ- ਜੈਸੇ ਪਿਤਾ ਮਾਤਾ ਦੀ ਆਗਯਾਕਾਰੀ ਸੰਤਾਨ ਦੇ ਅਰ ਪਤੀ ਦੀ ਆਗਯਾਕਾਰੀ ਪਤਨੀ ਦੇ,ਰਾਜਾ ਦੀ ਫਰਮਾ ਬਰਦਾਰੀ ਪ੍ਰਜਾ ਦੇ ਸੁਖ ਭੋਗ,ਆਨੰਦ ਅਰ ਬ੍ਰਿਧੀ ਦਾ ਕਾਰਨ ਹੈ,ਤੈਸੇ ਹੀ ਗੁਰੂ ਦੀ ਤਾਬਿਆਦਾਰੀ ਸਿਖਾਂ ਨੂੰ ਸੁਖਕਾਰੀ ਹੁੰਦੀ ਹੈ।ਗੁਰੂ ਨਾਨਕ ਸਾਹਿਬ ਨੇ ਕਰਤਾਰ ਦੇ ਭਾਣੇ ਵਿਚ ਪ੍ਰਸੰਨ ਰਹਿਣ ਦਾ ਨਮੂਨਾ ਆਪ ਬਣਕੇ ਦਿਖਾਯਾ ਅਰ ਸਿੱਖਾਂ ਨੂੰ ਸਿਖਾਯਾ - ਯਥਾ (ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ)।। ਪੁਨਃ ( ਜੋ ਤੁਧ ਭਾਵੈ ਸਾਈ ਭਲੀ ਕਾਰ ।। ਤੂ ਸਦਾ ਸਲਾਮਤ ਨਿਰੰਕਾਰ ।। ) ਪੁਨਃ ( ਜੋ ਕਿਛ ਕਰੈ ਸੋ ਭਲਾ ਕਰ ਮਾਨੀਐ ਹਿਕਮਤ ਹੁਕਮਿ ਚੁਕਾਈਐ ) ਸਿੱਖ ਅਗਿਣਤ ਹੋਏ ਪਰ ਏਹ ਸਿਖਯਾ ਗੁਰੂ ਅੰਗਦ ਜੀ ਨੇ ਪਾਈ ।ਜੋ ਹੁਕਮ ਮਿਲਿਆ ਪੁਤ੍ਰ ਲਹਿਣਾ ਏਹ ਕੰਮ ਕਰਨਾ ਹੈ,ਤਾਂ ਹਥ ਜੋੜੇ ਕਿਹਾ,ਬਹੁਤ ਭਲਾ,ਅਰ ਜੇ ਆਪ ਹੀ ਹੁਕਮ ਦੇਕੇ ਫੇਰ ਕਿਹਾ ਏਹ ਕਿਉਂ ਕੀਤਾ ਤਾਂ ਅੱਗੋਂ ਉੱਤਰ ਨਹੀਂ ਦਿਤਾ ।ਜੋ ਆਪ ਦੀ ਆਗਿਆ ਅਨੁਸਾਰ,ਸਗੋਂ ਖਿਮਾ ਮੰਗੀ ਕਿ

ਭੁਲ ਗਿਆ ।ਭੌਲਾ ਤੇ ਭੁਲਾ ਇਨਾਂ ਦੋਹਾਂ ਅੱਖਰਾਂ ਨਾਲ ਹੀ ਗੁਰਿਆਈ ਇਨਾਂ ਦੇ ਹੱਥ ਆਈ। ਇਹੋ ਸਿਖਯਾ ਗੁਰੂ ਅਮਰ ਜੀ ਤੇ ਗੁਰੂ ਰਾਮਦਾਸ ਜੀ ਨੇ ਪਾਈ,ਨੰਮ੍ਰਤਾ ਭਗਤੀ ਸੇਵਾ ਨਾਲ ਗੁਰੂ ਸਾਹਿਬ ਨੂੰ ਰਿਝਾਯਾ,ਅਰ ਸੰਗਤ ਵਿਚ ਇੱਕ ਪਰਮੇਸੁਰ ਦਾ ਨਾਮ ਜਪਾਯਾ,ਪਰਸਪਰ ਪ੍ਰੀਤੀ ਅਰ ਨਾਮ ਦਾਨ ਸ਼ਨਾਨ ਇਕ ਈਸੂਵਰ ਦੀ ਉਪਾਸ਼ਨਾ ਦੇ ਪ੍ਰਤਾਪ ਦਿਨੋ ਦਿਨ ਬ੍ਰਿਧੀ ਹੋਈ,ਪਰੰਤੂ ਪ੍ਰਿਥੀਆ ਜੀ ਨੇ ਦੁਬਿਧਾ ਦਾ ਬੀਜ ਬੀਜਿਆ ।ਸੋ ਅਜਿਹਾ ਫੈਲਿਆ ਕਿ ਗੁਰੂ ਹਰਿ ਰਾਇ ਸਾਹਿਬ ਇਕ ਦਿਨ ਕੀਰਤਪੁਰ ਤੇ ਬਾਹਰ ਰੜੇ ਥਲ ਵਿਚ ਹੈਰਾਨ ਹੋਏ ਦੇਰ ਤਕ ਖੜੇ ਦੇਖਕੇ ਸੰਗਤ ਨੇ ਬੇਨਤੀ ਪੂਰਬਕ ਪੁਛਿਆ,ਇਸਦਾ ਕੀ ਕਾਰਨ ਹੈ ? ਤਾਂ ਗੁਰੂ ਸਾਹਿਬ ਨੇ ਉਤੱਰ ਦਿੱਤਾ ॥ ........." 56

ਕਈ ਇਕ ਰਚਨਾਵਾਂ ਰਾਹੀਂ ਸਿਖ ਧਰਮ ਦੀ ਵਡਿਆਈ,ਅੰਮ੍ਰਿਤ ਤੇ ਕੇਸਾਂ ਦੇ ਲਾਭ,ਸਿਖੀ ਜੀਵਨ ਤੇ ਸਦਾਚਾਰ ਤੇ ਚਾਨਣ ਪਾਇਆ ਗਿਆ ਜਿਹੜਾ ਕਿ ਸਿੰਘ ਸਭਾ ਲਹਿਰ ਦਾ ਉਦੇਸ਼ ਸੀ ।ਜਿਹਾ ਕਿ 'ਕੇਸ ਰੱਖਣ ਦੇ ਗੁਣ' (ਬਾਵਾ ਨਰੈਣ ਸਿੰਘ);'ਲਾਸਾਨੀ ਕਰਾਮਾਤ' (ਭਾਈ ਗੁਰਮੁਖ ਸਿੰਘ);'ਖੰਡੇ ਦੀ ਧਾਰ ਵਿਚ ਗਿਆਨ ਦਾ ਅੰਮ੍ਰਿਤ','ਗੁਰੂ ਨਾਨਕ ਜੀ ਦਾ ਲਾਸਾਨੀ ਮਿਸ਼ਨ'; ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ;'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਭਾਗ ਦੂਜਾ '; 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਭਾਗ ਤੀਸਰਾ'; ' ਸ੍ਰੀ ਗੁਰੂ ਹਰਿ ਗੋਬਿੰਦ ਤੇ ਸ੍ਰੀ ਗੁਰੂ ਹਰੀ ਰਾਇ ਜੀ ਦਾ ਜੀਵਨ ਹਿੱਸਾ ਚੋਥਾ' (ਗਿਆਨੀ ਸ਼ੇਰ ਸਿੰਘ),' ਸ੍ਰੀ ਗੁਰੂ ਮਹਿਮਾ ਭਾਗ ਪਹਿਲਾ'(ਭਾਈ ਮੂਲ ਚੰਦ), 'ਸਿੱਖ ਕਿਸਨੂੰ ਆਖਦੇ ਹਨ?' ('ਸੰਤ ਸੰਪੂਰਨ ਸਿੰਘ),'ਸਿੱਖੀ ਕੀ ਹੈ '(ਭਾਈ ਜੋਧ ਸਿੰਘ) 'ਸਾਖੀਆਂ ਭਾਈ ਗੁਰਦਾਸ ਜੀ ਦੀ ਵਾਰ ਯਾਰ੍ਹਵੀਂ ' (ਸ. ਬੂਟਾ ਸਿੰਘ),'ਸੁਧਰਮ ਮਾਰਗ ਗ੍ਰੰਥ ਗੋਸ਼ਟ'( ਸੰਤ ਸੰਪੂਰਨ ਸਿੰਘ)ਆਦਿ :-

> " ਕੇਸਾਂ ਦਾ ਫਾਇਦਾ ਹਿਕਮਤ ਦੇ ਅਨੁਸਾਰ ਏਹ ਹੈ ਕੇ ਜੋ ਚੀਜ਼ ਬਦਨ ਵਿਚ ਕਮਜ਼ੋਰ ਹੈ ਅਥਵਾ ਨਾਜਕ ਹੈ ਪ੍ਰਮੇਸਵਰ ਨੇ ਆਪਣੀ ਕੁਦਰਤ ਥੀ ਓਸ ਉਤੇ ਪੜਦਾ ਪਾ ਦਿੱਤਾ ਹੈ ।ਜੇਹਾ ਕੁ ਪਿਛਲੀਆਂ ਮਿਸਾਲਾਂ ਵਿਚ ਜਿਕਰ ਕੀਤਾ ਗਿਆ ਹੈ ।ਕੇ ਬਦਨ ਉਤੇ ਚਮੜਾ,ਅੱਖ ਉਤੇ ਪਰਵੱਟੇ ਅਤੇ ਨੱਕ ਦੇ ਅੰਦ੍ਰ ਵਾਲ

---

56. ਗਿਆਨੀ ਸਰਦੂਲ ਸਿੰਘ,'ਗੁਰਮਤ ਸੰਬੰਧੀ ਵਯਾਖਯਾਨ (ਲੈਕਚਰ)ਪਹਿਲੀ ਵਾਰ 1961 ਬਿ: ਸਫਾ 147 ;

ਇਸੇ ਤਰ੍ਹਾਂ ਅੰਦ੍ਰਲੇ ਬਾਹਰਲੇ ਹਰ ਇੱਕ ਜੋੜ ਦੀ ਰਖਯਾ ਲਈ ਪੜਦੇ ਪਾ ਰਖੇ ਹਨ। ਤਾਂਤੇ ਜਾਨਣਾ ਚਾਹੀਏ ਕੇ ਬਦਨ ਵਿੱਚ ਕੋਮਲ ਅਤੇ ਸਾਰੀਆਂ ਚੀਜ਼ਾਂ ਦਾ ਸਰਦਾਰ ਦਿਮਾਗ ਹੈ ਜਿਸ ਨੂੰ ਡਾਕਟਰਾਂ ਨੇ ਗਵਰਨਰ ਜਰਨਲ ਦੀ ਪਦਵੀ ਦਿੱਤੀ ਹੈ ਅਤੇ ਐਸਾ ਨਾਜਕ ਹੈ ਕੇ ਥੋੜੀ ਜੇਹੀ ਗਰਮੀ ਯਾ ਸਰਦੀ ਦਾ ਸਦਮਾ ਓਸ ਨੂੰ ਪਹੁੰਚ ਜਾਂਦਾ ਹੈ। ਇਨਸਾਨ ਦੀ ਅਕਲ, ਤਮੀਜ, ਸੋਚਣਾ ਸਮਝਣਾ ਆਦਿਕ ਦਿਮਾਗ਼ ਦੇ ਆਰੋਗ ਹੋਣ ਉਤੇ ਹੈ। ਜੇਕਰ ਹੋਰ ਅੰਗਾਂ ਦੀ ਤਰ੍ਹਾਂ ਕੁਛ ਖਲਲ ਰਹਿੰਦਾ ਤਾਂ ਆਦਮੀ ਹਰ ਵੇਲੇ ਪਾਗਲ ਤੇ ਸੁਦਾਈ ਰਹਿੰਦਾ। ਕਿਉਂ ਕੇ ਏਸ ਵਿੱਚ ਜੇਕਰ ਜਰਾਬੀ ਖਲਲ ਹੋਵੇ, ਤਾਂ ਅਕਲ ਵਿੱਚ ਫਰਕ ਆ ਜਾਂਦਾ ਹੈ। ਏਸ ਲਈ ਪ੍ਰਮੇਸਵਰ ਨੇ ਆਪਣੀ ਕੁਦਰਤ ਥੀ ਏਹਾ ਬੰਦੋਬਸਤ ਕੀਤਾ ਹੈ ਕਿ ਅੱਵਲ ਤਾਂ ਓਸ ਨੂੰ ਤਕੜੀਆਂ ਹੱਡੀਆਂ ਦੇ ਉਤੇ ਵਾਲ ਅਰਥਾਤ ਕੇਸ ਉਸ ਦਿਮਾਗ ਦੀ ਰੱਖਯਾਲ ਦੀ ਪੈਦਾ ਕਰ ਦਿੱਤੇ ਹਨ।" 57

" ਪਰ ਦ੍ਰਿਸ਼ਟਾਂਤ ਮਾਤ੍ਰ ਮੈਂ ਆਪ ਨੂੰ ਸੁਨਾ ਦੇਨਾ ਹਾਂ ਕੀ ਓਹ ਮੁਰਦਾ ਲੋਕ ਜੋ ਦੁਸ਼ਮਨ ਦੇ ਪੜਛਾਵੇਂ ਆਏ ਡਰਕੇ ਭਜ ਨਿਕਲਦੇ ਸੇ ਓਹੀ ਕੈਸੇ ਬਹਾਦਰ ਹੋ ਨਿਕਲੇ। ਓਹ ਹਿੰਦੂ ਜਾਤੀ ਜੋ ਦੁਨੀਆਂ ਵਿਚ ਮਖੌਲ ਬਨ ਗਈ ਸੀ ਅਤੇ ਹਿਕਾਰਤ ਨਾਲ ਦੇਖੀ ਜਾਂਦੀ ਸੀ ਜਦ ਪੌਹਲ ਲੈ ਕੇ ਖਾਲਸੈ ਦੇ ਰੂਪ ਵਿਚ ਆਈ ਦੁਨਿਆਂ ਦੀ ਤਾਰੀਫ ਦੇ ਲੈਕ ਹੋ ਗਈ ਅਤੇ ਸਬ ਜਗਾ ਇਜ਼ਤ

---

57. ਬਾਵਾ ਨਰਿੰਜਣ ਸਿੰਘ, 'ਕੇਸ ਰੱਖਣ ਦੇ ਗੁਣ ' 1894 ਈ. ਸਫੇ 19-20 ;

ਪਾਉਣ ਲਗ ਪਈ । ਜੋ ਮੁਰਦੇ ਸੇ ਜ਼ਿੰਦਾ ਹੋਏ,ਜੋ ਚਿਥੜੇ ਗਏ ਸੇ ਸੋ ਮਜ਼ਬੂਤ ਹੋ ਖਲੋਤੇ,ਜੋ ਨਾ ਚੀਜ਼ ਥੇ ਸੋ ਸਬ ਤੇ ਚੰਗੀ ਚੀਜ਼ ਹੋ ਗਏ ਅਤੇ ਜੋ ਹਕੀਰ ਸੇ ਸੋ ਸਰਦਾਰ ਅਤੇ ਕਬੀਰ ਬਨੇ[58] ॥"

ਸਮਾਜ ਸੁਧਾਰ

ਸਿਖ ਗੁਰੂ ਸਾਹਿਬਾਨ ਹੁਕਮ ਅਨੁਸਾਰ ਸਿਖ ਸਮਾਜ ਵਿਚ ਹਰ ਇਕ ਨੂੰ ਬਰਾਬਰੀ ਦਾ ਦਰਜਾ ਹਾਸਲ ਹੈ ।ਚਾਹੇ ਉਹ ਇਸਤ੍ਰੀ ਹੈ ਜਾਂ ਮਰਦ ।ਇਕੋ ਬਾਟੇ ਚੋਂ ਅੰਮ੍ਰਿਤ ਪਿਲਾ ਕੇ ਗੁਰੂ ਗੋਬਿੰਦ ਸਿੰਘ ਨੇ ਜ਼ਾਤ ਪਾਤ ਦਾ ਭੋਗ ਪਾ ਦਿਤਾ ।ਕਹਿਣ ਨੂੰ ਤਾਂ ਇਹ ਕਿਹਾ ਜਾਂਦਾ ਹੈ ਪਰ ਅਮਲ ਵਿਚ ਸਭ ਕੁਝ ਉਲਟ ਹੈ।ਚਾਹੇ ਇਹਨੂੰ ਬ੍ਰਾਹਮਣੀ ਅਸਰ ਆਖੋ ਚਾਹੇ ਇਸ ਦਾ ਕੋਈ ਹੋਰ ਕਾਰਨ ਸਮਾਜਕ ਉਸਾਰੀ ਦੇ ਕਾਨੂੰਨ ਵਿਚ ਲੱਭੋ ਪਰ ਇਹ ਇਕ ਅਸਲੀਅਤ ਹੈ ਕਿ ਸਿਖਾਂ ਵਿਚ ਜ਼ਾਤ ਪਾਤ ਅਜੇ ਵੀ ਹੈ।ਅਜੇ ਵੀ ਸਿੱਖ ਅਰੋੜੇ, ਖਤਰੀ ,ਜੱਟ,ਰਵਦਾਸੀਏ,ਮਜ਼ਹਬੀ ਆਦਿ ਜ਼ਾਤਾਂ ਵਿਚ ਬੱਝੇ ਹੋਏ ਹਨ।ਅਜ ਵੀ ਇਸਤਰੀ ਨੂੰ ਕਈਆਂ ਗੱਲਾਂ ਵਿਚ ਮਰਦ ਦੇ ਬਰਾਬਰ ਨਹੀਂ ਸਮਝਿਆ ਜਾਂਦਾ,ਕਈਆਂ ਧਾਰਮਿਕ ਰਸਮਾਂ ਵਿਚ ਤੇ ਕਈਆਂ ਗੁਰਦੁਆਰਿਆਂ ਵਿਚ ਉਨ੍ਹਾਂ ਨਾਲ ਮਰਦਾਂ ਦੇ ਬਰਾਬਰ ਦਾ ਸਲੂਕ ਨਹੀਂ ਕੀਤਾ ਜਾਂਦਾ ।ਪਰ ਸਿੰਘ ਸਭਾ ਲਹਿਰ ਦੇ ਮੁਢਲੇ ਸਮੇਂ ਵਿਚ ਤਾਂ ਸਿੱਖ ਸਮਾਜ ਇਹੋ ਜਹੀਆਂ ਕੁਰੀਤੀਆਂ ਨਾਲ ਭਰਿਆ ਪਿਆ ਸੀ ।

---

58. ਭਾਈ ਗੁਰਮੁਖ ਸਿੰਘ, 'ਲਾਸਾਨੀ ਕਰਾਮਾਤ', 1895 ਈ. ਸਫਾ 9 ।

ਜਿਥੋ ਤਕ ਸਮਾਜ ਵਿਚ ਇਸਤਰੀ ਦੇ ਦਰਜੇ ਦਾ ਸਵਾਲ ਸੀ ਉਹ ਮਰਦ ਨਾਲੋਂ ਕਿਤੇ ਘਟੀਆ ਸੀ ।ਗੁਰਬਾਣੀ ਦੇ ਆਸ਼ੇ ਦੇ ਵਿਰੁਧ ਸਿਖ ਇਸਤਰੀਆਂ ਸਤੀ ਹੁੰਦੀਆਂ ਰਹੀਆਂ ਹਨ ਤੇ ਇਸ ਭੈੜੀ ਰਸਮ ਨੂੰ ਰੋਕਣ ਵਿਚ ਧਰਮ ਨਾਲੋਂ ਕਾਨੂੰਨ ਨੇ ਵਧੇਰੇ ਹਿੱਸਾ ਪਾਇਆ ਹੈ।ਜੰਮਦੀਆਂ ਕੁੜੀਆਂ ਨੂੰ ਮਾਰ ਦੇਣ ਦੇ ਭੈੜੇ ਰਿਵਾਜ ਨੂੰ ਵੀ ਕਾਨੂੰਨ ਨੇ ਹੀ ਖਤਮ ਕੀਤਾ ਨਹੀਂ ਤੇ ਬੇਦੀਆਂ ਨੇ ਤਾਂ ਲਾਰਡ ਲਾਰੰਸ ਨੂੰ ਸਭ ਦੇ ਸਾਹਮਣੇ ਇਹ ਬੇਨਤੀ ਕੀਤੀ ਸੀ ਕਿ ਉਨ੍ਹਾਂ ਨੂੰ ਆਪਣੀਆਂ ਸਾਰੀਆਂ ਕੁੜੀਆਂ ਮਾਰ ਦੇਣ ਦੀ ਆਗਿਆ ਦੇ ਦਿਤੀ ਜਾਏ ਕਿਉਂਕਿ ਉਹ ਪਹਿਲਾਂ ਤੋਂ ਹੀ ਅਜਿਹਾ ਕਰਦੇ ਆਏ ਹਨ।ਨਾ ਸਿਰਫ ਨਾਭਾ,ਪਟਿਆਲਾ,ਅੰਬਾਲਾ ਤੇ ਹਿਸਾਰ ਦੇ ਇਲਾਕੇ ਦੇ ਸੋਢੀ ਤੇ ਬੇਦੀ ਜੰਮਦੀਆਂ ਕੁੜੀਆਂ ਨੂੰ ਮਾਰ ਦਿੰਦੇ ਸਨ ਸਗੋਂ ਮੁਲਤਾਨ,ਜਿਹਲਮ,ਗੁਜਰਾਂਵਾਲਾ,ਅੰਮ੍ਰਿਤਸਰ,ਫੀਰੋਜ਼ਪੁਰ ਦੇ ਸਿਧੂ,ਸੰਧੂ,ਢਿਲੋਂ ਆਦਿ ਜੱਟ ਸਿੱਖ ਵੀ ਅਜਿਹਾ ਕਰਦੇ ਸਨ।ਇਸ ਚੰਦਰੇ ਰਿਵਾਜ ਬਾਰੇ 'ਸੈਰ-ਏ- ਪੰਜਾਬ' ਦਾ ਲੇਖਕ ਕਾਲੀ ਰਾਏ ਲਿਖਦਾ ਹੈ :-

" 1853 ਈ: ਵਿਚ ਪੰਜਾਬ ਦੇ ਪਰਬੰਧਕ ਅਫਸਰਾਂ ਨੂੰ ਪਤਾ ਲਗਾ ਕਿ ਇਸ ਦੇਸ਼ ਵਿਚ ਧੀਆਂ ਮਾਰਨ ਦਾ ਚੰਦਰਾ ਰਿਵਾਜ ਪਰਚਲਤ ਹੈ.. ਪਤਾ ਲਗਾ ਕਿ ਧੀਆਂ ਦੀ ਹਤਿਆ ਬਹੁਤ ਕਰਕੇ ਬੇਦੀ ਕੌਮ ਜਾਂ ਗੁਰੂ ਨਾਨਕ ਸਾਹਿਬ ਦੀ ਸੰਤਾਨ ਵਿਚ ਹੁੰਦੀ ਹੈ.. ਜ਼ਿਲਾ ਹੁਸ਼ਿਆਰਪੁਰ ਤੇ ਜਲੰਧਰ ਵਿਚ ਬੇਦੀ ਜ਼ਾਤ ਦੇ ਸਭ ਲੋਗ ਤੇ ਕਾਂਗੜੇ ਵਿਚ ਰਾਜਪੂਤਾਂ ਦੀਆਂ ਕੁਝ ਜ਼ਾਤਾਂ ਦੇ ਲੋਕ ਧੀਆਂ ਨੂੰ ਮਾਰ ਸੁਟਦੇ ਹਨ।ਸਾਰੇ ਬੇਦੀ ਇਸ ਪਾਪ ਦੇ ਭਾਗੀ ਹਨ।ਡੇਰਾ ਬਾਬਾ ਨਾਨਕ ਤੇ ਗੁਰਦਾਸਪੁਰ ਵਿਚ ਭੀ ਇਹ ਰਸਮ ਥੋੜੀ ਥੋੜੀ ਪਰਚਲਤ ਹੈ. ਰਾਜਪੂਤਾਂ ਵਿਚ ਧੀਆਂ ਨੂੰ ਖਤਮ ਕਰ ਦੇਣ ਦਾ ਰਿਵਾਜ ਕੁਝ ਹੰਕਾਰ ਕਰਕੇ ਹੈ ਤੇ ਕੁਝ ਗਰੀਬੀ ਕਰਕੇ,ਪਰ ਬੇਦੀਆਂ ਵਿਚ ਇਹ ਲਾਹਨਤ ਕੇਵਲ ਘੁਮੰਡ ਦੇ ਕਾਰਨ ਜਾਰੀ ਹੋਈ ਹੈ।ਹਿੰਦੂਆਂ ਵਿਚ ਇਹ ਖਿਆਲ ਹੈ ਕਿ ਕਿਸੇ ਨੂੰ ਵਿਆਹ ਵਿਚ ਧੀ ਦੇਣ ਦਾ ਮਤਲਬ ਆਪਣੇ ਆਪ ਨੂੰ ਉਸ ਤੋਂ ਘਟੀਆ ਸਮਝਣਾ ਹੈ ।ਬੇਦੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਧੀਆਂ ਮਾਰਨ ਦਾ ਹੁਕਮ ਗੁਰੂ ਨਾਨਕ (ਸਾਹਿਬ) ਦੇ ਪੋਤਰੇ ਬਾਬਾ ਧਰਮ ਚੰਦ ਨੇ ਦਿਤਾ ਹੈ। ਕਿਹਾ ਜਾਂਦਾ ਹੈ ਕਿ ਧਰਮ ਚੰਦ ਨੇ ਆਪਣੀ ਲੜਕੀ ਦੀ ਸ਼ਾਦੀ ਵਿਚ ਜਾਂਞੀਆਂ(ਦੇ ਖਰੂਦ) ਤੋਂ ਤੰਗ ਆ ਕੇ ਆਪਣੀ ਸੰਤਾਨ ਨੂੰ ਹੁਕਮ ਦਿਤਾ ਕਿ ਅਗੇ ਤੋਂ ਕੋਈ ਬੇਦੀ ਆਪਣੀ ਲੜਕੀ ਨੂੰ ਜੀਉਂਦਾ ਨਾ ਰਹਿਣ ਦੇਵੇ,ਇਸ ਦਾ ਗੁਨਾਹ ਮੇਰੇ ਜ਼ਿਮੇ ਹੈ ।' ਸੋ ਬੇਦੀ ਤਿੰਨ ਸੌ ਵਰ੍ਹੇ

ਤਕ ਇਹ ਆਪ ਕਰਦੇ ਰਹੇ । ਬੇਤਰਸ ਮਾਪੇ ਕੁੜੀਆਂ ਨੂੰ ਮਾਰਨ ਦਾ ਪਾਪ ਵੱਖ ਵਖ ਤਰੀਕਿਆਂ ਨਾਲ ਕਰਦੇ ਸਨ।ਕਈ ਵਾਰੀ ਦਾਈ ਆਪਣੇ ਹੱਥ ਨਾਲ ਬੱਚੀ ਦਾ ਸਾਹ ਰੋਕ ਦੇਂਦੀ ਹੈ ਜਾਂ ਗਲ ਘੁਟ ਦੇਂਦੀ ਹੈ ।ਕਈ ਲੋਕ ਸਰਦੀਆਂ ਵਿਚ ਕੁੜੀ ਨੂੰ ਠੰਡੇ ਫਰਸ਼ ਉਤੇ ਤੇ ਗਰਮੀਆਂ ਵਿਚ ਤੱਤੇ ਫਰਸ਼ ਉਤੇ ਪਾ ਦੇਂਦੇ ਸਨ,ਜਿਸ ਨਾਲ ਉਹ ਮਰ ਜਾਂਦੀ ਸੀ ।"[1]

ਸਿਖ ਸਮਾਜ ਵਿਚ ਵੀ ਹਿੰਦੂ ਸਮਾਜ ਵਾਂਗ ਹੀ ਬਾਲ ਵਿਆਹ ਤੇ ਇਕ ਤੋਂ ਵਧੀਕ ਇਸਤ੍ਰੀਆਂ ਨਾਲ ਵਿਆਹ ਕਰਾਉਣ ਦਾ ਰਿਵਾਜ ਸੀ ।ਕੁੜੀ ਦੇ ਜੰਮਦਿਆਂ ਹੀ ਤੇ ਕਈ ਵਾਰੀ ਜੰਮਣ ਤੋਂ ਪਹਿਲਾਂ ਹੀ ਉਸ ਦੀ ਕੁੜਮਾਈ ਕਰ ਦਿਤੀ ਜਾਂਦੀ ਤੇ ਗੁੱਡੀਆਂ ਪਟੋਲਿਆਂ ਨਾਲ ਖੇਡਦੀ ਦਾ ਵਿਆਹ ਹੋ ਜਾਂਦਾ ।ਤੇ ਜੇ ਬਦਕਿਸਮਤੀ ਨਾਲ ਉਹ ਬੱਚਾ ਜਿਸ ਦੇ ਨਾਲ ਉਹ ਪਰਣਾਈ ਜਾਂ ਵਿਆਹੀ ਗਈ ਹੋਵੇ ਮਰ ਜਾਵੇ ਤਾਂ ਉਸ ਬਾਲ ਵਿਧਵਾ ਦੀ ਸਾਰੀ ਉਮਰ ਰੋਂਦਿਆਂ ਹੀ ਬੀਤਦੀ ਸੀ ।ਭਾਵੇਂ ਹਿੰਦੂਆਂ ਨਾਲੋਂ ਸਿਖਾਂ ਵਿਚ ਵਿਧਵਾ ਵਿਆਹ ਦੀ ਗਿਣਤੀ ਜ਼ਿਆਦਾ ਹੈ ਪਰ ਫਿਰ ਵੀ ਅਜੇ ਤਕ ਸਿਖ ਸਮਾਜ ਵਿਧਵਾ ਵਿਆਹ ਨੂੰ ਆਪਣਾ ਅੰਗ ਨਹੀਂ ਬਣਾ ਸਕਿਆ ।

ਇਸਤਰੀ ਜਾਤੀ ਨਾਲ ਧੱਕਾ ਤਾਂ ਹੀ ਠੀਕ ਹੋ ਸਕਦਾ ਸੀ ਕਿ ਇਕ ਤਾਂ ਉਹਨੂੰ ਆਪਣੇ ਪੈਰਾਂ ਤੇ ਖੜੀ ਹੋਣ ਜੋਗੀ ਬਣਾਇਆ ਜਾਏ ਤੇ ਦੂਜੇ ਉਹਨੂੰ ਤੇ ਨਾਲ ਹੀ ਮਰਦ ਨੂੰ ਇਸ ਗੱਲ ਦਾ ਗਿਆਨ ਹੋਵੇ ਕਿ ਉਹਦੇ ਨਾਲ ਕੀ ਧੱਕਾ ਹੋ ਰਿਹਾ ਹੈ ਤੇ ਇਹ ਕਿਵੇਂ ਦੂਰ ਕੀਤਾ ਜਾ ਸਕਦਾ ਹੈ।ਸਿੰਘ ਸਭਾ ਲਹਿਰ ਦੇ ਅਸਰ ਹੇਠ ਇਸਤ੍ਰੀ ਸਹਾਇਕ ਵਿਦਿਆਲੇ ਅਤੇ ਵਿਧਵਾ ਆਸ਼ਰਮ ਖੋਹਲੇ ਗਏ ਜਿਥੇ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ ਨਾਲ ਹਥ ਦਾ ਕੰਮ ਵੀ ਸਿਖਾਇਆ ਜਾਂਦਾ ਸੀ ਤਾਂ ਜੋ ਉਹ ਆਪਣੀ ਰੋਟੀ ਕਮਾਉਣ ਦੇ ਕਾਬਲ ਹੋ ਜਾਣ । ਇਸਤਰੀ ਨੂੰ ਇਲਮ ਦੀ ਦੌਲਤ ਨਾਲ ਮਾਲਾ ਮਾਲ ਕਰਨ ਲਈ ਕੰਨਿਆਂ ਪਾਠ ਸ਼ਾਲਾ ਵੀ ਖੋਹਲੇ ਗਏ ।

ਦਾਜ ਦਾ ਰਿਵਾਜ ਵੀ ਸਿਖਾਂ ਵਿਚ ਆਮ ਹੈ ਜਿਸ ਦੇ ਕਾਰਨ ਸਮਾਜਕ ਜੀਵਨ ਵਿਚ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ।

---

1. ਕਾਲੀ ਰਾਏ, 'ਸੈਰੰ- ਏ- ਪੰਜਾਬ' (ਪੰਜਾਬੀ ਯੂਨੀਵਰਸਟੀ, ਪਟਿਆਲਾ)ਸਫਾ 4[illegible] ;

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਲੋਕਾਂ ਵਿਚ ਇਨ੍ਹਾਂ ਕੁਰੀਤੀਆਂ ਬਾਰੇ ਗਿਆਨ ਦਾ ਪਰਸਾਰ ਕਰਨ ਲਈ ਸਾਹਿਤਕ ਖੇਤਰ ਵਿਚ ਕੁਝ ਇਕ ਉਪਰਾਲੇ ਕੀਤੇ । 'ਇਸਤਰੀ ਸਤ ਸੰਗ', 'ਪੰਜਾਬੀ ਭੈਣ', 'ਭੁਜੰਗਣ ਪੱਤ੍ਰ' ਆਦਿ ਪੰਜਾਬੀ ਪੱਤਰ ਕੇਵਲ ਇਸਤਰੀ ਜਾਤੀ ਦੇ ਸੁਧਾਰ ਲਈ ਹੀ ਚਾਲੂ ਹੋਏ ਤੇ ਬਹੁਤ ਸਾਰੇ ਟ੍ਰੈਕਟ ਇਸਤਰੀ ਸੁਧਾਰ ਦੇ ਵਿਸ਼ੇ ਤੇ ਲਿਖੇ ਗਏ ਜਿਨ੍ਹਾਂ ਤੇ ਵਧੇਰੇ ਚਰਚਾ ਅਗੇ ਕੀਤੀ ਜਾਇਗੀ ।ਇਸਤਰੀ ਸੁਧਾਰ ਬਾਰੇ ਪੁਸਤਕਾਂ ਵੀ ਗਲਪ ਸਾਹਿਤ ਦੀ ਵਨਗੀ ਦੀਆਂ ਹਨ ਜਿਨ੍ਹਾਂ ਬਾਰੇ ਚਰਚਾ ਵੀ ਅਗੇ ਹੀ ਹੋਵੇਗੀ ।

ਸਿਖ ਸਮਾਜ ਊਚ ਨੀਚ ਤੇ ਜ਼ਾਤ ਬਰਾਦਰੀ ਦੀਆਂ ਹੱਦਾਂ ਵਿਚ ਬੱਝਿਆ ਹੋਇਆ ਹੈ, ਇਹ ਗੱਲ ਸਿਖੀ ਅਸੂਲਾਂ ਦੇ ਵਿਰੁਧ ਹੈ।ਸਿੰਘ ਸਭਾ ਦੇ ਮੋਢੀਆਂ ਨੇ, ਭਾਈ ਗੁਰਮੁਖ ਸਿੰਘ ਗਿਆਨੀ ਦਿੱਤ ਸਿੰਘ, ਸ. ਤੇਜਾ ਸਿੰਘ ਨੇ ਅੰਤਰ ਜਾਤੀ ਵਿਆਹ ਕਰਕੇ ਜ਼ਾਤ ਪਾਤ ਦੇ ਬੰਧਨਾਂ ਨੂੰ ਤੋੜਨ ਦੇ ਅਮਲੀ ਸਬੂਤ ਦਿਤੇ ।

ਦੂਜੇ ਧਰਮਾਂ ਵਿਚੋਂ ਸਜੇ ਸਿੰਘਾਂ ਨੂੰ ਸਿਖ ਸਮਾਜ ਵਿਚ ਬਰਾਬਰੀ ਦਾ ਦਰਜਾ ਦੁਆਉਣਾ ਵੀ ਸਿੰਘ ਸਭੀਆਂ ਲਈ ਇਕ ਸਮਸਿਆ ਸੀ, ਕਿਉਂਕਿ ਸਿਖ ਤਾਂ ਰਵਿਦਾਸੀਆਂ, ਰਹਿਤੀਆਂ ਆਦਿ ਨੂੰ ਪਹਿਲਾਂ ਹੀ ਖੂਹਾਂ ਤੇ ਨਹੀਂ ਸਨ ਚੜ੍ਹਨ ਦਿੰਦੇ ।ਉਨ੍ਹਾਂ ਦੇ ਰਾਹ ਵਿਚ ਇਕ ਵਡੀ ਰੁਕਾਵਟ ਸੀ ਤੇ ਉਹ ਇਹ ਸੀ ਕਿ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਹੀ ਇਸ ਗੱਲ ਦਾ ਵਿਰੋਧ ਕੀਤਾ ਜਾਂਦਾ ਸੀ ਕਿ ਨੀਵੀਆਂ ਜਾਤਾਂ ਵਾਲਿਆਂ ਨੂੰ ਸਿੰਘ ਬਣਾ ਕੇ ਉਨ੍ਹਾਂ ਨੂੰ ਦੂਜੀਆਂ ਜਾਤਾਂ ਦੇ ਬਰਾਬਰ ਕਿਉਂ ਦਰਜਾ ਦਿਤਾ ਜਾਂਦਾ ਹੈ ।ਅਜਿਹਾ ਵਿਰੋਧ ਬਾਬਾ ਖੇਮ ਸਿੰਘ ਬੇਦੀ ਤੇ ਭਾਈ ਅਵਤਾਰ ਸਿੰਘ ਵਹੀਰੀਆ ਵਲੋਂ ਬੜੇ ਸਖਤ ਢੰਗ ਨਾਲ ਜ਼ੁਬਾਨੀ ਤੇ ਲਿਖਤਾਂ ਰਾਹੀਂ ਹੁੰਦਾ ਸੀ ।ਸਿੱਖਾਂ ਵਿਚ ਇਸ ਗੱਲ ਦਾ ਪਰਚਾਰ ਕਰਨ ਲਈ ਕਿ ਉਨ੍ਹਾਂ ਵਿਚ ਜ਼ਾਤ ਪਾਤ ਦਾ ਕੋਈ ਬੰਧਨ ਨਹੀਂ ਤੇ ਕਿਸੇ ਹੋਰ ਧਰਮ ਵਿਚੋਂ ਸਜਿਆ ਸਿੰਘ ਸਿਖ ਸਮਾਜ ਵਿਚ ਬਰਾਬਰ ਦਾ ਦਰਜਾ ਰਖਦਾ ਹੈ ਸ਼ੁੱਧੀ ਸਭਾ ਲਾਹੌਰ ਵਲੋਂ ਇਕ ਮਾਸਕ ਸ਼ੁੱਧੀ ਪੱਤਰ ਕਢਿਆ ਗਿਆ ।ਅਮਲੀ ਸਬੂਤ ਲਈ ਭਾਈ ਰਣਧੀਰ ਸਿੰਘ ਨੇ ਇਕ ਮਜ੍ਹਬਣ ਨਾਲ ਤੇ ਭਾਈ ਤਖਤ ਸਿੰਘ ਨੇ ਇਕ ਨੀਵੀਂ ਜਾਤ ਦੀ ਕੁੜੀ ਨਾਲ ਵਿਆਹ ਕੀਤਾ ।ਸਿੱਖਾਂ ਵਿਚ ਇਹ ਜ਼ਾਤਪਾਤ ਕਿਸ ਹੱਦ ਤਕ ਸੀ ਇਸ ਗੱਲ ਤੋਂ ਅੰਦਾਜ਼ਾ ਲਗ ਸਕਦਾ ਹੈ ਕਿ " ਗਿ. ਦਿੱਤ ਸਿੰਘ ਨੂੰ ਕਦੇ ਪੰਗਤ ਵਿਚ ਨਹੀਂ ਸੀ ਬੈਠਣ ਦਿਤਾ ਜਾਂਦਾ ਇਥੋਂ ਤਕ ਕਿ ਜਦੋਂ ਉਹ ਲੈਕਚਰ ਜਾਂ ਕਥਾ ਕਰਦੇ ਸਨ, ਤਦ ਭੀ ਉਨ੍ਹਾਂ ਨੂੰ ਅਜੇਹੀ ਥਾਂ

ਬਿਠਾਇਆ ਜਾਂਦਾ ਸੀ ਜਿਸ ਤੇ ਉਨ੍ਹਾਂ ਦੇ ਅਛੂਤਪੁਣੇ ਦਾ ਇਸ਼ਤਿਹਾਰ ਆਪਣੇ ਆਪ ਸਾਹਮਣੇ ਆ ਜਾਂਦਾ ਸੀ [1]।" ਤੇ ਵੀਹਵੀਂ ਸਦੀ ਦੇ ਅੱਧ ਵਿਚ ਜਿਹੜੀ ਸਲਾਹ ਨੀਵੀਆਂ ਜਾਤਾਂ ਦੇ ਸਿਖਾਂ ਨੂੰ ਦਿਤੀ ਜਾਂਦੀ ਹੈ,ਉਹਦੇ ਬਾਰੇ ਚੁਪ ਹੀ ਭਲੀ :-

ਸਿਖਾਂ ਨੂੰ ਮੁਕਦਮੇਬਾਜ਼ੀ ,ਜੂਏਬਾਜ਼ੀ,ਨਸ਼ਿਆਂ ਦੇ ਸੇਵਣ ਤੋਂ ਰੋਕਣ ਦੀ ਸਮਸਿਆ ਵੀ ਸਿੰਘ ਸਭਾ ਲਹਿਰ ਦੇ ਸਾਹਮਣੇ ਸੀ ।

ਇਨ੍ਹਾਂ ਉਪਰੋਕਤ ਕੁਰੀਤੀਆਂ ਨੂੰ ਦੂਰ ਕਰਨ ਲਈ ਜਿਹੜਾ ਸਾਹਿਤ ਰਚਿਆ ਗਿਆ ਉਸ ਵਿਚ ਵਧੇਰੇ ਭਾਗ ਟ੍ਰੈਕਟਾਂ ਤੇ ਪੱਤਰਾਂ ਦਾ ਹੈ ਜਿਸ ਦਾ ਜ਼ਿਕਰ ਅਗੇ ਕੀਤਾ ਜਾਇਗਾ। ਗਿਆਨੀ ਦਿੱਤ ਸਿੰਘ ਨੇ 'ਨਕਲੀ ਸਿਖ ਪ੍ਰਬੋਧ' ਤੇ 'ਡਰਪੋਕ ਸਿੰਘ' ਵਿਚ ਜ਼ਾਤ ਪਾਤ ਤੇ ਸ਼ੁੱਧੀ ਬਾਰੇ ਕਾਫੀ ਚਾਨਣ ਪਾਇਆ ਹੈ।ਅੰਮ੍ਰਿਤ ਛੱਕ ਕੇ ਸਜੇ ਸਿੰਘਾਂ ਵਿਚੋਂ ਵੀ ਜ਼ਾਤ ਪਾਤ ਦਾ ਭਰਮ ਖਤਮ ਨਹੀਂ ਹੁੰਦਾ ,ਇਸ ਦਾ ਬੜੇ ਸੁਚੱਜੇ ਢੰਗ ਨਾਲ ਖੰਡਨ ਕੀਤਾ ਹੈ। ਜਿਵੇਂ :-

> " ਇਨ੍ਹਾਂ ਦਾ ਭਲਾ ਇਸ ਗਲ ਵਿਚ ਹੀ ਹੈ ਕਿ ਮਰਦੁਮ-ਸ਼ੁਮਾਰੀ ਸਮੇਂ ਤੇ ਹੋਰ ਵੀ ਹਰ ਇਕ ਥਾਂ ਇਹ ਜ਼ਾਤ ਦੇ ਖਾਨੇ ਵਿਚ ਮਜ਼੍ਹਬੀ ਰਾਮਦਾਸੀਆ ਕਬੀਰ ਪੰਥੀ ਜਾਂ ਸਿਕਲੀਗਰ ਲਿਖਾਉਣ ਤੇ ਮਜ਼੍ਹਬ ਦੇ ਖਾਨੇ ਵਿਚ ਆਪਣੇ ਆਪ ਨੂੰ ਸਿਖ ਦਰਜ ਕਰਾਉਣ ।ਤਾਕਿ ਉਨ੍ਹਾਂ ਦੀ ਗਿਣਤੀ ਦਾ ਠੀਕ ਠੀਕ ਪਤਾ ਲਗ ਸਕੇ ।ਇਸ ਤਰ੍ਹਾਂ ਜਿਥੇ ਉਨ੍ਹਾਂ ਨੂੰ ਹਰੀਜਨ ਵਾਲੀਆਂ ਸਾਰੀਆਂ ਰਿਐਤਾਂ ਪ੍ਰਾਪਤ ਹੋਣਗੀਆਂ ਉਥੇ ਉਨ੍ਹਾਂ ਦੀ ਵਖਰੀ ਗਿਣਤੀ ਅਤੇ ਸਿਖ ਕੌਮ ਦੀ ਸਮੁੱਚੀ ਗਿਣਤੀ ਦਾ ਵੀ ਠੀਕ ਅੰਦਾਜ਼ਾ ਲਗ ਸਕੇਗਾ [2]।"

" ਅੰਮ੍ਰਿਤ ਛਕਣੇ ਥੋਂ ਪਿੱਛੋਂ ਨਕਲੀ ਸਿੱਖਾਂ ਦੇ ਪਰਸਪਰ ਪ੍ਰਸ਼ਨ ਉਤ੍ਰੱ

ਪ੍ਰਸ਼ਨ -ਚੌਪਈ- ਉੱਤਰ

---

1. ਦਿਲਜੀਤ ਸਿੰਘ, 'ਸਿੰਘ ਸਭਾ ਦਾ ਮੋਢੀ' ਸਫਾ 55;
2. 'ਛੂਤ ਛਾਤ ਲਈ'ਸਾਂਝਾ ਯਤਨ',(ਸ਼੍ਰੋ.ਗੁ.ਪ੍ਰ:ਕ:ਅੰਮ੍ਰਿਤਸਰ) 1950 ਸਫਾ 134 ।

ਕੌਣ ਸਿੱਖ ਹੁੰਦੇ ਹੋ ਭਾਈ ਓਂ ਮੈਂ ਅਰੋੜਾ ਇਹ ਹੈ ਨਾਈ ।
ਤੇਰੀ ਸਿੰਘਾ ਕੀ ਹੈ ਜ਼ਾਤ ? ਨਾਮਾਂ ਬੰਸੀ ਛੀਬਾ ਭ੍ਰਾਤ ।
ਤੇਰਾ ਕੁੱਧ ਕੌਣ ਹੈ ਪਯਾਰੇ ? ਅਸੀਂ ਸਿੰਘ ਹਾਂ ਜੱਟ ਕਰਾਰੇ ।
ਤੇਰਾ ਜਨਮ ਕਿਨ੍ਹਾਂ ਦੇ ਘਰ ਦਾ ? ਮੈਂ ਹਾਂ ਮਹਿਰਾ ਪਾਣੀ ਭਰਦਾ ।
ਤੈਂ ਨਾ ਦੱਸਿਆ ਅਪਨਾ ਹਾਲ ? ਆਹਲੂ ਵਾਲੇ ਅਸੀਂ ਕਲਾਲ ।
ਤੂੰ ਭੀ ਅਪਨਾ ਗੋਤ ਬਖਾਨ? ਕਾਰੀਗਰ ਹਾਂ ਅਸੀਂ ਤਖਾਨ ।
ਤੁਸਾਂ ਕਿਨ੍ਹਾਂ ਘਰ ਵਾਸਾ ਲੀਆ ? ਬ੍ਰਾਹਮਣ ਜਨਮ ਰੱਬ ਨੇ ਦੀਆ ।
ਕੀ ਕੁਝ ਕਰਦੇ ਤੇਰੇ ਘਰ ਦੇ ? ਹੈਨ ਖੱਤਰੀ ਹੱਟੀ ਕਰਦੇ ।
ਤੈਂ ਕਹੁ ਚੁੱਪ ਭਲੀ ਕਿਉਂ ਕੀਤੀ ? ਜ਼ਾਤ ਸਾਇਣੀ ਆਪਾਂ ਲੀਤੀ ।
ਤੂੰ ਭੀ ਕਹੁ ਅਪਨਾ ਅਲਸੇਟਾ? ਮੈਂ ਰੰਘਰੇਟਾ ਗੁਰ ਕਾ ਬੇਟਾ ।
ਤੈਂ ਕਿਉਂ ਜੁਦੀ ਲਗਾਈ ਤਾੜੀ ? ਰਵਿਦਾਸ ਭਗਤ ਦੀ ਹਾਂ ਮੈਂ ਵਾੜੀ ।
ਤੈਂ ਨਾ ਦੱਸਿਆ ਗੋਤ ਪਿਆਰੇ ? ਮਾਈ ਪੋਤਰੇ ਹਾਂ ਸੁਨਿਆਰੇ ।
ਕਹਿ ਦੇ ਝਬਦੇ ਤੂੰ ਭੀ ਕੁੱਝ? ਨਾਉਂ ਰਹਿਤੀਏ ਸਾਡਾ ਬੁੱਝ ।
ਤੇਰੀ ਕੀ ਹੈ ਜ਼ਾਤ ਸਿਆਣੇ ? ਬਚਿੱਤ੍ਰ ਸਿੰਘੀਏ ਸਿੰਘ ਲੁਬਾਣੇ ।
ਤੁਸੀਂ ਬੈਠਕ ਕਿਉਂ ਰਹੇ ਇਕੱਲੇ ? ਹਮ ਸਿੱਖਾ ਹੈਂ ਬਾਵੇ ਭੱਲੇ ।
ਕਹੋ ਆਪ ਭੀ ਕੋਈ ਬਾਤੀ ? ਹਮ ਭੀ ਬਾਵੇ ਤੇਹੁਣ ਜ਼ਾਤੀ ।
ਤੂੰ ਕਯਾ ਬੈਠਾ ਪਾਇ ਝੰਬੇਲਾ ? ਬੇਦੀ ਬਾਵਾ ਸਮਝ ਸੁਹੇਲਾ ।
ਕੌਣ ਪਿੰਡ ਦੇ ਰਹਿਣੇ ਹਾਰਾ ? ਭੱਗੂ ਪੁਰ ਹੈ ਨਗਰ ਹਮਾਰਾ ।
ਮਾਈ ਤੇਰੀ ਦਾ ਕਯਾ ਨਾਉਂ ? ਭਾਗੋ ਸੈਂਦੇ ਸਭ ਗਿਰਾਉਂ ।
ਨਾਉਂ ਬਾਪ ਦਾ ਦੇਹੁ ਬਤਾਇ ? ਸੇਢੂ ਤੈਨੂੰ ਕਹਿਆ ਸੁਨਾਇ ।"[3]

ਇਸ ਤੋਂ ਪਿਛੋਂ ਜ਼ਾਤ ਜਨਮ ਬਾਰੇ ਗੁਰੂ ਸਾਹਿਬ ਦੇ ਉਪਦੇਸ਼ ਬਾਰੇ ਦਸਦੇ ਹਨ:-

" ਜ਼ਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ " ॥

ਅਰਥਾਤ ਖ਼ਾਲਸੇ ਵਿੱਚ ਕੋਈ ਜ਼ਾਤ ਪਾਤ ਨਹੀਂ । ਏਹ ਝੰਬੇਲਾ ਕੇਵਲ ਉਨ੍ਹਾਂ ਵਾਸਤੇ ਹੈ ਜੋ

3. ਗਿਆਨੀ ਦਿੱਤ ਸਿੰਘ, 'ਨਕਲੀ ਸਿਖ ਪ੍ਰਬੋਧ,' ਸਫੇ 83-84;

ਅਕਾਲ ਪੁਰਖ ਨੂੰ ਸਾਰੀ ਸ੍ਰਿਸ਼ਟੀ ਦਾ ਕਰਤਾ ਨਹੀਂ ਜਾਨਦੇ ।ਗੁਰੂ ਕਲਗੀਧਰ ਜੀ ਅਕਾਲ ਉਸਤਤ ਵਿਚ ਕਹਿੰਦੇ ਹਨ-

" ਮਾਨਸ ਕੀ ਜਾਤ ਸਭੈ ਏਕੈ ਪਹਚਾਨਬੋ " [1] ॥

" ਜੇ ਕੋਈ ਗੁਰੂ ਦਾ ਲਾਲ ਕਾਰਾਰਾ ਦਿਲ ਕਰ ਕੇ ਆਖ ਭੀ ਦੇਵੇ ਕਿ ਮੈਂ ਸਿੰਘ ਹਾਂ ਜੋ ਸਭ ਤੋਂ ਉਤੱਮ ਕ਼ੌਮ ਹੈ,ਤਦ ਲੋਕ ਆਖਦੇ ਹਨ ਕਿ ਦੇਖੋ ਯਾਰੋ ਭੂੰਡੀ ਮਹਿਰੇ ਦਾ ਪੁੱਤ੍ਰ ਜਿਸ ਦਾ ਨਾਉਂ ਡੋਗਰ ਹੈ ਅਪਨੀ ਜ਼ਾਤ ਲੁਕਾਉਂਦਾ ਹੈ,ਭੱਠ ਝੋਕਦਾ ਝੋਕਦਾ ਅੱਜ ਸਿੰਘ ਬਣ ਬੈਠਾ ਹੈ,ਅਤੇ ਉਸ ਨੂੰ ਆਖਦੇ ਹਨ ਕਿ 'ਬੈਠ ਭੜੂਏ ਦਾ ਭੜੂਆ ਜ਼ਾਤਿ ਨਹੀਂ ਛਿਪਈਦੀ'। ਆਪਸ ਵਿੱਚ ਮਿਲ ਕੇ ਮਖ਼ੌਲ ਕਰ ਕੇ ਆਖਦੇ ਹਨ ਕਿ ਦੇਖੋ ਯਾਰੋ'ਜਾਤ ਦੀ ਕੋੜ੍ਹ ਕਿਰਲੀ ਸ਼ਤੀਰਾਂ ਨਾਲ ਜੱਫੇ',ਝੀਉਰਾਂ ਦਾ ਮੁੰਡਾ ਅੱਜ ਸਭ ਤੋਂ ਪਵਿੱਤ੍ਰ ਬਨਦਾ ਹੈ, ਭਾਈ ਕਲਜੁਗ ਦਾ ਪ੍ਰਭਾਉ ਹੈ ਅਤੇ ਅੰਗਰੇਜ਼ੀ ਰਾਜ ਹੈ ਕੋਈ ਕਿਸੇ ਨੂੰ ਕੁਛ ਨਹੀਂ ਆਖਦਾ, ਭਾਵੇਂ ਕੁਛ ਬਨਦਾ ਫਿਰੇ,ਧਰਮ ਅੱਜ ਕੱਲ ਕਿਧਰੇ ਨਹੀਂ ਰਿਹਾ ਹੈ,ਸ਼ੂੰਕਰ ਵਰਣ ਹੋ ਗਿਆ ਹੈ [2] ।"

ਇਸ ਤਰ੍ਹਾਂ ਗਿਆਨੀ ਦਿਤ ਸਿੰਘ ਨੇ ਉਨ੍ਹਾਂ ਲੋਕਾਂ ਦਾ ਮਖ਼ੌਲ ਉਡਾਇਆ ਜਿਹੜੇ ਸਿੰਘ ਸਜ ਕੇ ਵੀ ਜ਼ਾਤ ਦਾ ਖਿਆਲ ਨਹੀਂ ਛਡਦੇ ਤੇ ਨਾਲ ਹੀ ਉਨ੍ਹਾਂ ਦਾ ਵੀ ਜਿਹੜੇ ਅਜਿਹੇ ਸਿੰਘਾਂ ਤੇ ਹਸਦੇ ਹਨ ਜੋ ਜ਼ਾਤ ਤੋਂ ਉਪਰ ਉਠ ਕੇ ਆਪਣੇ ਆਪ ਨੂੰ ਕੇਵਲ ਸਿੰਘ ਹੀ ਕਹਿੰਦੇ ਹਨ।

ਮੁਸਲਮਾਨਾਂ ਦੀ ਸ਼ੁੱਧੀ ਕਰਕੇ ਵੀ ਉਨ੍ਹਾਂ ਨੂੰ ਸਿਖ ਸਮਾਜ ਵਿਚ ਛੇਕ ਕੇ ਰਖਣ ਦੀ ਵੀ ਗਿਆਨੀ ਦਿਤ ਸਿੰਘ ਨੇ 'ਨਕਲੀ ਸਿਖ ਪ੍ਰਬੋਧ' ਵਿਚ ਨਿੰਦਾ ਕੀਤੀ ਹੈ :-

"ਭਲਾ ਜੇ ਕੋਈ ਭੁਲਿਆ ਚੁਕਿਆ ਮੁਸਲਮਾਨ ਭਾਈ ਖਾਲਸਾ ਧਰਮ ਦੀਆਂ ਖ਼ੂਬੀਆਂ ਦੇਖ ਸੁਣ ਕੇ ਅੰਮ੍ਰਿਤ ਛਕ ਕੇ ਪੂਰਾ ਪੂਰਾ ਸਿੰਘ ਬਣ ਭੀ ਜਾਂਦਾ ਹੈ ਤਦ ਖਾਲਸਾ ਜੀ ਉਸ ਨੂੰ ਬਹੁਤ ਦਿਆਲ ਹੋਕੇ ਏਹ ਖ਼ਿਤਾਬ ਬਖਸ਼ਦਾ ਹੈ ਕਿ 'ਖਾਲਸਾ ਜੀ ਅੱਜ ਤੋਂ

---

1. ਗਿਆਨੀ ਦਿਤ ਸਿੰਘ 'ਨਕਲੀ ਸਿਖ ਪ੍ਰਬੋਧ' ਸਫਾ 86 ;
2. ਉਹੀ ' '

ਇਹ ਮਹੰਮਦੀ ਸਿੰਘ ਹੈ' । ਸ਼ੋਕ,ਮਹਾਂ ਸ਼ੋਕ । ਦੇਖੋ ਉਸ ਵਿਚਾਰੇ ਨੇ ਅੰਮ੍ਰਿਤ ਤਾਂ ਛਕਯਾ ਗੁਰੂ ਗੋਬਿੰਦ ਸਿੰਘ ਜੀ ਕਲਗੀਧਰ ਦਾ ਅਤੇ ਨਕਲੀ ਸਿੱਖਾਂ ਦੇ ਕਥਨ ਅਨੁਸਾਰ ਓਹ ਸਿੰਘ ਹੋਇਆ ਮਹੰਮਦ ਸਾਹਿਬ ਦਾ ।

ਦੋਹਿਰਾ - ਧੰਨ ਮਹੰਮਦ ਤੇਗ਼ ਹੈ,ਧੰਨ ਦੀਨ ਪਰਤਾਪ ।
ਜਾਂਤੇ ਤੇਰੇ ਮਤ ਵਿਖੇ,ਫਸਾ ਰਹਿਤ ਨਰ ਆਪ ।

ਕੇਹੀ ਅੰਧੇਰ ਦੀ ਬਾਤ ਹੈ ਕਿ ਸਾਰੀ ਗੁਰੂ ਘਰ ਦੀ ਰੀਤੀ ਕਰਕੇ ਵੀ ਓਹ ਮਹੰਮਦੀ ਸਦਾਇਆ,ਕਯਾ ਜਦ ਕੋਈ ਹਿੰਦੂ ਯਾ ਸਿੱਖ ਮੁਸਲਮਾਨ ਹੋ ਕੇ ਨਬੀ ਦਾ ਕਲਮਾਂ ਪੜ੍ਹਦਾ ਹੈ ਤਦ ਮੁਸਲਮਾਨ ਭੀ ਉਸ ਨੂੰ ਏਹੋ ਆਖਦੇ ਹਨ ਕਿ ਏਹ ਰਾਮਚੰਦ੍ਰੀਆ ਮੁਸਲਮਾਨ ਹੈ,ਯਾ ਕ੍ਰਿਸ਼ਨ ਦਾਸੀਆਂ ਦੀਨਦਾਰ ਹੈ,ਯਾ ਗੋਬਿੰਦ ਸਿੰਘੀਆਂ ਮੌਲਵੀ ? ਕਦੇ ਨਹੀਂ;ਕਿਉਂਕਿ ਓਨ੍ਹਾਂ ਦੀ ਏਹ ਰੀਤੀ ਹੈ ਕਿ ਭਾਵੇਂ ਕਿਸੇ ਮਜ਼ਹਬ ਅਤੇ ਕੌਮ ਦਾ ਪੁਰਸ਼ ਕਿਉਂ ਨਾ ਹੋਵੇ ਜਦ ਉਸ ਨੇ ਨਬੀ ਦਾ ਕਲਮਾਂ ਪੜ੍ਹਿਆ ਤਦੋਂ ਹੀ ਮਹੰਮਦੀ ਬਣ ਗਿਆ; ਪਿਛਲੀ ਜ਼ਾਤ,ਪਾਤ, ਧਰਮ,ਗੁਰੂ,ਪੀਰ ਦਾ ਨਾਮ ਨਿਸ਼ਾਨ ਇਸ ਤਰ੍ਹਾਂ ਮਿਟਾ ਦਿੱਤਾ ਜਿਸ ਪ੍ਰਕਾਰ ਕੁਠਾਲੀ ਵਿੱਚ ਪੈ ਕੇ ਰੁਪਏ ਦਾ ਸਿੱਕਾ ਦੂਰ ਹੋ ਜਾਂਦਾ ਹੈ ।

ਪ੍ਰਸ਼ਨ- ਨਕਲੀ ਖ਼ਾਲਸਾ ਜੀ ਦੱਸੋ ਖਾਂ ਓਹ ਕਿ ਭਾਈ ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਛਕ ਕੇ ਫਿਰ ਮਹੰਮਦੀ ਸਿੰਘ ਕਿਉਂ ਹੋ ਗਿਆ ਅਤੇ ਗੋਬਿੰਦ ਸਿੰਘੀਆ ਕਯੋ ਨਾ ਹੋਇਆ? ਕਯਾ ਗੁਰੂ ਦੀ ਪਾਹੁਲ ਕਮਜ਼ੋਰ ਸੀ ਜੋ ਉਸ ਨੂੰ ਅਪਨੀ ਵਲ ਖਿੱਚ ਨਾ ਸਕੀ ਅਤੇ ਮੁਹੰਮਦ ਦਾ ਕਲਮਾਂ ਬਲ ਵਾਲਾ ਸੀ ਜਿਸ ਨੇ ਉਸ ਨੂੰ ਉਥੇ ਹੀ ਰੋਕ ਛੱਡਿਆ ?"[3]

ਸਿੱਖਾਂ ਨੂੰ ਇਹ ਦੱਸਣ ਲਈ ਕਿ ਇਹ ਸ਼ੁੱਧੀ ਕੋਈ ਨਵੀਂ ਚੀਜ਼ ਨਹੀਂ,ਸਿਖ ਇਤਿਹਾਸ ਚੋਂ ਮਿਸਾਲਾਂ ਦੇ ਕੇ ਸਮਝਾਇਆ ਹੈ :-

" ਪੁਨਹਿ ਜਲੰਧਰ ਜੰਗ ਮਝਾਰੀ,ਤੁਰਕਨ ਕੀ ਲੀਨੀ ਬਹੁ ਨਾਰੀ ।
ਸੋ ਸਿੰਘਨ ਆਨੰਦ ਪੜ੍ਹਾਏ,ਸਭਹਨ ਕੋ ਅੰਮ੍ਰਿਤ ਛਕਵਾਏ ।

---

3. ਗਿਆਨੀ ਦਿਤ ਸਿੰਘ 'ਨਕਲੀ ਸਿਖ ਪ੍ਰਬੋਧ' ਸਫਾ 89 ;

ਯਹਿ ਸਿਘਨ ਕੈ ਥੇ ਤਬ ਕਾਮਾਂ, ਪਲਟ ਫੇਤ ਥੇ ਪਿਛਲਾ ਜਾਮਾ ।
ਅਹੋ ਸਮਾਂ ਵਹੁ ਥੋ ਵਡ ਭਾਗੀ, ਸਿੰਘ ਹੁਤੇ ਗੁਰਮਤ ਅਨੁਰਾਗੀ ।"[1]

" ਅਤੇ ਪੰਥ ਪ੍ਰਕਾਸ਼ ਪੜ੍ਹਕੇ ਦੇਖੋ ਜੋ ਖਾਲਸਾ ਨੇ ਜਲੰਧਰ ਸਰਹੰਦ ਆਦਿਕ ਸ਼ਹਿਰਾਂ ਨੂੰ ਫਤਹ ਕਰਕੇ ਸੈਂਕੜੇ ਇਸਤ੍ਰੀਆਂ ਸਿੰਘਣੀਆਂ ਸਜਾਈਆਂ, ਅਰ ਸਿੰਘਾਂ ਨਾਲ ਅਨੰਦ ਪੜ੍ਹਾਕੇ ਘਰੀਂ ਬਸਾਈਆਂ। ਜਿਨਾਂ ਦੀ ਸੰਤਾਨ ਸੂਰਜ ਕੀ ਤਰਹ ਪ੍ਰਕਾਸ਼ ਰਹੀ ਹੈ ਅਤੇ ਪੰਥ ਪ੍ਰਕਾਸ਼ ਉਸ ਪਰ ਇਹ ਲਿਖਦਾ ਹੈ ਯਥਾ-ਚੌਪਈ (ਤੁਰਕਨੀਆਂ ਸਭ ਪਕੜ - ਮੰਗਾਈਆਂ ।ਸੁਧਾ ਛਕਾਇ ਅਨੰਦ ਪੜਾਈਆਂ ।ਫਿਰ ਸਭ ਹੀ ਕੋ ਸੂਰ ਖੁਲਾਏ।ਨਿਜ ਸਿੱਖਨ ਪ੍ਰਤਿਦਈ ਕਰਾਏ ।ਸਿੱਖਨ ਹੁਕਮ ਗੁਰੂ ਕਾ ਮਾਨਾ ॥ ਦੇਸ ਅਦੇਸ ਔਰ ਨਹਿ ਜਾਨਾ ॥ ਪੁਨ ਸਮਰਥ ਕੋ ਦੋਸ ਨ ਕੋਈ ॥ ਕਰਯੋ ਚਹੀਅਤ ਜੋ ਹੋਵਤ ਸੋਈ । ਸਿੰਘ ਅਨੂਪ ਬ੍ਰਹਮਨ ਹੇਰੋ ॥ ਸਾਕਨ ਥਾਂ ਚਨਾਲ ਥਲ ਕੇਰੋ ॥ ਤਿਸਨੈ ਨਾਸਰ ਅਲੀ ਕੀ ਬੇਟੀ । ਬਰੀਸੁ ਜੋਬਨ ਰੂਪ ਲਪੇਟੀ)।ਕਿਉਂ ਭਾਈ ਜੀ ਤੈਂ ਸੁਣਿਆ ਜੋ ਖਾਲਸਾ ਵਿਚ ਕਯਾ ਰਸਮ ਸੀ।

ਡਰਪੋਕ ਸਿੰਘ - ਜੇ ਇਹ ਗਲ ਐਰੇ ਹੁੰਦੀ ਸੀ ਤਾਂ ਹੁਣ ਕਿਯੋ ਹਟ ਗਈ ਹੁਣ ਭੀ ਹੋਣੀ ਚਾਹੀਦੀ ਸੀ ।ਇਸ ਗਲ ਦਾ ਉਤਰ ਦੇਵੋ ॥

ਦਲੇਰ ਸਿੰਘ- ਇਹ ਗੱਲ ਖਾਲਸਾ ਦੇ ਮਿਲਗੋਭਾ ਹੋਣੇ ਨੇ ਬੰਦ ਕਰ ਦਿੱਤੀ, ਜੇ ਖ਼ਾਲਸਾ ਖਾਲਸ ਰਹਿੰਦਾ ਤਾਂ ਰਹਿੰਦੀ ॥

ਡਰ ਪੋਕ ਸਿੰਘ - ਮਿਲ ਗੋਭਾ ਕਯਾ ਹੁੰਦਾ ਹੈ ਇਹ ਤਾਂ ਇਕ ਤੁਸੀਂ ਨਮਾ ਜੇਹਾ ਨਾਉਂ ਦਸਯਾ ਹੈ॥ ਜੋ ਅਗੇ ਕਦੇ ਨਹੀਂ ਸੁਣਿਆ ॥"[2]

" ਦਿਲੀ ਦੇ ਗਦਰ ਵਿਚ ਜੋ ਸਿਖ ਸਿਪਾਹੀਆਂ ਨੇ ਲੁਟ ਵਿਚ ਇਸਤ੍ਰੀਆਂ ਆਂਦੀਆਂ ਸਨ ਸੋ ਉਹ ਉਨਾਂ ਦੀ ਅਪਨੀ ਜਾਤੀਆਂ ਦੀਆਂ ਨਹੀਂ ਸਨ ਪਰ ਉਹ ਸਭ ਘਰੀ ਵਸਾਕੇ ਸਿੰਘਨੀਆਂ ਸਜਾਈਆਂ ਸਨ ਜਿਨ੍ਹਾਂ ਦੀ ਸੰਤਾਨ ਹੁਣ ਸਿਖਾਂ ਦੇ ਪੁਤ੍ਰ ਸਿਖ ਹਨ ਉਹ ਸਿਖਨੀਆਂ

---

1. ਉਹੀ ਸਫਾ 80;
2. ਗਿਆਨੀ ਦਿਤ ਸਿੰਘ, 'ਡਰਪੋਕ ਸਿੰਘ' ਪਹਿਲੀ ਵਾਰ 1895 ਈ.ਸਫੇ 15-16 ।

ਬਨਕੇ ਭਾਈਚਾਰੇ ਵਿਚ ਬਰਤ ਦੀਆਂ ਹਨ ਸੋ ਤੁਸੀਂ ਦਸੋ ਜੋ ਇਸ ਵਿਚ ਕਯਾ ਝੂਠ ਹੈ।"[3]

ਇਹ ਗਿਆਨ ਮਈ ਸਾਹਿਤ ਸਿੰਘ ਸਭਾ ਲਹਿਰ ਦੇ ਲੁਕਵੇਂ ਆਸ਼ਿਆਂ ਦੇ ਇਸ ਲਈ ਵੀ ਅਨੁਕੂਲ ਹੈ ਕਿਉਂਕਿ ਇਸ ਤਰ੍ਹਾਂ ਸਿੱਖਾਂ ਦੀ ਗਿਣਤੀ ਵਧੇਗੀ ਤੇ ਗਿਣਤੀ ਵਧਣ ਨਾਲ ਨੌਕਰੀਆਂ ਵਿਚ ਵਾਧਾ, ਸਰਕਾਰੇ ਦਰਬਾਰੇ ਤੇ ਸਮਾਜ ਵਿਚ ਵਧੇਰੇ ਇਜ਼ਤ :-

" ਇਸੀ ਪ੍ਰਕਾਰ ਜੇ ਪੰਜਾਹ ਹਜ਼ਾਰ ਮੁਸਲਮਾਨੀਆਂ ਸਿੰਘ ਹੋ ਕੇ ਦੋ ਦੋ ਬੱਚੇ ਭੀ ਦੇਣਗੀਆਂ ਤਾਂ ਕਿਆ ਇਕ ਲੱਖ ਭੁਜੰਗੀ ਨਹੀਂ ਹੋਵੇਗਾ ਅਤੇ ਅਗਲੀ ਮਰਦਮ ਸ਼ੁਮਾਰੀ ਵਿਚ ਇਕ ਲਖ ਸਿੰਘ ਦਾ ਨੰਬਰ ਨਹੀਂ ਵਧੇਗਾ ।"

' ਸਾਡਾ ਹਾਲ' (ਸਾਧੂ ਸਿੰਘ) ਵਿਚ ਸਿੱਖਾਂ ਨੂੰ ਨਸ਼ਿਆਂ ਵਲੋਂ ਮੋੜਿਆ ਗਿਆ ਹੈ ਕਿਉਂਕਿ ਇਨ੍ਹਾਂ ਨਾਲ ਉਨ੍ਹਾਂ ਨੂੰ ਕਈ ਬੀਮਾਰੀਆਂ ਲਗ ਜਾਂਦੀਆਂ ਹਨ ਤੇ ਉਹ ਛੇਤੀ ਮਰ ਜਾਂਦੇ ਹਨ। ਲੋਕ ਸ਼ੁਰਾਬੀਆਂ ਦੀ ''ਜਿੱਤੇ ਜਵਾਰੀਏ ਦੀ ਇਸਤਰੀ ਦਾ ਵਿਰਲਾਪ'(ਜਵਾਹਰ-ਸਿੰਘ) ਰਾਹੀਂ ਸ਼ੁਰਾਬ ਤੇ ਜੂਏ ਦੀ ਨਿਖੇਧੀ ਕੀਤੀ ਹੈ ।

ਸਿੰਘ ਸਭਾ ਲਹਿਰ ਦੇ ਅਸਰ ਹੇਠ ਵਿਦਿਆ ਸੰਬੰਧੀ ਜਿਹੜਾ ਗਿਆਨ ਮਈ ਸਾਹਿਤ ਰਚਿਆ ਗਿਆ ਉਹਦਾ ਜ਼ਿਕਰ 'ਸਿਖ ਵਿਦਿਅਕ ਲਹਿਰ ਤੇ ਪੰਜਾਬੀ ਸਾਹਿਤ' ਨਾਂ ਦੇ ਕਾਂਡ ਵਿਚ ਕੀਤਾ ਗਿਆ ਹੈ ।

<u>ਪੱਤਰ, ਟ੍ਰੈਕਟਜ਼, ਪੈਂਫਲਟ ਆਦਿ</u>

ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਆਪਣੇ ਉਦੇਸ਼ਾਂ ਦੇ ਪਰਚਾਰ ਲਈ ਜਿਥੇ ਪੁਸਤਕਾਂ ਲਿਖੀਆਂ ਉਥੇ ਬਹੁਤਾ ਕੰਮ ਪੱਤਰਾਂ, ਟ੍ਰੈਕਟਾਂ, ਪੈਂਫਲਟਾਂ, ਆਦਿ ਤੋਂ ਲਿਆ ਸੀ ।ਕਿਉਂਕਿ ਪੁਸਤਕਾਂ ਨਾਲੋਂ ਇਹ ਸਸਤੇ ਪੈਂਦੇ ਹਨ ਇਸ ਲਈ ਛਾਪਣ ਤੇ ਪੜ੍ਹਨ ਵਾਲਿਆਂ ਦੋਹਾਂ ਲਈ ਇਹ ਲਾਹੇਵੰਦ ਸਨ ।

---

3. ਉਹੀ ਸਫਾ 65;
4. ਉਹੀ ਸਫਾ 66 ;

ਈਸਾਈ ਮਿਸ਼ਨਰੀ ਪਹਿਲਾਂ ਹੀ ਮਾਤ ਭਾਸ਼ਾ ਵਿਚ ਸਸਤਾ ਸਾਹਿਤ ਛਾਪ ਕੇ ਆਪਣੇ ਧਰਮ ਦਾ ਪਰਚਾਰ ਕਰ ਰਹੇ ਸਨ ਸੋ ਇਨ੍ਹਾਂ ਨੇ ਮਿਸ਼ਨਰੀਆਂ ਦੇ ਪੈੜਾਂ ਤੇ ਚਲਦਿਆਂ ਹੀ ਅਜਿਹਾ ਕੀਤਾ ।ਭਾਵੇਂ ਸਿੰਘ ਸਭਾ ਲਹਿਰ ਦੇ ਜਨਮ ਦੇ ਨਾਲ ਹੀ ਪੰਜਾਬੀ ਪੱਤਰਕਾਰੀ ਦਾ ਮੁੱਢ ਬੱਝਾ ਪਰ ਜੋ ਕੰਮ ਪੱਤਰਕਾਰੀ ਨੇ ਸਿੰਘ ਸਭਾ ਲਹਿਰ ਲਈ ਕੀਤਾ ਉਹ ਪੁਸਤਕਾਂ ਨਹੀਂ ਕਰ ਸਕੀਆਂ ।ਉਸ ਸਮੇਂ ਦਾ ਬਹੁਤ ਸਾਰਾ ਸਿਰਜਣਾਤਮਕ ਸਾਹਿਤ ਪਹਿਲਾਂ ਪੱਤਰਾਂ ਵਿਚ ਹੀ ਛਪਦਾ ਰਿਹਾ ਤੇ ਬਾਦ ਵਿਚ ਪੁਸਤਕਾਂ ਦੇ ਰੂਪ ਵਿਚ ਬਦਲਿਆ ।ਇਸੇ ਤਰਾਂ ਪੱਤਰਾਂ ਵਿਚ ਛਪੇ ਬਹੁਤ ਸਾਰੇ ਲੇਖ ਮੁੜਕੇ ਟ੍ਰੈਕਟਾਂ ਤੇ ਪੈਂਫਲਟਾਂ ਦੀ ਸ਼ਕਲ ਵਿਚ ਛਪਦੇ ਰਹੇ। ਇਸ ਲਈ ਇਨ੍ਹਾਂ ਪੱਤਰਾਂ,ਟ੍ਰੈਕਟਾਂ,ਪੈਂਫਲਟਾਂ ਆਦਿ ਵਿਚ ਜਿਹੜਾ ਗਿਆਨ ਮਈ ਸਾਹਿਤ ਛਪਦਾ ਰਿਹਾ ਉਸ ਨੂੰ ਵਿਚਾਰਨਾ ਵੀ ਜ਼ਰੂਰੀ ਹੈ ।

ਸਿੰਘ ਸਭਾ ਲਹਿਰ ਦੇ ਆਸ਼ਿਆਂ ਅਨੁਸਾਰ ਸਿੱਖਾਂ ਦੀ ਹਸਤੀ ਹਿੰਦੂਆਂ ਨਾਲੋਂ ਵਖਰੀ ਕੌਮ ਦੇ ਤੌਰ ਤੇ ਕਾਇਮ ਕਰਨ ਲਈ ਇਨ੍ਹਾਂ ਪੱਤਰਾਂ,ਟ੍ਰੈਕਟਾਂ ਤੇ ਪੈਂਫਲਟਾਂ ਰਾਹੀਂ ਜਿਹੜਾ ਗੁਰਮਤ ਤੇ ਸਿਖ ਰਹਿਤ ਮਰਯਾਦਾ ਦੇ ਹੱਕ ਵਿਚ ਅਤੇ ਜ਼ਾਤ ਪਾਤ,ਛੂਤਛਾਤ, ਵਹਿਮ ਭਰਮ,ਪੀਰਾਂ ਫਕੀਰਾਂ ਦੇਹ ਧਾਰੀ ਗੁਰੂਆਂ ਤੇ ਹੋਰ ਅਨਮਤੀ ਰੀਤਾਂ,ਰਸਮਾਂ-ਰਿਵਾਜਾਂ ਵਿਰੁਧ,ਗਿਆਨ ਮਈ ਸਾਹਿਤ ਪੈਦਾ ਕੀਤਾ ਗਿਆ ਉਹਦੇ ਵਿਚੋਂ ਕੁਝ ਇਸ ਪਰਕਾਰ ਹੈ :-

<u>ਧਰਮ ਸਬੰਧੀ</u>

(ੳ) <u>ਸਿਖ ਧਰਮ ਦੀ ਵਿਸ਼ੇਸ਼ਤਾ</u>

'ਹੋਰਨਾਂ ਧਰਮਾਂ ਦੇ ਧਰਮ ਪੁਸਤਕਾਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀ ਵਾਧਾ ਹੈ 'ਪੈਂਫਲਟ ਕ੍ਰਿਤ ਭਾਈ ਅਵਤਾਰ ਸਿੰਘ ਵਹੀਰੀਆ,'ਖੰਡੇ ਦੇ ਅੰਮ੍ਰਿਤ ਦੀ ਸਭ ਪ੍ਰਕਾਰ ਦੇ ਅੰਮ੍ਰਿਤਾਂ ਤੋਂ ਵਿਸ਼ੇਸ਼ਤਾ' (ਟ੍ਰੈਕਟ ਨ:11,ਗੁਰਮਤ ਟ੍ਰੈਕਟ ਸੁਸਾਇਟੀ ਲਾਹੌਰ ਕ੍ਰਿਤ ਸੰਤ ਸੰਪੂਰਨ ਸਿੰਘ),'ਸੱਚਾ ਪ੍ਰਕਾਸ਼' (ਟ੍ਰੈਕਟ,ਸਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ:29, ਭਾਈ ਮੋਹਨ ਸਿੰਘ ਵੈਦ )

ਉਪਰੋਕਤ ਟ੍ਰੈਕਟਾਂ ਤੇ ਪੈਂਫਲਟਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੇ ਅੰਮ੍ਰਿਤ ਦੀ ਵਿਸ਼ੇਸ਼ਤਾ ਦਸੀ ਗਈ ਹੈ ਜਿਵੇਂ :-

" ਇਸ ਕਾਰਣ ਜੀਕੂੰ ਚਿੱਤ ਸੁੱਧੀ ਵਾਸਤੇ ਹਿੰਦੂ ਮੁਸਲਮਾਨ ਲਈ ਕਰਮ ਧਰਮ ਸਾਧਕ ਸ਼ਰਹ ਜ਼ਰੂਰੀ ਹੈ, ਤੀਕੂੰ ਹੀ ਸਿੱਖ ਲਈ ਭੀ ਅੰਮ੍ਰਿਤ ਦਾ ਛਕਣਾਂ ਅਤਯੰਤ ਜ਼ਰੂਰੀ ।ਕਯੋਂਕਿ ਅੰਮ੍ਰਿਤ ਛਕੇ ਬਿਨਾਂ ਪਾਠ ਪੂਜਾ ਭੀ ਪੂਰੀ ਲੇਖਨਹੀਂ ਪੈਂਦੀ ਤੇ ਨਿਤ ਨੇਮੀ ਪਾਠ ਪੂਜਾ ਦੇ ਪੂਰੇ ਪੂਰੇ ਲੇਖੇ ਪਏ ਬਿਨਾਂ ਚਿੱਤ ਛੇਤੀ ਨਾਲ ਸੁਧ ਨਹੀਂ ਹੋ ਸਕਦਾ ਅਤੇ ਚਿਤ ਸੁੱਧ ਹੋਏ ਬਿਨਾਂ ਗੁਰ ਸ਼ਬਦ ਦੀ ਕਮਾਈ ਨਹੀਂ ਕੀਤੀ ਜਾ ਸਕਦੀ ਇਸ ਲਈ ਅੰਮ੍ਰਿਤ ਛਕਣਾਂ ਜ਼ਰੂਰੀ ਹੈ[1] ॥"

(ਅ) <u>ਗੁਰੂ ਸਾਹਿਬਾਨ ਤੇ ਗੁਰਸਿਖਾਂ ਸੂਰਮਿਆਂ ਦੀਆਂ ਜੀਵਨੀਆਂ ,ਸ਼ਹੀਦੀਆਂ ਆਦਿ</u>

'ਸਿੱਖ ਬੱਚੇ ਦੀ ਸ਼ਹੀਦੀ' (ਪੈਂਫਲਟ, ਕ੍ਰਿਤ ਗਿਆਨੀ ਦਿਤ ਸਿੰਘ), 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬ ਜ਼ਾਦਿਆਂ ਜ਼ੋਰਾਵਰ ਸਿੰਘ ਤੇ ਫਤੇ ਸਿੰਘ ਜੀ ਦਾ ਧਰਮ ਹੇਤ ਬਲੀਦਾਨ' (ਟ੍ਰੈ: ਨੰ:12, ਖ.ਟ੍ਰੈ. ਸ.ਅੰਮ੍ਰਿਤਸਰ), 'ਗੁਰਸਿਖ ਵਾੜੀ'(ਖ.ਟ੍ਰੈ.ਸੁ.ਅ.), 'ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਬ੍ਰਿਤਾਂਤ,' 'ਸ੍ਰੀ ਗੁਰੂ ਹਰਿ ਰਾਏ ਜੀ ਦਾ ਜੀਵਨ ਬ੍ਰਿਤਾਂਤ,' 'ਸ਼ਹੀਦ ਭਾਈ ਮਨੀ ਸਿੰਘ', 'ਭਾਈ ਜਗਜੀਵਨ ਸਿੰਘ ਜੀ ਦਾ ਪ੍ਰਸੰਗ', 'ਬਾਬਾ ਦੀਪ ਸਿੰਘ ਜੀ', 'ਭਾਈ ਜਵਾਹਰ ਸਿੰਘ' (ਟ੍ਰੈ.ਨੰ: 9,16,101,271,689-93,694-98 ਖ:ਟ੍ਰੈ. ਸ. ਅ.) 'ਗੁਰ ਉਪਮਾ'(ਖ.ਅ.ਲਾਹੌਰ, 8.5.1903, ਗੁਰਦਿਤ ਸਿੰਘ), 'ਸਰਦਾਰ ਹਰੀ ਸਿੰਘ ਜੀ ਨਲੂਏ ਦਾ ਜੀਵਨ ਬ੍ਰਿਤਾਂਤ(ਐਡੀਟੋਰੀਅਲ ਖ.ਅ. ਲਾਹੌਰ 16-10-1903)

ਉਪਰੋਕਤ ਟ੍ਰੈਕਟਾਂ ਤੇ ਪੱਤਰਾਂ ਰਾਹੀਂ ਸਿਖੀ ਜੀਵਨ ਦੀਆਂ ਅਦੁਤੀ ਘਟਨਾਵਾਂ ਵਿਖਾ ਕੇ ਲੋਕਾਂ ਦੇ ਦਿਲਾਂ ਵਿਚ ਸਿਖੀ ਸਿਧਾਂਤਾਂ ਨੂੰ ਅਪਣਾਉਣ ਦੀ ਖਾਹਸ਼ ਪੈਦਾ ਕੀਤੀ:-

" ਧਰਮ ਹਾਰ ਕਰ ਜੋ ਜਗ ਮਰਦਾ ਸੋ ਨਰਕਾਂ ਦਾ ਕੀੜਾ ।
ਧੱਕੇ ਖਾਇ ਓਸ ਦਰ ਜਾਕੇ ਅਰ ਸਹਸੀ ਮਨ ਪੀੜਾ ।

---

1. ਸੰਤ ਸੰਪੂਰਨ ਸਿੰਘ, 'ਖੰਡੇ ਦੇ ਅੰਮ੍ਰਿਤ ਦੀ ਸਭ ਪ੍ਰਕਾਰ ਦੇ ਅੰਮ੍ਰਿਤਾਂ ਤੋਂ ਵਿਸ਼ੇਸ਼ਤਾ' ਸਫਾ 29 ;

ਇਹ ਮੇਰਾ ਮਰਨਾ ਜੋ ਆਇਆ ਸੋ ਹੈ ਜੀਵਨ ਜੇਹਾ ।
ਜਿਸ ਤੇ ਧਰਮ ਹਾਰ ਕੇ ਜਗ ਵਿਚ ਮੈਂ ਨਾ ਜਿੰਦਾ ਰੇਹਾ ॥77॥[2]

" ਜ਼ੋਰਾਵਰ ਸਿੰਘ ਨੇ ਛੋਟੇ ਭਰਾ ਵਲ ਇਕ ਅਚਰਜ ਪ੍ਰੇਮ ਭਰੀ ਨਜ਼ਰ ਨਾਲ ਤਕਿਆ, ਅਰ ਹੌਲੇ ਜਿਹੇ ਕਿਹਾ, ਦਸ ਭਰਾ ਤੇਰੀ ਕੀ ਮਰਜ਼ੀ ਹੈ? ਜਗਤ ਗੁਰੂ ਦੀ ਅੰਸ, ਯੋਗੀ ਮਾਤਾ ਦੇ ਜਾਏ, ਦੇਵੀ ਰੂਪ ਮਾਤਾ ਦੇ ਸਿਖਾਏ ਪੜ੍ਹਾਏ, ਪਦੇ ਗੁਰੂ ਦੇ ਬਲੀਦਾਨ ਥੋ ਵਾਕਯ ਸਾਹਬ ਜ਼ਾਦੇ ਫਤੇ ਸਿੰਘ ਨੇ ਭਰਾ ਨੂੰ ਉਤਰ ਦਿੱਤਾ, ਭਰਾ ਜੀ ਚਲੋ ਇਸ ਜਗਤ ਥੋਂ ਕੂਚ ਕਰੀਏ, ਗੁਰੂ ਨਾਨਕ ਦੇਵ ਜੀ ਦੇ ਸਤ ਧਰਮ ਨੂੰ ਤਿਆਗ ਕੇ ਨਾਸ ਹੋਣ ਵਾਲੇ ਸੁਖਾਂ ਲਈ ਮਲੇਛ ਬਣੀਏ? ਅਰ ਪਿਉ ਦਾਦੇ ਪੜਦਾਦੇ ਦੇ ਨਾਂ ਨੂੰ ਵੱਟਾ ਲਾਈਏ ? ਕਦੀ ਨਹੀਂ, ਭਰਾ ਜੀ, ਮੈਂ ਮਰਨ ਨੂੰ ਤਿਆਰ ਹਾਂ।"[3]

(ੲ) <u>ਸਿੱਖ ਰਹਿਤ ਮਰਯਾਦਾ</u>

ਮੇਰੀ ਰਾਮ ਕਹਾਣੀ (ਟ੍ਰੈਕਟ ਨੰ: 220, ਜ਼ਮੀਮਾ ਨਿਰਗੁਣਿਆਰਾ), ਮਾਈ ਦੇ ਜਾਮੇ ਨੂੰ ਅੰਮ੍ਰਿਤ ਛਕਾਉਣ ਦੀ ਵਿਧੀ (ਪੈਂਫਲਟ), ਟੋਪੀ ਤੇ ਸਿਖ (ਖ:ਅ, ਲਾਹੌਰ 26-3-1894), ਮਹਾਰਾਜ ਫਰੀਦਕੋਟ ਦੀ ਧੀ ਦਾ ਅਨਮੀ ਨਾਲ ਵਿਆਹ (ਖ.ਅ.ਲਾਹੌਰ, 15-7-98), ਖਾਲਸਾ ਅਖਬਾਰ ਲਾਹੌਰ ਦੇ ਐਡੀਟਰ ਦੇ ਨਾਂ ਅਨੇਕਾਂ ਅਨੰਦ ਵਿਆਹ ਦੇ ਹੱਕ ਵਿਚ ਚਿਠੀਆਂ ਆਦਿ ।

ਜਿਥੇ 'ਮੇਰੀ ਰਾਮ ਕਹਾਣੀ' ਵਿਚ ਹਿੰਦੂ ਧਰਮ ਦੀ ਕਿਰਿਆ ਦੀ ਰਸਮ ਦੀ ਨਿਖੇਧੀ ਕੀਤੀ ਉਥੇ ਖਾਲਸਾ ਅਖਬਾਰ ਲਾਹੌਰ ਵਿਚ ਛਪੀਆਂ ਬਹੁਤ ਸਾਰੀਆਂ ਖਬਰਾਂ ਤੇ ਉਨ੍ਹਾਂ ਵਿਚ ਛਪੇ ਐਡੀਟੋਰੀਅਲ ਸਿਖ ਰਹਿਤ ਮਰਯਾਦਾ, ਅਨੰਦ ਵਿਆਹ, ਗੁਰਮਤ ਅਨੁਸਾਰ ਮਿਰਤਕ ਸੰਸਕਾਰਾਂ ਦੇ ਹੱਕ ਵਿਚ ਬੋਲਦੇ ਪਏ ਹਨ:-

2. ਗਿਆਨੀ ਦਿੱਤ ਸਿੰਘ, ਸਿੱਖ ਬਚੇ ਦੀ ਸ਼ਹੀਦੀ, ਸਫਾ 14 ।
3. 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਜੋਰਾਵਰ ਸਿੰਘ ਤੇ ਫਤੇ ਸਿੰਘ ਜੀ ਦਾ ਧਰਮ ਹੇਤ ਬਲੀਦਾਨ ' ( ਖ਼ਸ੍ਰੀ ਟ੍ਰੈ ਸ.ਅ.)

" ਟੋਪੀ ਅਤੇ ਸਿਖ

ਅਸੀਂ ਇਸ ਮਜ਼ਮੂਨ ਨੂੰ ਅਗੇ ਇਕ ਪਰਚੇ ਵਿਚ ਲਿਖ ਆਏ ਹਾਂ ਕਿ ਸਿਖ ਦੇ ਸਿਰ ਪਰ ਟੋਪੀ ਧਰਨੀ ਸਿਰ ਕਟ ਦੇਨ ਦੇ ਸਮਾਨ ਹੈ ਅਤੇ ਸਿਖਾਂ ਦੀ ਧਾਰਮਕ ਹਾਲਤ ਵਿਚ ਵਡਾ ਨੁਕਸਾਨ ਦੇਣ ਵਾਲੀ ਹੈ। ਜੈਸਾ ਕਿ ਅਸੀਂ ਅਗੇ ਗੁਰੂ ਦੇ ਇਸ ਬਚਨ ਨੂੰ ਲਿਖ ਚੁਕੇ ਹਾਂ ਕਿ ਸਿਖ ਹੋਇ ਸਿਰ ਟੋਪੀ ਧਰੇ ।ਸਾਤ ਜਨਮ ਕੁਸ਼ਟੀ ਹੋ ਮਰੇ॥ ਪ੍ਰੰਤੂ ਅਜ ਕਲ ਜੇਹਲਖਾਨਿਆਂ ਵਿਚ ਜੋ ਸਿਖ ਕੈਦੀ ਹਨ ਉਨ੍ਹਾਂ ਦੇ ਸਿਰਾਂ ਪਰ ਭੀ ਹੋਰਨਾਂ ਕੈਦੀਆਂ ਵਾਂਗ ਟੋਪੀਆਂ ਹੀ ਦਿਤੀਆਂ ਜਾਂਦੀਆਂ ਹਨ। ਜਿਸ ਤੇ ਉਨ੍ਹਾਂ ਦੇ ਧਰਮ ਦਾ ਨਾਸ ਕੀਤਾ ਜਾਂਦਾ ਹੈ। ਇਸ ਵਿਚ ਕੋਈ ਸ਼ੁਕ ਨਹੀਂ ਹੈ ।ਜੋ ਕੈਦ ਖਾਨੇ ਵਿਚ ਓਹੋ ਆਦਮੀ ਜਾਂਦਾ ਹੈ ਜਿਸ ਦੇ ਜ਼ਿੰਮੇ ਕੋਈ ਜੁਲਮ ਲਗਦਾ ਹੈ ਸੋ ਉਹ ਜੁਲਮ ਭਾਵੇਂ ਸਚਾ ਹੋਵੇ ਭਾਵੇਂ ਝੂਠਾ ਪਰ ਉਸ ਦਾ ਫਲ ਅਵੱਸ਼ ਉਸ ਕੈਦੀ ਨੂੰ ਜ਼ਰੂਰ ਭੋਗਨਾ ਪੈਂਦਾ ਹੈ ਜੋ ਜਦ ਉਸ ਨੇ ਅਪਨੇ ਅਪਰਾਧ ਦਾ ਫਲ ਕੈਦ ਅਤੇ ਜੁਰਮਾਨਾ ਪਾਇ ਲੀਤਾ ਹੈ ਸੋ ਫੇਰ ਉਸਨੂੰ ਟੋਪੀ ਦੇਨੀ ਕਿਸ ਜੁਰਮ ਦੀ ਸਜਾਇ ਹੈ ਸਵਾਇ ਇਸ ਤੇ ਕਿ ਉਸ ਦੇ ਧਰਮ ਪਰ ਭੀ ਹਮਲਾ ਕੀਤਾ ਜਾਏ। ਇਸ ਪਰ ਕੋਈ ਸਾਹਿਬ ਇਹ ਆਖ ਸਕਦਾ ਹੈ ਕਿ ਸਾਫਾ ਦਿਤਯਾ ਇਹ ਡਰ ਪੈਦਾ ਹੋ ਸਕਦਾ ਹੈ ਕਿ ਸ਼ਾਇਦ ਕੈਦੀ ਗਲ ਵਿਚ ਫਾਂਸੀ ਲੈ ਕੇ ਮਰ ਜਾਏ ਜਿਸ ਤੇ ਖ਼ੂਨ ਹੋ ਜਾਨ ਦਾ ਡਰ ਹੈ। ਸੋ ਇਸ ਪਰ ਅਸੀਂ ਇਤਨਾ ਹੀ ਆਖਦੇ ਹਾਂ ਕਿ ਜੇਕਰ ਕੈਦੀ ਦਾ ਮਰਨੇ ਪਰ ਹੀ ਇਰਾਦਾ ਹੋਵੇਗਾ ਤਾਂ ਤੇੜ ਦੇ ਸਾਫੇ ਨਾਲ ਭੀ ਮਰ ਸਕਦਾ ਹੈ ਅਤੇ ਲੋਹੇ ਦੇ ਕੜੇ ਨੂੰ ਸਿਰ ਵਿਚ ਮਾਰ ਕੇ ਭੀ ਮਰ ਸਕਦਾ ਹੈ। ਸੋ ਮਰਨੇ ਵਾਲਾ ਨਿਰਾ ਸਾਫੇ ਦਾ ਹੀ ਮੁੰਤਜਰ ਨਹੀਂ ਰਹੇਗਾ। ਇਸ ਵਾਸਤੇ ਅਸੀਂ ਆਸ਼ਾ ਰਖਦੇ ਹਾਂ ਜੋ ਸਰਕਾਰ ਇਨਾਂ ਵਿਚਾਰੇ ਸਿਖ ਕੈਦੀਆਂ ਪਰ ਤਰਸ ਕਰੇਗੀ ਅਤੇ ਇਨਾਂ ਦੀਆਂ ਟੋਪੀਆਂ ਉਤਾਰ ਕੇ ਸਾਫੇ ਬਖਸ਼ੇਗੀ ।"

(ਖਾਲਸਾ ਅਖ਼ਬਾਰ ਲਾਹੌਰ, 26-3-1898 )

" ਸ੍ਰੀ 108 ਹਜ਼ੂਰ ਮਹਾਰਾਜਾ ਫ਼ੀਦਕੋਟ ਨੇ ਅਪਨੀ ਕੰਨਯਾ ਦਾ, ਜੋ ਸਿੰਘ ਰਾਜਾ ਦੀ ਰਾਜਕੁਮਾਰੀ ਸੀ, ਸਬੰਧ ਇਕ ਅੰਨਮਤੀ ਕੇਸ ਰਹਤ, ਪੁਰਖ ਨਾਲ ਗੈਰ ਦੇਸ ਵਿਚ ਕੀਤਾ ਹੈ ਅਰ ਆਮ ਅਖਬਾਰ ਤੋਂ ਮਾਲੂਮ ਹੋਇਆ ਹੈ ਕਿ ਸੋਲਾਂ ਲੱਖ ਤਕ ਰੁਪੱਯਾ ਉਨ੍ਹਾਂ ਨੇ ਉਸ ਬੀਬੀ ਜੀ ਨੂੰ ਪ੍ਰਦਾਨ ਕੀਤਾ ਹੈ ਜਿਸ ਵਿੱਚ ਹਾਥੀ, ਘੋੜੇ, ਗਊਆਂ, ਨਕਦ ਅਤੇ

ਜ਼ਮੀਨ ਆਦਿਕ ਭੀ ਹੈ,ਜਿਸਤੇ ਆਪ ਦੇਖ ਸਕਦੇ ਹੋ ਕਿ ਖਾਲਸੇ ਦਾ ਇਤਨੇ ਲੱਖ ਦਾ ਮਾਲ ਅਰ ਰਾਜ ਕੰਠਯਾਂ ਇੱਕ ਅੰਨਮਤੀ ਦੇ ਘਰ ਚਲੀ ਗਈ ਜਿਸਤੇ ਹਮੇਸ਼ਾਂ ਦੇ ਵਾਸਤੇ ਖਾਲਸੇ ਦਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਰਿਹਾ ॥"

(ਖਾਲਸਾ ਅਖਬਾਰ ਲਾਹੌਰ,15-7-1898)

(ਹ) ਗੁਰੂ ਡਮ ਤੇ ਸੁਲਤਾਨ

ਖਾਲਸਾ ਅਖਬਾਰ ਲਾਹੌਰ ਤਾਰੀਖ਼ 5-5-99 ਅਤੇ 3-7-99 ਦੇ ਐਡੀਟਰ ਦੇ ਨਾਂ ਚਿੱਠੀਆਂ :-

" ਸਾਹੀਵਾਲ ਵਿੱਚ ਨਵੀਂ ਗੁਰਿਆਈ

" ਮੈਂ ਸਾਹੀਵਾਲ ਜ਼ਿਲੇ ਸ਼ਾਹਪੁਰ ਵਿਚ ਉਪਦੇਸ਼ ਕਰਨ ਗਿਆ ਤਾਂ ਓਥੇ ਲੋਕਾਂ ਨੂੰ ਸਿੱਖੀ ਤੇ ਅਤਯੰਤ ਗਿਰੇ ਹੋਏ ਦੇਖਿਆ ਜਿਸ ਦਾ ਨਮੂਨਾ ਇਹ ਹੈ ਕਿ ਓਥੋਂ ਦੇ ਲੋਗ ਗੁਰੂਆਂ ਦੇ ਗੁਰਪੁਰਬਾਂ ਨੂੰ ਜਾਨਦੇ ਵੀ ਨਹੀਂ ਹਨ ਪਰ ਬਾਬਾ ਸੂਰਜ ਸਿੰਘ ਜੀ ਉਨੇ ਵਾਲੇ ਦਾ,ਜੇਹੜੇ ਕਿ ਮੁੱਦਤ ਤੇ ਪਰਲੋਕ ਗਮਨ ਕਰ ਗਏ ਹਨ ਹਰ ਵੀਰਵਾਰ ਗੁਰਪੁਰਬ ਮਨਾਉਂਦੇ ਹਨ,ਅਰ ਉਸ ਜੋੜਮੇਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਇਹ ਸ਼ਬਦ ਪੜ੍ਹਯਾ ਜਾਂਦਾ ਹੈ :-

ਭਲੋ ਦਿਵਸ ਆਜ ਮਾਈ,ਗੁਰ ਜੋਤੀ ਜੋਤ ਸਮਾਵਨ ਲਾਗੇ ਗੁਰ ਸੂਰਜ ਸਿੰਘ -
ਮਹਾਰਾਜ ਮਾਈ । ਵੀਰਵਾਰ ਕ੍ਰਿਸ਼ਨਾ ਪੱਖ ਅਸ਼ਟਮੀ ਮਧੁ ਮਾਸ ਸ਼ੁਭ ਰਾਜ
ਮਾਈ ।ਹਿੰਦੂ ਤੁਰਕ ਆਨ ਜਿਸ ਮਾਨਤ ਸਭ ਜਗ ਕੇ ਸਿਰਤਾਜ ਮਾਈ ।
ਸਪਤ ਦੀਪ ਨਵਖੰਡ ਭਵਨ ਹੈ ਸਭ ਘਟ ਰਹਿਓ ਬਰਾਜ ਮਾਈ ।
ਦਾਸ ਪਤਤ ਕੀ ਏਹੋ ਬੇਨਤੀ ਰਾਖਹੁ ਬਿਰਧ ਕੀ ਲਾਜ ਮਾਈ " ॥

ਕਈਆਂ ਭਾਈਆਂ ਨੂੰ ਪੜ੍ਹਨੋਂ ਰੋਕਿਆ ।ਪਰ ਉਨ੍ਹਾਂ ਨੇ ਜੁਆਬ ਦਿਤਾ ਕਿ ਸਾਡੇ ਗੁਰਾਂ ਦਾ ਹੁਕਮ ਹੈ।ਵਿਚਾਰਨੇ ਯੋਗ ਬਾਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਾਹਰਦੇ ਢਕੌਸਲੇ ਪੜ੍ਹਕੇ ਇੱਕ ਆਦਮੀ ਦੇ ਮਰਨੇ ਦਾ ਦਿਨ ਤਾਂ ਅੱਠਾਂ ਦਿੱਨਾਂ ਪਿਛੋਂ ਮਨਾਯਾ ਜਾਂਦਾ

ਹੈ। ਪਰ ਦਸਾਂ ਗੁਰੂਆਂ ਦੇ ਗੁਰਪੁਰਬ ਵਰ੍ਹੇ ਵਿਚ ਇੱਕ ਇੱਕ ਵਾਰ ਭੀ ਨਹੀਂ ਮਨਾਏ ਜਾਂਦੇ, ਕਿਡਾ ਅੰਧੇਰ ਹੈ।ਮੈਂ ਅੱਛੀ ਤਰ੍ਹਾਂ ਦੇਖਿਆ ਹੈ ਕਿ ਏਨ੍ਹਾਂ ਲੋਗਾਂ ਦਾ ਗੁਰੂ ਗ੍ਰੰਥ ਸਾਹਿਬ ਜੀ ਪਰ ਏਤਨਾ ਨਿਸ਼ਚਾ ਭੀ ਨਹੀਂ ਕਿ ਇੱਕ ਪੈਂਦਰੀਏ ਜੰਤਰ ਉਤੇ ਇਹ ਨਿਸ਼ਚਾ ਰੱਖਦੇ ਹਨ। ਪੈਂਦਰੀਏ ਜੰਤ੍ਰ ਨੂੰ ਏਹ ਲੋਕ ਪੁਤ੍ਰ ਜਮਾਉਨ ਦੀ ਕਲਾ ਸਮਝਦੇ ਹਨ ਇੱਕ ਮਹਾਤਮਾ ਪਾਸੋਂ ਚਾਰ ਆਨੇ ਨੂੰ ਮੁੱਲ ਖਰੀਦਦੇ ਹਨ,ਪਰ ਗੁਰੂ ਜੀ ਦੇ ਸ਼ਬਦ ਮੁਫ਼ਤ ਸੁਣਨੇ ਭੀ ਬੁਰੇ ਜਾਨਦੇ ਹਨ॥" (ਖਾਲਸਾ ਅਖਬਾਰ ਲਾਹੌਰ,5-5-1899)

" ਸੁਲਤਾਨੀ ਕਾੜਾ

ਫਤਹਗੜ ਰਯਾਸਤ ਪਟਯਾਲਾ ਅਪਨੀ ਤਹਿਸੀਲ ਦਾ ਦੌਰਾ ਕਰਦੇ ਕਰਦੇ ਸੰਘੋਲ ਨਾਮੇਂ ਨੱਗਰ ਵਿਚ ਗਏ ਜਿਥੇ ਉਨ੍ਹਾਂ ਨੂੰ ਸ੍ਰਦਾਰ ਮਲ ਸਿੰਘ ਬੇਟਾ ਸਰਦਾਰ ਨਾਰਾਇਣ ਸਿੰਘ ਸਾਹਿਬ ਦਾ ਜਗੀਰਦਾਰ ਵੱਢੀ ਖਸਾਨੋਂ ਦਾ ਮਿਲਣ ਆਇਆ ,ਜਦ ਤਹਿਸੀਲਦਾਰ ਸਾਹਿਬ ਨੇ ਉਸ ਨਾਲ ਬਾਤਾਂ ਕਰਦਿਆਂ ਉਸ ਦੇ ਪੈਰ ਵੱਲ ਨਜ਼ਰ ਕੀਤੀ ਤਾਂ ਕਯਾ ਦੇਖਿਯਾ ਜੋ ਪੈਰ ਵਿਚ ਇਕ ਲੋਹੇ ਦਾ ਕੜਾ ਹੈ ਜਿਸ ਪਰ ਉਸਨੂੰ ਪੁਛਿਆਂ ਕਿ ਇਹ ਕਯਾ ਹੈ, ਇਸਦਾ ਉਤੱਰ ਉਸਨੇ ਇਹ ਦਿੱਤਾ ਕਿ ਇਹ ਸੁਲਤਾਨ ਦੀ ਬੇੜੀ ਹੈ ਜਿਸਦੇ ਅਧਾਰ ਮੇਰੀ ਜ਼ਿੰਦਗੀ ਹੈ,ਇਸ ਗਲ ਨੂੰ ਸੁਨਕੇ ਸਰਕਾਰ ਬਚਿਤ੍ਰ ਸਿੰਘ ਸਾਹਿਬ ਨੇ ਹਸਕੇ ਆਖਯਾ ਕਿ ਤੁਸੀਂ ਤਾਂ ਗੁਰੂ ਦੇ ਸਿੰਘ ਹੋ ਫਿਰ ਸੁਲਤਾਨ ਤੁਹਾਡੇ ਵਿਚ ਕਿਥੋਂ ਆ ਵੜਿਆ,ਇਹ ਆਖਕੇ ਕੜਾ ਉਤਾਰ ਲੀਤਾ ਪ੍ਰੰਤੂ ਉਨ੍ਹਾਂ ਨੇ ਘਰ ਜਾਕੇ ਹੋਰ ਪਾ ਲੀਤਾ ।"

(ਖਾਲਸਾ ਅਖਬਾਰ ਲਾਹੌਰ,3-7-1899 )

(ਕ) ਗੁਰਧਾਮਾਂ ਦੀ ਬੇਅਦਬੀ

" ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪ੍ਰਕਰਮਾਂ ਵਿਚ ਇਤਨੀ ਬੇਅਦਬੀ ਹੁੰਦੀ ਹੈ ਜੋ ਕਥਨ ਤੋਂ ਬਾਹਰ ਹੈ,ਤਾਸ਼ ਅਤੇ ਸ਼ਤਰੰਜ ਖੇਲੀ ਜਾਂਦੀ ਹੈ ।ਗਨੇਰੀਆਂ ਚੂਪ ਕੇ ਜੂਠੇ ਛਿਲੜ ਪ੍ਰਕਰਮਾਂ ਵਿਚ ਸੁੱਟੇ ਜਾਂਦੇ ਹਨ ਰੋਟੀਆਂ ਖਾਂਦੇ ਮਹਾਂ ਪ੍ਰਸ਼ਾਦਿ ਛਕਦੇ ਹਨ ਕਈ ਵਾਰੀ ਸੰਖੀਆਂ ਚੁਕ ਕੇ ਬਾਹਰ ਸੁਟੀਆਂ ਗਈਆਂ ਹਨ।ਬਹੁਤ ਹਿੰਦੂ ਰਾਤ ਨੂੰ ਪ੍ਰਕਰਮਾਂ ਵਿਚ ਸੌਂ ਜਾਂਦੇ ਤੇ ਮੁੱਠੀਆਂ ਭਰਵਾਉਂਦੇ ਹਨ ਜੇਕਰ ਉਨ੍ਹਾਂ ਨੂੰ ਮਨ੍ਹਾ ਕੀਤਾ ਜਾਵੇ ਤਾਂ ਲੜਨ ਨੂੰ ਤਿਆਰ

ਹੁੰਦੇ ਹਨ, ਚੌਕੀ ਸਾਹਿਬ ਆਇਆਂ ਯਾ ਅਰਦਾਸ ਹੋਣ ਲੱਗਿਆਂ ਖੜੇ ਨਹੀਂ ਹੁੰਦੇ ਆਖਨ ਤੇ ਕਹਿੰਦੇ ਹਨ ਕਿ ਅਸੀਂ ਸੈਰ ਲਈ ਆਏ ਹਾਂ ਜਿਸਦਾ ਨਿਸਚਾ ਹੈ ਉਹ ਖੜਾ ਹੋ ਜਾਵੇ । ਹੋਰ ਇਤਨੀਆਂ ਬੇਅਦਬੀਆਂ ਕਰਦੇ ਹਨ ਕਿ ਕਿ ਕਹਿਣੇ ਦੀ ਬਾਤ ਨਹੀਂ ਪਿਤਲ ਦੇ ਬੁੱਤ ਜਿਨ੍ਹਾਂ ਨੂੰ ਬ੍ਰਹਮਨ ਠਾਕਰ ਆਖਦੇ ਹਨ ਉਨ੍ਹਾਂ ਨੂੰ ਮਿੱਟੀ ਨਾਲ ਮਾਂਜ ਕੇ ਸ੍ਰੀ ਅੰਮ੍ਰਿਤਸਰ ਸਰੋਵਰ ਵਿਚ ਧੋਂਦੇ ਹਨ ਤੇ ਧੋਤੀਆਂ ਸਾਫੇ ਭੀ ਅੰਮ੍ਰਿਤ ਵਿਚ ਪਾਉਂਦੇ ਹਨ।"

(ਖਾਲਸਾ ਅਖਬਾਰ ਲਾਹੌਰ, 14-10-1898 )

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ.

ਦਰਬਾਰ ਸਾਹਿਬ ਸੈਰਗਾਹ, ਮੀਨਾ ਬਾਜ਼ਾਰ ਬਣ ਰਿਹਾ ਹੈ -
ਬਾਬੇ ਸਾਹਿਬ ਦੀ ਅੰਦਰਲੀ ਡਿਉੜੀ ਵਿਚ ਲਡੀ, ਬੁਢੇ ਦੀ ਨਾਰ,
ਪ੍ਰਤਾਪੀ ਤ੍ਰਖਾਣੀ, ਪਿੰਡਾਂ ਦੀਆਂ ਰੰਨਾ ਆਦਿ ਕਿੱਸੇ ਵਿਕ ਰਹੇ ਹਨ,

(ਪੰਜਾਬ, 1 ਜਨਵਰੀ 1906)

" ਗੁਰੂ ਕੇ ਬਾਗ਼ ਵਿਚ ਜਿਹੜੇ ਸਾਧੂ ਇਕੱਠੇ ਹੋਏ ਹੋਏ ਹਨ ਇਨ੍ਹਾਂ ਦਾ ਹਾਲ ਰਾਤ ਨੂੰ ਯਾਰਾਂ ਬਜੇ ਤੋਂ ਪਿਛੋਂ ਦੇਖਿਆ ਗਿਆ ਹੈ ਇਨ੍ਹਾਂ ਦਾ ਹਾਲ ਐਸਾ ਹੈ ਕਿ ਗ੍ਰਸਥੀਆਂ ਨਾਲੋਂ ਭੀ ਜ਼ਿਆਦਾ ਲੰਪਟ ਤੇ ਕ੍ਰੋਧੀ ਭੀ ਪਰਲੇ ਦਰਜੇ ਦੇ ਹਨ ਲੌਢੇ ਵੇਲੇ ਗੁਰੂ ਦੇ ਬਾਗ ਵਿਚ ਜਾਣਾ ਮੁਸ਼ਕਲ ਹੋ ਜਾਂਦਾ ਹੈ ਇਤਨਾ ਧੂੰਆਂ ਹੁੰਦਾ ਹੈ ਜੋ ਅੱਖਾਂ ਨਹੀਂ ਖੁਲ੍ਹਦੀਆਂ ਬਾਤ ਨਹੀਂ ਹੋ ਸਕਦੀ ਤੇ ਚਰਸ ਇਤਨਾ ਉਡਦਾ ਹੈ ਜੋ ਅੰਤ ਨਹੀਂ ਕੋਈ ਮਨਾ ਨਹੀਂ ਕਰਦਾ, ਹਨੇਰ ਹੈ ਕਿ ਹੋਵੇ ਗੁਰੂ ਦਾ ਬਾਗ਼ ਤੇ ਪੀਤੀ ਜਾਵੇ ਚਰਸ। ਇਸ ਨਾਲੋਂ ਵਧ ਕੇ ਕੀ ਅਸਚਰਜ ਗਲ ਹੋਣੀ ਹੈ ।"

(ਖਾਲਸਾ ਅਖਬਾਰ ਲਾਹੌਰ 14-10-1898)

ਗੁਰੂ ਕਾ ਬਾਗ਼

........ ਇਹ ਬਾਗ ਹੋਣ ਦੀ ਥਾਂ ਉਜਾੜਾ ਹੁੰਦਾ ਜਾਂਦਾ ਹੈ ..... ਉਨ੍ਹਾਂ ਲੋਕਾਂ ਦਾ ਜਿਨਾਂ ਨੂੰ ਸਾਧੂ ਕਿਹਾ ਜਾਂਦਾ ਹੈ ਅਰ ਜੋ ਦੁਧ ਮਲਾਈਆਂ ਖਾਕੇ ਡਕਾਰਨ ਵਾਲੇ ਮਾਨੋ ਸੰਡੇ ਦੀ ਸਕੂਲ ਵਿਚੋਂ ਪਾਸ ਕੀਤੇ ਮਲਾਂ ਦਾ ਅਖਾੜਾ ਬਣ ਰਿਹਾ ਹੈ । ਇਨਾਂ ਬੱਗ ਮਹਾਤਮਾਂ

ਦੀ ਕ੍ਰਿਪਾ ਨਾਲ ਕਈ ਕਾਰੇ ਹੋ ਜਾਂਦੇ ਹਨ। ਦੀਪਮਾਲਾ ਦੇ ਸਮੇਂ ਇਨਾਂ ਸਾਹਣਾਂ ਦੇ ਕਈ ਦੰਗਲ ਹੁੰਦੇ ਹਨ। ਇਨਾਂ ਦੀਆਂ ਧੂਣੀਆਂ ਮਾਰ ਚਰਸ ਦੇ ਸੂਟਿਆਂ ਦੇ ਧੂੰ ਨਾਲ ਅੱਖਾਂ ਅੰਨੀਆਂ ਹੋ ਜਾਂਦੀਆਂ ਹਨ ______ ਹਰ ਥਾਂ ਤੇ ਮੇਲਾ ਪਿਆ ਹੈ, ਜੋ ਸਾਧ ਬਾਗ ਵਿਚ ਰਹਿੰਦੇ ਹਨ ਅਰ ਹੋਰ ਵੀ ਆਇਆ ਗਿਆ ਉਥੇ ਜਾ ਹਗਦੇ ਹਨ ।"

(ਪੰਜਾਬ 1 ਮਈ 1906)

(ਖ)
<u>ਬਾਣੀ ਦੇ ਟੀਕੇ</u>

ਭਾਵ ਪ੍ਰਕਾਸ਼ਨੀ ਟੀਕੇ (ਜਪੁਜੀ, ਸਹਸ ਕ੍ਰਿਤੀ ਸਲੋਕ, ਸ੍ਰੀ ਰਾਗ ਕੀ ਵਾਰ, ਅਨੰਦ, ਵਾਰ ਮਾਝ ਆਦਿ ਦੇ (ਖ.ਟੈ.ਸ.ਅ. ਵਲੋਂ ਛਪੇ), 'ਗੁੰਥੀ' ਦੇ ਕਈ ਨੰਬਰ । ਜਿਵੇਂ :-

ਮ:੧

ਜਾ ਤੂੰ ਵਡਾ ਸਭਿ ਵਡਿਆਈਆ ਚੰਗੈ ਚੰਗਾ ਹੋਈ ।
ਜਾ ਤੂੰ ਸਚਾ ਤਾਂ ਸਭ ਕੋ ਸਚਾ ਕੂੜਾ ਕੋਇ ਨ ਕੋਈ ।
ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ ।
ਹੁਕਮੁ ਸਾਜਿ ਹੁਕਮੈ ਵਿਚ ਰਖੈ ਨਾਨਕ ਸਚਾ ਆਪ ॥2 ॥

ਅਰਥ- ਜਦ ਤੂੰ (ਹੇ ਵਾਹਗੁਰੂ) ਵਡਾ ਹੈਂ ਤਾਂ ਸਭ ਤੇਰੀਆਂ ਵਡਿਆਈਆਂ ਹਨ। ਤੂ (ਜਦ ਸੰਪੂਰਨ) ਚੰਗਾ ਹੈਂ, ( ਜਾਂ ਤੇ ਚੰਗੇ) ਤੋਂ ਸਦਾ ਚੰਗਿਆਈ ਹੀ ਹੁੰਦੀ ਹੈ । ਜੇ ਤੂੰ ਸਚਾ ਹੈਂ ਤਾਂ (ਤੇਰਾ) ਸਭ ਕੁਝ ਸਚਾ ਹੈ, ਝੂਠਾ (ਸ੍ਵੈ ਇਸਥਿਤ) ਕੋਈ (ਪਦਾਰਥ) ਨਹੀਂ ਹੈ, ਇਸ ਕਰਕੇ ਅਸਤ ਦਾ ਅਪਨਾ (ਵਜੂਦ) ਨਹੀਂ ਹੈ, (ਹਾਂ ਏਹ ਜੋ ਆਖਣਾ, ਵੇਖਣਾ, ਬੋਲਣਾ, ਚਲਣਾ, ਜੀਵਣਾ, ਮਰਣਾ (ਆਦਿ ਅਸਤ ਦਸ਼ਾ ਹਨ, ਏਹ ਸਭ) ਮਾਯਾ ਹਨ, ਸਚ ( ਸ੍ਵੈ ਇਸਥਿਤ) ਹਨ ਤਾਂ ਨਿਰਾ ਤੂੰ ਆਪ ਹੈਂ, ਹੁਕਮ ਨਾਲ ਸਾਜਦਾ ਤੇ ਇਸਨੂੰ ਹੁਕਮ ਵਿਚ ਰਖਦਾ ਹੈ (ਤੂੰ )

ਭਾਵ- ਇਸ ਵਿਚ ਗੁਰੂ ਜੀ ਸੱਤ ਅਸੱਤ ਪਦਾਰਥਾਂ ਦੇ ਕਥਨ ਕਰਦੇ ਹਨ, ਕਿ ਸਤ ਤਾਂ ਕੇਵਲ ਤੂ ਹੈਂ, ਅਰ ਅਸੱਤ ਦਾ ਅਪਨਾ ਕੋਈ ਵਜੂਦ ਨਹੀਂ ਉਹ ਤਾਂ ਕੇਵਲ

ਮਾਯਾ ਹੈ ਅਰਥਾਤ ਇਕ ਬਦਲਦੀ ਰਹਣ ਵਾਲੀ ਦਸ਼ਾ ਹੈ,ਜਿਸਦਾ ਅਪਨਾ ਅਸੱਤ ਵਜੂਦ ਕੋਈ ਨਹੀਂ ਹੈ,ਇਸ ਲਈ ਸਚ ਤੂੰ ਹੈਂ,ਵਡਾ ਤੂ ਹੈਂ,ਵਡਿਆਈ ਤੇਰੀ ਹੈ,ਇਸ ਤੇ ਅਸਕਤ ਜੋ ਕੁਛ ਹੈ ਉਹ ਮਾਯਾ ਹੈ ,ਉਸਦਾ ਆਪਨਾ ਵਜੂਦ ਕੋਈ ਨਹੀਂ,ਤੂੰ ਸਾਜੀ ਹੋਈ ਸਾਰੀ ਨੂੰ ਜਿਕੁਰ ਤੈਨੂੰ ਭਾਉਂਦਾ ਹੈ ਆਪਨੇ ਹੁਕਮ ਵਿਚ ਰਖਦਾ ਹੈ ਹੁਕਮ ਵਿਚ ਬਨਾਉਂਦਾ ਹੈਂ ਤਾਂਤੇ ਕਰਮ ਕਰਨ ਤੇ ਘਾਬਰਨ ਦੀ ਥਾਂ ਨਹੀਂ ਤੂੰ ਧੰਨਯ ਅਰ ਪ੍ਰੇਮ ਵਸਤੂ ਜਾਨਣ ਯੋਗ ਹੈਂ ॥"
(ਵਾਰ ਮਾਝ) (ਟ੍ਰੈਕਟ ਨੰ: 305 ਖ.ਟ੍ਰੈ.ਸ.ਅ.)

ਸਮਾਜ ਸੁਧਾਰ

(ੳ) ਜ਼ਾਤ ਪਾਤ,ਸ਼ਰਾਬ,ਮੁਕਦਮੇਬਾਜ਼ੀ,ਤਮਾਕੂ

ਹੁਕੇ ਦੀ ਵਿਚਾਰ (ਟ੍ਰੈਕਟ),ਜੂਏ ਬਾਜ਼,ਬਿਖੂਜਾ ਨਿਖੇਧਨ ਚਾਰ ਗੱਲਾਂ ਆਦਿ (ਖ. ਟ੍ਰੈ. ਸ. ਅ),ਪੰਥ,ਖਾਲਸਾ ਅਖਬਾਰ,ਖਾਲਸਾ ਸਮਾਚਾਰ,ਦਿੱਤ ਸਿੰਘ ਮੈਗਜ਼ੀਨ ਦੇ ਐਡੀਟੋਰੀਅਲ;ਕੌੜੀਆਂ ਦੀ ਖੇਡ,ਤੋਤਾ ਸ਼ੇਰ,ਇਹ ਢੰਡੋਰਾ,ਲਾ ਰਗੜਾ,ਗੁਰੂ ਦਿਆਂ ਬੇਟਿਆ (ਹੈਂਡ ਬਿਲ) :-

" ਸ੍ਰੀ ਤਖਤ ਅਕਾਲ ਬੁੰਗਾ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਵਡੇ ਮਹੰਤ
ਭਾਈ ਤੇਜਾ ਸਿੰਘ ਜੀ ਦੀ ਰੈਹਤੀਆਂ ਬਾਬਤ ਰਾਏ :-

ਨਕਲ ਚਿਠੀ

੧ੴ ਸਤਿਗੁਰ ਪ੍ਰਸਾਦਿ ॥

ਸ੍ਰੀ ਮਾਨ ਗੁਰਮਤਿ ਬਿਰਾਦਰੀ ਸ੍ਰੀ ਅੰਮ੍ਰਿਤਸਰ ਜੀ ਦੇ ਸੈਕ੍ਰੇਟਰੀ ਜੋਗ ਵਿਦਤ ਹੋਵੈ ਕਿ ਪਤ੍ਰਕਾ ਆਪ ਦੀ ਕਈ ਕੁ ਗੁਰਮੁਖੀ ਅਖਬਾਰਾਂ ਅਤੇ ਰਸਾਲਿਆਂ ਵਿਚ ਛਪੀ ਹੋਈ ਦੇਖ ਕਰ ਬੀਚਾਰੀ ਗਈ ।ਆਪ ਦੀ ਬ੍ਰਿਾਦਰੀ ਨੇ ਬਡਾ ਹੀ ਉਪਕਾਰ ਦਾ ਕਾਰਜ ਅਰੰਭਿਆ ਹੈ,ਜੋ ਆਰੀਆ ਸਮਾਜੀਆਂ ਦੇ ਪੰਜੇ ਵਿਚੋਂ ਆਪਣੇ ਰੈਹਤੀਆਂ ਸਿਖਾਂ ਭਰਾਵਾਂ ਨੂੰ ਬਚਾਇਆ

ਜਾਵੇ ।ਜੇਕਰ ਪਿਛਲੀਆਂ ਸ਼ਹੀਦੀਆਂ ਦੇ ਪ੍ਰਮਾਨ ਦੇਕਰ ਉਨ੍ਹਾਂ ਰਹਿਤੀਆਂ ਨੂੰ ਸਿਖੀ ਸਾਸਾਂ ਦੀ ਦਸ ਕੇ ਆਪਨੇ ਸਿਖ ਧਰਮ ਪਰ ਦ੍ਰਿੜ ਕਰ ਸਕੇ ਜਿਸ ਤੋਂ ਉਹ ਸਿਖੀ ਸਿਦਕ ਤੋਂ ਡੋਲਾਇਆ ਮਨ ਨਾ ਹੋ ਸਕਣ ਤਦ ਇਸ ਜੇਸਾ ਉਪਕਾਰ ਹੀ ਸੰਸਾਰ ਪਰ ਹੋਰ ਕੋਈ ਨਹੀਂ। ਪਰ ਇਸ ਗਲ ਨੂੰ ਛਡ ਕੇ ਉਨ੍ਹਾਂ ਦੇ ਅਭੇਦ ਕਰਨ ਦੀ ਬਾਬਤ ਜੋ ਆਪ ਨੇ ਅਖਬਾਰ ਦਵਾਰੇ ਪੁਛ ਪੁਛੀ ਹੈ ਉਹ ਆਪ ਦੀ ਪੁਛ ਅਧਿਕ ਬਿਚਾਰ ਜੋਗ ਹੈ।ਜਿਸ ਪਰ ਦੋ ਪ੍ਰਕਾਰ ਦੀ ਅਭੇਦਤਾ ਪਰ ਬਿਚਾਰ ਹੋ ਸਕਦਾ ਹੈ ।

ਪ੍ਰਿਥਮੇ ਜੇਕਰ ਗੁਰਸਿਖੀ ਦੇ ਭਾਵ ਵਿਚ ਗੁਰਮਤ ਦੀ ਸੰਗਤ ਵਿਚ ਅਭੇਦ ਕਰਨੇ ਪਰ ਆਪ ਦੀ ਪੁਛ ਹੈ ਤਾਂ ਇਸ ਪੁਛ ਦੇ ਪੁਛਣ ਦੀ ਲੋੜ ਨਹੀਂ ਪ੍ਰਤੀਤ ਹੁੰਦੀ ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਹੈ 'ਤਿਹ ਤੇ ਉਤਮ ਗਨਉ ਚੰਡਾਲਾ ।ਨਾਨਕ ਜਿਹ ਮਨ ਬਸੈ ਗੁਪਾਲਾ ॥" ਜੋ ਲੋਕ ਉਚੀਆਂ ਕੁਲਾਂ ਦੇ ਅਭਿਮਾਨੀ ਤਾਂਬੇ ਪਿਤਲ ਦੀਆਂ ਗਾਗਰਾਂ ਵਤ ਹੋ ਕੇ ਗੁਰਮਤ ਤੋਂ ਖਾਲੀ ਹਨ ਤਾਂ ਉਨ੍ਹਾਂ ਤੋਂ ਰੈਹਤੀਏ ਆਦਿਕ ਜੋ ਕੀਚ ਕੁਪੇ ਦੇ ਬਰਤਨਾਂ ਤੁਲ ਸਮਝੇ ਗਏ ਹਨ,ਗੁਰਮਤ ਰੂਪੀ ਘਿਉ ਨਾਲ ਭਰੇ ਹਨ ਤਾਂ ਚੰਗੇ ਹਨ।ਗੁਰੂ ਸਾਹਿਬ ਜੀ ਦੇ ਹਜ਼ੂਰ ਭਾਂਡੇ ਪਰ ਵੀਚਾਰ ਨਹੀਂ ਹੋਵੇਗਾ 'ਜਾਤ ਰਾਮ ਨਾ ਰੀਝੈ॥ ਭਗਤ ਕਰੈ ਸੋ ਸੀਝੈ' ਭਾਂਡੇ ਵਿਚ ਵਸਤ ਪਾਈ ਦਾ ਵੀਚਾਰ ਹੋਵੇਗਾ ।"

(ਪੰਥ ੧ ਜੁਲਾਈ 1907 )

(ਅ) <u>ਬਾਲ ਵਿਆਹ,ਵਿਧਵਾ ਵਿਆਹ,ਗਹਿਣੇ,ਦਾਜ,ਇਸਤਰੀ ਵਿਦਿਆ,ਇਸਤਰੀ ਉਧਾਰ</u>

ਹਾਇ ਗਹਿਣੇ,ਲੁਟੇ ਗਏ ਪੁਟੇ ਗਏ (ਹੈਂਡਬਿਲ),ਬਾਲ ਵਿਆਹ ਦੇ ਦੁਖੜੇ, ਵਿਧਵਾ ਵਿਲਾਪ,ਤਿੰਨ ਕੁੰਜੀਆਂ,ਸਿਘਣੀ ਪ੍ਰਬੋਧ,ਨਿਸੰਗ ਕੌਰ,ਹਾਇ ਮੇਰਾ ਨੱਕ ਨਹੀਂ ਰਹਿੰਦਾ,ਅਜ ਤੇ ਮੰਗਲਵਾਰ ਹੈ,ਗਰੀਬ ਕੌਰ,ਸੁਸ਼ੀਲਾ,ਆਤਮ ਘਾਤ,ਕੁਲਹਿਣੀ ਦਿਉਰਾਣੀ, ਮਾਵਾਂ ਲਈ ਸੁਭ ਮੱਤਾਂ,ਮਾਵਾਂ ਲਈ ਪ੍ਰਸ਼ਨੋਤਰੀ ਦਾਜ,ਸਿਆਪੇ ਦਾ ਸਿਆਪਾ,ਇਸਤ੍ਰੀ ਦੁਖ ਦਰਸ਼ੀ,(ਖ.ਟੈ. ਸ.ਅ),ਭੁਜੰਗਣ ਪੌਤ੍ਰ ਪੰਜਾਬ,ਆਦਿ ਵਿਚ ਕਈ ਲੇਖ :-

੧ਓ ਸਤਿਗੁਰ ਪ੍ਰਸਾਦਿ ॥

ਹਾਇ । ਗਹਿਣੇ ॥

ਧਨਵੰਤ ਕੌਰ (ਮੁੰਡੇ ਦੀ ਮਾਂ) -ਨੀਂ ਲਾਡੋ । ਨੀਂ ਲਾਡੋ । ਦੇਖ ਨੀ ਕਾਕੇ ਨੂੰ ਕਿੰਨਾ ਚਿਰ ਹੋ ਗਿਆ ਹੈ ਕਿੱਥੇ ਹੈ ?

ਲਾਡੋ (ਨੌਕਰਾਣੀ)- ਬੇਬੇ ਜੀ ਹੀਰਾ ਲਾਲ ਹੁਣੇ ਐਥੇ ਗਲੀ ਵਿੱਚ ਖੇਡਦਾ ਪਿਆ ਸੀ ਮੈਂ ਬਾਹਰ ਦੇਖਦੀ ਹਾਂ ।

ਧਨਵੰਤ ਕੌਰ- ਜਾਹ ਕੁੜੇ ਛੇਤੀ ਦੇਖ ਕਿਤੇ ਬਜਾਰ ਨੂੰ ਨਾਂ ਨਿਕਲ ਜਾਵੇ ਗਹਿਣਾ ਸਾਰਾ ਪਿਆ ਹੋਇਆ ਸੂ । ਏਤਨਾ ਸੁਣਦੇ ਹੀ ਲਾਡੋ ਛੇਤੀ ਛੇਤੀ ਬਾਹਰ ਬਜਾਰ ਵਲ ਗਈ, ਬੀਬੀ ਵੀਰਾਂ ਵਾਲੀ ਲੜਕੇ ਦੀ ਵੱਡੀ ਭੈਣ) ਭਰਾ ਨੂੰ ਗਲੀ ਵਿਚ ਦੇਖਣ ਨਿਕਲੀ, ਧਨਵੰਤਕੌਰ ਆਪ ਭੀ ਘਾਬਰੀ ਘਾਬਰੀ ਆਂਢ ਦੇਖ ਗਵਾਂਢ ਦੇਖ ਪਰ ਘਬਰਾਹਟ ਵਧਦੀ ਗਈ। ਜਿਧਰ ਕੋਈ ਗਿਆ ਓਧਰੋਂ ਹੀ ਨਿਰਾਸ ਹੋਕੇ ਆਇਆ । ਤੂੰ ਸੁਣ ਮੈਂ ਸੁਣ ਸਾਰੇ ਦਰਦੀ ਆ ਇਕੱਠੇ ਹੋਏ, ਚੌਹੀਂ ਪਾਸੀਂ ਨਠ ਭਜ ਕਰਦੇ ਰਾਤ ਦੇ 10 ਬਜ ਗਏ ਬੱਚੇ ਦਾ ਕਿਤੇ ਪਤਾ ਨਾਂ ਲੱਗਾ, ਚਾਰ ਸਾਲ ਦਾ ਬੱਚਾ, ਮਾਤਾ ਪਿਤਾ ਦਾ ਬੁਢੇਪੇ ਦਾ ਫਲ, ਜਿਉਂ ਜਿਉਂ ਚਿਰ ਪੈਂਦਾ ਜਾਵੇ ਮਾਈ ਦੇ ਹਵਾਸ ਗੁੰਮ ਹੁੰਦੇ ਜਾਣ । ਹੀਰਾ ਲਾਲ ਦਾ ਪਿਤਾ ਐਂਜ ਹੀ ਸਵੇਰੇ ਲਾਹੋਰੋਂ ਇਕ ਕੰਮ ਵਾਸਤੇ ਅੰਮ੍ਰਿਤਸਰ ਗਿਆ ਸੀ ਉਸਨੂੰ ਤਾਰ ਦਿਤੀ ਗਈ, ਤਾਰ ਮਿਲਦੇ ਹੀ ਓਹ ਵਿਚਾਰਾ ਭੀ ਅੱਤ ਉਦਾਸੀ ਦੇ ਘੁੰਮਣ ਘੇਰ ਵਿੱਚ ਪੈ ਗਿਆ, ਕਰਮਾਂ ਦੀ ਮਾਰ ਰਾਤੀਂ ਕੋਈ ਗੱਡੀ ਭੀ ਲਾਹੌਰ ਵੱਲ ਨਹੀਂ ਤੁਰਦੀ ਸੀ, ਵਿਚਾਰੇ ਨੇ ਬ੍ਰਿਧ ਅਵਸਥਾ ਵਿਚ ਬੱਚੇ ਦਾ ਮੂੰਹ ਦੇਖਿਆ ਸੀ ਬਿਲਛ ਬਿਲਛ ਕੇ ਰਾਤ ਕੱਟੀ ਸਵੇਰੇ ਚਾਰ ਬਜੇ ਦੀ ਗੱਡੀ ਚੜਕੇ ਲਾਹੌਰ ਪੌਹਚਿਆ ਘਰ ਪੌਹਚਕੇ ਇਹੋ ਹੀ ਪਤਾ ਮਿਲਿਆ ਕਿ ਅਜੇ ਤਕ ਬੱਚੇ ਦੀ ਕੋਈ ਸੂਹ ਨਹੀਂ ਨਿਕਲੀ, ਵਿਚਾਰਾ ਘਾਬਰਿਆ ਹੋਇਆ ਥਾਣੇ ਖਬਰ ਕਰਨ ਲਈ ਘਰੋਂ ਨਿਕਲਿਆ, ਬਜ਼ਾਰ ਵਿਚ ਔਂਦਿਆਂ ਕੀ ਦੇਖਦਾ ਹੈ ਕਿ ਇਕ ਸਰਕਾਰੀ ਢੰਡੋਰਾ ਪਿਟ ਰਿਹਾ ਹੈ ।

ਇਧਰ ਲੁਹਾਰੀ ਦਰਵਾਜ਼ੇ ਦੇ ਅੰਦਰ ਸੁਚੇਤ ਸਿੰਘ ਸਾਰਜੰਟ ਟੇਹਲ ਰਿਹਾ ਸੀ ਉਸਨੂੰ ਭੋਲਾ ਸਿੰਘ ਮਿਲਿਆ ਸੀ ਤੇ ਓਹ ਰਾਤ ਹੀ ਆਖ ਗਿਆ ਸੀ ਕਿ ਪਾਸ ਦੀ ਗਲੀ

ਵਿਚ ਇਕ ਮਸੂਮ ਬੱਚਾ ਸੋਨੇ ਦਾ ਲਦਿਆ ਹੋਇਆ ਖੇਡ ਰਿਹਾ ਸੀ,ਤਾਂ ਫਲਾਣਾ ਰਾਮ ਦੀਨ ਉਸਨੂੰ ਲੱਡੂ ਦਿਖਾਕੇ ਪਿਆਰ ਕਰ ਰਿਹਾ ਸੀ ਪਤਾ ਨਹੀਂ ਕਿ ਓਸ ਬੱਚੇ ਦੇ ਮਾਪੇ ਉਸਦੇ ਜਾਣੂ ਹੀ ਹੋਣ ।ਪਰ ਰਾਮ ਦੀਨ ਦੇ ਚਾਲੇ (ਸਦਾ ਲਟੋਰ ਫਿਰਨਾ),ਬਾਸ਼ੇ ਬਣੇਂ ਰਹਿਣਾ, ਜੂਆ ,ਸ਼ਰਾਬ ਆਦਿ ਵਿਚ ਰਹਿਣ ਦੇ)ਠੀਕ ਨਹੀਂ ਹਨ ਏਸ ਵਾਸਤੇ ਸ਼ੱਕ ਪੈਂਦਾ ਹੈ ਤੁਸੀ ਪਤਾ ਕੱਢਣਾ,ਔਰੇ ਪੁਲਸ ਦਾ ਸ਼ੌਕ ਬਹਾਦਰੀ ਦੀ ਹਰ ਇਕ ਨੂੰ ਚਾਹ ਹੈ ਏਹ ਭਿਣਕ ਪੈਂਦੇ ਹੀ ਸੁਚੇਤ ਸਿੰਘ ਨੇ ਇਕ ਆਪਣੇ ਮਾਤਹਤ ਸਿਪਾਹੀ ਨੂੰ ਪਤਾ ਕੱਢਣ ਵਾਸਤੇ ਥਾਪਿਆ ਪਰ ਰਾਮਦੀਨ ਦਾ ਕੋਈ ਪਤਾ ਨਾਂ ਲੱਗਾ ।ਅੰਤ ਰਾਤ ਦੇ ਦਸ ਕੁ ਬਜੇ ਰਾਮ ਦੀਨ ਦੇ ਘਰੋਂ ਪਤਾ ਲੱਗਾ ਕਿ ਓਹ ਘਰ ਹੀ ਹੈ,ਮਾਂ ਪੁੱਤ ਝਗੜ ਰਹੇ ਹਨ,ਸਿਪਾਹੀ ਨੇ ਕੰਨ ਲਾਕੇ ਗੱਲਾਂ ਸੁਣੀਆਂ ਤਾਂ ਉਸ ਮਾਈ ਦੀਆਂ ਦੁਖ ਭਰੀਆਂ ਗਲਾਂ ਇਹ ਸੁਣੀਆਂ ' ਬੱਚਾ ਏਹ ਗਹਿਣਾ ਤੂੰ ਕਿਤੋਂ ਚੁਰਾ ਤਾਂ ਨਹੀਂ ਲਿਆਇਆ,ਤੇਰੇ ਏਹ ਚਾਲੇ ਚੰਗੇ ਨਹੀਂ ਹਨ,ਮੇਰੇ ਖੋਟੇ ਭਾਗ । ਮੇਰੇ ਬਾਕੀ ਦੋਵੇਂ ਕਾਲਜੇ ਦੇ ਟੋਟੇ ਸਰਵਣ ਪੁਤ੍ਰ ਭੈੜੀ ਪਲੇਗ ਨੇ ਖਾ ਲਏ ਮੈਂ ਬੁਢੇਪੇ ਵਾਰੇ ਰੰਡੀ ਤੀਵੀਂ ਤੇਰੀ ਅਰਥਣ ਬਣੀਂ,ਬੱਚਾ ਮੈਂ ਮੰਗਕੇ ਖਾ ਲਵਾਂਗੀ,ਪਰ ਤੇਰੀ ਪਾਪ ਦੀ ਕਮਾਈ ਨਹੀਂ ਖਾਵਾਂਗੀ,ਤੂੰ ਤਾਂ ਕਿਸੇ ਦਿਨ ਮੈਨੂੰ ਭੀ ਬੰਨ੍ਹਾਂ ਦੇਵੇਂਗਾ ,ਰੱਬ ਨੇ ਮੇਰੇ ਨਾਲ ਕਹਿਰ ਕੀਤਾ ਹੈ ਮੇਰੇ ਜੋਗੀ ਕੋਈ ਹੋਰ ਥਾਂ ਵੀ ਨਹੀਂ ਛੱਡੀ ਜਿਥੇ ਮੈਂ ਚਾਰ ਦਿਨ ਸਿਰ ਲੁਕਾਕੇ ਕੱਟ ਲਵਾਂ ।ਤੂੰ ਭਲਾ ਲੋਕ ਹੈਂ ਤਾਂ ਏਸ ਬਲਾ(ਗਹਿਣੇ) ਨੂੰ ਜਿਧਰੋਂ ਲਿਆਂਦਿਆਂ ਹੈਂ ਓਧਰੇ ਹੀ ਲੈ ਜਾਹ,ਨਹੀਂ ਤੇ ਮੈਂ ਹੁਣੇ ਬਾਹਰ ਨਿਕਲਕੇ ਰੌਲਾ ਪਾ ਦੇਵਾਂਗੀ' ਇਹ ਸੁਣਕੇ ਰਾਮਦੀਨ ਕੁਛ ਡਰਿਆ ਕੁਛ ਮਾਂ ਨੂੰ ਧਮਕਾਇਆ ।ਸਿਪਾਹੀ ਏਹ ਗੱਲਾਂ ਸੁਣਦਾ ਹੀ ਪਿਛਲੇ ਪੈਰੀਂ ਦੌੜਿਆ ।ਆਪਣੇ ਹਵਾਲਦਾਰ ਨੂੰ ਮਿਲਕੇ ਸਾਰੀ ਗੱਲ ਸੁਣਾਈ ਓਹ ਭੀ ਉਸੇ ਵੇਲੇ ਉਠਕੇ ਕੁਤਵਾਲੀ ਪਹੁੰਚ ਰਪਟ ਲਿਖਾਕੇ ਦੋ ਸਿਪਾਹੀ ਨਾਲ ਲੈਕੇ ਰਾਮਦੀਨ ਦੇ ਘਰ ਪਹੁੰਚਦੇ ਹੀ ਦੇਖਿਆ ਕਿ ਬੁਢੀ ਮਾਈ ਮਾਰ ਦੀ ਭੰਨੀ ਹੋਈ ਵਿਲਕ ਵਿਲਕ ਰਹੀ ਹੈ ਤੇ ਰਾਮ ਦੀਨ ਘਰ ਨਹੀਂ ਹੈ ਪਤਾ ਲੈਕੇ ਇਕ ਸਿਪਾਹੀ ਉਸਦੇ ਪਾਸ ਖੜਾ ਕਰਕੇ ਬਾਕੀ ਸਿਪਾਹੀ ਅੱਡ ਅੱਡ ਪਾਸੀਂ ਭੇਜਕੇ ਆਪ ਹਵਾਲਦਾਰ ਸੁਚੇਤ ਸਿੰਘ,ਇਕ ਸਰਾਫ ਦੇ ਮਕਾਨ ਵਲ ਤੁਰਿਆ (ਜਿਸਤੇ ਪਹਿਲੇ ਠੱਗਾਂ ਚੋਰਾਂ ਦਾ ਮਾਲ ਲੈਣ ਦੇ ਕਈ ਮੁਕੱਦਮੇ ਬਣ ਚੁਕੇ ਸਨ) ਥੋੜੀ ਦੂਰ ਜਾਣ ਤੇ ਰਸਤੇ ਵਿਚ ਰਾਮ ਦੀਨ ਮਿਲ ਪਿਆ ਤੇ ਉਸਨੇ ਉਸਨੂੰ ਉਥੇ ਹੀ ਕਾਬੂ ਕੀਤਾ। ਰਾਮਦੀਨ ਦੀ ਹੋਸ਼ ਉਡ ਗਈ ਸਰੀਰ ਕੰਬਨ ਲਗ ਗਿਆ,ਅਤੇ ਦੀਨ ਹੋਕੇ ਸੁਚੇਤ ਸਿੰਘ ਜੀ ਦੇ ਪੈਰਾਂ ਤੇ ਢਹਿ ਪਿਆ ਤੇ ਉਸਦੀ ਜੁੱਤੀ ਤੇ ਦੋ ਸੌ ਰੁਪਏ ਦੀ ਗੰਢ ਰਖ ਦਿੱਤੀ, ਪਰ ਓਹ ਮਤਬਲ ਸਿਧ ਨਾ ਹੋਇਆ ਏਸ ਹਵਾਲਦਾਰ ਦੀ ਬਾਬਤ ਸਾਰੇ ਪਤਾ ਲੱਗ ਚੁੱਕਾ ਸੀ ਕਿ ਏਸ ਵਾਸਤੇ ਅਪਣੀ ਤਨਖਾਹ ਤੇ ਇਨਾਮ ਹੀ ਹਕ ਹੈ ਹੋਰ ਕਿਸੇ ਤਰ੍ਹਾਂ ਦਾ ਭੀ

ਪੈਸਾ ਹੋਵੇ ਇਸ ਵਾਸਤੇ ਵਿਖ ਤੋਂ ਭੀ ਵਧ ਹੈ । ਰਾਮਦੀਨ ਜੀ ਸਣੇ ਰੁਪਏ ਥਾਣੇ ਪਹੁੰਚੇ ਉਧਰੋਂ ਇਕ ਸਿਪਾਹੀ ਕਿਲੇ ਵਲੋਂ ਇਕ ਮਸੂਮ ਬੱਚੇ ਦੀ ਲੋਥ ਲੈ ਕੇ ਥਾਣੇ ਪੁਜਾ ਬੱਚੇ ਦੇ ਕੰਨ ਪਾਟੇ ਹੋਏ,ਹਥ ਛਿਲਕੇ ਲਹੂ ਲੁਹਾਣ ਹੋਏ ਹੋਏ ਤੇ ਗਿੱਚੀ ਦੀ ਸ਼ਾਹਰਗ ਉਸਤਰੇ ਨਾਲ ਤਾਜ਼ੀ ਹੀ ਕੱਟੀ ਹੋਈ ਪ੍ਰਤੀਤ ਹੁੰਦੀ ਸੀ ।ਏਧਰ ਰਾਮ ਦੀਨ ਦੇ ਕੱਪੜੇ ਭੀ ਅਜੇ ਲਹੂ ਨਾਲ ਭਰੇ ਹੋਏ ਸਨ ਵਿਚਾਰੇ ਨੂੰ ਸਮਾਂ ਹੀ ਬਦਲਨ ਦਾ ਨਹੀਂ ਮਿਲਿਆ ਸੀ ।ਮਸੂਮ ਬੱਚੇ ਦੀ ਵੱਢੀ ਹੋਈ ਲੋਥ ਦੇਖਕੇ ਸਭ ਨੂੰ ਰੋਹ ਚੜ੍ਹ ਗਿਆ ਅਰ ਪੂਰਾ ਸ਼ੱਕ ਹੋ ਗਿਆ ਕਿ ਏਹ ਬੇਦਰਦ ਦੁਸ਼ਟ ਰਾਮ ਦੀਨ ਦਾ ਹੀ ਕਾਰਾ ਹੈ ।ਇਕ ਕੋਠੜੀ ਵਿਚ ਰਾਮ ਦੀਨ ਨੂੰ ਦੇਕੇ ਚਾਰ ਸਿਪਾਹੀ ਉਸਦੀ ਖ਼ਾਤਰ ਵਾਸਤੇ ਭੇਜੇ ਗਏ ਘੰਟੇ ਕੁ ਦੇ ਬਾਦ ਹੀ ਰਾਮਦੀਨ ਬਕ ਪਿਆ ਤੇ ਉਸਨੇ ਸਾਰਾ ਹਾਲ ਸਚ ਸਚ ਕਹ ਸੁਣਾਇਆ ।ਇਸੇ ਵੇਲੇ ਸਿਪਾਹੀ ਤੇ ਇੰਨਸਪੇਕਟਰ ਸਾਹਿਬ ਉਸ ਨਾਮੀ ਸਰਾਫ਼ ਦੇ ਘਰ ਪਹੁੰਚੇ ਜਾਕੇ ਕੀ ਦੇਖਿਆ ਕਿ ਲਾਲਾ ਜੀ ਕੁਠਾਲੀ ਵਿਚ ਕੁਝ ਜ਼ੇਵਰ ਗਲਾ ਰਹੇ ਹਨ ਅਰ ਕੁਝ ਕੜਿਆਂ ਦੀ ਜੋੜੀ ਤੇ ਚੂੰਚੀਰੀ ਆਦਿ ਅਜੇ ਪਾਸ ਹੀ ਪਏ ਹਨ,ਬਸ ਇਸੇ ਹਾਲਤ ਵਿਚ ਹੀ ਆਪ ਭੀ ਹਥ ਕੜੀ ਲਗਕੇ ਥਾਣੇ ਪੁਜੇ ਤੇ ਘਰ ਨੂੰ ਸਰਕਾਰੀ ਜੰਦਰੇ ਵਜਕੇ ਟੱਬਰ ਬਾਹਰ ਕੀਤਾ ਗਿਆ ।ਏਸ ਸਾਰੀ ਕਾਰ ਗੁਜ਼ਾਰੀ ਵਿਚ ਦਿਨ ਹੋ ਗਿਆ ਤੇ 7 ਕੁ ਬਜੇ ਸਨ ਜਦ ਲਾਲਾ ਮਾਯਾ ਰਾਮ ਕੁਤਵਾਲੀ ਚਲਿਆ ਸੀ ਤੇ ਰਸਤੇ ਵਿਚ ਹੀ ਢੰਡੋਰਾ ਸੁਣਿਆ ਕਿ:' ਇਕ ਬੱਚਾ ਉਮਰ ਚਾਰ ਕੁ ਸਾਲ ਦਾ ਰੰਗ ਗੋਰਾ ਉਸਦੀ ਵੱਢੀ ਹੋਈ ਲੋਥ ਥਾਣੇ ਸਿਵਾਣਨ ਲਈ ਪਈ ਹੈ ਜਿਸਨੂੰ ਸ਼ੱਕ ਹੋਵੇ ਥਾਣੇ ਆਵੇ ਇਹ ਸੁਣਦੇ ਹੀ ਮਾਯਾ ਰਾਮ ਦੀ ਬਾਕੀ ਹੋਸ਼ ਭੀ ਉਡੱ ਗਈ ਰੋਂਦਾ ਕੁਰਲਾਂਦਾ ਘਰ ਗਿਆ ਟੱਬਰ ਸਾਰਾ ਨਾਲ ਲੈ ਕੇ ਛੇਤੀ ਛੇਤੀ ਕੋਤਵਾਲੀ ਪੁਜੇ । ਪਹੁੰਚਦੇ ਹੀ ਲੜਕੇ ਦੀ ਲਾਸ਼ ਦੇਖਕੇ ਬ੍ਰਿੱਧ ਮਾਤਾ ਪਿਤਾ ਗਸ਼ ਖਾਕੇ ਡਿਗ ਪਏ ਹਾਇ! ਹਾਇ!! ਖਸਮ ਭੈਣ ਦੀ ਚਰਲਾਹਿਟ ਨੇ ਪੱਥਰ ਦਿਲਾਂ ਨੂੰ ਵੀ ਰੁਵਾ ਦਿਤਾ । ਉਸੇ ਵੇਲੇ ਉਸ ਬ੍ਰਿੱਧ ਦੰਪਤੀ ਨੂੰ ਠੰਡੇ ਪਾਣੀ ਦੇ ਛੱਟੇ ਮਾਰਕੇ ਹੋਸ਼ ਲਿਆਂਦੀ ਗਈ ਮਾਈ ਹੋਸ਼ ਕਰਦੇ ਹੀ ਉਥੇ ਹੀ ਪਿੱਟ ਪਿੱਟ ਕੇ ਨੀਲੀ ਹੋ ਗਈ । ਉਸਦਾ ਪਤੀ ਤਾਂ ਉਸੇ ਵੇਲੇ ਹੀ ਬੋਰਾ ਜਿਹਾ ਹੋ ਗਿਆ । ਏਥੇ ਹੁਣ ਅਸਾਡੀ ਭੀ ਉਦਾਸੀ ਤੇ ਭਰੇ ਨੇਤ੍ਰਾਂ ਦੇ ਕਾਰਨ ਲੇਖਨੀ ਅੱਗੇ ਨਹੀਂ ਚਲਦੀ ਤੇ ਨਾ ਹੀ ਰਾਮਦੀਨ ਤੇ ਸਰਾਫ਼ ਦੀ ਸਜ਼ਾ,ਬਾਕੀ ਟੱਬਰ ਦਾ ਵਿਰਲਾਪ ਦੱਸਕੇ ਪਾਠਕਾਂ ਤੇ ਸ੍ਰੋਤਿਆਂ ਨੂੰ ਹੋਰ ਉਦਾਸ ਕਰਨ ਦੀ ਲੋੜ ਪ੍ਰਤੀਤ ਹੁੰਦੀ ਹੈ ਕੇਵਲ ਓਨਾਂ ਦੁਸ਼ਮਨ ਮਾਤਾ ਪਿਤਾਵਾਂ ਵਾਸਤੇ ਜੋ ਬਾਲਾਂ ਨੂੰ ਗਹਿਣੇ ਪਾ ਪਾਕੇ ਫੁੱਲ ਦੇ ਤੇ ਲਾਡ ਕਰਦੇ ਹਨ,ਉਸ ਮਸੂਮ ਬੱਚੇ ਦੀ ਮਾਤਾ ਦੇ ਵਿਰਲਾਪ ਦਾ ਕੁਝ ਹਿੱਸਾ ਜੋ ਸਾਨੂੰ ਯਾਦ ਰਿਹਾ ਹੈ ਪ੍ਰਕਾਸ਼ਤ ਕਰਦੇ ਹਾਂ:-

ਦੇਖੋ ਭੁੱਲ ਨਾਂ ਲਾਲਾਂ ਨੂੰ ਪਾਇਓ ਗਹਿਣੇਂ ਏਹ ਲਾਡ ਕਰਦਾ ਅੰਤ ਹਾਲ ਮੰਦਾ।
ਕੂਕਾਂ ਕੂਕਦੀ ਪਾਂਵਦੀ ਵੈਣ ਫਿਰਦੀ ਮੇਰੇ ਲਾਲ ਕੀਤਾ ਗਹਿਣੇਂ ਹਾਲ ਮੰਦਾ ॥"

(ਹੈਂਡਬਿਲ ਨੰ:15 ਜੂਨ 1909 )

" ... ਇਸ ਵਾਸਤੇ ਜਾਤ ਪਾਤ ਦੇ ਬੰਧਨ ਤੋੜਕੇ ਇਸ ਦੀ ਖੁਲ ਹੋਣੀ ਅਤੀ ਜ਼ਰੂਰੀ ਹੈ ਅਰ ਵਿਧਵਾ ਇਸਤ੍ਰੀ ਨਾਲ ਰੰਡੇ ਮਰਦ ਦਾ ਮੁੜ ਵਿਆਹੇ ਜਾਣਾ ਬਿਲਕੁਲ ਕੁਦਰਤਨ ਪ੍ਰਤੀਤ ਹੁੰਦਾ ਹੈ।ਸਾਡੇ ਸਿਖ ਪ੍ਰਚਾਰਕਾਂ ਨੂੰ ਆਪਣੇ ਵਿਖਿਆਨ ਦਾ ਇਸ ਨੂੰ ਇਕ ਅੰਗ ਬਣਾਨਾ ਚਾਹੀਦਾ ਹੈ ਅਰ ਵਿਧਵਾ ਵਿਆਹ ਦਾ ਯੋਗ ਤਰੀਕੇ ਪੁਰ ਹੋਣ ਦਾ ਪ੍ਰਚਾਰ ਕਰਨਾ ਚਾਹੀਦਾ ਹੈ ।'

(ਪੰਜਾਬ,1 ਮਈ,1906 )

<u>ਗਿਆਨ ਮਈ ਸਾਹਿਤ</u>

ਗਿਆਨ-ਮਈ ਸਾਹਿਤ ਕਵਿਤਾ ਤੇ ਵਾਰਤਕ ਦੋਹਾਂ ਰੂਪਾਂ ਵਿਚ ਲਿਖਿਆ ਗਿਆ। ਕਿਉਂਕਿ ਇਸ ਰਾਹੀਂ ਵੀ ਪਾਠਕਾਂ ਨੂੰ ਗਿਆਨ ਦੇਣਾ ਸੀ ਇਸ ਲਈ ਅਜਿਹੇ ਸਾਹਿਤ ਵਿਚ ਤਰਕ ਦਾ ਜ਼ਿਆਦਾ ਜ਼ੋਰ ਹੈ।ਕਵਿਤਾ ਵਧੇਰੇ ਕਰਕੇ ਤੁਕ-ਬੰਦੀ ਹੀ ਹੈ ਸਿਵਾਏ ਗਿਆਨੀ ਦਿੱਤ ਸਿੰਘ ਦੀ ਕਵਿਤਾ ਦੇ ਜਿਹੜੀ ਕਿ ਦੂਜਿਆਂ ਦੇ ਮੁਕਾਬਲੈ ਤੇ ਕਾਫੀ ਉਚੇ ਪੱਧਰ ਦੀ ਹੈ।ਅਜਿਹੇ ਸਾਹਿਤ ਵਿਚ ਵੀ ਵਾਰਤਕ ਨੇ ਹੀ ਵਿਕਾਸ ਕੀਤਾ ਹੈ ਜੋ ਕਿ ਗਿਆਨੀ ਦਿੱਤ ਸਿੰਘ ਤੇ ਭਾਈ ਮੋਹਨ ਸਿੰਘ ਵੈਦ ਦੀ ਵਾਰਤਕ ਦੇ ਨਮੂਨਿਆਂ ਤੋਂ ਦੇਖੀ ਜਾ ਸਕਦੀ ਹੈ ਭਾਵੇਂ ਵਿਸ਼ੇ ਵਸਤੂ ਦੇ ਨਿਭਾ ਵਜੋਂ ਵੀ ਅਜਿਹੇ ਸਾਹਿਤ ਵਿਚ ਵਧੇਰੇ ਵਿਗਿਆਨਕ ਢੰਗ ਅਪਣਾਏ ਹਨ :-

" ਹੁਣ ਜ਼ਰਾ ਅੰਮ੍ਰਿਤ ਛਕਾਉਣ ਦਾ ਢੰਗ ਭੀ ਕੰਨ ਲਗਾ ਕੇ ਸੁਣ ਲੇਵੋ ਜੋ ਕੀ ਹੈ ।ਜਿਸ ਪਰਕਾਰ ਸਰਾਇ ਵਾਲੇ ਲੋਗ ਬਹੁਤ ਸਾਰੇ ਮੰਜੇ ਬਣਾ ਛੱਡਦੇ ਹਨ ਤੇ ਜਦ ਮੁਸਾਫਰ ਆਉਂਦੇ ਹਨ ਤਦ ਓਨ੍ਹਾਂ ਤੇ ਟਕਾ ਟਕਾ ਲੈ ਕੇ ਮੰਜੀਆਂ ਦੇ ਦੇਂਦੇ ਹਨ ਅਰ ਜਦ ਰਾਤ ਕੱਟ ਕੇ ਤੁਰ ਜਾਂਦੇ ਹਨ ਤਦ ਅਪਨੀ ਮੰਜੀ ਸਾਂਭ ਕੇ ਰੱਖ ਛੱਡਦੇ ਹਨ,ਇਸੀ ਪ੍ਰਕਾਰ ਕਈ ਕੁ ਗੁਰਦੁਆਰੀਏ ਪੁਜਾਰੀ ਸਿੰਘ ਭੀ ਬਹੁਤ ਸਾਰੀਆਂ ਕੱਛਾਂ ਬਣਾ ਕੇ ਰੱਖ ਛੱਡਦੇ ਹਨ ਅਤੇ ਅੰਮ੍ਰਿਤ ਛਕਨ ਵਾਲਿਆਂ ਨੂੰ ਉਸ ਵੇਲੇ ਅਪਨੇ ਪਾਸੋਂ ਪਹਿਰਾਕੇ ਆਖਦੇ ਹਨ ਕਿ ਆਓ

ਸਿੰਘੋ ਜਹਾਜ਼ ਤਿਆਰ ਹੈ ਚੜ੍ਹੋ ।ਤਦ ਸਿੱਖਾਂ ਨੂੰ ਅੰਮ੍ਰਿਤ ਛਕਾਉਂਦੇ ਹਨ ਅਰ ਉਪਦੇਸ਼ ਕਰਦੇ ਹਨ ਕਿ ਪੰਜ ਕੱਕੇ ਧਾਰਨ ਕਰਨ ।ਜਦ ਅੰਮ੍ਰਿਤ ਛਕ ਚੁੱਕਯਾ ਅਰ ਅਪਨੀ ਅਰਦਾਸ ਦੇ ਸਵਾ ਪੰਜ ਆਨੇ ਲੈਕੇ ਖੀਸੇ ਵਿੱਚ ਪਾ ਲਏ ਤਦ ਆਖਦੇ ਹਨ ਕਿ ਬੱਸ ਕਛਿਹਰੇ ਉਤਾਰ ਕੇ ਲੰਗੋਟੇ ਕੱਸ ਕਰ ਘਰਾਂ ਨੂੰ ਨੱਸ ਜਾਓ,ਜਿਸਦਾ ਭਾਵ ਏਹ ਨਿਕਲਦਾ ਹੈ ਕਿ ਇੱਕ ਕੱਕਾ ਤਾਂ ਅਸੀਂ ਏਥੇ ਹੀ ਉਤਾਰ ਲਿਆ ਹੈ ਸੋ ਏਸੇ ਤਰ੍ਹਾਂ ਦੂਜਿਆਂ ਲਈ ਘਰ ਜਾ ਕੇ ਤੂੰ ਆਪ ਉਦਮ ਕਰ ਲੇਵੀਂ ।ਸਾਡਾ ਕੰਮ ਤਾਂ ਢੰਗ ਦੱਸਨੇ ਦਾ ਸੀ ਸੋ ਤੈਨੂੰ ਦੱਸ ਦਿਤਾ ਹੈ ।ਜੇ ਕੋਈ ਭੁੱਲ ਕੇ ਕਛਿਹਰਾ ਲੈ ਜਾਵੇ ਤਦ ਗੁੱਸੇ ਹੋ ਕੇ ਆਖਦੇ ਹਨ ਕਿ 'ਓਇ ਸਿੱਖਾ ਕੱਛ ਤਾਂ ਸਾਡੀ ਲਾਹਿਜਾ ਚਾਰ ਆਨੇ ਦੇ ਟਕੇ ਦੇ ਕੇ ਅੱਠ ਆਨੇ ਦੀ ਕੱਛ ਮਾਰ ਲੈ ਚਲਿਆਂ ਹੈਂ'*

> " ਸੱਜਨ ਜੀ । ਇਹ ਓਹ ਪ੍ਰਕਾਸ਼ ਹੈ ਜਿਸ ਤੋਂ ਚਾਨਣੇ ਨੂੰ ਚਾਨਣਾ ਪ੍ਰਾਪਤ ਹੋਇਆ ।ਜਿਸ ਪ੍ਰਕਾਸ਼ ਦੇ ਨਾਂ ਹੋਣ ਕਰ ਕੇ ਉਹ ਅੰਧਕਾਰ ਫੈਲਿਆ ਸੀ ਕਿ ਜਿਸਦੇ ਕਾਰਨ ਨੈਣਾਂ ਪਰਾਣਾਂ ਵਾਲੇ,ਦੀਦਿਆਂ ਅੱਖਾਂ ਵਾਲੇ,ਸੂਰਜ, ਚੰਦਰਮਾਂ,ਤਾਰੇ,ਲਾਲਟੈਣਾਂ,ਮੋਮ ਬਤੀਆਂ ਅਤੇ ਮਿਸਾਲਾਂ ਦੇ ਪਲੀਤਿਆਂ ਦੇ ਹੁੰਦਿਆਂ ਹੀ ਦਿਨ ਦੀਵੀ ਹਨੇਰ ਕਰਨ ਲੱਗ ਪਏ ਸੇ ।ਹਨੇਰ ਹੀ ਨਹੀਂ। ਉਹ ਘੋਰ ਹਨੇਰ ਸੀ ਜਿਸ ਨੇ ਉਸ ਸਮੇਂ ਦੇ ਰਾਜਾ ਪਰਜਾ ਦੋਹਾਂ ਨੂੰ ਅੰਨ੍ਹਿਆਂ ਕਰ ਦਿਤਾ ਸੀ ।"**

---

* ਗਿਆਨੀ ਦਿੱਤ ਸਿੰਘ,'ਨਕਲੀ ਸਿਖ ਪ੍ਰਬੋਧ' ਸਫਾ 89-90 ;

** ਭਾਈ ਮੋਹਨ ਸਿੰਘ ਵੈਦ,'ਸੱਚਾ ਪ੍ਰਕਾਸ਼' ਤੀਜੀਵਾਰ ਜਨਵਰੀ 1919 ।

ਕਾਂਡ ਪੰਜਵਾਂ

# ਸਿਰਜਨਾਤਮਕ ਸਾਹਿਤ

- ਕਵਿਤਾ
- ਗਲਪ
- ਨਾਟਕ
- ਜੀਵਨੀ

## ਸਿਰਜਣਾਤਮਕ ਸਾਹਿਤ

ਸਿੰਘ ਸਭਾ ਲਹਿਰ ਦੇ ਅਸਰ ਹੇਠ ਜਿਥੇ ਇਹਦੇ ਆਸ਼ਿਆਂ ਦਾ ਪਰਚਾਰ ਗਿਆਨ ਮਈ ਸਾਹਿਤ ਦੇ ਰਾਹੀਂ ਹੋਇਆ,ਉਥੇ ਇਹ ਕੰਮ ਸਿਰਜਣਾਤਮਕ ਸਾਹਿਤ ਤੋਂ ਵੀ ਲਿਆ ਗਿਆ ।ਪੰਜਾਬੀ ਬੋਲੀ ਜਿਹੜੀ ਪਹਿਲਾਂ ਗ੍ਰਾਮੀਨ ਭਾਸ਼ਾ ਕਹਿ ਕੇ ਦੁਰਕਾਰੀ ਜਾਂਦੀ ਸੀ ਸਿੰਘ ਸਭਾ ਲਹਿਰ ਦੇ ਅਸਰ ਸਾਹਿਤ ਸਿਰਜਣਾ ਲਈ ਅਪਣਾਈ ਗਈ ਤੇ ਇਸ ਚੋਂ ਬ੍ਰਜੀ ਸੰਸਕ੍ਰਿਤ ਦਾ ਪ੍ਰਭਾਵ ਲਗ ਭਗ ਖਤਮ ਹੋ ਗਿਆ ।ਇਹਦੇ ਜ਼ਰੀਏ ਹਰ ਕਿਸਮ ਦਾ ਸਾਹਿਤ ਰਚਿਆ ਗਿਆ ਤੇ ਇਹਨੇ ਹਰ ਕਿਸਮ ਦੇ ਵਿਚਾਰਾਂ ਨੂੰ ਬਿਆਨ ਕਰਨ ਦੀ ਸਮਰਥਾ ਪੈਦਾ ਕਰ ਲਈ ।

ਸਿੰਘ ਸਭਾ ਦੇ ਮੁਖ ਆਸ਼ੇ ਸਿਖ ਧਰਮ ਦਾ ਪ੍ਰਚਾਰ,ਸਿਖ ਇਤਿਹਾਸ ਚੋਂ ਆਦਰਸ਼ ਜੀਵਨ ਲੈ ਕੇ ਬਿਆਨ ਕਰਕੇ,ਦੂਜਿਆਂ ਧਰਮਾਂ ਨਾਲ ਤੁਲਨਾ ਕਰਕੇ ਸਿਖ ਧਰਮ ਦੀ ਵਡਿਆਈ ਦਸਣੀ ਤੇ ਗੁਰਬਾਣੀ ਦੀ ਵਿਆਖਿਆ ਕਰਨੀ ।ਇਹ ਆਸ਼ੇ ਗਿਆਨ ਮਈ ਸਾਹਿਤ ਰਾਹੀਂ ਵੀ ਪੂਰੇ ਕੀਤੇ ਗਏ ਤੇ ਇਨ੍ਹਾਂ ਨੂੰ ਪੂਰਿਆਂ ਕਰਨ ਵਿਚ ਸਿਰਜਣਾਤਮਕ ਸਾਹਿਤ ਦਾ ਸਹਾਰਾ ਵੀ ਲਿਆ ਗਿਆ ।ਸਿਰਜਣਾਤਮਕ ਸਾਹਿਤ ਵਿਚ ਅਸੀਂ ਕਵਿਤਾ, ਗਲਪ,ਨਾਟਕ,ਜੀਵਨੀ ਆਦਿ ਸਾਹਿਤ ਨੂੰ ਲਵਾਂਗੇ ਤੇ ਵੇਖਾਂਗੇ ਕਿ ਸਿੰਘ ਸਭਾ ਲਹਿਰ ਨੇ ਇਨ੍ਹਾਂ ਸਾਹਿਤ ਵਣਗੀਆਂ ਤੇ ਕੀ ਅਸਰ ਪਾਇਆ ।

<u>ਕਵਿਤਾ</u>

ਇਹ ਕਹਿਣਾ ਮੁੜ ਮੁੜ ਕਹਿਣ ਵਾਲੀ ਗੱਲ ਹੀ ਹੈ ਕਿ ਸਿੰਘ ਸਭਾ ਲਹਿਰ ਦੇ ਜਨਮ ਤੋਂ ਪਹਿਲਾਂ ਤੇ ਕਈਆਂ ਹਾਲਤਾਂ ਵਿਚ ਇਹਦੇ ਸਮੇਂ ਵੀ ਪੰਜਾਬੀ ਉਤੇ ਬ੍ਰਜੀ ਦਾ ਡੂੰਘਾ ਪ੍ਰਭਾਵ ਪਿਆ ਰਿਹਾ ।ਅੰਗਰੇਜ਼ ਨੇ ਉਰਦੂ ਨੂੰ ਅਪਣਾ ਕੇ ਇਹਨੂੰ ਹੋਰ ਵੀ ਪਿਛੇ ਕਢ ਦਿੱਤਾ । ਜੋ ਥੋਹੜੀ ਬਹੁਤ ਪੰਜਾਬੀ ਜੀਉਂਦੀ ਸੀ ਤਾਂ ਆਮ ਤੌਰ ਤੇ ਮੁਸਲਮਾਨ ਕਵੀਆਂ ਦੇ ਆਸਰੇ ਤੇ ਕਿਤੇ ਕਿਤੇ ਕਿਸੇ ਹਿੰਦੂ ਤੇ ਸਿਖ ਦੇ ਸਹਾਰੇ ।

ਕਵਿਤਾ ਦਾ ਇਹ ਹਾਲ ਸੀ ਕਿ ਕੁਝ ਬੈਂਤ ਬਾਰ੍ਹਾਂ ਨੂੰ ਛਡ ਕੇ ਸਿਵਾਏ ਤੁਕ ਬੰਦੀ ਦੇ ਕਿਤੇ ਨਜ਼ਰ ਨਹੀਂ ਆਉਂਦੀ ।ਪਰ ਅਸੀਂ ਸਿਰਫ ਇਹ ਵੇਖਣਾ ਹੈ ਕਿ ਸਿੰਘ ਸਭਾ ਲਹਿਰ ਨੇ ਪੰਜਾਬੀ ਕਵਿਤਾ ਤੇ ਕੀ ਅਸਰ ਪਾਇਆ ।ਇਸ ਲਈ ਇਹ ਵੇਖਣ ਲਈ ਸਿਰਫ ਉਨ੍ਹਾਂ ਕਵੀਆਂ ਦੀ ਕਵਿਤਾ ਨੂੰ ਹੀ ਵੇਖਿਆ ਜਾਇਗਾ ਜਿਹੜੇ ਸਿੰਘ ਸਭਾ ਲਹਿਰ ਨਾਲ ਕਿਸੇ ਨਾ ਕਿਸੇ ਢੰਗ ਨਾਲ ਸੰਬੰਧਤ ਸਨ ।ਨਾਲ ਹੀ ਉਸ ਸਮੇਂ ਪੱਤਰਾਂ ਵਿਚ ਛਪਦੀ ਰਹੀ ਕਵਿਤਾ ਦਾ ਵੀ ਇਕ ਅਧ ਨਮੂਨਾ ਪੇਸ਼ ਕੀਤਾ ਜਾਇਗਾ ।

ਉਸ ਸਮੇਂ ਜਿਹੜੀ ਕਵਿਤਾ ਲਿਖੀ ਜਾਂਦੀ ਸੀ ਉਹਦਾ ਨਮੂਨਾ 'ਅੰਮ੍ਰਿਤ ਲਹਰੀ' ਵਿਚੋਂ ਮਿਲਦਾ ਹੈ ਜਿਸ ਨੂੰ ਸੰਕਲਤ ਕਰਨ ਵਾਲੇ ਡਾਕਟਰ ਚਰਨ ਸਿੰਘ ਤੇ ਛਪਾਉਣ ਵਾਲੇ 'ਭਾਈ ਸਰਦੂਲ ਸਿੰਘ ਗਯਾਨੀ' ਹਨ ।ਇਸ ਪੁਸਤਕ ਵਿਚ ਭਾਈ ਗਿਆਨ ਸਿੰਘ ਗਯਾਨੀ, ਸੰਤ ਨਿਹਾਲ ਸਿੰਘ, ਭਾਈ ਈਸ਼੍ਵਰ ਸਿੰਘ, ਬਾਵਾ ਜੈਮਲ ਦਾਸ, ਬਾਵਾ ਸੁਮੇਰ ਸਿੰਘ, ਪੰਡਤ ਸੰਤੋਖ ਸਿੰਘ ਘੜਿਆਲੀਏ, ਲੋਕ ਨਾਥ, ਭਾਈ ਧਯਾਨ ਸਿੰਘ ਗਯਾਨੀ, ਡਾਕਟਰ ਚਰਨ ਸਿੰਘ ਦੀਆਂ ਦਰਬਾਰ ਸਾਹਿਬ ਸੰਬੰਧੀ ਕਵਿਤਾਵਾਂ ਹਨ।ਇਸ ਵਿਚੋਂ ਡਾਕਟਰ ਚਰਨ ਸਿੰਘ ਦੀ ਘੰਟਾ ਘਰ ਬਾਰੇ ਲਿਖੀ ਕਵਿਤਾ ਚੋਂ ਕੁਝ ਤੁਕਾਂ ਦਿਤੀਆਂ ਜਾਂਦੀਆਂ ਹਨ :-

> ਤਾਲ ਕਿਸ ਪੂਰਬ ਅਪੂਰਬ ਸਥਾਨ ਬਨਯੋ ਬੇਰ ਭਾਈ ਬੁਢਾ ਜੀ ਕੇ ਊਰਧ ਸੁਤਰ ਹੈ,
> ਨਨ੍ਹੀ ਸੀ ਸੋਪਾਨ ਪਰੇ ਬਡੋ ਸੋ ਮੈਦਾਨ ਜਾਕੇ ਮਧ ਮੇ ਪਛਾਨ ਬਨਯੋ ਚੌਰਸ ਸੁਬਰ ਹੈ
> ਬਾਗ ਭਾਗ ਦਿਨ ਕੇ ਵਿਭਾਗ ਮੇ ਟੰਕਾਰ ਹੋਤ ਯਾਹੀ ਭਾਂਤ ਰਾਤ ਰਵ ਊਚੀ ਧੁਨ ਕਰ ਹੈ,
> ਸਾਰੰਗ ਚਰਨ ਸਰਕਾਰ ਅੰਗ੍ਰੇਜ਼ੀ ਕਰਯੋ ਭਰਯੋ ਸੁਖ ਪੁੰਜਨ ਸੁਨਾਮ ਘੰਟਾ ਘਰ ਹੈ।1।64।

1. ਅੰਮ੍ਰਿਤਲਹਿਰੀ, ਸੰਕਲਤ ਕਰਤਾ ਡਾਕਟਰ ਚਰਨ ਸਿੰਘ, ਸਫਾ 37 ।

ਡਾਕਟਰ ਸਾਹਿਬ ਦਾ ਇਹ ਫਿਲਬਦੀਆ ਵੀ ਦਿਤਾ ਜਾਂਦਾ ਹੈ,ਇਹ ਦੱਸਣ ਲਈ ਉਹ ਪੰਜਾਬੀ ਵਿਚ ਕਵਿਤਾ ਵੀ ਲਿਖ ਸਕੇ ਸਨ :

ਤੇਰੀ ਮਤਿ ਸੀ ਉਚੀ ਪਹਾੜ ਚੋਟੀ,ਉਤੋਂ ਡਿਗਕੇ ਈਸ਼ੁਰਾ ਖੰਡ ਹੋ ਗਈ ।
ਫੜ ਲੈ 'ਚਰਨ' ਤੇ ਛੱਡ ਦੇ ਜ਼ੁਲਫ ਕੰਘੀ,ਨਹੀਓਂ ਹੋਸ਼ ਤੇਰੀ ਗੜਬੜ ਹੋ ਗਈ। [2]

ਕਾਨ੍ਹ ਸਿੰਘ ਨਾਭਾ,ਗਿਆਨੀ ਦਿੱਤ ਸਿੰਘ,ਭਾਈ ਮੋਹਨ ਸਿੰਘ ਵੈਦ,ਦੀ ਪੰਜਾਬੀ ਕਵਿਤਾ ਦੇ ਨਮੂਨੇ ਇਸ ਪਰਕਾਰ ਹਨ:-

" ਰੁੰਦ ਜੁੱਧ ਲੱਤ ਮੁੱਕੀ ਹਾਇ ਹੂ ਦਾ ਰੌਲਾ ਸੁਣ,
ਬੂਹੇ ਪੈਰ ਧਰਨ ਸੰਬੰਧੀ ਪੱਗ ਕੱਸ ਕੇ ।
ਦਾੜ੍ਹੀ ਗੁੱਤਾਂ ਹੱਥ ਵਿਚ ਫੜੀਆਂ ਰਹਿਣ ਸਦਾ,
ਪਾਓ ਝਾਟੇ ਭੰਸ ਐਸੀ ਨੂੰਹ ਅਤੇ ਸੱਸ ਕੇ ॥2 ॥ " [3]

(ਕਾਨ੍ਹ ਸਿੰਘ ਨਾਭਾ )

" ਖਾਇ ਅੱਕ ਦੀ ਖੱਖੜੀਆਂ ਜਿਸ
ਅਪਨੀ ਭੁੱਖ ਗਵਾਈ ਸੀ ।
ਸੌਣੇ ਕਾਰਨ ਰੇਤੇ ਦੀ ਜਿਸ
ਧਰ ਧਰ ਕਰੀ ਵਿਛਾਈ ਸੀ ।
ਤੈਨੂੰ ਬਿੰਜਨ ਭੋਜਨ ਦਿੱਤੇ
ਤਕੀਆਂ ਪਲੰਘ ਤੁਲਾਈ ਸੀ ।
ਇਸ ਦਿਨ ਪ੍ਰਗਟ ਹੋਇਆ ਭਾਰਤ
ਜੋ ਤੇਰਾ ਸੁਖਦਾਈ ਸੀ॥9 [4] ।"

(ਗਿਆਨੀ ਦਿੱਤ ਸਿੰਘ )

---

੨. ਡਾਕਟਰ ਬਲਬੀਰ ਸਿੰਘ,'ਸ੍ਰੀ ਚਰਣਹਰਿ ਵਿਸਥਾਰ'ਸਫਾ ਜਿਲਦ 1 ਸੈਂਚੀ 2 ਸਫਾ 48 ।

੩. ਸ਼ਮਸ਼ੇਰ ਸਿੰਘ ਅਸ਼ੋਕ'ਭਾਈ ਕਾਨ੍ਹ ਸਿੰਘ ਨਾਭਾ',ਸਫਾ 71 ।

੪. ਗਿਆਨੀ ਦਿੱਤ ਸਿੰਘ 'ਕਲਗੀਧਰ ਦੇ ਉਪਦੇਸ਼' ਸਿੰਘ ਸਭਾ ਪਤ੍ਰਿਕਾ,ਦਸੰਬਰ ਜਨਵਰੀ 74,ਸਫਾ 76 ।

" ਜਿਮ ਜਦ ਸਾਨੂੰ ਆਖੇ ਕੋਈ ਸੁਨ ਹੋ ਫਲਾਣਾਂ ਸੂਦਾਰ ।
ਕਰਕੇ ਬੰਦ ਸੁਪਤਨੀ ਤਾਈ ਪਈ ਵੇਸ਼ੁਯਾ ਕਾਰ ।
ਤਦ ਮੈਨੂੰ ਕੀ ਅਸੀਂ ਆਖੀਏ ਇਸੇ ਤਰਾਂ ਸਭ ਥਾਈਂ ।
ਜਾ ਭਾਈ ਦਾ ਦੁਖ ਸੁਣ ਮੈਨੂੰ ਕੀ ਇਵੇਂ ਚੁਪ ਨ ਲਾਈਂ ।" [5]

(ਮੋਹਨ ਸਿੰਘ ਵੈਦ )

ਲੜਨ ਸੂਰਮੇਂ ਜੰਗ ਮੈਦਾਨ ਅੰਦਰ ਖੁਸ਼ ਹੋਇ ਕੇ ਸ਼ਸਤਰ ਚਲਾਂਵਦੇ ਨੀ ।
ਕਈ ਹੋਇ ਦਲੇਰ ਆਵਾਜ਼ ਕਰਦੇ ਕੈਈ ਆਸਰਾ ਓਟ ਤਕਾਂਵਦੇ ਨੀ ।
ਕੈਈ ਤੱਕ ਕੇ ਖੂਬ ਨਿਸ਼ਾਨ ਮਾਰਨ ਇਕ ਵਾਰ ਹੀ ਧਰਤ ਗਿਰਾਂਵਦੇ ਨੀ।
ਵਧਾਵਾ ਸਿੰਘ ਸਰਦਾਰ ਇਕ ਪਏ ਹੁੰਕਣ ਪਯਾਲੈ ਪਾਣੀ ਦੇ ਵਲ ਤਕਾਂਵਦੇ ਨੀ। [6] 42॥

(ਸੂਬੇਦਾਰ ਵਧਾਵਾ ਸਿੰਘ )

ਇਨ੍ਹਾਂ ਉਕਤ ਟੂਕਾਂ ਤੋਂ ਆਪਣੇ ਆਪ ਹੀ ਪਤਾ ਚਲ ਜਾਂਦਾ ਹੈ ਕਿ ਉਸ ਸਮੇਂ ਦੀ ਪੰਜਾਬੀ ਕਵਿਤਾ ਵਧੇਰੇ ਕਰਕੇ ਤੁਕ-ਬੰਦੀ ਹੀ ਹੈ ਤੇ ਨਾਲ ਹੀ ਇਸ ਵਿਚੋਂ ਸਿੰਘ ਸਭਾ ਲਹਿਰ ਦੇ ਉਦੇਸ਼ਾਂ ਦੀ ਕੋਈ ਬਹੁਤੀ ਝਲਕ ਨਹੀਂ ਪੈਂਦੀ ।

ਵੈਸੇ ਤਾਂ ਗਿਆਨੀ ਦਿਤ ਸਿੰਘ ਵਰਗੇ ਹੋਰ ਸਾਹਿਤਕਾਰ ਵੀ ਸਨ ਜਿਨ੍ਹਾਂ ਨੇ ਮਰਨ ਤਕ ਸਿੰਘ ਸਭਾ ਲਹਿਰ ਦੀ ਕਲਮੀ ਸੇਵਾ ਕੀਤੀ ਪਰ ਉਹ ਸਾਹਿਤਕਾਰ ਕਈ ਇਕ ਕਾਰਨਾਂ ਕਰਕੇ ਸਿੰਘ ਸਭਾ ਲਹਿਰ ਦੇ ਪਰਤੀਨਿਧ ਨਹੀਂ ਬਣ ਸਕੇ ।ਜੇ ਕਰ ਸਿੰਘ ਸਭਾ ਦੀ ਵਿਚਾਰਧਾਰਾ ਦਾ ਸੁਚੇਤ ਤਰੀਕੇ ਨਾਲ ਕਿਸੇ ਨੇ ਪਰਚਾਰ ਕੀਤਾ ਹੈ ਤਾਂ ਉਹ ਭਾਈ ਵੀਰ ਸਿੰਘ ਹੀ ਹੈ,ਇਹ ਵੀ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਇਕੋ ਇਕ ਸਾਹਿਤਕਾਰ ਹੈ ਜਿਸ ਨੇ ਆਪਣੇ ਸਾਰੇ ਜੀਵਨ ਵਿਚ ਸਿੰਘ ਸਭਾ ਦੇ ਉਦੇਸ਼ਾਂ ਨੂੰ ਪਰਚਾਰਨ ਤੇ ਪਰਸਾਰਨ ਦਾ ਕੰਮ ਕੀਤਾ ।

---

5. ਮੋਹਨ ਸਿੰਘ ਵੈਦ ਖਾਲਸਾ ਅਖਬਾਰ,24-7-1903 ਈ.
6. ਸੂਬੇਦਾਰ ਵਧਾਵਾ ਸਿੰਘ 'ਜੰਗ ਮੁਹਿਮ ਚਿਤ੍ਰਾਲ',ਸਫਾ 11 ।

ਇਹ ਪਿਛੇ ਦਸਿਆ ਜਾ ਚੁਕਿਆ ਹੈ ਕਿ ਸਿੰਘ ਸਭਾ ਲਹਿਰ ਉਸ ਸਮੇਂ ਦੀ ਸਿਖ ਬੁਰਜੁਆਜ਼ੀ ਦੀ ਜਾਗਰਤੀ ਦੀ ਆਵਾਜ਼ ਸੀ ਤੇ ਭਾਈ ਵੀਰ ਸਿੰਘ ਦਾ ਇਸ ਲਹਿਰ ਨਾਲ ਬਹੁਤ ਹੀ ਨੇੜੇ ਦਾ ਸੰਬੰਧ **ਸੀ**। ਸਿੰਘ ਸਭਾ ਲਹਿਰ ਦੀ ਵਿਚਾਰ ਧਾਰਾ ਇਹ ਸੀ ਕਿ ਆਰਾਮ ਨਾਲ ਜੋ ਕੁਝ ਅੰਗਰੇਜ਼ ਕੋਲੋਂ ਮਿਲਦਾ ਹੈ ਲਈ ਜਾਓ,ਕੋਈ ਝਗੜਾ ਨਾ ਕਰੋ,ਉਹਦੀ ਮਿਹਰ ਤੇ ਸਾਰੀ ਗੱਲ ਸੁਟ ਛੱਡੋ,ਆਪਣੇ ਧਰਮ ਵਿਚ ਪੱਕੇ ਹੋਵੋ ਤੇ ਰੱਬ ਦੀ ਭਗਤੀ ਕਰੋ ।ਸਿੰਘ ਸਭਾ ਦੀ ਵਿਚਾਰ ਧਾਰਾ ਦੀ ਮੁਖ ਗੱਲ ਇਹ ਸੀ ਕਿ ਧਰਮ ਦਾ ਰਾਜਨੀਤੀ ਨਾਲ ਕੋਈ ਸਬੰਧ ਨਹੀਂ ਸੋ ਭਾਈ ਵੀਰ ਸਿੰਘ ਦੇ ਸਾਰੇ ਸਾਹਿਤ ਚੋਂ ਭਾਵੇਂ ਉਹ ਕਵਿਤਾ ਹੈ ਤੇ ਭਾਵੇਂ ਵਾਰਤਕ,ਸਿੰਘ ਸਭਾ ਦੀ ਵਿਚਾਰਧਾਰਾ ਨਜ਼ਰ ਆਉਂਦੀ ਹੈ ।

ਖੜੀ ਹੋ ਰਹੀ ਸਿਖ ਬੁਰਜੁਆਜ਼ੀ ਦੇ ਪਰਤੀਨਿਧ ਲਿਖਾਰੀ ਹੋਣ ਦੇ ਨਾਤੇ ਵੀ ਭਾਈ ਵੀਰ ਸਿੰਘ ਨੇ ਜੋ ਪੰਜਾਬੀ ਸਾਹਿਤ ਤੇ ਬੋਲੀ ਦੀ ਸੇਵਾ ਕੀਤੀ ਹੈ,ਉਹ ਪ੍ਰਸੰਸਾ ਜਨਕ ਹੈ ।ਪੰਜਾਬੀ ਬੋਲੀ ਤੇ ਖਾਸ ਕਰਕੇ ਕਵਿਤਾ ਨੂੰ ਬ੍ਰਿਜ ਭਾਸ਼ਾ ਦੇ ਅਸਰ ਹੇਠੋਂ ਕਢਣਾ ਇਕ ਮਹਾਨ ਕੰਮ ਸੀ ਤੇ ਉਸ ਵੇਲੇ ਜਦੋਂ ਕਿ ਪੰਜਾਬੀ ਨੂੰ ਜਟਕੀ ਬੋਲੀ ਕਹਿਕੇ ਨਿੰਦਿਆ ਜਾਂਦਾ ਸੀ,ਪੰਜਾਬੀ ਵਿਚ ਲਿਖਣਾ ਇਕ ਬਹਾਦਰੀ ਸੀ ਕਿਉਂਕਿ ਇਹਦੇ ਪਾਠਕਾਂ ਦਾ ਘੇਰਾ ਵੀ ਬਹੁਤ ਥੋੜਾ ਸੀ ।

ਭਾਈ ਵੀਰ ਸਿੰਘ ਨੇ ਨਿਨਾਣ ਭਰਜਾਈ ਦੀ ਸਿਖਯਾ ਦਾ ਇਕ ਵਾਰਤਾਲਾਪ (1905),ਰਾਣਾ ਸੂਰਤ ਸਿੰਘ (1905),ਲਹਿਰਾਂ ਦੇ ਹਾਰ(1907),ਮਟਕ ਹੁਲਾਰੇ(1922) ਬਿਜਲੀਆਂ ਦੇ ਹਾਰ (1922),ਪ੍ਰੀਤਵੀਣਾ (1929),ਕੰਬਦੀ ਕਲਾਈ (1933),ਲਹਿਰ-ਹੁਲਾਰੇ (1944),ਬਾਰਾਂਮਾਹ ਕੰਤ ਮਹੇਲੀ(1952),ਮੇਰੇ ਸਾਈਆਂ ਜੀਓ (1953) ਨੇ ਕਾਵਿ-ਪੁਸਤਕਾਂ ਲਿਖ ਕੇ ਪੰਜਾਬੀ ਦਾ ਖਜ਼ਾਨਾ ਭਰਪੂਰ ਕੀਤਾ ।

'ਰਾਣਾ ਸੂਰਤ ਸਿੰਘ 'ਭਾਈ ਸਾਹਿਬ ਦੀਆਂ ਮੁਢਲੀਆਂ ਰਚਨਾਵਾਂ ਵਿਚੋਂ ਇਕ ਹੈ। ਭਾਈ ਸਾਹਿਬ ਨੇ ਇਸ ਮਹਾਂਕਾਵਿ ਵਿਚ ਅਧਿਆਤਮਕ ਗਿਆਨ ਦੇ ਡੂੰਘੇ ਫਲਸਫੇ (ਦਰਸ਼ਨ) ਦੇ ਬਿਆਨ ਵਾਸਤੇ ਤੁਕਾਂਤ ਮਿਲਵੇਂ ਭਾਰੇ ਤੋਲ ਛੱਡ ਕੇ,ਸਿਰਖੰਡੀ ਜਿਹਾ ਸੂਖਮ ਛੰਦ ਚੁਣਿਆ ਹੈ,ਤੇ ਸਿਰਖੰਡੀ ਵੀ ਇਕ ਇਹੋ ਜਿਹੇ ਰੂਪ ਵਿਚ ਜਿਸ ਦੀ ਚਾਲ,ਰਚਨਾਂ ਤੇ ਭਾਵਾਂ ਦੇ ਅਨਕੂਲ ਇਕ ਮਿਕ ਹੋ ਗਈ ਹੈ।ਮਜ਼ਮੂਨ ਨੂੰ ਵੰਨਸੁਵੰਨੇ ਕੁਦਰਤੀ ਨਜ਼ਾਰਿਆਂ ਦੇ ਪੜਦੇ ਉਪੱਰ ਇੰਵ ਚਿੱਤ੍ਰਿਆ ਹੈ,ਜਿਸ ਤਰ੍ਹਾਂ ਸਟੇਜ ਉਪਰ,ਵਖੋ ਵਖਰੇ ਦ੍ਰਿਸ਼ਯ ਦਿਖਾਣ ਲਈ ਕਈ ਇਕ

ਪਰਦਿਆਂ ਤੋਂ ਕੰਮ ਲਿਆ ਜਾਵੇ ।ਰਾਣੀ ਰਾਜ ਦੀਆਂ ਅਰਸ਼ੀ ਉਡਾਰੀਆਂ ਤਾਂ ਕਵੀ ਜੀ ਦੇ ਜ਼ਾਤੀ ਤਜਰਬਿਆਂ ਤੋਂ ਪ੍ਰਾਪਤ ਕੀਤੀਆਂ, ਨਿਜੀ ਝਾਕੀਆਂ ਜਾਪਦੀਆਂ ਹਨ ।"[7]

ਰਾਣਾ ਸੂਰਤ ਸਿੰਘ ਦਾ ਮੁਖ ਪਾਤਰ ਰਾਣੀ ਰਾਜ ਕੌਰ ਹੈ। ਰਾਣੀ ਰਾਜ ਕੌਰ ਦਾ ਪਤੀ ਰਾਣਾ ਸੂਰਤ ਸਿੰਘ ਵੈਰੀਆਂ ਵਿਰੁਧ ਲੜਦਾ ਮਾਰਿਆ ਜਾਂਦਾ ਹੈ। ਰਾਣੀ ਰਾਜ ਕੌਰ ਵਿਧਵਾ ਹੋ ਜਾਂਦੀ ਹੈ। ਉਹ ਰਾਜ ਦੀ ਮਾਲਕ ਹੈ ਕਿਉਂਕਿ ਉਹਦੇ ਉਲਾਦ ਕੋਈ ਨਹੀਂ, ਪਰ ਉਹ ਇੰਨੀ ਉਦਾਸ ਹੈ ਕਿ ਸਿਵਾਏ ਰੋਣ ਤੇ ਵਿਰਲਾਪ ਦੇ ਉਹਦਾ ਕਿਸੇ ਕੰਮ ਨੂੰ ਜੀ ਨਹੀਂ ਕਰਦਾ ।ਉਹ ਰਾਣੇ ਦੀ ਸਮਾਧ ਬਣਵਾਉਂਦੀ ਹੈ ਤੇ ਬਾਗ ਵਿਚ ਸੰਗਮਰਮਰ ਦਾ ਬੁੱਤ ਲੁਆਉਂਦੀ ਹੈ। ਉਹ ਇਸ ਬੁੱਤ ਤੇ ਫੁੱਲ ਚੜ੍ਹਾਉਂਦੀ ਤੇ ਰੋਂਦੀ ਹੈ। ਉਹਨੂੰ ਕਿਸੇ ਪਲ ਵੀ ਚੈਨ ਨਹੀਂ ।ਅਖੀਰ ਉਹਨੂੰ ਆਤਮਕ ਗਿਆਨ ਪਰਾਪਤ ਹੁੰਦਾ ਹੈ ਤੇ ਉਹਦੇ ਮਨ ਨੂੰ ਸ਼ਾਂਤੀ ਨਸੀਬ ਹੁੰਦੀ ਹੈ ।

ਇਸ ਮਹਾਂਕਾਵਿ ਚੋਂ ਵੇਖਣਾ ਇਹ ਹੈ ਕਿ ਕੀ ਹੈ ਸਿੰਘ ਸਭਾ ਲਹਿਰ ਦੇ ਉਦੇਸ਼ ਨੂੰ ਪਰਗਟ ਕਰਦਾ ਹੈ ਜਾਂ ਨਹੀਂ ।ਇਥੇ ਅਸੀਂ ਇਸ ਬਹਿਸ ਵਿਚ ਨਹੀਂ ਪੈਣਾ ਕਿ ਉਹ ਉਦੇਸ਼ ਲੋਕ ਹਿਤੈਸ਼ੀ ਹੈ ਜਾਂ ਲੋਕ-ਵਿਰੋਧੀ ।ਜਿਥੋਂ ਤਕ ਸਿਖ ਧਰਮ ਦੇ ਪਰਚਾਰ ਦਾ ਸੁਆਲ ਹੈ, ਇਸ ਵਿਚ ਰਾਜ ਕੌਰ ਗੁਰਮਤ ਅਨੁਸਾਰ ਸਾਰੀਆਂ ਮੰਜ਼ਲਾ ਤਹਿ ਕਰਕੇ ਅਖੀਰ ਨਿਰਵਾਨ ਪੱਦ ਨੂੰ ਪਹੁੰਚਦੀ ਹੈ ਜਿਥੇ ਉਹਨੂੰ ਆਤਮਕ ਆਨੰਦ ਪਰਾਪਤ ਹੁੰਦਾ ਹੈ। ਬਾਕੀ ਰਹਿ ਗਿਆ ਇਹ ਸਵਾਲ ਕਿ ਕੀ ਸਿੱਖ ਧਰਮ ਨੂੰ ਗਲਤ ਰੰਗਣ ਦੇ ਕੇ ਤਾਂ ਪੇਸ਼ ਨਹੀਂ ਕੀਤਾ ਗਿਆ ।ਰਾਣੀ ਰਾਜ ਕੌਰ ਦਾ ਇਸ ਹੱਦ ਤਕ ਵਿਰਲਾਪ ਕਿ ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਉਹਦਾ 100 ਤੋਂ ਵਧੀਕ ਵਾਰੀ ਕਲੇਜਾ ਕੜੱਕ ਕਰਕੇ ਟੁਟਦਾ ਹੈ, ਸਿਖੀ ਆਚਰਣ ਨਹੀਂ । ਕੀ ਰਾਜ ਕੌਰ ਦੇ ਸਾਹਮਣੇ ਉਹ ਸਿੰਘਣੀਆਂ ਨਹੀਂ ਸਨ ਜਿਹੜੀਆਂ ਬਹਾਦਰਾਂ ਵਾਂਗ ਲੜਦੀਆਂ ਸਨ ਤੇ ਆਪਣੇ ਦੁਸ਼ਮਣਾਂ ਤੋਂ ਬਦਲਾ ਲੈਂਦੀਆਂ ਸਨ। ਕੀ ਗੁਰੂ ਗੋਬਿੰਦ ਸਿੰਘ ਦੀ ਇਹ ਪਰੰਪਰਾ ਹੈ ਕਿ ਮਰੇ ਪਤੀ ਦਾ ਬੁੱਤ ਬਣਾ ਕੇ ਉਹਨੂੰ ਫੁੱਲ ਚੜਾਉਂਦੇ ਫਿਰੋ ? ਅਸਲ ਵਿਚ ਭਾਈ ਵੀਰ ਸਿੰਘ ਰਾਜ ਕੌਰ ਨੂੰ ਸਿੰਘਣੀ ਦੇ ਰੂਪ ਵਿਚ ਚਿੱਤਰ ਹੀ ਨਹੀਂ ਸਕਿਆ ਜਾਂ ਜਾਣ ਬੁਝ ਕੇ ਨਹੀਂ ਚਿਤਰਿਆ ।ਸਿਖ ਇਤਿਹਾਸ ਸਿੰਘਣੀਆਂ ਦੀਆਂ ਬਹਾਦਰੀਆਂ ਤੇ ਕੁਰਬਾਨੀਆਂ ਨਾਲ ਭਰਿਆ ਪਿਆ ਹੈ ਤੇ ਭਾਈ ਵੀਰ ਸਿੰਘ ਉਸ ਤੋਂ ਅਣਜਾਣ ਨਹੀਂ ਸੀ ।ਪਰ ਅਸਲੀ ਕਰਮ-ਸ਼ੀਲ ਸਿਖ ਦੀ ਨਵੇਂ ਸਿਰਿਉਂ ਸਿਰਜਣਾ ਸਮੇਂ ਦੀ ਸਰਕਾਰ ਦੇ ਹਿੱਤ ਵਿਚ ਨਹੀਂ ਸੀ ।

7. ਡਾ. ਕਾਲਾ ਸਿੰਘ ਬੇਦੀ, ਖੋਜ ਪਤ੍ਰਿਕਾ, ਸਤੰਬਰ 1972, ਸਫਾ 134 ।

ਅੰਗਰੇਜ਼ ਤਾਂ ਇਹ ਚਾਹੁੰਦਾ ਸੀ ਕਿ ਸਿਖ ਪੂਰੀ ਰਹਿਤ ਰੱਖੇ,ਨਾਮ ਜਪੇ,ਪੂਰਾ ਗੁਰਮੁਖ ਹੋਵੇ ਪਰ ਧਰਮ ਨੂੰ ਸਿਆਸਤ ਨਾਲ ਨਾ ਜੋੜੇ,ਜਾਂ ਉਹ ਵੇਲੇ ਦੀ ਸਰਕਾਰ ਦੇ ਕਿਸੇ ਕੰਮ ਵਿਚ ਦਖ਼ਲ ਨਾ ਦੇਵੇ ।ਇਥੇ ਰਾਜ ਕੌਰ ਵਿਚ ਵੀ ਸਿਖੀ ਵਾਲੀ ਕਰਮਸ਼ੀਲਤਾ ਦੀ ਘਾਟ ਹੈ।ਉਹ ਤਾਂ ਆਪਣੇ ਪਤੀ ਨੂੰ ਪਰਮਾਤਮਾ ਕਰਕੇ ਪੂਜਦੀ ਹੈ,ਇਕ ਜੋਤ ਦੋਇ ਮੂਰਤੀ ਵਾਲਾ ਸਿਖੀ ਆਦਰਸ਼ ਨਹੀਂ ।ਉਹ ਦਰਬਾਰ ਵਿਚ ਵੀ ਪਰਦੇ ਪਿੱਛੇ ਬਹਿੰਦੀ ਹੈ,ਇਹ ਪਰਦਾ ਵੀ ਸਿਖੀ ਅਸੂਲਾਂ ਦੇ ਵਿਰੁਧ ਹੈ ।ਅਸਲ ਵਿਚ ਉਹ ਜਾਗੀਰਦਾਰ ਸਿਖ ਦੀ ਪਰਤੀਨਿਧ ਹੈ ਜਿਨ੍ਹਾਂ ਨੇ ਸਿਖ ਧਰਮ ਨੂੰ ਦਖਾਵਾ ਬਣਾ ਕੇ ਆਪ ਸਭ ਬ੍ਰਾਹਮਣੀ ਰਸਮਾਂ ਕਬੂਲ ਕਰ ਲਈਆਂ ।ਸੋ ਰਾਣਾ ਸੂਰਤ ਸਿੰਘ ਵਿਚ ਉਸ ਸਮੇਂ ਦੀ ਜਾਗੀਰਦਾਰੀ ਦੇ ਵਿਚਾਰ ਵਿਅਕਤ ਕੀਤੇ ਗਏ ਹਨ,ਇਹ ਵਿਚਾਰ ਇਹੋ ਜਹੇ ਕਿਉਂ ਸਨ,ਸਮਾਜ ਸ਼ਾਸਤਰ ਨੂੰ ਜਾਣਨ ਵਾਲੇ ਇਸ ਦਾ ਇਹੀ ਜਵਾਬ ਦਿੰਦੇ ਹਨ ਕਿ ਇਨ੍ਹਾਂ ਵਿਚਾਰਾਂ ਤੋਂ ਸਿਵਾ ਹੋਰ ਹੋ ਵੀ ਕਿਹੜੇ ਸਕਦੇ ਸਨ। ਜਿਥੋਂ ਤਕ ਇਹ ਸੁਆਲ ਹੈ ਕਿ ਰਾਣਾ ਸੂਰਤ ਸਿੰਘ ਦਾ ਲੋਕਾਂ ਤੇ ਕਿੰਨਾ ਕੁ ਚੰਗਾ ਅਸਰ ਪਿਆ ਉਹ ਇਸ ਗੱਲ ਤੋਂ ਹੀ ਜ਼ਾਹਰ ਹੈ ਕਿ ਖਾਲਸਾ ਟ੍ਰੈਕਟ ਸੁਸਾਇਟੀ ਦੇ ਮਾਸਕ ਪੱਤ੍ਰ ਦੇ 700 ਗਾਹਕ ਘਟ ਗਏ ।

ਭਾਈ ਸਾਹਿਬ ਦੀਆਂ ਦੂਜੀਆਂ ਲਗ ਭਗ ਸਾਰੀਆਂ ਕਵਿਤਾਵਾਂ ਦਾ ਮੁਖ ਉਦੇਸ਼ ਸਿਖ ਧਰਮ ਦਾ ਪਰਚਾਰ ਹੈ।ਫਿਰ ਵੀ ਕਈਆਂ ਕਵਿਤਾਵਾਂ ਵਿਚ ਸਮਾਜਕ ਅੰਸ਼ ਵੀ ਹੈ ਜਿਵੇਂ ਗੰਗਾ ਰਾਮ,ਅਟਕ,ਰਉਂ ਰੁਖ,ਕੁਤਬ ਦੀ ਲਾਠ,ਬੁਲਬੁਲ ਤੇ ਰਾਹੀ ਆਦਿ ।ਪਰ ਇਨ੍ਹਾਂ ਸਾਰੀਆਂ ਵਿਚ ਇਕ ਚੀਜ਼ ਕੰਮ ਕਰ ਰਹੀ ਹੈ ਤੇ ਉਹ ਹੈ ਭਾਈ ਵੀਰ ਸਿੰਘ ਦੀ ਸਿੰਘ ਸਭਾ ਵਾਲੀ ਵਿਚਾਰਧਾਰਾ ਦਾ ਪਰਗਟਾ ।ਜੇ ਕਰ ਉਹਦੇ ਅਲੋਚਕ ਇਹ ਕਹਿਣ ਕਿ ਉਹਦੀਆਂਕਵਿਤਾਵਾਂ ਵਿਚ ਸਮੇਂ ਦੀ ਰਉਂ ਨਾਲ ਚੱਲਣ ਦੀ ਸਿਖਿਆ ਹੈ,ਜਾਂ ਇਹ ਕਹਿਣ ਕਿ ਇਸ ਗੱਲ ਦਾ ਪਰਚਾਰ ਹੈ ਜੋ ਕੁਝ ਹੋ ਰਿਹਾ ਹੈ ਠੀਕ ਹੋ ਰਿਹਾ ਹੈ,ਜਾਂ ਇਹ ਕਿ ਅਸੀਂ ਕਿਸੇ ਦੁਖ ਦਾ ਇਲਾਜ ਨਹੀਂ ਕਰ ਸਕਦੇ ਤਾਂ ਇਸ ਦਾ ਜਵਾਬ ਵੀ ਬੜਾ ਸੌਖਾ ਹੈ ਤੇ ਉਹ ਇਹ ਹੈ ਕਿ ਭਾਈ ਵੀਰ ਸਿੰਘ ਨੇ ਕੋਈ ਵਿਚਾਰਧਾਰਾ ਅਪਣਾਈ ਸੀ ਤੇ ਉਹੀ ਉਹਦੇ ਸਾਹਿਤ ਰਾਹੀਂ ਪਰਗਟ ਹੋ ਰਹੀ ਸੀ ਤੇ ਉਹ ਵਿਚਾਰਧਾਰਾ ਸਿੰਘ ਸਭਾ ਲਹਿਰ ਦੀ ਸੀ ।ਜੇ ਉਹ ਵਿਚਾਰਧਾਰਾ ਠੀਕ ਨਹੀਂ ਤਾਂ ਇਹਦਾ ਜ਼ਿੰਮੇਵਾਰ ਭਾਈ ਵੀਰ ਸਿੰਘ ਨਹੀਂ । ਪਰ ਅਜ ਦੇ ਪੈਮਾਨੇ ਨਾਲ ਅਸੀਂ ਅਜ ਤੋਂ 100 ਸਾਲ ਪਹਿਲਾਂ ਦੀ ਵਿਚਾਰਧਾਰਾ ਨੂੰ

ਮਾਪਾਂਗੇ ਤਾਂ ਨਤੀਜੇ ਗ਼ਲਤ ਨਿਕਲਣੇ ਹੀ ਹੋਏ ।ਭਾਈ ਵੀਰ ਸਿੰਘ ਦੇ ਸਾਹਿਤਕ ਗੁਣਾਂ ਬਾਰੇ ਬਹੁਤ ਸਾਰੀਆਂ ਪੁਸਤਕਾਂ ਛਪ ਚੁਕੀਆਂ ਹਨ,ਖਾਸ ਕਰਕੇ ਉਹਦੀ ਜਨਮ ਸ਼ਤਾਬਦੀ ਦੇ ਸਬੰਧ ਵਿਚ ।ਉਹਦੇ ਸਾਹਿਤ ਬਾਰੇ ਸ਼ੋਧ-ਪਰਬੰਧ ਵੀ ਲਿਖੇ ਜਾ ਚੁਕੇ ਹਨ,ਇਸ ਲਈ ਮੈਂ ਇਹ ਨਹੀਂ ਚਾਹੁੰਦਾ ਕਿ ਉਨ੍ਹਾਂ ਗੁਣਾਂ ਔਗੁਣਾਂ ਨੂੰ ਦੁਹਰਾਉਣ ਦਾ ਕਸੂਰਵਾਰ ਬਣਾਂ ।ਮੈਂ ਇਸ ਗੱਲੋਂ ਵੀ ਇਨਕਾਰ ਨਹੀਂ ਕਰਦਾ ਕਿ ਭਾਈ ਵੀਰ ਸਿੰਘ ਦਾ ਆਸ਼ਾ'ਗੁਰਮਤਿ ਦਰਸ਼ਨ ਨੂੰ ਨਵੇਂ ਰੂਪ ਵਿਚ ਬਿਆਨ ਕਰਨਾ" ਹੈ ਪਰ ਮੈਂ ਉਹਦੇ ਸਾਹਿਤ ਚੋਂ ਇਹ ਵੇਖਿਆ ਹੈ ਕਿ ਉਹਨੇ ਗੁਰਮਤ ਦੇ ਨਾਮ,ਸਿਮਰਣ,ਇਸ਼ਨਾਨ ਦੇ ਆਦਰਸ਼ ਉਤੇ ਹੀ ਜ਼ਿਆਦਾ ਜ਼ੋਰ ਦਿਤਾ ਤੇ ਉਹਦੇ ਵਿਚਲੀ ਉਸ ਕਰਮਸ਼ੀਲਤਾਤੇ ਪਰਦਾ ਪਾ ਦਿੱਤਾ ਜਿਸ ਨੇ ਮੁਗਲਾਂ ਦੇ ਜ਼ੁਲਮ ਦਾ ਨਾਸ ਕੀਤਾ । ਇਸ ਵਿਚ ਹੀ ਉਹਦਾ ਜਮਾਤੀ ਹਿਤ ਲੁਕਿਆ ਹੋਇਆ ਸੀ।

ਪਰ ਜਿੰਨੀ ਅਮੀਰੀ ਪੰਜਾਬੀ ਸਾਹਿਤ ਨੂੰ ਭਾਈ ਵੀਰ ਸਿੰਘ ਨੇ ਦਿਤੀ ਹੈ, ਜਿਵੇਂ ਉਹਨੇ ਸਾਹਿਤ ਰਚਨਾ ਲਈ ਲਗਭਗ ਸਾਰੇ ਹੀ ਆਧੁਨਿਕ ਸਾਹਿਤਕ ਰੂਪਾਂ ਦੀ ਵਰਤੋਂ ਕਰਕੇ ਇਸ ਨੂੰ ਦੂਜੀਆਂ ਬੋਲੀਆਂ ਦੇ ਬਰਾਬਰ ਲਿਆ ਖੜਾ ਕੀਤਾ ਹੈ,ਜਿੰਨਾਂ ਪਾਠਕਾਂ ਦਾ ਘੇਰਾ ਇਹਨੇ ਵਿਸ਼ਾਲ ਕੀਤਾ ਹੈ,ਉਹਦੇ ਲਈ ਪੰਜਾਬੀ ਸਦਾ ਹੀ ਇਹਦੀ ਰਿਣੀ ਰਹੇਗੀ । ਭਾਈ ਵੀਰ ਸਿੰਘ ਦੀ ਕਵਿਤਾ ਦੀਆਂ ਕੁਝ ਟੂਕਾਂ ਦਿਤੀਆਂ ਜਾਂਦੀਆਂ ਹਨ,ਸਿਰਫ ਇਹ ਦਸਣ ਲਈ ਕਿ ਭਾਈ ਵੀਰ ਸਿੰਘ ਦੇ ਹੱਥਾਂ ਵਿਚ ਆਕੇ ਪੰਜਾਬੀ ਕਵਿਤਾ ਦਾ ਮੂੰਹ ਮੱਥਾ ਕਿਵੇਂ ਨਿਖਰਿਆ :-

" ਦਿਹ ਇਕ ਬੂੰਦ ਸੁਰਾਹੀਓ ਸਾਨੂੰ
ਸੋਚ ਸਮੁੰਦਰ ਬੋੜੇ ।
ਬੇ- ਖੁਦੀਆਂ ਦੇ ਚਾੜ੍ਹ ਅਰਸ਼ ਤੇ,
ਆਸ- ਅੰਦੇਸੇ ਤੋੜੇ ।"

ਜਾਂ

" ਹੋਸ਼ਾਂ ਨਾਲੋਂ ਮਸਤੀ ਚੰਗੀ,
ਜਿਹੜੀ ਰਖਦੀ ਸਦਾ ਟਿਕਾਣੇ ।"

" ਬੈਠ ਵੇ ਗਿਆਨੀ ਬੁੱਧੀ -ਮੰਡਲੇ ਦੀ ਕੈਦ ਵਿਚ,  
ਵਲਵਲੇ ਦੇ ਦੇਸ ਸਾਡੀਆਂ ਲੱਗੀਆਂ ਨੇ ਯਾਰੀਆਂ ।"

" ਸੂਈਆਂ ਨਾਲੋਂ ਨਿੱਕੇ ਨਿੱਕੇ  
ਚਾਂਦਨੀ ਦੇ ਪੈਰ ਸਹੀਉ ।  
ਕੋਲੋਂ ਦੀਆਂ ਸੂਈਆਂ ਉਤੇ  
ਆਨ ਆਨ ਟਿਕਦੇ ।  
ਏਥੋਂ ਛਾਲਾਂ ਮਾਰ ਟੱਪ  
ਪੈਣ ਚਿੱਟੇ ਪੱਥਰਾਂ ਤੇ  
ਉਥੋਂ ਕੁੱਦ ਹੇਠ ਖੱਡ  
ਪਾਣੀ ਉਤੇ ਡਿੱਗਦੇ ।  
ਲਹਿਰਾਂ ਦੇ ਉਤੇ ਉਤੇ  
ਤਿਲ ਮਿਲ ਖੇਡਦੇ ਨੀ  
ਪੋਲੇ ਪੋਲੇ ਰੱਖ ਰੱਖ  
ਠੁਮਕ ਠੁਮਕ ਠੁਕਦੇ ;

ਨਾਚ ਕਰਨ ਪਾਣੀ ਉਤੇ  
ਲਾਸਾਂ ਮਾਰਨ ਪੌਣ ਵਿਚ  
ਚਾਂਦਨੀ ਦੇ ਨੈਣ ਉਪਰ  
ਚੰਦ ਵਲ ਤਕਦੇ ।"

" ਪੱਥਰ ਨਾਲ ਨੇਹੁ ਲਾ ਬੈਠੀ  
ਨਾ ਹੱਸੇ ਨਾ ਬੋਲੇ  
ਸੁਹਣਾ ਲੱਗੇ ਮੰਨ ਨੂੰ ਮੋਹੇ  
ਘੁੰਡੀ ਦਿਲੋਂ ਨਾ ਖੋਹਲੇ ।

ਛੱਡਿਆ ਛਡਿਆ ਜਾਂਦਾ ਨਾਹੀਂ,

ਮਿਲਿਆਂ ਨਿਘ ਨਾ ਕੋਈ ....... "

" ਵੈਰੀ ਨਾਗ ਤੇਰਾ ਪਹਿਲਾ ਝਲਕਾ

ਜਦ ਅਖੀਆਂ ਵਿਚ ਵਜਦਾ ।

ਕੁਦਰਤ ਦੇ ਕਾਦਰ ਦਾ ਜਲਵਾ ,

ਲੈ ਲੈਂਦਾ ਇਕ ਸਜਦਾ ।"

ਗਲਪ

ਪੱਤਰਕਾਰੀ ਤੇ ਟ੍ਰੈਕਟਾਂ ਵਾਂਗ ਈਸਾਈ ਧਰਮ ਦਾ ਪਰਚਾਰ ਕਰਨ ਲਈ ਈਸਾਈ ਮਿਸ਼ਨਰੀਆਂ ਨੇ ਇਸ ਪਾਸੇ ਵੀ ਪਹਿਲ ਕੀਤੀ ।ਲੁਧਿਆਣਾ ਮਿਸ਼ਨ ਨੇ ਪਿਲਗਰਿਮਜ਼ ਪ੍ਰਗਰੈਸ ਦਾ ਪੰਜਾਬੀ ਤਰਜਮਾ 1859 ਈ. ਵਿਚ ਛਾਪ ਕੇ ਪੰਜਾਬੀ ਸਾਹਿਤ ਵਿਚ ਨਾਵਲ ਨੂੰ ਦਾਖਲ ਕੀਤਾ ।ਇਸੇ ਪੁਸਤਕ ਦਾ ਤਰਜਮਾ ਇਕ ਵਾਰੀ ਫਿਰ

ਅੰਮ੍ਰਿਤਸਰ ਦੇ ਪਾਦਰੀ ਅਤੇ ਐਮ ਵਾਇਲੀ ਨੇ ਕਰਵਾ ਕੇ ਛਾਪਿਆ ,ਇਕ ਭਾਗ 1892 ਈ. ਤੇ ਦੂਜਾ 1898 ਈ. ਵਿਚ ਛਪਿਆ । ਸਿਖਾਂ ਨੂੰ ਦੂਜਿਆਂ ਧਰਮਾਂ ਕੋਲੋਂ ਬਚਾਉਣ ਲਈ ਤੇ ਆਪਣੇ ਧਰਮ ਵਿਚ ਪੱਕਿਆਂ ਕਰਨ ਲਈ ਭਾਈ ਵੀਰ ਸਿੰਘ ਟ੍ਰੈਕਟਾਂ ਰਾਹੀਂ ਯਤਨ ਕਰ ਰਿਹਾ ਸੀ ।ਇਹ ਟ੍ਰੈਕਟ ਹੀ ਕੁਝ ਹਦ ਤਕ ਗੁਰੂ ਨਾਨਕ ਚਮਤਕਾਰ ਤੇ ਕਲਗੀਧਰ ਚਮਤਕਾਰਾਂ ਦੇ ਰੂਪ ਵਿਚ ਬਦਲ ਦਿਤੇ ਗਏ ।ਭਾਈ ਵੀਰ ਸਿੰਘ ਦਾ ਨਾਵਲ ਬਾਬਾ ਨੌਧ ਸਿੰਘ ਵੀ ਪਹਿਲਾਂ ਟ੍ਰੈਕਟਾਂ ਦੀ ਸ਼ਕਲ ਵਿਚ ਹੀ ਛਪਦਾ ਰਿਹਾ ।ਪਰ ਇਸ ਦਾ ਪਹਿਲਾ ਨਾਵਲ ਸੁੰਦਰੀ 1898 ਈ. ਵਿਚ ਛਪਿਆ ਜਿਸ ਦੇ ਛਪਣ ਦਾ ਕਾਰਨ ਇਉਂ ਦਸਿਆ ਗਿਆ ਹੈ :-

> " ਇਸ ਪੁਸਤਕ (ਸੁੰਦਰੀ) ਦੇ ਲਿਖਣ ਤੋਂ ਸਾਡਾ ਤਾਤਪਰਜ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ-ਸੁਣ ਕੇ ਸਿੱਖ ਆਪਣੇ ਧਰਮ ਵਿਚ ਪੱਕੇ ਹੋਣ,ਪ੍ਰਮੇਸ਼ੁਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਭਾਉਣ,ਕੁਰੀਤੀਆਂ ਦਾ ਤਿਆਗ ਹੋਵੇ,ਧਰਮ ਦਾ ਵਾਧਾ ਹੋਵੇ ਅਰ ਸਿੱਖਾਂ ਨੂੰ ਆਪਣੇ ਉਤਮ ਅਸੂਲ ਪਿਆਰੇ ਲੱਗਣ,ਆਪਣੇ ਵਿਚ ਜੱਥੇਬੰਦ ਹੋ ਕੇ ਸਿੰਘ ਦੂਜੀਆਂ ਕੌਮਾਂ ਨੂੰ ਇਕ-ਰਸ ਜਾਣ ਕੇ ਕਿਸੇ ਨਾਲ ਅਤਿ ਵੈਰ ਤੇ ਕਿਸੇ ਨਾਲ ਅਤਿ ਮੋਹ ਨਾ ਕਰਨ ਸਗੋਂ 'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ ' ਵਾਲੀ ਗੁਰੂ ਸਿਖਿਆ ਪੁਰ ਟੁਰ ਕੇ ਅਟੱਲ ਰਹਿਣ[੮] ।"

ਸ. ਮਾਨ ਸਿੰਘ ਐਡਵੋਕੇਟ ਅਗੇ ਜਾ ਕੇ ਲਿਖਦੇ ਹਨ ਕਿ ਇਸ ਪੁਸਤਕ ਦੇ ਲਿਖੇ ਜਾਣ ਦਾ ਮਨੋਰਥ 'ਸਾਹਿਤਯਕ' ਅਥਵਾ 'ਪਾਠਕਾਂ ਨੂੰ ਘੜੀ ਦੋ ਘੜੀ ਦੇ ਬਹਿਲਾਵੇ ਦਾ ਕੰਮ' ਦੇਣ ਦਾ ਨਹੀਂ ਸਗੋਂ 'ਉਦੋਂ ਦੇ ਹਾਕਮਾਂ ਦੇ ਜ਼ੁਲਮ,ਪਰਜਾ ਦੀ ਦੁਖੀ ਦਸ਼ਾ,ਸਿੱਖਾਂ ਦੇ ਕਾਰਨਾਮੇ ਤੇ ਸਿੱਖਾਂ ਦੀਆਂ ਆਪਾ ਵਾਰ ਕੁਰਬਾਨੀਆਂ....... ਓਦੋਂ ਦੇ ਸਿੱਖ ਕਰੈਕਟਰ ਤੇ ਖਾਲਸੇ ਦੇ ਪੰਥਕ ਜੀਵਨ' ਨੂੰ ਪੇਸ਼ ਕਰਨ ਦਾ ਹੈ ਤਾਂ ਜੋ ' ਇਸ ਦੇ ਅਸਰ ਨਾਲ ਸਿੱਖ ਮਰਦ ਇਸਤਰੀਆਂ ਵਿਚ ਕੌਮ ਤੇ ਜੀਵਨ ਦੀ ਮੱਧਮ ਪੈ ਗਈ ਰੌ ਮੁੜ ਰੁਮਕ ਉਠੈ[੯] ।"

ਬਿਜੈ ਸਿੰਘ ਦੀ ਭੂਮਿਕਾ ਵਿਚ ਤਾਂ ਕਰਤਾ ਉਹਦੇ ਲਿਖਣ ਜਾਣ ਦੇ ਉਦੇਸ਼ ਨੂੰ ਇਸਤਰ੍ਹਾਂ ਦਸਦਾ ਹੈ :-

---

੮. ਭਾਈ ਵੀਰ ਸਿੰਘ 'ਸੁੰਦਰੀ' ਮਈ 1970 ਸਫਾ 128 ;

੯. ਉਹੀ .....

" ਇਸ ਪੋਥੀ ਵਿਚ ਕਿਸੇ ਇਕ ਸਮੇਂ ਦੇ ਕੁੱਛ ਹਾਲਾਤ ਸਿਲੇ ਚੁਗਣ ਵਾਂਗੂ ਕੱਠੇ ਕੀਤੇ ਹਨ ।ਕੌਮ ਦੀ ਹਾਲਤ ਬੜੀ ਗਿਰਾਵਟ ਵਿਚ ਹੈ ਤੇ ਇਹ ਇਕ ਤਰਲਾ ਹੈ ਕਿਵੇਂਕੇ ਪੁਰਾਤਨ ਹਾਲਾਤ ਵਾਚਕੇ ਕੌਮ ਵਿਚ ਉਤਸ਼ਾਹ ਭਰੇ ਤੇ ਇਸ ਵਿਚ ਜੀਵਨ ਦੀ ਰੌ ਰੁਮਕ ਪਵੇ ।

ਪੁਸਤਕ ਲਿਖਣੇ ਦਾ ਪ੍ਰਯੋਜਨ ਕੋਈ ਸੁਆਰਥ ਨਹੀਂ, ਨਾ ਕੋਈ ਵਿਦਿਯਕ ਦਿਖਾਵਾ ਹੈ। ਪੰਥਕ ਢੱਠੀ ਪਈ ਇਮਾਰਤ ਦੀ ਉਸਾਰੀ ਵਿਚ ਰਾਮ ਚੰਦਰ ਜੀ ਦੇ ਪੁਲ ਪੁਰ ਗਾਲ੍ਹੜਾਂ ਦੇ ਮਿੱਟੀ ਪਾਉਣ ਦੇ ਜਤਨ ਵਾਂਗੂ ਸੇਵਾ ਵਿਚ ਇਕ ਨਿਕਾ ਜਿਹਾ ਫਰਜ਼ ਅਦਾ ਕਰਨ ਦਾ ਤਰਲਾ ਹੈ[/ਠ] ।"

ਉਪਰੋਕਤ ਦੋਹਾਂ ਟੂਕਾਂ ਚੋਂ ਭਾਈ ਵੀਰ ਸਿੰਘ ਦੇ ਦੋ ਮਨੋਰਥ ਨਜ਼ਰ ਆਉਂਦੇ ਹਨ। ਇਕ ਤਾਂ ਉਹ ਸਿਖ ਇਤਿਹਾਸ ਨੂੰ ਠੀਕ ਰੂਪ ਵਿਚ ਪੇਸ਼ ਕਰਨਾ ਚਾਹੁੰਦਾ ਹੈ ਅਤੇ ਦੂਜਾ ਮਨੋਰਥ ਹੈ ਇਸ ਸਿਖ ਇਤਿਹਾਸ ਦੇ ਮਾਧਿਅਮ ਰਾਹੀਂ ਸਿੱਖਾਂ ਵਿਚ ਧਰਮ ਪ੍ਰਚਾਰ ਕਰਨਾ ਤੇ ਉਨ੍ਹਾਂ ਨੂੰ ਆਪਣੇ ਧਰਮ ਵਿਚ ਪੱਕਿਆਂ ਕਰਨਾ ।ਉਹਨੇ ਸਿਖ ਇਤਿਹਾਸ ਦਾ ਉਹ ਸਮਾਂ ਚੁਣਿਆ ਜਦੋਂ ਸਿਖ ਆਪਣੀ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਸਨ, ਜਦੋਂ ਸੁੱਚਾ ਆਚਰਣ ਭਰੋਸਾ, ਦਲੇਰੀ, ਕੁਰਬਾਨੀ, ਸੰਗਠਣ, ਜ਼ੁਲਮ ਦਾ ਟਾਕਰਾ ਤੇ ਕਮਜ਼ੋਰਾਂ ਦੀ ਮਦਦ ਉਨ੍ਹਾਂ ਦਾ ਈਮਾਨ ਸੀ ।ਅਜਿਹੇ ਇਤਿਹਾਸ ਦੀ ਪੇਸ਼ਕਾਰੀ ਜ਼ਰੂਰੀ ਹੈ ਕਿ ਪਾਠਕਾਂ ਦੇ ਮਨਾਂ ਵਿਚ ਸਿਖੀ ਲਈ ਪਿਆਰ ਤੇ ਸ਼ਰਧਾ ਪੈਦਾ ਕਰੇ ਤੇ ਉਹ ਆਪਣੇ ਧਰਮ ਵਿਚ ਪੱਕੇ ਰਹਿਣ। ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਬੇਅੰਤ ਮੁਸੀਬਤਾਂ ਝਾਗਦੇ ਹਨ, ਕੈਦ ਹੋਕੇ ਦੇਸੋਂ ਬਦੇਸ ਧੱਕੇ ਜਾਂਦੇ ਹਨ, ਉਨ੍ਹਾਂ ਦਾ ਧਰਮ ਭ੍ਰਿਸ਼ਟ ਕਰਨ ਲਈ ਅਨੇਕਾਂ ਯਤਨ ਹੁੰਦੇ ਹਨ, ਉਹ ਪੂਰਨ ਗੁਰਸਿਖ, ਆਪਣੀ ਰਹਿਤ ਮਰਯਾਦਾ ਵਿਚ ਕਾਇਮ ਰਹਿੰਦੇ ਹੋਏ ਸਗੋਂ ਦੂਜਿਆਂ ਨੂੰ ਸਿਖ ਬਣਾ ਲੈਂਦੇ ਹਨ। ਇਹੀ ਸਿੰਘ ਸਭਾ ਲਹਿਰ ਦਾ ਉਦੇਸ਼ ਹੈ ਜਿਸ ਨੂੰ ਪਾਤਰਾਂ ਰਾਹੀਂ ਭਾਈ ਵੀਰ ਸਿੰਘ ਪ੍ਰਚਾਰਦਾ ਹੈ ।

ਭਾਈ ਵੀਰ ਸਿੰਘ ਦੇ ਇਤਿਹਾਸਕ ਨਾਵਲਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਜਿਹੜਾ ਸਮਾਂ ਨਾਵਲਾਂ ਵਿਚ ਪੇਸ਼ ਕੀਤਾ ਗਿਆ ਹੈ, ਉਹਦੇ ਪਾਤਰ ਉਸ ਸਮੇਂ ਦੇ ਹਾਣੀ ਨਹੀਂ

---

/ਠ. ਭਾਈ ਵੀਰ ਸਿੰਘ ਬਿਜੈ ਸਿੰਘ (ਦਸੰਬਰ 1947) ਸਫਾ ੲ ।

ਬਣ ਸਕੇ ਤੇ ਨਾਹੀ ਉਸ ਸਮੇਂ ਦੇ ਪੰਜਾਬੀਆਂ ਨੂੰ ਯਥਾਰਥ ਰੂਪ ਵਿਚ ਪੇਸ਼ ਕੀਤਾ ਗਿਆ ਹੈ ।ਇਹ ਵੀ ਕਿਹਾ ਜਾਂਦਾ ਹੈ ਕਿ ਉਹਦੇ ਨਾਵਲਾਂ ਦੇ ਸਿਖ ਪਾਤਰ ਤਾਂ ਹਰ ਤਰ੍ਹਾਂ ਨਾਲ ਪੂਰੇ ਸੂਰੇ ਮਨੁਖ ਹਨ ਜਿਹੜੇ ਹਾਲਾਤ ਨਾਲ ਟੱਕਰਾਂ ਲੈ ਕੇ ਜਿੱਤਾਂ ਪ੍ਰਾਪਤ ਕਰਦੇ ਹਨ ਪਰ ਇਹਦੇ ਟਾਕਰੇ ਤੇ ਮੁਸਲਮਾਨ ਅਤੇ ਹਿੰਦੂ ਬਹੁਤ ਹੀ ਭੈੜੀ ਤਰ੍ਹਾਂ ਰੰਗ ਕੇ ਪੇਸ਼ ਕੀਤੇ ਹਨ ।ਮੁਸਲਮਾਨ ਤਾਂ ਜ਼ਾਲਮ,ਜ਼ਨਾਹੀ,ਮੱਕਾਰ,ਤੇ ਕ੍ਰਿਤਘਣ ਹਨ ਅਤੇ ਹਿੰਦੂ ਡਰਪੋਕ ਮਰੂੰ ਮਰੂੰ ਕਰਦੇ,ਧੋਖੇ ਬਾਜ਼ ਹਨ ।ਸ. ਸ਼ਾਮ ਸਿੰਘ ਜੱਥੇਦਾਰ ਮੁਗਲਾਂ ਨਾਲ ਲੜਾਈ ਦਾ ਕਾਰਨ ਦਸਦਾ ਹੈ ,

> " ਅਸਾਂ ਤਾਂ ਅਨਿਆਏ ਦਾ ਨਾਸ਼ ਕਰਨਾ ਹੈ ਅਤੇ ਪੂਰਾ ਤੋਲਨਾ ਹੈ ।ਇਸ ਵੇਲੇ ਜੋ ਹਾਕਮ ਜ਼ੁਲਮ ਕਰ ਰਹੇ ਹਨ ਅਸਾਂ ਤਾਂ ਉਨ੍ਹਾਂ ਨੂੰ ਸੋਧਣਾਂ ਹੈ।ਸਾਡਾ ਤੁਰਕਾਂ ਨਾਲ ਤੇ ਪਠਾਣਾਂ ਨਾਲ ਉਨ੍ਹਾਂ ਦੇ ਮੁਸਲਮਾਨ ਹੋਣ ਪਿਛੇ ਕੋਈ ਵੈਰ ਨਹੀਂ ।ਸਾਡਾ ਮੁਗ਼ਲਾਂ ਦੇ ਰਾਜ ਨੂੰ ਨਾਸ਼ ਕਰਨ ਦਾ ਮਤਲਬ ਇਹ ਹੈ ਕਿ ਉਹ ਪਾਤਸ਼ਾਹ ਹੋ ਕੇ ਪਰਜਾ ਨੂੰ ਦੁਖ ਦਿੰਦੇ ਹਨ।ਨਿਆਉਂ ਨਹੀਂ ਕਰਦੇ ਵੱਢੀਆਂ ਲੈ ਲੋਕਾਂ ਦਾ ਨਾਸ ਕਰਦੇ ਹਨ।ਬੇਗੁਨਾਹਾਂ ਅਤੇ ਨਿਰਦੋਸ਼ਾਂ ਨੂੰ ਮਰਵਾ ਸੁਟਦੇ ਹਨ ।ਮਾਮਲਾ ਲੈਂਦੇ ਹਨ ਤੇ ਪਰਜਾ ਦੀ ਰਾਖੀ ਨਹੀਂ ਕਰਦੇ ।ਧਰਮ ਵਿਚ ਦਖ਼ਲ ਦਿੰਦੇ ਹਨ।ਮੱਲੋਮੱਲੀ ਧਰਮਹੀਨ ਕਰਦੇ ਹਨ [11] ।"

ਇਸ ਤੋਂ ਇਹ ਗੱਲ ਨਿਕਲਦੀ ਹੈ ਕਿ ਉਸ ਸਮੇਂ ਹਾਕਮ ਭੈੜੇ ਸਨ,ਲੋਕਾਂ ਨੂੰ ਤੰਗ ਕਰਦੇ ਸਨ,ਧਰਮ ਵਿਚ ਦਖਲ ਦਿੰਦੇ ਸਨ,ਇਨਸਾਫ਼ ਨਹੀਂ ਸਨ ਕਰਦੇ,ਜ਼ਬਰਦਸਤੀ ਧਰਮਹੀਨ ਕਰਦੇ ਸਨ ਅਤੇ ਇਸ ਲਈ ਸਿਖ ਅਜਿਹੀਆਂ ਗੱਲਾਂ ਤੋਂ ਰੋਕਣ ਲਈ ਉਨ੍ਹਾਂ ਨਾਲ ਲੋਹਾ ਲੈਂਦੇ ਸਨ ।ਸੋ ਮੋਟੀ ਗੱਲ ਧਰਮ ਵਿਚ ਦਖਲ ਦੇਣ ਦੀ ਹੈ।ਸਿਖ ਰਾਜ ਸੱਤਾ ਖੋਹਣ ਲਈ ਨਹੀਂ,ਸਗੋਂ ਮੁਗਲਾਂ ਦਾ ਸੁਧਾਰ ਕਰਨ ਲਈ ਉਨ੍ਹਾਂ ਨਾਲ ਲੜਦੇ ਸਨ।ਲੇਖਕ ਤੇ ਇਹ ਸਵਾਲ ਕੀਤਾ ਜਾਂਦਾ ਹੈ ਕਿ ਕੀ ਮੁਗਲਾਂ ਦੇ ਜ਼ੁਲਮ ਨਾਲ ਉਨ੍ਹਾਂ ਦੇ ਰਾਜ ਦਾ ਕੋਈ ਸਬੰਧ ਨਹੀਂ ਸੀ ? ਹਿੰਦੂ ਕਿਉਂ ਅਜਿਹਾ ਨਹੀਂ ਸਨ ਕਰ ਸਕਦੇ ? ਤੇ ਇਸ ਦਾ ਸਿੱਧਾ ਜਵਾਬ ਹੈ ਕਿ ਇਨ੍ਹਾਂ ਜ਼ਾਲਮਾਂ ਦੀ ਪਿਠ ਤੇ ਰਾਜ ਸੱਤਾ ਸੀ ਤੇ ਜਿਨ੍ਹਾਂ ਚਿਰ ਰਾਜ ਸੱਤਾ ਖੋਹੀ ਨਹੀਂ ਜਾਂਦੀ,ਜ਼ੁਲਮ ਬੰਦ ਨਹੀਂ ਹੋ ਸਕਦੇ ।ਪਰ ਭਾਈ ਵੀਰ ਸਿੰਘ ਦੇ ਸਿਖ ਪਾਤਰ ਤਾਂ

---

11. ਭਾਈ ਵੀਰ ਸਿੰਘ 'ਸੁੰਦਰੀ'ਸਫਾ 120 ;

ਸ਼ੀਲ ਕੌਰ ਤੇ ਬਿਜੈ ਸਿੰਘ ਮੁਰਾਦ ਬੇਗਮ ਨੂੰ ਲੰਮੇ ਰਾਜ ਦੀਆਂ ਅਸੀਸਾਂ ਦਿੰਦੇ ਤੇ ਬੇਗਮ ਦੇ ਖੁਸਦੇ ਰਾਜ ਨੂੰ ਕਾਇਮ ਰਖਣ ਲਈ ਦਲੀਲਾਂ ਦਿੰਦੇ ਹਨ ।ਇਸਤਰ੍ਹਾਂ ਇਹ ਪਾਤਰ ਆਪਣੇ ਸਮੇਂ ਦਾ ਸੱਚ ਨਹੀਂ ਚਿਤਰਦੇ ਜਾਪਦੇ ।

ਭਾਈ ਵੀਰ ਸਿੰਘ ਦੇ ਦੂਜਿਆਂ ਧਰਮਾਂ ਦੇ ਸਾਰੇ ਪਾਤਰ ਹੀ ਭੈੜੇ ਨਹੀਂ ਉਨ੍ਹਾਂ ਵਿਚ ਕੁਝ ਚੰਗੇ ਵੀ ਹਨ।ਬਿਜੈ ਸਿੰਘ ਵਿਚ ਫਕੀਰ ਸਯਦ ਸਾਬਰ ਸ਼ਾਹ ਸਿੱਖਾਂ ਦਾ ਹਮਦਰਦ ਪਾਤਰ ਹੈ ਜਿਹੜਾ ਉਨ੍ਹਾਂ ਦੀ ਸਹਾਇਤਾ ਕਰਦਾ ਹੈ।ਸਤਵੰਤ ਕੌਰ ਵਿਚ ਫਾਤਮਾ ਹੈ ਜਿਹੜੀ ਧਰਮ ਨੂੰ ਇਕ ਪਾਸੇ ਰਖ ਕੇ ਸਤਵੰਤ ਕੌਰ ਦੀ ਬੜੀ ਮਦਦ ਕਰਦੀ ਹੈ,ਬਿਜੈ-ਸਿੰਘ ਵਿਚ ਲੀਲਾ ਰਾਮ,ਤੇ ਸੁੰਦਰੀ ਵਿਚ ਦੀਵਾਨ ਕੌੜਾ ਮਲ ਤੇ ਸਤਵੰਤ ਕੌਰ ਵਿਚ ਸਖੀ ਅਤੇਅਲੰਬਾ ਸਿੰਘ ਦੀ ਖਿਡਾਵੀ ਨੁਕਰੋ ਜਾਂ ਪੁੰਨਾ । " ਜੇ ਅਜਿਹੇ ਦੂਜੀ ਸ੍ਰੇਣੀ ਦੇ ਕਈ ਹੋਰ ਪਾਤਰ ਆ ਜਾਂਦੇ ਤਾਂ ਇਨ੍ਹਾਂ ਦੀ ਕਹਾਣੀ ਵਧੇਰੇ ਭਰਪੂਰ ਤੇ ਰਸਮਈ ਬਣ ਜਾਂਦੀ ਅਤੇ ਸਿੱਖ ਮੁਸਲਮਾਨ ਤੇ ਹਿੰਦੂ ਪਾਤਰਾਂ ਵਿਚ ਸਮਤੋਲ ਬਣ ਜਾਂਦਾ[12] ।" ਤੇ 'ਭਾਈ ਵੀਰ ਸਿੰਘ ਦੀ ਕਲਾ ਲਈ ਬਹੁਤਾ ਚੰਗਾ ਹੁੰਦਾ ਜੇ ਉਹ ਇਹਨਾਂ ਨਾਵਲਾਂ ਵਿਚ ਸਾਬਰ ਸ਼ਾਹ ਵਰਗੇ ਫਕੀਰਾਂ ਤੇ ਫਾਤਮਾਂ ਵਰਗੀਆਂ ਇਸਤਰੀਆਂ ਨੂੰ ਵਧੇਰੇ ਗਿਣਤੀ ਵਿਚ ਪ੍ਰਵੇਸ਼ ਕਰਵਾਂਦਾ ਅਤੇ ਕੁਝ ਹੋਰ ਵੀ ਨੇਕ ਸੁਭਾਅ ਵਾਲੇ ਮੁਸਲਮਾਨ ਪਾਤਰਾਂ ਦੀ ਸਿਰਜਣਾ ਕਰਦਾ[13] ।"

ਭਾਈ ਵੀਰ ਸਿੰਘ ਦੇ ਸਿੱਖ ਪਾਤਰ ਜਦੋਂ ਵੀ ਕਿਸੇ ਮੁਸੀਬਤ ਵਿਚ ਫਸਦੇ ਹਨ ਕਿਸੇ ਨਾ ਕਿਸੇ ਢੰਗ ਨਾਲ ਬਚ ਜਾਂਦੇ ਹਨ ਜਿਵੇਂ ਬਿਜੈ ਸਿੰਘ ਵਿਚ ਸ਼ੀਲ ਕੌਰ ਬਚਦੀ ਹੈ ਤੇ ਜਿਵੇਂ 'ਸੁੰਦਰੀ' ਵਿਚ ਸੁੰਦਰੀ ਤੇ 'ਬਿਜੈ ਸਿੰਘ' ਵਿਚ ਬਿਜੈ ਸਿੰਘ ਦੀ ਮਦਦ ਨੂੰ ਝਟ ਫੌਜਾਂ ਪਰਗਟ ਹੋ ਜਾਂਦੀਆਂ ਹਨ।ਪਰ ਇਹ ਗੱਲ ਵੀ ਅਸਲੀਅਤ ਦੇ ਅਨੁਕੂਲ ਨਹੀਂ । ਉਸ ਸਮੇਂ ਦੇ ਆਜ਼ਾਦ ਸਿਖ ਤਾਂ ਬਰਾਬਰ ਦਾ ਟਾਕਰਾ ਕਰਦੇ ਸਨ ਪਰ ਜਿਹੜੇ ਕੈਦੀ ਹੋ ਜਾਂਦੇ ਸਨ ਉਨ੍ਹਾਂ ਦਾ ਧਰਮ ਗੁਆ ਬੈਠਣਾ ਕੋਈ ਅਸੁਭਾਵਕ ਗੱਲ ਨਹੀਂ ਸੀ ।ਕੈਦੀਆਂ ਦੇ ਕੇਸਾਂ ਦੇ ਕਤਲ ਕੀਤੇ ਜਾਣ ਤੇ ਉਨ੍ਹਾਂ ਨੂੰ ਕੁੱਠਾ ਖੁਆਏ ਜਾਣ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ ।

---

12. ਸੰਤ ਸਿੰਘ ਸੇਖੋਂ ,'ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁਗ' ਸਫਾ 65;
13. ਉਹੀ ਸਫਾ 64 ;

ਭਾਈ ਵੀਰ ਸਿੰਘ ਨੇ ਸਭ ਹਿੰਦੂਆਂ ਨੂੰ ਕਾਇਰ ਤੇ ਧੋਖੇ ਬਾਜ਼ ਕਹਿ ਕੇ ਨਿੰਦ ਦਿਤਾ ਹੈ । ਪਰ ਕੀ ਇਹ ਅਸਲੀਅਤ ਨਹੀਂ ਕਿ ਸਿਖਾਂ ਦੇ ਮਦਦਗਾਰ ਤੇ ਉਨ੍ਹਾਂ ਦੀ ਗਿਣਤੀ ਕਾਇਮ ਰੱਖਣ ਵਾਲੇ ਹਿੰਦੂ ਹੀ ਸਨ । ਜੇ ਸਿਖ ਘਰ ਬਾਹਰ ਛਡ ਛਡਾ ਕੇ ਜੰਗਲਾਂ ਵਿਚ ਨੱਸ ਗਏ ਹੋਣ, ਜੇ ਉਨ੍ਹਾਂ ਦਾ ਹਰ ਵੇਲੇ ਸ਼ਿਕਾਰ ਹੁੰਦਾ ਰਹੇ ਤਾਂ ਉਹ ਕਿੰਨਾ ਕੁ ਚਿਰ ਕਾਇਮ ਰਹਿ ਸਕਦੇ ਸਨ ਜੇ ਕਰ ਉਹ ਹਿੰਦੂ ਜਿਹੜੇ ਜ਼ੁਲਮ ਨਾ ਸਹਿਣ ਕਰਕੇ ਹਕੂਮਤ ਤੋਂ ਬਾਗੀ ਹੋਕੇ ਉਨ੍ਹਾਂ ਨਾਲ ਨਾਮਿਲ ਜਾਂਦੇ ਹੋਣ । ਇਥੇ ਹੀ ਬਸ ਨਹੀਂ, ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਬਹੁਤ ਸਾਰੇ ਮੁਸਲਮਾਨ ਵੀ ਹਕੂਮਤ ਦੇ ਜ਼ੁਲਮ ਵਿਰੁਧ ਲੜਨ ਲਈ ਸਿੱਖਾਂ ਨਾਲ ਜਾ ਮਿਲਦੇ ਰਹੇ ਹਨ। ਪੀਰ ਬੁਧੂ ਸ਼ਾਹ ਦਾ ਆਪਣੇ ਪੁਤਰਾਂ ਨੂੰ ਗੁਰੂ ਗੋਬਿੰਦ ਸਿੰਘ ਵਲੋਂ ਮੁਗਲਾਂ ਨਾਲ ਲੜਾਨਾ ਇਸ ਗੱਲ ਦੀ ਗਵਾਹੀ ਭਰਦਾ ਹੈ। ਖਾਸ ਕਰਕੇ ਜੇ ਹਿੰਦੂ ਜ਼ਖੀਰਾ ਨਾ ਹੁੰਦਾ ਤਾਂ ਸਿੱਖਾਂ ਦਾ ਆਪਣੀ ਗਿਣਤੀ ਨੂੰ ਕਾਇਮ ਰਖਣਾ ਬੜਾ ਮੁਸ਼ਕਿਲ ਹੋ ਜਾਂਦਾ । ਸੋ ਭਾਈ ਵੀਰ ਸਿੰਘ ਨੇ ਇਸ ਇਤਿਹਾਸਕ ਸੱਚਾਈ ਨੂੰ ਅੱਖੋਂ ਪਰੋਖੇ ਕਰਕੇ ਪਖਪਾਤੀ ਨਜ਼ਰੀਆ ਅਪਣਾਇਆ ਹੈ। ਪੱਖ ਪਾਤੀ ਨਜ਼ਰੀਆ ਤਾਂ ਉਸ ਵੇਲੇ ਵੀ ਨਜ਼ਰ ਆ ਜਾਂਦਾ ਹੈ ਜਦੋਂ ਇਕ ਸੁਕੜੂ ਜਿਹੇ ਹਿੰਦੂ ਦੀ ਅੰਮ੍ਰਿਤ ਛੱਕ ਕੇ ਕਾਇਆ ਕਲਪ ਹੋ ਜਾਂਦੀ ਹੈ। ਉਹਨੇ ਉਸ ਗੁਣ ਵਲ ਧਿਆਨ ਦਿਤਾ ਹੀ ਨਹੀਂ ਕਿ ਉਹ ਸਿਖ ਸਜ ਕੇ ਸਿਰ ਦਾ ਸੌਦਾ ਕਰਨ ਲਈ ਕਿਉਂ ਤਿਆਰ ਹੋਇਆ ਹੈ । ਉਹਦੇ ਸਿੱਖ ਬਣਨ ਦਾ ਕਾਰਨ ਵੀ ਬੜਾ ਹਾਸੋਹੀਣਾ ਬਣਾਇਆ ਗਿਆ ਹੈ ਉਹ ਇਹ ਹੈ ਕਿ ਉਹ ਮਾਪਿਆਂ ਤੋਂ ਚੋਰੀ ਸਿੱਖਾਂ ਨੂੰ ਮਿਲਦਾ ਹੁੰਦਾ ਸੀ, ਜਪੁਜੀ, ਰਹਿਰਾਸ਼ ਬਾਣੀਆਂ ਕੰਠ ਕਰਕੇ ਭੈਣ ਨੂੰ ਵੀ ਪਾਠ ਤੇ ਧਰਮ ਦੀਆਂ ਗੱਲਾਂ ਸਿਖਲਾਂਦਾ ਹੁੰਦਾ ਸੀ । ਪਰ ਜਦ ਸ਼ਰਧਾ ਬਹੁਤ ਵਧੀ ਤਾਂ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ । ਲੇਖਕ ਕਹਿ ਰਿਹਾ ਹੈ ਕਿ ਬਲਵੰਤ ਸਿੰਘ ਸਿਰਫ ਬਾਣੀ ਦੇ ਪ੍ਰੇਮ ਕਰਕੇ ਹੀ ਸਿੰਘ ਸਜਿਆ ਹੈ ਜਾਂ ਇਹ ਕਹੀਏ ਕਿ ਉਹਨੂੰ ਸਿਖੀ ਆਚਰਣ ਦੀ ਕਿਸੇ ਹੋਰ ਗੱਲ ਨੇ ਆਪਣੇ ਵਲ ਨਹੀਂ ਖਿਖਿਆ । ਪਰ ਇਹ ਗੱਲ ਉਸ ਸਮੇਂ ਦਾ ਸੱਚ ਨਹੀਂ, ਜੇ ਫਾਤਮਾ, ਬੀਬੀ ਆਸ ਕੌਰ ਦੀ ਸਖੀ ਅਤੇ ਅਲੰਬਾ ਸਿੰਘ ਦੀ ਖਿਡਾਵੀ ਨੁਕਰੋ ਜਾਂ ਪੁੰਨਾ ਵਿਚ ਕੋਈ ਗੁਣ ਪੈਦਾ ਹੋਏ ਹਨ ਤਾਂ ਉਹ ਸਿਖਾਂ ਦੀ ਸੰਗਤ ਦੇ ਅਸਰ ਕਰਕੇ ਹੀ ਹਨ। ਜੇ ਲੀਲਾ ਰਾਮ ਤੇ ਦੀਵਾਨ ਕੌੜਾ ਮਲ ਆਮ ਹਿੰਦੂਆਂ ਨਾਲੋਂ ਵਖਰੇ ਹਨ ਤਾਂ ਕੇਵਲ ਇਸ ਲਈ ਕਿ ਉਹ ਸਹਿਜਧਾਰੀ ਸਿਖ ਹਨ । ਜੇ ਸਾਹਿਤਕਾਰ ਚਾਹੁੰਦਾ ਤਾਂ ਹਿੰਦੂਆਂ ਦੀ ਸ਼੍ਰੇਣੀ ਵੰਡ ਕਰਕੇ ਦਸਦਾ ਕਿ ਉਹ ਦੋ ਸ਼੍ਰੇਣੀਆਂ ਵਿਚ ਵੰਡੇ ਹੋਏ ਸਨ, ਇਕ ਉਹ ਜਿਨ੍ਹਾਂ ਨੇ ਸਮੇਂ ਦੇ ਜ਼ੁਲਮ ਅਗੇ ਗੋਡੇ ਟੇਕ ਦਿਤੇ ਸਨ ਜਾਂ ਉਸ ਜ਼ੁਲਮ ਦੇ ਅਨੁਸਾਰੀ ਹੋ ਗਏ ਸਨ ਤੇ ਦੂਜੇ ਉਹ ਜਿਹੜੇ ਇਸ ਜ਼ੁਲਮ ਦੇ ਵਿਰੁਧ ਡਟ ਕੇ ਖੜੇ ਹੋ ਜਾਂਦੇ ਸਨ। ਇਹ

ਇਕ ਇਤਿਹਾਸਕ ਸੱਚਾਈ ਸੀ ਜਿਸ ਨੂੰ ਲੇਖਕ ਚੰਗੀ ਤਰ੍ਹਾਂ ਜਾਣਦਾ ਸੀ ਕਿਉਂਕਿ ਉਹਨੇ ਇਹ ਨਾਵਲ ਲਿਖਣ ਲਈ ਬਹੁਤ ਸਾਰੇ ਗ੍ਰੰਥ ਪੜ੍ਹੇ ,ਕਈਆਂ ਥਾਵਾਂ ਤੇ ਆਪ ਜਾ ਕੇ ਤਸੱਲੀ ਕੀਤੀ ।[14]

ਭਾਈ ਵੀਰ ਸਿੰਘ ਨੇ ਸਿਖ ਇਤਿਹਾਸ ਦਾ ਸਮਾਂ ਤਾਂ ਉਹ ਚੁਣਿਆ ਹੈ,ਜਿਹੜਾ ਹਰ ਲਿਹਾਜ਼ ਨਾਲ ਬੜਾ ਸ਼ਾਨਦਾਰ ਸੀ,ਜਿਸ ਉਤੇ ਸਿੱਖ ਅਜੇ ਵੀ ਮਾਨ ਕਰਦੇ ਹਨ ਤੇ ਜਿਸ ਬਾਰੇ ਇਤਿਹਾਸਕਾਰਾਂ ਨੇ ਬਹੁਤ ਚੰਗਾ ਲਿਖਿਆ ਹੈ।ਇਸ ਸਮੇਂ ਵਿਚ 'ਪਹਿਲੀ ਵਾਰ ਸਿਖਾਂ ਦੇ ਰੂਪ ਵਿਚ ਪੰਜਾਬੀ ਕਿਰਸਾਣੀ ਨੇ ਜਥੇਬੰਦ ਰੂਪ ਵਿਚ ਜਾਗੀਰਦਾਰੀ ਵਿਰੁਧ ਘੋਲ ਜਾਰੀ ਕੀਤਾ ਜਿਸ ਨੂੰ ਮੁਗਲਾਂ ਦੇ ਵਧਦੇ ਜ਼ੁਲਮ ਨੇ ਹੋਰ ਤਿਖਾ ਕੀਤਾ ।" ਪਰ ਉਹਦੇ ਬਿਜੈ ਸਿੰਘ ਜਹੇ ਨਾਇਕ ਇਹ ਕਹਿੰਦੇ ਹਨ, "ਮਾਂ ਜੀ । ਤੁਹਾਡੀ ਖਾਤਰ ਮੈਂ ਇਦਾਂ ਕਰ ਸਕਦਾ ਹਾਂ ਕਿ ਇਸ ਘਰ ਵਿਚ ਇਕ ਕਮਰਾ ਮੈਨੂੰ ਦੇ ਛੱਡੋ,ਮੈਂ ਜੀਵਨ ਦੇ ਦਿਨ ਉਥੇ ਕਟ ਲਵਾਂਗਾ ।ਬਾਹਰ ਨਿਕਲਨਾ ,ਕਿਸੇ ਦੇ ਮੱਥੇ ਲਗਣਾ ਸਭ ਤਿਆਗ ਦਿਆਂਗਾ।ਨਾ ਕਿਸੇ ਨੂੰ ਪਤਾ ਲੱਗੇ ਨਾ ਆਪ ਨੂੰ ਸੋਖ ਦੇਵੇ ,ਪਰ ਮੈਂ ਇਹ ਨਹੀਂ ਕਰ ਸਕਦਾ ਕਿ ਥੋੜ੍ਹੇ ਦਿਨਾਂ ਦੇ ਜੀਵਨ ਦੀ ਖਾਤਰ ਸਦਾ ਅੰਗ ਸੰਗ ਰਹਿਣ ਵਾਲੇ ਧਰਮ ਦਾ ਤਿਆਗ ਕਰ ਦਿਆਂ"।[15] ਕੋਈ ਪੁਛੇ ਕਿ ਜੇ ਕਮਰੇ ਵਿਚ ਲੁਕ ਕੇ ਹੀ ਧਰਮ ਨੂੰ ਅੰਗ ਸੰਗ ਰਖਣਾ ਹੈ ਤਾਂ ਕੀ ਲੋੜ ਪਈ ਹੈ ਅਜਿਹਾ ਪਖੰਡ ਕਰਨ ਦੀ ।

ਪਰ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਭਾਈ ਵੀਰ ਸਿੰਘ ਨਾਵਲ ਨਹੀਂ ਸੀ ਲਿਖ ਰਿਹਾ,ਉਹ ਤਾਂ ਸਿਖ ਧਰਮ ਦਾ ਪਰਚਾਰ ਕਰ ਰਿਹਾ ਸੀ ਗਲਪ ਦੇ ਮਾਧਿਅਮ ਰਾਹੀਂ ।ਜੇ ਨਾਵਲ ਦੀ ਬਣਤਰ ਵਿਚ ਨੁਕਸ ਹਨ ਤਾਂ ਕੋਈ ਗੱਲ ਨਹੀਂ,ਨੁਕਸ ਹੋਰ ਪਏ ਹੋਣ ਪਰ ਅਸਾਂ ਵੇਖਣਾ ਹੈ ਕਿ ਕੀ ਉਹ ਆਪਣੇ ਉਦੇਸ਼ ਵਿਚ ਸਫਲ ਹੋਇਆ ਹੈ ਜਾਂ ਨਹੀਂ ਤੇ ਉਹ ਉਦੇਸ਼ ਸੀ ਲੋਕਾਂ ਦੇ ਦਿਲਾਂ ਵਿਚ ਸਿਖੀ ਪਿਆਰ ਪੈਦਾ ਕਰਨਾ,ਇਸ ਉਦੇਸ਼ ਵਿਚ ਉਹ ਬਹੁਤ ਹੀ ਸਫਲ ਹੋਇਆ ਇਹੀ ਕਾਰਨ ਹੈ ਕਿ ਉਹਦੇ ਨਾਵਲ ਲੱਖਾਂ ਦੀ ਗਿਣਤੀ ਵਿਚ ਛਪ ਚੁਕੇ ਹਨ ਤੇ ਅਜੇ ਛਪਦੇ ਪਏ ਹਨ।ਸਾਨੂੰ ਇਹ ਖਿਆਲ ਰਖਣਾ ਚਾਹੀਦਾ ਹੈ ਕਿ ਇਹ ਨਾਵਲ ਕਲਾ ਦੇ ਨਜ਼ਰੀਏ ਤੋਂ ਨਹੀਂ ਲਿਖੇ ਗਏ,ਸਿਰਫ ਧਰਮ ਪ੍ਰਚਾਰ ਦੇ ਆਸ਼ੇ ਨੂੰ ਮੁਖ ਰਖ ਕੇ ਲਿਖੇ ਗਏ ਹਨ ।

---

14. ਡਾ: ਸੁਰਿੰਦਰ ਸਿੰਘ ਦੁਸਾਂਝ' ਪੰਜਾਬੀ ਇਤਿਹਾਸਕ ਨਾਵਲ' ਸਫਾ 36 ;
15. ਭਾਈ ਵੀਰ ਸਿੰਘ,'ਬਿਜੈ ਸਿੰਘ' ,ਸਫਾ 14 ;

ਇਨ੍ਹਾਂ ਵਿਚ ਜੇ ਕਰ ਮੁਸਲਮਾਨ ਤੇ ਹਿੰਦੂ ਪਾਤਰ ਘਟੀਆ ਹਨ ਤਾਂ ਇਹ ਕੋਈ ਲੇਖਕ ਦਾ ਦੋਸ਼ ਨਹੀਂ ।ਲੇਖਕ ਤਾਂ ਚਾਹੁੰਦਾ ਹੀ ਇਹ ਹੈ ਕਿ ਹਿੰਦੂਆਂ ਮੁਸਲਮਾਨਾਂ ਨੂੰ ਘਟੀਆ ਤੇ ਸਿਖਾਂ ਨੂੰ ਵਧੀਆ ਦਸਿਆ ਜਾਏ ।ਜੇ ਨਾਵਲਾਂ ਦੀ ਕਹਾਣੀ ਦੀ ਤੋਰ ਪਰਚਾਰ ਦੇ ਪਰਛਾਵੇਂ ਹੇਠ ਸਹਿਮ ਜਾਂਦੀ ਹੈ ਤਾਂ ਲੇਖਕ ਨੂੰ ਕੋਈ ਪਰਵਾਹ ਨਹੀਂ,ਉਹ ਪਰਚਾਰ ਤਾਂ ਕਰ ਗਿਆ ਹੈ ।ਵੇਖਣਾ ਇਹ ਹੈ ਕਿ ਉਹ ਇਨ੍ਹਾਂ ਨਾਵਲਾਂ ਵਿਚ ਸਿੰਘ ਸਭਾ ਦੇ ਆਸ਼ੇ ਅਨੁਸਾਰ ਧਰਮ ਪਰਚਾਰ ਕਰ ਗਿਆ ਹੈ ਜਾਂ ਨਹੀਂ ।ਕੀ ਸਿਖ ਮੁਸ਼ਕਲਾਂ ਨਹੀਂ ਸਹਾਰਦੇ, ਕੀ ਰੱਬ ਉਨ੍ਹਾਂ ਨੂੰ ਲੋੜ ਵੇਲੇ ਨਹੀਂ ਬਹੁੜਦਾ,ਕੀ ਅੰਮ੍ਰਿਤ ਛਕ ਕੇ ਸੁਕੜੂ ਜਿਹਾ ਹਿੰਦੂ ਤਾਕਤਵਰ ਸਿਖ ਨਹੀਂ ਬਣ ਜਾਂਦਾ,ਇਹੀ ਕੁਝ ਲੇਖਕ ਚਾਹੁੰਦਾ ਹੈ।ਉਹ ਨਹੀਂ ਚਾਹੁੰਦਾ ਕਿ ਉਹਦੇ ਪਾਤਰ ਧਰਮ ਦੇ ਨਾਂ ਤੋਂ ਇਲਾਵਾ ਕਿਸੇ ਹੋਰ ਨਾਂ ਹੇਠ ਹਕੂਮਤ ਨਾਲ ਲੜਨ । ਲੇਖਕ ਦੇ ਵੇਲੇ ਦੀ ਸਰਕਾਰ ਨਾਲ ਤਾਂ ਲੜਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ,ਕਿਉਂਕਿ ਇਹ ਕਿਸੇ ਦੇ ਧਰਮ ਵਿਚ ਦਖਲ ਨਹੀਂ ਦਿੰਦੀ ।ਸਿੱਖਾਂ ਨੂੰ ਸਮੇਂ ਦੀ ਸਰਕਾਰ ਦੇ ਵਫ਼ਾਦਾਰ ਬਣਾਉਣਾ ਸਿੰਘ ਸਭਾ ਲਹਿਰ ਦਾ ਮੰਤਵ ਸੀ ।ਤੇ ਇਸ ਵਿਚ ਭਾਈ ਵੀਰ ਸਿੰਘ ਸਫਲ ਰਿਹਾ ਹੈ।ਜਿਥੋਂ ਤਕ ਸਿਖੀ ਦੇ ਪਰਚਾਰ ਦਾ ਸੰਬੰਧ ਹੈ ਇਨ੍ਹਾਂ ਨਾਵਲਾਂ ਨੂੰ ਪੜ੍ਹ ਕੇ ਕਈਆਂ ਨੂੰ ਇਸ ਧਰਮ ਨਾਲ ਪਿਆਰ ਪੈਦਾ ਹੋਇਆ ਤੇ ਕਈ ਇਹ ਨਾਵਲ ਪੜ੍ਹਕੇ ਹੀ ਸਿੰਘ ਸਜੇ। ਪ੍ਰਿ: ਜੋਧ ਸਿੰਘ ਨੇ ਲਿਖਿਆ ਹੈ ਕਿ ਮਾਸਟਰ ਤਾਰਾ ਸਿੰਘ ਵੀ ਸੁੰਦਰੀ ਪੜ੍ਹ ਕੇ ਹਿੰਦੂ ਤੋਂ ਸਿਖ ਬਣਿਆ ਸੀ ।ਭਾਈ ਵੀਰ ਸਿੰਘ ਨੇ ਤਾਂ ਆਪਣੇ ਧਰਮ ਦਾ ਪਰਚਾਰ ਕਰਨਾ ਹੈ, ਅਜਿਹਾ ਕਰਦਿਆਂ ਜੇ ਨਾਵਲ ਦੇ ਪਲਾਟ ਵਿਚ ਨੁਕਸ ਪੈਂਦਾ ਹੈ ਤਾਂ ਇਹਦੀ ਉਹਨੂੰ ਕੋਈ ਚਿੰਤਾ ਨਹੀਂ ।ਇਸੇ ਲਈ ਤਾਂ ਉਹ ਨਾਵਲਾਂ ਵਿਚ ਸਿਧੇ ਸੰਬੋਧੀ ਲੈਕਚਰ ਕਰਨੇ ਸ਼ੁਰੂ ਕਰ ਦਿੰਦਾ ਹੈ :-

> " ਹੇ ਅੱਜ ਕੱਲ ਦੀਆਂ ਸੋਨੇ ਵਿੱਚ ਪੀਲੀਆਂ ਹੋਕੇ ਸੁਖ ਨਾਲ ਬੈਠੀਓ ਸਿੰਘਣੀਓਂ। ਗਰੀਬ ਤੇ ਅਮੀਰ ਸਿੱਖਾਂ ਦੀਆਂ ਧੀਓ ਅਤੇ ਭੈਣੋਂ ਜ਼ਰਾ ਆਪਣੀ ਵੱਡੀ ਵਡੇਰੀ ਸੁੰਦਰੀ ਦੇ ਸਿਦਕ ਤੇ ਕਸ਼ਟਾਂ ਵਲ ਵੇਖੋ ......... "
>
> (ਸੁੰਦਰੀ,ਸਫਾ 111-13 )

> " ਹੇ ਐਸੇ ਅੰਧਕਾਰ ਵਿੱਚ ਅੱਸਤ ਬੈਠੀਓ ਪਤਿਤ ਸਿੰਘਣੀਓਂ ਐਸੀਆਂ ਐਸੀਆਂ ਸਤਵੰਤੀਆਂ ਨੇ ਤੁਹਾਡੇ ਧਰਮ ਨੂੰ ਬਚਾਇਆ ਹੈ ਜਿਸ ਨੂੰ ਤੁਸੀਂ ਐਵੇਂ ਰੋੜ੍ਹ

ਰਹੀਆਂ ਹੋ ...... ।"

(ਬਿਜੈ ਸਿੰਘ, ਸਫਾ 99 )

" ਖਾਲਸਾ ਜੀ । ਕਿਆ ਆਪਦੇ ਹਿਰਦੇ ਵਿੱਚ ਆਪਣੇ ਵੱਡਿਆਂ ਦੀ ਇਸ ਨਿਡਰ ਬਹਾਦਰੀ ਅਰ ਨਿਸਚੇ ਵਲ ਵੇਖਕੇ ਕੁਝ ਪਰੇਮ ਨਹੀਂ ਪੈਂਦਾ ਹੁੰਦਾ ?....."

(ਬਿਜੈ ਸਿੰਘ ਸਫਾ 120-121 )

" ਪਿਆਰੀ ਸਿੰਘਣੀਓ । ਅਰ ਦੁਖੀ ਵਿਧਵਾ ਸਿੰਘ ਇਸਤ੍ਰੀਓ ।ਅਰ ਡਾਵੇ ਪਤੀਆਂ ਦੀਆਂ ਵਹੁਟੀਓ ।ਇਸ ਸੰਸਾਰ ਵਿੱਚ ( ਜੋ ਛਲਾਂ ਅਰਦਗਿਆਂ ਨਾਲ ਪੂਰਤ ਹੈ) ਤੁਹਾਨੂੰ ਬੜਾ ਸੰਭਲ ਕੇ ਚਲਣਾ ਚਾਹੀਦਾ ਹੈ ......... ।"

(ਬਿਜੈ ਸਿੰਘ, ਸਫਾ 137-138 )

" ਪਿਆਰੇ ਖਾਲਸਾ ਜੀ ।ਪਰਸਪਰ ਹਮਦਰਦੀ ਦੇ ਅਸੂਲਾਂ ਨੂੰ ਸਮਝ ਕੇ ਅਧਕਾਰੀ 'ਭਰਾਵਾਂ ਨਾਲ ਰਲ ਵਰਤੋਂ ,ਤੇ ਭੇਖ ਤੋਂ ਬਚੋ,ਭਰਮ ਨਾ ਕਰੋ ਨਾ ਭਰਮ ਵਿੱਚ ਪਵੋ .........।"

(ਸਤਵੰਤ ਕੌਰ, ਸਫਾ 96 )

ਆਪਣੇ ਨਾਵਲਾਂ ਵਿਚ ਆਪਣੇ ਪਰਚਾਰ ਦੀ ਧੁਨ ਵਿਚ ਕਈ ਵਾਰੀ ਇਨਾ ਅਗੇ ਲਗ ਜਾਂਦਾ ਹੈ ਕਿ ਉਹ ਇਹ ਭੁੱਲ ਹੀ ਜਾਂਦਾ ਹੈ ਕਿ ਉਹ ਨਾਵਲ ਲਿਖ ਰਿਹਾ ਹੈ। ਇਸ ਲਈ ਉਹਨੂੰ ਮੁੜਕੇ ਕਹਾਣੀ ਵਲ ਆਉਣ ਲਈ ਕਈ ਵਾਰੀ ਕਹਿਣਾ ਪੈਂਦਾ ਹੈ :-

" ਅਸੀਂ ਤਾਂ ਹੋਰ ਹੀ ਪਾਸੇ ਚਲੇ ਗਏ,ਆਓ ਆਪਣੀ ਵਿਥਿਆ ਦੀ ਲੜੀ ਨੂੰ ਫੇਰ ਫੜੀਏ ॥"

(ਬਿਜੈ ਸਿੰਘ ਸਫਾ -121 )

ਜੇ ਕਰ ਉਹਨੇ ਆਪਣੀ ਰਚਨਾ ਨੂੰ ਸੁੰਦਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਤਾਂ ਉਹ ਵੀ ਇਸੇ ਲਈ ਕਿ ਲੋਕ ਪੰਜਾਬੀ ਨੂੰ ਗੁਆਰਾਂ ਦੀ ਬੋਲੀ ਕਹਿ ਕੇ ਨਿੰਦਦੇ ਸਨ,ਉਨ੍ਹਾਂ ਦਾ ਖਿਆਲ ਸੀ ਕਿ ਪੰਜਾਬੀ ਵਿਚ ਸਾਹਿਤ ਰਚਨਾ ਹੋ ਹੀ ਨਹੀਂ ਸਕਦੀ ।ਇਸ ਲਈ ਸਿੰਘ-

ਸਭਾ ਲਹਿਰ ਨੇ ਆਪਣੀ ਮਾਤ ਭਾਸ਼ਾ ਨੂੰ ਅਪਣਾਇਆ ਤੇ ਇਹਦੇ ਵਿਚ ਸਾਹਿਤ ਰਚਨਾ, ਦੂਜੀਆਂ ਬੋਲੀਆਂ ਦੇ ਸਾਹਿਤ ਨੂੰ ਇਹਦੇ ਵਿਚ ਤਰਜਮਾ ਕਰਨਾ, ਆਪਣੇ ਉਦੇਸ਼ਾਂ ਚੋਂ ਇਕ ਬਣਾਇਆ। ਪੰਜਾਬੀ ਦੇ ਦੋਖੀਆਂ ਨੂੰ ਇਹ ਦਸਣ ਲਈ ਕਿ ਪੰਜਾਬੀ ਐਵੇਂ ਕੋਈ ਘਟੀਆ ਜ਼ੁਬਾਨ ਨਹੀਂ, ਸਗੋਂ ਇਹਦੇ ਵਿਚ ਚੰਗੀਆਂ ਬੋਲੀਆਂ ਵਾਲੇ ਸਾਰੇ ਗੁਣ ਹਨ, ਕਿਤੇ ਕਿਤੇ ਕੋਸ਼ਿਸ਼ ਕਰਕੇ ਇਹਨੂੰ ਸ਼ਿੰਗਾਰਿਆ ਗਿਆ। ਭਾਈ ਵੀਰ ਸਿੰਘ ਨੇ ਇਸ ਬਾਰੇ ਆਪ ਕਿਹਾ ਕਿ ਕਿਤੇ ਕਿਤੇ ਕਾਵਯ ਦੇ ਅਲੰਕਾਰ ਇਸ ਕਰਕੇ ਦਿਖਾਏ ਹਨ ਕਿ ਬਹੁਤ ਲੋਕ ਪੰਜਾਬੀ ਨੂੰ ਜਟਕੀ ਬੋਲੀ ਕਹਿ ਕੇ ਉਲ੍ਹਾਮਾਂ ਦੇਂਦੇ ਹਨ ਕਿ ਰਚਨਾ ਦੇ ਭੂਸ਼ਨ ਇਸ ਬੋਲੀ ਵਿਚ ਨਹੀਂ ਪਹਿਰਾਏ ਜਾ ਸਕਦੇ। ਦੂਸਰੇ ਇਹ ਕਿ ਪੰਜਾਬੀ ਦੀ ਤਰੱਕੀ ਬੀ ਦੇਸ਼ ਤੇ ਪੰਥ ਦੀ ਤਰੱਕੀ ਦਾ ਇਕ ਅੰਗ ਹੈ[16]। ਇਸ ਅਲੰਕ੍ਰਿਤ ਬਿਆਨ ਦਾ ਇਕ ਸੁੰਦਰ ਨਮੂਨਾ 'ਬਿਜੈ ਸਿੰਘ' ਵਿਚੋਂ ਵੇਖੋ :-

" ਸਿੰਘ ਜੀ ਸੋਚ ਦੀ ਬਾਉਲੀ ਵਿਚ ਸਹਿਜੇ ਸਹਿਜੇ ਉਤਰਦੇ ਚਿੰਤਾ ਦੇ ਜਲ ਵਿਚ ਡੁਬ ਗਏ, ਇਹ ਨਿਰਨੇ ਕਰਨਾ ਕਿ ਰਾਤ ਕਿੱਥੇ ਕਟੀਏ ਤਾਂ ਕਿਤੇ ਰਿਹਾ, ਸਿੰਘ ਜੀ ਨੂੰ ਇਹ ਭੀ ਭੁੱਲ ਗਿਆ ਕਿ ਮੈਂ ਸੋਚਣ ਕੀ ਲਗਾ ਸਾਂ ? ਜਿੱਕੁਰ ਕਿਸੇ ਪੋਥੀ ਨੂੰ ਪੜ੍ਹਦਿਆਂ ਨੇੜੇ ਕਰਦਿਆਂ ਕਰਦਿਆਂ ਅੱਖਾਂ ਜੇ ਨਾਲ ਹੀ ਲਾ ਦੇਈਏ ਤਾਂ ਉੱਕਾ ਕੁਝ ਨਹੀਂ ਦਿਸਦਾ, ਜਿਵੇਂ ਧਰਤੀ ਦੀ ਡਾਢੀ ਤਿੱਖੀ ਚਾਲ ਅੱਖਾਂ ਨੂੰ ਨਹੀਂ ਦਿਸਦੀ ਤੇ ਖੜੋਤੀ ਭਾਸਦੀ ਹੈ, ਕੁਝ ਚਿਰ ਸਿੰਘ ਜੀ ਦੀ ਸੋਚ ਇਸ ਪਰਕਾਰ ਦੀ ਸੁੰਨ ਦਸ਼ਾ ਵਿਚ ਪਹੁੰਚੀ ਹੋਈ ਇਉਂ ਫੇਰ ਆਪਣੇ ਆਪ ਵਿਚ ਆਈ, ਜਿਕੁਰ ਪਾਣੀ ਵਿਚ ਡਿੱਗਾ ਪੁਰਖ ਪਹਿਲੇ ਤਾਂ ਥੱਲੇ ਨੂੰ ਜਾਂਦਾ ਹੈ, ਪਰ ਪਾਣੀ ਦਾ ਸੁਭਾਅ ਫੇਰ ਉਸਨੂੰ ਉਤੇ ਲੈ ਆਉਂਦਾ ਹੈ, ਫੇਰ ਥੱਲੇ ਜਾਂਦਾ ਹੈ ਤੇ ਫੇਰ ਉਪਰ ਆਉਂਦਾ ਹੈ, ਇੱਕੁਰ ਹੀ ਰਿਚ ਪਿਚ ਵਿਚੋਂ ਤਾਰੂ ਤਾਂ ਤਰ ਨਿਕਲਦਾ ਹੈ, ਪਰ ਅਣਜਾਣ ਦਸ ਯਾਰਾਂ ਗੋਤੇ ਖਾ ਕੇ ਜਲ ਵਿਚ ਹੀ ਸਮਾਧ ਬਣਾ ਲੈਂਦਾ ਹੈ।.... ਪਰ ਐਸੇ ਵੇਲੇ ਤਾਂ ਸਿੰਘ ਜੀ ਨੂੰ ਇਹ ਸ਼ੁਕਤੀ ਐਸੀ ਗੁਣਦਾਇਕ ਹੋ ਗਈ ਜਿੱਕਰ ਜਿੱਕਰ ਸਿਆਲ ਦਾ ਮੀਂਹ ਖਲਕਤ ਨੂੰ ਪਾਲੇ ਦਾ ਦੁੱਖ ਤਾਂ ਦਿੰਦਾ ਹੈ, ਪਰ ਖੇਤੀ ਲਈ ਗੁਣਕਾਰੀ ਹੁੰਦਾ ਹੈ।

ਹੁਣ ਸਿੰਘ ਜੀ ਹੋਸ਼ ਵਿਚ ਆਏ, ਚਾਰ ਚੁਫੇਰੇ ਨਜ਼ਰ ਦੇ ਦੂਤ ਦੁੜਾਉਣ ਲੱਗੇ .....

---

16. ਭਾਈ ਵੀਰ ਸਿੰਘ 'ਬਿਜੈ ਸਿੰਘ' ਭੂਮਿਕਾ ਸਫਾ ਸ( ਪਹਿਲੀ ਐਡੀਸ਼ਨ )

ਜਿਵੇਂ ਸੂਰਜ ਦੇ ਸਿਰ ਲੁਕਾਉਂਦੇ ਹੀ ਰਾਤ ਆ ਪਹੁੰਚਦੀ ਹੈ ਤਿਵੇਂ ਸਿੰਘ ਜੀ ਦੇ ਉਹਲੇ ਹੁੰਦੇ ਹੀ ਪਿਛੇ ਉਹਨਾਂ ਦੇ ਸ੍ਰੀ ਪੋਹਿਤ ਜੀ ਮਹਾਰਾਜ ਕਿਸੇ ਰੁੱਖ ਹੇਠੋਂ ਇਕੱਰ ਨਿਕਲ ਪਏ, ਜਿਵੇਂ ਪਤਿਆਂ ਦੇ ਢੇਰ ਹੇਠੋਂ ਫਨੀਅਰ ਨਿਕਲ ਆਏ ।..........."

ਇਹ ਸਮਹਜ ਮਈ ਵਾਰਤਕ ਨੂੰ ਹੀ ਅਸੀਂ ਗੁਰਬਖਸ਼ ਦੀ ਨੀਂਹ ਅਰਥਾਤ ਅਧਾਰਸ਼ਿਲਾ ਕਹਿ ਸਕਦੇ ਹਾਂ ।

ਇਹ ਅਲੰਕ੍ਰਿਤ ਬਿਆਨ ਭਾਈ ਸਾਹਿਬ ਦੇ ਬੋਲੀ ਉਤੇ ਪੂਰਨ ਅਧਿਕਾਰ ਦਾ ਲਖਾਇਕ ਹੈ ਅਤੇ ਇਹਨਾਂ ਦੇ ਬੇਅੰਤ ਉਦਾਹਰਣ ਆਪ ਦੀਆਂ ਇਹਨਾਂ ਗਲਪ ਰਚਨਾਵਾਂ ਵਿਚੋਂ ਮਿਲ ਜਾਂਦੇ ਹਨ ।

ਕਈ ਥਾਵਾਂ ਉਤੇ ਤਾਂ ਭਾਈ ਸਾਹਿਬ ਪ੍ਰਕ੍ਰਿਤੀ ਦਾ ਬਹੁਤ ਸੁੰਦਰ ਉਦੀਪਣ ਚਿਤਰ ਦੇਂਦੇ ਹਨ ਅਤੇ ਇਹੋ ਜਿਹੀਆਂ ਥਾਵਾਂ ਉਤੇ ਅਸੀਂ ਭਾਈ ਸਾਹਿਬ ਦੀ ਪ੍ਰੌਗਰਦੀ ਕਾਵਿ-ਪ੍ਰਤਿਭਾ ਦੀ ਝਲਕ ਵੇਖ ਸਕਦੇ ਹਾਂ ।" ਬਿਜੈ ਸਿੰਘ' ਵਿਚੋਂ ਹੀ ਇਕ ਉਦਾਹਰਣ ਵੇਖੋ :-

> ' ਐਸੇ ਐਸੇ ਮਹਾਤਮਾਂ ਦੇ ਨਾਲ ਐਸੇ ਉਪਦਰ ਹੁੰਦੇ ਦੇਖਕੇ ਮਾਨੋ ਰਾਤ ਦਾ ਕਲੇਜਾ ਹੀ ਪਾਟ ਗਿਆ ।ਰਾਤ ਦੇ ਉਹਲੇ ਵਿਚ ਹੋਏ ਪਾਪਾਂ ਨੂੰ ਦੇਖਣ ਲਈ ਸੂਰਜ ਦਿਉਤਾ ਨਿਕਲ ਆਯਾ, ਪਰ ਸ਼ਰਮ ਦੀ ਮਾਰੀ ਰਾਤ ਪੂਰਬ ਦੀ ਦਸ਼ਾ ਵਿਚ ਐਸੀ ਧੁੰਧ ਛੱਡ ਗਈ ਕਿ ਜਿਸ ਕਰਕੇ ਸੂਰਜ ਵੀ ਕੁਝ ਚਿਰ ਲਹੂ ਰੰਗੇ ਬੱਦਲਾਂ ਵਿਚੋਂ ਜਤਨਾਂ ਨਾਲ ਸਿਰ ਕੱਢਦਾ ਦਿਸਦਾ ਸੀ ।"
>
> (ਪੰਨਾ 62-63)

ਇਹੋ ਜਿਹੇ ਬਿਆਨਾਂ ਨਾਲ ਵੀ ਇਨ੍ਹਾਂ ਨਾਵਲਾਂ ਦੇ ਸੁਹਜਾਤਮਕ ਤੱਤ ਵਿਚ ਵਾਧਾ ਹੋਇਆ ਹੈ।

ਇਹ ਰਚਨਾਵਾਂ ਪੰਜਾਬੀ ਸਾਹਿਤ ਵਿਚ ਨਾਵਲ ਦੇ ਖੇਤਰ ਦੀਆਂ ਮੁੱਢਲੀਆਂ ਰਚਨਾਵਾਂ ਹਨ।ਇਹਨਾਂ ਨਾਲ ਹੀ ਪੰਜਾਬੀ ਨਾਵਲ ਦਾ ਮੁੱਢ ਬੱਝਦਾ ਹੈ ਅਤੇ ਆਰੰਭ ਵਿਚ ਹੀ ਇਹ ਗਲਪ ਸਾਹਿਤ ਪੰਜਾਬ ਦੇ ਇਤਿਹਾਸ ਦੇ ਖੇਤਰ ਵਿਚ ਵਿਚਰਦਾ ਹੈ ਜੋ ਅਸਲ ਵਿਚ ਗੁਰੂ ਸਾਹਿਬ ਤੋਂ ਬਾਦ ਸਿੱਖਾਂ ਦਾ ਇਤਿਹਾਸ ਹੀ ਤਾਂ ਹੈ ਸੁ ਇਹਨਾਂ ਰਚਨਾਵਾਂ ਦੀ ਆਧੁਨਿਕ ਸਾਹਿਤ ਵਿਚ ਇਤਿਹਾਸਕ ਮਹਤਤਾ ਬਹੁਤ ਹੈ ।ਪ੍ਰਿੰ: ਸੰਤ ਸਿੰਘ ਸੇਖੋਂ ਨੇ ਇਸੇ ਪੱਖ ਤੋਂ

'ਸੁੰਦਰੀ' ਨੂੰ ਪੰਜਾਬੀ ਸਾਹਿਤ ਵਿਚ 'ਇਕ ਵੱਡੀ ਮਹਤਤਾ ਵਾਲਾ ਮੀਲ ਪੱਥਰ ਹੀ ਕਿਹਾ ਹੈ।[17]

ਇਹਨਾਂ ਤਿੰਨਾਂ ਹੀ ਇਤਿਹਾਸਕ ਨਾਵਲਾਂ ਵਿਚ ਭਾਈ ਸਾਹਿਬ ਦੀ ਸ਼ੈਲੀ ਵਿਕਸਤ ਹੋਈ ਹੈ। 'ਸੁੰਦਰੀ' ਨਾਲੋਂ ,ਜੋ ਇਨ੍ਹਾਂ ਤਿੰਨਾ ਵਿਚੋਂ ਸਭ ਤੋਂ ਪਹਿਲੀ ਰਚਨਾ ਹੈ, 'ਬਿਜੈ ਸਿੰਘ' ਵਿਚ(ਜਿਸ ਨੂੰ ਪ੍ਰਿੰਸੀਪਲ ਸੇਖੋਂ ਤਾਂ 'ਸੁੰਦਰੀ' ਦਾ ਹੀ 'ਪ੍ਰਤੀਭਾਗ ਕਹਿੰਦੇ ਹਨ) ।

ਸਿੰਘ ਸਭਾ ਲਹਿਰ ਦੇ ਉਦੇਸ਼ਾਂ ਅਧੀਨ ਹੀ 'ਬਾਬਾ ਨੌਧ ਸਿੰਘ' ਦੀ ਰਚਨਾ ਕੀਤੀ ਗਈ ਹੈ। ਪਹਿਲਿਆਂ ਨਾਵਲਾਂ ਵਿਚ ਤਾਂ ਪੁਰਾਣਾ ਇਤਿਹਾਸ ਫੋਲ ਕੇ ਉਹਦੇ ਰਾਹੀਂ ਸਿਖ ਆਚਰਣ ਦੀ ਵੱਡਤਵ ਦਿਖਾਈ ਹੈ ਪਰ ਇਸ ਵਿਚ ਆਪਣਾ ਸਮਕਾਲੀ ਸਮਾਂ ਹੀ ਲਿਆ ਹੈ ।ਬਾਬਾ ਨੌਧ ਸਿੰਘ ਦੇ ਪਾਤਰ ਰਾਹੀਂ ਸਿਖੀ ਆਚਰਣ ਦੇ ਇਸ ਅੰਗ ਨੂੰ ਉਘਾੜਿਆ ਹੈ ਕਿ ਸਿਖ ਸਰਬਤ ਦਾ ਭਲਾ ਚਾਹੁਣ ਵਾਲੇ ਹਨ :-

> " ਧਰਮ ਪਰਚਾਰ ਦੇ ਭਿੰਨ ਭਿੰਨ ਮੌਤਾਂ ਤੇ ਵੱਖ ਵੱਖ ਢੰਗਾਂ ਦੇ ਟਾਕਰੇ ਉਤੇ ਸਿੱਖ ਧਰਮ ਦੇ ਪਰਚਾਰ ਦੇ ਢੰਗ ਨੂੰ,ਜੋ ਬਾਬਾ ਨੌਧ ਸਿੰਘ ਵਰਤਦਾ ਹੈ ਤੇ ਜਿਸ ਢੰਗ ਦੇ ਅਸਰ ਥੱਲੇ ਅਬਲਾ ਜਮਨਾ (ਅਭਾਗਣ),ਗੁਲਾਮ ਫ਼ਾਤਮਾ ਤੇ ਹੋਰ ਕਈ ਕੁਝ ਬਣਨ ਤੋਂ ਬਾਦ 'ਸੁਭਾਗ ਜੀ' ਬਣੀ,ਓਸੇ ਢੰਗ ਦੇ ਅਸਰ ਨਾਲ ਪਿੰਡਾਂ ਵਿਚੋਂ ਕਈ ਸਿੱਖ-ਮੁਸਲਮਾਨ ਫਸਾਦ ਤੇ ਹੋਰ ਝਗੜੇ ਹੁੰਦੇ ਹੁੰਦੇ ਟਲ ਗਏ, ਬਰਿਸਟਰ ਤੇ ਬਰਿਸਟਰਾਣੀ ਨੂੰ ਸਿੱਖੀ ਦੀ ਲਾਗ ਲਗੀ ਤੇ ਡਾਕਟਰ ਸੇਵਾ ਦੇ ਰੰਗ ਵਿਚ ਰੰਗਿਆ ਗਿਆ ।ਉਹ ਢੰਗ ਸੀ ਸਚਾਈ ਦਾ,ਕਰਣੀ ਵਾਲੇ,ਸਿਮਰਨ ਵਾਲੇ ਜੀਵਨ ਦਾ ਤੇ ਉਹ ਗਾਡੀ ਰਾਹ ਸੀ ਕਿਰਤ ਕਰਨ,ਨਾਮ ਜੱਪਣ ਤੇ ਵੰਡ ਛਕਣ ਦਾ ।ਬਾਬਾ ਦਾਨ ਨਹੀਂ ਕਰਦਾ ਪਰ ਉਸ ਦੇ ਘਰੋਂ ਸੁਭਾਵਕ ਹੀ ਕਿੰਨਾ ਵੰਡ ਕੇ ਛਕਿਆ ਜਾਂਦਾ ਹੈ ।"[18]

---

17. 'ਭਾਈ ਵੀਰ ਸਿੰਘ ਤੇ ਉਹਨਾਂ ਦਾ ਯੁਗ' - ਪੰਨਾ 31
18. ਸ. ਸ. ਅਮੋਲ,ਭਾਈ ਵੀਰ ਸਿੰਘ ਅੰਕ,ਸਾਹਿਤ ਸਮਾਚਾਰ,ਦਸੰਬਰ 1956, ਸਫ਼ਾ 137 ।

ਬਾਬਾ ਨੌਧ ਸਿੰਘ ਦੇ ਸੰਪਰਕ ਵਿਚ ਜਿਹੜਾ ਵੀ ਆਉਂਦਾ ਹੈ ਉਹਦੇ ਉਤੇ ਹੀ ਬਾਬੇ ਦੇ ਸੁੱਚੇ ਜੀਵਨ ਦਾ ਅਸਰ ਹੁੰਦਾ ਹੈ। ਜਿਹੜਾ ਵੀ ਉਹਦੇ ਨਾਲ ਬਹਿਸ ਕਰਦਾ ਹੈ, ਬਾਬੇ ਕੋਲੋਂ ਹਾਰ ਖਾ ਜਾਂਦਾ ਹੈ ।" ਭਾਈ ਸਾਹਿਬ ਨੇ ਆਪਣੀ ਇਸ ਰਚਨਾ ਵਿਚ ਸ਼ੁਰੂ ਉਤੇ ਇਕ ਹਿੰਦੂ ਅਬਲਾ ਵਿਧਵਾ ਦੀ ਵਾਰਤਾ ਰਾਹੀਂ ਇਹੀ ਦੱਸਿਆ ਹੈ ਕਿ ਈਸਾਈ, ਮੁਸਲਮਾਨ ਅਥਵਾ ਆਰੀਆ ਸਮਾਜ ਆਦਿ ਜੀਵਨ ਦੇ ਸਾਰੇ ਮਾਰਗਾਂ ਵਿਚ ਮੁਕਤੀ ਦੁਆਣ ਅਥਵਾ ਰਖਿਆ ਕਰਨ ਦੇ ਪਰਦੇ ਹੇਠਾਂ ਕੇਵਲ ਉਸ ਨੂੰ ਲੁਟਣ ਜਾਂ ਸਵਾਰਥ ਸਿੱਧੀ ਦੇ ਸਾਧਨ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਉਸ ਦੇ ਵਿਅਕਤਿਤਵ ਨੂੰ ਮੌਲਣ ਸੁਤੰਤਰ ਵਾਯੂਮੰਡਲ ਨਹੀਂ ਮਿਲ ਸਕਦਾ । ਇਹ ਸੁਯੋਗ ਤੇ ਉਚ ਮਾਹੌਲ ਭਾਈ ਸਾਹਿਬ ਅਨੁਸਾਰ ਕੇਵਲ ਸਿੱਖੀ ਦੇ ਮਾਰਗ ਵਿਚ ਮਿਲਦਾ ਹੈ। ਬਾਬਾ ਨੌਧ ਸਿੰਘ ਦੇ ਰੂਪ ਵਿਚ ਲੇਖਕ ਨੇ ਸਿਖ ਸਰਿਸਟਾਚਾਰ ਦਾ ਪ੍ਰਤੱਖ ਰੂਪ ਵਿਖਾਇਆ ਹੈ। ਆਰੀਆ, ਮੁਸਲਮਲੀਗੀ ਤੇ ਈਸਾਈ ਪ੍ਰਚਾਰਕ ਸਭ ਨਾਲ ਸਿਧਾਂਤਕ ਬਹਿਸ ਕਰਕੇ ਸਿੱਖੀ ਵਾਲੇ ਮਾਰਗ ਨੂੰ ਉਚੱਤਮ ਦੱਸਿਆ ਹੈ ।"[19]

ਇਸ ਤਰ੍ਹਾਂ ਭਾਈ ਵੀਰ ਸਿੰਘ ਨੇ ਉਸ ਵਾਦ ਵਿਵਾਦੀ ਵਾਤਾਵਰਣ ਨੂੰ ਬਾਬਾ ਨੌਧ ਸਿੰਘ ਵਿਚ ਪੇਸ਼ ਕੀਤਾ ਹੈ ਜਿਹੜਾ ਕਿ ਅੰਗਰੇਜ਼ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਨੇ ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ ਨੂੰ ਇਕ ਦੂਜੇ ਦੇ ਧਰਮ ਤੇ ਹਮਲੇ ਕਰਾ ਕੇ ਪੈਦਾ ਕੀਤਾ ਸੀ ਤੇ ਜਿਸ ਅਧੀਨ ਹਰ ਕੋਈ ਆਪਣੇ ਧਰਮ ਨੂੰ ਵਡਿਆਉਂਦਾ ਤੇ ਦੂਜੇ ਦੇ ਧਰਮ ਦੀ ਨਿੰਦਾ ਕਰਦਾ ਸੀ ਤੇ ਇਹ ਵੀ ਕੋਸ਼ਿਸ਼ ਕਰਦਾ ਸੀ ਕਿ ਉਹਦੀ ਧਰਮ ਦੀ ਹੱਟੀ ਦੇ ਬਹੁਤੇ ਗਾਹਕ ਬਣਨ ਤੇ ਦੂਜਿਆਂ ਦੇ ਗਾਹਕ ਵੀ ਉਹਦੇ ਕੋਲੋਂ ਹੀ ਸੌਦਾ ਖਰੀਦਣ । ਭਾਈ ਵੀਰ ਸਿੰਘ ਨੇ ਇਸ ਵਿਚ ਨਾਵਲ ਦੀ ਬਣਤਰ ਦਾ ਬਿਲਕੁਲ ਹੀ ਧਿਆਨ ਨਹੀਂ ਰਖਿਆ । ਸਤ ਔਖੀਆਂ ਰਾਤਾਂ ਦਾ ਬਿਆਨ ਪਾਠਕ ਵਾਸਤੇ ਪੜ੍ਹਨਾ ਔਖਾ ਹੋ ਜਾਂਦਾ ਹੈ। ਪਰ ਭਾਈ ਵੀਰ ਸਿੰਘ ਨੇ ਸਿੰਘ ਸਭਾ ਲਹਿਰ ਦੇ ਆਸ਼ੇ ਅਨੁਸਾਰ ਆਪਣੇ ਧਰਮ ਨੂੰ ਬਾਕੀ ਧਰਮਾਂ ਨਾਲੋਂ ਸਰੇਸ਼ਟ ਸਿਧ ਕਰਨਾ ਸੀ, ਉਹ ਉਹਨੇ ਕਰ ਦਿਤਾ ।

ਚਰਨ ਸਿੰਘ ਸ਼ਹੀਦ ਨੇ ਵੀ ਸਿੰਘ ਸਭਾ ਲਹਿਰ ਦੇ ਅਸਰ ਹੇਠ ਸਿੱਖੀ ਪਰਚਾਰ ਲਈ ਗਲਪ ਨੂੰ ਮਾਧਿਅਮ ਬਣਾਇਆ । ਉਹਨੇ ਦਲੇਰ ਕੌਰ, ਚੰਚਲਮੂਰਤੀ ਤੇ ਰਣਜੀਤ ਕੌਰ ਨਾਂ

---

19. ਡਾ. ਗੁਰਚਰਨ ਸਿੰਘ, ਭਾਈ ਵੀਰ ਸਿੰਘ ਰਚਨਾਵਲੀ( ਨਾਵਲ)ਭਾਸ਼ਾ ਵਿਭਾਗ-ਪੰਜਾਬ, ਭੂਮਿਕਾ ਸਫੇ 12-13 ।

ਦੇ ਨਾਵਲ ਸਿਖ ਧਰਮ ਦੇ ਪਰਚਾਰ ਨੂੰ ਹੀ ਮੁਖ ਰਖ ਕੇ ਲਿਖੇ ।ਉਹਨੇ ਇਨ੍ਹਾਂ ਨਾਵਲਾਂ ਦਾ ਵਿਸ਼ਾ ਵਸਤੂ ਭਾਈ ਵੀਰ ਸਿੰਘ ਵਾਂਗ ਸਿਖ ਇਤਿਹਾਸ ਚੋਂ ਹੀ ਲਿਆ। ਸ.ਸ. ਅਮੋਲ ਨੇ ਸ਼ਹੀਦ ਦੇ ਨਾਵਲਾਂ ਬਾਰੇ ਕਿਹਾ ਹੈ ਕਿ ਇਨ੍ਹਾਂ ਦਾ ਆਸ਼ਾ ਧਾਰਮਿਕ ਨਹੀਂ,ਇਤਿਹਾਸਕ ਜਾਂ ਸੁਧਾਰਕ ਹੈ ।ਪਰ ਇਹ ਗੱਲ ਠੀਕ ਨਹੀਂ ਜਾਪਦੀ ।ਦਲੇਰ ਕੌਰ ਦੀ ਭੂਮਿਕਾ ਵਿਚ ਸ਼ਹੀਦ ਲਿਖਦਾ ਹੈ ਕਿ ' ਹਾਂ ਹਾਂ ਬੀਰ ਤੇ ਬਹਾਦਰ ਬਜ਼ੁਰਗਾਂ ਦੇ ਉਪਕਾਰ ਭੁਲਾ ਦੇਣ ਲਈ ਵੀ ਏਹੋ ਕੌਮ ਹੈ ਜਿਸ ਨੇ ਸਭ ਤੋਂ ਵਧ ਲਕ ਬਧਾ ਹੋਇਆ ਹੈ ।ਹੁਣ ਕੁਛ ਕੋਸ਼ਸ਼ ਹੋ ਰਹੀ ਹੈ ਕਿ ਬਹਾਦਰ ਸਿੱਖਾਂ ਦੇ ਕਾਰਨਾਮੇ ਲਿਖ ਲਿਖ ਕੇ ਕੌਮ ਨੂੰ ਹਲੂਣਿਆਂ ਜਾਵੇ । ਇਹ 'ਦਲੇਰ ਕੌਰ' ਵੀ ਸਾਡੇ ਬਜ਼ੁਰਗਾਂ ਤੇ ਹਜ਼ਾਰਾਂ ਸਿਖਾਂ ਦੀਆਂ ਕੁਰਬਾਨੀਆਂ ਵਿਚੋਂ ਇਕ ਹੈ ।[20]

ਸ਼ਹੀਦ ਦਾ ਨਾਵਲ ਲਿਖਣ ਦਾ ਉਦੇਸ਼ ਕਲਾਤਮਕ ਚਮਤਕਾਰੇ ਦਿਖਾਣਾ ਨਹੀਂ, ਸਗੋਂ ਸਿਖ ਧਰਮ ਦਾ ਪਰਚਾਰ ਕਰਨਾ ਹੈ।ਇਹ ਪਰਚਾਰ ਉਹ ਕਈਆਂ ਥਾਵਾਂ ਤੇ ਤਾਂ ਸਿਧਾ ਹੀ ਕਰਦਾ ਹੈ ਜਿਵੇਂ :-

" ਦੇਸ਼ ਨੂੰ ਲੁਟ ਪੁਟ ਕੇ ਉਜਾੜ ਕਰ ਦੇਣ ਦੇ ਮਗਰੋਂ ਸ਼ਾਹਾਬਾਦ ਵਿਚ ਬਾਦਸ਼ਾਹ ਦੀ ਫੌਜ ਬੀਮਾਰ ਪੈ ਗਈ,ਓਸ ਨੇ ਅਸਬਾਬ ਆਦਿਕ ਢੋਣ ਵਾਸਤੇ ਸੱਠ ਹਜ਼ਾਰ ਹਿੰਦੂਆਂ ਨੂੰ ਜਿਨ੍ਹਾਂ ਵਿਚ ਤੀਵੀਆਂ ਵੀ ਸਨ ਵਗਾਰੀ ਫੜਕੇ ਪਸ਼ੂਆਂ ਵਾਂਗ ਅਗੇ ਲਾ ਲਿਆ ।ਇਹ ਗੱਲ ਸ਼ਹੀਦਾਂ ਦੀ ਮਿਸਲ ਦੇ ਸਰਦਾਰ ਦਿਆਲ ਸਿੰਘ ਨੇ ਸੁਣੀ ਤਾਂ ਅਠ ਹਜ਼ਾਰ ਸਿੰਘ ਨਾਲ ਲੈ ਕੇ ਦਰਯਾ ਚਨਾਬ ਦੇ ਕੰਢੇ ਤੇ ਤੁਰਕਾਂ ਉਤੇ ਬਿਜਲੀ ਵਾਂਗ ਕੜਕ ਕੇ ਜਾ ਪਿਆ ।ਬਦਸ਼ਾਹ ਆਪ ਓਦੋਂ ਪਸ਼ੌਰ ਪਹੁੰਚ ਚੁਕਾ ਸੀ ਅਤੇ ਪਠਾਣਾਂ ਦਾ ਸੈਨਾਪਤੀ ਦਰਿਆਓਂ ਪਾਰ ਸੀ ।ਸਰਦਾਰ ਦਿਆਲ ਸਿੰਘ ਨੇ ਦਰਯਾ ਦਾ ਪੁਲ ਤੋੜ ਦਿਤਾ ਅਤੇ ਉਰਾਰ ਦੀ ਤੁਰਕ ਫੌਜ ਨੂੰ ਮਾਰ ਕੁਟ ਕੇ ਸਠ ਹਜ਼ਾਰ ਹਿੰਦੂ ਛੁਡਾਉਣ ਤੋਂ ਛੁਟ ਦੁਰਾਨੀਆਂ ਦਾ ਧਨ ਅਸਬਾਬ ਸਾਰਾ ਲੁਟ ਲਿਆ ਅਤੇ ਸਾਰੇ ਹਿੰਦੂਆਂ ਨੂੰ ਆਪਣੇ ਪਾਸੋਂ ਖਰਚ ਦੇ ਦੇ ਕੇ ਉਹਨਾਂ ਦੇ ਘਰੀਂ ਘੱਲ ਦਿੱਤਾ ।"[21]

---

20. ਚਰਨ ਸਿੰਘ ਸ਼ਹੀਦ,ਦਲੇਰ ਕੌਰ,ਭੂਮਿਕਾ ਸਫਾ 5;

21. """ ਰਣਜੀਤ ਕੌਰ ਸਫੇ 107,108 ;

" ਪਿਆਰੇ ਵੀਰੋ ਪਿਆਰੇ ਗੁਰਸਿਖੋ ।ਜੇਕਰ ਆਪ ਖੁਦ ਸਿਖ ਬਨਣਾ ਤੇ ਸਿਖੀ ਦੀ ਤਰੱਕੀ ਹੁੰਦੀ ਦੇਖਣੀ ਚਾਹੁੰਦੇ ਹਾਂ ਤਾਂ ਆਪਣੇ ਬਜ਼ੁਰਗਾਂ ਵਾਂਗ ਕਹਿਣੀ ਕਰਨੀ ਦੇ ਸੂਰੇ ਬਣੋ ਜੋ ਉਪਦੇਸ਼ ਦੂਜੇ ਨੂੰ ਦੇਣਾ ਚਾਹੋ ਉਸ ਉਤੇ ਪਹਿਲਾਂ ਆਪ ਚਲੋ ਫੇਰ ਕੋਈ ਲੋੜ ਨਹੀਂ ਕਿ ਤੁਸੀਂ ਦੂਜਿਆਂ ਨੂੰ ਸਿਖ ਬਨਣ ਲਈ ਉਪਦੇਸ਼ ਦਿਉ ।ਫੇਰ ਕੋਈ ਲੋੜ ਨਹੀਂ ਕਿ ਤੁਸੀਂ ਸਿਖੀ ਦੇ ਵਾਧੇ ਲਈ ਏਸ ਤਰ੍ਹਾਂ ਤਰਲੇ ਲਵੋ ਸੱਚ ਦੇ ਪਿਆਸੇ ਆਪ ਤੋਂ ਆਪ ਲੋਹੇ ਵਾਂਗ ਸਿਖੀ ਦੇ ਚਮਕ ਪੱਥਰ ਵਲ ਖਿੱਚੇ ਚਲੇ ਆਉਣਗੇ । [22]

ਆਮ ਤੌਰ ਇਹ ਪਰਚਾਰ ਪਾਤਰਾਂ ਦੇ ਅਮਲਾਂ ਰਾਹੀਂ ਹੀ ਹੁੰਦਾ ਹੈ।ਸ਼ਹੀਦ ਨੇ ਰਣਜੀਤ ਕੌਰ, ਚੰਚਲ ਸਿੰਘ, ਬਹਾਦਰ ਸਿੰਘ, ਆਦਿ ਨੂੰ ਪੂਰਨ ਗੁਰਸਿਖ ਦਿਖਾਇਆ ਹੈ ਜਿਹੜੇ ਹਰ ਮੁਸੀਬਤ ਨੂੰ ਖਿੜੇ ਮਥੇ ਸਹਾਰਦੇ ਹਨ, ਦੂਜਿਆਂ ਦੀ ਮਦਦ ਕਰਨਾ ਆਪਣਾ ਪਰਮ ਧਰਮ ਸਮਝਦੇ ਹਨ ਭਾਵੇਂ ਅਜਿਹਾ ਕਰਨ ਵਿਚ ਉਨ੍ਹਾਂ ਨੂੰ ਆਪਣੀਆਂ ਜਾਨਾਂ ਵੀ ਖਤਰੇ ਵਿਚ ਕਿਉਂ ਨਾ ਪਾਣੀਆਂ ਪੈਣ ।ਚੰਚਲ ਸਿੰਘ ਜਸੋਧਾਂ, ਕਰਮੋ ਤੇ ਵਿਸ਼ਨੀ ਨੂੰ ਆਪਣੀ ਜਾਨ ਦੀ ਬਾਜ਼ੀ ਲਾਕੇ ਬਚਾਂਦਾ ਹੈ ।ਸਿੱਖਾਂ ਦਾ ਆਚਰਣ ਇੰਨਾ ਚੰਗਾ ਹੈ ਕਿ ਜੇਕਰ ਦੁਸ਼ਮਣ ਦੀ ਧੀ ਭੈਣ ਹਥ ਆ ਜਾਏ ਤਾਂ ਵੀ ਉਹਦੀ ਸਹਾਇਤਾ ਹੀ ਕਰਨੀ ਹੈ ਤੇ ਜੇ ਦੁਸ਼ਮਣ ਦਾ ਸਿਪਾਹੀ ਕਾਬੂ ਆ ਜਾਏ ਤਾਂ ਵੀ ਉਹਦੇ ਨਾਲ ਭੈੜਾ ਵਰਤਾਉ ਨਹੀਂ ਕਰਨਾ, ਇਥੋਂ ਤਕ ਕਿ ਹਥ ਆਏ ਸਖਤ ਦੁਸ਼ਮਣ ਨੂੰ ਵੀ ਤੋਬਾ ਕਰਨ ਤੇ ਮੁਆਫ ਕਰ ਦਿਤਾ ਜਾਂਦਾ ਹੈ ਜਿਵੇਂ ਇਜ਼ਤ ਬੇਗ ਨੂੰ ਦਲੇਰ ਕੌਰ ਨੇ ਕਾਬੂ ਕਰ ਕੇ ਕੀਤਾ ।

ਇਹ ਕਿਹਾ ਜਾਂਦਾ ਹੈ ਕਿ ਸ਼ਹੀਦ ਭਾਈ ਵੀਰ ਸਿੰਘ ਵਾਂਗ ਸਿੰਘ ਸਭਾ ਲਹਿਰ ਦਾ ਸਰਗਰਮ ਸਦਸਵੀ ਨਹੀਂ ਸੀ ਇਸ ਲਈ ਉਹਦਾ ਨਜ਼ਰੀਆ ਬਹੁਤਾ ਪੱਖਪਾਤੀ ਨਹੀਂ । ਉਹ ਹਿੰਦੂ ਧਰਮ ਦੀ ਸਥਿਤੀ ਨੂੰ ਭਾਈ ਵੀਰ ਸਿੰਘ ਨਾਲੋਂ ਵਧੇਰੇ ਯਥਾਰਥਕ ਢੰਗ ਨਾਲ ਸਮਝ ਤੇ ਚਿੱਤਰ ਸਕਿਆ ਹੈ। ਭਾਈ ਵੀਰ ਸਿੰਘ ਦਾ ਸੁਕੜੀ ਰਾਮ ਲਾਲ ਤਾਂ ਅੰਮ੍ਰਿਤ ਛਕ ਕੇ ਬਹਾਦਰ ਬਿਜੈ ਸਿੰਘ ਬਣ ਜਾਂਦਾ ਹੈ, ਇਹ ਬਹਾਦਰੀ ਉਹਦੇ ਵਿਚ ਸਿੰਘ ਸਜਣ ਤੋਂ ਪਿਛੋਂ ਹੀ ਆਉਂਦੀ ਹੈ ਪਰ ਸ਼ਹੀਦ ਦੇ ਪਾਤਰ ਨਿਹਾਲਾ ਤੇ ਗਿਆਨ ਚੰਦ ਪਹਿਲਾਂ ਹੀ ਦਲੇਰ ਹਨ, ਮੁਗਲਾਂ ਵਿਰੁਧ ਲੜ ਮਰਨ ਲਈ ਤਿਆਰ ਹਨ ਇਸ ਲਈ ਉਹ ਸਿੰਘ ਸਜਦੇ ਹਨ, ਇਹ

22. ਰਣਜੀਤ ਕੌਰ ਸਫੇ 130

ਇਕ ਇਤਿਹਾਸਕ ਸੱਚ ਹੈ ਜਿਸ ਨੂੰ ਸ਼ਹੀਦ ਨੇ ਚਿਤਰ ਕੇ ਆਪਣੇ ਨਾਵਲਾਂ ਨੂੰ ਭਾਈ ਵੀਰ-ਸਿੰਘ ਨਾਲੋਂ ਵਧੇਰਾ ਯਥਾਰਥਕ ਬਣਾ ਦਿੱਤਾ ਹੈ ।

ਕਿਉਂਕਿ ਸ਼ਹੀਦ ਦਾ ਮੰਤਵ ਵੀ ਸਿਖ ਧਰਮ ਦਾ ਪਰਚਾਰ ਹੀ ਹੈ, ਇਸ ਲਈ ਉਹਨੇ ਵੀ ਕਹਾਣੀ ਵਲ ਬਹੁਤਾ ਧਿਆਨ ਨਹੀਂ ਦਿਤਾ । ਆਪਣਾ ਕੰਮ ਸਾਰਨ ਲਈ ਭਾਵੇਂ ਉਹਨੂੰ ਕਲਪਿਤ ਘਟਨਾਵਾਂ ਹੀ ਕਿਉਂ ਨਹੀਂ ਘੜਨੀਆਂ ਪਈਆਂ ਉਹਨੇ ਅਜਿਹਾ ਕੀਤਾ ਹੈ। ਆਪਣੇ ਪਾਤਰਾਂ ਨੂੰ ਹਰ ਮੁਸੀਬਤ ਚੋਂ ਕਢਣ ਲਈ, ਉਨ੍ਹਾਂ ਦਾ ਸੱਤ ਧਰਮ ਬਚਾਉਣ ਲਈ, ਉਹਨਾਂ ਦੀ ਦਲੇਰੀ ਦਸਣ ਲਈ ਉਹ ਕੀ ਕੁਝ ਨਹੀਂ ਕਰਦਾ, ਭਾਵੇਂ ਅਜਿਹਾ ਕਰਦਿਆਂ ਉਹਦੇ ਨਾਵਲਾਂ ਵਿਚ ਕਈ ਤਕਨੀਕੀ ਨੁਕਸ ਆ ਜਾਂਦੇ ਹਨ ।

ਸ਼ਹੀਦ ਨੂੰ ਪੁਰਾਣੇ ਇਤਿਹਾਸ ਦਾ ਗਿਆਨ ਤਾਂ ਭਲਾ ਕੀ ਹੋਣਾ ਸੀ, ਉਹਨੂੰ ਅੰਗਰੇਜ਼ਾਂ ਤੇ ਸਿਖਾਂ ਦੀਆਂ ਲੜਾਈਆਂ ਤੇ ਉਸ ਸਮੇਂ ਬੀਤੀਆਂ ਘਟਨਾਵਾਂ ਬਾਰੇ ਵੀ ਪੂਰੀ ਜਾਣਕਾਰੀ ਨਹੀਂ । ਜਿਵੇਂ ਉਹਦਾ ਇਹ ਕਹਿਣਾ ਕਿ ਸਿਖਾਂ ਦੀ ਪਹਿਲੀ ਲੜਾਈ ਤੋਂ ਪਿਛੋਂ ਅੰਗਰੇਜ਼ ਵਿਦਿਆ ਦਾ ਬਹਾਨਾ ਬਣਾ ਕੇ ਦਲੀਪ ਸਿੰਘ ਨੂੰ ਵਲਾਇਤ ਲੈ ਗਏ ਜਾਂ ਚੇਲੀਆਂ ਵਾਲੇ, ਗੁਜਰਾਤ ਦੀਆਂ ਲੜਾਈਆਂ ਦਾ ਆਗੂ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਸੀ ।[23]

ਸ਼ਹੀਦ ਨੇ ਸਿਖ ਸਮਾਜ ਚੋਂ ਨੁਕਸ ਦੂਰ ਕਰਨ ਦੇ ਮੰਤਵ ਨੂੰ ਮੁਖ ਰਖ ਕੇ ਕੁਝ ਨਾਵਲਾਂ ਦੇ ਸੁਤੰਤਰ ਅਨੁਵਾਦ ਵੀ ਕੀਤੇ ਹਨ ਜਿਵੇਂ ਦੋ ਵਹੁਟੀਆਂ, ਸ਼ਾਮ ਸੁੰਦਰ, ਜਗਤ ਤਮਾਸ਼ਾ, ਕੌਣ ਜਿਤਿਆ, ਜੋਗਨ ਜਾਦੂਗਰਨੀ, ਬਾਦਸ਼ਾਹੀ ਚੋਜ ਆਦਿ । ਡਾਕਟਰ ਅਬਨਾਸ਼ ਕੌਰ ਨੇ ਦੋ ਵਹੁਟੀਆਂ ਨੂੰ ਮੌਲਿਕ ਨਾਵਲਾਂ ਵਿਚ ਗਿਣਿਆ ਹੈ ਪਰ ਗੁਰਦਿਆਲ ਸਿੰਘ ਫੁੱਲ ਤੇ ਡਾ. ਸੁਰਿੰਦਰ ਸਿੰਘ ਨੇ ਇਸ ਨੂੰ ਅਨੁਵਾਦ ਹੋਇਆ ਦਸਿਆ ਹੈ ।[24]

ਦੋ ਵਹੁਟੀਆਂ ਵਿਚ ਦੋ ਵਿਆਹਾਂ ਦੀ ਦੁਖ ਭਰੀ ਕਹਾਣੀ ਹੈ ਜਿਹੜੀ ਕਿ ਸਾਡੀ ਸਮਾਜ ਵਿਚ ਉਸ ਸਮੇਂ ਵਾਪਰਨ ਵਾਲੀ ਆਮ ਜਹੀ-ਘਟਨਾ ਸੀ ।

---

੨੩. ਰਣਜੀਤ ਕੌਰ ਸਫਾ 169 ;

੨੪. ਖੋਜ ਪਤ੍ਰਕਾ ਸਤੰਬਰ 1972 ਸਫਾ 170 , ਪੰਜਾਬੀ ਇਤਿਹਾਸਕ ਨਾਵਲ ਸਫਾ 61 ।

ਇਸ ਤਰ੍ਹਾਂ ਸ਼ੁਹੀਦ ਦੇ ਨਾਵਲਾਂ ਉਤੇ ਸਿੰਘ ਸਭਾ ਲਹਿਰ ਦਾ ਅਸਰ ~~[illegible]~~ ਪਰਤੱਖ ਨਜ਼ਰ ਆਉਂਦਾ ਹੈ ।

ਗਿਆਨੀ ਗਿਆਨ ਸਿੰਘ ਦਾ 'ਬਲਵੰਤ ਕੌਰ' ਨਾਂ ਦਾ ਨਾਵਲ ਵੀ ਸਿੰਘ ਸਭਾ ਲਹਿਰ ਦੀ ਉਪਜ ਹੈ। ਭਾਵੇਂ ਇਸ ਵਿਚ ਸਮਾਂ ਮੀਰ ਮੰਨੂੰ ਵਾਲਾ ਲਿਆ ਗਿਆ ਹੈ ਪਰ ਇਸ ਵਿਚ ਉਸ ਸਮੇਂ ਦੀ ਨੁਹਾਰ ਨਹੀਂ ਉਲੀਕੀ ਗਈ । ਆਸ਼ਾ ਇਸ ਦਾ ਵੀ ਧਰਮ ਪਰਚਾਰ ਹੈ ਪਰ ਗੁਰਮਤ ਦੀ ਵਿਆਖਿਆ ਤੇ ਬਹੁਤ ਜ਼ੋਰ ਹੈ ।

ਨਵੀਂ ਗੱਲ ਜੋ ਇਸ ਵਿਚ ਆਈ ਹੈ ਉਹ ਹੈ ਸਿੰਘ ਸਭਾ ਲਹਿਰ ਸਮੇਂ ਸ਼ੁੱਧੀ ਦੀ ਸਮਸਿਆ । ਜਿਸ ਵੇਲੇ ਆਪਣੇ ਗਿਣਤੀ ਨੂੰ ਵਧਾਉਣ ਦੇ ਉਦੇਸ਼ ਨੂੰ ਮੁਖ ਰਖ ਕੇ ਸਿਖ ਦੂਜਿਆਂ ਧਰਮਾਂ ਵਾਲਿਆਂ ਨੂੰ ਆਪਣੇ ਧਰਮ ਵਿਚ ਦਾਖਲ ਕਰਨ ਲਗੇ, ਜਿਸ ਲਈ ਇਕ ਸ਼ੁੱਧੀ ਸਭਾ ਵੀ ਬਣਾਈ ਗਈ ਸੀ ਤੇ ਇਕ 'ਸ਼ੁੱਧੀ ਪੱਤਰ' ਵੀ ਕਢਿਆ ਗਿਆ ਸੀ, ਤਾਂ ਸਿਖਾਂ ਵਿਚ ਇਸ ਗੱਲ ਤੇ ਮੱਤਭੇਦ ਹੋ ਗਏ ਕਿ ਮੁਸਲਮਾਨਾਂ ਨੂੰ ਸ਼ੁੱਧ ਕਰਕੇ ਸਿਖ ਸਮਾਜ ਵਿਚ ਬਰਾਬਰ ਦਾ ਦਰਜਾ ਦੇਣਾ ਹੈ ਜਾਂ ਨਹੀਂ । ਕੀ ਉਹ ਸਿਖ ਬਣ ਕੇ ਵੀ ਮੁਹੰਮਦੀ ਸਿੰਘ ਹੀ ਅਖਵਾਉਣਗੇ । ਇਸ ਬਾਰੇ ਗਿਆਨੀ ਦਿਤ ਸਿੰਘ ਨੇ ਵੀ 'ਨਕਲੀ ਸਿੰਘ ਪ੍ਰਬੋਧ' ਤੇ ਡਰਪੋਕ ਸਿੰਘ ਵਿਚ ਲਿਖਿਆ ਕਿ ਮੁਸਲਮਾਨੋਂ ਬਣੇ ਸਿਖ ਹਰ ਲਿਹਾਜ਼ ਨਾਲ ਪੂਰਨ ਸਿੱਖ ਹਨ। ਇਹੀ ਸਮਸਿਆ ਗਿਆਨੀ ਗਿਆਨ ਸਿੰਘ ਨੇ ਇਸ ਨਾਵਲ ਵਿਚ ਲੈ ਕੇ ਪੌਰਾਣਿਕ ਕਹਾਣੀਆਂ ਦੇ ਆਧਾਰ ਤੇ ਸਿਧ ਕੀਤਾ ਹੈ ਕਿ ਮੁਸਲਮਾਨਾਂ ਨੂੰ ਸਿਖ ਬਣਾਉਣਾ ਕੋਈ ਬੁਰੀ ਗੱਲ ਨਹੀਂ ।

ਸਿੱਖਾਂ ਦੀ ਬਹਾਦਰੀ ਤੇ ਗੌਰਵਤਾ ਦਸਣਾ ਇਸ ਨਾਵਲ ਦਾ ਉਦੇਸ਼ ਹੈ ਤੇ ਇਹੀ ਸਿੰਘ ਸਭਾ ਲਹਿਰ ਦਾ ਹੈ । ਪਰ ਇਸ ਨਾਵਲ ਦੇ ਨਾਲ ਪਰਚਾਰ ਦੇ ਨਾਲ ਨਾਲ ਨਾਵਲ ਕਲਾ ਦਾ ਵਿਕਾਸ ਵੀ ਹੋਇਆ ਹੈ ਕਿਉਂਕਿ ਇਸ ਵਿਚ ਘਰੋਗੀ ਅੰਸ਼ ਦਾਖਲ ਹੋਇਆ ਹੈ, ਮੁਖ ਪਾਤਰ ਆਪ ਕਹਾਣੀ ਸੁਣਾਂਦਾ ਹੈ ਤੇ ਪਾਠਕਾਂ ਨੂੰ ਆਪ ਇਸਤਰ੍ਹਾਂ ਸੰਬੋਧਨ ਕਰਦਾ ਹੈ ਜਿਵੇਂ ਉਹ ਸਰੋਤੇ ਹੋਣ ।

ਸਿੰਘ ਸਭਾ ਲਹਿਰ ਦੇ ਆਸ਼ਿਆਂ ਨੂੰ ਪਰਚਾਰਨ ਵਾਲੇ ਭਾਈ ਮੋਹਨ ਸਿੰਘ ਵੈਦ ਨੇ ਵੀ ਅਜਿਹਾ ਕਰਨ ਲਈ ਗਲਪ ਨੂੰ ਮਾਧਿਅਮ ਬਣਾਇਆ । ਉਹਨੇ 17 ਨਾਵਲ ਲਿਖੇ

ਜਿਨ੍ਹਾਂ ਵਿਚੋਂ ਪੰਜ 'ਸੁਸ਼ੀਲਾ ਨੂੰਹ', 'ਕਮਾਈ ਦੀ ਬਰਕਤ', 'ਸੁਖੀ ਪਰਵਾਰ', 'ਸੁਖਦੇਵ ਕੌਰ' ਅਤੇ 'ਇਸਤ੍ਰੀਆਂ ਦੀ ਆਜ਼ਾਦੀ' ਹਨ। ਸਿੱਖੀ ਧਰਮ ਤੇ ਜੀਵਨ ਦੀ ਉਤਮਤਾ ਨੂੰ ਦਰਸਾਣਾ ਤੇ ਸਮਾਜ ਦਾ ਸੁਧਾਰ ਕਰਨਾ ਉਹਦੇ ਨਾਵਲਾਂ ਦੇ ਮੁਖ ਵਿਸ਼ੇ ਹਨ ਤੇ ਇਹ ਦੋਵੇਂ ਗੱਲਾਂ ਸਿੰਘ ਸਭਾ ਲਹਿਰ ਦੇ ਉਦੇਸ਼ਾਂ ਚੋਂ ਹਨ ।

ਸਿਖ ਧਰਮ ਦੀ ਵਡਿਆਈ ਦਸਣ ਲਈ 'ਦੰਪਤੀ ਪਿਆਰ' ਦੀ ਮਿਸਾਲ ਦਿਤੀ ਜਾ ਸਕਦੀ ਹੈ। ਇਸ ਦੀ ਨਾਇਕਾ 'ਸਰੂਪ ਕੌਰ' ਫੱਫੇ -ਕੁਟਨਾਂ, ਮੱਕਾਰ ਔਰਤਾਂ, ਕਾਮੀ ਤੇ ਕਪਟੀ ਥਾਣੇਦਾਰਾਂ, ਅਤੇ ਵੇਸਵਾਵਾਂ ਦੇ ਜਾਲ ਚੋਂ ਅਖੀਰ ਬੱਚ ਨਿਕਲਦੀ ਹੈ । ਇਸ ਨਾਵਲ ਵਿਚ ਸਿਖ ਘਰਾਣਿਆਂ ਦੇ ਜੀਵਨ ਨੂੰ ਦੂਜਿਆਂ ਦੇ ਮੁਕਬਲੇ ਤੇ ਸਲਾਹਿਆ ਗਿਆ ਹੈ ।

ਈਸਾਈ ਧਰਮ ਤੋਂ ਸਿਖ ਧਰਮ ਨੂੰ ਬਚਾਉਣ ਲਈ ਭਾਈ ਮੋਹਨ ਸਿੰਘ ਵੈਦ ਨੇ 'ਇਸਤਰੀਆਂ ਦੀ ਆਜ਼ਾਦੀ' ਤੇ 'ਸੁਖਦੇਵ ਕੌਰ' ਦੋ ਨਾਵਲ ਲਿਖੇ ਹਨ :-

" ਇਸਤ੍ਰੀਆਂ ਦੀ ਆਜ਼ਾਦੀ' ਨਾਵਲ ਦੀ ਸਮੱਸਿਆ ਦੋ ਭੈਣਾਂ ਦੀ ਵੱਖ ਵੱਖ ਹਾਲਤ ਵਿੱਚ ਪਰਵਰਿਸ਼ ਹੈ । ਇਕ ਭੈਣ ਸ਼ੀਲਾ ਸਿੱਖੀ ਰਹਿਤ-ਬਹਿਤ ਅਨੁਸਾਰ ਆਪਣੇ ਦਾਦਾ ਗੁਰਮੁਖ ਸਿੰਘ ਕੋਲ ਪਲਦੀ ਹੈ । ਦੂਸਰੀ ਭੈਣ ਲੀਲਾ ਆਪਣੇ ਈਸਾਈ ਹੋ ਚੁੱਕੇ ਪਿਤਾ ਕੋਲ ਪਲਦੀ ਹੈ । ਦੋਹਾਂ ਨੂੰ ਵੱਖ ਵੱਖ ਵਾਤਾਵਰਨ ਮਿਲਣ ਕਰਕੇ ਉਨ੍ਹਾਂ ਦੀਆਂ ਸ਼ਖਸੀਅਤਾਂ ਦੀ ਉਸਾਰੀ ਵਿਚ ਬੜਾ ਅੰਤਰ ਹੈ। ਸ਼ੀਲਾ ਵਿਆਹ ਕੇ ਸੁਖੀ ਜੀਵਨ ਬਤੀਤ ਕਰਦੀ ਹੈ, ਪਰ ਲੀਲਾ ਕਲੱਬਾਂ ਤੇ ਸਿਨਮਿਆਂ ਵਿਚ ਫਿਰ ਕੇ, ਪ੍ਰੇਮੀਆਂ ਨਾਲ ਡਾਂਸ ਕਰ ਕੇ ਅਤੇ ਤਿੰਨ ਵਿਆਹ ਕਰਵਾ ਕੇ ਵੀ ਅਸੰਤੁਸ਼ਟ ਰਹਿੰਦੀ ਹੈ। ਉਸ ਦੇ ਜੀਵਨ ਦੀਆਂ ਘਟਨਾਵਾਂ ਤੇ ਵਿਆਹ ਆਦਿਕ ਸਮੱਸਿਆਵਾਂ ਸੰਬੰਧੀ ਖੁਲ੍ਹੀ ਡੁਲ੍ਹੀ ਵੀਚਾਰ, ਰੌਚਿਕ ਹੀ ਨਹੀਂ ਯਥਾਰਥਿਕ ਵੀ ਹੈ । ਉਮਰ ਦੇ ਆਖ਼ਰੀ ਦਿਨਾਂ ਵਿੱਚ ਲੀਲਾ ਆਪਣੇ ਦਾਦਾ ਗੁਰਮੁਖ ਸਿੰਘ ਕੋਲ ਆਉਂਦੀ ਹੈ ਤੇ ਆਪਣੀ ਭੈਣ ਸ਼ੀਲਾ ਕੋਲੋਂ ਮੁਆਫ਼ੀ ਮੰਗ ਕੇ ਮੁੜ ਸਿੱਖੀ ਜੀਵਨ ਵਿੱਚ ਪਰਵੇਸ਼ ਕਰਦੀ ਹੈ। ਸ਼ੀਲਾ ਦਾ ਪਿਤਾ ਵੀ ਸਿੱਖੀ ਜੀਵਨ ਨੂੰ ਅਪਨਾ ਲੈਂਦਾ ਹੈ। ਇਸ ਨਾਵਲ ਵਿੱਚ ਈਸਾਈ ਮਿਸ਼ਨਰੀਆਂ ਵੱਲੋਂ ਦਿੱਤੇ ਜਾਣ ਵਾਲੇ ਲੋਭ ਲਾਲਚ ਅਤੇ ਪੱਛਮੀ ਢੰਗ ਦੀ ਐਸ਼ ਇਸ਼ਰਤ ਵਿਰੁੱਧ ਤਾੜਨਾ ਹੈ । ਇਸ ਵਿੱਚ ਸੁਧਾਰਵਾਦੀ ਸਮੱਸਿਆ ਵੀ ਹੈ ਅਤੇ ਸਿੱਖ ਧਰਮ ਦੀ ਉਤੱਮਤਾ

ਦਰਸਾਣ ਉਤੇ ਬਲ ਦਿੱਤਾ ਗਿਆ ਹੈ। ਇਸੇ ਕਿਸਮ ਦਾ ਇਕ ਹੋਰ ਨਾਵਲ 'ਸੁਖਦੇਵ ਕੌਰ' ਹੈ, ਜਿਸ ਦਾ ਨਾਇਕ ਇਕ ਮੇਮ ਨਾਲ ਵਿਆਹ ਕਰ ਕੇ ਉਸ ਦੇ ਸਭ ਤਰ੍ਹਾਂ ਦੇ ਨਖ਼ਰੇ ਪੂਰੇ ਕਰਦਾ ਹੈ ਤੇ ਸਮਝਦਾ ਹੈ ਕਿ ਐਸ਼ ਇਸ਼ਰਤ ਹੀ ਜ਼ਿੰਦਗੀ ਦਾ ਮਨੋਰਥ ਹੈ। ਵੈਦ ਜੀ ਨੇ ਨਾਇਕ ਨੂੰ ਇਕ ਵਿਗੜਿਆ ਹੋਇਆ ਅਫ਼ਸਰ ਦਿਖਾਇਆ ਹੈ, ਜੋ ਆਪਣੀ ਪਹਿਲੀ ਪਤਨੀ ਨੂੰ ਇਸ ਕਰਕੇ ਆਪਣੇ ਯੋਗ ਨਹੀਂ ਸਮਝਦਾ ਕਿ ਉਹ ਅਨਪੜ੍ਹ, ਗੰਵਾਰ ਪੰਜਾਬਣ ਹੈ, ਜੋ ਅੰਗ੍ਰੇਜ਼ੀ ਵਿੱਚ ਗੱਲਬਾਤ ਨਹੀਂ ਕਰ ਸਕਦੀ। ਪਰ ਜਦੋਂ ਮੇਮ ਦੀ ਬੇਰੁਖੀ ਤੇ ਕੋਰੇ ਵਤੀਰੇ ਕਾਰਨ ਲੱਭੂ ਰਾਮ ਦੀ ਹੋਸ਼ ਪਰਤਦੀ ਹੈ, ਉਹ ਪੁਲੀਸ ਦੀ ਹਰਾਸਤ ਵਿੱਚ ਹੁੰਦਾ ਹੈ। ਇਸ ਔਕੜ ਵੇਲੇ ਆਪਣੀ ਅਨਪੜ੍ਹ ਪਤਨੀ ਹੀ ਸਹਾਇਤਾ ਕਰਦੀ ਹੈ ਤੇ ਆਪਣੇ ਪਿਤਾ ਕੋਲੋਂ ਦੱਸ ਹਜ਼ਾਰ ਰੁਪਿਆ ਹਰਜਾਨਾ ਭਰਵਾਕੇ ਪਤੀ ਨੂੰ ਕੈਦ ਵਿਚੋਂ ਛੁੜਵਾ ਲੈਂਦੀ ਹੈ।"[25]

'ਸੁਸ਼ੀਲਾ ਨੂੰਹ' 'ਸੁਘੜ ਨੂੰਹ ਤੇ ਲੜਾਕੀ ਸੱਸ' 'ਦੋ ਸਹੇਲੀਆਂ ਦੀ ਵਾਰਤਾ' 'ਕੁੰਭ ਦਾ ਮੇਲਾ' ਆਦਿ ਨਾਵਲਾਂ ਵਿਚ ਘਰੋਗੀ ਜੀਵਨ ਨੂੰ ਸੁਖੀ ਬਣਾਉਣ ਦਾ ਅਨਜੋੜ ਵਿਆਹ, ਕੁੰਭ ਬਾਰੇ ਵਹਿਮਾ ਆਦਿ ਨੂੰ ਵਿਸ਼ਾ ਬਣਾਇਆ ਹੈ।

ਵੈਦ ਨੇ 'ਵਿਧਵਾ ਵਿਲਾਪ' ਵਿਚ ਵਿਧਵਾ ਦੀ ਦੁਰਦਸ਼ਾ ਨੂੰ ਬਿਆਨ ਕਰਕੇ ਵਿਧਵਾ ਵਿਆਹ ਵਲ ਇਸ਼ਾਰਾ ਕੀਤਾ ਹੈ। ਭਾਈ ਗਰੀਬ ਸਿੰਘ ਦੀ 15 ਸਾਲਾ ਵਿਧਵਾ ਅਨਾਥ ਕੌਰ ਦਾ ਆਂਢਣਾਂ-ਗੁਆਂਢਣਾਂ ਜੀਣਾ ਹਰਾਮ ਕਰ ਦਿੰਦੀਆਂ ਹਨ। ਪੰਡਤਾਨੀ ਦੇ ਮੂੰਹੋਂ ਸਿੰਘ ਸਭੀਆਂ ਨੂੰ ਵੀ ਤੱਤੀਆਂ ਸੁਣਵਾ ਕੇ ਸਨਾਤਨੀ ਲੋਕਾਂ ਦੇ ਵਿਚਾਰਾਂ ਦਾ ਮੌਜੂ ਉਡਾਇਆ ਹੈ। ਇਸੇ ਤਰ੍ਹਾਂ ਵੈਦ ਦੇ ਸੁਭਾਗ ਕੌਰ ਵਿਚ ਬਾਲ ਵਿਆਹ ਤੋਂ ਬਚਨ ਦੇ ਲਾਭ ਬਿਪਤਾ ਵਿਚ ਹੀ ਸੰਤਾਨ ਸਿਖਯਾ ਵਾਸਤੇ ਉਦੱਮ ਦੀ ਲੋੜ, ਘਰ ਵਾਲੀ ਦੇ ਉਤਮ ਗੁਣ, ਬਾਲਕਾਂ ਨਾਲ ਸੱਚੇ ਹਿੱਤ ਦੇ ਢੰਗ, ਸਿਆਣੇ ਮਾਤਾ ਪਿਤਾ ਵਲੋਂ ਸੁਯੋਗ ਵਰ ਕੰਨਯਾ ਦੀ ਚੋਣ, ਵਿਦਯਾ ਦੀ ਬਰਕਤ, ਵਪਾਰ ਦੇ ਲਾਭ ਆਦਿਕ ਬੜੇ ਹੀ ਸਵਾਦਲੇ (ਨਾਵਲ) ਦੇ ਢੰਗ ਤੇ ਦਸੇ ਗਏ ਹਨ।"[26]

---

25. ਡਾਕਟਰ ਅਬਨਾਸ਼ ਕੌਰ, 'ਖੋਜ ਪਤ੍ਰਿਕਾ, ਜਨਵਰੀ 1969, ਸਫ਼ਾ 38;
26. ਭਾਈ ਮੋਹਨ ਸਿੰਘ ਵੈਦ, 'ਸੁਭਾਗ ਕੌਰ' ਜੁਲਾਈ 1912 ਪਹਿਲੀ ਵਾਰ, ਸਰਵਰਕ।

ਕਿਉਂਕਿ ਭਾਈ ਮੋਹਨ ਸਿੰਘ ਵੈਦ ਦਾ ਮੁਖ ਮੰਤਵ ਸਿਖ ਧਰਮ ਦਾ ਪਰਚਾਰ ਤੇ ਪਰਸਾਰ ਕਰਨਾ,ਸਿਖ ਘਰਾਂ ਦੇ ਜੀਵਨ ਨੂੰ ਸੁਧਾਰਨਾ,ਇਨ੍ਹਾਂ ਵਿਚੋਂ ਵਹਿਮ ਭਰਮ ਦੂਰ ਕਰਨਾ,ਇਨ੍ਹਾਂ ਨੂੰ ਵਿਦਿਆ ਪੜ੍ਹਨ ਲਈ ਪਰੇਰਨਾ,ਅਨਜੋੜ ਵਿਆਹਾਂ ਤੋਂ ਰੋਕਣਾ ਆਦਿ ਸੀ ਇਸ ਲਈ ਆਪਣੇ ਜਿਹੇ ਦੂਜੇ ਨਾਵਲਕਾਰਾਂ ,ਭਾਈ ਵੀਰ ਸਿੰਘ,ਸ਼ਹੀਦ,ਗਿਆਨੀ ਗਿਆਨ ਸਿੰਘ ਆਦਿ ਵਾਂਗ ਇਹਨੇ ਵੀ ਨਾਵਲ ਦੀ ਬਣਤਰ ਵਲ ਧਿਆਨ ਦੇਣ ਨਾਲੋਂ ਪਰਚਾਰ ਨੂੰ ਮੁਖ ਰਖਿਆ ਹੈ ।ਨਾ ਸਿਰਫ ਧਰਮ ਦੇ ਪਰਚਾਰ ਨੂੰ ਹੀ ਸਗੋਂ ਆਪਣੀਆਂ ਕਿਤਾਬਾਂ ਤੇ ਦਵਾਈਆਂ ਦੀ ਇਸ਼ਤਹਾਰਬਾਜ਼ੀ ਨੂੰ ਵੀ ਗਲਪ ਦਾ ਹਿਸਾ ਬਣਾਇਆ ਹੈ।ਇਸ ਤੋਂ ਸਿੰਘ ਸਭਾ ਲਹਿਰ ਦੇ ਸੇਵਕਾਂ ਦੀ ਵਪਾਰਕ ਰੁਚੀ ਦਾ ਵੀ ਪਤਾ ਲਗਦਾ ਹੈ ।

ਇਸੇ ਪ੍ਰਸੰਗ ਵਿਚ ਇਕ ਦੋ ਨਾਵਲੀ ਕਿਸਮ ਦੀਆਂ ਰਚਨਾਵਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ।

' ਸ੍ਰੀ ਗੁਰੂ ਨਾਨਕ ਸੁਖ ਮੰਡਲ' ਕ੍ਰਿਤ ਭਾਈ ਸੁੰਦਰ ਸਿੰਘ ਮਨਚਿੰਦਾ ਵਿਚ ਗਲਪ ਦੇ ਢੰਗ ਤੇ ਸਿਖੀ ਪਰਚਾਰ ਕੀਤਾ ਗਿਆ ਹੈ।ਸ਼ਹੀਦ ਦਲਜੀਤ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਮਾਤ ਲੋਕ ਵਿਚ ਭੇਜਦੇ ਹਨ ਕਿ ਉਥੇ ਜਾਕੇ ਸਿਖਾਂ ਦਾ ਹਾਲ ਵੇਖੇ ਤੇ ਆਕੇ ਦੱਸੇ ।ਉਹ ਵਾਪਸ ਆਕੇ ਦਸਦਾ ਹੈ ਕਿ ਸਿਖ ਪੰਥ ਨਿਘਰ ਰਿਹਾ ਹੈ।ਮੋਢੀ ਆਗੂ ਆਪਸ ਵਿਚ ਲੜ ਰਹੇ ਹਨ,ਸਿਖ ਅਨਮਤੀ ਜਲ ਵਿਚ ਫਸੇ ਹੋਏ ਹਨ ਆਦਿ । ਫਿਰ ਸਾਹਿਬਜ਼ਾਦੇ ਅਜੀਤ ਸਿੰਘ ਨੂੰ ਹੁਕਮ ਮਿਲਦਾ ਹੈ ਕਿ ਉਹ ਮਾਤ ਲੋਕ ਵਿਚ ਜਾਣ ਤੇ ਗੁਰੂ ਗੋਬਿੰਦ ਸਿੰਘ ਦਾ ਹੁਕਮ ਨਾਮਾ ਸੁਣਾਉਣ ।ਇਹ ਹੁਕਮ ਨਾਮਾ ਸਿਖ ਪੰਥ ਦੀ ਤਰੱਕੀ ਤੇ ਵਖਰੀ ਹਸਤੀ ਕਾਇਮ ਕਰਨ ਬਾਰੇ ਹੈ ।

ਇਸੇ ਤਰ੍ਹਾਂ 'ਦੇਵੀ-ਮਾਤਾ ਯਾ ਚੋਰ ਸਾਧੂ' (ਅਰੂੜ ਸਿੰਘ ਤਾਇਬ)ਨਾਂ ਦੇ ਨਾਵਲ ਵਿਚ ਕਰਮਾਂ ਦੀ ਖੇਡ,ਸੰਸਾਰ ਚੱਕਰ ਦੇ ਰੰਗ,ਇਕ ਭਰਜਾਈ ਦੇ ਪ੍ਰੇਮ ਤੇ ਸ਼ਾਂਤ ਸੁਭਾ ਨਾਲ ਹੀ ਇਕ ਚੋਰ ਦੇਉਰ ਦਾ ਸਾਧੂ ਸਭਾ ਤੇ ਨੇਕ ਬਣ ਜਾਣਾ,ਸਾਧੂਆਂ ਦੇ ਭੇਖ ਵਿਚ ਡਾਕੂ,ਪ੍ਰੇਮ ਮਾਇਆ ਦੇ ਜਾਲ,ਛੂਤ ਛਾਤ ਦਾ ਬੰਧਨ,ਦੋ ਰੰਗੀ ਦੁਨੀਆਂ ਦੀਆਂ ਚਾਲਾਂ ਦਾ ਬਿਆਨ ਕੀਤਾ ਗਿਆ ਹੈ ।ਇਹ ਨਾਵਲ ਵੀ ਸਿੰਘ ਸਭਾ ਲਹਿਰ ਦੇ ਉਦੇਸ਼ਾਂ ਨੂੰ ਮੁਖ ਰਖ ਕੇ ਹੀ ਲਿਖੇ ਗਏ ਹਨ ।

## ਨਾਟਕ

ਸਿੰਘ ਸਭਾ ਲਹਿਰ ਸਮੇਂ ਪੰਜਾਬੀ ਵਿਚ ਨਾਟਕ ਨਾ ਹੋਣ ਬਰਾਬਰ ਹੀ ਸੀ । ਇਹਦੇ ਅਸਰ ਹੇਠ ਕੁਝ ਇਕ ਨਾਟਕ ਲਿਖਣ ਦੇ ਯਤਨ ਜ਼ਰੂਰ ਹੋਏ ਹਨ ।ਆਮ ਇਹ ਕਿਹਾ ਜਾਂਦਾ ਹੈ ਕਿ ਗਿਆਨੀ ਦਿੱਤ ਸਿੰਘ ਦੇ 'ਸਵਪਨ ਨਾਟਕ' ਨੇ ਪੰਜਾਬੀ ਵਿਚ ਇਸ ਦਾ ਮੁੱਢ ਬੰਨ੍ਹਿਆ ਪਰ ਇਹ ਗੱਲ ਸ਼ਾਇਦ 'ਸਵਪਨ ਨਾਟਕ' ਦੇ ਨਾਂ ਤੋਂ ਹੀ ਕੀਤੀ ਜਾਂਦੀ ਹੈ ਬਿਨ੍ਹਾਂ 'ਸਵਪਨ ਨਾਟਕ' ਨੂੰ ਪੜ੍ਹਿਆਂ ।

'ਸਵਪਨ ਨਾਟਕ' ਗਿਆਨੀ ਦਿੱਤ ਸਿੰਘ ਦੀ ਹਿੰਦੀ ਕਵਿਤਾ ਹੈ ਜਿਸ ਰਾਹੀਂ ਉਹਨੇ ਆਪਣੇ ਵਿਰੋਧੀਆਂ ਦਾ ਮਖੌਲ ਉਡਾਇਆ ਹੈ ।ਪਰ ਇਹਦੇ ਵਿਚ ਨਾਟਕ ਵਾਲੀ ਨਾਂ ਤੋਂ ਸਿਵਾ ਕੋਈ ਗੱਲ ਹੈ ਨਹੀਂ ।ਇਸ ਵਿਚ ਪਹਿਲਾਂ ਗੁਰੂ ਗੋਬਿੰਦ ਸਿੰਘ ਦਾ ਮੰਗਲਾਚਰਨ ਕੀਤਾ ਗਿਆ ਹੈ ਇਕ ਸਵੈਯਾ ਤੇ ਇਕ ਦੋਹਰਾ ਲਿਖ ਕੇ ।ਫਿਰ ਲਿਖਿਆ ਹੈ :-

### ਚੌਪਈ

ਏਕ ਦਿਵਸ ਸੋਵਤ ਯਹਿ ਬਾਲਾ ।ਦੇਖਯੋ ਸਵਪਨ ਸੁ ਅਧਿਕ ਬਿਸਾਲਾ ॥
ਮਾਨੋ ਏਕ ਭੂਪ ਬਲ ਧਾਰੀ ।ਚਾਰ ਪ੍ਰਕਾਰ ਸੈਨ ਅਤਿ ਭਾਰੀ ॥3 ॥
ਕਿਲਾ ਕੋਟ ਅਰੁ ਬਾਗ ਸੁਹਾਯੋ ।ਜੰਗਲ ਮੇ ਮੰਗਲ ਕਰਵਾਯੋ ।
ਔਰ ਪਦਾਰਥ ਜਗ ਕੇ ਜੇਤੇ ।ਈਸ਼ੁਵਰ ਦਿਯੇ ਤਾਹਿ ਕੋ ਤੇਤੇ ॥4 ॥
ਤਾਕੋ ਏਕ ਪੁਰੋਹਿਤ ਆਹੀ ।ਜਾਕੋ ਤੇਜ ਨਯੂਨ ਕਛੁ ਨਾਹੀ ।
ਸੁਤ ਬਿਤ ਪ੍ਰਭਤਾ ਚਹੁ ਦਿਸ ਛਯੋ ।ਕਲਰੀ ਮਾਹਿ ਕਵਲ ਜਨ ਭਯੋ ॥5 ॥
ਸੋ ਰਾਜਾ ਅਰੁ ਪੁਰੋਹਿਤ ਜੋਈ ।ਨਿਜ ਨਿਜ ਗ੍ਰਿਹ ਸੁਖ ਭੋਗਤ ਸੋਈ ।
ਅਬ ਤਿਨ ਕੀ ਗਾਥਾ ਜੋ ਨਈ ।ਭਾਖੋਂ ਸਵਪਨ ਮਾਹਿ ਜੋ ਭਈ ॥6 ॥

ਤੇ ਅੰਤ ਤੇ ਇਸਤਰ੍ਹਾਂ ਲਿਖਿਆ ਹੈ

ਅਹੋ ਦੰਭ । ਤੁਹਿ ਮਿਥਯਾ ਜਾਲਾ ।ਅਬ ਕੋਈ ਨਹਿ ਮਾਨੈ ਬਾਲਾ ।
ਅਬ ਵਿਦਯਾ ਕੇ ਸੂਰਜ ਭਯੋ ।ਤਸਕਰ ਦਾਉ ਲਗਨ ਨਹਿ ਦਯੋ ॥130 ॥
ਅਗਰ ਪਖੰਡ ਰਚਨ ਤੂੰ ਚਹੈਂ ।ਜਾਹਿ ਮੂੜ੍ਹ ਮਤਿ ਜਹਿ ਨਰ ਰਹੈਂ ।
ਯਹਾਂ ਬਾਸ ਸੁਭ ਨਾਹੀਂ ਤੇਰਾ ।ਬੁਧਿ ਵਿਦਯਾ ਜਹਿ ਕਰਤ ਬਸੇਰਾ ॥131 ।

ਕਰੈ ਕਦਰ ਨਹਿ ਕੋਈ ਤੇਰਾ ।ਮਾਨੋ ਬਚਨ ਸਤਿ ਹੈ ਮੇਰਾ ।
ਐਸੀ ਔਰ ਬਾਤ ਬਹੁ ਭਾਖੀ ।ਬੀਚ ਕਿਯੋ ਪਰਮੇਸ਼ੁਵਰ ਸਾਖੀ ॥132॥

ਦੋਹਰਾ

ਐਸੇ ਸਤਯ ਸੁਹਿਰਦ ਜਬ,ਕਰਤੇ ਭਏ ਵਿਚਾਰ ।
ਅਗ੍ਰ ਕਥਾ ਜੋ ਦੰਭ ਕੀ,ਸੁਨੋ ਸੰਤ । ਕਰਿ ਪਿਆਰ ॥133॥

(ਇਤਿ ਪੂਰਬਾਰੰਧੰ ਸਵਪਨ ਨਾਟਕੰ)

ਇਹ 'ਸਵਪਨ ਨਾਟਕ' ਪੂਰਾ ਨਹੀਂ,ਜਾਂ ਤੇ ਗਿਆਨੀ ਦਿੱਤ ਸਿੰਘ ਦੂਸਰਾ ਹਿੱਸਾ ਮੁਕੰਮਲ ਨਹੀਂ ਕਰ ਸਕੇ ਤੇ ਜਾਂ ਇਹ ਛਪ ਨਹੀਂ ਸਕਿਆ ।

'ਸਵਪਨ ਨਾਟਕ' ਨਾਲੋਂ ਤਾਂ ਗਿਆਨੀ ਦਿਤ ਸਿੰਘ ਦਾ 'ਡਰਪੋਕ ਸਿੰਘ' (1895 ਈ) ਨਾਟਕ ਦੇ ਵਧੇਰੇ ਨੇੜੇ ਹੈ ਜਿਸ ਵਿਚ ਡਰਪੋਕ ਸਿੰਘ ਤੇ ਦਲੇਰ ਸਿੰਘ ਦੀ ਗੱਲ ਬਾਤ ਰਾਹੀਂ ਸਿਖੀ ਦਾ ਪਰਚਾਰ ਕੀਤਾ ਗਿਆ ਹੈ ਜਿਵੇਂ :-

" ਡਰਪੋਕ ਸਿੰਘ - ਵਾਹਗੁਰੂ ਜੀ ਕੀ ਫਤੇ ਭਾਈ ਜੀ
ਦਲੇਰ ਸਿੰਘ - ਵਾਗੁਰੂ ਜੀ ਕਾ ਖਾਲਸਾ ਸ੍ਰੀ ਵਾਹੁਗੁਰੁ ਜੀ ਕੀ ਫਤੇ ਹੈ॥
ਡਰਪੋਕ ਸਿੰਘ - ਕਿਉਂ ਜੀ ਇਹ ਕਯਾ ਅੰਧੇਰ ਮੱਚ ਗਿਆ ਹੈ ਜੋ ਅਗੇ ਕਦੇ ਨਹੀਂ ਸੁਣਿਆ ਸੀ ।
ਦਲੇਰ ਸਿੰਘ- ਕੇਹਾ ਅੰਧੇਰ ਖੋਲ ਕੇ ਸਮਝਾਓ ਜੋ ਉਹ ਕੇਹੜਾ ਹੈ ਸਾਨੂੰ ਤਾਂ ਕੋਈ ਖਬਰ ਨਹੀਂ ਜੋ ਤੁਸੀ ਕੀ ਆਖਦੇ ਹੋ ।
ਡਰਪੋਕ ਸਿੰਘ- ਅੱਜ ਕੱਲ ਮੁਸਲਮਾਨ ਅਤੇ ਮੁਸਲਮਾਨੀਆਂ ਸਿੰਘ ਸਿੰਘਣੀਆਂ ਬਣਨ ਲਗ ਪਏ ਹਨ ਇਸ ਤੇ ਹੋਰ ਅੰਧੇਰ ਕਯਾ ਹੈ[26A] ॥"

ਇਸੇ ਤਰ੍ਹਾਂ 'ਸੱਚਾ ਧਰਮੀ ਅਰਥਾਤ ਭਾਈ ਸ਼ਾਹਬਾਜ਼ ਜੀ ਦਾ ਬ੍ਰਿਤਾਂਤ'(ਜੋਧ ਸਿੰਘ) ਇਕ ਨਾਟਕੀ ਕਿਸਮ ਦੀ ਚੀਜ਼ ਹੈ ।ਇਸ ਦੇ ਛਾਪਣ ਦਾ ਸੰਮਤ 431 ਨਾ: ਹੈ । ਇਸ ਵਿਚ ਰੋੜਾ ਸਿੰਘ,ਸ਼ਾਹ ਬਾਜ਼ ਸਿੰਘ,ਸੂਬਾ,ਜਲਾਦ,ਗੁਰਮੁਖ ਸਿੰਘ,ਮੌਲਵੀ,ਧਰਮ ਸਿੰਘ

26A. ਗਿਆਨੀ ਦਿਤ ਸਿੰਘ 'ਡਰਪੋਕ ਸਿੰਘ' ਸਫਾ 3 ।

ਆਦਿ ਪਾਤਰਾਂ ਦੀ ਗੱਲਬਾਤ ਰਾਹੀਂ ਧਰਮ ਦਾ ਪਰਚਾਰ ਕੀਤਾ ਗਿਆ ਹੈ।ਇਸ ਗੱਲ ਤੇ ਜ਼ੋਰ ਦਿਤਾ ਗਿਆ ਹੈ ਕਿ ਲੜਨ ਝਗੜਨ ਦੀ ਕੋਈ ਲੋੜ ਨਹੀਂ ,ਵਿਚੇ ਕਵਿਤਾ ਤੇ ਵਿਚੇ ਲੰਮੇ ਲੰਮੇ ਵਿਖਿਆਨ ਹਨ । ਅਖੀਰ ਤੇ ਅਰਦਾਸ ਹੈ ਕਿ ਸਿਖ ਧਰਮ ਵਿਚ ਪੱਕੇ ਹੋਣ । ਇਸ ਨੂੰ ਨਾਟਕ ਦੇ ਮੁਢਲੇ ਰੂਪਾਂ ਵਿਚ ਗਿਣ ਸਕਦੇ ਹਾਂ :-

" ਗੁ: ਸ:- ਭਾਈ ਜੀ ਤੁਸੀਂ ਆਖਦੇ ਹੋ ਕਿ ਸੂਰਜ ਪ੍ਰਕਾਸ਼ ਆਦਿਕ ਗ੍ਰੰਥ ਦੇਖੋ ਜੀ ਸੋ ਮੈਂ ਤਾਂ ਸਾਰੇ ਪੜ੍ਹੇ ਹਨ।ਭਾਈ ਜੀ ਨੇ ਤਾਂ ਅਨਰਥ ਹੀ ਤੋਲਿਆ ਹੋਯਾ ਹੈ।

ਧ:ਸ:- ਓਇ ਭੋਲਿਆ ਸਿੱਖਾਂ,ਜੇਹਾ ਉਪਕਾਰ ਸਾਡੇ ਪੰਥ ਪਰ ਭਾਈ ਸੰਤੋਖ ਸਿੰਘ ਜੀ ਨੇ ਕੀਤਾ ਹੈ ਜੇ ਕਰ ਅਸੀਂ ਸਾਰੇ ਹੀ ਲੋਕੀ ਸਾਰੀ ਉਮਰ ਉਨ੍ਹਾਂ ਦਾ ਯਸ ਗਾਵੀਏ ਤਾਂ ਭੀ ਥੋੜਾ ਹੈ ........"[27]

'ਅਸੀਂ ਤਾਂ ਭੁੱਲੇ ਹੀ ਰਹੇ' ਜਿਹੜਾ ਕਿ 1908 ਦੇ ਨੇੜੇ ਛਪਿਆ ਜਾਪਦਾ ਹੈ,ਵਿਚ ਭਰਮੀ ਸਿੰਘ ਤੇ ਭਰਮ ਤੋੜ ਸਿੰਘ ਦੀ ਚਰਚਾ ਦਾ ਵਰਣਨ ਹੈ।" ਜਿਸ ਰਾਹੀਂ ਸ਼ੁੱਧੀ ਦਾ ਪਰਚਾਰ ਕੀਤਾ ਹੈ :-

"ਭਰਮੀ ਸਿੰਘ- ਭਾਈ ਜੀ ਇਹ ਕੀ ਕੈਹ ਰਹੇ ਹੋ ?

ਭਰਮਤੋੜ ਸਿੰਘ- ਮੈਂ ਬੇਨਤੀ ਕਰਦਾ ਹਾਂ ਕਿ ਸਾਰੀ ਦੁਨਿਆਂ ਦੇ ਆਦਮੀ ਸਿੰਘ ਹੋ ਜਾਣ ।।

ਭਰਮੀ ਸਿੰਘ- ਸਿੰਘ ਸਭੀਆਂ ਦੀ ਇਹ ਗਲ ਮਾੜੀ ਹੈ ਜੋ ਸਾਰਿਆਂ ਨੂੰ ਮਿਲਾ ਕੇ ਉਸ ਨਾਲ ਖਾ ਲੈਂਦੇ ਹਨ ਇਸ ਤਰ੍ਹਾਂ ਹਿੰਦੂ ਤਾਂ ਸਿੰਘ ਹੁੰਦੇ ਨਹੀਂ,ਚੂਹੜਿਆਂ ਨੂੰ ਭਾਵੇਂ ਕਰ ਲਵੋ[28] ।।"

ਨਾਟਕ ਕਾਂਡਾਂ ਵਿਚ ਵੰਡਿਆ ਹੋਇਆ ਹੈ ਗੱਲ ਬਾਤ ਵੀ ਕਾਫੀ ਰੋਚਕ ਤੇ ਸੁਭਾਵਕ ਹੈ:-

"(ਪ੍ਰੋਹਤਾਨੀ ਜੀ ਦੇ ਘਰ 'ਵਿਸ਼ਈ ਦਾਸ' ਬਿਰਾਜਮਾਨ ਹੈ ਅਤੇ ਪ੍ਰੋਹਤਾਨੀ ਜੀ ਵਿਸ਼ਈ ਦਾਸ ਨਾਲ ਹੱਸ ਹੱਸ ਕੇ ਮਟਕੀਲੀਆਂ ਗੱਲਾਂ ਕਰ ਰਹੀ ਹੈ ।)

---

27- ਜੋਧ ਸਿੰਘ 'ਸੱਚਾ ਧਰਮੀ' ਸਫਾ 10 ।

28. 'ਅਸੀਂ ਤਾਂ ਭੁਲੇ ਹੀ ਰਹੇ 'ਸਫਾ 1 ।

ਵਿ:ਦ:- ਅਜ ਪ੍ਰੋਹਤਾਨੀ ਜੀ ਤੁਸਾਨੂੰ ਬੜਾ ਹਾਸਾ ਆਉਂਦਾ ਹੈ ?

ਪ੍ਰੋ:- ਲਾਲਾ ਜੀ ਮੈਂ ਕੀ ਹੱਸਦੀ ਹਾਂ ਤੇਰਾ ਨਸੀਬ ਹਸਾਉਂਦਾ ਹੈ,ਅੱਜ ਤੈਨੂੰ ਓਹ ਅਨੋਖਾ ਮਾਲ ਦਿਖਲਾਵਾਂਗੀ ..... ਲੈ ਹੁਣ ਬਹੁਤ ਦਿਨਾਂ ਪਿਛੋਂ ਮੇਰਾ ਮੂੰਹ ਭੀ ਮਿੱਠਾ ਕਰਵਾ ਤਾਂ ਕਿ ਮੇਰੀ ਭੀ ਸੇਪ ਫਲ ਲਿਆਵੇ '

ਵਿ:ਦ:- ਪ੍ਰੋਹਤਾਨੀ ਜੀ ਕੇਹੜਾ ਮਾਲ ਹੈ ਦੱਸੋ ਤਾਂ ਸਹੀ ?

ਪ੍ਰੋ:- ਅਜ ਮੂਫ ਚੰਦ ਦੀ ਵਹੁਟੀ ਤੈਨੂੰ ਮਿਲਾਵਾਂਗੀ ਅੱਜ ਓਹ ਮੇਰੇ ਪਾਸ ਹੁਣੇ ਆਵੇਗੀ ।

ਵਿ:ਦਾ: (ਸੁਣਕੇ ਭੁਕਾਨੇ ਦੀ ਤਰ੍ਹਾਂ ਫੁੱਲ ਗਿਆ,ਮੁੱਛਾਂ ਤੇ ਹਥ ਫੇਰਨ ਲਗਾ ਤੇ ਆਪਣੇ ਆਪ ਬੜਾ ਪ੍ਰਸੰਨ ਹੋਇਆ) ਅਜ ਤਾਂ ਖ਼ੂਬ ਮਾਲ ਮਿਲੇਗਾ (ਇਤਨਾ ਆਖਦਾ ਹੀ ਸੀ ਜੋ ਉਸੇ ਵੇਲੇ ਦੁਖਵੰਤ ਕੌਰ ਆ ਪਹੁੰਚੀ ) ।

ਦੁ: ਕੋ: (ਹਸਕੇ ) ਪ੍ਰੋਹਤਾਨੀ ਜੀ ਕੀ ਕਰਦੇ ਹੋ ?

ਪ੍ਰੋ: ਆਓ ਜੀ ਆਓ ਸੇਠਾਨੀ ਜੀ ।ਮੈਂ ਤੁਹਾਡੇ ਹੀ ਕੰਮ ਦਾ ਬੰਦੋਬਸਤ ਕਰ ਰਹੀ ਹਾਂ,ਲਓ ਏਹ (ਉਂਗਲ ਨਾਲ ਦੱਸਕੇ) ਵਿਸ਼ਨੂੰਈ ਦਾਸ ਬੈਠੇ ਹਨ ਮੈਂ ਹੁਨ ਦਰਵਾਜ਼ੇ ਅੱਗੇ ਬੈਠਦੀ ਹਾਂ '

ਵਿ: ਦਾ:- ਹੇ ਪਿਆਰੀ ਹੁਨ ਕਿਉਂ ਸ਼ੁਰਮਾਉਂਦੀ ਹੈਂ ਤੂੰ ਤਾਂ ਬੜੀ ਮਿਹਰਬਾਨੀ ਕੀਤੀ ਹੈ ਜੋ ਮੈਨੂੰ ਗੁਲਾਮ ਨੂੰ ਯਾਦ ਕੀਤਾ ,ਹੁਨ ਏਹ ਤਨ ਮਨ ਤੇਰੇ ਤੋਂ ਕੁਰਬਾਨ ਹੈ ਜੋ ਜੀ ਚਾਹੇ ਸੋ ਕਰ,ਮੈਂ ਤਾਂ ਤੇਰਾ ਤਾਬਿਆਦਾਰ ਹਾਂ ।

ਦੁ:ਕੋ:- ਜੀ ਤੁਸੀਂ -ਏਸ ਤਰ੍ਹਾਂ ਕਿਉਂ ਆਖਦੇ ਹੋ ਮੇਰਾ ਮਨ ਤਾਂ ਤੁਹਾਨੂੰ ਉਸੇ ਦਿਨ ਤੋਂ ਮਿਲਨ ਵਾਸਤੇ ਚਾਹੁੰਦਾ ਸੀ ਜਦ ਤੋਂ ਮੇਰੀ ਅਤੇ ਆਪ ਦੀ ਦੇਵੀਆਂ ਦੇ ਮੇਲੇ ਤੇ ਚਾਰ ਅੱਖਾਂ ਹੋਈਆਂ ਸਨ ।"[29]

ਭਾਈ ਵੀਰ ਸਿੰਘ ਨੇ ਵੀ 'ਰਾਜਾ ਲਖਦਾਤਾ ਸਿੰਘ' ਨਾਂ ਦਾ ਨਾਟਕ 1910 ਈ. ਵਿਚ ਛਪਵਾਇਆ ।ਇਸ ਦਾ ਪੂਰਾ ਨਾਂ 'ਸਿਖੀ ਸੁਧਾਰ ਦਾ ਪਹਿਲਾ ਪੰਜਾਬੀ ਨਾਟਕ,ਸਿੱਖ ਦੀ ਪਰਵਿਰਤ ਦਸ਼ਾ ਦੇ ਦਰਸ਼ਨ ਅਤੇ ਰਾਜਾ ਲਖਦਾਤਾ ਸਿੰਘ ਦੀ ਰਾਹੀਂ ਉਸ ਦਾ ਸੁਧਾਰ' ਹੈ।ਇਸ ਦੇ ਲਿਖਣ ਦਾ ਮੰਤਵ ਇਸ ਪਰਕਾਰ ਬਿਆਨ ਕੀਤਾ ਗਿਆ ਹੈ :-

---

29. ਭਾਈ ਮੋਹਨ ਸਿੰਘ ਵੈਦ' 'ਬਿਰਧ ਵਿਆਹ ਦੇ ਦੁਖੜੇ ' ਸਫੇ 33-35 ।

" ਸਿੱਖਾਂ ਦੀ ਹਾਲਤ ਜਿਸ ਉਚਾਈ ਤੇ ਸੀ ਉਸ ਤੋਂ ਹੇਠਾਂ ਆਕੇ ਅੱਠ ਅੱਠ ਹੰਝੂ ਰੁਆਉਣ ਵਾਲੀ ਹੋ ਰਹੀ ਹੈ। ਇਸ ਦੇ ਸੁਧਾਰ ਦੇ ਯਤਨ ਉਪਦੇਸ਼ਾਂ, ਅਖ਼ਬਾਰਾਂ, ਪੁਸਤਕਾਂ ਅਨੇਕ ਢੰਗਾਂ ਨਾਲ ਹੋ ਰਹੇ ਹਨ, ਪ੍ਰੰਤੂ ਅਸਲੀ ਹਾਲਤ ਨੂੰ ਰੰਗ ਭੂਮੀ ਵਿਚ ਅੱਖਾਂ ਦੇ ਅਗੇ ਲਿਆ ਦੇਣਾ ਬੀ ਇਕ ਸੁਧਾਰ ਦਾ ਲਾਭਵੰਦ ਤ੍ਰੀਕਾ ਹੈ। ਇਸ ਖਿਆਲ ਤੇ ਅਰ ਪੰਜਾਬੀ ਬੋਲੀ ਵਿਚ ਨਾਟਕ ਦੀ ਨੀਂਹ ਰੱਖਣੇ ਦੇ ਆਸ਼ਯ ਤੇ ਇਹ ਨਿੱਕਾ ਜਿਹਾ ਲੇਖ ਪ੍ਰਕਾਸ਼ਤ ਕੀਤਾ ਜਾਂਦਾ ਹੈ। ਇਹ ਨਾਟਕ 'ਕੌਮੀ 'ਡਰਾਮਾ ਦੇ ਅਧਾਰ ਤੇ ਲਿਖਿਆ ਗਿਆ ਹੈ, ਅਰ ਇਸ ਦੀਆਂ ਝਾਕੀਆਂ ਨੂੰ ਸਿੱਖਾਂ ਦੀ ਮੌਜੂਦਾ ਦਸ਼ਾ ਦਾ ਹੂਬਹੂ ਦਰਪਨ ਬਣਾਨ ਤੇ ਸੁਧਾਰ ਦਾ ਨਕਸ਼ਾ ਜਮਾ ਦੇਣ ਦਾ ਪ੍ਰਯਤਨ ਕੀਤਾ ਗਿਆ ਹੈ।"[30]

ਇਹ ਨਾਟਕ ਬਾਵਾ ਬੁੱਧ ਸਿੰਘ ਦੇ ਨਾਟਕ 'ਚੰਦਰਹਰੀ' ਦੇ ਪ੍ਰਤੀਕਰਮ ਵਜੋਂ ਲਿਖਿਆ ਗਿਆ ਜਾਪਦਾ ਹੈ ਜਿਹੜਾ ਕਿ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਵਿਚ ਛਪਿਆ ਸੀ ।1908-9 ਵਿਚ ਲਾਹੌਰ ਵਿਚ ਪਾਰਸੀ ਕੰਪਨੀਆਂ ਡਰਾਮੇ ਖੇਡਦੀਆਂ ਸਨ ਪਰ ਸੁਧਾਰਵਾਦੀਆਂ ਦਾ ਉਨ੍ਹਾਂ ਬਾਰੇ ਰਵਈਆਂ ਚੰਗਾ ਨਹੀਂ ਸੀ ਕਿਉਂਕਿ ਇਹ ਸਮਝਦੇ ਸਨ ਕਿ ਇਹ ਕੰਪਨੀਆਂ ਆਪਣੇ ਡਰਾਮਿਆਂ ਰਾਹੀਂ ਲੋਕਾਂ ਦਾ ਆਚਰਣ ਵਿਗਾੜ ਰਹੀਆਂ ਹਨ। ਇਸ ਲਈ ਲੋਕਾਂ ਨੂੰ ਚੰਗੇ ਪਾਸੇ ਲਾਉਣ ਦੇ ਯਤਨ ਵਜੋਂ ਟਪਰੈਂਸ ਸਭਾਵਾਂ ਵਲੋਂ ਸਭਿਆਚਾਰਕ ਪ੍ਰੋਗਰਾਮ ਹੋਣ ਲਗੇ ,ਜਿਹੜੇ ਧਾਰਮਕ, ਆਦਰਸ਼ਕ ਤੇ ਉਪਦੇਸ਼ ਦੇਣ ਵਾਲੇ ਹੁੰਦੇ ਸਨ। ਇਸ ਤਰ੍ਹਾਂ ਸੁਧਾਰ ਦੀ ਇਕ ਲਹਿਰ ਜਹੀ ਚਲ ਗਈ ਜਿਸ ਨੂੰ 'ਕੌਮੀ ਡਰਾਮਾ' ਦਾ ਨਾਂ ਦਿਤਾ ਜਾਣ ਲਗ ਪਿਆ ਤੇ ਇਸੇ 'ਕੌਮੀ ਡਰਾਮਾ' ਦੀ ਇਕ ਲੜੀ 'ਰਾਜਾ ਲਖਦਾਤਾ ਸਿੰਘ' ਸੀ ।[30]

ਇਸ ਤੋਂ ਪਹਿਲਾਂ ਡਾਕਟਰ ਚਰਨ ਸਿੰਘ ਸ਼ਕੁੰਤਲਾ ਦਾ ਪੰਜਾਬੀ ਅਨੁਵਾਦ 1899 ਈ. ਵਿਚ ਛਾਪ ਚੁਕਾ ਸੀ ਜਿਸ ਨਾਲ ਪੰਜਾਬੀਆਂ ਦੀ ਸੰਸਕ੍ਰਿਤ ਡਰਾਮੇ ਨਾਲ ਜਾਣ ਪਛਾਣ ਹੋ ਚੁਕੀ ਸੀ । 'ਰਾਜਾ ਲਖਦਾਤਾ ਸਿੰਘ' ਉਤੇ ਵੀ ਪਾਰਸੀ ਕੰਪਨੀਆਂ ਤੇ ਸੰਸਕ੍ਰਿਤ ਨਾਟਕ, ਦੋਨਾਂ ਦਾ ਅਸਰ ਹੈ। ਨਾਟਕ ਦਾ ਅਰੰਭ ਸੰਸਕ੍ਰਿਤ ਨਾਟਕ ਵਾਂਗ ਪ੍ਰਸਤਵਾਨਾ ਨਾਲ ਹੁੰਦਾ ਹੈ । ਫੇਰ ਨਾਟਕ ਦਾ ਮਨੋਰਥ ਦਰਸ਼ਕਾਂ ਨੂੰ ਸੰਬੋਧਨ ਕਰਕੇ ਦਸਿਆ ਜਾਂਦਾ ਹੈ।

---

30. ਭਾਈ ਵੀਰ ਸਿੰਘ, 'ਰਾਜਾ ਲਖਦਾਤਾ ਸਿੰਘ '

31. ਡਾ: ਹਰਚਰਨ ਸਿੰਘ, 'ਭਾਈ ਵੀਰ ਸਿੰਘ ਜੀਵਨ ਸਮਾਂ ਤੇ ਰਚਨਾ' ਸਫੇ 181-189;

" ਪਯਾਰੇ ਸਜਨੋਂ । ਆਪ ਨੇ ਕਈ ਨਾਟਕ ਤੇ ਕਈ ਤਮਾਸ਼ੇ ਡਿੱਠੇ ਹੋਣਗੇ, ਲੱਗੀਆਂ ਦੇ ਕਈ ਕਿੱਸੇ ਪੜ੍ਹੇ ਹੋਣਗੇ, ਲੈਲੀ ਮਜਨੂੰ ਹੀਰ ਰਾਂਝਾ, ਸੋਹਣੀ ਮਹੀਂਵਾਲ ਦੇ ਪਯਾਰ ਤੇ ਸੁੰਦਰਤਾ ਦੇ ਚਿੱਠੇ ਵਾਚੇ ਤੇ ਅਥਰੂ ਵਹਾਏ ਹੋਣਗੇ ਪਰ ਅਸੀਂ ਅਜ ਆਪ ਨੂੰ ਹੱਡਬੀਤੀ ਸੁਣਾਵਾਂਗੇ, ਅਰ ਅਪਨੇ ਤਰਸਯੋਗ ਹਾਲ ਪਰ ਆਪ ਦੀ ਕ੍ਰਿਪਾਲਤਾ ਦੇ ਮੰਗਣਹਾਰੇ ਹੋਵਾਂਗੇ :-

ਕੁਝ ਨ ਪੁਛੋ ਅਜ ਅਸੀਂ ਕੀ
        ਆਪ ਨੂੰ ਆਖਾਂਗੇ ਹੁਣ
ਕੌਮ ਨੂੰ ਮੂੰਹ ਰੂਬਰੂ,
        ਮਾੜਾ ਕਹਾਂਗੇ, ਖੋਲ੍ਹ , ਸੁਣ,
ਘਾਟੇ ਕਹਾਂਗੇ, ਦੁਖ ਕਹਾਂਗੇ,
        ਤੇ ਬੁਰਾਈਆਂ ਸਾਰੀਆਂ ,
ਬੀਤ ਰਹੀਆਂ, ਬੀਤੀਆਂ,
        ਤੇ ਗਲ ਚੁਕੇ ਜੋ ਕੌਮਿ ਗੁਣ ।"

ਇਸ ਵਿਚ ਸਿਖਾਂ ਦੀ ਇਖਲਾਕੀ ਗਿਰਾਵਟ, ਨਸ਼ਿਆਂ ਦੇ ਸੇਵਣ, ਪੰਜਾਬੀ ਕਵਿਤਾ ਦੀ ਭੈੜੀ ਹਾਲਤ ਆਦਿ ਦਾ ਜ਼ਿਕਰ ਹੈ ।

ਤਕਨੀਕ ਦੇ ਲਿਹਾਜ਼ ਨਾਲ ਇਹ ਨਾਟਕ ਬੜੀ ਨੀਵੀਂ ਪੱਧਰ ਦਾ ਹੈ ।ਪਰਚਾਰ ਦਾ ਇੰਨਾ ਜ਼ੋਰ ਹੈ ਕਿ ਕਲਾ ਮਾਰ ਦਿਤੀ ਗਈ ਹੈ। ਭਾਈ ਵੀਰ ਸਿੰਘ ਇਸ ਤੋਂ ਪਹਿਲਾ ਰਾਣਾ ਸੂਰਤ ਸਿੰਘ ਲਿਖ ਚੁਕਿਆ ਸੀ ਪਰ ਇਸ ਨਾਟਕ ਵਿਚ ਵਰਤੀ ਗਈ ਕਵਿਤਾ ਬੜੀ ਘਟੀਆ ਕਿਸਮ ਦੀ ਤੁਕਬੰਦੀ ਹੈ।

ਇਹ ਨਾਟਕ ਖੇਡਣ ਲਈ ਲਿਖਿਆ ਗਿਆ ਸੀ ਤੇ ਅੰਬਾਲਾ ਸ਼ਹਿਰ ਹੋਈ ਸਿਖ ਐਜੂਕੇਸ਼ਨਲ ਕਾਨਫਰੰਸ ਸਮੇਂ ਖੇਡਿਆ ਵੀ ਗਿਆ ।

ਕਿਉਂਕਿ ਇਹ ਨਾਟਕ ਪਰਚਾਰ ਦੇ ਆਸ਼ੇ ਨੂੰ ਮੁਖ ਰਖ ਕੇ ਲਿਖਿਆ ਗਿਆ ਸੀ ਇਸ ਲਈ ਇਹ ਇਸ ਆਸ਼ੇ ਵਿਚ ਜ਼ਰੂਰ ਕਾਮਯਾਬ ਹੋਇਆ ਹੋਵੇਗਾ ਭਾਵੇਂ ਇਹਨੇ ਨਾਟਕ ਦੇ ਵਿਕਾਸ਼ ਵਿਚ ਕੋਈ ਹਿੱਸਾ ਨਹੀਂ ਪਾਇਆ ।ਇਸ ਨਾਲ ਭਾਈ ਵੀਰ ਸਿੰਘ ਨੇ ਕੋਸ਼ਿਸ਼ ਕੀਤੀ ਕਿ ਪੰਜਾਬੀ ਵਿਚ ਵੀ ਨਾਟਕ ਦਾ ਰਵਾਜ ਪਵੇ :-

> " ਇਸ ਖਿਆਲ ਅਰ ਪੰਜਾਬੀ ਬੋਲੀ ਵਿਚ ਨਾਟਕ ਦੀ ਨੀਂਹ ਰਖਣੇ ਦੇ ਆਸ਼ਯ ਤੇ ਇਹ ਨਿੱਕਾ ਜਿਹਾ ਖੇਲ ਪ੍ਰਕਾਸ਼ਤ ਕੀਤਾ ਜਾਂਦਾ ਹੈ ।"
>
> ਬਿਨਯ-(ਮੁਖ ਸ਼ਬਦ )

ਪੰਜਾਬੀ ਬੋਲੀ ਤੇ ਧਰਮ ਦਾ ਪਰਚਾਰ,ਸਿੰਘ ਸਭਾ ਲਹਿਰ ਦੇ ਉਦੇਸ਼ਾਂ ਵਿੱਚੋਂ ਸੀ, ਤੇ ਇਹ ਨਾਟਕ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਹੀ ਕਰਦੇ ਹਨ।ਇਹ ਨਹੀਂ ਕਿਹਾ ਜਾ ਸਕਦਾ ਕਿ ਸਿੰਘ ਸਭਾ ਲਹਿਰ ਨੇ ਪੰਜਾਬੀ ਸਾਹਿਤ ਨੂੰ ਕੋਈ ਚੰਗਾ ਨਾਟਕ ਦਿਤਾ ਹੋਵੇ ।

## ਜੀਵਨੀ

ਸਿੱਖ ਧਰਮ ਨੂੰ ਗਿਰਾਵਟ ਦੀ ਜਿੱਲਣ ਚੋਂ ਕਢਣ ਲਈ ,ਉਨ੍ਹਾਂ ਦੇ ਦਿਲਾਂ ਚੋਂ ਸਵੈ-ਹੀਣਤਾ ਦੇ ਭਾਵ ਦੂਰ ਕਰਨ ਲਈ ਤੇ ਉਨ੍ਹਾਂ ਨੂੰ ਗੁਰੂ ਸਾਹਿਬਾਨ ਦੇ ਉਚ-ਆਦਰਸ਼ਾਂ ਵਲ ਪੇਰਨ ਲਈ ਸਿੰਘ ਸਭਾ ਲਹਿਰ ਦੇ ਅਸਰ ਹੇਠ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਲਿਖੇ ਗਏ ।ਵੈਸੇ ਤਾਂ ਜੀਵਨੀ ਕਿਸੇ ਵੀ ਮਨੁਖ ਦੀ ਲਿਖੀ ਜਾ ਸਕਦੀ ਹੈ ਪਰ ਜੀਵਨੀ ਦਾ ਨਾਇਕ ਜਿਨਾ ਮਹਾਨ ਹੋਵੇਗਾ ਉਨੋਂ ਹੀ ਉਹਦਾ ਜੀਵਨ ਚਰਿੱਤਰ ਦੂਜਿਆਂ ਤੇ ਅਸਰ ਪਾ ਸਕੇਗਾ ।ਤੇ ਮਹਾਨ ਬਣਿਆ ਹੀ ਕੰਮਾਂ ਨਾਲ ਜਾਂਦਾ ਹੈ ।ਸੋ ਜਿੰਨੇ ਚੰਗੇ ਕੰਮ ਕਿਸੇ ਮਨੁਖ ਨੇ ਕੀਤੇ ਹੋਣਗੇ,ਉਨ੍ਹਾਂ ਹੀ ਉਹ ਮਹਾਨ ਹੋਵੇਗਾ ਤੇ ਉਹਦੇ ਜੀਵਨ ਨਾਲ ਸਬੰਧਤ ਮਹਾਨ ਕੰਮਾਂ ਦਾ ਬਿਆਨ ਦੂਜਿਆਂ ਤੇ ਆਮ ਆਦਮੀ ਦੇ ਕੀਤੇ ਕੰਮਾਂ ਨਾਲੋਂ ਵਧੇਰੇ ਅਸਰ ਪਾਇਗਾ ।

ਇਹ ਕਿਹਾ ਜਾਂਦਾ ਹੈ ਕਿ ਮਹਾਨ ਜੀਵਨੀ ਡਿਗ ਰਹੀ ਕੌਮ ਨੂੰ ਇਤਿਹਾਸ ਵਾਂਗ ਹੀ ਖੜਿਆਂ ਕਰਨ ਵਿਚ ਸਹਾਈ ਹੁੰਦੀ ਹੈ । ਜਿਥੇ ਇਤਿਹਾਸ ਇਕ ਕੌਮ ਦੇ ਜੀਵਨ ਨੂੰ ਬਿਆਨ ਕਰਦਾ ਹੈ,ਉਥੇ ਜੀਵਨੀ ਇਕ ਮਨੁਖ ਦਾ ਹੀ ਜੀਵਨ ਪਰਗਟ ਕਰਦੀ ਹੈ ।ਗਲਪ ਕਿਸੇ ਕਲਪਿਤ ਮਨੁਖ ਦਾ ਜੀਵਨ ਬਿਆਨ ਕਰ ਸਕਦਾ ਹੈ ਪਰ ਜੀਵਨੀ ਇਕ ਅਜਿਹੇ ਵਿਅਕਤੀ ਦੇ ਲਿਖੀ ਜਾਂਦੀ ਹੈ ਜਿਹੜਾ ਸਚ ਮੁਚ ਹੀ ਹੋ ਗੁਜਰਿਆ ਹੁੰਦਾ ਹੈ ।ਜੀਵਨੀ ਕੋਈ ਬਿਲਕੁਲ ਹੀ ਨਵੀਂ ਚੀਜ਼ ਨਹੀਂ ਸਗੋਂ ਜਨਮਸਾਖੀਆਂ ਦੀ ਪਰਪਾਟੀ ਹੀ ਅਗੇ ਤੁਰਦੀ ਆ ਰਹੀ ਹੈ ।

ਭਾਈ ਵੀਰ ਸਿੰਘ ਦੀਆਂ ਵਿਗਿਆਨਕ ਲੀਹਾਂ ਤੇ ਤਿਆਰ ਕੀਤੀਆਂ ਜੀਵਨੀਆਂ ਤੇ ਵਿਚਾਰ ਕਰਨ ਤੋਂ ਪਹਿਲਾਂ ਭਾਈ ਦਿਤ ਸਿੰਘ ਦੀਆਂ ਗੁਰੂ ਸਾਹਿਬਾਨ ਦੀਆਂ ਜੀਵਨ ਕਥਾਵਾਂ ਤੇ ਉਹਦੇ 'ਨਾਟਕ ਪ੍ਰਬੋਧ' ਦਾ ਜ਼ਿਕਰ ਕਰਨਾ ਜ਼ਰੂਰੀ ਹੈ ।

'ਜੀਵਨ ਕਥਾ ਗੁਰੂ ਅੰਗਦ ਸਾਹਿਬ' ਦੀ ਭੂਮਿਕਾ ਵਿਚ ਲਿਖਿਆ ਹੈ,'ਖਾਲਸਾ ਕਾਲਜ ਸਕੂਲ ਦੇ ਛੋਟੇ ਵਿਦਿਆਰਥੀਆਂ ਲਈ ਜੋ ਦਸੋ ਗੁਰੂ ਸਾਹਿਬਾਂ ਦੀਆਂ ਦਸ ਛੋਟੀਆਂ ਜਨਮਸਾਖੀਆਂ ਬਣਾਈਆਂ ਗਈਆਂ ਹਨ,ਓਨ੍ਹਾਂ ਵਿਚ ਇਕ ਜਨਮ ਸਾਖੀ ਦੂਸਰੀ ਪਾਤਸ਼ਾਹੀ

ਸ੍ਰੀ ਗੁਰੂ ਅੰਗਦ ਸਾਹਿਬ ਜੀ ਹੈ ।" ਇਹ ਭੂਮਿਕਾ ਇਸ ਪੁਸਤਕ ਦੇ ਦੂਜੇ ਐਡੀਸ਼ਨ ਦੀ ਹੈ ਜਿਹੜਾ ਕਿ ਅਪ੍ਰੈਲ 1914 ਈ. ਵਿਚ ਛਪਿਆ ,ਪਹਿਲਾ ਕਦੋਂ ਛਪਿਆ ਕੋਈ ਪਤਾ ਨਹੀਂ ਲਗ ਸਕਿਆ ।ਇਹ ਭੂਮਿਕਾ ਗੁਰਬਖਸ਼ ਸਿੰਘ ਗਿਆਨੀ,ਸੈਕ੍ਰੇਟਰੀ,ਖਾਲਸਾ ਕਾਲਜ ਕੌਂਸਲ ਵਲੋਂ ਲਿਖੀ ਗਈ ਹੈ।ਸੋ ਇਸ ਤੋਂ ਇਕ ਗੱਲ ਤਾਂ ਸਪਸ਼ਟ ਹੋ ਗਈ ਕਿ ਇਹ ਸਕੂਲ ਦੇ ਛੋਟੇ ਛੋਟੇ ਬਚਿਆਂ ਵਾਸਤੇ ਲਿਖੀਆਂ ਗਈਆਂ ਸਨ।ਇਨ੍ਹਾਂ ਜਨਮ ਸਾਖੀਆਂ ਵਿਚ ਗੁਰੂ ਸਾਹਿਬਾਨ ਦਾ ਜੀਵਨ ਬਿਰਤਾਂਤ ਵੀ ਹੈ ਤੇ ਕਿਤੇ ਕਿਤੇ ਗੁਰਬਾਣੀ ਦੀ ਵਿਆਖਿਆ ਵੀ ਕੀਤੀ ਹੋਈ ਹੈ ।ਇਨ੍ਹਾਂ ਦੀ ਬੋਲੀ ਤੇ ਸ਼ੈਲੀ ਪੁਰਾਤਨ ਢੰਗ ਦੀ ਹੈ।ਨਮੂਨੇ ਵਜੋਂ ਗੁਰੂ ਅੰਗਦ ਦੇਵ ਸਾਹਿਬ ਦੀ ਜੀਵਨ ਕਥਾ ਦਾ ਤੀਜਾ ਕਾਂਡ ਦਿਤਾ ਜਾਂਦਾ ਹੈ :-

<u>ਕਾਂਡ 3</u> :- ਹੁਣ ਸਤਿਗੁਰੂ ਸਿੱਖਾਂ ਦੀ ਪ੍ਰੀਖਯਾ ਕਰਨ ਲਗੇ -

ਇੱਕ ਸਿਆਲ ਦੀ ਰਾਤ ਨੂੰ ਮੀਂਹ ਵੱਸਿਆ,ਕੰਧ ਦੀ ਇੱਕ ਨੁਕਰ ਡਿਗ ਪਈ, ਗੁਰੂ ਜੀ ਆਗਯਾ ਦਿੱਤੀ,ਭਾਈ ਧਰਮ ਸਾਲਾ ਦੀ ਕੁਛ ਕੰਧ ਢਹਿ ਪਈ ਹੈ,ਹੁਣੇ ਉਸਾਰ ਲੈਂਈਐ ਤਾਂ ਚੰਗਾ ਹੈ।ਸਾਹਿਬਜ਼ਾਦਿਆਂ ਕਿਹਾ ਹੁਣ ਅੱਧੀਰਾਤ ਦਾ ਵੇਲਾ ਅਰ ਸੀਤ ਪੈ ਰਹੀ ਹੈ ਦਿਨਚੜ੍ਹੇ ਰਾਜ ਮਜੂਰ ਲਾਵਾਂਗੇ,ਬਣਾ ਦੇਣਗੇ,ਗੁਰੂ ਜੀ ਕਿਹਾ ਸਾਨੂੰ ਰਾਜ ਮਜੂਰਾਂ ਦੀ ਲੋੜ ਨਹੀਂ,ਗੁਰੂ ਕੀ ਟਹਿਲ ਸਿੱਖ ਕਰਨਗੇ,ਸਭ ਚੁੱਪ ਹੋ ਰਹੇ ।ਤਾਂ ਲਹਿਣਾ ਉਠ ਖੜੋਤਾ ਆਗਯਾ ਮੰਨਕੇ ਉਸਾਰਨ ਲੱਗਾ,ਜਦ ਕੁਛ ਉਚੀ ਹੋਈ,ਤਾਂ ਗੁਰੂ ਜੀ ਕਿਹਾ,ਇਹ ਤਾਂ ਵਿੰਗੀ ਹੋ ਗਈ ਹੈ,ਢਾਹਕੇ ਬਣਾਓ - ਹੋਰ ਸਿੱਖ ਪੁੱਤ੍ਰ ਤਾਂ ਜਾਕੇ ਸੌਂ ਰਹੇ,ਲਹਿਣਾ ਜੀ ਨੇ ਫੇਰ ਉਸਾਰੀ- ਤਾਂ ਗੁਰੂ ਜੀ ਕਿਹਾ ਥੋੜੀ ਜੇਹੀਨੀਂ ਉਥੋਂ ਪਿਛੇ ਹਟਾ ਦਿਓ -ਲਹਿਣਾ ਜੀ ਨੇ ਢਾਹਕੇ ਫੇਰ ਉਸਾਰੀ ਤਾਂ ਗੁਰੂ ਜੀ ਕਿਹਾ ਏਹ ਤਾਂ ਚੰਗੀ ਨਹੀਂ ਬਣੀ ਇਹ ਢਾਹਕੇ ਫੇਰ ਬਣਾਓ ,ਤਾਂ ਸਾਹਬਜ਼ਾਦਿਆਂ ਅਰ ਤਿਨ੍ਹਾਂ ਦੀ ਮਾਤਾ ਨੇ ਕਿਹਾ ਲਹਿਣਾ ਤੂੰ ਕਮਲਾ ਹੋ ਗਿਆ ਹੈਂ ਇਨ੍ਹਾਂ ਦਾਤਾਂ ਸੁਭਾਉ ਹੀ ਅਜਿਹਾ ਹੁੰਦਾ ਜਾਂਦਾ ਹੈ,ਇਹ ਨਿਕੰਮਾ ਕੰਮ ਤੂੰ ਕਿਉਂ ਲੈ ਬੈਠਾ ਹੈਂ ? । ਦੋਵੇਂ ਹੱਥ ਜੋੜ ਕੇ ਲਹਿਣੇ ਨੇ ਆਖਿਆ,ਮਾਤਾ ਜੀ ਟਹਿਲੀਏ ਨੇ ਤਾਂ ਟਹਿਲ ਕਰਕੇ ਆਪਣੇ ਹੱਥ ਸੁਫਲੇ ਕਰਨੇ ਹਨ,ਹੋਰ ਕੰਧ ਨਾਲ ਕੋਈ ਪਰੋਜਨ ਨਹੀਂ ।ਕਿਤੇ ਗੁਰੂ ਜੀ ਮੇਰੀ ਪਰੀਖਯਾ ਹੀ ਨਾ ਕਰਦੇ ਹੋਣ-ਤਾਂ ਬਾਬੇ ਆਖਿਆ ਤੁਸੀਂ ਇਸਦੀ ਮਹਿਮਾ ਨਹੀਂ ਜਾਣਦੇ, ਏਹ ਵਰਹੇ ਦੇ ਵਰਹੇ ਦੁਰਗਾ ਦੇ ਦਰਸ਼ਨ ਨੂੰ ਜਾਂਦਾ ਹੁੰਦਾ ਸੀ,ਐਤਕੀ ਦੀ ਵਾਰੀ ਸਾਡਾ ਦਰਸ਼ਨ ਕਰਕੇ ਸਾਡੇ ਹੀ ਕੋਲ ਰਹਿ ਪਿਆ-ਸਾਥੀਆਂ ਨੇ ਬਹੁਤ ਸਮਝਾਯਾ,ਭਈ ਸਾਰੇ ਸੰਗ ਵਿਚੋਂ ਤੂੰ ਮੁਖੀਆ ਹੈਂ,ਰਾਹ ਵਿਖੇ ਅਰ ਪਰਦੇਸ਼ ਵਿਚ ਤੈਂ ਸਾਨੂੰ ਛੱਡਿਆ ਹੈ- ਏਹ ਤੈਂ ਪਾਪ

ਕਮਾਯਾ ਹੈ ਅਤੇ ਲਿਖਿਆ ਹੈ ਕਿਤਪਕਰਦਿਆਂ,ਦਾਨ ਦਿੰਦਿਆਂ,ਵਰਤ ਰਖਦਿਆਂ,ਤੀਰਥ ਜਾਂਦਿਆਂ ,ਦੋ ਸਿਰ ਮਿਲਦਿਆਂ,ਇਨ੍ਹਾਂ ਕੰਮਾਂ ਵਿਚ ਜੋ ਵਿਘਨ ਕਰੇ ਝੂਠੀ ਸਾਖੀ ਦੇਵੇ, ਥਕੇਵੇਂ ਤੇ ਡਰਕੇ ਯਾ ਆਲਸ ਕਰਕੇ ਰਿੱਧ ਸਿੱਧ ਦਾਤੀ ਦੁਰਗਾ ਦੀ ਸੇਵਾ ਨਾ ਕਰੇ,ਅਤੇ ਪੁੰਨ ਕਰਕੇ ਸੁਭ ਕੰਮ ਦਾ ਤਿਆਗ ਕਰੇ,ਓਹ ਮਹਾਂ ਪਤਿਤ ਹੁੰਦਾ ਹੈ;ਉਸਦਾ ਧਨ ਪੁਤ੍ਰ ਸੰਪਦਾ ਸਭ ਨਾਸ ਹੋ ਜਾਂਦੇ ਹਨ ਪਰ ਲਹਿਣੇ ਨੇ ਇਹੋ ਕਿਹਾ ਭਾਈ ਜਿੰਨੀਆਂ ਬਿਪਤਾ ਆਉਣ ਸਿਰ ਪੁਰ ਸਹਾਰਾਂਗਾ ,ਪਰ ਸਚੇ ਗੁਰੂ ਪੂਰੇ ਦੇ ਚਰਨਾਂ ਨੂੰ ਨਹੀਂ ਛੱਡਾਂਗਾ ॥

ਇਕ ਰਾਤ ਦੇਵੀ ਦਾ ਧਿਆਨ ਕਰਦਿਆਂ ਨੀਂਦਰ ਆ ਗਈ ।ਸੋ ਪਿਛਲੀ ਰਾਤ ਗੁਰੂ ਦਵਾਰੇ ਝਾੜੂ ਦਿੰਦੀ ਉਹੋ ਮੂਰਤ ਨਜ਼ਰ ਆਈ ਕਿ ਜਿਥੇ ਵਰਹੇ ਦੇ ਵਰਹੇ ਦਰਸ਼ਨ ਨੂੰ ਜਾਂਦਾ ਹੁੰਦਾ ਸੀ ।ਵੇਖਕੇ ਪੁਛਿਆ ਤਾਂ ਮਾਤਾ ਨੇ ਕਿਹਾ ਪੁਤ੍ਰ ਲਹਿਣਾ, ਤੂੰ ਮੋਖ ਅਰ ਗਯਾਨ ਦੀ ਇੱਛਾ ਰੱਖਕੇ ਮੇਰੀ ਭਗਤੀ ਕੀਤੀ,ਸੋ ਮੈਂ ਤੈਨੂੰ ਪੂਰੇ ਗੁਰੂ ਦਾ ਲੜ ਪਕੜਾਯਾ ਹੈ,ਜਿਸਦੀ ਸੇਵਾ ਕਰਕੇ ਭੁਗਤ ਅਰ ਮੁਕਤ ਦੋਵੇਂ ਤੂੰ ਪਾਵੇਗਾ,ਗੁਰੂ ਨਾਨਕ ਪੂਰਾ ਗੁਰੂ ਹੈ,ਮੈਂ ਇਸਦੀ ਦਾਸੀ ਹਾਂ,ਸੁਣਕੇ ਲਹਿਣਾ ਜੀ ਅਚਰਜ ਹੋ ਰਹੇ ਅਰ ਗੁਰਾਂ ਦੀ ਸੇਵਾ ਵਿਚ ਅੱਗੇ ਨਾਲੋਂ ਭੀ ਪ੍ਰੀਤ ਦਿਨ ਦਿਨ ਸਵਾਈ ਹੋਈ[32] ।"

ਗਿਆਨੀ ਦਿਤ ਸਿੰਘ ਨੇ ਗੁਰੂ ਨਾਨਕ ਦਾ ਜੀਵਨ ਚਰਿਤਰ 'ਸ੍ਰੀ ਗੁਰੂ ਨਾਨਕ-ਪ੍ਰਬੋਧ' ਦੇ ਨਾਂ ਹੇਠ ਕਵਿਤਾ ਵਿਚ ਲਿਖਿਆ ।ਇਸ ਵਿਚ ਪਾਧਾ ਪ੍ਰਬੋਧ,ਯਗ ਬੋਪਵੀਤ ਪ੍ਰਬੋਧ,ਵੈਦਯ ਪ੍ਰਬੋਧ,ਸੂਤਕ ਪ੍ਰਬੋਧ,ਮੁੱਲਾਂ ਜਬਾਬ ਪ੍ਰਬੋਧ,ਤਲਵੰਡੀ ਪਿਤਾ ਪ੍ਰਬੋਧ ਰਾਏ ਬੁਲਾਰ ਪ੍ਰਬੋਧ ਆਦਿ 29 ਸਾਖੀਆਂ ਹਨ।ਇਸ ਦੀ ਬੋਲੀ ਹਿੰਦੀ ਹੈ :-

<u>ਸ਼ੇਖ਼ ਪ੍ਰਬੋਧ</u>

ਚੌਪਈ-

ਪਾਕਪਟਨ ਮਹਿ ਪਹੁਚੇ ਆਈ ਸ਼ੇਖ ਫ਼ਰੀਦ ਭਯੋ ਤਹਿ ਠਾਂਈਂ
ਜਾਇ ਤਾਹਿਕੀ ਕਬਰ ਨਿਹਾਰੀ ।ਮਰਦਾਨੇ ਪ੍ਰਤਿ ਐਸ ਉਚਾਰੀ
ਸੁਨ ਭਾਈ ਮਰਦਾਨਾ ਏਹੀ ।ਦਫਨ ਸ਼ੇਖ ਕੀ ਈਹਾਂ ਦੇਹੀ ।
ਥੋ ਫਕੀਰ ਕਰਤਾਰ ਪਿਆਰਾ।ਜਗਤ ਕੁਰੀਤਨ ਤੇ ਵਹੁ ਨਯਾਰਾ ।

---

32 ਗਿਆਨੀ ਦਿੱਤ ਸਿੰਘ,'ਜੀਵਨ ਕਥਾ ਗੁਰੂ ਅੰਗਦ ਸਾਹਿਬ ਜੀ'ਸਫੇ 12-15 ।

ਤਬ ਫਰੀਦ ਕੋ ਸੇਵਕ ਏਕਾ ।ਆਇ ਗੁਰੂ ਕੋ ਮਾਥਾ ਟੇਕਾ ।
ਸ਼ੇਖ਼ ਫ਼ਰੀਦ ਸਲੋਕ ਲਿਆਇਓ।ਗੁਰ ਨਾਨਕ ਕੋ ਆਇ ਸੁਨਾਇਓ
ਜਾਕੇ ਉਤਰ ਗੁਰ ਜੂ ਦੀਨੇ ।ਗੁਰੂ ਗ੍ਰੰਥ ਮਹਿ ਸੋ ਰਖ ਲੀਨੇ ।
ਸੋ ਸੁਨੀਏ ਮਨ ਦੇ ਬੁਧਵੰਤਾ ।ਪੰਚ ਕਲੇਸਨ ਕੇ ਜੋ ਹੰਤਾ ।
ਬੋਲਯੋ ਵਹੁ ਫਕੀਰ ਤਬ ਬਾਤਾ ।ਸ਼ੇਖ ਫਰੀਦ ਖ਼ੁਦ ਕੋ ਜਾਤਾ ।
ਬਹੁਰ ਮਸਾਇਕ ਤਾਕੇ ਜੇਤੇ ।ਪਾਰ ਪਰੈ ਦੁਨੀਆਂ ਤੇ ਤੇਤੇ ।
ਬਹੁਤ ਬ੍ਰਿੱਧ ਦੇਹੀ ਤਿਨ ਕੇਰੀ ।ਲਿਖਤ ਕਤਾਬਾਂ ਪੁਰਖਨ ਹੇਰੀ ।
ਰਹਤ ਇਲਮ ਮਹਿ ਦਿਨ ਅਰ ਰਾਤਾ ।ਔਰਨ ਕੋਇ ਸੁਹਾਵਤ ਬਾਤਾ
ਸੁਨਕਰ ਤਾਂਤੇ ਇਸ ਪਰਕਾਰਾ ।ਤਦ ਗੁਰ ਐਸਾ ਸਬਦ ਉਚਾਰਾ ।

ਬਲਦ ਮਸਾਇਕ ਹਾਲੀ ਸੇਖ ।ਧਰਤ ਕਤੇਬਾ ਓੜੀ ਲੇਖ ।
ਰੋਟੀ ਕਾਪਰ ਸੇਉ ਅੜੀ ਜਾਇ ।ਤਾਕਾ ਖਟਿਆ ਸਭ ਕੋ ਖਾਇ ॥
ਘਾਲ ਖਟ ਕੁਛ ਹਥੋ ਦੇਇ ।ਨਾਨਕ ਰਾਹ ਪਛਾਣੈ ਸੇਇ ॥"[33]

ਸਿੰਘ ਸਭਾ ਲਹਿਰ ਦੇ ਸਮੇਂ ਜਿਨ੍ਹਾਂ ਨੌਜਵਾਨਾਂ ਨੇ ਸਿੱਖੀ ਆਦਰਸ਼ ਦਾ ਲਿਖਤੀ ਰੂਪ ਵਿਚ ਪਰਚਾਰ ਕਰਨਾ ਜ਼ਰੂਰੀ ਸਮਝਿਆ ਤੇ ਜਿਨ੍ਹਾਂ ਨੇ ਇਸ ਮੰਤਵ ਲਈ 1894 ਈ. ਵਿਚ ਖਾਲਸਾ ਟ੍ਰੈਕਟ,ਸੁਸਾਇਟੀ ਬਣਾਈ,ਉਨ੍ਹਾਂ ਵਿਚੋਂ ਭਾਈ ਵੀਰ ਸਿੰਘ ਇਕ ਸੀ ।ਇਸ ਸੁਸਾਇਟੀ ਨੇ 'ਨਿਰਗੁਣੀਆਰਾ' ਨਾਂ ਦਾ ਇਕ ਮਾਸਕ-ਪੱਤਰ ਜਾਰੀ ਕੀਤਾ ਜਿਸ ਨੇ ਬਹੁਤ ਸਾਰੇ ਟ੍ਰੈਕਟ ਛਾਪੇ ਜਿਨ੍ਹਾਂ ਵਿਚੋਂ ਬਹੁਤੇ ਭਾਈ ਵੀਰ ਸਿੰਘ ਦੇ ਲਿਖੇ ਹੋਏ ਹਨ।ਇਨ੍ਹਾਂ ਟ੍ਰੈਕਟਾਂ ਰਾਹੀਂ ਹੀ ਭਾਈ ਵੀਰ ਸਿੰਘ ਦੀ ਵਾਰਤਕ ਦਾ ਮੁੱਢ ਬੱਝਾ ।ਇਨ੍ਹਾਂ ਟ੍ਰੈਕਟਾਂ ਦੇ ਰੂਪ ਵਿਚ ਹੀ ਪਹਿਲਾ'ਗੁਰੂ ਨਾਨਕ ਚਮਤਕਾਰ' ਅਤੇ 'ਸ੍ਰੀ ਕਲਗੀਧਰ ਚਮਤਕਾਰ' ਦੀਆਂ ਸਾਖੀਆਂ ਪ੍ਰਕਾਸ਼ਤ ਹੋਈਆਂ ।'ਗੁਰੂ ਨਾਨਕ ਚਮਤਕਾਰ' ਦੇ 95 ਕਾਂਡਾਂ ਵਿਚੋਂ 42 ਅਤੇ 'ਸ੍ਰੀ ਕਲਗੀਧਰ ਚਮਤਕਾਰ' ਦੇ 105 ਕਾਂਡਾਂ ਵਿਚੋਂ 45 ਦੇ ਲਗਭਗ ਟ੍ਰੈਕਟਾਂ ਦੇ ਰੂਪ ਵਿਚ ਛਪ ਚੁਕੇ ਸਨ।ਪੁਸਤਕ-ਰੂਪ ਵਿਚ ਕੁਝ ਟ੍ਰੈਕਟਾਂ ਦੀ ਸਾਖੀ'ਸਚਖੰਡ ਯਾਤਰਾ''ਉਚੇ ਖੰਡਾਂ ਦੇ ਕੌਤਕ' ਨਾਂ ਹੇਠ ਪ੍ਰਕਾਸ਼ਤ ਹੋਈ ਅਤੇ 434 ਨੰ: ਟ੍ਰੈਕਟ ਦੀ ਸਾਖੀ'ਪ੍ਰੇਮ ਪੁੰਜ''ਦੇਸ਼ ਆਗਮ' ਨਾਂ ਹੇਠ ਛਪੀ।"[34] ਇਨ੍ਹਾਂ ਚਮਤਕਾਰਾਂ ਦਾ 'ਮਨੋਰਥ ਸਾਖੀਆਂ ਦੇ ਰੂਪ ਵਿਚ

33. ਗਿ: ਦਿੱਤ ਸਿੰਘ,'ਸ੍ਰੀ ਗੁਰੂ ਨਾਨਕ ਪ੍ਰਬੋਧ' ਸਫੇ 186-187 ।
34. ਡਾ: ਸੁਰਿੰਦਰ ਸਿੰਘ ਕੋਹਲੀ,ਪਰਖ ਨੰਬਰ।1972,ਸਫਾ 156 ।

ਜੀਵਨੀ ਤੇ ਜੀਵਨ ਬਿਰਤਾਂਤ ਲਿਖ ਕੇ ਉਨ੍ਹਾਂ ਰਾਹੀਂ ਸਿਖ ਧਰਮ ਦਾ ਪਰਚਾਰ ਕਰਨਾ ਸਪਸ਼ਟ ਹੈ ।"[35] ਪਰ ਭਾਈ ਵੀਰ ਸਿੰਘ ਨੇ 'ਸ੍ਰੀ ਗੁਰੂ ਨਾਨਕ ਚਮਤਕਾਰ' ਪੂਰਬਾਰਧ ਦੀ ਭੂਮਿਕਾ ਵਿਚ ਇਨ੍ਹਾਂ ਸਾਖੀਆਂ ਦੇ ਲਿਖੇ ਜਾਣ ਦਾ ਮਨੋਰਥ ਇਉਂ ਪਰਗਟ ਕੀਤਾ ਹੈ :-

" ਪਰ ਸਮੇਂ ਦੇ ਫੇਰਾਂ, ਰਾਜਸੀ ਮੁਸ਼ਕਲਾਂ ਵਿਚ ਮਿਹਨਤਾਂ ਤੇ ਤਸੀਹਿਆਂ ਦੇ ਸਾਹਮਣੇ ਫੇਰ ਰਾਜਮਦ ਤੇ ਉਸ ਵਿਚ ਕੁਸੰਗ ਦੇ ਪ੍ਰਵੇਸ਼ ਨੇ, ਤੇ ਫੇਰ ਐਸ਼੍ਵਰਜ ਵਿਨਾਸ਼ ਨੇ ਐਸੀ ਨੀਂਦਰੇ ਸੁਆਲਿਆ ਕਿ ਅੱਜ ਤੋਂ ਤ੍ਰੀਹ ਚਾਲੀ ਵਰ੍ਹੇ ਪਹਿਲੇ ਮੇਲਿਆਂ ਪਰ ਗੁਰਧਾਮਾਂ: ਤੇ ਗਿਆਂ ਸਿੱਖੀ ਦੇ ਗਿਰਾਉ ਦੀ ਤਸਵੀਰ ਅੱਖਾਂ ਅੱਗੇ ਆਪੇ ਆ ਜਾਂਦੀ ਹੁੰਦੀ ਸੀ ।ਉੱਚੇ ਜੀਵਨ ਘਟ ਗਏ ਸਨ ਤੇ ਪ੍ਰਚਾਰ ਉੱਕਾ ਬੰਦ ਹੋ ਗਿਆ ਸੀ ।ਉੱਚੇ ਜੀਵਨ ਦਾ ਪ੍ਰਚਾਰ ਤਾਂ ਹੁੰਦਾ ਹੈ ਜੇ ਧਰਮ ਅਸਥਾਨਾਂ ਤੇ ਟਿਕਾਣਿਆਂ ਤੇ ਉੱਚੇ ਜੀਵਨ ਵਾਲੇ ਗੁਰਮੁਖ ਬੈਠੇ ਹੋਣ ਤੇ ਪ੍ਰਚਾਰ ਕਰਨ, ਉਹਨਾਂ ਦੇ ਉਪਦੇਸ਼ ਤੇ ਅਮਲ ਤੋਂ ਉੱਚੇ ਜੀਵਨ ਦੇ ਨਕਸ਼ੇ ਅੱਖਾਂ ਅੱਗੇ ਆਉਣ ਤੇ ਕਰਨੀ ਤੇ ਕਣੀ ਵਾਲੇ ਗੁਰੂ ਸਿੱਖਾਂ ਦਾ ਸੰਗ ਸਹਿਲ ਪ੍ਰਾਪਤ ਹੋਵੇ ।ਹਾਂ, ਉਚੇ ਜੀਵਨ ਲਈ ਉਚੇ ਜੀਵਨ ਹੀ ਅੱਖਾਂ ਅਗੇ ਆਉਣ ਤਾਂ ਲਾਭ ਹੁੰਦਾ ਹੈ, ਪਰ ਜੇ ਇਹ ਕੁਛ ਘਟੇ ਤਾਂ ਫੇਰ ਉਚੇ ਜੀਵਨ ਜੀਕੂੰ ਬਸਰ ਹੋਏ ਹੂ-ਬ-ਹੂ ਉਹਨਾਂ ਦੀਆਂ ਮਾਨੋਂ ਜੀਉਂਦੀਆਂ ਤਸਵੀਰਾਂ ਅੱਖਾਂ ਅੱਗੇ ਆ ਜਾਣ, ਤਾਂ ਬੀ ਲਾਭ ਹੁੰਦਾ ਹੈ। ਨਿਰੇ ਸੰਮਤ, ਤ੍ਰੀਕਾਂ ਤੇ ਵਾਕਿਆਤ ਦੀਆਂ ਸੂਚੀ ਪੱਤ੍ਰਾਂ ਨਾਲ ਲੇਖਾ ਪੱਤਾ ਤਾਂ ਲੱਭਦਾ ਹੈ, ਹੋਰ ਲਾਭ ਭੀ ਹੁੰਦੇ ਹਨ, ਪਰ ਜੀਵਨ ਰੁਮਕੇ ਰੌਂਆਂ ਨਹੀਂ ਮਾਰ ਉਠਦੇ । ਹਾਂ, 'ਜੀਵਨ ਲਹਿਰ' ਤਾਂ ਵਲਵਲੇ ਵਿਚ ਆਉਂਦਾ ਹੈ ਜੇ ਜ਼ਿੰਦਗੀਆਂ ਜੀਕੂੰ ਬਸਰ ਹੋਈਆਂ ਤਿਵੇਂ ਹੂ-ਬ-ਹੂ ਹਿਲਦੀਆਂ ਜੁਲਦੀਆਂ, ਕੰਮ ਕਰਦੀਆਂ, ਸੁਖੀ ਦੁਖੀ ਹੁੰਦੀਆਂ, ਚੜ੍ਹਦੀਆਂ ਫਿਸਲਦੀਆਂ, ਉਠਦੀਆਂ, ਹੰਭਲੇ ਮਾਰਦੀਆਂ, ਕਾਮਯਾਬ ਹੁੰਦੀਆਂ, ਉਚੇ ਭਾਵਾਂ ਨਾਲ ਕੰਬਦੀਆਂ, ਥਰਰਾਉਂਦੀਆਂ, ਰਸਲੀਨ ਹੁੰਦੀਆਂ ਅੱਖਾਂ ਅੱਗੇ ਆਉਣ, ਉਹਨਾਂ ਉਤੇ ਵੱਸਦੇ ਮਿਹਰ ਦੇ ਚੋਜ ਨੈਣਾਂ ਦੇ ਸਾਹਮਣੇ ਫਿਰ ਜਾਣ, ਜਿਨ੍ਹਾਂ ਤੋਂ ਆਦਮੀ ਮੁਅੱਸਰ ਹੋਵੇ, ਅਪਣੇ ਦਿਲ ਦੇ ਛੌੜ ਕੱਟੇ ਜਾਣ, ਮਨ ਕੁਛ ਵਿਰਾਗ ਵਿਚ ਆਵੇ, ਆਪਣਾ ਆਪ ਉਸ ਚਾਨਣ-ਉਸ ਨਿਰਮਲਤਾ-ਵਿਚ ਦਿੱਸੇ ਜੋ ਐਉਂ ਆਉਂਦੀ ਹੈ, ਤੇ ਆਪੇ ਵਿਚ ਉਚੇ ਹੋਣ ਦਾ ਪ੍ਰੇਮ ਜਾਗ ਉਠੇ। ਹਾਂ, ਫੇਰ ਉਥੋਂ ਹੀ ਉੱਚੇ ਜੀਵਨ ਲਈ ਰਸਤਾ ਲੱਭ ਪਵੇ ਤੇ ਉਥੋਂ ਹੀ ਉਸ ਰਸਤੇ ਤੇ ਟੁਰਨ ਦੀ ਸਿੱਖਯਾ ਤੇ ਤ੍ਰੀਕਾ ਮਿਲ ਪਵੇ ।ਅਰ ਉਹ ਪੜ੍ਹਿਆ ਜੀਵਨ ਹੀ ਮਾਨੋਂ ਇਕ ਤਰ੍ਹਾਂ ਦਾ ਕੁਛ ਰਹਿਬਰ ਹੋ ਖਲੋਵੇ ਤੇ ਬੰਦਾ ਭਲਿਆਈ, ਉੱਦਮ, ਬਾਣੀ, ਕੀਰਤਨ ਤੇ ਉਪਕਾਰ ਵਿਚ ਲੱਗ ਪਵੇ ਅਤੇ ਨਾਮ ਦੇ

---

35 ਡਾ. ਗੁਰਚਰਨ ਸਿੰਘ, ਪੰਜਾਬੀ ਗਲਪਕਾਰ, ਸਫ਼ਾ 127 ;

ਰੰਗ-ਰਸ ਲਈ ਗੁਰ ਸਿੱਖ,ਗੁਰਮੁਖ ਦਾਤੇ ਕਹਿਣੀ ਰਹਿਣੀ ਵਾਲੇ ਸੁੱਚੇ ਸਤਿਸੰਗ,ਦਾ ਚਾਉ ਉਪਜੇ ।ਉਹ ਸਤਿਸੰਗ ਜਿਸ ਦੀ ਮਹਿਮਾ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ,ਉਸ ਦਾ ਲਾਭ ਤੇ ਵਜੂਦ ਕਾਇਮ ਰਹੇ ਤੇ ਇਸ ਤੋਂ ਜਗਯਾਸੂ ਪਿਆਰੇ ਤ੍ਰਿਪਤ ਹੋਕੇ'ਇਹ ਲੋਕ ਸੁਖੀਏ ਪਰਲੋਕ ਸੁਹੇਲੇ ' ਹੁੰਦੇ ਰਹਿਣ ।"[36]

ਭਾਈ ਵੀਰ ਸਿੰਘ ਦਾ 'ਚਮਤਕਾਰ' ਲਿਖਣ ਦਾ ਇਹ ਮਨੋਰਥ ਰਿਹਾ ਹੈ ਕਿ ਇਤਿਹਾਸ ਦੇ ਨਾਲ ਨਾਲ ਕਿਸੇ ਬਾਹਰਲੀ ਮਿਲਾਵਟ ਤੋਂ ਬਿਨਾਂ ਗੁਰਬਾਣੀ ਦੇ ਨਿਰੋਲ ਆਸ਼ੇ ਨੂੰ ਪ੍ਰਦੀਪਤ ਕੀਤਾ ਜਾਵੇ[37] ।" ਭਾਈ ਵੀਰ ਸਿੰਘ ਨੇ ਇਹ ਚਮਤਕਾਰ ਲਿਖਣ ਲਈ ਵਧ ਤੋਂ ਵਧ ਇਤਿਹਾਸਕ ਮਸਾਲੇ ਨੂੰ ਵਰਤਿਆ ਜਿਹਾ ਕਿ ਪੁਰਾਤਨ ਜਨਮ ਸਾਖੀ,ਬਾਲੇ ਵਾਲੀ ਜਨਮ ਸਾਖੀ,ਗਿਆਨ ਰਤਨਾਵਲੀ,ਗੁਰੂ ਨਾਨਕ ਪ੍ਰਕਾਸ਼,ਗੁਰ ਪ੍ਰਤਾਪ ਸੂਰਜ ਗ੍ਰੰਥ,ਸੌ ਸਾਖੀ ਤਵਾਰੀਖ ਗੁਰੂ ਖਾਲਸਾ,ਗੁਰਬਿਲਾਸ,ਆਦਿ ।ਇਸ ਤਰ੍ਹਾਂ ਗੁਰੂ ਸਾਹਿਬਾਨ ਦੇ ਜੀਵਨ ਨੂੰ ਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਅਜਿਹੀ ਸੁਚੱਜਤਾ ਨਾਲ ਬਿਆਨ ਕੀਤਾ ਕਿ ਗੁਰੂ ਸਾਹਿਬਾਨ ਦੇ ਆਦਰਸ਼ ਜੀਵਨ ਦੀ ਤਸਵੀਰ ਹੂਬਹੂ ਪਾਠਕਾਂ ਦੇ ਸਾਹਮਣੇ ਆ ਜਾਏ ।

ਭਾਈ ਵੀਰ ਸਿੰਘ ਨੇ ਇਹ ਚਮਤਕਾਰ ਸਿਰਫ ਜੀਵਨ ਚਰਿੱਤਰ ਲਿਖਣ ਦੇ ਨਜ਼ਰੀਏ ਤੋਂ ਹੀ ਨਹੀਂ ਲਿਖੇ ।ਸਗੋਂ ਉਹਦੇ ਸਾਹਮਣੇ ਕੋਈ ਖਾਸ ਉਦੇਸ਼ ਸੀ ਤੇ ਉਹ ਉਦੇਸ਼ ਇਹ ਸੀ ਕਿ ਗੁਰੂ ਸਾਹਿਬਾਨ ਦੇ ਜੀਵਨ ਤੋਂ ਸਿਖ ਪ੍ਰਭਾਵਤ ਹੋਣ ਤੇ ਗੁਰੂ ਸਾਹਿਬਾਨ ਦੀ ਸ਼ਖਸੀਅਤ ਦੇ ਅਸਰ ਹੇਠ ਉਹ ਆਪਣੇ ਧਰਮ ਵਿਚ ਪੱਕੇ ਹੋਣ ।ਇਸ ਲਈ ਭਾਈ ਵੀਰ ਸਿੰਘ ਨੇ ਇਹ 'ਚਮਤਕਾਰ' ਨਾ ਹੀ ਨਿਰੋਲ ਇਤਿਹਾਸਕਾਰ ਦੇ ਤੌਰ ਤੇ ਤੇ ਨਾ ਹੀ ਨਿਰੋਲ ਵਿਗਿਆਨਕ ਦ੍ਰਿਸ਼ਟੀ ਤੋਂ ਲਿਖੇ ਹਨ,ਸਗੋਂ ਦੋਨਾਂ ਦਾ ਸੁਚੱਜਾ ਸੁਮੇਲ ਕੀਤਾ ਹੈ ।

ਕਿਉਂਕਿ ਇਹ ਸਿਰਫ ਸਿਖ ਪਾਠਕਾਂ ਲਈ ਲਿਖੇ ਗਏ ਹਨ,ਜਿਨ੍ਹਾਂ ਦੇ ਦਿਲਾਂ ਵਿਚ ਪਹਿਲਾਂ ਵੀ ਸ਼ਰਧਾ ਹੁੰਦੀ ਹੈ,ਇਸ ਲਈ ਭਾਈ ਵੀਰ ਸਿੰਘ ਨੇ ਵੀ ਇਹ ਨਿਰਪਖ ਹੋਕੇ ਨਹੀਂ ਲਿਖੇ ।ਗੁਰੂ ਸਾਹਿਬਾਨ ਦੀ ਵਧ ਤੋਂ ਵਧ ਸਿਫਤ ਕੀਤੀ ਹੈ ਤਾਂ ਜੋ ਉਨ੍ਹਾਂ ਦੀ ਸ਼ਖ਼ਸੀਅਤ ਵਧ ਤੋਂ ਵਧ ਉਘੜੇ ਤੇ ਸਿੱਖਾਂ ਦੇ ਦਿਲਾਂ ~~ਦਿਲਾਂ~~ ਤੇ ਇਹ ਸ਼ਖ਼ਸੀਅਤ ਵਧ ਤੋਂ ਵਧ

36. ਭਾਈ ਵੀਰ ਸਿੰਘ 'ਸ੍ਰੀ ਗੁਰੂ ਨਾਨਕ ਚਮਤਕਾਰ' ਪੂਰਯਾਰਥ,ਭੂਮਿਕਾ ਸਫਾ ੳ- ਅ ।

37. ਡਾ: ਸੁਰਿੰਦ ਸਿੰਘ ਕੋਹਲੀ,ਪਰਖ ਨੰਬਰ 1,1972 ;।

ਅਸਰ ਪਾਵੇ ।ਪਰ ਇਹਦੇ ਬਾਵਜੂਦ ਵੀ ਭਾਈ ਵੀਰ ਸਿੰਘ ਨੇ ਪਾਠਕਾਂ ਦੀ ਸ਼ਰਧਾ ਦਾ ਅਯੋਗ ਲਾਭ ਨਹੀਂ ਉਠਾਇਆ ਸਗੋਂ ਗੁਰੂ ਸਾਹਿਬਾਨ ਦੇ ਜੀਵਨ ਇੰਨੇ ਵਿਸਥਾਰ ਨਾਲ ਬਿਆਨ ਕੀਤੇ ਹਨ ਕਿ ਉਨ੍ਹਾਂ ਦੇ ਅਨੇਕ ਗੁਣ ਤੇ ਲੱਛਣ ਉਭਰ ਕੇ ਸਾਹਮਣੇ ਆ ਜਾਂਦੇ ਹਨ।ਇਨ੍ਹਾਂ ਚਮਤਕਾਰਾਂ ਵਿਚ ਹਰ ਖੰਡ ਦੇ ਮੁਢ ਵਿਚ ਗੁਰਬਾਣੀ ਦੀ ਤੁਕ ਹੁੰਦੀ ਹੈ ਜਿਸ ਤੋਂ ਉਸ ਖੰਡ ਬਾਰੇ ਆਪਣੇ ਆਪ ਹੀ ਪਤਾ ਚਲ ਜਾਂਦਾ ਹੈ ।

ਕਿਉਂਕਿ ਜਦੋਂ ਇਹ ਟ੍ਰੈਕਟਾਂ ਦੇ ਰੂਪ ਵਿਚ ਲਿਖੇ ਜਾਂਦੇ ਰਹੇ ਉਸ ਸਮੇਂ ਪੰਜਾਬੀ ਪਾਠਕਾਂ ਦੇ ਗਿਆਨ ਦਾ ਪਧਰ ਬਹੁਤਾ ਉਚਾ ਨਹੀਂ ਸੀ,ਇਸ ਲਈ ਇਹ 'ਚਮਤਕਾਰ' ਪਾਠਕਾਂ ਨੂੰ ਸਾਹਮਣੇ ਰਖ ਕੇ ਲਿਖੇ ਜਾਂਦੇ ਰਹੇ ਤੇ ਅਜੇ ਤਕ ਅਸੀਂ ਉਸ ਸਮੇਂ ਨੂੰ ਅਖਾਂ ਸਾਹਮਣੇ ਲਿਆਈਏ ਤਾਂ ਇਹ ਸਮੇਂ ਅਨੁਸਾਰ ਕਾਫ਼ੀ ਆਧੁਨਿਕ ਜਾਪਦੇ ਹਨ ।

ਇਨ੍ਹਾਂ ਦਾ ਮੁਖ ਮੰਤਵ ਤਾਂ ਇਹ ਸੀ ਕਿ ਸਿੱਖਾਂ ਵਿਚ ਧਰਮ ਪਰਚਾਰ ਕੀਤਾ ਜਾਏ ਤੇ ਧਰਮ ਵੀ ਉਹ ਜਿਸ ਵਿਚ ਕਰਮ ਨਾਲੋਂ ਨਾਮ ਤੇ ਜ਼ਿਆਦਾ ਜ਼ੋਰ ਦਿਤਾ ਜਾਏ ਤਾਂ ਜੋ ਸਿੱਖ ਜਨਤਾ ਆਪਣੇ ਧਰਮ ਚੋਂ ਕਰਮਸ਼ੀਲਤਾ ਦੀ ਸਿਖਿਆ ਲੈਕੇ ਅੰਗਰੇਜ਼ ਦੇ ਗਲ ਨਾ ਪੈ ਜਾਵੇ ।ਇਸ ਤਰ੍ਹਾਂ ਇਹ 'ਚਮਤਕਾਰ' ਆਪਣੇ ਦੋਹਰੇ ਆਸ਼ੇ ਵਿਚ ਸਫਲ ਰਹੇ ਕਿਉਂਕਿ ਇਨ੍ਹਾਂ ਰਾਹੀਂ ਭਾਈ ਵੀਰ ਸਿੰਘ ਨੇ ਨਿਰੋਲ ਧਾਰਮਕ ਪਰਚਾਰ ਅਧਿਆਤਮ ਤੇ ਰਹਸਵਾਦੀ ਰਸਤਾ ਫੜ ਲਿਆ ਤੇ ਅਜਿਹਾ ਕਰਨ ਨਾਲ ਅੰਗ੍ਰੇਜ਼ ਪ੍ਰਤਿ ਵਫ਼ਾਦਾਰੀ ਦਾ ਹੋਰ ਵੀ ਸਬੂਤ ਦਿਤਾ ।ਇਸਤਰ੍ਹਾਂ ਇਹ ਚਮਤਕਾਰ ਸਿੰਘ ਸਭਾ ਲਹਿਰ ਦੇ ਆਸ਼ਿਆਂ ਤੇ ਐਨ ਪੂਰੇ ਉਤਰਦੇ ਹਨ।

ਪਰ ਇਨ੍ਹਾਂ ਦਾ ਪੰਜਾਬੀ ਸਾਹਿਤ ਤੇ ਬੋਲੀ ਨੂੰ ਵੀ ਬਹੁਤ ਲਾਭ ਪਹੁੰਚਿਆ । ਉਹ ਇਸ ਤਰ੍ਹਾਂ ਕਿ ਇਨ੍ਹਾਂ ਰਾਹੀਂ ਪੰਜਾਬੀ ਵਾਰਤਕ ਵਿਕਾਸ ਦੀਆਂ ਕਈ ਮੰਜ਼ਲਾਂ ਪਾਰ ਕਰ ਗਈ ।

> " ਇਕ ਟਿਕਾਣਾ ਹੈ ਹੇਮ ਕੂੰਟ-ਸਪਤ ਸ੍ਰਿੰਗ'।ਸ੍ਰਤ ਸ੍ਰਿੰਗ ਬੀ ਆਖਦੇ ਹਨ।ਸੈਂਕੜੇ ਚੋਟੀਆਂ,ਪਰ ਵਿਸ਼ੇਸ਼ ਹਨ ਸੱਤ-ਜੋ ਸ਼ੋਭ ਰਹੀਆਂ ਹਨ,ਸੱਤੇ ਹੀ ਬਰਫ਼ ਦੇ ਟਿਕਾਉ ਨਾਲ ਮਾਨੋਂ ਚਾਂਦੀ ਦੀ ਕਲਸ ਬਣ ਰਹੀਆਂ ਹਨ।ਅੰਮ੍ਰਿਤ ਵੇਲੇ ਦਾ ਚੰਦਰਮਾ ਲੋਪ ਹੋ ਰਿਹਾ ਹੈ,ਸਵੇਰਾ ਆ ਰਿਹਾ ਹੈ।ਪਹੁ ਫੁਟਾਲਾ ਹੋ ਗਿਆ ਹੈ ।ਅਕਾਸ਼ ਅੱਜ

ਨਿਰਮਲ ਹੈ, ਪੂਰੇ ਵਲ ਲਾਲੀ ਫਿਰ ਗਈ ਹੈ, ਇਸ ਲਾਲੀ ਦਾ ਅਕਸ (ਹਿਮ) ਬਰਫ਼ ਦੀਆਂ ਚੋਟੀਆਂ ਤੇ ਪੈ ਰਿਹਾ ਹੈ। ਸੂਰਜ ਦੀ ਟਿੱਕੀ ਸਾਰੀ ਬਾਹਰ ਨਿਕਲ ਆਈ ਜੇ, ਹੁਣ ਉਚੀ ਹੋ ਆਈ ਜੇ, ਸੱਭੇ ਚੋਟੀਆਂ ਸੋਨੇ ਵਾਂਗ ਚਮਕ ਪਈਆਂ। ਉਧਰੋਂ ਸੂਰਜ ਦੇ ਸੂਆ, ਇਧਰੋਂ ਇਨ੍ਹਾਂ ਪਰ ਪੈਂਦੇ ਸੂਰਜ ਦੇ ਸੂਆਵਾਂ ਦਾ ਇਕ ਦੂਜੇ ਤੋਂ ਆਪਸ ਦੇ ਵਿਚ ਪਰਤਵਾਂ ਸੁਰਤਵਾਂ ਲਿਸ਼ਕਾਰਾਂ ਦੇ ਕੇ ਪੈਣਾ, ਇਕ ਦਰਸ਼ਨ ਹੈ ਜੋ ਸੋਨੇ ਦੀ ਚਮਕ ਦਾ ਨਜ਼ਾਰਾ ਅੱਖਾਂ ਅਗੇ ਬੰਨ੍ਹ ਦਿੰਦਾ ਹੈ।"

( ਸ੍ਰੀ ਕਲਗੀਧਰ ਚਮਤਕਾਰ )

" ਬਿਆਸਾ ਨਦੀ ਦਾ ਪੱਛਮੀ ਕਿਨਾਰਾ ਇਕ ਨਿੱਕੀ ਜਿਹੀ ਟਿੱਬੀ ਤੇ ਅੰਮ੍ਰਿਤ ਵੇਲਾ 'ਰੱਬੀ ਜੋਤਿ' ਧਿਆਨ ਮਗਨ ਬੈਠੀ ਹੈ, ਇਕ ਪ੍ਰੇਮੀ ਸੂਰਤ ਕੀਰਤਨ ਕਰ ਰਹੀ ਹੈ। ਠੰਢਾ ਸੁਹਾਉ ਅਸਮਾਨਾਂ ਤੋਂ ਵੱਸ ਰਿਹਾ ਹੈ, ਸ਼ਾਂਤਿ ਤੇ ਇਕਾਂਤ ਵਿਚ ਕੀਰਤਨ ਦੀ ਰੌ ਸੁਆਦ ਦਰ ਸੁਆਦ ਦੀ ਲਪਟ ਦੇ ਰਹੀ ਹੈ।"

( ਗੁਰੂ ਨਾਨਕ ਚਮਤਕਾਰ, ਪੂਰਬਾਰਧ-
ਸਫ਼ਾ 109)

" ਸੱਚ ਦਾ ਅਵਤਾਰ, ਸੁਲਹ ਦਾ ਪੈਗੰਬਰ, ਪਿਆਰ ਦਾ ਦੇਵਤਾ, ਉਪਕਾਰ ਦਾ ਰਿਖੀਸ਼ੁਰ ਗੁਰੂ ਨਾਨਕ ਆਪਣੇ ਵਪਾਰੀ ਕਿੱਤੇ ਵਿੱਚ ਬੈਠਾ ਹੈ।"

(ਗੁਰੂ ਨਾਨਕ ਚਮਤਕਾਰ, ਪੂਰਬਾਰਧ-
ਸਫਾ 89 )

" ਆਹ ਸੁੰਦਰਤਾ ਤੂੰ ਧੰਨ ਹੈ। ਤੂੰ ਉਹ ਦੇਵੀ ਹੈ ਜੋ ਵਿਛੁੜਿਆਂ ਨੂੰ ਮੇਲਦੀ ਹੈਂ। ਤੂੰ ਹੈਂ ਜੋ ਸੋਚ ਸਮੁੰਦਰ ਵਿਚੋਂ ਕਢਕੇ ਬੇਖ਼ੁਦੀਆਂ ਦੇ ਪੰਘੂੜੇ ਝੂਟਾਉਂਦੀ ਹੈ।"

( ਗੁਰੂ ਨਾਨਕ ਚਮਤਕਾਰ, ਪੂਰਬਾਰਧ -
ਸਫਾ 44 )

" ਹੇ ਸੁਹਣੇ । ਹੇ ਸੁੰਦਰ ।ਹੇ ਸੁੰਦਰਾਂ ਦੇ ਸੁੰਦਰ । ਹੇ ਸੁਹਾਵੇ ਤੇ ਸਦਾ ਸੁਹਾਣ ।ਹੇ ਛੱਬੀ ਵਾਲੇ ।ਹੇ ਛਬੀ ਵਾਲੇ ।ਹੇ ਅਦੁਤੀ ਦੂਤੀ ਵਾਲੇ ।ਹੇ ਮਨ ਮੋਹਣੇ ।ਹੇ ਅੱਲਾਹ ।ਹੇ ਲਲਿਤ । ਹੇ ਹੁਸਨ । ਹੇ ਹੁਸਨਾਂ ਦੇ ਸਰਦਾਰ ।ਹੇ ਖੂਬ । ਹੇ ਖੂਬਾਂ ਦੇ ਸ਼ਹਿਨਸ਼ਾਹਠ"

(ਗੁਰੂ ਨਾਨਕ ਚਮਤਕਾਰ, ਪੂਰਬਾਰਧ-
ਸਫਾ 44 )

ਭਾਈ ਵੀਰ ਸਿੰਘ ਦੇ ਜੀਵਨ ਫਲਸਫੇ ਨਾਲ ਕੋਈ ਸਹਿਮਤ ਅਸਹਿਮਤ ਹੋ ਸਕਦਾ ਹੈ, ਕੋਈ ਉਹਨੂੰ 'ਰੱਬੀ ਪ੍ਰੇਮ ਵਿਚ ਰੱਤਾ ਫਕੀਰ' ਕਹਿ ਸਕਦਾ ਹੈ ਤੇ ਕੋਈ ਹੋਰ 'ਭੰਗੜ ਸਾਧ', ਪਰ ਇਸ ਗੱਲੋਂ ਤੇ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਭਾਈ ਵੀਰ ਸਿੰਘ ਦੀ ਕਲਮ ਛੋਹ ਨੇ ਪੰਜਾਬੀ ਸਾਹਿਤ ਦੀ ਨੁਹਾਰ ਬਦਲ ਦਿਤੀ ਹੈ।ਉਹਨੇ ਪੰਜਾਬੀ ਵਿਚ ਨਾ ਸਿਰਫ ਮਹਾਂ-ਕਾਵਿ ਲਿਖ ਕੇ ਇਹ ਸਾਬਤ ਕਰ ਦਿਤਾ ਕਿ ਪੰਜਾਬੀ ਬੋਲੀ ਗੁਆਰਾਂ ਦੀ ਬੋਲੀ ਨਹੀਂ, ਇਸ ਰਾਹੀਂ ਕਾਵਿ-ਅਕਾਸ਼ ਵਿਚ ਉਚੀਆਂ ਉਡਾਰੀਆਂ ਵੀ ਲਾਈਆਂ ਜਾ ਸਕਦੀਆਂ ਹਨ, ਇਹਦੀ ਕਵਿਤਾ ਨਿਰੀ ਤੁਕ-ਬੰਦੀ ਹੀ ਨਹੀਂ, ਇਸ ਵਿਚ ਉਚ-ਕਾਵਿ ਦੇ ਸਾਰੇ ਗੁਣ ਹਨ ।ਸਾਰੋਦੀ ਕਵਿਤਾ ਦਿਲ ਦੀਆਂ ਝਰਨਾਟਾਂ ਛੇੜ ਦਿੰਦੀ ਹੈ, ਇਹਦੇ ਰਾਹੀਂ ਕੁਦਰਤ ਦੇ ਪਰਤੱਖ ਨਜ਼ਾਰੇ ਮਾਣੇ ਜਾ ਸਕਦੇ ਹਨ, ਇਹਦੀਆਂ ਨਿਕੀਆਂ ਨਿਕੀਆਂ ਕਵਿਤਾਵਾਂ ਪਹਾੜਾਂ ਤੋਂ ਉਚੀਆਂ ਤੇ ਸਾਗਰਾਂ ਤੋਂ ਡੂੰਘੀਆਂ ਗੱਲਾਂ ਕਰ ਜਾਂਦੀਆਂ ਹਨ :-

" ਵੇ ਮਾਹੀ ਗਲੇ ਤੇਰੇ ਗਾਨੀਆਂ
ਰੋਵਾਂ ਪਾਣੀ ਨੂੰ ਕੁਮਲਾਣੀ ਜਾਣੀ ਆਂ ।"

ਤੇ ਇਨ੍ਹਾਂ ਕਾਵਿ-ਰੂਪਾਂ ਨੂੰ ਪੰਜਾਬੀ ਵਿਚ ਲਿਆ ਕੇ ਕਿਸ ਖਜ਼ਾਨਾ ਭਰਿਆ ਹੈ ? ਤੇ ਇਸ ਤੋਂ ਪਹਿਲਾਂ ਵਾਰਤਕ ਕਿਹੋ ਜਿਹੀ ਸਧੁਕੜੀ ਜ਼ੁਬਾਨ ਵਿਚ ਸੀ ਤੇ ਇਹਦੇ ਹੱਥਾਂ ਵਿਚ ਕਿਵੇਂ ਮਾਂਜੀ ਸ਼ਿੰਗਾਰੀ ਗਈ, ਕਿਵੇਂ ਉਹ ਹਰ ਤਰ੍ਹਾਂ ਦੇ ਖਿਆਲ ਪਰਗਟ ਕਰਨ ਦੇ ਯੋਗ ਹੋ ਗਈ, ਕਿਵੇਂ ਉਹਦੀ ਸ਼ੈਲੀ ਜਾਜ਼ਬਾਤੀ ਜਹੀ ਧਾਰਮਿਕ -ਕਿਸਮ ਦੀ ਤੋਂ ਬਿਆਨੀਆਂ, ਵਰਣਨੀ, ਵਿਅੰਗਮਈ, ਅਲੰਕਾਰਕ, ਸਾਦਾ, ਸੁਧ, ਸਰਲ ਤੇ ਸਪਸ਼ਟ ਬਣ ਗਈ ।ਕਿਵੇਂ ਉਹਨੇ ਆਪਣੀ ਮਾਂ ਤੋਂ ਸੰਸਕ੍ਰਿਤ ਬ੍ਰਜੀ ਦੀ ਛੱਟ ਲਾਹ ਕੇ ਉਹਨੂੰ ਹੌਲਾ ਫੁੱਲ ਕਰ ਦਿਤਾ, ਕਿਵੇਂ ਇਹਦੀ ਝੋਲੀ ਨੂੰ ਹਰ ਪਰਕਾਰ ਦੇ ਸ਼ਬਦਾਂ ਨਾਲ ਭਰ ਦਿਤਾ, ਇਹ ਕਿਸੇ ਤੋਂ ਭੁਲਿਆ ਨਹੀਂ :-

ਏ



'ਕੀਰਤਨ ਵਾਹਿਗੁਰੂ ਦਾ ਕੀਰਤਨ,ਹਾਂ,ਸੁਰ,ਤਾਰ,ਸਾਜ,
ਸੁੰਦਰ ਗਲੇ ਤੇ ਪਿਆਰ ਨਾਲ ਭਿੱਜੇ ਮਨ ਦਾ ਕੀਰਤਨ ,
ਇਹ ਜਾਦੂ ਹੈ,ਜੋ ਮਨ ਨੂੰ ਮਨ ਤੋਂ ਚੁੱਕ ਕੇ ਰਸ ਵਿਚ
ਇਉਂ ਭਿਉਂ ਦਿੰਦਾ ਤੇ ਲਿਵ ਦੇ ਮੰਡਲਾਂ ਵਿਚ ਉਡਾਰੀ ਲਗਾ ਦਿੰਦਾ ਹੈ ।"

(ਖਾਲਸਾ ਟ੍ਰੈਕਟ ਸੁਸਾਇਟੀ'ਟ੍ਰੈਕਟ ਨੰ:84 ਸੰਨ 1898)

ਤੇ ਨਾਲ ਇਹ ਵੀ ਵੇਖੋ ਕਿ ਭਾਈ ਵੀਰ ਸਿੰਘ ਦੇ ਸੰਪਰਕ ਵਿਚ ਆਏ ਪ੍ਰੋ: ਪੂਰਨ ਸਿੰਘ ਦੀ ਵਾਰਤਕ ਕਿੰਨੀ ਹੋਰ ਅਮੀਰ ਹੋ ਗਈ ਤੇ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਹਥਾਂ ਵਿਚ ਇਹਦੀ ਦੌਲਤ ਦਾ ਕੀ ਅੰਦਾਜ਼ਾ ਹੋਵੇਗਾ :-

" ਗੁਰੂ ਬਾਬੇ ਜੀ ਦੇ 'ਕਰਤਾਰਪੁਰ' ਰਾਵੀ ਦੇ ਕਿਨਾਰੇ ਸ਼ਬਦਾਂ ਦੀ ਘਨਘੋਰ ਹੋ ਰਹੀ ਹੈ,ਸੰਗਤਾਂ ਵਹੀਰਾਂ ਪਾਕੇ ਆਈਆਂ ਹਨ,ਸਭ ਦੇਸ਼ ਦੇਸ਼ਾਂਤਰਾਂ ਕੱਠੇ ਹੋਏ ਹਨ,'ਕਰਤਾਰਪੁਰ' ਵਿਚ ਆਪਣੀਆਂ,ਬੇਗਾਨੀਆਂ ਕੌਮਾਂ ਦਾ ਕੇਂਦਰ ਸਜਿਆ ਹੋਇਆ ਹੈ।ਬਾਬਾ ਜੀ ਦਰਸ਼ਨ ਦੇ ਰਹੇ ਹਨ, ਸ੍ਰੀ ਲਹਣਾ ਜੀ ਸੰਗਤਾਂ ਵਿੱਚ ਫਿਰਕੇ ਹਰ ਇਕ ਨੂੰ ਨਿਹਾਲ ਕਰ ਰਹੇ ਹਨ,ਖੁਸ਼ੀਆਂ ਨਿੱਤ ਨਵੀਆਂ ਚੜ੍ਹ ਸੁ ਚਲ੍ਹ ਰਹੀਆਂ ਹਨ ।ਮਾਲਕ ਦਾ 'ਨਵਾਂ ਮੁਲਕ' 'ਨਵੀਂ-ਵਿਲਾਇਤ' ਅਨੰਦ ਸੁਖ,ਚੁਪ-ਪ੍ਰੀਤ,'ਚੁਪ-ਕਿਰਤ' 'ਚੁਪ-ਮਗਨਤਾ','ਚੁਪ-ਸੇਵਾ'ਵੱਸ ਰਹੀ ਹੈ , ਮਾਲਕ ਦਾ ਨਵਾਂ ਸ਼ਬਦ ਤੇ ਸੁਰਤਿ ਵਾਲਾ ਇਨਸਾਨ ਪੈਦਾ ਹੋ ਆਇਆ ਹੈ, ਬਾਬੇ ਜੀ ਦਾ ਨਵਾਂ ਸਹਜ-ਜੋਗ ਘਰ ਦੇ ਪਿਆਰ ਵਿੱਚ ਕਰਤਾਰ ਦੇ ਪਿਆਰ ਦੀ ਪ੍ਰਾਪਤੀ ਦੇ ਤ੍ਰੀਕੇ ਦਾ ਦਰਬਾਰ ਲੱਗ੍ਹਾ ਹੈ।ਬਾਬੇ ਦੇ ਦਰਸ਼ਨ ਦੀ ਜੋਤ ਜਗ ਰਹੀ ਹੈ,ਪਤੰਗੇ ਆਪਾ ਪਿਆਰ ਵਿਚ ਵਾਰ ਰਹੇ ਹਨ,ਤੀਵੀਂ ਮਰਦ ਬਰੱਬਰ, ਰਾਵ ਰੰਕ ਬਰੱਬਰ,ਪੜ੍ਹਿਆ ਅਨਪੜ੍ਹਿਆ ਬਰੱਬਰ,ਪਿਆਰ ਇਕ ਰਸ,ਸੇਵਾ ਇਕ ਰਸ,ਅਖੰਡ 'ਸਿਫਤ-ਸਲਾਹ' ਇਹ ਬਾਬੇ ਜੀ ਦੇ ਦਿਲ ਵਿੱਚੋਂ ਜੰਮਿਆਂ ਇਨਸਾਨੀ ਦਰਦ ਵਾਲਾ,ਜੋਗੀ ਇਕਾਗਰਤਾ ਵਾਲਾ,ਸਿਪਾਹੀ-ਸੇਵਾ ਵਾਲਾ,ਘਰ ਦੇ ਪਿਆਰ ਵਾਲਾ,ਰੱਬ ਦੇ ਭਗ਼ਤ ਦੀ ਤੀਬ੍ਰਤਾ,ਕੋਮਲਤਾ,ਦਯਾ ਵਾਲਾ,ਰਾਜੇ ਦੇ ਨਿਆਂ ਵਾਲਾ,ਫੌਜਾਂ ਦੇ ਲਲਕਾਰ ਵਾਲਾ,ਦੁਸ਼ਟਾਂ ਨੂੰ ਡੰਡ ਦੇਣ ਵਾਲਾ,ਜੁਗਤਿ ਦੀ ਰਾਜਨੀਤੀ ਵਾਲਾ,ਪਿਆਰ ਵਿੱਚ ਤਯਾਗ ਵਾਲਾ,ਪਿਆਰ ਵਿਚ ਗ੍ਰਹਨ ਵਾਲਾ, ਸਦਾ ਅੱਠ ਪਹਰੀ ਨਿਵੇਦਤ ਕੁਰਬਾਨ ਹੋਈ ਜ਼ਿੰਦਗੀ ਵਾਲਾ,ਆਲਮਗੀਰ ਆਣ ਵਾਲੇ ਸਦਾ ਦੀ 'ਮੁਕੰਮਲ ਜੀਵਨ' ਦੀ 'ਕਮਾਲੀਅਤ' ਵਾਲਾ ਆਦਰਸ਼ ਸਾਹਮਣੇ

ਤੀਵੀਂ, ਮਰਦ, ਬੱਚੇ, ਸਿਪਾਹੀ, ਰਾਜਾ, ਪਰਜਾ, ਯੋਗੀ , ਜੰਗਮ, ਉਦਾਸੀ, ਫਕੀਰ, ਸੰਨਯਾਸੀ, ਮੁਸਲਮਾਨ, ਹਿੰਦੂ, ਯਹੂਦੀ ਸਭ ਇਕ 'ਸੰਗਤ' ਗੁਰੂ ਦੀ ਸੰਗਤ ਵਿੱਚ ਮਿਲੇ, ਇੱਕ ਹੋਏ, ਆਣ ਵਾਲੀ ਧਰਮ-ਦੁਨੀਆਂ ਦਾ ਮੁਕੰਮਲ ਝਾਕਾ ਅੱਜ ਕਰਤਾਰਪੁਰ ਵਿਚ ਝਲਕ ਦੇ ਰਿਹਾ ਹੈ, ਗੁਰੂ ਦੀ ਸੰਗਤ ਦੇ ਦਰਸ਼ਨ ਹਨ। ਗੁਰੂ ਆਪਣੀ ਸੰਗਤ ਨੂੰ ਦੇਖ ਰਿਹਾ ਹੈ, ਸੰਗਤਾਂ ਗੁਰੂ ਦਾ ਦੀਦਾਰ ਕਰ ਰਹੀਆਂ ਹਨ ।" *

ਸੋ ਪੰਜਾਬੀ ਬੋਲੀ ਨੂੰ ਬ੍ਰਜੀ ਸੰਸਕ੍ਰਿਤ ਦੇ ਭਾਰ ਹੇਠੋਂ ਕਢਣਾ, ਪੰਜਾਬੀ ਸਾਹਿਤ ਵਿਚ ਹਰ ਭਾਂਤ ਦੀ ਸਾਹਿਤ-ਵੰਨਗੀ ਦਾ ਪ੍ਰਵੇਸ਼ ਕਰਨਾ, ਇਹਨੂੰ ਦੂਜੀਆਂ ਬੋਲੀਆਂ ਦੇ ਮੁਕਾਬਲੇ ਤੇ ਖੜਾ ਕਰਨਾ, ਇਹ ਸਿੰਘ ਸਭਾ ਲਹਿਰ ਦੀ ਹੀ ਦੇਣ ਹੈ, ਭਾਵੇਂ ਇਹ ਕੰਮ ਗਿਆਨੀ ਦਿਤ ਸਿੰਘ ਰਾਹੀਂ ਹੋਇਆ ਹੋਵੇ, ਚਾਹੇ ਭਾਈ ਮੋਹਨ ਸਿੰਘ ਵੈਦ ਜਾਂ ਭਾਈ ਵੀਰ ਸਿੰਘ ਰਾਹੀਂ ।

---

* ਪ੍ਰੋ: ਪੂਰਨ ਸਿੰਘ, 'ਰੂਪ-ਪ੍ਰੀਤ ਦਾ ਸ਼ਹਨਸ਼ਾਹ ਬਿਉਪਾਰੀ' ਸਫਾ 123 ।

ਕਾਂਡ ਛੇਵਾਂ

# ਸਿਖ ਵਿਦਿਅਕ ਲਹਿਰ
# ਤੇ
# ਪੰਜਾਬੀ ਸਾਹਿਤ

- ਮੁਢਲੇ ਸ਼ਬਦ
- ਪਹਿਲਾਂ ਦੀ ਹਾਲਤ
- ਸਿਖ ਵਿਦਿਅਕ ਲਹਿਰ
- ਪੰਜਾਬ ਯੂਨੀਵਰਸਿਟੀ
- ਜੜ੍ਹਾਂ ਵਿੱਚ ਤੇਲ
- ਪੰਜਾਬੀ ਪੁਸਤਕਾਂ ਤੇ ਪੰਜਾਬ ਸਰਕਾਰ
- ਸਿੱਖ ਐਜੂਕੇਸ਼ਨਲ ਕਾਨਫਰੰਸ

ਕਾਂਡ ਛੇਵਾਂ

## ਸਿਖ ਵਿਦਿਅਕ ਲਹਿਰ ਤੇ ਪੰਜਾਬੀ ਸਾਹਿਤ

ਕਿਸੇ ਬੋਲੀ ਦੇ ਸਾਹਿਤ ਦੇ ਵਿਕਾਸ ਵਿਚ ਪ੍ਰਚਲਿਤ ਵਿਦਿਆ-ਪ੍ਰਣਾਲੀ ਵਿਚ ਉਸ ਬੋਲੀ ਦੇ ਸਥਾਨ ਦਾ ਬੜਾ ਵਡਾ ਹੱਥ ਹੁੰਦਾ ਹੈ ।ਵਿਦਿਅਕ ਪ੍ਰਣਾਲੀ ਵਿਚ ਕਿਸੇ ਬੋਲੀ ਦਾ ਸਥਾਨ ਮਿੱਥਣ ਲਈ ਕਈ ਗੱਲਾਂ ਦਾ ਧਿਆਨ ਰੱਖਣਾ ਹੁੰਦਾ ਹੈ ।ਪਹਿਲੀ ਗੱਲ ਤਾਂ ਬੋਲੀ ਦੇ ਇਕ ਮਜ਼ਮੂਨ ਦੇ ਤੌਰ ਤੇ ਪੜ੍ਹਾਏ ਜਾਣ ਦੀ ਹੈ।ਇਹ ਵੇਖਣਾ ਹੁੰਦਾ ਹੈ ਕਿ ਬੋਲੀ ਪੜ੍ਹਾਈ ਵੀ ਜਾਂਦੀ ਹੈ ਜਾਂ ਨਹੀਂ;ਜੇ ਪੜ੍ਹਾਈ ਜਾਂਦੀ ਹੈ ਤਾਂ ਲਾਜ਼ਮੀ( Compulsory ) ਚੋਣਵੀਂ ( Elective ) ਜਾਂ ਅਖਤਿਆਰੀ ( Optional ) ਮਜ਼ਮੂਨ ਵਜੋਂ ਉਸ ਦਾ ਦਰਜਾ ਮਿਥਣਾ ਹੁੰਦਾ ਹੈ।ਅਗਲੀ ਗੱਲ ਇਹ ਵੇਖਣੀ ਹੁੰਦੀ ਹੈ ਕਿ ਉਸ ਬੋਲੀ ਵਿਚ ਕਿਸ ਮਿਆਰ,ਆਕਾਰ ਤੇ ਪ੍ਰਕਾਰ ਦਾ ਸਾਹਿਤ ਕਿਸ ਇਮਤਿਹਾਨ ਤਕ ਪੜ੍ਹਾਇਆ ਜਾਂਦਾ ਹੈ ਅਤੇ ਉਸ ਬੋਲੀ ਵਿਚ ਪਾਠ-ਪੁਸਤਕਾਂ ਦਾ ਮਿਆਰ ਕੀ ਹੈ।ਇਸ ਤੋਂ ਵੀ ਅੱਗੇ ਇਸ ਗੱਲ ਦਾ ਵੀ ਅੰਦਾਜ਼ਾ ਲਾਇਆ ਜਾਣਾ ਚਾਹੀਦਾ ਹੈ ਕਿ ਕਿੰਨੇ ਕੁ ਵਿਦਿਆਰਥੀ ਕਿਸ ਪੱਧਰ ਤਕ ਉਸ ਬੋਲੀ ਦੀ ਪੜ੍ਹਾਈ ਕਰਦੇ ਹਨ।ਵਿਦਿਆਰਥੀਆਂ ਦੀ ਸੰਖਿਆ ਬੋਲੀ ਦੀ ਉਪਯੋਗਤਾ ਤੇ ਨਿਰਭਰ ਹੈ।ਇਸ ਲਈ ਇਹ ਵੀ ਵੇਖਣਾ ਚਾਹੀਦਾ ਹੈ ਕਿ ਉਸ ਬੋਲੀ ਦਾ ਰਾਜਸੀ ਦਰਜਾ ਕੀ ਹੈ ਅਤੇ ਨੌਕਰੀਆਂ ਆਦਿ ਲੈਣ ਵਿਚ ਉਹ ਬੋਲੀ ਵਿਦਿਆਰਥੀਆਂ ਦੀ ਕਿੰਨੀ ਕੁ ਮਦਦ ਕਰ ਸਕਦੀ ਹੈ।ਨਾਲੋ ਨਾਲ ਇਹ ਵੀ ਜਾਂਚ ਲੈਣਾ ਚਾਹੀਦਾ ਹੈ ਕਿ ਸਮਾਜ ਵਿਚ ਉਸ ਬੋਲੀ ਦਾ ਕਿਤਨਾ ਕੁ ਸਨਮਾਨ ਹੈ ।

ਦੂਸਰੀ ਗੱਲ ਸਿਖਿਆ ਦੇ ਮਾਧਿਅਮ ਦੀ ਹੈ ।ਜਦੋਂ ਕੋਈ ਬੋਲੀ ਵਖ ਵਖ ਮਜ਼ਮੂਨਾ ਦੀ ਸਿਖਿਆ ਦਾ ਮਾਧਿਅਮ ਬਣ ਜਾਂਦੀ ਹੈ ਤਾਂ ਉਸ ਬੋਲੀ ਦੀ ਜਾਣਕਾਰੀ ਲਾਜ਼ਮੀ ਹੋ ਜਾਂਦੀ ਹੈ ਅਤੇ ਉਸ ਬੋਲੀ ਵਿਚ ਗਿਆਨ-ਵਿਗਿਆਨ ਸੰਬੰਧੀ ਅਣਗਿਣਤ ਪੁਸਤਕਾਂ ਲਿਖੀਆਂ ਜਾਣੀਆਂ ਸ਼ੁਰੂ ਹੋ ਜਾਂਦੀਆਂ ਹਨ ।ਮਾਧਿਅਮ ਵਜੋਂ ਬੋਲੀ ਦਾ ਸਥਾਨ ਮਿੱਥਣ ਸਮੇਂ ਇਹ ਵੇਖਣਾ ਚਾਹੀਦਾ ਹੈ ਕਿ ਬੋਲੀ ਨੂੰ ਕਿੰਨ੍ਹਾਂ ਕਿੰਨ੍ਹਾਂ ਵਿਸ਼ਿਆਂ ਦੀ ਪੜ੍ਹਾਈ ਦਾ ਮਾਧਿਅਮ ਬਣਾਇਆ ਗਿਆ ਹੈ ਅਤੇ ਇਹ ਪੜ੍ਹਾਈ ਕਿਸ ਇਮਤਿਹਾਨੀ ਪੱਧਰ ਤਕ ਕਰਵਾਈ ਜਾਂਦੀ ਹੈ ।

ਤੀਸਰੀ ਗੱਲ ਲੇਖਕਾਂ ਅਤੇ ਪਾਠਕਾਂ ਦੀ ਸਿੱਖਿਆ,ਦਿਮਾਗੀ ਪੱਧਰ ਅਤੇ ਬੋਲੀ ਬਾਰੇ ਰਵਈਏ ਦੀ ਹੈ।ਉਸ ਬੋਲੀ ਵਿਚ ਕਿੰਨੇ ਕੁ ਲੇਖਕ ਕਿਸ ਪੱਧਰ ਦੀਆਂ ਪੁਸਤਕਾਂ ਲਿਖਦੇ ਹਨ ਅਤੇ ਕਿੰਨੇ ਕੁ ਪਾਠਕ ਉਸ ਬੋਲੀ ਦੀਆਂ ਪੁਸਤਕਾਂ ਪੜ੍ਹਦੇ ਹਨ? ਲੇਖਕਾਂ ਅਤੇ ਪਾਠਕਾਂ ਦਾ ਦਿਮਾਗੀ ਪੱਧਰ ਕਿਹੋ ਜਿਹਾ ਹੈ ਅਤੇ ਉਨ੍ਹਾਂ ਰਾਹੀਂ ਬੌਧਿਕ ਲਿਖੀਆਂ-ਪੜ੍ਹੀਆਂ ਜਾਣ ਵਾਲੀਆਂ ਪੁਸਤਕਾਂ ਸਮਾਜ ਦੇ ਵਿਆਪਕ ਬੌਧਿਕ ਪੱਧਰ ਵਿਚ ਕਿਹੋ ਜਿਹਾ ਹਿੱਸਾ ਪਾ ਰਹੀਆਂ ਹਨ। ਇਸ ਤੋਂ ਇਲਾਵਾ,ਇਹ ਵੀ ਵੇਖਣਾ ਚਾਹੀਦਾ ਹੈ ਕਿ ਕਿਸੇ ਬੋਲੀ ਦੇ ਲੇਖਕ ਅਤੇ ਪਾਠਕ ਉਸ ਬੋਲੀ ਪ੍ਰਤਿ ਕੀ ਰਵਈਆ ਅਖਤਿਆਰ ਕਰਦੇ ਹਨ ।ਕੀ ਉਨ੍ਹਾਂ ਦੀ ਘਾਲਣਾ ਵਕਤੀ ਲਾਭ ਲਈ ਤਾਂ ਨਹੀਂ ? ਜਾਂ ਕੀ ਉਹ ਸੱਚੇ ਦਿੱਲੋਂ ਉਸ ਬੋਲੀ ਦਾ ਵਿਕਾਸ ਚਾਹੁੰਦੇ ਹਨ?

ਪੰਜਾਬੀ ਬੋਲੀ ਅਤੇ ਸਾਹਿਤ ਦੇ ਵਿਕਾਸ ਵਿਚ ਸਿੰਘ ਸਭਾ ਲਹਿਰ ਦੇ ਅਸਰ ਹੇਠ ਚੱਲੀ ਸਿਖ ਵਿਦਿਅਕ ਲਹਿਰ ਦੇ ਹਿਸੇ ਦਾ ਲੇਖਾ ਜੋਖਾ ਉਪਰੋਕਤ ਤਿੰਨ ਗੱਲਾਂ ਮੁਖ ਰਖ ਕੇ ਕੀਤਾ ਜਾ ਸਕਦਾ ਹੈ ।

1873 ਈ: ਵਿਚ ਜਦੋਂ ਸਿੰਘ ਸਭਾ ਲਹਿਰ ਦਾ ਆਰੰਭ ਹੋਇਆ ਸੀ ਤਾਂ ਉਸ ਦੇ ਸਾਹਮਣੇ ਸਭ ਤੋਂ ਵੱਡਾ ਮਨੋਰਥ ਸਿੱਖਾਂ ਦੀ ਵਖਰੀ ਹੋਂਦ ਕਾਇਮ ਕਰ ਕੇ ਸਿੱਖ ਕੌਮ ਨੂੰ ਸਮਾਜ ਵਿਚ ਉਚੇਰਾ ਦਰਜਾ ਦੁਆਉਣਾ ਸੀ ।ਇਸ ਕੰਮ ਲਈ ਵਿਦਿਆ ਦਾ ਆਸਰਾ ਜ਼ਰੂਰੀ ਸੀ ।ਕੇਵਲ ਪੜ੍ਹੀ ਲਿਖੀ ਕੌਮ ਹੀ ਨਵੇਂ ਸਮਾਜ ਵਿਚ ਰਾਜਨੀਤਕ -ਆਰਥਿਕ ਤੌਰ ਤੇ ਕੋਈ ਆਦਰਯੋਗ ਸਥਾਨ ਪ੍ਰਾਪਤ ਕਰ ਸਕਦੀ ਸੀ ।ਪਰ ਪੜ੍ਹੀ -ਲਿਖੀ ਹੋਣ ਦੇ ਨਾਲ ਨਾਲ ਵੱਖਰੀ ਹੋਂਦ ਦਾ ਹੋਣਾ ਹੋਰ ਵੀ ਜ਼ਰੂਰੀ ਸੀ ।ਇਹ ਵਖਰੀ ਹੋਂਦ ਤਾਂਹੀ ਬਣੀ ਰਹਿ ਸਕਦੀ ਸੀ ਜੇ ਸਿੱਖ ਆਪਣੇ ਧਾਰਮਿਕ ਵਿਰਸੇ ਦੇ ਲੜ ਲਗਣ ਜਿਵੇਂ ਕਿ ਉਸ ਸਮੇਂ ਦੀਆਂ ਹੋਰ ਧਾਰਮਿਕ ਸੰਪ੍ਰਦਾਵਾਂ- ਹਿੰਦੂ,ਮੁਸਲਮਾਨ ਆਦਿ ਕਰ ਰਹੀਆਂ ਸਨ।ਸਿੱਖਾਂ ਦਾ ਧਾਰਮਿਕ ਸਾਹਿਤ ਕਿਉਂਕਿ ਬਹੁਤਾ ਪੰਜਾਬੀ ਵਿਚ ਸੀ,ਇਸ ਲਈ ਸਿੰਘ ਸਭਾ ਲਹਿਰ ਨੇ ਸਿੱਖਾਂ ਵਿਚ ਵਿਦਿਆ ਫੈਲਾਉਣ ਅਤੇ ਧਾਰਮਿਕ ਪ੍ਰਚਾਰ ਕਰਨ ਦਾ ਮਾਧਿਅਮ ਪੰਜਾਬੀ ਨੂੰ ਹੀ ਬਣਾਇਆ । ਅਜਿਹਾ ਕਰਨ ਵਿਚ ਇਕ ਹੋਰ ਕਾਰਨ ਵੀ ਕੰਮ ਕਰ ਰਿਹਾ ਸੀ ।ਉਸ ਸਮੇਂ ਹਿੰਦੂਆਂ ਨੇ ਹਿੰਦੀ ਨੂੰ ਆਪਣੇ ਧਰਮ ਦੀ ਤੇ ਮੁਸਲਮਾਨਾਂ ਨੇ ਫਾਰਸੀ-ਉਰਦੂ ਨੂੰ ਆਪਣੇ ਧਰਮ ਦੀ ਬੋਲੀ ਬਣਾ ਲਿਆ ਸੀ ।ਜੇ ਸਿੱਖ ਆਪਣੇ ਧਰਮ ਦੀ ਬੋਲੀ ਉਕਤ ਬੋਲੀਆਂ ਵਿਚੋਂ ਕਿਸੇ ਇਕ ਨੂੰ

ਬਣਾਉਂਦੇ ਸਨ ਤਾਂ ਉਨ੍ਹਾਂ ਦੀ ਵਖਰੀ ਹੋਂਦ ਮਿਟ ਜਾਣ ਦਾ ਖਤਰਾ ਸੀ। ਸੋ ਸਿੱਖਾਂ ਲਈ ਇਹ ਜ਼ਰੂਰੀ ਹੋ ਗਿਆ ਸੀ ਕਿ ਉਹ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਨੂੰ ਹੀ ਆਪਣੇ ਧਰਮ, ਵਿਦਿਆ ਅਤੇ ਕਾਰ-ਵਿਹਾਰ ਦੀ ਬੋਲੀ ਬਣਾਉਣ ਜਿਹਾ ਕਿ ਉਸ ਸਮੇਂ ਦੀ ਸਿੱਖਾਂ ਦੀ ਪ੍ਰਤਿਨਿਧ ਜੱਥੇਬੰਦੀ ਸਿੰਘ ਸਭਾ ਲਹਿਰ ਦੇ ਮਨੋਰਥਾਂ ਵਿਚੋਂ ਸਪਸ਼ਟ ਹੁੰਦਾ ਹੈ :-

" ਪੰਜਾਬੀ ਜ਼ੁਬਾਨ ਦਵਾਰਾਂ ਇਲਮ ਮੁਰੱਵਜੇ ਦੀ ਉਨੱਤੀ ਕਰਨੀ ਅਤੇ ਇਸ ਅਭਿਪ੍ਰਾਇ ਨਾਲ ਰਸਾਲੇ ਅਤੇ ਅਖਬਾਰਾਂ ਨਿਕਲਾਣੀਆਂ [1]।"

ਉਕਤ ਮਨੋਰਥ ਸਿੰਘ ਸਭਾ ਅੰਮ੍ਰਿਤਸਰ ਦੇ ਮਨੋਰਥ-ਪੱਤਰ ਵਿਚ ਦਰਜ ਹੈ। 1886 ਈ: ਵਿਚ ਬਣੇ ਖਾਲਸਾ ਦੀਵਾਨ, ਲਾਹੌਰ ਦੇ ਮਨੋਰਥ-ਪੱਤਰ ਵਿਚ ਵੀ ਉਕਤ ਭਾਂਤ ਦਾ ਮਨੋਰਥ ਹੀ ਦਰਜ ਹੈ :-

" ਪੰਜਾਬੀ ਭਾਖਾ ਦੀ ਉਨੱਤੀ ਕਰਨੀ ਅਤੇ ਹੋਰਨਾਂ ਭਾਖਾਂ ਵਿਚੋਂ ਗੁਰਮੁਖੀ ਵਿਚ ਤਰਜਮਾ ਕਰਕੇ ਇਸ ਨੂੰ ਭਰਪੂਰ ਕਰਨਾ [2]।"

ਇਸ ਤੋਂ ਪਿਛੋਂ 1902 ਈ: ਵਿਚ ਚੀਫ ਖਾਲਸਾ ਦੀਵਾਨ ਲਾਹੌਰ ਬਣਿਆ। ਉਸ ਦੇ ਆਸ਼ਿਆਂ ਵਿਚ ਵੀ ਉਪਰੋਕਤ ਆਸ਼ਾ ਇਸ ਪ੍ਰਕਾਰ ਦਰਜ ਹੈ :-

" ਪੰਜਾਬੀ ਬੋਲੀ ਦੀ ਉਨੱਤੀ ਕਰਨੀ, ਹੋਰਨਾਂ ਬੋਲੀਆਂ ਦੀਆਂ ਪੁਸਤਕਾਂ ਦੇ ਪੰਜਾਬੀ ਵਿਚ ਉਲਥੇ ਕਰਨੇ ਅਤੇ ਲਾਭਦਾਇਕ ਪੁਸਤਕ, ਇਤਿਹਾਸ ਅਰ ਪੱਤਰ ਛਾਪਣੇ [3]।"

ਸੋ ਸਪਸ਼ਟ ਹੈ ਕਿ ਸਿੰਘ ਸਭਾ ਲਹਿਰ ਦੇ ਆਸ਼ਿਆਂ ਵਿਚ ਪੰਜਾਬੀ ਬੋਲੀ ਅਤੇ ਸਾਹਿਤ ਦੀ ਤਰੱਕੀ ਪ੍ਰਮੁੱਖ ਆਸ਼ਾ ਸੀ ਜਿਸ ਦੀ ਪ੍ਰਾਪਤੀ ਲਈ ਸਿੰਘ ਸਭਾ ਲਹਿਰ ਆਪਣੀਆਂ

1. 'ਪੰਜਾਬ' (ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ) ਸਫਾ 124;
2. ਉਹੀ, ਸਫਾ 126 ;
3. 'ਦੁਖ ਨਿਵਾਰਨ' 1973, ਸਫਾ 29 ;

ਵਖ ਵਖ ਸ਼ਾਖਾਂ ਰਾਹੀਂ ਖੜੇ ਤਕੜੇ ਯਤਨ ਕਰਦੀ ਰਹੀ ।

## ਪਹਿਲਾਂ ਦੀ ਹਾਲਤ

ਸਿੰਘ ਸਭਾ ਲਹਿਰ ਰਾਹੀਂ ਚੱਲੀ ਸਿਖ ਵਿਦਿਅਕ ਲਹਿਰ ਨੇ ਪੰਜਾਬੀ ਜ਼ੁਬਾਨ ਅਤੇ ਅਦਬ ਦੀ ਜੋ ਸੇਵਾ ਕੀਤੀ ਹੈ,ਉਸ ਦਾ ਲੇਖਾ -ਜੋਖਾ ਕਰਨ ਲਈ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਇਸ ਲਹਿਰ ਦੇ ਜਨਮ ਤੋਂ ਪਹਿਲਾਂ ਦੀ ਵਿਦਿਅਕ-ਪ੍ਰਣਾਲੀ ਵਿਚ ਪੰਜਾਬੀ ਬੋਲੀ ਦਾ ਸਥਾਨ ਨਿਸ਼ਚਿਤ ਕਰ ਲਿਆ ਜਾਵੇ ਤਾਂ ਜੋ ਪਤਾ ਲਗ ਸਕੇ ਕਿ ਸਿਖ ਵਿਦਿਅਕ ਲਹਿਰ ਨੇ ਪੰਜਾਬੀ ਬੋਲੀ ਨੂੰ ਉਚੇਰਾ ਸਥਾਨ ਦੁਆਉਣ ਲਈ ਕਿੰਨੀ ਕੁ ਘਾਲਣਾ ਕੀਤੀ ਹੈ ।

ਪੰਜਾਬ ਉਤੇ ਅੰਗ੍ਰੇਜ਼ਾਂ ਦਾ ਕਬਜ਼ਾ ਹੋ ਜਾਣ ਤੋਂ ਪਹਿਲਾਂ ਸਿਰਫ ਗੁਰਮੁਖੀ ਸਕੂਲ ਹੀ ਸਨ ਜਿਨ੍ਹਾਂ ਵਿਚ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਲਾਜ਼ਮੀ ਮਜ਼ਮੂਨ ਦੇ ਤੌਰ ਤੇ ਪੜ੍ਹਾਈ ਜਾਂਦੀ ਸੀ ।ਇਨ੍ਹਾਂ ਸਕੂਲਾਂ ਵਿਚ ਵਖ ਵਖ ਮਜ਼ਮੂਨਾਂ ਦਾ ਸਿਖਿਆ-ਮਾਧਿਅਮ ਵੀ ਪੰਜਾਬੀ ਹੁੰਦਾ ਸੀ . . . . ਜਿਹੜਾ ਵਿਦਿਆਰਥੀ ਵੈਦਕ ਪੜ੍ਹਨਾ ਚਾਹੁੰਦਾ ਸੀ ਉਸ ਨੂੰ ਗੁਰਮੁਖੀ ਵਿਚ ਨਿਘੰਟੂ,ਸਾਰਿੰਗਧਰ ਅਤੇ ਨਿਦਾਨ ਆਦਿ ਵਿਸ਼ੇ ਪੜ੍ਹਾਏ ਜਾਂਦੇ ਸਨ।"[4]

ਇਨ੍ਹਾਂ ਸਕੂਲਾਂ ਵਿਚ ਹੇਠ ਲਿਖੀਆਂ ਪਾਠ-ਪੁਸਤਕਾਂ ਪੜ੍ਹਾਈਆਂ ਜਾਂਦੀਆਂ ਸਨ :-

" 1. ਸਾਹਿਤ:- ਬਾਲ-ਉਪਦੇਸ਼; ਪੰਜ ਗ੍ਰੰਥੀ, ਦਸਵੇਂ ਗੁਰੂ ਦੀ ਪੰਜ ਗ੍ਰੰਥੀ; ਜਨਮ ਸਾਖੀ; ਹਨੂੰਮਾਨ ਨਾਟਕ; ਭਾਈ ਗੁਰਦਾਸ ਦੀਆਂ ਵਾਰਾਂ; ਮਹਾਂਦਰਸ਼ ਅੰਮ੍ਰਿਤਾ ।

2. ਵੇਦਾਂਤ:- ਏਕਾਦਸ਼ ਭਗਵਤ; ਤੁਲਸੀ ਰਮਾਇਣ;ਵਿਸ਼ਨੂੰ ਪੁਰਾਣ, ਪਿੰਗਲ(10 ਭਾਗ); ਅਸ਼ਵਮੇਧ;ਅਧਿਆਤਮ ਰਮਾਇਣ;ਵਿਚਾਰ ਸਾਗਰ;ਮੋਕਸ਼ ਪੰਥ; ਸੂਰਜ ਪ੍ਰਕਾਸ਼; ਛੇਵੇਂ ਗੁਰੂ ਦਾ ਗੁਰ ਬਿਲਾਸ;ਵਾਸ਼ਿਸ਼ਠ ਪੁਰਾਣ- ਦਸਵਾਂ ਸਕੰਧ।"[5]

---

4. History of Indigenous Education in Panjab,Part II,p.37.

5. ਉਹੀ,ਭਾਗ ਚੌਥਾ ਸਫਾ 2 ।

ਗੁਰਮੁਖੀ ਸਕੂਲਾਂ ਸੰਬੰਧੀ ਡਾਕਟਰ ਗੰਡਾ ਸਿੰਘ ਲਿਖਦੇ ਹਨ,"

" ਸੰਸਕਿਰਿਤ ਦੀਆਂ ਪਾਠਸ਼ਾਲਾਂ ਅਤੇ ਫ਼ਾਰਸੀ ਉਰਦੂ ਦੇ ਮਸੀਤੀ ਮਕਤਬਾਂ ਦੀ ਤਰ੍ਹਾਂ ਹੀ ਸਿਖ ਗੁਰਦੁਆਰਿਆਂ ਅਤੇ ਧਰਮਸਾਲਾਂ ਵਿਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਹੁੰਦਾ ਸੀ ।ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਭਾਵੇਂ ਕਿਧਰੇ ਕਿਧਰੇ ਗ੍ਰਿਹਸਤੀ ਗ੍ਰੰਥੀ ਹੁੰਦੇ ਸਨ ਪਰ ਆਮ ਕਰਕੇ,ਅਤੇ ਪਿੰਡਾਂ ਵਿਚ ਖਾਸ ਕਰਕੇ,ਇਨ੍ਹਾਂ ਦਾ ਪ੍ਰਬੰਧ ਨਿਰਮਲੇ ਜਾਂ ਉਦਾਸੀ ਸਾਧੂਆਂ ਪਾਸ ਹੁੰਦਾ ਸੀ ਜੋ ਗੁਰਦੁਆਰਿਆਂ ਵਿਚ ਸਵੇਰੇ ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ,ਸ਼ਾਮ ਨੂੰ ਰਹਿਰਾਸ ਅਤੇ ਕੀਰਤਨ ਸੋਹਿਲੇ ਦਾ ਪਾਠ ਸੁਣਾਉਂਦੇ ਸਨ ਅਤੇ ਦਿਨੇ ਮੁੰਡਿਆਂ ਕੁੜੀਆਂ ਨੂੰ ਪੜ੍ਹਾਉਂਦੇ ਸਨ।ਇਨ੍ਹਾਂ ਦੇ ਪੜ੍ਹਾਉਣ ਦਾ ਢੰਗ ਭੀ ਮਸੀਤੀ ਮਕਤਬਾਂ ਦੀ ਤਰਾਂ ਦਾ ਹੀ ਹੁੰਦਾ ਸੀ,ਪਹਿਲਾਂ ਜ਼ਮੀਨ ਪਰ ਮਿਟੀ ਜਾਂ ਸੁਆਹ ਵਿਛਾ ਕੇ ਅੱਖਰ ਲਿਖਣੇ ਸਿਖਾਏ ਜਾਂਦੇ ਸਨ ਅਤੇ ਪਿੱਛੋਂ ਫੱਟੀਆਂ ਪਰ ਪੂਰਨੇ ਪਾ ਕੇ ।ਅਖਰ ਸਿੱਖ ਲੈਣ ਪਿੱਛੋਂ ਬੱਚੇ ਛੇਤੀ ਹੀ ਤੋਰੇ ਪੈ ਜਾਂਦੇ ਸਨ।ਬੋਲੀ ਪੰਜਾਬੀ ਉਨ੍ਹਾਂ ਦੀ ਮਾਤ-ਬੋਲੀ ਹੋਣ ਕਰਕੇ ਉਨ੍ਹਾਂ ਨੂੰ ਕੋਈ ਔਖ ਨਹੀਂ ਸੀ ਹੁੰਦਾ ।ਉਹ ਪੋਥੀਆਂ ਛੇਤੀ ਹੀ ਪੜ੍ਹਨ ਲਗ ਪੈਂਦੇ ਸਨ। ਪੰਜ ਗਰੰਥੀ,ਅਤੇ ਬਾਈ ਵਾਰਾਂ,ਭਗਤ ਬਾਣੀ ਅਤੇ ਦਸ ਗਰੰਥੀ ਪੜ ਲੈਣ ਪਿੱਛੋਂ ਬੱਚੇ ਗੁਰੂ ਗਰੰਥ ਸਾਹਿਬ ਦਾ ਪਾਠ ਸਿੱਖਦੇ ਸਨ।ਇਸ ਦੇ ਨਾਲੋ ਨਾਲ ਉਨ੍ਹਾਂ ਨੂੰ ਰਾਮਾਇਣ,ਮਹਾਂਭਾਰਤ, ਜੋਗ ਵਸਿਸ਼ਟ,ਭਾਗਵਤ,ਵੇਦਾਂਤ ਆਦਿ ਦੇ ਗਰੰਥ ਪੜ੍ਹਾਏ ਜਾਂਦੇ ਸਨ।ਵਿਆਕਰਣ ਪਰ ਗੁਰ-ਦੁਆਰਿਆਂ ਵਿਚ ਬਹੁਤ ਜ਼ੋਰ ਇਸ ਲਈ ਨਹੀਂ ਸੀ ਦਿੱਤਾ ਜਾਂਦਾ ਕਿ ਬੋਲੀ ਵਿਦਿਆਰਥੀਆਂ ਦੀ ਆਪਣੀ ਹੋਣ ਕਰਕੇ ਇਸ ਦੀ ਉਨ੍ਹਾਂ ਨੂੰ ਬਹੁਤ ਲੋੜ ਨਹੀਂ ਸੀ ਹੁੰਦੀ ।ਗੁਰੂ ਗਰੰਥ ਸਾਹਿਬ ਵਿਚਲੀਆਂ ਬਾਈ ਵਾਰਾਂ,ਭਗਤਾਂ ਦੀ ਬਾਣੀ ਅਤੇ ਹੋਰ ਕਈ ਬਾਣੀਆਂ ਦੇ ਅਰਥ ਭੀ ਸਿਖਾਏ ਜਾਂਦੇ ਸਨ।ਸ਼ਾਮ ਨੂੰ ਗੁਰਦੁਆਰਿਆਂ ਵਿਚ ਜਨਮ ਸਾਖੀ ਅਤੇ ਸੂਰਜ ਪਰਕਾਸ਼,ਰਾਮਾਇਣ, ਮਹਾਂਭਾਰਤ ਆਦਿ ਦੀ ਕਥਾ ਹੁੰਦੀ ਸੀ ।ਗੁਰਦੁਆਰਿਆਂ ਵਿਚ ਬਿਨਾ ਕਿਸੈ ਵਿਤਕਰੇ ਦੇ ਉਹ ਸਭ ਹਿੰਦੂ ਅਤੇ ਸਿੱਖ ਪੜ੍ਹਦੇ ਸਨ ਜੋ ਮਸੀਤਾਂ ਵਿਚ ਨਹੀਂ ਸਨ ਪੜ੍ਹਨ ਜਾਂਦੇ ।ਪਿੰਡਾਂ ਵਿਚ ਸੰਸਕਰਿਤ ਆਦਿ ਦੀਆਂ ਬਰਾਹਮਣੀ ਪਾਠਸ਼ਾਲਾਂ ਨਹੀਂ ਸਨ ਹੁੰਦੀਆਂ,ਇਹ ਕੇਵਲ ਸ਼ਹਿਰਾਂ ਵਿਚ ਹੀ ਸਨ ਜਾਂ ਵੱਡੇ ਵੱਡੇ ਹਿੰਦੂ ਮੰਦਰਾਂ ਨਾਲ,ਇਸ ਲਈ ਸਾਰੇ ਹਿੰਦੂ ਅਤੇ ਸਿੱਖ ਗੁਰਮਖੀ ਹੀ ਪੜ੍ਹਦੇ ਸਨ। ਸਿਖ ਧਰਮ ਦੀਆਂ ਪੁਸਤਕਾਂ ਤਾਂ ਪੰਜਾਬੀ ਵਿਚ ਸਨ ਹੀ,ਅਨੇਕਾਂ ਹਿੰਦੂ ਧਾਰਮਕ ਗਰੰਥ ਭੀ ਪੰਜਾਬੀ ਗੁਰਮੁਖੀ ਵਿਚ ਲਿਖੇ ਮਿਲਦੇ ਸਨ ਅਤੇ ਜਿਨ੍ਹਾਂ ਗਰੰਥਾਂ ਦੀ ਬੋਲੀ

ਬ੍ਰਜ ਜਾਂ ਸਾਧ ਭਾਖਾ ਭੀ ਹੁੰਦੀ ਸੀ ਉਹ ਭੀ ਗੁਰਮੁਖੀ ਵਿਚ ਹੀ ਲਿਖੇ ਪੜ੍ਹੇ ਜਾਂਦੇ ਸਨ। ਇਹ ਹੀ ਕਾਰਣ ਹੈ ਕਿ ਅਨੇਕਾਂ ਹਿੰਦੂ ਧਾਰਮਕ ਸੰਸਕਰਿਤ ਅਤੇ ਬ੍ਰਜ ਬੋਲੀ ਦੇ ਲਿਖਤੀ ਅਤੇ ਛਪੇ ਗਰੰਥ ਗੁਰਮੁਖੀ ਵਿਚ ਮਿਲਦੇ ਹਨ। ਪਿਛਲੇ ਚਾਰ ਪੰਜ ਸੌ ਸਾਲ ਵਿਚ ਪੰਜਾਬ ਵਿਚ ਦੇਵ ਨਾਗਰੀ ਕੇਵਲ ਟਾਵੇਂ ਟਾਵੇਂ ਉਨ੍ਹਾਂ ਬਰਾਹਮਣ ਖੱਤਰੀਆਂ ਵਿਚ ਹੀ ਸੀ ਜੋ ਸੰਸਕਰਿਤ ਦੇ ਵਿਦਵਾਨ ਸਨ। ਬਾਕੀ ਸਾਰੇ ਲੋਕ ਉਰਦੂ ਜਾਂ ਗੁਰਮੁਖੀ ਹੀ ਪੜ੍ਹਦੇ ਲਿਖਦੇ ਸਨ। ਚੜ੍ਹਦੇ ਪੰਜਾਬ ਵਿਚ ਤਾਂ ਸ਼ਾਇਦ ਕਿਧਰੇ ਕੋਈ ਸੰਸਕਰਿਤ ਪਾਠਸ਼ਾਲਾ ਹੋਵੇ ਭੀ, ਪਰ ਲਹਿੰਦੇ ਪੰਜਾਬ ਵਿਚ ਨਿਰੋਲ ਗੁਰਮੁਖੀ ਦੀ ਹੀ ਪੜ੍ਹਾਈ ਹੁੰਦੀ ਸੀ, ਖਾਸ ਕਰਕੇ ਝੰਗ ਮੁਲਤਾਨ ਅਤੇ ਝਨਾਂ ਪਾਰਲੇ ਇਲਾਕਿਆਂ ਵਿਚ[6]।"

ਪਰ ਪੰਜਾਬ ਵਿਚ ਸਰਕਾਰੀ ਸਕੂਲ ਖੁਲ੍ਹ ਜਾਣ ਕਰਕੇ ਗੁਰਮੁਖੀ ਸਕੂਲਾਂ ਦੀ ਕਦਰ ਘਟਣੀ ਸ਼ੁਰੂ ਹੋ ਗਈ ਕਿਉਂਕਿ ਅੰਗ੍ਰੇਜ਼ੀ ਰਾਜ-ਭਾਗ ਵਿਚ ਗੁਰਮੁਖੀ ਸਕੂਲਾਂ ਦੇ ਪੜ੍ਹੇ ਵਿਦਿਆਰਥੀਆਂ ਨੂੰ ਨੌਕਰੀਆਂ ਆਦਿ ਨਹੀਂ ਮਿਲਦੀਆਂ ਸਨ[7]।

19ਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਪੰਜਾਬ ਅੰਦਰ ਈਸਾਈ ਮਿਸ਼ਨਰੀਆਂ ਨੇ ਕਾਫ਼ੀ ਜ਼ੋਰ ਫੜ ਲਿਆ। ਇਨ੍ਹਾਂ ਮਿਸ਼ਨਰੀਆਂ ਦਾ ਮੁੱਖ ਟੀਚਾ ਪੰਜਾਬ ਵਿਚ ਈਸਾਈ ਧਰਮ ਦਾ ਪ੍ਰਚਾਰ ਸੀ ਜਿਸ ਦੀ ਪੂਰਤੀ ਲਈ ਉਨ੍ਹਾਂ ਨੇ ਪੰਜਾਬੀ ਬੋਲੀ ਦੀ ਵਰਤੋਂ ਕੀਤੀ ਅਤੇ ਪੰਜਾਬੀ ਵਿਚ ਈਸਾਈ ਧਰਮ-ਗ੍ਰੰਥਾਂ ਦੇ ਅਨੁਵਾਦ ਅਤੇ ਈਸਾਈ ਧਰਮ ਦੀਆਂ ਮੌਲਿਕ ਪੁਸਤਕਾਂ ਛਾਪਣ ਲਈ ਪੰਜਾਬੀ ਟਾਈਪ ਬਣਾਈ। ਇਸ ਦੇ ਨਾਲ ਨਾਲ ਹੀ ਉਨ੍ਹਾਂ ਨੇ ਪੰਜਾਬ ਵਿਚ ਮਿਸ਼ਨਰੀ ਸਕੂਲ ਵੀ ਖੋਲ੍ਹਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿਚ ਪੰਜਾਬੀ ਦੇ ਮਾਧਿਅਮ ਰਾਹੀਂ ਵੀ ਸਿਖਿਆ ਦਿੱਤੀ ਜਾਂਦੀ ਸੀ। 1853-54 ਤਕ ਪੰਜਾਬ ਵਿਚ ਈਸਾਈ ਮਿਸ਼ਨਰੀ 5 ਹਾਈ ਸਕੂਲ ਅਤੇ ਚਾਰ ਮੁੱਢਲੇ ਸਕੂਲ ਖੋਲ੍ਹ ਚੁੱਕੇ ਸਨ[8]।

ਈਸਾਈ ਮਿਸ਼ਨਰੀਆਂ ਦੇ ਸਕੂਲਾਂ ਵਿਚ ਪੰਜਾਬੀ ਸਿਖਿਆ ਦਾ ਮਾਧਿਅਮ ਜ਼ਰੂਰ

---

6. ਉਕਤ ਨੰ: 1, ਸਫਾ 364;
7. ਉਕਤ ਨੰ: 5, ਸਫਾ 2।
8. 'A History of the Growth And Development of Western Education in Panjab, 1846-1884, p.26-27.

ਸੀ ਪਰ ਸਿਖਿਆ ਦਾ ਵਸਤੂ ਈਸਾਈ ਧਰਮ ਅਤੇ ਸੰਸਕ੍ਰਿਤੀ ਹੀ ਸੀ ਜਿਸ ਦੇ ਨਤੀਜੇ ਵਜੋਂ ਪੰਜਾਬੀਆਂ ਦੀ ਆਪਣੀ ਸੰਸਕ੍ਰਿਤੀ ਅਤੇ ਧਰਮ ਪਿੱਛੇ ਪੈ ਰਹੇ ਸਨ। ਇਨ੍ਹਾਂ ਸਕੂਲਾਂ ਦੇ ਪ੍ਰਤਿਕਰਮ ਵਜੋਂ ਹੀ ਪੰਜਾਬ ਦੇ ਹਿੰਦੂ, ਮੁਸਲਮਾਨਾਂ ਅਤੇ ਸਿੱਖਾਂ ਵਿਚ ਆਪਣੇ ਆਪਣੇ ਧਰਮਾਂ ਦੇ ਸਕੂਲ ਖੋਲ੍ਹਣ ਦੀ ਪ੍ਰੇਰਣਾ ਪੈਦਾ ਹੋਈ ਸੀ ।

ਪੰਜਾਬ ਵਿਚ ਪਹਿਲਾ ਸਰਕਾਰੀ ਸਕੂਲ 1848 ਵਿਚ ਸ਼ਿਮਲੇ ਖੁਲ੍ਹਿਆ । ਇਸ ਤੋਂ ਪਿੱਛੋਂ ਹੋਸ਼ਿਆਰਪੁਰ ਵਿਖੇ ਸਕੂਲ ਖੋਲ੍ਹਿਆ ਗਿਆ । 1848 ਵਿਚ ਹੀ ਸਰਕਾਰ ਵੱਲੋਂ 13 ਜ਼ਿਲ੍ਹਾ ਸਕੂਲ ਖੋਲ੍ਹੇ ਗਏ । 1849 ਈ: ਵਿਚ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੇ ਅੰਮ੍ਰਿਤਸਰ ਵਿਖੇ ਇਕ ਸਰਕਾਰੀ ਸਕੂਲ ਚਾਲੂ ਕਰਨ ਦੀ ਤਜਵੀਜ਼ ਰੱਖੀ ਜਿਹੜੀ ਮਈ, 1851 ਵਿਚ ਸਿਰੇ ਚੜ੍ਹੀ । 1854 ਤਕ ਤਹਿਸੀਲ ਪੱਧਰ ਤੇ ਵੀ ਕਈ ਸਰਕਾਰੀ ਸਕੂਲ ਖੋਲ੍ਹੇ ਗਏ । ਇਨ੍ਹਾਂ ਸਰਕਾਰੀ ਸਕੂਲਾਂ ਵਿਚ ਦੇਸੀ ਬੋਲੀਆਂ ਨੂੰ ਸਿਖਿਆ ਦੇ ਮਾਧਿਅਮ ਦੇ ਤੌਰ ਤੇ ਵਰਤਿਆ ਜਾਣ ਲਗ ਪਿਆ ਸੀ[9] ਪਰ ਦੇਸੀ ਬੋਲੀਆਂ ਵਿਚ ਪੰਜਾਬੀ ਸ਼ਾਮਿਲ ਨਹੀਂ ਸੀ । ਜੋ ਸਰਕਾਰੀ ਸਕੂਲਾਂ ਵਿਚ ਪੰਜਾਬੀ ਨਾ ਤਾਂ ਇਕ ਮਜ਼ਮੂਨ ਦੇ ਤੌਰ ਤੇ ਹੀ ਪੜ੍ਹਾਈ ਜਾਂਦੀ ਸੀ ਅਤੇ ਨਾ ਹੀ ਇਹ ਸਿਖਿਆ ਦਾ ਮਾਧਿਅਮ ਸੀ । ਇਸ ਦਾ ਸਥਾਨ ਉਰਦੂ ਨੂੰ ਪ੍ਰਾਪਤ ਸੀ ।

ਅੰਗ੍ਰੇਜ਼ ਵਿਦਵਾਨਾਂ ਵਿਚੋਂ ਡਾ: ਲਾਈਟਨਰ ਹੀ ਅਜਿਹਾ ਵਿਅਕਤੀ ਸੀ ਜਿਸਨੇ ਆਪਣੀਆਂ ਨਿਜੀ ਕੋਸ਼ਿਸ਼ਾਂ ਰਾਹੀਂ ਪੰਜਾਬੀ ਦੀ ਪੜ੍ਹਾਈ ਚਾਲੂ ਕੀਤੀ । "ਉਸਨੇ 31 ਜਨਵਰੀ, 1965 ਨੂੰ ਲਾਹੌਰ ਵਿਚ 'ਅੰਜਮਨਿ ਪੰਜਾਬ' ਸਥਾਪਿਤ ਕੀਤੀ ਜਿਸ ਦੇ ਦੋ ਮੁਖ ਉਦੇਸ਼ ਸਨ, ਪੂਰਬੀ ਵਿਦਿਆ ਦੀ ਜਾਗ੍ਰਿਤੀ ਅਤੇ ਸਥਾਨਕ ਬੋਲੀਆਂ ਰਾਹੀਂ ਗਿਆਨ ਦਾ ਫੈਲਾਉਣਾ।" ਇਸ ਅਦਾਰੇ ਨਾਲ ਸੰਬੰਧਤ ਇਕ ਅਨੁਵਾਦ ਭਾਗ ਵੀ ਸੀ ਜਿਸ ਦਾ ਕੰਮ" ਅੰਗ੍ਰੇਜ਼ੀ ਆਦਿ ਬੋਲੀਆਂ ਵਿਚੋਂ ਪੰਜਾਬੀ, ਉਰਦੂ ਤੇ ਹਿੰਦੀ ਵਿਚ ਚੰਗੀਆਂ ਪੁਸਤਕਾਂ ਦੇ ਉਲਥੇ ਕਰਕੇ ਛਾਪਣਾ ਸੀ । ਰਾਇ ਮੂਲ ਸਿੰਘ, ਭਾਈ ਹਰਿਭਗਤ ਸਿੰਘ ਅਤੇ ਲਾਲਾ ਬਿਹਾਰੀ ਲਾਲ ਪੁਰੀ ਇਸ ਭਾਗ ਦੇ ਪੰਜਾਬੀ ਅਨੁਵਾਦਕ ਸਨ। ਪੰਜਾਬੀ ਵਿਚ ਇਨ੍ਹਾਂ ਨੇ ਕਿਤਨੀਆਂ ਪੁਸਤਕਾਂ ਉਲਟਾਈਆਂ, ਇਸ ਬਾਰੇ ਕੋਈ ਸਹੀ ਅੰਦਾਜ਼ਾ ਨਹੀਂ ਲਗ ਸਕਿਆ[10] ।"

---

9. ਪੰਜਾਬ ਸਫਾ 369 ;

10. ਸ਼ਮਸ਼ੇਰ ਸਿੰਘ ਅਸ਼ੋਕ, 'ਪੰਜਾਬ ਦੀਆਂ ਲਹਿਰਾਂ' ਸਫਾ 128 ;

' ਅੰਜਮਨਿ ਪੰਜਾਬ' ਤੋਂ ਬਿਨਾਂ ਇਸ ਕਾਲ ਵਿਚ 'ਜਨਵਰੀ 1870 ਵਿਚ ਪੰਜਾਬੀ ਯੂਨੀਵਰਸਿਟੀ ਕਾਲਜ ਦੀ ਸਥਾਪਨਾ ਕੀਤੀ ਗਈ । ਇਸ ਦੇ ਉਦੇਸ਼ਾਂ ਵਿਚ ਦੋ ਇਹ ਸਨ : (1) ਪੂਰਬੀ ਭਾਸ਼ਾਵਾਂ ਅਤੇ ਸਾਹਿੱਤਾਂ ਦਾ ਅਧਿਐਨ (2) ਜਨਤਾ ਦੀ ਸਿਖਿਆ ਦੀ ਉਨੱਤੀ ਲਈ ਵਿਦਵਾਨਾਂ ਅਤੇ ਸਰਕਾਰੀ ਅਫਸਰਾਂ ਦਾ ਸੰਪਰਕ ।ਇਸ ਕਾਲਜ ਨਾਲ ਓਰੀਐਂਟਲ ਸਕੂਲ ਖੋਲ੍ਹਿਆ ਗਿਆ ਜਿਸ ਵਿਚ ਦੇਸੀ ਭਾਸ਼ਾਵਾਂ ਦਾ ਆਧੁਨਿਕ ਵਿਧੀ ਨਾਲ ਪਠਨ ਪਾਠਨ ਹੋਣ ਲੱਗਾ ਅਤੇ ਆਮ ਗਿਆਨ ਵਿਚ ਸਿਖਿਆ ਦਿਤੀ ਜਾਣ ਲਗੀ ।"[11]

ਇਉਂ ਅਸੀਂ ਵੇਖਦੇ ਹਾਂ ਕਿ ਸਿੰਘ ਸਭਾ ਲਹਿਰ ਤੋਂ ਪਹਿਲਾਂ ਪੰਜਾਬ ਵਿਚ ਪੰਜਾਬੀ ਦੀ ਅਤੇ ਪੰਜਾਬੀ ਰਾਹੀਂ ਪੜ੍ਹਾਈ ਲਈ ਸਰਕਾਰੀ ਤੌਰ ਤੇ ਕੋਈ ਯਤਨ ਨਹੀਂ ਕੀਤਾ ਗਿਆ। ਇਸ ਪਾਸੇ ਜਾਂ ਤਾਂ ਪੁਰਾਣੇ ਗੁਰਮੁਖੀ ਸਕੂਲ ਆਪਣਾ ਕਾਰਜ ਕਰ ਰਹੇ ਸਨ ਤੇ ਜਾਂ ਫਿਰ ਡਾ: ਲਾਈਟਨਰ ਦੇ ਯਤਨਾਂ ਦੇ ਨਤੀਜੇ ਵਜੋਂ ਅੰਜਮਨਿ-ਪੰਜਾਬ ਅਤੇ ਓਰੀਐਂਟਲ ਸਕੂਲ ਵਰਗੀਆਂ ਸੰਸਥਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਨੇ ਉਕਤ ਕਾਰਜ ਦਾ ਆਰੰਭ ਕੀਤਾ।ਪਰ ਉਪਰੋਕਤ ਸੰਸਥਾਵਾਂ ਦਾ ਕੀਤਾ ਕੰਮ ਬਹੁਤ ਹੀ ਅਧੂਰਾ ਸੀ ।

## ਸਿਖ ਵਿਦਿਅਕ ਲਹਿਰ

1873 ਈ: ਵਿਚ ਜਦੋਂ ਸਿੰਘ ਸਭਾ ਅੰਮ੍ਰਿਤਸਰ ਹੋਂਦ ਵਿਚ ਆਈ ਤਾਂ ਉਸ ਸਮੇਂ ਤਕ ਹਿੰਦੂਆਂ ਅਤੇ ਮੁਸਲਮਾਨਾਂ ਦੀ ਪੜ੍ਹਾਈ ਲਈ ਉਨ੍ਹਾਂ ਦੇ ਆਪਣੇ ਧਾਰਮਿਕ ਅਦਾਰੇ ਜਿਹਾ ਕਿ ਡੀ.ਏ. ਵੀ ਕਾਲਜ ਲਾਹੌਰ,ਅਲੀਗੜ੍ਹ ਯੂਨੀਵਰਸਿਟੀ ਆਦਿ ਖੁਲ੍ਹ ਚੁੱਕੇ ਸਨ।ਸਿੱਖਾਂ ਵਿਚ ਵੀ ਵਿਦਿਆ ਦੇ ਪਸਾਰ ਲਈ ਜਾਗ੍ਰਿਤੀ ਦਾ ਪੈਦਾ ਹੋਣਾ ਲਾਜ਼ਮੀ ਸੀ ।ਸੋ ਸਿੰਘ ਸਭਾ ਨੇ ਇਹ ਕੰਮ ਆਪਣੇ ਜ਼ਿੰਮੇ ਲੈ ਲਿਆ ।

" ਸ਼੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਮੋਢੀਆਂ ਵਿਚੋਂ ਬਾਬਾ ਖੇਮ ਸਿੰਘ ਬੇਦੀ ਸਭ ਤੋਂ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਸਿਖ ਬੱਚੀਆਂ ਦੀ ਪੜ੍ਹਾਈ ਲਈ ਗੁਰਮੁਖੀ (ਪੰਜਾਬੀ) ਪਾਠਸ਼ਾਲਾ ਖੋਲ੍ਹਣ ਤੇ ਜ਼ੋਰ ਦਿੱਤਾ ।......... 1876 ਵਿਚ ਬਾਬਾ ਜੀ ਦੇ

11. ਪੰਜਾਬ (ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ)ਸਫਾ 370 ।

ਪ੍ਰਬੰਧ ਹੇਠ ਚਲ ਰਹੀ ਸਕੂਲਾਂ ਦੀ ਗਿਣਤੀ 40 ਅਤੇ 1879 ਵਿਚ 42 ਸੀ "[12]

ਵਿਦਿਆ ਰਾਹੀਂ ਪੰਜਾਬੀ ਬੋਲੀ ਦੀ ਉਨੱਤੀ ਅਤੇ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਹਿਸਾ ਪਾਉਣ ਵਾਲਾ ਦੂਸਰਾ ਵਿਅਕਤੀ ਪ੍ਰੋਫੈਸਰ ਗੁਰਮੁਖ ਸਿੰਘ ਹੈ ਜਿਸ ਦੀ ਅਣਥਕ ਘਾਲਣਾ ਅਤੇ ਸੱਚੀ ਲਗਨ ਦਾ ਸਦਕਾ ਓਰੀਐਂਟਲ ਕਾਲਜ ਲਾਹੌਰ ਵਿਚ ਹਿੰਦੀ ਅਤੇ ਉਰਦੂ ਨਾਲੋਂ ਦਸ ਸਾਲ ਪਹਿਲਾਂ ਇਕ ਮਜ਼ਮੂਨ ਦੇ ਤੌਰ ਤੇ ਪੰਜਾਬੀ ਪੜ੍ਹਾਈ ਜਾਣ ਲਗੀ । ਵਿਦਿਅਕ ਖੇਤਰ ਵਿਚ ਪੰਜਾਬੀ ਬੋਲੀ ਦੀ ਉਨੱਤੀ ਲਈ ਪ੍ਰੋਫੈਸਰ ਗੁਰਮੁਖ ਸਿੰਘ ਦਾ ਦੂਸਰਾ ਯਤਨ ਖਾਲਸਾ ਕਾਲਜ ਦੀ ਸਥਾਪਨਾ ਵਿਚ ਮਦਦਗਾਰ ਸਾਬਤ ਹੋਣਾ ਸੀ ।ਇਸ ਕਾਲਜ ਦੀ ਨੀਂਹ 1892 ਈ: ਵਿਚ ਰੱਖੀ ਗਈ ।1896 ਈ: ਵਿਚ ਜੋ ਪ੍ਰਾਸਪੈਕਟਸ ਇਸ ਕਾਲਜ ਦਾ ਛਪਿਆ ਉਸ ਵਿਚ ਹੇਠ ਲਿਖੀ ਟੂਕ ਦਰਜ ਹੈ :-

> " ਪ੍ਰਾਇਮਰੀ ਵਿਭਾਗ ਵਿਚ ਰੋਜ਼ ਇਕ ਘੰਟਾ ਅਤੇ ਮਿਡਲ ਵਿਭਾਗ ਵਿਚ ਹਫਤੇ ਵਿਚ ਦੋ ਘੰਟੇ ਗੁਰਮੁਖੀ ਦੀ ਪੜ੍ਹਾਈ ਲਾਜ਼ਮੀ ਤੌਰ ਤੇ ਕਰਵਾਈ ਜਾਂਦੀ ਹੈ ।"

ਖਾਲਸਾ ਕਾਲਜ ਬਣਾਉਣ ਦੇ ਉਪਰੋਕਤ ਉਦੇਸ਼ ਦਾ ਪਤਾ 15 ਅਗਸਤ,1890 ਦੇ ਟ੍ਰਿਬਿਊਨ ਵਿਚ ਛਪੀ ਖਬਰ ਤੋਂ ਵੀ ਲਗ ਜਾਂਦਾ ਹੈ :-

> " ਜਵਾਹਰ ਸਿੰਘ ਨੇ ਅੰਮ੍ਰਿਤਸਰ ਵਿਚ ਸਿੰਘ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਰੀਆ ਸਮਾਜ ਕੋਲ ਸੰਸਕ੍ਰਿਤ ਅਤੇ ਵੇਦਾਂ ਦੀ ਪੜ੍ਹਾਈ ਲਈ ਆਪਣੇ ਅਦਾਰੇ ਹਨ,ਮੁਸਲਮਾਨਾਂ ਨੇ ਅਲੀਗੜ੍ਹ ਵਿਚ ਕੁਰਾਨ ਦੀ ਪੜ੍ਹਾਈ ਦਾ ਇੰਤਜ਼ਾਮ ਕਰ ਲਿਆ ਹੈ ਪਰ ਸਿਖਾਂ ਕੋਲ ਗੁਰਮੁਖੀ ਅਤੇ ਆਦਿ ਗ੍ਰੰਥ ਦੀ ਪੜ੍ਹਾਈ ਲਈ ਕੋਈ ਅਦਾਰਾ ਨਹੀਂ ।"

---

12. ਉਕਤ ਨੰ: 10 ਸਫਾ 128 ;

ਪੰਜਾਬੀ ਭਾਸ਼ਾ ਨੂੰ ਵਿਦਿਆ ਦਾ ਮਾਧਿਅਮ ਬਣਾਉਣ ਲਈ ਪ੍ਰੋ: ਗੁਰਮੁਖ ਸਿੰਘ ਨੇ ਤੀਸਰਾ ਕੰਮ ਇਹ ਕੀਤਾ ਕਿ ਉਸ ਨੇ ਵਖ ਵਖ ਵਿਗਿਆਨਿਕ ਵਿਸ਼ਿਆਂ ਉਤੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਜਿੰਨ੍ਹਾਂ ਵਿਚ " ਰਾਜਨੀਤਕ ਅਰਥ-ਵਿਗਿਆਨ',ਜੋਤਸ਼ ਵਿਗਿਆਨ', 'ਤ੍ਰਿਕੋਣ ਮਿਤੀ', ' ਇੰਗਲੈਂਡ ਦਾ ਇਤਿਹਾਸ',ਅਤੇ ਗੁਰਬਰਸ ਅਥਵਾ ਸੰਕ੍ਰਾਂਤੀ ਪੱਤਰ' ਸ਼ਾਮਿਲ ਹਨ [13] ।"

ਪ੍ਰੋਫੈਸਰ ਗੁਰਮੁਖ ਸਿੰਘ ਨੇ ਹੀ ਪੰਜਾਬੀ ਵਿਚ ਕਈ ਪੱਤਰ ਚਾਲੂ ਕੀਤੇ [14] । ਇਨ੍ਹਾਂ ਪੱਤਰਾਂ ਰਾਹੀਂ ਉਸ ਨੇ ਪੰਜਾਬੀ ਬੋਲੀ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਉਠਾਈ ਅਤੇ ਲੋਕਾਂ ਦੇ ਮਨ ਵਿਚ ਪੰਜਾਬੀ ਦੇ ਵਿਕਾਸ ਦੀ ਭਾਵਨਾ ਪੈਦਾ ਕੀਤੀ ।

1880 ਦੇ ਲਗਭਗ ਸੱਤ ਸਭਾ ਲਾਹੌਰ ਦੇ ਪ੍ਰਧਾਨ ਭਾਈ ਬਿਹਾਰੀ ਲਾਲ ਪੁਰੀ ਸਿੰਘ ਸਭਾ ਦੀ ਵਿਦਿਅਕ ਸ਼ਾਖ ਦੇ ਮੈਂਬਰ ਬਣ ਗਏ ।ਉਨ੍ਹਾਂ ਦੀ ਮਿਲਵਰਤੋਂ ਨਾਲ ਲਾਹੌਰ ਵਿਚ ਇਕ 'ਪੰਜਾਬੀ ਸਕੂਲ' ਖੋਲ੍ਹਿਆ ਗਿਆ ਜਿੱਥੇ ਬੱਚਿਆਂ ਨੂੰ ਪੰਜਾਬੀ ਬੋਲੀ ਦੀ ਸਿਖਿਆ ਗੁਰਮੁਖੀ ਅੱਖਰਾਂ ਵਿਚ ਦਿੱਤੀ ਜਾਣ ਲਗੀ [15] ।

ਖਾਲਸਾ ਕਾਲਜ ਦਾ ਨੀਂਹ ਪੱਥਰ ਟਿਕਣ ਤੋਂ ਕੋਈ ਇਕ ਸਾਲ ਪਹਿਲਾਂ ਭਾਈ ਤਖ਼ਤ ਸਿੰਘ ਅਤੇ ਪ੍ਰੋ: ਗੁਰਮੁਖ ਸਿੰਘ ਦੀ ਹਿੰਮਤ ਨਾਲ ਸਿੱਖ ਕੰਨਿਆ ਮਹਾਂਵਿਦਿਆਲਾ, ਫੀਰੋਜ਼ਪੁਰ ਦੀ ਨੀਂਹ ਰੱਖੀ ਗਈ ਜਿਸ ਵਿਚ ਪੰਜਾਬੀ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਈ ਜਾਂਦੀ ਸੀ ਅਤੇ ਸਿਖਿਆ ਦਾ ਮਾਧਿਅਮ ਵੀ ਪੰਜਾਬੀ ਹੀ ਸੀ ।ਇਉਂ ਅਸੀਂ ਵੇਖਦੇ ਹਾਂ ਕਿ ਉਨ੍ਹੀਵੀਂ ਸਦੀ ਦੇ ਅੰਤ ਤਕ ਸਿਖ ਵਿਦਿਅਕ ਲਹਿਰ ਦੇ ਯਤਨਾਂ ਸਦਕਾ ਬਹੁਤ ਸਾਰੇ ਸਕੂਲ ਅਤੇ ਕਾਲਜ ਖੁਲ੍ਹ ਚੁੱਕੇ ਸਨ ਜਿੰਨ੍ਹਾਂ ਵਿਚ ਪੰਜਾਬੀ ਦੀ ਅਤੇ ਪੰਜਾਬੀ ਰਾਹੀਂ ਪੜ੍ਹਾਈ ਦਾ ਇੰਤਜ਼ਾਮ ਸੀ ।

---

13. ਉਕਤ ਨੰ: 10,ਸਫਾ 135;
14. ਵੇਖੋ ਸ਼ੋਧ-ਪ੍ਰਬੰਧ ਦਾ ਕਾਂਡ ਚੌਥਾ ।
15. ਰਪੋਰਟ ਸ੍ਰੀ ਗੁਰੂ ਸਿੰਘ ਸਭਾ ਲਾਹੌਰ,1880 ਸਫਾ 54-55 ।

ਦਸੰਬਰ 1894 ਈ: ਵਿਚ ਖਾਲਸਾ ਟ੍ਰੈਕਟ ਸੁਸਾਇਟੀ ਬਣੀ ,ਪੰਜਾਬੀ ਦੀ ਤੇ ਪੰਜਾਬੀ ਰਾਹੀਂ ਵਿਦਿਆ ਦੇ ਪੱਖ ਤੋਂ ਇਸ ਨੇ ਦੋ ਬੜੇ ਅਹਿਮ ਕੰਮ ਕੀਤੇ ।ਇਕ ਤਾਂ ਟ੍ਰੈਕਟਾਂ ਰਾਹੀਂ ਇਸ ਸੁਸਾਇਟੀ ਦੇ ਲੇਖਕਾਂ ਨੇ ਪੰਜਾਬੀ ਦੇ ਹਕ ਵਿਚ ਪ੍ਰਚਾਰ ਕੀਤਾ ।ਦੂਸਰੇ ਵਖ ਵਖ ਵਿਸ਼ਿਆਂ ਉਤੇ ਬਹੁਤ ਸਾਰੀਆਂ ਪਾਠ-ਪੁਸਤਕਾਂ ਲਿਖੀਆਂ ਗਈਆਂ ।ਮਿਸਾਲ ਵਜੋਂ 'ਪੰਜਾਬੀ ਲਈ ਗੁਰਮੁਖੀ ਲਿਪੀ ਹੀ ਉਚਿਤ ਹੈ ' ਬਾਰੇ ਟ੍ਰੈਕਟ ( 846-47)ਛਪੇ ਸਨ ਜਿਸ ਦਾ ਨਾਂ 'ਗੁਰਮੁਖੀ ਲਿਪੀ ਤੇ ਹਿੰਦੀ ਲਿਪੀ' ਹੈ।ਇਸ ਟ੍ਰੈਕਟ ਵਿਚ ਗੁਰਮੁਖੀ ਲਿਪੀ ਦੇ ਹਕ ਵਿਚ ਬੜੀਆਂ ਵਿਗਿਆਨਿਕ ਦਲੀਲਾਂ ਦਿਤੀਆਂ ਗਈਆਂ ਹਨ ।

ਇਸ ਸੁਸਾਇਟੀ ਨੇ ਉਰਦੂ ਪੜ੍ਹੇ-ਲਿਖਿਆ ਨੂੰ ਪੰਜਾਬੀ ਸਿਖਾਉਣ ਲਈ 'ਕੁਲੀਦ ਗੁਰਮੁਖੀ' ਨਾਮਕ ਇਕ ਟ੍ਰੈਕਟ ਛਾਪਿਆ ।ਇਸ ਟ੍ਰੈਕਟ ਵਿਚ ਪੈਂਤੀ,ਲਗਾਂ-ਮਾਤ੍ਰਾਂ,ਇਨ੍ਹਾਂ ਦੇ ਉਚਾਰਣ,ਆਦਿ ਦੇ ਪੰਜਾਬੀ ਨਾਂ,ਪੰਜਾਬੀ ਅੰਕ ਅਤੇ ਕੁਝ ਇਕ ਸੁਆਦਲੇ ਪਾਠ ਤੇ ਚਿੱਠੀਆਂ ਲਿਖਣ ਦੀ ਵਿਧੀ ਆਦਿ ਦਰਜ ਹਨ ।

ਪੰਜਾਬੀ ਬੋਲੀ ਦੀ ਤਰੱਕੀ ਲਈ ਇਨ੍ਹਾਂ ਟ੍ਰੈਕਟਾਂ ਰਾਹੀਂ ਜਿੱਥੇ ਉਰਦੂ,ਫਾਰਸੀ ਅਤੇ ਅੰਗ੍ਰੇਜ਼ੀ ਦੇ ਬਹੁਤ ਸਾਰੇ ਅਨੁਵਾਦ ਛਾਪੇ ਗਏ ਉਥੇ ਭਾਵ-ਪ੍ਰਕਾਸ਼ਨੀ ਟ੍ਰੈਕਟਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੇ ਸਹੀ ਅਰਥ ਵੀ ਪ੍ਰਕਾਸ਼ਿਤ ਕੀਤੇ ਗਏ ।ਇਸ ਤੋਂ ਇਲਾਵਾ ਟ੍ਰੈਕਟ ਨੰ:424-25 'ਪੰਜਾਬੀ ਅਖਾਣ' ਵਿਚ ਪੰਜਾਬੀ ਦੇ ਅਖਾਣ ਸੰਕਲਿਤ ਕੀਤੇ ਗਏ ਅਤੇ ਉਨ੍ਹਾਂ ਦੇ ਅਰਥ ਖੋਲ੍ਹ ਕੇ ਸਮਝਾਏ ਗਏ । ਇਸੇ ਭਾਂਤ ਦੀਆਂ ਦੋ ਹੋਰ ਰਚਨਾਵਾਂ ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਅਖਾਣ'( ਟ੍ਰੈ ਨੰ: 590-92)ਅਤੇ 'ਗੜਗਜ ਬੋਲੇ' (ਟ੍ਰੈ ਨੰ: 300) ਵੀ ਵਿਸ਼ੇਸ਼ ਵਰਨਣ ਯੋਗ ਹਨ ।

ਇੱਨ੍ਹਾਂ ਟ੍ਰੈਕਟਾਂ ਦੀ ਇਕ ਹੋਰ ਵੱਡੀ ਦੇਣ ਇਹ ਹੈ ਕਿ ਇਨ੍ਹਾਂ ਵਿਚ ਆਧੁਨਿਕ ਗਿਆਨ-ਵਿਗਿਆਨ ਸੰਬੰਧੀ ਬਹੁਤ ਸਾਰਾ ਮਸਾਲਾ ਛਾਪਿਆ ਗਿਆ ।ਅਧਿਐਨ ਕਰਨ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਟ੍ਰੈਕਟਾਂ ਵਿਚ ਖੇਤੀ-ਬਾੜੀ,ਬਾਗਬਾਨੀ,ਖਗੋਲ ਵਿਦਿਆ,ਭੂਗੋਲ, ਸਵਾਸਥ ਤੇ ਸਰੀਰ,ਬਨਸਪਤੀ ਤੇ ਜੀਵ ਵਿਗਿਆਨ ਆਦਿ ਸੰਬੰਧੀ ਅਨੇਕ ਪ੍ਰਕਾਰ ਦੀ ਸਮੱਗਰੀ ਛਾਪੀ ਗਈ ।

ਇਨ੍ਹਾਂ ਟ੍ਰੈਕਟਾਂ ਨੇ ਪੰਜਾਬੀ ਪਾਠ-ਪੁਸਤਕਾਂ ਦੀ ਲੋੜ ਪੂਰੀ ਕਰਕੇ ਪੰਜਾਬੀ ਨੂੰ ਸਕੂਲਾਂ ਵਿਚ ਪੜ੍ਹਾਏ ਜਾਣ ਦੇ ਯੋਗ ਬਣਾਇਆ ।

ਪਰ ਉਪਰੋਕਤ ਸਾਰੇ ਯਤਨ ਪ੍ਰਾਈਵੇਟ ਹੀ ਸਨ ।ਸਿੰਘ ਸਭਾ ਲਹਿਰ ਦੀਆਂ ਵਖ ਵਖ ਸਭਾ-ਸੁਸਾਇਟੀਆਂ ਦੇ ਲਗਾਤਾਰ ਜ਼ੋਰ ਦੇਣ ਤੇ ਵੀ ਸਰਕਾਰ ਪੰਜਾਬੀ ਬੋਲੀ ਨੂੰ ਸਰਕਾਰੀ ਵਿਦਿਆ ਪ੍ਰਣਾਲੀ ਵਿਚ ਇਸਦਾ ਬਣਦਾ ਸਥਾਨ ਨਹੀਂ ਦੇ ਰਹੀ ਸੀ ਜਿਸ ਦੀ ਪੁਸ਼ਟੀ ਉਸ ਸਮੇਂ ਦੀਆਂ ਬਹੁਤ ਸਾਰੀਆਂ ਅਖਬਾਰੀ ਰਿਪੋਟਾਂ ਆਦਿ ਤੋਂ ਹੁੰਦੀ ਹੈ।ਮਿਸਾਲ ਵਜੋਂ ਪੰਜਾਬ ਯੂਨੀਵਰਸਿਟੀ ਸੰਬੰਧੀ ਛਪਿਆ ਹੇਠ ਲਿਖਿਆ ਲੇਖ ਦਸਦਾ ਹੈ ਕਿ ਇਹ ਯੂਨੀਵਰਸਿਟੀ ਪੰਜਾਬੀ ਨਾਲ ਮਤ੍ਰੇਈਆਂ ਵਾਲਾ ਸਲੂਕ ਕਰ ਰਹੀ ਹੈ[16] ।

## ਪੰਜਾਬ ਯੂਨੀਵਰਸਟੀ

ਪੰਜਾਬੀ ਪੰਜਾਬ ਦੀ ਬੋਲੀ ਹੈ ਇਸ ਨੂੰ ਕੌਣ ਨਹੀਂ ਜਾਣਦਾ ਪਰ ਅਫਸੋਸ ਹੈ ਕਿ ਸਰਕਾਰ ਨੇ ਇਸ ਨੂੰ ਕਚੈਹਰੀਆਂ ਵਿਚੁੰ ਧਕੇ ਦਿਤੇ ਤੇ ਇਕ ਓਪਰੀ ਬੋਲੀ ਉਰਦੂ ਨੂੰ ਇਸ ਦੀ ਜਗਾ ਦਿਤੀ ॥ ਸਿੰਧ ਦੀਆਂ ਕਚੈਹਰੀਆਂ ਵਿਚ ਸਿੰਧੀ ਗੁਜਰਾਤ ਵਿਚ ਗੁਜਰਾਤੀ ਬੰਗਾਲ ਵਿਚ ਬੰਗਾਲੀ ਵਰਤੀ ਜਾਂਦੀ ਹੈ ਪਰ ਸਰਕਾਰ ਨੇ ਕੇਵਲ ਪੰਜਾਬ ਤੇ ਹੀ ਇਹ ਕਿਰਪਾ ਨਾ ਕੀਤੀ ਇਸ ਦਾ ਸਬਬ ਇਹ ਜਾਪਦਾ ਹੈ ਕਿ ਪੰਜਾਬੀਆਂ ਨੇ ਉਸ ਵੇਲੇ ਸਰਕਾਰ ਦੇ ਸਾਮਣੇ ਇਸ ਮਾਮਲੇ ਨੂੰ ਪੇਸ਼ ਨਹੀਂ ਕੀਤਾ ਸੀ ਖੇਰ ਇਹ ਗਲਤੀ ਤਾਂ ਹੋਈ ਹੀ ਸੀ ਪਰ ਪੰਜਾਬ ਯੂਨੀਵਰਸਟੀ ਜੋ ਬਣਾਈ ਵੀ ਇਸੇ ਮਤਲਬ ਲਈ ਗਈ ਹੈ ਕਿ ਇਹ ਅੰਗਰੇਜ਼ੀ ਆਦਕ ਕਿਤਾਬਾਂ ਦੀ ਵਿਦਯਾ ਨੂੰ ਪੰਜਾਬ ਦੀ ਬੋਲੀ ਪੰਜਾਬੀ ਵਿਚ ਲਿਖਕੇ ਪੰਜਾਬੀਆਂ ਨੂੰ ਲਾਭ ਪਹੁਚਾਵੇ ਸੋ ਇਸ ਨੇ ਭੀ ਪੰਜਾਬੀ ਦੇ ਵਾਧੇ ਵਿਚ ਜਰਾ ਜਤਨ ਤਾਂ ਇਕ ਪਾਸੇ ਜਰਾ ਧਿਆਨ ਭੀ ਨਹੀਂ ਕੀਤਾ ਭਾਵੇਂ ਇਸ ਨੂੰ ਬਣਿਆਂ ਬਹੁਤੇ ਸਾਰੇ ਸਾਲ ਹੋ ਗਏ ਹੈਨ ਹੋਰਨਾਂ ਬੋਲੀਆਂ ਦੇ ਵਾਧੇ ਪਰ ਕੋਈ ਇਨਾਮ ਰਖੇ ਹੈਨ ਕਿਤਨਿਆਂ ਆਦਮੀਆਂ ਨੂੰ ਹਿੰਦੀ ਤੇ ਉਰਦੂ ਦੀਆਂ ਕਿਤਾਬਾਂ ਲਿਖਣੇ ਪਰ ਹਜ਼ਾਰਾਂ ਰੁਪੈ ਦੇ ਇਨਾਮ ਦਿਤੇ ਹੈਨ ਕੇਈ ਵਜੀਫੇ ਸੰਸਕ੍ਰਿਤ ਆਦਕ ਪੜਨ ਵਾਲਿਆਂ ਨੂੰ ਦਿਤੇ ਜਾਂਦੇ ਹੈਨ ਪਰ ਸ਼ੋਕ ਹੈ ਕਿ

16. ਸਿਵਲ ਮਿਲਟ੍ਰੀ ਅਖਬਾਰ, 16 ਅਪਰੈਲ, 1906 ਦਾ ਐਡੀਟੋਰੀਅਲ ;

ਪੰਜਾਬੀ ਪੜਨ ਵਾਲਿਆਂ ਨੂੰ ਕਦੇ ਪੁਛਿਆ ਭੀ ਨਹੀਂ ਗਿਆ ॥

ਸਹਾਇਤਾ ਦਾ ਦੇਣਾ ਤਾਂ ਇਕ ਪਾਸੇ ਰਿਹਾ ਯੂਨੀਵਰਸਟੀ ਸਗੋਂ ਪੰਜਾਬੀ ਨੂੰ ਰੋਕਣ ਦੇ ਮਗਰ ਪਈ ਹੋਈ ਜਾਪਦੀ ਹੈ ॥ ਇਕ ਸਿਖ ਹੀ ਦੇ ਅਗੇ ਹੈਨ ਜਿਨਾ ਦੇ ਦਿਲ ਵਿਚ ਪੰਜਾਬੀ ਦੇ ਵਾਧੇ ਦੀ ਚਾਹੁੰਨਾ ਹੈ ਤੇ ਇਹ ਉਨਾ ਦੀ ਹੀ ਕੋਸ਼ਸ਼ ਦਾ ਨਤੀਜਾ ਹੈ ਕਿ ਪੰਜਾਬੀ ਦੀ ਥੋੜੀ ਬਹੁਤੀ ਤ੍ਰਕੀ ਹੋ ਰਹੀ ਹੈ ਆਰੀਏ ਤੇ ਮੁਸਲਮਾਨ ਨਫੇ ਨੁਕਸਾਨ ਨੂੰ ਨਹੀਂ ਸੋਚਦੇ ਹਿੰਦੀ ਤੇ ਉਰਦੂ ਦੇ ਮਗਰ ਲਗੇ ਹੋਏ ਹੈਨ ਤੇ ਇਹ ਨਹੀਂ ਜਾਣਦੇ ਕਿ ਪੰਜਾਬੀ ਪਬਲਕ ਦੀ ਰੁਚੀ ਕਿਸ ਪਾਸੇ ਹੈ॥ ਪਰਤਖ ਨੂੰ ਪਰਮਾਣ ਦੀ ਲੋੜ ਨਹੀਂ ॥ ਹਾਲਾਂਕੇ ਸਰਕਾਰ ਜਰਾ ਜਿਤਨੀ ਭੀ ਮਦਦ ਪੰਜਾਬੀ ਦੇ ਵਾਧੇ ਵਿਚ ਨਹੀਂ ਦੇ ਰਹੀ ਪਰ ਫਿਰ ਭੀ ਪੰਜਾਬੀ ਵਿਚ ਹਿੰਦੀ ਤੇ ਉਰਦੂ ਨਾਲੋ ਜਿਆਦਾ ਕਿਤਾਬਾਂ ਨਿਕਲਦੀਆਂ ਹੈਨ ਤੇ ਇਹ ਕਾਰਨ ਹੈ ਕਿ ਸਿਖ ਪੰਜਾਬੀ ਦਾ ਵਾਧਾ ਚਾਹੁੰਦੇ ਹੈਨ। ਇਸ ਵਾਸਤੇ ਨਹੀਂ ਕਿ ਸਿਖਾਂ ਦੀ ਧਰਮ ਪੁਸਤਕ ਪੰਜਾਬੀ ਵਿਚ ਹੈ ਬਲਕੇ ਇਸ ਵਾਸਤੇ ਕਿ ਕਿਵੇਂ ਪੰਜਾਬੀਆਂ ਨੂੰ ਸਹੂਲਤ ਹੋਵੇ ॥

<u>ਜੜ੍ਹਾਂ ਵਿਚ ਤੇਲ</u>

ਪੰਜਾਬ ਯੂਨੀਵਰਸਟੀ ਦਾ ਪੰਜਾਬੀ ਦੇ ਵਾਧੇ ਲਈ ਜਤਨ ਕਰਨਾ ਤਾਂ ਇਕ ਪਾਸੇ ਉਲਟਾ ਅਜੇਹੇ ਕੰਮ ਕਰ ਰਹੀ ਹੈ ਜਿਸ ਕਰ ਕੇ ਪੰਜਾਬੀ ਦੀ ਤ੍ਰਕੀ ਵਿਚ ਨੁਕਸਾਨ ਪਹੁੰਚਨ ਦਾ ਡਰ ਹੈ॥ ਐਤਕੀ ਦੇ ਇਮਤਹਾਨ ਦੇ ਪਰਚੇ ਜੋ ਇਨਟ੍ਰੈਨਸ ਤੇ ਐਫ:ਏ: ਵਾਲੇ ਮੁੰਡਿਆਂ ਨੂੰ ਦਿਤੇ ਗਏ ਹੈਨ ਅਜੇਹ ਔਖੇ ਹੈਨ ਕਿ ਉਮੇਦ ਨਹੀਂ ਕੋਈ ਮੁੰਡਾ ਪਾਸ ਹੋ ਸਕੇ ਪ੍ਰੀਖਿਯਾਕਾਰ ਨੇ ਅਪਨੀ ਚਤਰਾਈ ਦਸਨ ਲਈ ਇੰਟ੍ਰੈਨਸ ਦੇ ਪਰਚੇ ਵਿਚ ਲੁਹਾਰਾ ਤ੍ਰਿਖਾਣਾ ਦੇ ਹਥਿ ਯਾਰਾਂ ਦੇ ਨਾਮ ਲਿਖ ਦਿਤੇ ਹੈਨ ਜੋ ਇੰਟ੍ਰੈਨਸ ਦੇ ਮੁੰਡਿਆਂ ਨੂੰ ਤਾਂ ਇਕ ਪਾਸੇ ਐਮ:ਏ: ਪਾਸ ਕੀਤੇ ਹੋਇਆਂ ਨੂੰ ਉਨ੍ਹਾਂ ਹਥਿਯਾਵਾਂ ਦੇ ਅੰਗਰੇਜ਼ੀ ਵਿਚ ਨਾਮ ਯਾਦ ਨਹੀਂ ਹੋਣੇ ॥ ਮਾਲੂਮ ਹੋਂਦਾ ਹੈ ਪ੍ਰੀਖਿਯਾ ਕਾਰ ਨੂੰ ਪਰਚੇ ਬਣਾਣ ਵੇਲੇ ਇਹ ਸੁਝੀ ਹੈ ਕਿ ਉਹ ਸਬ ਓਵਰਸੀਯਰ ਯਾ ਮਿਸਤਰਯਾ ਦਾ ਇਮਤਹਾਨ ਲੈ ਰਹੇ ਹੈਨ। ਭਾਵੇਂ ਪ੍ਰੀਖਿਯਾਕਾਰ ਪੰਜਾਬ ਯੂਨੀਵਰਸਟੀ ਦੇ ਨਜ਼ਰਾਂ ਵਿਚ ਪੰਜਾਬੀ ਦੇ ਮਦਦਗਾਰ ਹੋਨ ਤਾਂ ਹੋਨ ਪਰ ਇਸਦੇ ਲਛਣਾਂ ਤੋਂ ਤਾਂ ਇਹ ਸਿਧ ਹੋਂਦਾ ਹੈ ਕਿ ਆਪ ਪੰਜਾਬੀ ਦੇ ਜੜ੍ਹਾਂ ਵਿਚ ਤੇਲ ਪਾਣ ਵਾਲੇ ਹੈਨ, ਜੇਕਰ

ਯੂਨੀਵਰਸਟੀ ਦੇ ਦਿਲ ਵਿਚ ਪੰਜਾਬੀ ਦੇ ਵਾਧੇ ਵਲ ਜਰਾ ਭੀ ਪ੍ਰੇਮ ਹੋਂਦਾ ਤਾਂ ਪ੍ਰੀਖਿਯਾਕਾਰ ਕੋਈ ਪੰਜਾਬੀ ਦਾ ਹੇਤੂ ਢੂੰਢਦੀ ਤਾਂ ਫਿਰ ਐਡੀ ਵਡੀ ਭਾਰੀ ਭੁਲ ਕਦੇ ਨਾਂ ਹੋਂਦੀ ਜੋ" [16]

ਇਸੇ ਤਰ੍ਹਾਂ ਦਾ ਇਕ ਲੇਖ ਭਾਈ ਸਾਹਿਬ ਭਾਈ ਮੋਹਨ ਸਿੰਘ ਵੈਦ ਦਾ ਲਿਖਿਆ ਮਿਲਦਾ ਹੈ ਜਿਸ ਵਿਚ ਸਰਕਾਰ ਵੱਲੋਂ ਪੰਜਾਬੀ ਪ੍ਰਤਿ ਅਣਗਹਿਲੀ ਦਾ ਸਬੂਤ ਮਿਲਦਾ ਹੈ। ਇਸ ਵਿਚ ਲਿਖਿਆ ਹੋਇਆ ਹੈ ਕਿ ,

ਪੰਜਾਬੀ ਪੁਸਤਕਾਂ ਦੇ ਪੰਜਾਬ ਸਰਕਾਰ

ਸਿੱਖ ਐਜੂਕੇਸ਼ਨਲ ਕਾਨਫ੍ਰੰਸ ਵੱਲੋਂ ਕਈ ਸਾਲਾਂ ਤੋਂ ਸਰਕਾਰੀ ਅਫਸਰਾਂ ਦੀ ਸੇਵਾ ਵਿਖੇ ਬੇਨਤੀਆਂ ਹੋ ਰਹੀਆਂ ਹਨ ਕਿ ਹਾਲਾਂ ਹੋਰ ਨਹੀਂ ਤਦ 'ਪੰਜਾਬ ਟੈਕਸਟ ਬੁੱਕ ਕਮੇਟੀ' ਆਦਿ ਵਿੱਚ ਤਾਂ ਗ੍ਰੀਬ ਸਿੱਖਾਂ ਦੇ ਇੱਕ ਤਿਹਾਈ ਮੈਂਬਰ ਲਏ ਜਾਵਨ, ਪਰ ਸਿੱਖਾਂ ਦੇ ਭਾ ਅਜੇ ਤੱਕ ਲਾਰੇ ਹੀ ਲਾਰੇ ਚਲੇ ਔਂਦੇ ਹਨ । ਦੂਜੇ ਪਾਸੇ ਜੋ ਅਜੇਹੇ ਕਾਰਜਾਂ ਵਿੱਚ ਬਾਹਰੀ ਦਰਦੀ ਸੱਜਣ ਪ੍ਰਬੰਧਕ ਥਾਪੇ ਜਾਂਦੇ ਹਨ, ਓਨ੍ਹਾਂ ਦਾ ਵਰਤਾਰਾ ਠੀਕ ਉਸ ਹੇਜਲੀ ਬਨਾਵਟੀ ਅੰਮਾਂ ਵਰਗਾ ਹੁੰਦਾ ਹੈ, ਜੋ ਬਾਲ ਨੂੰ ਪਿਆਰ ਦੁਲਾਰ ਕੇ ਦੁੱਧ ਦੇਵਨ ਵਾਸਤੇ ਗੋਦ ਲੈਂਦੀ ਹੀ ਬਾਲ ਦੀ ਗਿੱਚੀ ਘੁੱਟ ਕੇ ਪਾਰ ਬੁਲਾ ਛੋੜਦੀ ਹੈ, ਤੇ ਫੇਰ ਭੀ ਦਰਦ ਦੱਸਣੋਂ ਪਿੱਛੇ ਨਹੀਂ ਹੱਟਦੀ, ਤੇ ਭੋਲੇ ਮਾਪੇ ਓਸਦੇ ਵਰਤਾਰੇ ਨੂੰ ਵੇਖਕੇ ਫੇਰ ਭੀ ਦਰਦੀ ਜਾਣਕੇ ਬਨਾਵਟੀ ਹੇਜਲੇ ਪਨ ਤੋਂ ਖਬਰਦਾਰ ਨਹੀਂ ਹੁੰਦੇ । ਜਿਨ੍ਹਾਂ ਦੀ ਗਫਲਤ ਦੇ ਕਾਰਨ ਦੇਖ ਦੇ ਹੀ ਦੇਖਦੇ ਲਾਡਲੇ ਜਾਨ ਤੋਂ ਵੱਧ ਪਯਾਰੇ ਬੱਚੇ ਦਾ ਕੰਮ ਖਤਮ ਹੋ ਜਾਂਦਾ ਹੈ ।

ਚਲਦੇ ਸਾਲ ਵਿੱਚ ਇੱਕ ਦੋ ਪ੍ਰਤੱਖ ਅਜੇਹੇ ਹੀ ਵਰਤਾਰੇ ਵੇਖਣ ਵਿੱਚ ਆਏ ਹਨ, ਨਮੂਨੇ ਵਜੋਂ 'ਪੰਜਾਬ ਟੈਕਸਟ ਬੁੱਕ ਕਮੇਟੀ' ਨੂੰ ਹੀ ਲਵੋ । ਸਰਕਾਰ ਵੱਲੋਂ ਦੇਸੀ ਬੋਲੀਆਂ ਦੀ ਚੰਗੀ ਲਿਟ੍ਰੇਚਰ ਦੇ ਵਾਧੇ ਵਾਸਤੇ ਹਰ ਸਾਲ ਚੰਗੀਆਂ ਚੰਗੀਆਂ ਪੁਸਤਕਾਂ ਦੇ ਪ੍ਰਕਾਸ਼ਕਾਂ ਦੇ ਉਤਸ਼ਾਹ ਵਧਾਵਨ ਨੂੰ ਇਨਾਮ ਆਦਿ ਵਾਸਤੇ 3500) ਪੈਂਤੀ ਸੌ ਰੁਪਏ ਦੇ ਕ੍ਰੀਬ ਰਕਮ ਬਜਟ ਵਿੱਚ ਹੁੰਦੀ ਹੈ, ਪਰ ਸੁਣਿਆ ਗਿਆ ਹੈ ਕਿ ਏਸ ਵਰਹੇ ਉਪ੍ਰੋਕਤ ਹੇਜਲੀ

16. ਸਿਵਲ ਮਿਲਟ੍ਰੀ ਅਖਬਾਰ, 16 ਅਪਰੈਲ, 1906 ਦਾ ਐਡੀਟੋਰੀਅਲ ;

ਐਮਾਂ ਦੇ ਕਾਰੇ ਤੇ ਅਸਲ ਮਾਪਯਾਂ ਦੀ ਗ਼ਫਲਤ ਦੇ ਕਾਰਨ ਦੇਸ਼ ਦੀ ਪਟਰਾਣੀ, ਪੰਜਾਬੀ ਭਾਸ਼ਾ ਦੇ ਹਿੱਸੇ, ਹਾਂ। ਹਾਂ। ਜਿਸਦੇ ਪ੍ਰਚਾਰ ਵਾਸਤੇ ਤੇ ਸਰਬ ਦੇਸ਼ੀ ਹੋਵਨ ਵਾਸਤੇ, ਸਗੋਂ ਪੰਜਾਬ ਦੇਸ਼, ਤੇ ਖਾਸ ਹੱਕ ਰੱਖਣ ਵਾਲੀ ਭਾਸ਼ਾ ਵਾਸਤੇ ਕੇਵਲ ਦੋ ਸੌ ਰੁਪਯਾ ਆਯਾ ਸੁਣਿਆ ਗਿਆ ਹੈ ।ਤੇ ਹਨੇਰ ਦੀ ਗੱਲ ਇਹ, ਕਿ ਏਡਾ ਹੌਸਲਾ ਕਿ ਯਾਹਰਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਗੁਜਰਾਂਵਾਲਾ ਦੀ ਸਬਜੈਕਟਸ ਕਮੇਟੀ ਦੇ ਭਰੇ ਸਮਾਗਮ ਵਿੱਚ ਆਖਯਾ ਗਿਆ ਹੈ ਕਿ 'ਏਸ ਵਾਰੀ ਪੰਜਾਬੀ ਦੀ ਪੁਸਤਕ ਆਈ ਹੀ ਨਹੀਂ '। ਹਾਲਾਂ ਕਿ ਕਈ ਉੱਤਮ ਤੋਂ ਉੱਤਮ ਨਵੀਆਂ ਪ੍ਰਕਾਸ਼ਤ ਪੁਸਤਕਾਂ ਭੇਜੀਆਂ ਗਈਆਂ ਦੀਆਂ ਤੀਹਰੀਆਂ ਚੌਹਰੀਆਂ ਰਸੀਦਾਂ ਦਾਸ ਦੇ ਵੇਖਣ ਵਿੱਚ ਆਈਆਂ ਹਨ।ਤੇ ਉਨ੍ਹਾਂ ਦੇ ਸਰਕਾਰੀ ਤੌਰ ਤੇ ਰੀਵੀਉ ਕਰਾਏ ਜਾਣ ਦੇ ਸਬੂਤ ਦੀਆਂ ਸਰਕਾਰੀ ਚਿੱਠੀਆਂ ਭੀ ਮੌਜੂਦ ਹਨ।ਸ਼ੋਕ ਹੈ ਕਿ ਗੱਡੀ ਦੇ ਪਛੜ ਜਾਣ ਕਰਕੇ ਦਾਸ ਸਮੇਂ ਸਿਰ ਉਸ ਕਮੇਟੀ ਵਿਚ ਹਾਜ਼ਰ ਨਾ ਹੋ ਸਕਿਆ, ਨਹੀਂ ਤੇ ਭਰੀ ਕਮੇਟੀ ਵਿਚ ਹੀ ਪਤਾ ਲੱਗ ਜਾਂਦਾ ।ਅਜੇਹੇ ਬਾਹਰੀ ਦਰਦੀ ਕੇਡੇ ਉਲਟ ਵਰਤਾਰੇ ਵਰਤਦੇ ਹਨ। ਜੇ ਪ੍ਰਬੰਧਕ, ਜ਼ਿੰਮੇਵਾਰ ਸੱਜਣ ਕੁਝ ਭੀ ਧਿਆਨ ਰੱਖਦੇ ਹੁੰਦੇ, ਤਦ ਅਜੇਹੇ ਹੌਸਲੇ ਕਰਨ ਵਾਲੇ ਬਾਹਰੀ ਦਰਦੀਆਂ ਨੂੰ ਅਨਭੋਲ ਹੀ ਅਜੇਹੀ ਹਿੰਮਤ ਨਾਂ ਹੁੰਦੀ ।ਪਰ ਉਹ ਤਾਂ ਸਮਝਦੇ ਹਨ ਕਿ ਸਾਡੀ ਸਹਜ ਧਾਰਨਾਂ ਦੇ ਪਰਦੇ ਹੇਠ ਸਾਥੀ ਮੈਂਬਰ ਅਨਭੋਲ ਪਏ ਹਨ, ਜਿਹੜੀ ਸੱਟ ਦਾ ਸਮਾਂ ਮਿਲਦਾ ਹੈ, ਲਾਓ ।

ਅਜੇਹੇ ਇਕ ਨਹੀਂ ਬੇਅੰਤ ਹਨੇਰ ਖਾਤੇ ਹਨ ਤੇ ਸਾਡੇ ਬਾਹਰੀ ਸੱਜਣ, ਬਾਹਰੋਂ ਪੰਜਾਬੀ ਦੇ ਵੱਡੇ ਦਰਦੀ ਬਣ ਕੇ ਅੰਦਰੋਂ ਅੰਦਰ ਏਸ ਨੂੰ ਕੇਵਲ ਸਿੱਖਾਂ ਦੀ ਸਮਝ ਕੇ ਜਾਂ ਕਿਸੇ ਜ਼ਾਤੀ ਗਰਜ਼ ਪਿੱਛੇ ਪੰਜਾਬੀ ਭਾਸ਼ਾ ਦਾ ਗਲਾ ਦਬਾ ਰਹੇ ਹਨ, ਤੇ ਵਰਿਹਾਂ ਬੱਧੀ ਪੰਜਾਬੀ ਪੁਸਤਕਾਂ ਡਾਇਰੈਕਟ੍ਰ ਸਾਹਿਬ ਵਲੋਂ ਮਨਜ਼ੂਰ ਹੋ ਚੁੱਕੀਆਂ ਆਪਣੇ ਸਪੁਰਦ ਹੋਵਣ ਤੇ ਅੰਦਰੇ ਅੰਦਰ ਦਬਾ ਕੇ ਪੰਜਾਬੀ ਭਾਸ਼ਾ ਦਾ ਬੇੜਾ ਗਰਕ ਕਰ ਰਹੇ ਹਨ ਜਿਸ ਦੇ ਕਈ ਨਿੱਗਰ ਸਬੂਤ ਹਨ।ਜਿਸ ਪਾਸੇ ਪੰਜਾਬੀ ਭਾਸ਼ਾ ਦੇ ਸੱਚੇ ਦਰਦੀਆਂ ਨੂੰ ਚੋਖਾ ਧਿਆਨ ਦੇਵਣ ਦੀ ਲੋੜ ਹੈ।ਜੇ ਕਰ 'ਸਿਖ ਐਜੂਕੇਸ਼ਨਲ ਕਮੇਟੀ( ਚੀ:ਖਾ:ਦੀ:)ਦੇ ਪ੍ਰਬੰਧਕਾਂ ਏਸ ਪਾਸੇ ਕੁਝ ਧਿਆਨ ਦੇਣਾ ਹੋਵੇ ਤਦ ਦਾਸ ਪਾਸ ਕਈ ਇਕ ਪੱਕੇ ਸਬੂਤ ਹਨ, ਜੋ ਹਾਜ਼ਰ ਕੀਤੇ ਜਾ ਸਕਦੇ ਹਨ।ਗੁਰਮਤੇ ਵਰਤੋ ਵਿਚ ਔਣੇਂ ਹੀ ਸਫਲ ਹੋ ਸਕਦੇ ਹਨ।ਸੰਗਤਾਂ ਦੇ ਜੈ ਕਾਰਿਆਂ ਨਾਲ ਸਫਲਤਾ ਦੀ ਆਸ ਨਹੀਂ । 12-4-1918 "[17]

---

17. ਮੁਨਸ਼ਾ ਸਿੰਘ ਦੁਖੀ, 'ਜੀਵਨ ਭਾਈ ਮੋਹਨ ਸਿੰਘ ਵੈਦ ਸਫਾ 319-322 ;

ਪਰ ਪੰਜਾਬੀ ਬੋਲੀ ਦੇ ਹੱਕ ਵਿਚ ਅਖਬਾਰਾਂ ਅੰਦਰ ਲਗਾਤਾਰ ਛਪਦਾ ਰਿਹਾ ਜਿਸ ਨੇ ਪੰਜਾਬੀ ਦੇ ਹਕ ਵਿਚ ਆਵਾਜ਼ ਨੂੰ ਬੜੀ ਤਾਕਤ ਦਿੱਤੀ ।ਮਿਸਾਲ ਵਜੋਂ 1 ਜਨ- ਵਰੀ 1900 ਦੇ'ਖਾਲਸਾ ਸਮਾਚਾਰ' ਦੇ ਹੇਠ ਦਿੱਤਾ ਐਡੀਟੋਰੀਅਲ ਇਸ ਦੀ ਪ੍ਰੋੜ੍ਤਾ ਕਰਦਾ ਹੈ :-

" ਸਚ ਮੁਚ ਅਸੀਂ ਉਨ੍ਹਾਂ ਰੂੰ ਦੇ ਗੋੜਿਆਂ ਵਰਗੇ ਹਾਂ,ਜੋ ਸੁਨੈਸਰੀ ਛਤਾਂ ਹੇਠ ਇਸ ਗਲ ਲਈ ਲਟਕਾਏ ਜਾਂਦੇ ਹਨ ਕਿ ਦੀਵੇ ਦਾ ਧੂੰ ਉਨ੍ਹਾਂ ਨੂੰ ਕਾਲਿਆਂ ਕਰੇ ਪਰ ਛੱਤ ਨੂੰ ਅਜਾਂ ਨਾ ਲਗੇ ।ਕਿਉਂਕਿ ਰੂੰ ਵਿਚ ਇਹ ਗੁਣ ਹੁੰਦਾ ਹੈ,ਕਿ ਧੂੰਏ ਦੀ ਕਾਲਕ ਨੂੰ ਆਪਣੇ ਵਲ ਖਿਚ ਲੈਂਦੀ ਹੈ।ਖਾਲਸਾ ਕੌਮ ਵਲ ਜਦ ਅਸੀ ਨਜ਼ਰ ਪਾਕੇ ਦੇਖਦੇ ਹਾਂ ਤਾਂ ਕਲੇਜਾ ਧ੍ਰੀਕਿਆ ਜਾਂਦਾ ਹੈ ਕਿ ਨਿਆਣੇ ਬਾਲਕਾਂ ਵਾਂਙ ਏਹ ਕਿਉਂ ਲੋਕਾਂ ਦੀਆਂ ਬਦੀਆਂ ਦੇ ਨਕਲੱਯੇ ਹੁੰਦੇ ਜਾਂਦੇ ਹਨ।ਬੰਗਾਲੀਆਂ ਵਲ ਨਜਰ ਕਰੋ ।ਬੜੇ ਥੋੜੇ ਚਿਰ ਵਿਚ ਉਨ੍ਹਾਂ ਲੋਕਾਂ ਅਪਨੀ ਵਿਦਯਾ ਨੂੰ ਵਧਾਇਆ ਹੈ ਅਰ ਆਪਣੀ ਬੋਲੀ ਨੂੰ ਹਿੰਦੁਸਤਾਨ ਦੀਆਂ ਸਭ ਬੋਲੀਆਂ ਨਾਲੋਂ ਵਡੀ ਕਰ ਦਿਖਾਇਆ ਹੈ ।ਉਨ੍ਹਾਂ ਵਿਚ ਲਾਇਕ ਕਵੀਸ਼ੁਰ,ਗ੍ਰੰਥ ਕਰਤਾ,ਪੁਸਤਕਾਂ ਰਚਨੇ ਵਾਲੇ ਅਰ ਅਖਬਾਰਾਂ ਦੇ ਐਡੀਟਰ ਤੇ ਵਿਦਯਾ ਵਿਗਯਾਨ ਵੇਤਾ ਐਸੇ 2 ਲਾਇਕ ਤੀਵੀਆਂ ਅਰ ਮਰਦ ਨਿਕਲੇ ਹਨ ਕਿ ਜਿਨ੍ਹਾਂ ਦੇ ਕੰਮਾਂ ਦੇ ਤਰਜਮੇ (ਉਲਥੇ) ਅੰਗ੍ਰੇਜ਼ੀ ਤੇ ਜਰਮਨੀ ਦੀ ਬੋਲੀਆਂ ਵਿਚ ਹੋਏ ਹਨ।ਅਰ ਕਈ ਯੂਰਪ ਦੇ ਵਿਦਵਾਨ ਕੈਹਦੇ ਕਿ ਏਹ ਸਚੇ ਵਿਦਵਾਨ ਹਨ।ਇਸਦਾ ਕਾਰਣ ਇਹ ਹੈ ਕਿ ਉਨ੍ਹਾਂ ਨੇ ਅੰਗ੍ਰੇਜ਼ਾਂ ਦੇ ਔਗਣ ਦੀ ਨਕਲ ਨਹੀਂ ਲਾਈ । ਅੰਗ੍ਰੇਜ਼ਾਂ ਦੇ ਉਸ ਪਯਾਰ ਨੂੰ ਜੋ ਉਹ ਆਪਣੀ ਮਾਦਰੀ ਅੰਗ੍ਰੇਜ਼ੀ ਬੋਲੀ ਨਾਲ ਰਖਦੇ ਹਨ ਲੈਕੇ ਆਪਣੀ ਬੰਗਾਲੀ ਬੋਲੀ ਨਾਲ ਪਿਆਰ ਪਾਇਆ ।ਉਨ੍ਹਾਂ ਦੇ ਜਵਾਨ ਵਿਦਯਾਰਥੀ ਕਦੇ ਅੰਗ੍ਰੇਜ਼ੀ ਫ਼ਾਰਸੀ ਗੀਤ ਨਹੀਂ ਗਾਉਂਦੇ ਆਪਣੇ ਬੰਗਾਲੀ ਗੀਤ ਗਾਉਂਦੇ ਹਨ ।ਬੰਗਾਲੀ ਪੁਸਤਕ ਪੜ੍ਹਦੇ ਹਨ,ਇਥੋਂ ਤਕ ਕਿ ਆਪਸ ਦੀਆਂ ਚਿਠੀਆਂ ਬੰਗਾਲੀ ਵਿਚ ਹੀ ਲਿਖਦੇ ਹਨ ।ਇਸ ਗੁਣ ਨੂੰ ਗ੍ਰਹਣ ਕਰਨੇ ਤੇ ਬੜੀ ਤ੍ਰਕੀ ਕਰ ਗਏ ਹਨ।ਇਸੇ ਇਕ ਗਲ ਨੂੰ ਲੈਕੇ ਅਸੀਂ ਪੰਜਾਬੀਆਂ ਵਲ ਦੇਖਦੇ ਹਾਂ ਤਾਂ ਸਚ ਮੁਚ ਦੂਜੇ ਲੋਕਾਂ ਦੇ 'ਢਗੇ' ਹੀ ਦਿਸਦੇ ਹਨ ।ਕੋਈ ਲੋਕ ਤਾਂ ਉਰਦੂ ਬੋਲੀ ਨੂੰ ਫੈਲਾ ਰਹੇ ਹਨ,ਅਰ ਉਰਦੂ ਨਾਲ ਵਿਹਾਰ ਰਖਦੇ ਹਨ,ਅਰ ਪੰਜਾਬੀ ਨੂੰ ਜਟਕੀ ਬੋਲੀ ਕਹਕੇ ਨਕ ਵਟਦੇ ਹਨ ।ਦੂਜੇ ਕਈ ਲੋਕ ਐਸੇ ਹਨ ਜੋ ਹਿੰਦੀ ਬੋਲੀ ਨੂੰ ਫੈਲਾਉਂਦੇ ਹਨ ਅਰ ਪੰਜਾਬੀ ਨੂੰ 'ਗ੍ਰਾਮੀਨ' ਭਾਸ਼ਾ ਕੈਹਦੇ ਹਨ।ਅਰਤਮਾਸ਼ਾ ਇਹ ਹੈ ਕਿ ਇਨ੍ਹਾਂ ਪੰਜਾਬੀਆਂ ਦੇ ਉਰਦੂ ਤੇ ਹਿੰਦੀ ਲਿਖਨੇ ਵਾਲਿਆਂ ਦੀ ਕਦਰ ਹਿੰਦੁਸਤਾਨ ਦੇ ਲੋਕ ਰਤਾ ਨਹੀਂ ਕਰਦੇ ਕਿਉਂਕਿ ਏਹ ਲੋਕ ਉਨ੍ਹਾਂ ਵਰਗਾ ਸੁਥਰਾ ਲਿਖ ਨਹੀਂ ਸਕਦੇ ।ਕਾਂ ਹੰਸਾਂ

ਦੀ ਬੋਲੀ ਬੋਲਦੇ ਨਾ ਹੰਸਾਂ ਵਿਚ ਆਦਰ ਪਾਉਂਦੇ ਹਨ ਨਾ ਕਾਵਾਂ ਵਿਚ ।ਦੂਜੇ ਦੇਸ਼ ਦੀ ਬ੍ਰਿਧੀ ਰਤਾ ਨਹੀਂ ਹੁੰਦੀ ।ਜਿਨਾਂ ਚਿਰ ਹਿੰਦੀ ਤੇ ਉਰਦੂ ਦੀ ਬੋਲੀ ਸਮਝਣ ਪੁਰ,ਐਵੇਂ ਲੰਘ ਜਾਂਦਾ ਹੈ ,ਉਨੇ ਚਿਰ ਵਿਚ ਪੰਜਾਬੀ ਦੇ ਕਈ ਪੁਸਤਕ ਪੜ੍ਹੇ ਜਾਂਦੇ ਹਨ ।

ਬਾਕੀ ਰਹੇ ਸਿਖ ਜੋ ਅਪਨੇ ਦੇਸ ਦੇ ਸੱਚੇ ਹਿਤੈਸ਼ੀ ਹੋਣੇ ਕਰਕੇ ਮਾਦਰੀ ਬੋਲੀ ਪੰਜਾਬੀ ਨਾਲ ਸਦਾ ਤੋਂ ਪਿਯਾਰ ਕਰਦੇ ਹਨ,ਅਰ ਇਸ ਬੋਲੀ ਨੂੰ ਕੇਵਲ ਇਨ੍ਹਾਂ ਦਾ ਸਹਾਰਾ ਹੈ ਹੁਣ ਐਸ ਵੇਲੇ ਕਈ ਅਖਬਾਰ ਅਰ ਪੋਥੀਆਂ ਇਸ ਬੋਲੀ ਵਿਚ ਛਪਦੇ ਹਨ,ਪਰ ਅਸਲ ਗਲ ਇਹ ਹੈ ਕਿ ਸਿਖ ਲੋਕ ਬੀ ਇਸ ਬੋਲੀ ਨੂੰ ਛਡਣ ਲਗ ਪਏ ਹਨ।ਉਰਦੂ ਦੇ ਸ਼ੇਅਰ ਗਾਉਂਦੇ ਹਨ,ਗਜ਼ਲਾਂ ਨੂੰ ਪਸੰਦ ਕਰਦੇ ਹਨ।ਖਤ ਪਤ੍ਰ ਉਰਦੂ ਜਾਂ ਅੰਗ੍ਰੇਜ਼ੀ ਵਿਚ ਲਿਖਦੇ ਹਨ।ਬੋਲਚਾਲ ਵਿਚ ਜਾਂ ਤਾਂ ਕਰਘਰੜ ਉਰਦੂ ਬੋਲਦੇ ਹਨ,ਜਾਂ ਉਹ ਟੁਟੀ ਫਟੀ ਹਿੰਦੀ ਬੋਲਦੇ ਹਨ ਜੋ ਸਾਧ ਵਰਤਦੇ ਹਨ ਨਾ ਪੰਜਾਬੀ ਨਾ ਹਿੰਦੀ ।ਧੜ ਧਰੇਕ ਦਾ ਤੇ ਪੈਰ ਤੂਤ ਦੇ ।ਟੀਕਾਕਾਰ ਬੀ ਐਸੀ ਬੋਲੀ ਵਰਤਦੇ ਹਨ,ਠੇਠ ਪੰਜਾਬੀ ਵਲ ਨਹੀਂ ਪੈਂਦੇ ।ਕਈ ਵਿਖਯਾਨ ਦੇਣ ਵਾਲੇ ਸਿਖ ਬੀ ਠੇਠ ਬੋਲੀ ਤੋਂ ਨਕ ਵਟਦੇ ਹਨ ਅਰ ਦੂਜੀਆਂ ਬੋਲੀਆਂ ਬੋਲਦੇ ਹਨ।ਪੜ੍ਹੇ ਲਿਖਿਆਂ ਕੋਲੋਂ ਪੁਛੋ ਅੰਗ੍ਰੇਜ਼ੀ ਅਖਬਾਰ ਤੇ ਕਰਾਨੀਆਂ ਦੇ ਟ੍ਰੈਕਟ ਪੜ੍ਹਦੇ ਹਨ।ਪਰ ਗੁਰਮੁਖੀ ਦੇ ਅਖਬਾਰ ਤੇ ਪੋਥੀਆਂ ਅਰ ਮੁਫਤ ਮਿਲੇ ਹੋਏ ਟ੍ਰੈਕਟ ਬਿਨਾ ਖੋਲੇ ਜਾਂ ਤਾਂ ਆਲੇ ਵਿਚ ਧਰ ਛਡਦੇ ਹਨ। ਨਹੀਂ ਤਾਂ ਰਦੀ ਦੇ ਬਕਸ ਵਿਚ ਸਿਟ ਦਿੰਦੇ ਹਨ,ਕਿ ਇਨ੍ਹਾਂ ਨੂੰ ਪੜ੍ਹਦਿਆਂ ਵਕਤ ਬਹੁਤ ਲਗਦਾ ਹੈ,ਸਾਨੂੰ ਫੁਰਸਤ ਨਹੀਂ ਹੈ।ਇਸ ਅਨਗਹਲੀ ਦਾ ਫਲ ਇਹ ਹੈ ਕਿ ਸਾਰੇ ਪੰਜਾਬ ਦੇ ਡਾਕ ਖਾਨਿਆਂ ,ਦਫਤਰਾਂ ਅਰ ਕਚੈਹਰੀਆਂ ਵਿਚ ਦੇਸੀ ਬੋਲੀ ਦੀ ਥਾਂ ਉਰਦੂ ਪਰਧਾਨ ਹੋ ਰਹੀ ਹੈ,ਅਰ ਪੰਜਾਬੀ ਬੋਲੀ ਜੋ ਲਗ ਭਗ ਡੇਢ ਕ੍ਰੋੜ ਲੋਕਾਂ ਦੀ ਮਾਦ੍ਰੀ ਭਾਸ਼ਾ ਹੈ ਕੇਵਲ ਆਮ ਬੋਲੀ ਦੇ ਵਰਤਣ ਦੀ ਹੋ ਰਹੀ ਹੈ ।

ਕਦੇ ਅੰਗ੍ਰੇਜ਼ਾਂ ਵਿਚ ਬੀ ਇਹ ਦੂਸ਼ਣ ਹੁੰਦਾ ਸੀ ।ਵਡੇ ਲੋਕ ਤਾਂ ਫ੍ਰਾਂਸੀਸੀ ਬੋਲੀ ਬੋਲਦੇ ਸੀ,ਪਰ ਆਮ ਵਰਤਾਵੇ ਵਿਚ ਅੰਗ੍ਰੇਜ਼ੀ ਸੀ ।ਜਦ ਤਕ ਇਨ੍ਹਾਂ ਨੇ ਅਪਨੀ ਬੋਲੀ ਨੂੰ ਨੀਚ ਜਾਣੀ ਰਖਿਆ,ਆਪ ਨੀਵੇਂ ਰਹੇ,ਪਰ ਜਦ ਇਨ੍ਹਾਂ ਫ੍ਰਾਂਸੀਸੀ ਬੋਲੀ ਨੂੰ ਮਤ੍ਰੇਈ ਜਾਣਕੇ ਕਢ ਦਿਤਾ ਤੇ ਆਪਣੀ ਬੋਲੀ ਦੀ ਕਦਰ ਕੀਤੀ ਤਦ ਤੋਂ ਏਨ੍ਹਾਂ ਦੀ ਕਦਰ ਸਾਰੇ ਸੰਸਾਰ ਵਿਚ ਹੋਣ ਲਗ ਪਈ ਹੈ।ਅਰ ਇਨ੍ਹਾਂ ਦੀ ਬੋਲੀ ਬੀ ਸਿਰੋਮਣ ਹੋ ਗਈ ਹੈ।ਹੋਰਨਾਂ ਨੂੰ ਕੀ ਕਹਣਾ ਹੈ,ਖਾਲਸੇ ਨੇ ਤਾਂ ਦੀਵੇ ਹੇਠ ਹਨੇਰਾ ਕਰ ਛਡਿਆ ਹੈ,ਸ੍ਰੀ ਦਰਬਾਰ ਸਾਹਿਬ

ਜੀ ਦਾ ਦਫਤਰ,ਸਿਖ ਰਿਆਸਤਾਂ ਦੇ ਆਮ ਦਫਤ੍ਰ ਸਭ ਉਰਦੂ ਵਿਚ ਰਖੇ ਜਾਂਦੇ ਹਨ,ਕੋਈ ਪੰਜਾਬੀ ਬੋਲੀ ਤੇ ਗੁਰਮੁਖੀ ਅਖਰਾਂ ਦੀ ਕਦਰ ਨਹੀਂ ਕਰਦਾ ।

ਅਚਰਜ ਫੇਰ ਏਹ ਦੇਖਦੇ ਹਾਂ ਕਿ ਸਾਰੇ ਉੜਦੂਖਾਂ ਤੇ ਹਿੰਦੀ ਦੇ ਪਯਾਰੇ ਘਰ ਆਕੇ ਪੰਜਾਬੀ ਬੋਲਦੇ ਹਨ,ਕੋਈ ਉੜਦੂ ਹਿੰਦੀ ਨਹੀਂ ਛਾਂਟਦਾ ।ਕਰਨ ਕੀ ਉਥੇ ਪੇਸ਼ ਨਹੀਂ ਚਲਦੀ ।ਜੇ ਘਰ ਬੀ ਫਾਰਸੀਆਂ ਮਾਰਨ ਤਾਂ ਪਾਣੀ ਬੀ ਨਾ ਮਿਲੇ ਤੇ ਨਿਤ ਉਹੋ ਗਲ ਵਰਤੇ

ਆਬ ਆਬ ਕਰ ਮੋਇਓਂ ਵੇ ਬਚਾ ਫਾਰਸੀਆਂ ਘਰ ਗਾਲੇ ।

ਸਾਨੂੰ ਯਾਦ ਹੈ ਕਿ ਇਕ ਸਿਖ ਵਿਦਯਾਰਥੀ ਨੇ ਐਨਟ੍ਰੈਂਸ ਦੇ ਇਮਤਹਾਨ ਵਿਚ ਪੰਜਾਬੀ ਲਈ ਜਦ ਪਰਚੇ ਮਿਲੇ,ਤਦ ਦੋ ਸੌ ਮੁੰਡੇ ਨੇ ਤਾਂ ਉਰਦੂ ਹਿੰਦੀ ਦੇ ਪਰਚੇ ਲਏ,ਪਰ ਇਸ ਵਿਚਾਰੇ ਨੂੰ ਪੰਜਾਬੀ ਦਾ ਮਿਲਿਆ ,ਜਦ ਬਾਹਰ ਆਏ ਤਦ ਸਾਰੇ ਮੁੰਡੇ ਝੁਰਮਟ ਪਾਕੇ ਉਸ ਪੰਜਾਬੀ ਦੇ ਦੁਆਲੇ ਹੋ ਗਏ ਕਿ ਦਸ ਬਈ ਪੰਜਾਬੀ ਕਿਹੜੀ ਬੋਲੀ ਹੈ ?ਕਈਆਂ ਨੂੰ ਉਸ ਉਤਰ ਦਿਤੇ ਪਰ ਜਦ ਛਿਥਾ ਹੋ ਗਿਆ,ਤਦ ਆਖਣ ਲਗਾ ਕਿ ਭਰਾਵੋ ਘਰ ਜਾਕੇ ਮਾਵਾਂ ਭੈਣਾ ਤੋਂ ਪੁਛ ਲੈਣਾ ਕਿ ਕਿਹੜੀ ਬੋਲੀ ਬੋਲਦੀਆਂ ਹਨ ।ਫੇਰ ਤੁਹਾਨੂੰ ਪਤਾ ਲਗ ਜਾਏਗਾ ਕਿ ਪੰਜਾਬੀ ਕੀ ਹੈ ?

ਪਯਾਰੇ ਸਜਨੋਂ ਜੇ ਚਾਹੁੰਦੇ ਹੋ ਕਿ ਕਦੇ ਤ੍ਰੱਕੀ ਕਰੋ ਤਦ ਅਪਨੀ ਮਾਦਰੀ ਬੋਲੀ ਦਾ ਪ੍ਰਚਾਰ ਕਰੋ ਨਹੀਂ ਤਾਂ ਅਪਨੇ ਯਤਨਾਂ ਨੂੰ ਇਹ ਸਮਝੋ ਕਿ ਆਪ ਡਾਲੀਆਂ ਨੂੰ ਪਾਣੀ ਦੇ ਰਹੇ ਹੋ ਪਰ ਜੜ੍ਹਾਂ ਸੋਕੇ ਨਾਲ ਮੁਰੰਝਾ ਹੋ ਰਹੀਆਂ ਹਨ ।"[18]

ਆਮ ਲੋਕਾਂ (ਸਿੱਖ,ਹਿੰਦੂ ਅਤੇ ਮੁਸਲਮਾਨਾਂ ) ਨੂੰ ਪੰਜਾਬੀ ਬੋਲੀ ਦੇ ਹਕ ਵਿਚ ਕਰਨ ਲਈ ਸਿਖ ਵਿਦਿਅਕ ਕਾਨਫ੍ਰੈਂਸਾਂ ਜਿਨ੍ਹਾਂ ਦਾ ਹਾਲ ਅੱਗੇ ਦਿੱਤਾ ਗਿਆ ਹੈ,ਉਤੇ ਬੜੀਆਂ ਜਜ਼ਬਾਤੀ ਕਵਿਤਾਵਾਂ ਪੜ੍ਹੀਆਂ ਜਾਂਦੀਆਂ ਸਨ।ਨਮੂਨੇ ਵਜੋਂ ਤੀਜੀ ਵਿਦਿਅਕ ਕਾਨਫ੍ਰੈਂਸ ਤੇ ਪੜ੍ਹੀ ਗਈ ਇਕੋ ਕਵਿਤਾ ਪੇਸ਼ ਕੀਤੀ ਜਾਂਦੀ ਹੈ :-

---

18. ਖਾਲਸਾ ਸਮਾਚਾਰ,ਜਨਵਰੀ,1900 ਦਾ ਐਡੀਟੋਰੀਲ 'ਮਾਦ੍ਰੀ ਬੋਲੀ'

" ਕੁਖੋਂ ਮੇਰੀਓਂ ਜੰਮਕੇ ਪਕੇ ਭੇੜੇ,ਗੋਦੀ ਖੇਡ ਕੇ ਕੁਲ ਹੁਸ਼ਯਾਰ ਹੋਈ ॥24
ਕੁੱਛੜ ਔਂਦੇ ਹੀ ਕਹਿਨ ਤੂੰ ਮਾਤ ਸਾਡੀ,ਬਾਹਿਰ ਜਾਂਦਿਆਂ ਹਾਏ! ਬੁਰਯਾਰ ਹੋਈ,26॥
ਭੁਲ ਗਏ ਸਨ ' ਸਿਖ' ਮੈਂ ਤਤੜੀ ਨੂੰ ਘਰ ਏਹਨਾਂ ਦੇ ਹੋਰ'ਮੁਖਤਯਾਰ ' ਹੋਈ,40
ਉਠੇ ਦਿੱਤ ਮ੍ਰਿਗਿੰਦ ਜਦ ਸਿੰਘ ਸੂਰੇ,ਜਾਰੀ ਖਾਲਸਾ ਤਦੋਂ ਅਖਬਾਰ ਹੋਈ।45
ਅੱਜ ਹੋਰ ਤੇ ਕੱਲ ਕੁਝ ਹੋਰ ਹੋਈ,ਆਹਾ,ਅੱਜ ਮੈਂ 'ਸਪੁਵਾਰ ਹੋਈ ।46
ਮਿਲਯਾ ਖਾਓ ਅਦਾਲਤਾਂ ਵਿਚ ਮੈਨੂੰ,ਮਾਨੋਂ ਖੋਤਿਓਂ ਫੀਲ ਸਵਾਰ ਹੋਈ 47
ਮੇਰੇ ਗੁਰੂ ਦੇ ਲਾਡਲੇ ਸਿਖ ਭੁਪਤਿ,ਮੇਰੀ ਪਤਿ ਇਸ ਲੱਤ ਸੁਆਰ ਹੋਈ।48
ਰਾਇਜ ਹੋਈ ਮੈਂ ਦਫਤ੍ਰਾਂ ਵਿਚ ਸਾਰੇ,'ਮਹਾਰਾਜ' ਦੇ ਰਾਜ ਵਿਚ'ਸਾਰ'ਹੋਈ 49
ਪੰਜਾਬ ਕੌਰ ਹੁਨ ਔਰ ਕੀ ਲਿਖ ਸਕੇ? ਧੰਨਯਭਾਗ ॥ !ਸੰਦ ਸ਼ੁਕਾਰ ਹੋਈ। 61
(ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ ਸਤਿਗੁਰ ਸੰਗ ਕੀਰੇ ਹਮ ਥਾਪੇ)

ਮੈਂ ਹਾਂ ਆਪਦੇ ਹਥੋਂ ਕ੍ਰਿਤਗਯ
ਹੋਣ ਤੇ ਮਾਣ ਪਾਣ ਵਾਲੀ
(ਪੰਜਾਬ ਕੌਰ ) " 19
(ਪੰਜਾਬ )

## ਸਿਖ ਐਜੂਕੇਸ਼ਨਲ ਕਾਨਫਰੰਸ

ਸਿੱਖ ਵਿਦਿਅਕ ਲਹਿਰ ਦਾ ਸਿੱਖ ਐਜੂਕੇਸ਼ਨਲ ਕਾਨਫਰੰਸ ਇਕ ਅਹਿਮ ਅੰਗ ਹੈ ਜਿਸ ਨੇ ਸਿਖ ਸੰਗਤਾਂ ਵਿਚ ਵਿਦਿਆ ਦੇ ਪਸਾਰ ਲਈ ਬੜਾ ਭਾਰੀ ਕੰਮ ਕੀਤਾ । ਇਸ ਜੱਥੇਬੰਦੀ ਦੇ ਆਰੰਭ ਬਾਬਤ ਲਿਖਿਆ ਹੈ,

## ਸਿਖ ਐਜੂਕੇਸ਼ਨਲ ਕੌਨਫ੍ਰੈਂਸ ਦਾ ਆਰੰਭ

ਓੜਕ ਅਕਾਲ ਪੁਰਖ ਦੀ ਕ੍ਰਿਪਾ ਨਾਲ ਕ੍ਰਿਸਮਸ (ਵੱਡੇ ਦਿਨਾਂ)1907 ਵਿਚ ਸਿੰਧ ਦੇ ਦੀਵਾਨਾਂ ਵਿਚੋਂ 'ਕਰਾਚੀ' ਦੇ ਸਮਾਗਮ ਤੇ ਪੰਥ ਦੇ ਕੁਝ ਰਤਨਾਂ ਨੇ ਉਥੇ ਮੁਸਲਮਾਨਾਂ ਦੀ ਐਜੂਕੇਸ਼ਨਲ ਕੌਨਫ੍ਰੈਂਸ ਨੂੰ ਵੇਖਿਆ ਅਤੇ ਆਪਣੀ ਪੜੋਸਨ ਕੌਮ ਦੇ ਕੰਮ ਨੂੰ ਵੇਖਕੇ ਇਨ੍ਹਾਂ

19. ਦਿੱਤ ਸਿੰਘ ਮੈਗਜ਼ੀਨ,15-3-1910 ;

ਪੰਥ ਰਤਨਾਂ ਨੂੰ ਬੀ ਸਿਖ ਐਜੂਕੇਸ਼ਨਲ ਕੌਨਫ੍ਰੈਂਸ ਦੀ ਲੋੜ ਪੂਰੀ ਤਰਾਂ ਨਾਲ ਪ੍ਰਤੀਤ ਹੋ ਗਈ ਇਸ ਸੁਭਾਗ ਸਮੇਂ ਦੇ ਅਸਰ ਦੇ ਹਿਰਦੇ ਤੇ ਅਜੇਹਾ ਅਸਰ ਕੀਤਾ ਜੋ ਇਨਾਂ ਦੇ ਕੌਮੀ ਪਯਾਰ ਨੇ ਏਨ੍ਹਾਂ ਸਜਣਾਂ ਤੋਂ ਇਹ ਪ੍ਰਣ ਕਰਵਾ ਦਿਤਾ ਜੋ ਹੁਣ ਬਿਨਾਂ ਕਿਸੇ ਦੇਰੀ ਦੇ ਕੌਨਫ੍ਰੈਸ ਲਈ ਕੰਮ ਸ਼ੁਰੂ ਕਰ ਦੇਣਾ ਹੈ।ਸਿੰਧ ਪ੍ਰਚਾਰ ਤੋਂ ਵਾਪਸ ਆਕੇ ਏਨ੍ਹਾਂ ਸੱਜਣਾਂ ਨੇ ਆਪਸ ਵਿਚ ਅਤੇ ਕੁਝ ਹੋਰ ਸੱਜਣਾਂ ਨਾਲ ਸਲਾਹ ਕੀਤੀ ਅਤੇ ਛੇਤੀ ਹੀ ਇਕ ਸਰਕੁਲਰ ਲੈਟਰ ਇਸ ਵਿਸ਼ੇ ਤੇ ਭਾਈ ਮੇਹਰ ਸਿੰਘ ਜੀ,ਭਾਈ ਗੁਲਾਬ ਸਿੰਘ ਜੀ,ਭਾਈ ਸਾਹਿਬ ਅਰਜਨ ਸਿੰਘ ਜੀ ਬਾਗੜੀਆਂ,ਸ੍ਰੀ ਮਾਨ ਸ੍ਰਦਾਰ ਸੁੰਦਰ ਸਿੰਘ ਤੇ ......... ਵਲੋਂ ਹਰ ਅਲਾਕੇ ਦੇ ਚੋਣਵੇਂ ਸਜਣਾਂ ਵਲ ਘਲੀ ਗਈ ਜਿਸ ਵਿਚ ਕਿ ਉਨ੍ਹਾਂ ਨੂੰ ਮਾਰਚ ਦੀ ਤਰੀਕ...... ਨੂੰ ਕੌਨਫ੍ਰੈਸ ਦੇ ਕਾਇਮ ਕਰਣ ਦੀ ਲੋੜ ਉਪਰ ਵਿਚਾਰ ਕਰਣ ਹਿਤ ਇਕਤਰ ਹੋਣ ਲਈ ਬੇਨਤੀ ਕੀਤੀ ਗਈ ਸੀ। ਮਾਰਚ ਦੀ ਤਰੀਕ ......... ਨੂੰ ਸ੍ਰੀ ਮਾਨ ਸਰਦਾਰ ਸੁੰਦਰ ਸਿੰਘ ਜੀ ਦੀ ਕੋਠੀ ਤੇ ਕੌਨਫ੍ਰੈਸ ਦੇ ਇਸ ਸਮਾਗਮ ਵਿੱਚ ਪੂਰੀ ਤ੍ਰਾਂ ਨਾਲ ਵਿਚਾਰ ਕੇ ਮਗਰੋਂ ਫੈਸਲਾ ਹੋਯਾ ਕਿ ਸਿਖ ਐਜੂਕੇਸ਼ਨਲ ਕੌਨਫ੍ਰੈਂਸ ਦਾ ਹੋਣਾ ਅਤੀ ਜ਼ਰੂਰੀ ਹੈ।ਬਾਬੂ ਗੁਲਾਬ ਸਿੰਘ ਜੀ ਮੈਨੇਜਰ ਖਾਲਸਾ ਹਾਈ ਸਕੂਲ ਨੇ ਪਹਿਲੀ ਵਾਰੀ ਕੌਨਫ੍ਰੈਸ ਨੂੰ ਗੁਜਰਾਂਵਾਲੇ ਸਦਿਆ ਅਤੇ ਫੈਸਲਾ ਹੋਯਾ ਜੋ ਕੌਨਫ੍ਰੈਂਸ ਦਾ ਪਹਿਲਾ ਸਮਾਗਮ 18,ਅਤੇ 19,ਅਪ੍ਰੈਲ 1908 ਨੂੰ ਈਸਟਰ ਦੀਆਂ ਛੁਟੀਆਂ ਵਿਚ ਗੁਜਰਾਂਵਾਲੇ ਹੋਵੇ[20],"

ਗੁਜਰਾਂਵਾਲਾ ਵਿਖੇ ਹੋਈ ਕਾਨਫਰੰਸ ਵਿਚ ਜਿਹੜੇ ਮਤੇ ਪਾਸ ਕੀਤੇ ਗਏ ਉਨ੍ਹਾਂ ਵਿਚੋਂ ਹੇਠ ਲਿਖੇ ਮਤੇ ਪੰਜਾਬੀ ਬੋਲੀ ਅਤੇ ਸਾਹਿਤ ਲਈ ਬੜੀ ਮਹਾਨਤਾ ਰਖਦੇ ਹਨ:-

'ਮਤਾ ਨੰ: 4:- ਸਟੈਂਡਰ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਜਾਵੇ ।

'ਮਤਾ ਨੰ: 6:- ਰੇਲਵੇ ਦੀਆਂ ਟਿਕਟਾਂ ਉਤੇ ਗੁਰਮੁਖੀ ਵਿਚ ਛਪਿਆ ਹੋਵੇ ਅਤੇ ਰੇਲਵੇ ਟਾਈਮ ਟੇਬਲ ਗੁਰਮੁਖੀ ਵਿਚ ਵੀ ਛਪੇ ।

'ਮਤਾ ਨੰ: 9:- ਬੋਰਡ ਅਤੇ ਸਰਕਾਰੀ ਸਕੂਲਾਂ ਦੇ ਸੈਕੰਡਰੀ ਡੀਪਾਰਟਮੈਂਟਾਂ ਵਿਚ ਪੰਜਾਬੀ ਪੜ੍ਹਾਉਣ ਲਈ ਪੰਜਾਬੀ ਦੇ ਅਧਿਆਪਕ ਲਾਏ ਜਾਣ ।'

---

20 ਖਾਲਸਾ ਐਗਮੈਨਡ੍ਰ ਮੈਗਜੀਨਡ੍ਰ ਮੈਗੈਜ਼ੀਨ ਮਈ ,1908 ।

ਦੂਜੀ ਸਿੱਖ ਐਜੂਕੇਸ਼ਨਲ ਕਾਨਫਰੰਸ ਅਪ੍ਰੈਲ 1909 ਵਿਚ ਲਾਹੌਰ ਵਿਖੇ ਹੋਈ । ਇਸ ਕਾਨਫਰੰਸ ਦੇ ਪ੍ਰਧਾਨ ਨੇ ਮੁਸਲਮਾਨਾਂ ਨੂੰ ਪੰਜਾਬੀ ਬੋਲੀ ਵਿਚ ਵਿਦਿਆ ਹਾਸਲ ਕਰਨ ਲਈ ਪ੍ਰੇਰਿਆ ਅਤੇ ਹਿੰਦੂਆਂ ਨੂੰ ਵੀ ।ਲਿਪੀ ਸੰਬੰਧੀ ਕੋਈ ਕੱਟੜ ਅਸੂਲ ਨ ਮਿਥਿਆ ਗਿਆ ਅਤੇ ਅੰਗ੍ਰੇਜ਼ੀ ਦੀ ਵਿਦਿਆ ਪ੍ਰਾਪਤ ਕਰਨ ਉਤੇ ਵੀ ਜ਼ੋਰ ਦਿਤਾ ਗਿਆ ।

ਇਉਂ ਸਿਖ ਵਿਦਿਅਕ ਕਾਨਫਰੰਸ ਹਰ ਵਰ੍ਹੇ ਹੁੰਦੀ ਅਤੇ ਇਸ ਦੇ ਸਮਾਗਮ ਵਿਚ ਪੰਜਾਬੀ ਬੋਲੀ ਤੇ ਸਾਹਿਤ ਦੇ ਹਕ ਵਿਚ ਆਵਾਜ਼ ਬੁਲੰਦ ਕੀਤੀ ਜਾਂਦੀ ।ਪੰਜਾਬੀ ਪਿਆਰਿਆਂ ਨੂੰ ਪੰਜਾਬੀ ਪੜ੍ਹਨ-ਲਿਖਣ ਲਈ ਪ੍ਰੇਰਿਆ ਜਾਂਦਾ,ਸਿਖ ਵਿਦਿਅਕ ਆਸ਼ਰਮਾਂ ਦੀ ਮਾਇਕ ਮਦਦ ਕਰਨ ਲਈ ਅਪੀਲ ਕੀਤੀ ਜਾਂਦੀ ਅਤੇ ਪੰਜਾਬੀ ਬੋਲੀ ਦੇ ਪੱਖ ਵਿਚ ਮਤੇ ਪਾਸ ਕਰਕੇ ਸਰਕਾਰ ਨੂੰ ਭੇਜੇ ਜਾਂਦੇ ਪਰ ਸਰਕਾਰ ਵਲੋਂ ਇਨ੍ਹਾਂ ਮਤਿਆਂ ਸਬੰਧੀ ਕੋਈ ਯੋਗ ਕਦਮ ਨਾ ਚੁਕਿਆ ਗਿਆ ।

ਪੰਜਾਬੀ ਜ਼ੁਬਾਨ ਅਤੇ ਸਾਹਿਤ ਦੀ ਤਰੱਕੀ ਲਈ ਸਿਖ ਵਿਦਿਅਕ ਲਹਿਰ ਨੇ ਜੋ ਕੁਝ ਕੀਤਾ,ਉਸ ਦੇ ਸੰਬੰਧ ਵਿਚ ਦੋ ਹੋਰ ਗੱਲਾਂ ਦਾ ਜ਼ਿਕਰ ਕਰਨਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਇਕ ਗੱਲ ਭਾਈ ਮੋਹਨ ਸਿੰਘ ਵੈਦ ਦੀ ਚਲਾਈ 'ਪੰਜਾਬੀ ਪ੍ਰਚਾਰ ਰਤਨਾਵਲੀ' ਬਾਰੇ ਹੈ ਜੋ ਬਾਦ ਵਿਚ 'ਪੰਜਾਬੀ ਪ੍ਰਚਾਰ ਬੁੱਕ ਏਜੰਸੀ ਵਿਚ ਤਬਦੀਲ ਹੋ ਗਈ ।ਇਸ ਸੰਸਥਾ ਦਾ ਕੰਮ ਪੰਜਾਬੀ ਵਿਚ 'ਸਸਤਾ ਸਾਹਿੱਤ' ਪੈਦਾ ਕਰਨਾ ਸੀ ।ਇਸ ਲੜੀ ਦੀਆਂ ਪੁਸਤਕਾਂ ਦੇ ਪਿੱਛੇ ' ਜ਼ਰੂਰੀ ਬੇਨਤੀ ' ਦੇ ਸਿਰ ਲੇਖ ਹੇਠਾਂ ਹੇਠ ਲਿਖੀ ਇਬਾਰਤ ਛਪੀ ਹੋਈ ਹੈ ।

" ਪੰਜਾਬੀ ਦਾ ਹਿਤ ਕਰਨਾ,ਹਰ ਇੱਕ ਪੰਜਾਬੀ ਮਾਤ੍ਰ ਦਾ ਧਰਮ ਹੈ।'ਪੰਜਾਬੀ ਪ੍ਰਚਾਰ ਰਤਨਾਵਲੀ ਦਾ ਪ੍ਰਬੰਧ ਕੇਵਲ ਪੰਜਾਬੀ ਪ੍ਰਚਾਰ ਵਾਸਤੇ ਹੀ ਹੈ।ਇਸ ਲਈ ਪੰਜਾਬੀ ਭਾਸ਼ਾ ਤੇ ਪੰਜਾਬ ਦੇਸ ਦਾ ਹਿਤ ਚਾਹੁਣ ਵਾਲਿਆਂ ਦਾ ਧਰਮ ਹੈ ਕਿ ਇਸ ਸਿਲਸਿਲੇ ਦੀ ਯਥਾ ਯੋਗ ਵਿਤ ਅਨੁਸਾਰ ਸਹਾਇਤਾ ਕਰਨ ।ਭੁਲੇਖਾ ਨਾ ਪਵੇ ।ਸੇਵਕਾਂ ਨੂੰ ਪੁੰਨ ਦਾਨ ਜਾਂ ਕਿਸੇ ਹੋਰ ਅਜੇਹੀ ਸਹਾਇਤਾ ਦੀ ਲੋੜ ਨਹੀਂ,ਸਹਾਇਤਾ ਕੇਵਲ ਇਹੋ ਲੋੜੀਂਦੀ ਹੈ ਕਿ ਚੰਗੀਆਂ 2 ਪੁਸਤਕਾਂ ਪੰਜਾਬੀ ਵਿੱਚ ਰਚਕੇ ਤੇ ਉਲਥਾ ਕਰਕੇ ਸੇਵਕਾਂ ਨੂੰ ਭੇਜੋ ਤੇ ਇਸ ਸਿਲਸਿਲੇ ਦੀਆਂ ਪੁਸਤਕਾਂ ਦਾ ਪ੍ਰਚਾਰ ਕਰੋ । ਬਦਲੇ ਵਿੱਚ ਜੇ ਕੋਈ ਸੱਜਣ ਕੁੱਛ ਭੇਟਾ

ਚਾਹੇ ਤਾਂ ਸੇਵਕ ਯੋਗਤਾ ਅਨੁਸਾਰ ਭੇਟਾ ਕਰਨ ਲਈ ਭੀ ਤਿਆਰ ਹਨ। ਖਰੜਿਆਂ ਸੰਬੰਧੀ ਲਿਖਾ ਪੜ੍ਹੀ ਦਾਸ ਨਾਲ ਹੋਵੇ ਅਤੇ ਪੁਸਤਕਾਂ ਦੀ ਖਰੀਦ ਤੇ ਲੋੜ ਸੰਬੰਧੀ ਮੈਨੇਜਰ 'ਪੰਜਾਬੀ ਪ੍ਰਚਾਰ ਬੁਕ ਏਜੰਸੀ ਲਾਹੌਰ' ਦੇ ਪਤੇ ਤੇ ਕਰੋ ।

ਦਾਸ- ਮੋਹਨ ਸਿੰਘ ਵੈਦ
ਤਰਨ ਤਾਰਨ (ਪੰਜਾਬ)"[21]

ਇਸ ਸੰਸਥਾ ਨੇ ਇਕੋ ਸਾਲ ਵਿਚ ਹੀ ਕਈ ਪੁਸਤਕਾਂ ਛਾਪੀਆਂ ਜਿੰਨ੍ਹਾਂ ਦੇ ਨਾਮ ਇਹ ਹਨ :-

(1) ਮਾਨੁੱਖੀ ਅਵਸਥਾ, ਪੁਰਸ਼ ਦੀਆਂ 7 ਅਵਸਥਾਂ ਦਾ ਤੱਤ ਗਿਆਨ ਸਬੰਧੀ ਵਿਚਾਰ ।

(2) ਜੀਵਣ ਸੁਧਾਰ-ਅੰਗ੍ਰੇਜ਼ੀ ਦੀ ਪ੍ਰਸਿੱਧ ਪੁਸਤਕ ( The use of life) ) ਦਾ ਉਲਥਾ ।

(3) ਅਕਾਸ਼ ਮੰਡਲ - ਤੱਤ ਗਿਆਨ ਸੰਬੰਧੀ ।

(4) ਮਹਾਦਾਨੀ ਰਾਜਾ ਭੋਜ- ਸ਼ੁਭ ਅਸ਼ੁਭ ਪਾਤ੍ਰ ਕੁਪਾਤ੍ਰ ਨੂੰ ਦਾਨ ਦੇਣ ਦਾ ਫਲ ।

(5) ਕਰਮਾਂ ਦਾ ਬੀਰ- ਉਦੱਮੀ ਜੀਵਣ ਦੇ ਹਾਲ ਇੱਕ ਬੰਗਾਲੀ ਨਾਵਲ ਦੇ ਆਧਾਰ ਤੇ ।

(6) ਬਿਉਪਾਰ ਦੀ ਬਰਕਤ- ਸਿੱਖਿਆ ਭਰੀ ਪੁਸਤਕ ਨਾਵਲ ਦੇ ਢੰਗ ਤੇ ।

(7) ਮਾਨੁੱਖ ਕਰਤੱਵਯ -ਅੰਗ੍ਰੇਜ਼ੀ ਦੀ ਮਸ਼ਹੂਰ ਪੁਸਤਕ (Duties of man )

(8) ਲੰਮੀ ਉਮਰਾ ਤੇ ਅਰੋਗਤਾ ਦੇ ਸਾਧਨ ਦੋਹ ਭਾਗਾਂ ਵਿੱਚ ।

(9) ਪਤੀ ਪ੍ਰੇਮਣ ਬਨਬਾਸਣ- ਇੱਕ ਜੋੜੇ ਦਾ ਅਦੁਤੀ ਪਿਆਰ ।

(10) ਗ੍ਰਹਿ ਸਿੱਖਯਾ- ਘਰਾਂ ਦੇ ਸੁਧਾਰ ਵਾਸਤੇ ਅਸਚਰਜ ਪੁਸਤਕ ਹੈ ।

---

21. ਉਪਰੋਕਤ ਨੰਬਰ 17 ਸਫੇ 187-88 ;

(11) ਬਾਲ ਸੁਧਾਰ-ਬਾਲਕਾਂ ਦੇ ਸੁਧਾਰ ਦੀ ਲੋੜ ਤੇ ਢੰਗ ।

(12) ਉੱਤਮ ਸਿੱਖਿਆ -ਨਾਮ ਤੋਂ ਹੀ ਸਾਫ਼ ਪ੍ਰਗਟ ਹੈ ।"[22]

ਦੂਸਰੀ ਗੱਲ ਪਟਿਆਲਾ ਰਾਜ ਵਿਚ ਪੰਜਾਬੀ ਦੇ ਸੰਚਾਲਨ ਬਾਰੇ ਹੈ ।ਪੰਜਾਬੀ 'ਗੁਰਮੁਖੀ ਅੱਖਰਾਂ ਵਿਚ' ਸ਼ੁਰੂ ਤੋਂ ਹੀ ਪਟਿਆਲਾ ਰਾਜ ਦੀ ਸਰਕਾਰੀ ਭਾਸ਼ਾ ਚਲੀ ਆ ਰਹੀ ਸੀ ।" ਜਦੋਂ 1916/17 ਵਿਚ ਪੰਡਤ ਦਯਾ ਕ੍ਰਿਸ਼ਨ ਕੌਲ ਮਹਾਂ ਮੰਤਰੀ ਬਣਿਆਂ ਤਾਂ ਉਹ ਸਰਕਾਰ ਦੀ ਭਾਸ਼ਾ-ਨੀਤੀ ਵਿਚ ਤਬਦੀਲੀ ਲਿਆਉਣ ਦਾ ਚਾਹਵਾਨ ਸੀ ।ਉਸਨੇ ਪੰਜਾਬੀ ਦੇ ਥਾਂ ਤੇ ਅੰਗ੍ਰੇਜ਼ੀ ਅਤੇ ਉਰਦੂ ਦੀ ਵਰਤੋਂ ਕਰਨ ਦਾ ਹੁਕਮ ਦੇ ਦਿੱਤਾ ।ਪਰ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਹੀ ਮਹਾਰਾਜਾ ਪਟਿਆਲਾ ਨੇ ਪੰਜਾਬੀ ਭਾਸ਼ਾ ਨੂੰ ਸਰਕਾਰੀ ਜ਼ੁਬਾਨ ਦੇ ਤੌਰ ਤੇ ਵਰਤਣ ਦੇ ਮੁੜ ਹੁਕਮ ਜਾਰੀ ਕਰ ਦਿੱਤੇ ।ਇਹ ਸਿੰਘ ਸਭਾ ਪਟਿਆਲਾ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਸੀ ।" " 23

ਅੱਜ ਪੰਜਾਬੀ ਦੀ ਸਥਿਤੀ ਇਹ ਹੈ ਕਿ ਪੰਜਾਬੀ ਐਮ. ਏ. ਤਕ ਪੜ੍ਹਾਈ ਜਾਣ ਲਗ ਪਈ ਹੈ ।ਇਹ ਐਮ. ਏ. ਤਕ ਸਿਖਿਆ ਦਾ ਮਾਧਿਅਮ ਕਰਾਰ ਦੇ ਦਿੱਤੀ ਗਈ ਹੈ। ਇਸ ਦੇ ਨਾਂ ਤੇ 'ਪੰਜਾਬੀ ਯੂਨੀਵਰਸਿਟੀ' ਬਣੀ ਹੈ ।ਭਾਸ਼ਾ ਵਿਭਾਗ ਤਾਂ 1948-49 ਤੋਂ ਹੀ ਕੰਮ ਕਰਦਾ ਆ ਰਿਹਾ ਹੈ ।ਪੰਜਾਬ ਯੂਨੀਵਰਸਿਟੀ, ਐਗਰੀਕਲਚਰ ਯੂਨੀਵਰਸਿਟੀ ਅਤੇ ਗੁਰੂ ਨਾਨਕ ਯੂਨੀਵਰਸਿਟੀ ਵੀ ਇਸ ਪਾਸੇ ਢੇਰ ਕੰਮ ਕਰ ਰਹੀ ਹੈ ।

ਪੰਜਾਬੀ ਪੰਜਾਬ ਦੀ ਰਾਜਭਾਸ਼ਾ ਬਣ ਚੁੱਕੀ ਹੈ ।ਪੰਜਾਬ ਸਰਕਾਰ ਅਤੇ ਕੇਂਦਰੀ ਸਰਕਾਰ ਨੇ ਪੰਜਾਬੀ ਵਿਚ ਉਚ ਪੜ੍ਹਾਈ ਲਈ 'ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ' ਕਾਇਮ ਕਰ ਦਿੱਤਾ ਹੈ ।ਸਰਕਾਰੀ ਨੌਕਰੀਆਂ ਲਈ ਪੰਜਾਬੀ ਲਾਜ਼ਮੀ ਕਰਾਰ ਦੇ ਦਿੱਤੀ ਗਈ ਹੈ ਅਤੇ ਰਾਜ ਦਾ ਬਹੁਤ ਸਾਰਾ ਕੰਮ ਇਸ ਜ਼ੁਬਾਨ ਵਿਚ ਹੋਣ ਲਗ ਪਿਆ ਹੈ ।

---

22 ਉਹੀ ਸਫ਼ੇ 189-90

23. The Panjab, Past and Present, April, 1973 p.156.

ਲੋਕਾਂ ਵਿਚ ਆਪਣੀ ਬੋਲੀ ਦੀ ਤਰੱਕੀ ਦੀ ਚੇਤਨਾ ਜਾਗ ਪਈ ਹੈ ਅਤੇ ਹੁਣ ਇਹ ਸਿੱਖ ਧਾਰਮਿਕ ਮੰਡਲਾਂ ਵਿਚੋਂ ਨਿਕਲਕੇ ਪੰਜਾਬ ਦੇ ਸੈਕੂਲਰ ਮੰਡਲ ਦੀ ਭਾਸ਼ਾ ਬਣ ਗਈ ਹੈ ।

ਉਕਤ ਪ੍ਰਾਪਤੀਆਂ ਭਾਵੇਂ ਹੋਰ ਬਹੁਤ ਸਾਰੀਆਂ ਸ਼ਕਤੀਆਂ ਦੀ ਸਹਾਇਤਾ ਨਾਲ ਹਾਸਲ ਹੋਈਆਂ ਹਨ ਪਰ ਇਨ੍ਹਾਂ ਪ੍ਰਾਪਤੀਆਂ ਲਈ ਆਰੰਭਕ ਯਤਨ ਸਿਖ ਵਿਦਿਅਕ ਲਹਿਰ ਨੇ ਹੀ ਕੀਤੇ ਸਨ ।ਇਸ ਪੱਖੋਂ ਸਿਖ ਵਿਦਿਅਕ ਲਹਿਰ ਦੀ ਪੰਜਾਬੀ ਬੋਲੀ ਤੇ ਸਾਹਿਤ ਨੂੰ ਦੇਣ ਬਹੁਤ ਮਹਾਨ ਹੈ ।

## ਉਪਸੰਹਾਰ

ਸਿਖਾਂ ਨੂੰ ਨਿਆਰਾ ਰੂਪ ਦੇਣ ਦਾ ਕੰਮ ਗੁਰੂ ਨਾਨਕ ਤੋਂ ਸ਼ੁਰੂ ਹੋਕੇ ਗੁਰੂ ਗੋਬਿੰਦ ਸਿੰਘ ਤਕ ਪੂਰਾ ਹੋਇਆ । ਮਿਸਲਾਂ ਤੋਂ ਪਹਿਲਾਂ ਦੇ ਸਮੇਂ ਤਕ ਸਿਖ ਸਦਾਚਾਰ ਹਦੋਂ ਵਧ ਸਾਫ਼ ਤੇ ਸੁੱਚਾ ਸੀ ਪਰ ਮਿਸਲਾਂ ਸਮੇਂ ਤੇ ਉਸ ਤੋਂ ਪਿਛੋਂ ਰਣਜੀਤ ਸਿੰਘ ਦੇ ਜ਼ਮਾਨੇ ਵਿਚ ਇਹ ਆਮ ਜਾਗੀਰਦਾਰਾਂ ਵਾਂਗ ਸੌਤੇ ਐਬ ਸੁਰਈ ਬਣ ਗਏ ਨਾਲ ਹੀ ਬ੍ਰਾਹਮਣੀ ਰਸਮਾਂ ਦੇ ਧਾਰਨੀ ਹੋ ਗਏ ।

ਨਿਰੰਕਾਰੀਆਂ ਨੇ ਆਪਣੇ ਸਵਛ ਜੀਵਨ ਦੀ ਮਿਸਾਲ ਪੇਸ਼ ਕਰਕੇ ਸਿਖ ਧਰਮ ਚੋਂ ਰਲਾ ਕਢਣ ਦੀ ਕੋਸ਼ਿਸ਼ ਕੀਤੀ ਪਰ ਸਨਾਤਨੀ ਸਿਖਾਂ ਤੇ ਪੁਜਾਰੀਆਂ ਵਲੋਂ ਵਿਰੋਧ ਹੋਇਆ। ਇਨ੍ਹਾਂ ਅਨੰਦ ਵਿਆਹ ਦੀ ਰਸਮ ਨੂੰ ਮੁੜ ਚਾਲੂ ਕੀਤਾ ਤੇ ਨਾਮਧਾਰੀਆਂ ਨੇ ਇਸ ਛੋਹੇ ਕੰਮ ਨੂੰ ਆਪ ਸੰਭਾਲਿਆ । 17-18 ਜਨਵਰੀ 1872 ਨੂੰ ਅੰਗਰੇਜ਼ਾਂ ਨੇ 67 ਨਾਮਧਾਰੀਆਂ ਨੂੰ ਮਲੇਰਕੋਟਲੇ ਅਤਿ ਵਹਿਸ਼ਿਆਨਾ ਤਰੀਕੇ ਨਾਲ ਤੋਪਾਂ ਅਗੇ ਬੰਨ੍ਹ ਕੇ ਉੜਾ ਦਿਤਾ ।22 ਮਾਰਚ 1872 ਨੂੰ ਅੰਮ੍ਰਿਤਸਰ ਵਿਚ ਹੋਏ ਸ਼ਾਹੀ ਦਰਬਾਰ ਵਿਚ ਸਰਕਾਰ ਨੂੰ ਕੂਕਿਆਂ ਵਿਰੁਧ ਐਡਰੈਸ ਪੇਸ਼ ਕਰਨ ਵਾਲਿਆਂ ਵਿਚ ਠਾਕਰ ਸਿੰਘ ਸੰਧਾਂਵਾਲੀਆ ਸੀ ਜਿਹੜਾ 1873 ਵਿਚ ਬਣੀ ਪਹਿਲੀ ਸਿੰਘ ਸਭਾ ਅੰਮ੍ਰਿਤਸਰ ਦਾ ਮੋਢੀ ਪਰਧਾਨ ਬਣਿਆ ।

ਅੰਗਰੇਜ਼ ਨੂੰ ਪੰਜਾਬ ਹੜਪ ਕੀਤਿਆਂ ਅਜੇ ਇਕ ਦਹਾਕਾ ਵੀ ਨਹੀਂ ਸੀ ਹੋਇਆ ਕਿ ਉਹਨੇ 1857 ਦੇ ਗਦਰ ਵਿਚ ਸਿੱਖਾਂ ਨੂੰ ਧਰਮ ਦੇ ਨਾਂ ਤੇ ਖੂਬ ਵਰਤਿਆ ।ਇਸ ਗਦਰ ਵਿਚ ਸ. ਅਤਰ ਸਿੰਘ,ਸ. ਬਿਕ੍ਰਮ ਸਿੰਘ ਤੇ ਬਾਬਾ ਖੇਮ ਸਿੰਘ ਬੇਦੀ ਨੇ ਅੰਗਰੇਜ਼ ਦੀ ਵਧ ਤੋਂ ਵਧ ਮਦਦ ਕੀਤੀ ।ਇਹ ਤਿੰਨੇ ਵਿਅਕਤੀ ਸਿੰਘ ਸਭਾ ਲਹਿਰ ਦੇ ਮੋਢੀ ਬਣੇ ।

ਮਹਾਰਾਜਾ ਦਲੀਪ ਸਿੰਘ ਮੁੜਕੇ ਪੰਜਾਬ ਦਾ ਰਾਜ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਸੀ ।ਸ. ਅਤਰ ਸਿੰਘ ਦੀ ਸਲਾਹ ਤੇ ਅੰਗਰੇਜ਼ ਨੇ ਉਹਨੂੰ ਹਿੰਦ ਦੀ ਧਰਤੀ ਤੇ ਪੈਰ ਨਾ ਰੱਖਣ ਦਿਤੇ ।

ਕੂਕਿਆਂ ਤੇ ਕੀਤੇ ਵਹਿਸ਼ਿਆਨਾ ਜ਼ੁਲਮਾਂ ਅਤੇ ਮਹਾਰਾਜਾ ਦਲੀਪ ਸਿੰਘ ਵਲੋਂ ਸਿਖਾਂ ਦਾ ਧਿਆਨ ਹੋਰ ਪਾਸੇ ਕਰਨ ਲਈ 1873 ਵਿਚ ਪਹਿਲੀ ਸਿੰਘ ਸਭਾ ਹੋਂਦ ਵਿਚ ਆਈ,

ਇਹ ਇਸ ਦੇ ਬਣਨ ਦਾ ਮੁਖ ਕਾਰਨ ਹੈ । ਸਿੱਖਾਂ ਨੂੰ ਰਹਿਤ ਮਰਯਾਦਾ ਵਿਚ ਪੱਕਾ ਰਖ ਕੇ ਉਹਨੂੰ ਲੜਾਈ ਦੇ ਬਰੂਦ ਵਜੋਂ ਵਰਤਣ ਦਾ ਯਤਨ ਇਸ ਦੇ ਬਣਨ ਦਾ ਦੂਜਾ ਮੁਖ ਕਾਰਨ ਹੈ । ਉਠ ਰਹੀ ਸਿਖ ਬੁਰਜੁਆਜ਼ੀ ਦਾ ਆਪਣੇ ਫਿਰਕੇ ਦੀ ਗਿਣਤੀ ਅਨੁਸਾਰ ਅੰਗਰੇਜ਼ ਤੋਂ ਨੌਕਰੀਆਂ ਤੇ ਲੁੱਟ ਵਿਚ ਹਿੱਸਾ ਵੰਡਾਉਣ ਲਈ ਸੰਗਠਿਤ ਹੋਣਾ, ਇਹ ਵੀ ਇਸ ਦੇ ਬਣਨ ਦੇ ਮੁਖ ਕਾਰਨਾਂ ਚੋਂ ਹੈ । ਸ਼ਰਧਾ ਰਾਮ ਫਿਲੌਰੀ ਦਾ ਸਿਖ ਗੁਰੂਆਂ ਵਿਰੁਧ ਲੈਕਚਰ ਤੇ ਚਾਰ ਸਿਖ ਵਿਦਿਆਰਥੀਆਂ ਦੀ ਈਸਾਈ ਬਣਨ ਦੀ ਖਾਹਸ਼ ,ਇਹ ਦੋ ਸਹਾਈ ਕਾਰਨ ਹਨ ।

ਅੰਗਰੇਜ਼ਾਂ ਦੀ ਫਰਮਾਬਰਦਾਰੀ, ਸਿਖ ਧਰਮ ਦਾ ਪਰਚਾਰ, ਪੰਜਾਬੀ ਬੋਲੀ ਤੇ ਸਾਹਿਤ ਦਾ ਪਰਸਾਰ ਇਹਦੇ ਮੁੱਖ ਉਦੇਸ਼ ਸਨ। 1879 ਵਿਚ ਸਿੰਘ ਸਭਾ ਲਾਹੌਰ ਬਣੀ, 1880 ਤਕ ਬਹੁਤ ਸਾਰੀਆਂ ਸਿੰਘ ਸਭਾਵਾਂ ਬਣ ਗਈਆਂ ਤੇ ਇਹ ਇਕ ਲਹਿਰ ਦਾ ਰੂਪ ਧਾਰਨ ਕਰ ਗਈ । ਪਹਿਲਾਂ ਖਾਲਸਾ ਦੀਵਾਨ ਅੰਮ੍ਰਿਤਸਰ ਤੇ ਫਿਰ 1886 ਵਿਚ ਖਾਲਸਾ ਦੀਵਾਨ ਲਾਹੌਰ ਬਣਿਆ । ਜ਼ੁਰੂਡਮ ਦੇ ਸੁਆਲ ਤੇ ਆਪਸੀ ਝਗੜੇ ਹੋਏ ਤੇ ਲਹਿਰ ਨੂੰ ਨੁਕਸਾਨ ਪਹੁੰਚਿਆ । 1902 ਵਿਚ ਚੀਫ ਖਾਲਸਾ ਦੀਵਾਨ ਬਣਿਆ । 1914 ਵਿਚ ਕਾਮਾ ਗਾਟਾ ਮਾਰੂ ਤੇ 1915 ਵਿਚ ਤੋਸਾ ਮਾਰੂ ਜਹਾਜ਼ ਦੇ ਮੁਸਾਫਰਾਂ ਅਤੇ 1919 ਵਿਚ ਜਲ੍ਹਿਆਂ ਵਾਲੇ ਬਾਗ਼ ਵਿਚ ਕੀਤੇ ਜ਼ੁਲਮਾਂ ਦੇ ਸਬੰਧ ਵਿਚ ਚੀਫ ਖ਼ਾਲਸਾ ਦੀਵਾਨ ਨੇ ਸਰਕਾਰ ਦਾ ਸਾਥ ਦਿਤਾ । 1906 ਤੋਂ ਸਿੰਘ ਸਭਾ ਲਹਿਰ, ਦੀਵਾਨ ਲਹਿਰ ਬਣ ਗਈ ਤੇ 1920 ਵਿਚ ਅਕਾਲੀਆਂ ਨੇ ਚੀਫੀਆਂ ਨੂੰ ਜਨਤਕ ਪਿੜ ਚੋਂ ਕਢ ਕੇ ਇਸ ਦੀਵਾਨ ਲਹਿਰ -ਸਿੰਘ ਸਭਾ ਲਹਿਰ ਦਾ ਲਹਿਰ ਦੇ ਤੌਰ ਤੇ ਭੋਗ ਪਾ ਦਿਤਾ ।

ਸਿੰਘ ਸਭਾ ਲਹਿਰ ਤੋਂ ਪਹਿਲਾਂ ਪੰਜਾਬੀ ਕਵਿਤਾ ਕਿਤੇ ਕਿਤੇ ਬੈਂਤ ਬਾਜ਼ਾਂ ਦੇ ਅਖਾੜਿਆਂ ਵਿਚ ਜੀਉਂਦੀ ਸੀ ਜਾਂ ਕਿੱਸਿਆਂ ਦੇ ਰੂਪ ਵਿਚ ਸਾਹ ਪਈ ਲੈਂਦੀ ਸੀ, ਪੰਜਾਬੀ ਲਿਖਾਰੀ ਖਾਸ ਕਰਕੇ ਸਿਖ ਬ੍ਰਿਜ ਭਾਸ਼ਾ ਵਿਚ ਕਵਿਤਾ ਲਿਖਦੇ ਸਨ ।

ਈਸਾਈ ਮਿਸ਼ਨਰੀਆਂ ਵਲੋਂ ਕਰਾਏ ਗਏ ਬਾਈਬਲ ਦੇ ਅਨੁਵਾਦ ਤੇ ਪਛਮੀ ਸਭਿਤਾ ਕਾਰਨ ਹੋ ਰਹੀਆਂ ਸਮਾਜਕ ਤਬਦੀਲੀਆਂ ਨੇ ਵਾਰਤਕ ਦੇ ਵਿਕਾਸ ਲਈ ਪਿੜ ਖੁਲ੍ਹਾ ਕਰ ਦਿਤਾ ਸੀ ।

ਅੰਗਰੇਜ਼ ਸਰਕਾਰ ਨੇ ਹਿੰਦੂਆਂ, ਸਿਖਾਂ, ਮੁਸਲਮਾਨਾਂ ਨੂੰ ਧਰਮ ਦੇ ਨਾਂ ਤੇ ਇਕ ਦੂਜੇ

ਦੇ ਗਲ ਪੁਆ ਦਿਤਾ ।1877 ਵਿਚ ਸੁਆਮੀ ਦਯਾ ਨੰਦ ਦੇ ਪੰਜਾਬ ਆਉਣ ਸਮੇਂ ਇਹ ਸੰਬੰਧ ਬੜੇ ਚੰਗੇ ਸਨ ਪਰ ਉਸ ਤੋਂ ਪਿਛੋਂ ਇਹ ਵਿਗੜਦੇ ਹੀ ਗਏ ।

ਆਪਣੇ ਧਰਮ ਦਾ ਪਰਚਾਰ ਕਰਨ,ਦੂਜਿਆਂ ਧਰਮਾਂ ਨੂੰ ਨਿੰਦਨ,ਦੂਜਿਆਂ ਵਲੋਂ ਆਪਣੇ ਧਰਮ ਤੇ ਹੋਏ ਹਮਲਿਆਂ ਦਾ ਜਵਾਬ ਦੇਣ ਅਤੇ ਆਪਸੀ ਧਾਰਮਿਕ ਝਗੜਿਆਂ ਦੇ ਸਬੰਧ ਵਿਚ ਬਹੁਤ ਸਾਰਾ ਵਾਦ-ਵਿਵਾਦੀ ਸਾਹਿਤ ਰਚਿਆ ਗਿਆ, ਜਿਸ ਦੇ ਨਤੀਜੇ ਵਜੋਂ ਪੰਜਾਬੀ ਵਾਰਤਕ ,ਬੜੀ ਤੇਜ਼ੀ ਨਾਲ ਵਿਕਸਤ ਹੋਈ ।

ਸਿਖ ਧਰਮ ਵਿਚ ਆਈਆਂ ਅਨਮਤੀ ਰਸਮਾਂ ਕਢਣ,ਸਿਖ ਧਰਮ ਦਾ ਪਰਚਾਰ ਕਰਨ,ਸਿਖ ਇਤਿਹਾਸ ਨੂੰ ਲੋਕਾਂ ਤਕ ਪੁਚਾਉਣ ਲਈ ਸਾਹਿਤ ਰਚਨਾ ਹੁੰਦੀ ਰਹੀ,ਸਿਖਾਂ ਦੇ ਦਿਲਾਂ ਵਿਚ ਗੁਰਬਾਣੀ ਨਾਲ ਪਿਆਰ ਪੈਦਾ ਕਰਨ ਲਈ ਗੁਰਬਾਣੀ ਦੇ ਟੀਕੇ ਤਿਆਰ ਕੀਤੇ ਤੇ ਇਨ੍ਹਾਂ ਦੀ ਬੜੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਗਈ ,ਗੁਰੂ ਨਾਨਕ ਦੀ ਜਨਮ ਸਾਖੀ ਨੇ ਸੰਪਾਦਨ ਨਾਲ ਸਾਹਿਤ-ਸੰਪਾਦਨਾ ਦੀ ਪਰਪਾਟੀ ਨੂੰ ਅਗੇ ਤੋਰਿਆ ਗਿਆ , ਸਮਾਜ ਸੁਧਾਰ ਲਈ ਬਹੁਤ ਸਾਹਿਤ ਰਚਿਆ ਗਿਆ ਤੇ ਇਸਤਰੀ ਦੀ ਹਾਲਤ ਸੁਧਾਰਨ ਤੇ ਬਹੁਤ ਜ਼ੋਰ ਦਿਤਾ ਗਿਆ ।ਗਿਆਨ-ਮਈ ਸਾਹਿਤ ਦੇ ਵਿਚ ਭਾਈ ਕਾਨ੍ਹ ਸਿੰਘ ਨਾਭਾ,ਗਿਆਨੀ ਦਿਤ ਸਿੰਘ,ਭਾਈ ਮੋਹਨ ਸਿੰਘ ਵੈਦ,ਗਿਆਨੀ ਸਰਦੂਲ ਸਿੰਘ ਆਦਿ ਬਹੁਤ ਸਾਰੇ ਲਿਖਾਰੀਆਂ ਨੇ ਹਿੱਸਾ ਪਾਇਆ ।ਪੰਜਾਬੀ ਪੱਤਰਾਂ,ਟ੍ਰੈਕਟਾਂ,ਤੇ ਪੈਂਫਲਟਾਂ ਵਿਚ ਧਰਮ ਸੰਬੰਧੀ ਕਈ ਲੇਖ ਛਪਦੇ ਰਹੇ,ਬਾਣੀ ਦੀ ਵਿਆਖਿਆ ਵੀ ਹੁੰਦੀ ਰਹੀ,ਤੇ ਸਮਾਜ ਸੁਧਾਰ ਦਾ ਉਦੇਸ਼ ਵੀ ਪੂਰਾ ਕੀਤਾ ਜਾਂਦਾ ਰਿਹਾ ,ਗਿਆਨ ਮਈ ਸਾਹਿਤ ਨਾਲ ਕਵਿਤਾ ਦਾ ਪਧਰ ਤਾਂ ਉਚਾ ਨਾ ਹੋਇਆ ਪਰ ਵਾਰਤਕ ਨੇ ਕਾਫੀ ਤਰੱਕੀ ਕੀਤੀ ।

ਸਿਖੀ ਪਰਚਾਰ ਦੇ ਆਸ਼ੇ ਨੂੰ ਮੁਖ ਰਖ ਕੇ ਭਾਈ ਵੀਰ ਸਿੰਘ ਨੇ ਨਾਵਲ, ਨਾਟਕ,ਮਹਾਂਕਾਵਿ,ਜੀਵਨੀਆਂ ਤੇ ਕਵਿਤਾ ਰਚੀ ।ਸ਼ਹੀਦ ਤੇ ਗਿਆਨੀ ਗਿਆਨ ਸਿੰਘ ਨੇ ਵੀ ਸਿਖ ਧਰਮ ਦੇ ਪਰਚਾਰ ਲਈ ਗਲਪ ਸਾਹਿਤ ਦੀ ਵਰਤੋਂ ਕੀਤੀ ।ਪਰਚਾਰ ਦਾ ਆਸ਼ਾ ਭਾਰੂ ਹੋਣ ਕਰਕੇ ਇਹ ਨਾਵਲ ਤਕਨੀਕੀ ਤੌਰ ਤੇ ਕਾਫੀ ਕਮਜ਼ੋਰ ਹਨ,ਸਿਖ ਧਰਮ ਨੂੰ ਈਸਾਈ ਮੱਤ ਤੋਂ ਬਚਾਣ ਲਈ ਭਾਈ ਮੋਹਨ ਸਿੰਘ ਵੈਦ ਨੇ 'ਇਸਤਰੀਆਂ ਦੀ ਆਜ਼ਾਦੀ' ਤੇ ਸੁਖਦੇਵ ਕੌਰ' ਨਾਵਲ ਲਿਖੇ । ਇਹ ਨਾਵਲ ਵੀ ਤਕਨੀਕੀ ਪੱਖੋਂ ਕਮਜ਼ੋਰ ਹਨ।ਭਾਈ

ਸੁੰਦਰ ਸਿੰਘ ਮਜੀਠੀਆ ਤੇ ਅਰੂੜ ਸਿੰਘ ਤਾਇਬ ਨੇ 'ਸ੍ਰੀ ਗੁਰੂ ਨਾਨਕ ਸੁਖ ਮੰਡਲ' ਤੇ 'ਦੇਵੀ ਮਾਤਾ ਯਾ ਚੋਰ ਸਾਧੂ' ਵਿਚ ਗਲਪ ਦੇ ਰੂਪ ਵਿਚ ਸਿਖੀ ਧਰਮ ਦਾ ਪਰਚਾਰ ਕੀਤਾ ।

ਭਾਈ ਵੀਰ ਸਿੰਘ ਨੇ 'ਗੁਰੂ ਨਾਨਕ ਚਮਤਕਾਰ' 'ਕਲਗੀ ਧਰ ਚਮਤਕਾਰ' ਤੇ ' ਅਸ਼ਟਗੁਰੂ ਚਮਤਕਾਰ' ਲਿਖ ਕੇ ਜੀਵਨੀ ਸਾਹਿਤ ਨੂੰ ਸਿਖਰ ਤੇ ਪੁਚਾਇਆ ।ਗਿਆਨੀ ਦਿੱਤ ਸਿੰਘ ਨੇ ਵੀ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਕਵਿਤਾ ਤੇ ਵਾਰਤਕ ਵਿਚ ਲਿਖੀਆਂ ਪਰ ਉਨ੍ਹਾਂ ਦਾ ਪੱਧਰ ਕੋਈ ਉਚੱਾ ਨਹੀਂ ।

ਭਾਈ ਵੀਰ ਸਿੰਘ ਨੇ 'ਰਾਜਾ ਲਖਦਾਤਾ ਸਿੰਘ'ਰਾਹੀਂ ਸਿਖਾਂ ਦੇ ਸੁਧਾਰ ਦਾ ਯਤਨ ਕੀਤਾ ।ਗਿਆਨੀ ਦਿੱਤ ਸਿੰਘ ਦਾ ਸੁਖਨ ਨਾਟਕ,ਅਸਲ ਵਿਚ ਸਿਰਫ ਨਾਂ ਦਾ ਹੀ ਨਾਟਕ ਹੈ । ਭਾਈ ਮੋਹਨ ਸਿੰਘ ਵੈਦ ਨੇ 'ਅਸੀਂ ਤਾਂ ਭੁਲੇ ' ਹੀ ਰਹੇ ਨਾਟਕ ਲਿਖਿਆ ।

ਭਾਈ ਵੀਰ ਸਿੰਘ ਨੇ ਰਾਣਾ ਸੂਰਤ ਸਿੰਘ,ਲਹਿਰਾਂ ਦੇ ਹਾਰ,ਮਟਕ ਹੁਲਾਰੇ ਆਦਿ ਕਈ ਕਵਿਤਾ ਸੰਗ੍ਰਹਿਾਂ ਰਾਹੀਂ ਜਿਥੇ ਗੁਰਮਤ ਦਾ ਪਰਚਾਰ ਕੀਤਾ,ਉਥੇ ਪੰਜਾਬੀ ਕਵਿਤਾ ਨੂੰ ਹਰ ਤਰ੍ਹਾਂ ਨਾਲ ਆਧੁਨਿਕ ਰੂਪ ਪਰਦਾਨ ਕੀਤਾ ।

ਸਿੰਘ ਸਭਾ ਲਹਿਰ ਦੇ ਅਸਰ ਹੇਠ ਕਈ ਸਕੂਲ ਖੋਹਲੇ ਗਏ,ਤੇ ਖਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਇਹਦੀ ਇੱਕ ਮਹਾਨ ਪਰਾਪਤੀ ਹੈ,ਪੰਜਾਬੀ ਬੋਲੀ ਵਿਚ ਪਾਠ ਪੁਸਤਕਾਂ ਰਚੀਆਂ ਗਈਆਂ ।ਸਿਖ ਵਿਦਿਅਕ ਕਾਨਫਰੰਸਾਂ ਰਾਹੀਂ ਪੰਜਾਬੀ ਨੂੰ ਸਰਕਾਰੇ ਦਰਬਾਰੇ ਯੋਗ ਸਥਾਨ ਦੁਆਉਣ ਲਈ ਯਤਨ ਹੁੰਦੇ ਰਹੇ ਤੇ ਪੰਜਾਬੀ ਬੋਲੀ ਤੇ ਸਾਹਿਤ ਦੀ ਉਨਤੀ ਲਈ ਕਈ ਕਦਮ ਚੁਕੇ ਗਏ ।ਇਸ ਤਰਾਂ ਸਿੰਘ ਸਭਾ ਲਹਿਰ ਦੇ ਉਦੇਸ਼ਾਂ ਦੀ ਪੂਰਤੀ ਲਈ ਕੰਮ ਜਾਰੀ ਹੈ ।

## ਪੁਸਤਕ ਸੂਚੀ


| | ਪੁਸਤਕ ਦਾ ਨਾਂ | ਲੇਖਕ ਅਤੇ ਪਰਕਾਸ਼ਕ/ਪ੍ਰਕਾਸ਼ਨ |
|---|---|---|
| 1. | ਕਾਵਿ ਅਧਿਐਨ | ਅਤਰ ਸਿੰਘ<br>ਲਾਹੌਰ ਬੁਕ ਸ਼ਾਪ, ਲੁਧਿਆਣਾ,<br>1962 ਪਹਿਲੀ ਛਾਪ |
| 2. | ਪੰਜਾਬੀ ਜ਼ੁਬਾਨ ਦਾ ਅਦਬ ਤੇ ਤਾਰੀਖ<br>(ਉਰਦੂ ਅੱਖਰ) | ਅਬਦੁਲ ਗ਼ਫੂਰ ਕੁਰੈਸ਼ੀ<br>ਲਾਹੌਰ,<br>1956, ਪਹਿਲੀ ਛਾਪ । |
| 3. | ਗੁਰ ਸਿਖ ਜੀਵਨ | ਅਮਰ ਸਿੰਘ ਗਿਆਨੀ<br>ਗੁਲਾਬ ਜਨਰਲ ਸਟੋਰ, ਅੰਮ੍ਰਿਤਸਰ,<br>ਮਈ, 1962, ਪਹਿਲੀ ਵਾਰ । |
| 4. | ਖਾਲਸਾ ਧਰਮ ਸ਼ਾਸ਼ਤ੍ਰ | ਅਵਤਾਰ ਸਿੰਘ<br>ਸ੍ਰੀ ਗੁਰਮਤ ਪ੍ਰਕਾਸ਼ਨ<br>ਸੰਮਤ ਨ: 425 |
| 5. | ਗੁਰਦਰਸ਼ਨ ਸ਼ਾਸਤ੍ਰ | ਅਵਤਾਰ ਸਿੰਘ<br>ਪਹਿਲੀ ਵਾਰ 1916 |
| 6. | ਪੰਜਾਬੀ ਸਾਹਿੱਤ ਦੇ ਉਸਰਈਏ, | ~~ਅੰਮ੍ਰਿਤਸਰ~~ ਅਵਤਾਰ ਸਿੰਘ ਆਜ਼ਾਦ -<br>ਅੰਮ੍ਰਿਤਸਰ,<br>1951, ਪਹਿਲੀ ਛਾਪ ; |
| 7. | ਖਾਲਸਾ ਸੁਧਾਰ ਸੂਰੂ ਦੀ ਛੇਵੀਂ ਸੈਂਚੀ | ਅਵਤਾਰ ਸਿੰਘ ਸੰਤ ਖਾਲਸਾਭਾਈ<br>ਪ੍ਰਥਮ ਵਾਰ ਸਫੇ 228;<br>ਮਿਤੀ ਕੋਈ ਨਹੀਂ । |
| 8. | ਖਾਲਸਾ ਸੁਧਾਰ ਸੂਰੂ ਦੀ ਪਹਿਲੀ ਸੈਂਚੀ | ਅਵਤਾਰ ਸਿੰਘ ਸੰਤ ਖਾਲਸਾ ਭਾਈ ਜਥੇਦਾਰ ਚਲਦਾ ਖਾਲਸਾ ਵਹੀਰ (ਮਾਰਫਤ)<br>ਗੁਰਮਤ ਪ੍ਰਕਾਸ਼ਨ, ਮਿਤੀ ਕੋਈ ਨਹੀਂ (ਪ੍ਰਿਥਮ ਵਾਰ) |
| 9. | ਸਿਖ ਖਾਲਸਾ ਧਰਮ ਸਿਧਾਂਤ | ਅਵਤਾਰ ਸਿੰਘ ਜਥੇਦਾਰ ਚਲਦਾ ਖਾਲਸਾ ਵਹੀਰ,<br>ਸੰਨ 1903 ਈਸਵੀ । |

10. ਖਾਲਸਾ ਸੁਧਾਰ ਤੇਜ — ~~ਭਾਈ~~ ਅਵਤਾਰ ਸਿੰਘ ਭਾਈ
ਚਲਦਾ ਖਾਲਸਾ ਵਹੀਰ, ਸ੍ਰੀ ਗੁਰਮਤ ਪ੍ਰਕਾਸ਼ਨ ਜਥੇਦਾਰ
ਮਿਤੀ ਨਹੀਂ ।

11. ਦਲੇਰ ਕੌਰ — ਐਸ ਐਸ. ਚਰਨ ਸਿੰਘ 'ਸ਼ਹੀਦ'
ਭਾਈ ਚਤਰ ਸਿੰਘ ਜੀਵਨ ਸਿੰਘ ਮਾਈ ਸੇਵਾਂ ਬਜ਼ਾਰ,
ਅੰਮ੍ਰਿਤਸਰ।
1970 (ਸਤਾਰਵੀਂ ਵਾਰ )

12. ਦੋ ਵੌਟੀਆਂ — ਐਸ. ਐਸ. ਚਰਨ ਸਿੰਘ 'ਸ਼ਹੀਦ'
ਭਾਈ ਚਤਰ ਸਿੰਘ ਜੀਵਨ ਸਿੰਘ ਮਾਈ ਸੇਵਾਂ ਬਜ਼ਾਰ,
ਅੰਮ੍ਰਿਤਸਰ ;
ਅਪ੍ਰੈਲ, 1954 ;

13. ਰਣਜੀਤ ਕੌਰ — ਐਸ. ਐਸ. ਚਰਨ ਸਿੰਘ 'ਸ਼ਹੀਦ'
ਭਾਈ ਚਤਰ ਸਿੰਘ ~~ਸਿੰਘ~~ ਜੀਵਨਸਿੰਘ ਬਾਜ਼ਾਰ ਮਾਈ ਸੇਵਾਂ
ਅੰਮ੍ਰਿਤਸਰ ;
20 ਨਵੰਬਰ, 1913 ।

14. ਗ੍ਰਿਹਸਤ ਦੀ ਬੇੜੀ — ਐਸ.ਐਸ. ਚਰਨ ਸਿੰਘ 'ਸ਼ਹੀਦ'
ਭਾਈ ਚਤਰ ਸਿੰਘ ਜੀਵਨ ਸਿੰਘ ਮਾਈ ਸੇਵਾਂ ਬਜ਼ਾਰ,
ਅੰਮ੍ਰਿਤਸਰ ।

15. ਪ੍ਰੋ: ਪੂਰਨ ਸਿੰਘ (ਜੀਵਨ ਤੇ ਰਚਨਾਵਾਂ) — ਈਸ਼ਰ ਸਿੰਘ ਅਟਾਰੀ (ਸੰਪਾਦਕ)
ਪੰ: ਸਾ: ਸ. ਬੋਰਡ, ਜਲੰਧਰ,
1964 ਪਹਿਲੀ ਛਾਪ ।

16. ਪਿਆਰੇ ਪੰਥ ਗੁਰੂ ਵਲ ਇਕ ਭੈਣ ਦਾ ਸਨੇਹਾ — ਈਸ਼ਵਰ ਸਿੰਘ ਸੰਤ -ਸਿੱਖ ਮਿਸ਼ਨਰੀ (ਸਿਖ ਕੰਨਯਾ ਮਹਾਂ ਵਿਦਯਾਲਯ ਫਿਰੋਜ਼ਪੁਰ)
ਦੂਸਰੀ ਸਿਖ ਐਜੂਕੇਸ਼ਨਲ ਕਾਨਫਰੰਸ (ਲਾਹੌਰ)
ਮਿਤੀ ਨਹੀਂ ।

17. ਪੰਜਾਬ ਦਾ ਰਤਨ (ਬਾਬਾ ਖੇਮ ਸਿੰਘ ਬੇਦੀ) — ਈਸ਼ਰ ਸਿੰਘ ਨਾਰਾ (ਗਿਆਨੀ)
ਦੇਹਲੀ ਗੇਟ, ਦੇਹਲੀ 6,
ਅਪ੍ਰੈਲ 1972 ।

| | | |
|---|---|---|
| 18. | ਵਸਾਖ ਨਹੀਂ- ਕਤਕ (ਗੁਰੂ ਨਾਨਕ ਅਵਤਾਰ) | ਈਸ਼ੂਰ ਸਿੰਘ ਨਾਰਾ ਗਿਆਨੀ<br>ਦੇਹਲੀ ਗੇਟ ਬਜ਼ਾਰ, ਦਿਲੀ- 6 ;<br>ਅਕਤੂਬਰ, 1970 । |
| 19. | ਸ੍ਰੀ ਕ੍ਰਿਸ਼ਨ ਭਗਵਾਨ ਤੇ ਕਲਗੀਧਰ (ਗੁਰੂ ਗੋਬਿੰਦ ਸਿੰਘ ਜੀ) | ਈਸ਼ੂਰ ਸਿੰਘ ਨਾਰਾ ਗਿਆਨੀ<br>ਨਾਰਾ ਪਬਲੀਕੇਸ਼ਨਜ਼, ਦੇਹਲੀ ਗੇਟ ਬਜ਼ਾਰ, ਦਿੱਲੀ-6;<br>ਮਾਰਚ 1974 ; |
| 20. | ਪੰਜਾਬੀ ਸਾਹਿੱਤ ਵਿਚਾਰ | ਸ.ਸ. ਅਮੋਲ<br>ਧਨਪਤ ਰਾਇ ਐਂਡ ਸਨਜ਼, ਜਲੰਧਰ,<br>1962 ਪਹਿਲੀ ਛਾਪ । |
| 21. | ਭਾਈ ਮੋਹਨ ਸਿੰਘ ਵੈਦ | ਸ. ਸ. ਅਮੋਲ<br>ਮਾਲਿਕ ਪੈਮੀ ਪ੍ਰਿੰਟਿੰਗ ਪ੍ਰੈਸ, ਪਟਿਆਲਾ<br>16 ਮਈ, 1969 ; |
| 22. | ਛੂਤ ਛਾਤ ਵਿਰੁਧ ਜਥੇਬੰਦ ਯਤਨ | ਸਕਤ੍ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀਅੰਮ੍ਰਿਤਸਰ<br>ਮਿਤੀ ਅਗਸਤ, 1950 |
| 23. | ਪੰਜਾਬੀ ਪੱਤਰ ਕਲਾ | ਸ਼ਮਸ਼ੇਰ ਸਿੰਘ ਅਸ਼ੋਕ<br>ਭਾਸ਼ਾ ਵਿਭਾਗ, ਪਟਿਆਲਾ । |
| 24. | ਪੰਜਾਬ ਦੀਆਂ ਲਹਿਰਾਂ | ਸ਼ਮਸ਼ੇਰ ਸਿੰਘ ਅਸ਼ੋਕ<br>ਨਿਆਮਤਪੁਰੀ, 1954 । |
| 25. | ਪੰਜਾਬੀ ਬੋਲੀ ਦਾ ਇਤਿਹਾਸ | ਸੰਤ ਸਿੰਘ ਸੇਖੋ,<br>ਭਾਸ਼ਾ ਵਿਭਾਗ, ਪਟਿਆਲਾ 1961 । |
| 26. | ਪੰਜਾਬੀ ਕਾਵਿ ਸ਼੍ਰੋਮਣੀ | ਸੰਤ ਸਿੰਘ ਸੇਖੋਂ<br>ਲੁਧਿਆਣਾ 1964 । |
| 27. | ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁਗ, | ਸੰਤ ਸਿੰਘ ਸੇਖੋਂ<br>ਲਾਹੌਰ ਬੁਕ ਸ਼ਾਪ, ਲੁਧਿਆਣਾ,<br>1962, ਪਹਿਲੀ ਛਾਪ । |
| 28. | ਸਾਹਿਤਿਆਰਥ | ਸੰਤ ਸਿੰਘ ਸੇਖੋਂ<br>ਲਾਹੌਰ ਬੁਕ ਸ਼ਾਪ, ਲੁਧਿਆਣਾ<br>1957 ਪਹਿਲੀ ਛਾਪ । |

| | | |
|---|---|---|
| 29. | ਕੀਹ ਸਿੱਖ ਬੁੱਤਪ੍ਰਸਤ ਹਨ? | ਸੰਪੂਰਣ ਸਿੰਘ ਸੰਤ<br>ਸਰਦਾਰ ਮੇਹਰ ਸਿੰਘ ਚਾਵਲਾ ਲਾਹੌਰ (ਛਾਪਕ) |
| 30. | ਸਾਹਿੱਤ ਸਮਾਚਾਰ (ਉਪਨਿਆਸਕਾਰ ਅੰਕ) | ਸਾਹਿੱਤ ਸਮਾਚਾਰ<br>ਲਾਹੌਰ ਬੁਕ ਸ਼ਾਪ ਲੁਧਿਆਣਾ<br>ਜੁਲਾਈ-ਦਸੰਬਰ 1961 । |
| 31. | ਭਾਈ ਵੀਰ ਸਿੰਘ ਅੰਕ | ਸਾਹਿਤ ਸਮਾਚਾਰ,<br>ਲੁਧਿਆਣਾ ,1956 । |
| 32. | ਆਦ ਬੀੜ ਬਾਰੇ | ਸਾਹਿਬ ਸਿੰਘ ਪ੍ਰੋਫੈਸਰ<br>ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ<br>ਫਰਵਰੀ, 1970 |
| 33. | ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸਵੀਂ ਪੋਥੀ) | ਸਾਹਿਬ ਸਿੰਘ ਪ੍ਰੋਫੈਸਰ (ਟੀਕਾਕਾਰ)<br>ਰਾਜ ਪਬਲਿਸ਼ਰਜ਼, (ਰਜਿਸਟਰਡ ) |
| 34. | ਸਿਖ ਹੌਂਡ ਬਿਲ | ਸਿਖ ਹੌਂਡ ਬਿਲ ਕਮੇਟੀ ਲਾਹੌਰ,<br>ਸਿਖ ਹੌਂਡ ਬਿਲ ਕਮੇਟੀ ਨੇ ਛਪਵਾਯਾ<br>ਮਿਤੀ ਕੋਈ ਨਹੀਂ । |
| 35. | ਸਿੰਘ ਸਭਾ ਪਤ੍ਰਿਕਾ , | ਸਿਖ ਵਿਦਿਅਕ ਸੈਮੀਨਾਰ, ਅੰਮ੍ਰਿਤਸਰ ।<br>ਮਾਰਚ 1974, |
| 36. | ਸਿੰਘ ਸਭਾ ਪਤ੍ਰਿਕਾ | ਅੰਮ੍ਰਿਤਸਰ,<br>ਅਪ੍ਰੈਲ 1974 |
| 37. | ਸਿੰਘ ਸਭਾ ਪਤ੍ਰਿਕਾ, | ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਅੰਮ੍ਰਿਤਸਰ,<br>ਜਨਵਰੀ, 1974 ; |
| 38. | ਸਿੰਘ ਸਭਾ ਪਤ੍ਰਿਕਾ, | ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਅੰਮ੍ਰਿਤਸਰ।<br>ਮਈ, 1974 । |
| 39. | ਸਿੰਘ ਸਭਾ ਪਤ੍ਰਿਕਾ (ਦੰਭ ਵਿਦਾਰਨ ਅੰਕ) | ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਅੰਮ੍ਰਿਤਸਰ । |
| 40. | ਸਿੰਘ ਸਭਾ ਪਤ੍ਰਿਕਾ (ਸਿਖ ਵਿਦਿਅਕ ਸੈਮੀਨਾਰ) | ਸਿਖ ਵਿਦਿਅਕ ਸੈਮੀਨਾਰ ਚੰਡੀਗੜ੍ਹ ।<br>20 ਜਨਵਰੀ ,1974 । |

| | | |
|---|---|---|
| 41. | ਸਿੰਘ ਸਭਾ ਪਤ੍ਰਿਕਾ | ਸਿੰਘ ਸਭਾ ਸ਼ਤਾਬਦੀ ਕਮੇਟੀ<br>ਅੰਮ੍ਰਿਤਸਰ,<br>ਨਵੰਬਰ-ਦਿਸੰਬਰ, 1973 । |
| 42. | ਅਸੀਂ ਸਿੱਖ ਹਾਂ | ਸਿੰਘ ਸਭਾ ਸ਼ਤਾਬਦੀ ਕਮੇਟੀ,<br>ਗੁਰਦੁਆਰਾ ਰਕਾਬ ਗੰਜ, ਨਵੀਂ ਦਿਲੀ<br>(ਟਰੈਕਟ ਨੰ: 9) |
| 43. | ਪ੍ਰਤਗਯਾ ਪਾਲਨ | ਸ਼ਿਵ ਦਾਸ ਮਹਾਤਮਾ<br>ਸੰਮਤ 1953 । |
| 44. | ਪੰਜਾਬੀ ਸੂਰਮਾ ਨੰ: 3. 4. | ਸਿੱਵ ਬ੍ਰਤ ਲਾਲ ਬਾਬੂ ਜੀ ਐਮ. ਏ<br>15 ਅਕਤੂਬਰ 1910, 15 ਨਵੰਬਰ 1910 । |
| 45. | ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ | ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ<br>ਅਕਤੂਬਰ 1973, ਪਟਿਆਲਾ । |
| 46. | ਸੰਬੋਧ ਪਤ੍ਰ ਅਰਥਾਤ ਖਾਲਸਾ ਸਮਾਚਾਰ ਦੇ ਐਡੀਟਰ ਜੀ ਦੇ ਰਾਗਮਾਲਾ ਸਬੰਧੀ ਭੁਲੇਖਾਂ ਤੇ -ਅਰੰਭਕ ਉਤ੍ਰਾਂ ਵਿਚੋਂ ਮੂਲਕਾਰਣ ਪ੍ਰਕਾਸ਼ਕ ਪ੍ਰਿਥਮ ਉਤ੍ਰ । | ਸ੍ਰੀ ਗੁਰੂ ਸਿੰਘ ਸਭਾ ਭਸੌੜ<br>ਗੁਰਮਤ ਪ੍ਰੈਸ, ਅੰਮ੍ਰਿਤਸਰ ।<br>ਅਕਤੂਸਰ 1917 ਪਹਿਲੀ ਵਾਰ । |
| 47. | ਕੀ ਖਾਲਸਾ ਕਾਲਜ ਸਿਖਾਂ ਦਾ ਹੈ ? | ਸੁੰਦਰ ਸਿੰਘ ਮਾਸਟਰ ਲਾਇਲਪੁਰੀ<br>ਜੁਲਾਈ 1909 ਈ: ਪਹਿਲੀ ਵਾਰ |
| 48. | ਕਵੀ ਚਾਤ੍ਰਿਕ | ਸੁਰਜੀਤ ਸਿੰਘ ਸੇਠੀ,<br>ਅੰਮ੍ਰਿਤਸਰ, 1955 |
| 49. | ਪੰਜਾਬੀ ਇਤਿਹਾਸਕ ਨਾਵਲ | ਸੁਰਿੰਦਰ ਸਿੰਘ ਦੁਸਾਂਝ, ਡਾਕਟਰ,<br>ਸਿਰਜਨ ਪ੍ਰੈਸ, ਲੁਧਿਆਣਾ<br>ਦਸੰਬਰ, 1969- ਪਹਿਲੀ ਛਾਪ । |
| 50. | ਪੰਜਾਬੀ ਸਾਹਿਤ (1701-1850 ਈ: ਤਕ) | ਸੁਰਿੰਦਰ ਸਿੰਘ ਕੋਹਲੀ, ਡਾਕਟਰ<br>ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ, ਚੰਡੀਗੜ੍ਹ<br>1962-ਪਹਿਲੀ ਛਾਪ । |
| 51. | ਲਾਲਾ ਕਿਰਪਾ ਸਾਗਰ ਤੇ ਉਨ੍ਹਾਂ ਦੀ ਕਵਿਤਾ | ਸੁਰਿੰਦਰ ਸਿੰਘ ਕੋਹਲੀ, ਡਾਕਟਰ<br>ਲਾਹੌਰ ਬੁਕ ਸ਼ਾਪ, ਲੁਧਿਆਣਾ<br>ਤਾਰੀਖ ਨਹੀਂ ਛਪੀ, ਪਹਿਲੀ ਛਾਪ । |

52. ਪੰਜਾਬ ਦੀਆਂ ਪ੍ਰੀਤ ਕਹਾਣੀਆਂ — ਸੁਰਿੰਦਰ ਸਿੰਘ ਕੋਹਲੀ, ਡਾਕਟਰ
ਲਾਹੌਰ ਬੁਕ ਸ਼ਾਪ, ਲੁਧਿਆਣਾ
1944 ।

53. ਪ੍ਰੋ: ਪੂਰਨ ਸਿੰਘ, ਉਨ੍ਹਾਂ ਦਾ ਜੀਵਨ ਤੇ ਰਚਨਾ — ਸੁਰਿੰਦਰ ਸਿੰਘ ਕੋਹਲੀ, ਡਾਕਟਰ
ਲਾਹੌਰ ਬੁਕ ਸ਼ਾਪ, ਲਾਹੌਰ,
1943, ਪਹਿਲੀ ਛਾਪ ।

54. ਪੰਜਾਬੀ ਸਾਹਿਤ ਦਾ ਇਤਿਹਾਸ — ਸੁਰਿੰਦਰ ਸਿੰਘ ਕੋਹਲੀ
ਲਾਹੌਰ ਬੁਕ ਸ਼ਾਪ, ਲੁਧਿਆਣਾ
1950 ਤੀਜੀ ਛਾਪ ।

55. ਪੰਜਾਬੀ ਸਾਹਿਤ ਦਾ ਇਤਹਾਸ — ਸੁਰਿੰਦਰ ਸਿੰਘ ਨਰੂਲਾ
ਨਵੀਂ ਦਿੱਲੀ 1954 ।

56. ਧੋਤੇ ਮੂੰਹ ਚਪੇੜ — ਸੇਵਾ ਸਿੰਘ ਭਾਈ
ਪਬਲਿਸ਼ਰ ਭਾਈ ਲਾਭ ਸਿੰਘ ਐਂਡ ਸਨਜ਼, ਅੰਮ੍ਰਿਤਸਰ।
ਪਹਿਲੀ ਵਾਰ ਮਿਤੀ ਕੋਈ ਨਹੀਂ ।

57. ਕਪਟ ਬਿਨਾਸ਼ — ਸ਼ੇਰ ਸਿੰਘ ਗਿਆਨੀ
ਸਿਖ ਬੁਕ ਏਜੰਸੀ ਪਸ਼ਾਵਰ

58. ਹੋਰਨਾ ਧਰਮਾਂ ਦੇ ਧਰਮ ਪੁਸਤਕਾਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀ ਵਾਧਾ ਹੈ ? — ਸੋਹਣ ਸਿੰਘ ਭਾਈ ਦੇ ਪ੍ਰਸ਼ਨ ਦਾ ਉਤਰ
ਐਡੀਟਰ ਸ੍ਰੀ ਗੁਰਮਤ ਪ੍ਰਕਾਸ਼ਨ,
6 ਕੱਤਕ 423 ਦੀਪਮਾਲਾ ਦੇ ਮੇਲੇ ਮੇ ਵਰਤਾਇਆ ।

59. ਪੰਜਾਬੀ ਸਾਹਿੱਤ ਧਾਰਾ — ਹਰਚਰਨ ਸਿੰਘ ਡਾਕਟਰ,
ਦਿਲੀ,
1965, ਪਹਿਲੀ ਛਾਪ ।

60. ~~[illegible]~~ ਪੂਰਨ ਸਿੰਘ ਦੀ ਚੋਣਵੀਂ ਕਵਿਤਾ । — ਹਰਨਾਮ ਸਿੰਘ ਸ਼ਾਨ,
ਪੰਜਾਬ ਯੂਨੀਵਰਸਟੀ, ਚੰਡੀਗੜ੍ਹ,
1961 ਪਹਿਲੀ ਛਾਪ

61. ਖਾਲਸਾ ਪੰਥ ਤੇ ਦਸਮ ਗ੍ਰੰਥ ਅਥਵਾ ਗੁਰਮਤ-ਨਿਰਣੈ — ਹਰਨਾਮ ਸਿੰਘ ਐਮ. ਏ.
25-7-60

62. ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਰਚਨਾ — ਹਰਬੰਸ ਸਿੰਘ,
ਲਾਹੌਰ ਬੁਕ ਸ਼ਾਪ, ਲੁਧਿਆਣਾ
1951, ਚੌਥੀ ਛਾਪ ।

63. ਪੰਜਾਬੀ ਸਾਹਿੱਤ ਦਾ ਇਤਿਹਾਸ, — ਹੀਰਾ ਸਿੰਘ ਦਰਦ,
ਜਲੰਧਰ, 1958, ਤੀਜੀ ਛਾਪ ।

64. ਪੰਜਾਬੀ ਕਵਿਤਾ ਤੇ ਚੋਣਵੇਂ ਪੰਜਾਬੀ ਕਵੀ — ਹੀਰਾ ਸਿੰਘ ਦਰਦ,
ਨਿਊ ਬੁਕ ਕੰਪਨੀ, ਜਲੰਧਰ,
ਤਾਰੀਖ ਨਹੀਂ ਛਪੀ, ਪਹਿਲੀ ਛਾਪ ।

65. ਮੇਰੀਆਂ ਕੁਝ ਇਤਿਹਾਸਕ ਯਾਦਾਂ — ਹੀਰਾ ਸਿੰਘ ਦਰਦ,
ਜਲੰਧਰ, 1960 ਦੂਜੀ ਛਾਪ ।

66. ਨਾਮਧਾਰੀ ਲਹਿਰ — ਹੀਰਾ ਸਿੰਘ ਦਰਦ
ਸਤਿਗੁਰ ਬਸੰਤ ਨੰਬਰ 12 ਮਾਘ 1995 .

67. ਪੰਥ ਪੁਕਾਰ ਅਰਥਾਤ ਪੰਥਕ ਰਾਵਾਂ (ਰਾਗਮਾਲਾ ਸਬੰਧੀ) — ਹੁਕਮ ਸਿੰਘ ਸ੍ਰ: ਰਈਸਆਜ਼ਮ
ਕਲਿਆਨਾ (ਮਿੰਟ ਗੁਮਰੀ)
ਮਈ 1918, ਪਹਿਲੀ ਵਾਰ ।

68. ਕੌਤਕ ਕਿ ਵਿਸਾਖ — ਕਰਮ ਸਿੰਘ ਸਰਦਾਰ
ਪਬਲਿਸ਼ਰ ਸ੍ਰੀ: ਰਣਬੀਰ ਸਿੰਘ ਜੀ, ਨੈਨੀਤਾਲ
ਤਾਰੀਖ਼ ਨਹੀਂ ।

69. ਬਹੁ-ਮੁੱਲੇ ਇਤਿਹਾਸਕ ਲੇਖ — ਕਰਮ ਸਿੰਘ ਹਿਸਟੋਰੀਅਨ
ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ,
ਅਗਸਤ 1963 ।

70. ਅਮਰ ਖ਼ਾਲਸਾ — ਕਰਮ ਸਿੰਘ ਹਿਸਟੋਰੀਅਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ,
ਜਨਵਰੀ 1953 ਪਹਿਲੀ ਛਾਪ ।

71. ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ । — ਕਰਤਾਰ ਸਿੰਘ 'ਸੁਹੱਦੀ ਗਿਆਨੀ
ਸਪੈਸ਼ਲ ਪ੍ਰਿੰਟਿੰਗ ਪ੍ਰੈਸ, ਬਾਜ਼ਾਰ ਧੋਬੀਆਂ ਅੰਮ੍ਰਿਤਸਰ।
8-4-74 ਪਹਿਲੀ ਐਡੀਸ਼ਨ ।

72. ਜੀਵਨ ਬ੍ਰਿਤਾਂਤ ਮਹਾਰਾਜਾ ਆਲਾ ਸਿੰਘ ਜੀ (ਭਾਗ ਪਹਿਲਾ) — ਕਰਮ ਸਿੰਘ ਹਿਸਟੋਰੀਅਨ
16 ਮਾਘ ਸੰਮਤ 1975 ਬਿ:

73. ਸਾਡਾ ਤੇ ਅੰਗ੍ਰੇਜ਼ੀ ਸਰਕਾਰ ਦਾ ਸੰਬੰਧ — ਕਰਮ ਸਿੰਘ ਸਾਬ੍ਰ
ਲਾਹੌਰ ।

74. ਨਵੀਂ ਪੰਜਾਬੀ ਕਵਿਤਾ — ਕਰਤਾਰ ਸਿੰਘ ਦੁੱਗਲ,
ਜਲੰਧਰ ।

75. ਖਾਲਸਾ ਮਤ ਪ੍ਰਕਾਸ਼ — ਕਰਤਾਰ ਸਿੰਘ ਭਾਈ
ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ।
ਪਹਿਲੀ ਵਾਰ ਨਵੰਬਰ1913 .

76. ਗੁਰਮਤ ਸੁਧਾਕਰ — ਕਾਨ੍ਹ ਸਿੰਘ ਨਾਭਾ ਭਾਈ
ਰਾਸ਼ਟ੍ਰੀਆ ਇਲੈਕਟ੍ਰਿਕ ਪ੍ਰੈਸ ਹੋਸ਼ਿਆਰਪੁਰ ਰੋਡ,ਜਲੰਧਰ।
1970 ਚੌਥਾ ਐਡੀਸ਼ਨ ।

77. ਹਮ ਹਿੰਦੂ ਨਹੀਂ — ਕਾਨ੍ਹ ਸਿੰਘ ਨਾਭਾ ਭਾਈ,
ਸਿੰਘ ਸਭਾ ਸ਼ਤਾਬਦੀ ਕਮੇਟੀ,ਅੰਮ੍ਰਿਤਸਰ,
ਦਸੰਬਰ 1973-ਪਹਿਲੀ ਵਾਰ ।

78. ਗੁਰ ਸ਼ਬਦ ਰਤਨਾਕਰ ਮਹਾਨਕੋਸ਼ — ਕਾਨ੍ਹ ਸਿੰਘ ਨਾਭਾ ਭਾਈ
ਪਟਿਆਲਾ 1960 .

79. ਗੁਰਛੰਦ ਦਿਵਾਕਰ — ਕਾਨ੍ਹ ਸਿੰਘ ਭਾਈ
ਅੰਮ੍ਰਿਤਸਰ,1924

80. ਚੰਡੀ ਦੀ ਵਾਰ (ਸਟੀਕ) — ਕਾਨ੍ਹ ਸਿੰਘ ਭਾਈ ਨਾਭਾ
1 ਹਾੜ ਸ:466 ਪਹਿਲੀ ਵਾਰ

81. ਜਨੇਊ ਫਲੌਸਫਸੀ — ਕਾਲੀ ਦਾਸ ਬ੍ਰਾਹਮਣ ਪੰਡਿਤ
ਕਾਰਪੋਰੇਸ਼ਨ ਪ੍ਰੈਸ ਅੰਮ੍ਰਿਤਸਰ ।

82. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਦੂਜਾ ਸੰਸਕਰਣ — ਕ੍ਰਿਪਾਲ ਸਿੰਘ ਕਸੇਲ,ਪ੍ਰੋ ਪਰਮਿੰਦਰ ਸਿੰਘ
ਲੁਧਿਆਣਾ ।

83. ਸਾਹਿਤ ਦੇ ਰੂਪ — ਕ੍ਰਿਪਾਲ ਸਿੰਘ ਕਸੇਲ ਪ੍ਰੋ ਪਰਮਿੰਦਰ ਸਿੰਘ,
ਲੁਧਿਆਣਾ 1952 ।

| | | |
|---|---|---|
| 84. | ਪੱਤਰਕਾਰੀ | ਕੁਲਦੀਪ ਸਿੰਘ<br>ਪੰਜਾਬੀ ਸਾਹਿਤ ਸਭਾ,105 ਸੀ ਇਰਵਨ ਰੋਡ<br>ਨਵੀਂ ਦਿਲੀ- 1 ਅਪ੍ਰੈਲ 1962 ਪਹਿਲੀ ਵਾਰ । |
| 85. | ਖਾਸਲਾ ਸਮਾਚਾਰ ਸਪਤਾਹਕ ਦੇ ਪਿਛਲੇ ਪਰਚੇ | |
| 86. | ਅਸੀਂ ਤਾਂ ਭੁੱਲੈ ਹੀ ਰਹੇ | ਖਾਲਸਾ ਹਮਦਰਦ ਏਜੰਸੀ ਅੰਮ੍ਰਿਤਸਰ । |
| 87. | ਡਾਇਰੈਕਟਰੀ ਟ੍ਰੈਕਟ ਨੰਬਰ 58 | ਖਾਲਸਾ ਟ੍ਰੈਕਟ ਸੋਸਾਇਟੀ,ਸ੍ਰੀ ਅੰਮ੍ਰਿਤਸਰ<br>ਵਜ਼ੀਰ ਹਿੰਦ ਪ੍ਰੈਸ,ਅੰਮ੍ਰਿਤਸਰ ;<br>1899 -1990 ਈ: |
| 88. | ਅਣਮੁਲੇ ਮੋਤੀ | ਖਾਲਸਾ ਟ੍ਰੈਕਟਰ ਸੋਸਾਇਟੀ ਅੰਮ੍ਰਿਤਸਰ<br>ਵਜ਼ੀਰ ਹਿੰਦ ਪਰੈਸ ਅੰਮ੍ਰਿਤਸਰ । |
| 89. | ਧਰਮ ਹੇਤ ਬਲੀਦਾਨ | ਖਾਲਸਾ ਟ੍ਰੈਕਟ ਸੁਸਾਇਟੀ,ਅੰਮ੍ਰਿਤਸਰ<br>ਸਫ਼ੇ 40,ਮਿਤੀ ਕੋਈ ਨਹੀਂ । |
| 90. | ਕੁਲੀਆਤ ਭਾਈ ਨੰਦਲਾਲ ਗੋਯਾ(ਉਰਦੂ ਅੱਖਰ) | ਗੰਡਾ ਸਿੰਘ<br>ਮਲਾਇਆ,1963 ਪਹਿਲੀ ਛਾਪ । |
| 91. | ਤਵਾਰੀਖ ਗੁਰੂ ਖਾਲਸਾ | ਗਿਆਨ ਸਿੰਘ ਗਿਆਨੀ |
| 92. | ਪੰਥ ਪ੍ਰਕਾਸ਼ | [illegible] ਗਿਆਨ ਸਿੰਘ ਗਿਆਨੀ |
| 93. | ਗਦਰ ਪਾਰਟੀ ਦਾ ਇਤਿਹਾਸ | ਗੁਰਚਰਨ ਸਿੰਘ ਸੈਂਹਸਰਾ<br>ਜਲੰਧਰ,1961 . |
| 94. | ਸ:ਬ:ਭਾਈ ਕਾਹਨ ਸਿੰਘ ਜੀ ਦੀਆਂ ਗੁਰਮਤ ਸਬੰਧੀ ਲਿਖਤਾਂ ਦੀ ਪੜਤਾਲ . | ਗੁਰਪਾਲ ਸਿੰਘ ਏ ਐਸ ਏ. ਏ.(ਲੰਡਨ)ਆਰ:ਏ<br>ਇਨਕਾਰਪੋਰੇਟਿਡ ਅਕਾਉਂਟੈਂਟ<br>ਲਾਹੌਰ,ਅੰਮ੍ਰਿਤਸਰ,ਕਾਨਪੁਰ,ਦਸੰਬਰ 1933 . |
| 95. | ਅਨਪਛਾਤੇ ਰਾਹ | ਗੁਰਬਚਨ ਸਿੰਘ<br>ਅੰਮ੍ਰਿਤਸਰ 1955 । |
| 96. | ਪੰਜਾਬੀ ਸਾਹਿੱਤ ਦਾ ਇਤਿਹਾਸ | ਗੋਪਾਲ ਸਿੰਘ ਦਰਦੀ,<br>ਜਸਵੰਤ ਪ੍ਰਿੰਟਿੰਗ ਪ੍ਰੈਸ,ਦਿਲੀ;<br>1952 ਤੀਜੀ ਛਾਪ । |

97- ਰੋਮਾਂਚਿਕ ਪੰਜਾਬੀ ਕਵੀ | ਗੋਪਾਲ ਸਿੰਘ ਦਰਦੀ
ਜਸਵੰਤ ਪ੍ਰਿੰਟਿੰਗ ਪ੍ਰੈਸ, ਦਿਲੀ;
1950 ਦੂਜੀ ਛਾਪ

98. ਸਾਹਿੱਤ ਦੀ ਪਰਖ | ਗੋਪਾਲ ਸਿੰਘ ਦਰਦੀ
ਅੰਮ੍ਰਿਤਸਰ 1953, ਪਹਿਲੀ ਛਾਪ

99. ਪੰਜਾਬੀ ਸਾਹਿਤ ਦਾ ਇਤਿਹਾਸ (1700 ਈ: ਤਕ) | ਗੋਪਾਲ ਸਿੰਘ ਦਰਦੀ, ਡਾਕਟਰ
ਚੰਡੀਗੜ੍ਹ, 1962.

100. ਪੂਰਨ ਸਿੰਘ ਦੀ ਕਾਵਿ ਕਲਾ, | ਜਸਵੰਤ ਸਿੰਘ ਜਸ,
ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ
1963 ਪਹਿਲੀ ਛਾਪ

101. ਗੁਰੂਮਤ ਪ੍ਰਕਾਸ਼ (ਦੁਤਿਯਾ ਭਾਗ) | ਜਗਤ ਸਿੰਘ ਭਾਈ ਉਪਦੇਸ਼ਕ
ਨੈਸ਼ਨਲ ਪ੍ਰੈਸ, ਅੰਮ੍ਰਿਤਸਰ,
ਸੰਮਤ ਬਿਕ੍ਰਮੀ 1961.

102. ਦਯਾ ਨੰਦ ਅਰ ਸੁਖਚਲ ਮਤ ਖੰਡਨ | ਜਗਤ ਸਿੰਘ ਭਾਈ
ਯੁਧ ਸਿੰਘ ਗੁਰਮਤ ਪ੍ਰੈਸ ਅੰਮ੍ਰਿਤਸਰ
ਪਹਿਲੀ ਵਾਰ ਜੂਨ 1909.

103. ਗਦਰ ਪਾਰਟੀ ਦਾ ਇਤਿਹਾਸ | ਜਗਜੀਤ ਸਿੰਘ
ਤਰਨਤਾਰਨ, 1955, ਪਹਿਲੀ ਛਾਪ

104. ਜਮੀਮਾਂ ਨਿਰਗੁਣਿਆਰਾ
ਮੇਰੀ ਰਾਮ ਕਹਾਣੀ | ਜਮੀਮਾਂ ਨਿਰਗੁਣਿਆਰਾ
4 ਜਨਵਰੀ 1903 ਟਰੈਕਟ ਨੰ: 220.

105. ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ | ਜੀ.ਬੀ. ਸਿੰਘ
ਜਨਵਰੀ 1944

106. ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ | ਜੀ.ਬੀ. ਸਿੰਘ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1959

107. ਖਾਲਸਾ ਸੇਵਕ | ਜੀਵਨ ਸਿੰਘ
ਗੁਰਮਤ ਪ੍ਰੈਸ ਲਾਹੌਰ,
ਇੱਕ ਜੂਨ 1904 ਜਿਲਦ 2.

108. ਗਿਆਨੀ ਗੁਰਮੁਖ ਸਿੰਘ ਮੁਸਾਫਿਰ — ਜੀਤ ਸਿੰਘ ਸੀਤਲ,
ਭਾਸ਼ਾ ਵਿਭਾਗ, ਪਟਿਆਲਾ ,
1955 ਪਹਿਲੀ ਛਾਪ

109. ਗਯਾਨ
ਗਿਆਨ ਅੰਜਨ ਗੁਰਿ ਦੀਆਂ ਅਗਿਆਨ ਅੰਧੇਰ ਬਿਨਾਸ। — ਜੀਵਨ ਸਿੰਘ 'ਸੇਵਕ'
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸ। — ਜਿਲਦ 1 ਨਵੰਬਰ 1916 ਨੰਬਰ 1 .

110. ਕਾਮਾਇਨੀ — ਜੈ ਸ਼ੰਕਰ ਪ੍ਰਸਾਦ,
1961 .

111. ਪਿੰਗਲ ਤੇ ਅਰੂਜ਼, [illegible] — ਜੋਗਿੰਦਰ ਸਿੰਘ,
ਪੰਜਾਬੀ ਅਕਾਦਮੀ ਲੁਧਿਆਣਾ
1960 ਪਹਿਲੀ ਛਾਪ ।

112. ਗੁਰੂ ਸਾਹਿਬ ਅਤੇ ਵੇਦ — ਜੋਧ ਸਿੰਘ ਭਾਈ
ਖਾਲਸਾ ਨੈਸ਼ਨਲ ਬੁਕ ਏਜੰਸੀ ਅੰਮ੍ਰਿਤਸਰ

113. ਸੱਚਾ ਧਰਮੀ — ਜੋਧ ਸਿੰਘ
ਬਾਲਮੁਕੰਦ ਪ੍ਰੈਸ ਲਾਹੌਰ, ਪਤਾ ਨਾ :

114. ਸਾਹਿੱਤ ਦਰਸ਼ਨ — ਤੇਜਾ ਸਿੰਘ
ਪਟਿਆਲਾ, 1951, ਪਹਿਲੀ ਛਾਪ ।

115. ਪੁਰਾਤਨ ਅਰਦਾਸਾ ਤੇ ਭਗਉਤੀ ਪ੍ਰਬੋਧ — ਤੇਜਾ ਸਿੰਘ ਬਾਬੂ ਰੀਟਾਯਰਡ ਐਸ. ਡੀ. ਓ.
1 ਫਗਣ ਸੰ: 1986 ਬਿਕ੍ਰਮੀ

116. ਸਤਿਆਰਥ ਪ੍ਰਕਾਸ਼ — ਦਇਆ ਨੰਦ,
ਅਜਮੇਰ , ਸੰਮਤ 2007, ਤੀਜੀ ਛਾਪ ।

117. ਜਨਮ ਸਾਖੀ ਗੁਰੂ ਨਾਨਕ ਸਾਹਿਬ ਜੀ — ਦਿਤ ਸਿੰਘ
ਅਮਰ ਦਾਸ ਜੀ
ਅਰਜਨ ਦੇਵ ਜੀ
ਹਰਿ ਰਾਏ ਜੀ
ਹਰਿ ਕ੍ਰਿਸ਼ਨ ਜੀ

118. ਮੇਰਾ ਔਰ ਸਾਧੂ ਦਯਾ ਨੰਦ ਦਾ ਸੰਬਾਦ ਦਿੱਤ ਸਿੰਘ
ਸਵਪਨ ਨਾਟਕ
ਸਿੰਘਣੀਆਂ ਦੇ ਸਿਦਕ
ਤਾਰਾ ਸਿੰਘ ਵਾਟੀਏ ਦੀ ਸ਼ਹੀਦੀ
ਕਲਗੀਧਰ ਉਪਕਾਰ
ਗੁਰੂ ਅਰਜਨ ਚਿਰਿਤਰ

119. ਗੁਰੁਮਤ ਮਾਰਤੰਡ ਦਿੱਤ ਸਿੰਘ
ਭਾਗ ਪਹਿਲਾ ਭਾਗ ਦੂਜਾ

120. ਗੁਰਮਤ ਆਰਤੀ ਪ੍ਰਬੋਧ ਦਿੱਤ ਸਿੰਘ
ਅੰਮ੍ਰਿਤ ਵਧਾਈ
ਭਗਤ ਮੰਗਲ

121. ਸਰਹਦ ਪਰ ਪਲਟਨ ਨੰ:15 ਦੀ ਬਹਾਦਰੀ ਦਿੱਤ ਸਿੰਘ
ਭਾਰਤ ਮੰਗਲ ਕਲਗੀਧਰ ਉਪਕਾਰ
ਪੰਥ ਸੁਧਾਰ ਬਿਨੈ ਪਤ੍ਰ
ਦੰਭ ਬਿਦਾਰਨ
ਦੁਰਗਾ ਪ੍ਰਬੋਧ
ਨਕਲੀ ਸਿਖ ਪ੍ਰਬੋਧ

122. ਜੀਵਨ ਕਥਾ ਗੁਰੂ ਤੇਗ ਬਹਾਦਰ ਜੀ ਦਿਤ ਸਿੰਘ ਭਾਈ
ਲਾਹੌਰ ਬੁਕ ਸ਼ਾਪ,ਲਾਹੌਰ,
ਛਪਾਈ ਦੀ ਤਾਰੀਖ ਨਹੀਂ

123. ਜੀਵਨ ਕਥਾ,ਗੁਰੂ ਅਰਜਨ ਦੇਵ ਜੀ ਦਿਤ ਸਿੰਘ ਭਾਈ
ਲਾਹੌਰ ਬੁਕ ਸ਼ਾਪ,ਲਾਹੌਰ;

124. ਜੀਵਨ ਕਥਾ ਗੁਰੂ ਅੰਗਦ ਸਾਹਿਬ ਜੀ ਦਿਤ ਸਿੰਘ ਭਾਈ
ਲਾਹੌਰ ਬੁਕ ਸ਼ਾਪ,ਲਾਹੌਰ ।

125. ਜੀਵਨ ਕਥਾ,ਗੁਰੂ ਹਰਿ ਰਾਏ ਸਾਹਿਬ ਦਿਤ ਸਿੰਘ ਭਾਈ
ਲਾਹੌਰ ਬੁਕ ਸ਼ਾਪ,ਲਾਹੌਰ
ਛਪਾਈ ਦੀ ਤਾਰੀਖ ਨਹੀਂ

126. ਸਿੰਘ ਸਭਾ ਦਾ ਮੋਢੀ ਦਿਲਜੀਤ ਸਿੰਘ,
ਅੰਮ੍ਰਿਤਸਰ,
ਤਾਰੀਖ਼ ਨਹੀਂ ਛਪੀ ਪਹਿਲੀ ਛਾਪ ।

3-

| | | |
|---|---|---|
| 127. | ਸੂਫ਼ੀਵਾਦ ਤੇ ਹੋਰ ਲੇਖ | ਦੀਵਾਨ ਸਿੰਘ ਪ੍ਰੋ: ਅੰਮ੍ਰਿਤਸਰ, 1957. |
| 128. | ਕਯਾ ਵੇਦ ਇਲਹਾਮੀ ਹੈ ? | ਦੇਸ਼ ਹਿਤਕਾਰੀ ਰਸਾਲਾ ਨੰ: 1 . |
| 129. | ਬਾਵਾ ਬਲਵੰਤ -ਇਕ ਅਧਿਐਨ | ਧਰਮ ਪਾਲ ਸਿੰਗਲ, ਜਲੰਧਰ, 1964 . |
| 130. | ਚੰਦਨ ਵਾੜੀ | ਧਨੀ ਰਾਮ ਚਾਤ੍ਰਿਕ ਅੰਮ੍ਰਿਤਸਰ , 1949 |
| 131. | ਅਭਿਨੰਦਨ ਗ੍ਰੰਥ | ਲਾਲਾ ਧਨੀ ਰਾਮ ਚਾਤ੍ਰਿਕ, ਅੰਮ੍ਰਿਤਸਰ, 1950, ਪਹਿਲੀ ਛਾਪ |
| 132. | ਖਾਲਸਾ-ਕੁਵਾਰੀ ਉਨੱਤਕਾਰ | ਨਰਿੰਜਨ ਕੌਰ ਗਯਾਨੀ ਪ: ਖੇੜ ਨਿਵਾਸੀ, ਡਾਕ ਘਰ, ਧੂਰੀ. ਮਈ 1921 ਪਹਿਲੀ ਵਾਰ 500 . |
| 133. | ਸਿਖ ਹਿੰਦੂ ਹੈਨ | ਨਰੈਣ ਸਿੰਘ ਵਕੀਲ ਬਾਬਾ ਮਤਲਾ ਕਾਨੂੰਨੀ ਹਿੰਦ ਪ੍ਰੈਸ ਸ੍ਰੀ ਅੰਮ੍ਰਿਤਸਰ ਸੰ: 1956 . |
| 134. | ਖਾਲਸਾ ਇਸਤ੍ਰੀ ਅਤੇ ਸਿਖ ਬੀਬੀਆਂ ਦੀ ਵਿਦਯਾ | ਨਾਹਰ ਸਿੰਘ ਪਨਾਇਚ ਐ.ਏ. ਪ੍ਰਕਾਸ਼ਕ-ਜਗਤ ਸੇਵਕ, ਮੋਗਾ( ਪੰਜਾਬ) ਜੁਲਾਈ 1931, ਪਹਿਲੀ ਵਾਰ . |
| 135. | ਦਯਾ ਨੰਦ ਮਤਦਰਪਣ (ਗੁਰਮੁਖੀ ਵਿਚ ਤਿਆਰ ਕੀਤਾ ) ਭਾਈ ਮੋਹਨ ਸਿੰਘ ਵੈਦ ) | ਨਾਥ ਸਿੰਘ ਪੰਡਤ ਮੁਰਾਦਾਬਾਦ ਮਿਤੀ ਕੋਈ ਨਹੀਂ , ਤੀਜੀਵਾਰ . |
| 136. | ਗੁਰਮਤ ਫ਼ਿਲਾਸ਼ਫੀ | ਪ੍ਰਤਾਪ ਸਿੰਘ ਗਿਆਨੀ ਅੰਮ੍ਰਿਤਸਰ 1951 . |
| 137. | ਬਿਚਾਰ ਪ੍ਰਕਾਸ਼ | ਪੰਜਾਬ ਰਿਲੀਜਸ ਬੁਕ ਸੁਸਾਇਟੀ, ਅਨਾਰ ਕਲੀ ਲਾਹੌਰ,. |
| 138. | ਪਰਖ ਪੜਚੋਲ | ਪੰਜਾਬ ਯੂਨੀਵਰਸਟੀ ਚੰਡੀਗੜ੍ਹ । |
| 139. | ਭਾਈ ਵੀਰ ਸਿੰਘ ਜੀਵਨ ਤੇ ਰਚਨਾ (ਸਿਮਰਤੀ ਗ੍ਰੰਥ ) | ਪੰਜਾਬੀ ਸਾਹਿਤ ਸਮੀਖਿਆ ਬੋਰਡ 1958. |

140. ਲਾਲਾ ਕਿਰਪਾ ਸਾਗਰ ਤੇ ਉਨ੍ਹਾਂ ਦੀ ਰਚਨਾ — ਪੰਜਾਬੀ ਸਮੀਖਿਆ ਬੋਰਡ, ਜਲੰਧਰ, ਪਹਿਲੀ ਛਾਪ ।

141. ਭਾਈ ਵੀਰ ਸਿੰਘ -ਇਕ ਅਧਿਐਨ — ਪੰਜਾਬੀ ਯੂਨੀਵਰਸਟੀ, ਪਟਿਆਲਾ, 1967 .

142. ਪੰਜਾਬੀ ਸ਼ਬਦ-ਜੋੜ ਕੋਸ਼ — ਪੰਜਾਬੀ ਯੂਨੀਵਰਸਟੀ, ਪਟਿਆਲਾ, 1966 .

143. ਪੰਜਾਬੀ ਕਵਿਤਾ ਦੀ ਪਰੰਪਰਾ ਤੇ ਵਿਕਾਸ. — ਪਿਆਰ ਸਿੰਘ, ਲਾਹੌਰ ਬੁਕ ਸ਼ਾਪ ਲੁਧਿਆਣਾ, 1956, ਦੂਜੀ ਛਾਪ ।

144. ਪੰਜਾਬੀ ਕਵਿਤਾ ਦੇ ਸੌ ਸਾਲ — ਪਿਆਰਾ ਸਿੰਘ ਭੋਗਲ' ਜਲੰਧਰ. 1955 .

145. ਪੰਜਾਬੀ ਬਾਰਾ ਮਾਹੇ — ਪਿਆਰਾ ਸਿੰਘ ਪਦਮ ਸਰਦਾਰ ਭਵਨ, ਪਟਿਆਲਾ, 1959 .

146. ਪੰਜਾਬੀ ਕਵੀ — ਪਿਆਰਾ ਸਿੰਘ ਪਦਮ, ਪਟਿਆਲਾ, 1965 .

147. ਖੁਲ੍ਹੇ ਲੇਖ — ਪੂਰਨ ਸਿੰਘ ਲਾਹੌਰ ਬੁਕ ਸ਼ਾਪ ਲਾਹੌਰ . 1938 ਦੂਜੀ ਛਾਪ .

148. ਕੇਸ ਮੰਡਨ — ਪ੍ਰੇਮ ਸਿੰਘ ਭਾਈ ਦੁਰਗਾ ਪ੍ਰੈਸ, ਨਾਭਾ ਦੂਜੀ ਵਾਰ-1000 ਸੰ: ਈ: 1902.

149. ਸਿੱਖ ਮਤ ਬਬੇਕ — ਪ੍ਰੇਮ ਸਿੰਘ ਭਾਈ ਦੁਰਗਾ ਪ੍ਰੈਸ ਰਯਾਸਤ ਨਾਭਾ, ਜੂਨ 1905 .

150. ਖਾਲਸਾ ਰਾਜ ਦੇ ਉਸਰਈਏ — ਪ੍ਰੇਮ ਸਿੰਘ ਹੋਤੀ ਮਰਦਾਨ ਬਾਬਾ 14 ਸਿਤੰਬਰ 1942 .

151. ਨਾ ਹਮ ਹਿੰਦੂ ਨਾਂ ਮੁਸਲਮਾਨ — ਬਚਨ ਸਿੰਘ

| | |
|---|---|
| 152. ਕਲਮ ਦੀ ਕਰਾਮਾਤ | ਬਲਬੀਰ ਸਿੰਘ ਡਾਕਟਰ<br>ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ;<br>1957 ਤੀਜੀ ਛਾਪ । |
| 153. ਸ੍ਰੀ ਚਰਨ ਹਰਿ ਵਿਸਥਾਰ(ਦੋ ਭਾਗ) | ਬਲਬੀਰ ਸਿੰਘ ਡਾਕਟਰ<br>ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ,<br>1946 ਪਹਿਲੀ ਛਾਪ |
| 154. ਨਿੰਮ ਦੇ ਪੱਤੇ, | ਬਲਵੰਤ ਗਾਰਗੀ,<br>ਨਵਯੁਗ ਪ੍ਰਕਾਸ਼ਨ, ਦਿਲੀ,<br>1961 ਪਹਿਲੀ ਛਾਪ . |
| 155. ਪੰਜਾਬੀ ਦੀ ਪਹਿਲੀ ਪੋਥੀ | ਬਿਸ਼ਨ ਦਾਸ ਪੁਰੀ ਭਾਈ ਐਮ. ਏ ਨੇ ਬਣਾਇਆ ।<br>ਗੁਰਮੁਖੀ ਪਾਠ ਸ਼ਾਲਾ ਲਈ ਦ.ਪੀ.ਵੀ ਐਂਡ ਕਮੇਟੀ<br>1911 ਦੂਜੀ ਵਾਰ . |
| 156. ਖਾਲਸਾ ਮਤ ਪ੍ਰਕਾਸ਼ | ਬਿਸ਼ੰਭਰ ਦੱਤ ਮਹਾਸ਼ਯ<br>ਪੰਜਾਬੀ ਸੂਰਮਾ ਲਾਹੌਰ,<br>ਪਹਿਲੀ ਵਾਰ 1911. |
| 157. ਹਿੰਦੂ ਸਿੱਖਾਂ ਦਾ ਨਬੇੜਾ | ਬੀ. ਨਿਹਾਲ ਸਿੰਘ<br>ਸਤਿਸੰਤ ਪ੍ਰੈਸ, ਅੰਮ੍ਰਿਤਸਰ<br>ਅਗਸਤ 1905 ਪਹਿਲੀ ਵਾਰ . |
| 158. ਵੇਦਾਂ ਦਾ ਪੋਲ(ਤਿਮੌਰ ਨਾਸ਼) | ਬੁੱਢਾ ਸਿੰਘ ਭਾਈ<br>ਵਜ਼ੀਰ ਹਿੰਦ ਪ੍ਰੈਸ ਪਹਿਲੀ ਵਾਰ . |
| 159. ਕੋਇਲ ਕੂ | ਬੁਧ ਸਿੰਘ ਬਾਵਾ<br>ਲਾਹੌਰ ਬੁਕ ਸ਼ਾਪ ਲੁਧਿਆਣਾ ,<br>1948. |
| 160. ਮਾਈ ਦੇ ਜਾਮੇ ਨੂੰ ਅੰਮ੍ਰਿਤ ਛਕਾਉਣ ਦੀ ਵਿਧੀ | ਮੰਨਾ ਸਿੰਘ ਹਕੀਮ<br>ਅੰਮ੍ਰਿਤਸਰ, 4 ਤ੍ਰੀ ਨੰ:ਵਿਸਾਲ ਸੰ:1957 . |
| 161. ਜੋ ਪੱਟੀ ਸੁਆਲੋ ਪੱਟੀ | ਮਈਆਂ ਸਿੰਘ ਭਾਈ ਮੈਨੇਜਰ<br>ਮਿਤੀ ਕੋਈ ਨਹੀਂ . |
| 162. ਪੰਜਾਬੀ ਸਾਹਿਤ ਦੇ ਪੰਜ ਰਤਨ<br>ਪੰ ਜਾਬੀ ਸਾਹਿਤ ਦੇ ਤਿੰਨ ਰਤਨ | ਮਹਿਕਮਾ ਪੰਜਾਬੀ, ਪਟਿਆਲਾ ।<br>ਪਟਿਆਲਾ 1953 ਪਹਿਲੀ ਛਾਪ . |

163. ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ — ਮਹਿਕਮਾ ਪੰਜਾਬੀ, ਪਟਿਆਲਾ
ਪਟਿਆਲਾ 1953.

164. ਸਿੱਖ ਮਤ ਬਿਬੇਕ — ਮਹਿਤਾਬ ਸਿੰਘ ਸਰਦਾਰ .
ਪਹਿਲੀ ਵਾਰ 30 ਸਤੰਬਰ 1905 .

165. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤੇ ਇਤਿਹਾਸਕ ਨਾਵਾਂ ਤੇ ਥਾਵਾਂ ਦਾ ਕੋਸ਼ . — ਮਹਿਤਾਬ ਸਿੰਘ ਮਾਸਟਰ ਬੀ.ਏ ਗਿਆਨੀ ਹੈਡਮਾਸਟਰ.
ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ
ਤਰਨਤਾਰਨ, ਦਸੰਬਰ 1928 ਪਹਿਲੀ ਵਾਰ .

166. ਪੰਜਾਬ — ਮਹਿੰਦਰ ਸਿੰਘ ਰੰਧਾਵਾ
ਪਟਿਆਲਾ ,1960 .

168. ਜੀਵਨ ਸੱਧਰਾਂ, ~~ਖੂਬ~~, — ਮੁਨਸ਼ਾ ਸਿੰਘ ਦੁਖੀ,
ਜਲੰਧਰ ਤਾਰੀਖ ਨਹੀਂ ਛਪੀ, ਪਹਿਲੀ ਛਾਪ .

169. ਗੁਰੂਮਤ ਦਿਵਾਕਰ — ਮੁਨਸ਼ੀ ਰਾਮ ਸ਼ੁਰਮਾ
ਅਮਰ ਪ੍ਰਿੰਟਿੰਗ ਪ੍ਰੈਸ ਸੱਖਰ,
ਪਹਿਲੀ ਵਾਰ ਸਤੰਬਰ 1922

170. ਆਧੁਨਿਕ ਪੰਜਾਬੀ ਕਵਿਤਾ — ਮੋਹਨ ਸਿੰਘ
ਖੁਦ, ਲਾਹੌਰ, 1941 ਪਹਿਲਾ ਛਾਪ

171. ਜੀਵਨ ਦੀ ਝਲਕ — ਮੋਹਨ ਸਿੰਘ ਭਾਈ ਵੈਦ
ਦੀ ਸਿਖ ਰਿਲੀਜਸ ਟ੍ਰੈਕਟ ਸੁਸਾਇਟੀ
ਸ੍ਰੀ ਤਰਨ ਤਾਰਨ 15-10-1936 .

172. ਆਰੀਆਂ ਦੇ ਢੋਲ ਦਾ ਪੋਲ। — ਮੋਹਨ ਸਿੰਘ ਵੈਦ ਭਾਈ
ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ .

173. ਬਿਰਧ ਵਿਆਹ ਦੇ ਦੁਖੜੇ — ਮੋਹਨ ਸਿੰਘ ਵੈਦ ਭਾਈ .

174. ਮਨ ਮਤ ਪ੍ਰਚਾਰ ਨੰ: 4. — ਮੋਹਨ ਸਿੰਘ ਵੈਦ ਭਾਈ
ਸ੍ਰੀ ਗੁਰਮਤਿ ਪ੍ਰੈਸ ਲਾਹੌਰ,
ਪਹਿਲੀ ਵਾਰ 1000 .

175. ਪੰਜਾਬੀ ਦੀ ਉਨਤੀ ਦੀ ਲੋੜ ਤੇ ਸਾਧਨ (ਪੈਂਫਲਟ) — ਮੋਹਨ ਸਿੰਘ ਵੈਦ ਭਾਈ ਤਰਨਤਾਰਨ.

176. ਪੰਜਾਬੀ ਸ਼ਾਇਰਾਂ ਦਾ ਤਜ਼ਕਰਾ — ਮੌਲਾ ਬਖਸ਼ ਕੁਸ਼ਤਾ,
ਲਾਹੌਰ, 1966, ਪਹਿਲੀ ਛਾਪ ਉਰਦੂ ਅੱਖਰ .

| | |
|---|---|
| 177. ਪੰਜਾਬ ਦੇ ਹੀਰੇ | ਮੌਲਾ ਬਖ਼ਸ਼ ਕੁਸ਼ਤਾ<br>ਅੰਮ੍ਰਿਤਸਰ 1932. |
| 178. ਸਾਹਿੱਤ ਦੇ ਮੁਖ ਰੂਪ | ਰੋਸ਼ਨ ਲਾਲ ਆਹੂਜਾ<br>ਅੰਮ੍ਰਿਤਸਰ 1957 ਪਹਿਲੀ ਛਾਪ . |
| 179. ਪੱਛਮੀ ਆਲੋਚਨਾ ਦੇ ਸਿਧਾਂਤ | ਰੋਸ਼ਨ ਲਾਲ ਆਹੂਜਾ ,<br>ਪੰ. ਸਾ. ਅਕਾਡਮੀ, ਲੁਧਿਆਣਾ . 1960. |
| 180. ਸਾਹਿਤ ਸ਼ਾਸ਼ਤਰ | ਰੋਸ਼ਨ ਲਾਲ ਆਹੂਜਾ ਡਾਕਟਰ<br>ਅੰਮ੍ਰਿਤਸਰ 1963. |
| 181. ਮਹਾਂ ਕਵੀ ਚਾਤ੍ਰਿਕ ਦੀ ਚੋਣਵੀਂ ਕਵਿਤਾ | ਰੋਸ਼ਨ ਲਾਲ ਆਹੂਜਾ ਅਤੇ ਦੀਵਾਨ ਸਿੰਘ<br>ਅੰਮ੍ਰਿਤਸਰ, ਤਾਰੀਖ਼ ਨਹੀਂ ਛਪੀ, ਪਹਿਲੀ ਛਾਪ |
| 182. ਭੁਜੰਗਣ ਪੱਤ੍ਰ | ਲਿਵਲੀਨ ਕੌਰ<br>ਸਤੰਬਰ 1917 ਮੁਤਾਬਕ 11 ਭਾਦਰੋਂ |
| 183. ਜੰਗ ਮੁਹਿੰਮ ਚਿਤ੍ਰਾਲ | ਵਧਾਵਾ ਸਿੰਘ ਸੂਬੇਦਾਰ<br>ਤੀਜੀ ਵਾਰ, 1896 . |
| 184. ਹਰਾਮਜ਼ਾਦੇ ਕੌਣ ਹਨ?<br>ਨੰ: 1. | ਵਜ਼ੀਰ ਸਿੰਘ ਰਾਹੀ<br>ਗੁਰਮੁਖੀ ਪ੍ਰੈਸ ਸਦਰ ਪਸ਼ੌਰ,<br>ਮਿਤੀ 15-10-1904 . |
| 185. ਵਿਦਯਾ ਭੰਡਾਰ<br>ਲੜੀ ਨੰਬਰ 9 . | ਭਾਈ ਗੁਰਮੁਖ ਸਿੰਘ ਕਲਰਕ, ਚੀਫ਼ ਖਾਲਸਾ ਦੀਵਾਨ<br>ਸ੍ਰੀ ਅੰਮ੍ਰਿਤਸਰ ਨੇ ਤਿਆਰ ਕੀਤਾ।<br>ਪੰਜਾਬੀ ਚਿੱਠੀ ਪਤ੍ਰ ਅਰਥਾਤ ਦਿਲਸ਼ਾ ਗੁਰਮੁਖੀ<br>ਅੰਮ੍ਰਿਤਸਰ . |
| 186. ਪੰਜਾਬੀ ਭਾਸ਼ਾ ਦਾ ਇਤਿਹਾਸ | ਵਿਦਿਆ ਭਾਸਕਰ ਅਰੁਣ<br>ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ 1956 . |
| 187. ਗੁਰ ਬਾਲਮ ਸਾਖੀਆਂ ਪਾਤਸ਼ਾਹੀ 10 | ਵੀਰ ਸਿੰਘ ਭਾਈ<br>ਅੰਮ੍ਰਿਤਸਰ 1958 . |
| 188. ਗੁਰ ਬਾਲਮ ਸਾਖੀਆਂ ਪਾਤਸ਼ਾਹੀ 1. | ਵੀਰ ਸਿੰਘ ਭਾਈ<br>ਅੰਮ੍ਰਿਤਸਰ 1966 . |
| 189. ਅਭਿਨੰਦਨ ਗ੍ਰੰਥ : | ਵੀਰ ਸਿੰਘ ਭਾਈ .<br>ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ ਸਮਿਤੀ,<br>ਨਵੀਂ ਦਿਲੀ 1954 . |

190. ਪੰਜ ਗ੍ਰੰਥੀ ਸਟੀਕ ਵੀਰ ਸਿੰਘ ਭਾਈ
ਅੰਮ੍ਰਿਤਸਰ, 1901.

191. ਸਤਵੰਤ ਕੌਰ ਭਾਗ 1 ਤੇ 2. ਵੀਰ ਸਿੰਘ ਭਾਈ
ਅੰਮ੍ਰਿਤਸਰ 1961 .

192. ਬਾਬਾ ਨੌਧ ਸਿੰਘ ਵੀਰ ਸਿੰਘ ਭਾਈ
ਅੰਮ੍ਰਿਤਸਰ 1949 .

193. ਬਿਜਲੀਆਂ ਦੇ ਹਾਰ ਵੀਰ ਸਿੰਘ ਭਾਈ
ਅੰਮ੍ਰਿਤਸਰ.

194. ਭਰਥਰੀ ਹਰੀ ਜੀਵਨ ਤੇ ਨੀਤੀ ਸ਼ੁਤਕ ਵੀਰ ਸਿੰਘ ਭਾਈ
ਅੰਮ੍ਰਿਤਸਰ . 1961 .

195. ਬਿਜੈ ਸਿੰਘ ਵੀਰ ਸਿੰਘ ਭਾਈ
ਅੰਮ੍ਰਿਤਸਰ .

196. ਰਾਣਾ ਸੂਰਤ ਸਿੰਘ ਵੀਰ ਸਿੰਘ ਭਾਈ
ਅੰਮ੍ਰਿਤਸਰ ਅਪ੍ਰੈਲ 1958 .

197. ਲਹਿਰਾਂ ਦੇ ਹਾਰ ਵੀਰ ਸਿੰਘ ਭਾਈ
ਅੰਮ੍ਰਿਤਸਰ 1945 .

198. ਮੇਰੇ ਸਾਈਆਂ ਜੀਓ ਵੀਰ ਸਿੰਘ ਭਾਈ
ਅੰਮ੍ਰਿਤਸਰ 1960 .

199. ਗੁਰੂ ਪ੍ਰਤਾਪ ਸੂਰਜ ਗ੍ਰੰਥ (ਸੰਪਾਦਨਾ) ਵੀਰ ਸਿੰਘ ਭਾਈ
ਅੰਮ੍ਰਿਤਸਰ 1935 .

200. ਗੁਰੂ ਨਾਨਕ ਚਮਤਕਾਰ ਭਾਗ 1 ਤੇ 2. ਵੀਰ ਸਿੰਘ ਭਾਈ
ਅੰਮ੍ਰਿਤਸਰ 1960 .

201. ਗੁਰੂ ਗ੍ਰੰਥ ਸਾਹਿਬ ਦਾ ਟੀਕਾ (600 ਪੰਨੇ ਤਕ) ਵੀਰ ਸਿੰਘ ਭਾਈ
ਅੰਮ੍ਰਿਤਸਰ .

202. ਸੰਤ ਗਾਥਾ ਭਾਗ 1. ਵੀਰ ਸਿੰਘ ਭਾਈ
ਅੰਮ੍ਰਿਤਸਰ 1938 .

203. ਸੁੰਦਰੀ - ਵੀਰ ਸਿੰਘ ਭਾਈ
ਅੰਮ੍ਰਿਤਸਰ 1960 .

| | | |
|---|---|---|
| 204. | ਸ੍ਰੀ ਕਲਗੀਧਰ ਚਮਤਕਾਰ | ਵੀਰ ਸਿੰਘ ਭਾਈ<br>ਅੰਮ੍ਰਿਤਸਰ 1925 . |
| 205. | ਕੰਤ ਮਹੇਲੀ ਦਾ ਬਾਰਾ ਮਾਹ | ਵੀਰ ਸਿੰਘ ਭਾਈ<br>ਅੰਮ੍ਰਿਤਸਰ 1958 . |
| 206. | ਕੰਬਦੀ ਕਲਾਈ | ਵੀਰ ਸਿੰਘ ਭਾਈ<br>ਅੰਮ੍ਰਿਤਸਰ, 1963. |
| 207. | ਨਿਨਾਣ ਭਰਜਾਈ ਦਾ ਸਿਖਯਾਦਾਇਕ ਵਾਰਤਾਲਾਪ . | ਵੀਰ ਸਿੰਘ ਭਾਈ<br>ਅੰਮ੍ਰਿਤਸਰ 1951 . |
| 208. | ਦੇਵੀ ਪੂਜਨ ਪੜਤਾਲ | ਵੀਰ ਸਿੰਘ ਭਾਈ<br>ਅੰਮ੍ਰਿਤਸਰ 1963. |
| 209. | ਟੀਕਾ ਭਾਈ ਗੁਰਦਾਸ ਸਕੰਧ 2. | ਵੀਰ ਸਿੰਘ ਭਾਈ<br>ਅੰਮ੍ਰਿਤਸਰ 1951 . |
| 210. | ਮਟਕ ਹੁਲਾਰੇ | ਵੀਰ ਸਿੰਘ ਭਾਈ<br>ਅੰਮ੍ਰਿਤਸਰ ਸੰਮਤ ਨਾਨਕ ਸ਼ਾਹੀ |
| 211. | ਪ੍ਰੀਤ ਵੀਣਾ | ਵੀਰ ਸਿੰਘ ਭਾਈ<br>ਅੰਮ੍ਰਿਤਸਰ 1960 . |
| 212. | ਪੁਰਾਤਨ ਜਨਮ ਸਾਖੀ | ਵੀਰ ਸਿੰਘ ਭਾਈ<br>ਅੰਮ੍ਰਿਤਸਰ 1952. |
| 213. | ਪੰਥ ਹਿਤਕਾਰੀ | ਵੈਦ ਨਵਾਤਿ ਹਰੀ<br>ਪਿੰਡੀ ਬਹਾਉਦੀਨ<br>ਨੰ: 1 ਜਿਲਦ 1 ਜੂਨ 1916 ;<br>ਨੰ: 2. ਜਿਲਦ ਜੁਲਾਈ 1916 .<br>ਨੰ: 3-4 ਜਿਲਦ ਅਗਸਤ ਸਤੰਬਰ 16 . |
| 214. | ਸਮਾਚਾਰੀ ਦੀ ਚਾਰਯਾਰੀ ਦੀ ਕਾਲੀ ਕਰਤੂਤ ਦਾ ਕੱਚਾ ਚਿੱਠਾ | ਜੋਧ ਸਿੰਘ ਭਾਈ<br>ਬੀ.ਐਸ. ਮੁਸਾਫਿਰ . |

## ਪੁਸਤਕ ਸੂਚੀ ਉਰਦੂ

| | | |
|---|---|---|
| 1. | ਹਜ਼ੂਰ ਏ ਰਾਗਮਾਲਾ | ਖਾਲਸਾ ਪਾਰਲੀਮੈਂਟ ,ਪੰਚ ਖੰਡ ,ਭਸੌੜ |
| 2. | ਇਨਕਸ਼ਾਫ -ਏ-ਹਕੀਕਤ ~~ਹਿੰਦੁਸਤਾਨੀ~~ | ਗੰਡਾ ਸਿੰਘ<br>ਹਿੰਦੁਸਤਾਨੀ ਪ੍ਰੈਸ,ਲਾਹੌਰ . |
| 3. | ਨੁਸਖਾ-ਏ-ਖਬਤ-ਏ-ਦਯਾਨੰਦੀਆਂ | ਗੰਡਾ ਸਿੰਘ ਭਾਈ<br>ਸ੍ਰੀ ਗੁਰਉਪਕਾਰ ਪਰਚਾਰਨੀ ਸਭਾ,ਅੰਮ੍ਰਿਤਸਰ<br>ਪਹਿਲੀ ਵਾਰ,ਸਤੰਬਰ 1904. |
| 4. | ਸਤਬਚਨ, | ਗੁਲਾਮ ਅਹਿਮਦ ਕਾਦੀਆਨੀ<br>1895 . |
| 5. | ਸੱਚਾ ਦਰਸ਼ਨ, | ਝੰਡਾ ਰਾਮ<br>ਆਰੀਆ ਸਮਾਜ ਲਾਇਲਪੁਰ . |
| 6. | ਪੋਪ ਖਾਲਸਾ | ਦੌਲਤ ਰਾਮ<br>ਕਬੀਰ ਹਿੰਦ ਪ੍ਰੈਸ,ਅੰਮ੍ਰਿਤਸਰ,<br>1905 ਈ. |
| 7. | ਖੁਰਸ਼ੀਦ ਖਾਲਸਾ | ਨਿਹਾਲ ਸਿੰਘ ਬਾਵਾ |
| 8. | ਪਰਦਾ ਕੇ ਨੀਚੇ ਜ਼ੁਰਦਾ( ਦੋ ਭਾਗ) | ਖਾਲਸਾ ਏਜੰਸੀ ਲਾਹੌਰ,ਨੰ:436 . |
| 9. | ਭਾਈ ਗਿਆਨ ਸਿੰਘ ਕੀ ਅਗਿਆਨਤਾ ਕਾ ਫੋਟੋ | ਬਿਸ਼ਨ ਦਾਸ |
| 10. | ਸਾਹਿਬ ਦਿਆਲ ਕੇ ਪ੍ਰਾਰੀਦਾ ਖਿਆਲੋਂ ਕੀ ਪੜਤਾਲ | ਮੱਖਣ ਸਿੰਘ ਓਕਾਰੀ |
| 11. | ਇਜ਼ਹਾਰ-ਏ-ਹੱਕ | ਮੁਹੰਮਦ ਯੂਸਫ਼ |
| 12. | ਖਬਤ-ਏ- ਕਾਦੀਆਨੀ | ਰਾਜਇੰਦਰ ਸਿੰਘ<br>1897 ਈ. |
| 13. | ਨਯਾ ਧਰਮ | ਰਾਮ ਸਿੰਘ ਧਾਰੋਵਾਲੀਆ<br>ਲਖਨਊ . |
| 14. | ਜੀਵਨ ਚਿੱਤਰ ਸੁਆਮੀ ਦਯਾਨੰਦ | ਲੇਖ ਰਾਮ ਆਰੀਆ ਮੁਸਾਫਰ |

## ਪਤਰ ਸੂਚੀ

| | | |
|---|---|---|
| 1. | ਸੁੱਧੀ ਪਤ੍ਰ- | ਖਾਲਸਾ ਧਰਮ ਪ੍ਰਕਾਸ਼ਨ, ਜਿਲਦ 2 ਨੰਬਰ 1,2,3,4,5,6, 7;8,9,10 11;11 (1897) ਜਿਲਦ 3 ਨੰ:3 10-6-1898. |
| 2. | ਖਾਲਸਾ ਯੰਗ ਮੈਨਜ਼ ਮੈਗਜ਼ੀਨ ਅੰਮ੍ਰਿਤਸਰ. | ਨੰਬਰ 1 ਜਿਲਦ 3 ਜਨਵਰੀ 1908 ਜਿਲਦ ਨੰ: 1,2, ਜੁਲਾਈ 1906, ਅਕਤੂਬਰ 1906 . |
| 3. | ਗਯਾਨ (ਜੀਵਨ ਸਿੰਘ ਸੇਵਕ) | ਜਿਲਦ 1 ਨੰਬਰ 1 (ਨਵੰਬਰ1916), ਦਸੰਬਰ, 1916, ਜਨਵਰੀ 1917, ਮਾਰਚ 1917 . |
| 4. | ਚਕਿਤਸਾ ਦਰਪਨ (ਅੰਮ੍ਰਿਤਸਰ) | ਬਾਬੂ ਅਰੂੜ ਸਿੰਘ ਤਾਇਬ ਜਿ:1 ਨੰ: 3,4, (ਨਵੰਬਰ, ਦਸੰਬਰ, 1916 ) |
| 5. | ਦਿਤ ਸਿੰਘ ਮੈਗੇਜ਼ੀਨ ਰੋਪੜ | ਜਿਲਦ 1 ਨੰਬਰ 4,6,8,9,10,11,12(1920) |
| 6. | ਨਿਰਮਲ ਪੱਤਰ (ਅੰਮ੍ਰਿਤਸਰ) | ਜਿਲਦ 3 ਨੰ: 4,5,1909, ਜਿਲਦ 2 ਨੰ:14-21 1907-8 . |
| 7. | ਨਿਰਗੁਣੀਆਰਾ- ਜ਼ਮੀਮਾ | ਟ੍ਰੈਕਟ ਨੰ: 220 . |
| | ਪੰਜਾਬ (ਅੰਮ੍ਰਿਤਸਰ) | ਜਿਲਦ 1 ਨੰਬਰ 1 1 ਜੁਲਾਈ 1905, ਨੰਬਰ 11; ਨੰਬਰ 7 . |
| 8. | ਪੰਥ ਹਿਤਕਾਰੀ (ਪਿੰਡੀ ਬਹਾਉਦੀਨ) | ਜਿਲਦ 1 ਨੰਬਰ 1,2,3,4, ਜੂਨ, ਜੁਲਾਈ, ਅਗਸਤ, ਸਤੰਬਰ, 1916 . |
| 9. | ਪੰਜਾਬੀ ਸੂਰਮਾ | 15 ਅਕਤੂਬਰ, 15 ਨਵੰਬਰ 1910 ਨੰ: 3,4, |
| 10. | ਪੰਜਾਬ ਕੇਸਰੀ | 20-4-1907 . |
| 11. | ਪੰਜ ਦਰਿਆ | ਮਾਰਚ 1911. |
| 12. | ਭੁਜੰਗਣ ਪੱਤ੍ਰ- | ਕੈਰੋਂ ਭਾਗ 1, ਅੰਕ 1,2,3,4,5, (1917) 6,7,9,10,12, (1918) . |
| 13. | ਖਾਲਸਾ ਸੇਵਕ (ਅੰਮ੍ਰਿਤਸਰ) | 1-6-1904 . |
| 14. | ਦੁਖ ਨਿਵਾਰਨ ਪੱਤ੍ਰ | 9 ਸਤੰਬਰ 1914, ਨੰਬਰ 9 . |
| 15. | ਗ੍ਰੰਥੀ - | ਜਿਲਦ ਅੰਕ 10,11,12 ਭਾਈ ਈਸ਼ਰ ਸਿੰਘ . |

ENGLISH


1. B.R.Purohit — Hindu Revivalism and Indian Nationalism
Sathi Prakash Sagar (M.P.)
Edition,1965.

2. Dhanpati Pundely — The Arya Samaj and Indian Nationalism.

3. Evans Bell Major — Annexation of the Punjab
Department of Languages,Punjab,
2nd Edition,1970.

4. Fauja Singh Bajwa — Kuka Movement
Moti Lal Banarsi Das
Jawahar Nagar,Delhi-6
Edition,1965.

5. G.S.Chhabra — Advanced History of the Punjab
Parkash Brothers
Educational Publishers
Third Edition,1972.

6. G.S.Chhabra — Advanced Study in the History of Modern India, Home Secret,
Native Papers Reports,
~~(1883 p.247)~~.

7. G.W.Leitner — History of Indigenuous Education in Punjab,Language Department,
April,1971.

8. Ganda Singh — A Bibliography of the Panjab
Punjabi University,Patiala,
First Edition,1966.

9. Ganda Singh — Bhagat Lakshman Singh Autobiography
The Sikh Cultural Centre,
1-Lindsay Street,Calcutta.
First Edition,1965.

10. Ganda Singh — Panjab, Past and Present,
Punjabi University,Patiala
October,1967

11. Ganda Singh — Punjab, Past and Present,
Punjabi University,Patiala,
April,1968.

12. Ganda Singh — The Panjab Past and Present Punjabi University, Patiala, October, 1968.

13. Ganda Singh — The Panjab Past and Present Punjabi University, Patiala, April, 1970.

14. Ganda Singh — The Panjab Past and Present Punjabi University, Patiala, October, 1970.

15. Ganda Singh — The Panjab Past and Present Punjabi University, Patiala, April, 1971.

16. Ganda Singh — The Punjab Past and Present Punjabi University, Patiala, October, 1971.

17. Ganda Singh — The Panjab Past and Present Punjabi University, Patiala, April, 1972.

18. Ganda Singh — The Panjab Past and Present Punjabi University, Patiala, October, 1972.

19. Ganda Singh — The Panjab Past and Present Punjabi University, Patiala, April, 1973.

20. Gurbachan Singh Talib, Attar Singh — Bhai Vir Singh, Life, Times and Works, Panjab University, Chandigarh, First Edition, 1973.

21. Gurbux Singh — Punjab History Conference Punjabi University, Patiala, November, 1965.

22. H.R.Mehta — A History of the Growth and Development of Western Education in the Punjab, Punjab Govt. Record Office Monograph No.5, 1846-1884.

23. Harbans Singh — Bhai Vir Singh, Shatabdi Granth, Bhai Vir Singh Shatabdi Samiti, Ed. 1972.

24. Jodh Singh Bhai — A Paper on Sikhism, Khalsa National Agency, Amritsar.

36. Steinback The Punjab, Languages Department, Punjab, First Published 1883 Reprinted, 1970.

37. Surindar Singh Kohli Parkh Punjab University, Chandigarh, Edition, 1967.

38. The Sikh Educational Conference Several reports

39. Chittaranjan Avenue, Calcutta, 12
The Sikh Review
Bhai Vir Singh Birth Centenary, Number,
October, 1972.

40. The University of Kerala
Trivandrum, Journal of Indian
History, Edition, August, 1972.

41. The University of Kerala
Trivandrum, Journal of
Indian History Edition,
December, 1972.

42. The University of Kerala
~~Triav~~ Trivandrum,
Journal of Indian History
Edition, April, 1973.

43. W. L. M'Gregor, M.D. History of the Sikhs, Languages Department, Punjab, Reprint, 1970.

254133

| | | |
|---|---|---|
| 25. | Khushwant Singh | The Sikhs, London,1953. |
| 26. | K.Marx and F.Engels | The First Indian War of Independence (1857-1859), Foreign Languages Publishing House Moscow |
| 27. | Lajpat Rai | Young India |
| ~~28.~~ | ~~Ranjit Singh~~ | |
| 28. | Languages Department | Maharaja Ranjit Singh Languages Department,Punjab, First Published,1883 Reprinted,1970. |
| 29. | ~~Sikhs~~ Languages Department,Punjab. | Sikhs, Languages Department,Punjab, 2nd Edition,1970 |
| 30. | Languages Department | History of the Punjab and the Rise, Progress & Present condition of the Sect. and Nation of the Sikhs, Reprinted,1970. |
| 31. | Nahar Singh,M.A. | Gooroo Ram Singh and the Kuka Sikhs Amrit Book, Co.,New Delhi. Edition,1966. |
| 32. | N.K.Sinha | Impact of Events in Punjab (1756-1827) on British India and Historical Data from Missionary Writings. Punjabi University,Patiala, Sita Ram Kohli,Memorial Lectures-1964, 1966. |
| 33. | O.P.Kahol | Hindus and the Punjabi State The Hindu Prachara Sabha Ambala Cantt.First Edition,1956. |
| 34. | Parkash Singh | Continuing Influence of Bhai Vir Singh Singh Brothers,Amritsar,Edition, 1972. |
| 35. | Ram Sharma,M.A. | Punjab In Ferment in the Beginning of the 20th Century Punjabi University,Patiala, Sita Ram Kohli Memorial Lectures, 1965. |